
੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।।

1993

ਸਤਿਜੁਗ



ਬਸੰਤ ਅੰਕ ੨੦੪੯

ਨਾਮਧਾਰੀ ਦਰਬਾਰ – ਸ੍ਰੀ ਭੈਣੀ ਸਾਹਿਬ

Namdhari Elibrary NamdhariElibrary@gmail.com

ਇਕ ਹੁਕਮ ਨਾਮਾ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ

ੴ ਸਤਿਗੁਰਿ ਪ੍ਰਸਾਦਿ।

ਲਿਖਤੋ ਦਿਆਲਿ ਸਿੰਘ, (ਸਤਿਗੁਰੂ ਰਾਮ ਸਿੰਘ ਜੀ ਏਸੇ ਨਾਮ ਹੇਠ ਹੀ ਹੁਕਮਨਾਮੇ ਲਿਖਦੇ ਸਨ) ਜੋਗ ਉਪਮਾ ਭਾਈ ਕ੍ਰਿਪਾਲ ਸਿੰਘ, ਭਾਈ ਸਾਉਣਿ ਸਿੰਘ ਤੇ ਹਰਿਨਾਮ ਸਿੰਘ ਦੂਆ, ਹਰਿਨਾਮ ਸਿੰਘ, ਸੋਭਾ ਸਿੰਘ, ਧੰਨਾ ਸਿੰਘ, ਹੋਰ ਸੰਬੂਹਿ ਸੰਗਤ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ। ਮਾਈ ਬੀਬੀ ਕੋ ਰਾਮ ਸਤਿ ਵਾਚਨੀ।

ਹੋਰ ਅਸੀਂ ਆਨੰਦੁ ਹੈਂ, ਗੁਰੂ ਸਾਹਿਬ ਜੀ ਸਾਰੀ ਸੰਗਤ ਕੋ ਸੁਖੀ ਆਨੰਦੁ ਰਖੇ, ਏਹ ਮੰਗਦੇ ਹਾਂ ਗੁਰੂ ਜੀ ਪਾਸ ਤੇ, ਅਗੇ ਜੋ ਗੁਰੂ ਜੀ ਨੂੰ ਭਾਵੇ। ਹੋਰੁ ਜੀ ਜਿਸ ਜਿਸ ਸਰੀਰ ਨੇ ਕਹਾ ਹੈ ਕੇ ਮੈਨੂੰ ਏਹੁ ਦੁਖੁ ਹੈ, ਸੋ ਸਭ ਕੋ ਹੀ ਦੁਖੁ ਕਟਿ ਜਾਊਗਾ, ਢੂਹੀ (ਕਮਰ) ਦੁਖੁ, ਸੁੰਨਪਾਤੁ (ਮਿਆਦੀ ਬੁੱਖਾਰ), ਮਿਰਗੀ ਬੀ, ਭੂਤੁ ਬੀ। ਹੋਰੁ ਬੀ ਜੋ ਮਾਨੁਖਾ ਕੋ ਮਾਨੁਖਾ ਦੁਖੁ ਦੇ ਰਹੈ, ਹੋਰੁ ਬੀ ਜੋ ਨੰਗ ਭੁਖ ਕਾ ਦੁਖੁ ਹੈ ਸੋ ਸਾਰਾ ਈ ਦੁਖੁ, ਪ੍ਰਮੇਸ੍ਰ ਦੇ ਭਜਨ ਤੇ ਕਟਿ ਜਾਊਗਾ। ਗੁਰੂ ਜੀ ਦਾ ਹੁਕਮੁ ਹੈ ਸਰਬ ਰੋਗ ਕਾ ਅਉਖਦੁ ਨਾਮੁ। ਸੋ ਜੀ ਨਾਮ ਦਾ ਤੇ ਬਾਣੀ ਪੜਨ ਦਾ ਇਹੁ ਬਡਾ ਮਹਾਤਮੁ ਹੈ ਜੋ ਸਵਾ ਪਹਿਰੁ ਰਾਤ ਤੇ ਪਹਿਰ ਤੇ ਉਠ ਕੇ ਹਮੇਸਾ ਸਨਾਨੁ ਕਰਨਾ, ਬਾਣੀ ਪੜਨਾ, ਫੇਰ ਭਜਨੁ ਕਰਨਾ ਦਿਨ ਰਾਤ। ਕੰਮ ਕਾਰ ਮੈ ਜਿਨਾ ਹੋਇ ਆਵੈ ਅਰੁ ਜਥਾ ਸਕਤ ਦਾਨੁ ਕਰਨਾ, ਅਰੁ ਕਿਸੇ ਦੀ ਕੋਈ ਬੀ ਚੀਜ ਚਕਣੀ ਚੁਰਾਓ ਨਾ। ਪਰੁ ਪਿਛਾ ਰਾਤ ਨਾਉਣਾ ਜਰੂਰ, ਤਾਂ ਸਾਰੇ ਈ, ਸਭਿ ਦੇ ਦੁਖੁ ਕਟਿ ਜਾਣਗੇ– ਇਹੋ ਸਭੁ ਕੋ ਸੁਣਾ ਦੇਣਾ। ਹੋਰੁ ਭਾਈ ਸਾਉਣ ਸਿੰਘ, ਜੋ ਤੈਂ ਲਿਖਾ ਥਾ ਦੋ ਨਸਾਨ ਟੁਟਿ ਗਏ ਸੋ ਸਾਨੂੰ ਖਬ੍ਰ ਨਹੀਂ ਸੀ ਅਗੇ, ਜੋ ਕੀਧੋ ਟੁਟੇ ਹੈਂ ਤਾਂ ਨਹੀਂ ਤੈਨੂੰ ਜਬਾਬੁ ਲਿਖਾ। ਹੁਣ ਖਬ੍ਰ ਲਗੀ ਹੈ ਸਾਨੂ ਥੋੜੇ ਦਿਨਿ ਹੋਏ ਹੈਨ, ਦੋਈ ਨਸਾਨ ਮੀਰੀ ਤੇ ਪੀਰੀ ਦੇ ਟੁਟੇ ਹੈਂ। ਅਗਲੀ ਮੀਰੀ ਪੀਰੀ ਦੂਰਿ ਹੋਣ ਦਾ ਸਮਾਂ ਹੈ ਹੁਣਿ ਆਇਆ, ਅਗੇ ਗੁਰੂ ਵੇਅੰਤ ਹੈ, ਆਪਣੇ ਭਾਣੇ ਨੂੰ ਆਪੇ ਹੀ ਜਾਣਦਾ ਹੈ ਪਰ ਇਹੁ ਹੁਕਮੁ ਗੁਰੂ ਜੀ ਦਾ ਈ ਲਿਖਾ ਹੈ, ਤਾਂ ਮੈ ਲਿਖਾ ਹੈ।

ਹੋਰੁ ਜੀ ਹੁਕਮ ਨਾਮੇ ਮੈਂ ਕੀ ਲਿਖਣੇ ਹੈ, ਹੁਕਮਨਾਮੇ ਤਾਂ ਗੁਰੂ ਜੀ ਦੇ ਈ ਲਿਖੇ ਦੇਖ ਲੈਣੇ ਜਿਨ ਦੇਖਣੇ ਹੋਣਿ, ਮੰਨਣੇ ਹੋਣਿ। ਮੰਨੇ ਬਿਨਾ ਦੇਖੇ ਦਾ ਕੁਛੁ ਫਾਇਦਾ ਨਹੀਂ ਹੁੰਦਾ। ਦੋਈ ਤਾਂ ਗ੍ਰੰਥ ਸਾਹਿਬ, ਸੌ ਸਾਖੀ, ਪ੍ਰੇਮ ਸਮਾਰਗੁ– ਇਹੁ ਹੁਕਮ ਨਾਮਾ ਹੈ ਸਾਰੀ ਸੰਗਤ ਕੋ, ਅਰੁ ਸਾਰੇ ਭੇਖਾਂ ਕੋ, ਜਾਤਾਂ ਕੋ ਅਰੁ ਮੈ ਵੀ ਸਾਰੀ ਸੰਗਤ ਦੇ ਬਾਸਤੇ ਲਿਖ ਕੇ ਭੇਜ ਦਿਤੇ ਹੈਂ। ਰਾਮਦਾਸ ਪੁਰੇ ਪਏ ਹੈਂ। ਜਿਨ ਦੇਖਣੇ ਹੋਣਿ ਸੋ ਦੇਖ ਲੇਵੇ। ਦੇਖਣੇ ਈ ਹੈਨ ਭਾਮੇ ਕਿਤਨੇ ਦੇਖ ਲੈਣ, ਚਟਣੇ ਤਾਂ ਨਹੀਂ। ਇਕੁ ਚਟਿ ਲਊ ਇਕੁ ਐਮੇ ਰਹੂਗਾ।

ਹੋਰ ਜੀ, ਨਾਮ ਗਾਮ ਸਭ ਦੇ ਲਿਖਣੇ ਅਉਖੇ ਹੈਂ, ਸਭ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਏ ਦਣੀ। ਭਜਨ ਬਾਣੀ ਕਾ ਹੁਕਮੁ ਸਭ ਕੋ ਸੁਣਾ ਦੇਣਾ ਅਰੁ ਪਿਛਾ ਰਾਤ ਨਾਇ ਕੇ ਜੋ ਭਜਨ ਕਰੂਗਾ ਓਸਦਾ ਸਾਰਾ ਦੁਖ ਕਟਿ ਜਾਊਗਾ। ਏਥੇ ਸਾਨੂੰ ਬੀ ਬਡਾ ਦੁਖੁ ਹੋਆ ਥਾ, ਸਰੀਰ ਤੜਫਦਾ ਸੀ ਰਾਤ ਦਿਨ, ਤੇ ਪਿੱਛਾ ਰਾਤ ਨਾ ਕੇ ਭਜਨੁ ਬਾਣੀ ਕਰਨ ਲਗੇ, ਓਸੇ ਦਿਨ ਤੇ ਠੰਢ ਬ੍ਰਤ ਗਈ ਸਾਨੂ। ਅਰੁ ਗੁਰੂ ਜੀ ਦਾ ਬੀ ਹੁਕਮੁ ਹੈ ਪਿਛਾ ਰਾਤ ਦੇ ਨਾਮਣ ਦਾ ਬਡਾ ਹੀ ਮਹਾਤਮੁ ਲਿਖਾ ਹੈ ਗੁਰੂ ਜੀ ਨੇ। ਗੁਰੂ ਜੀ ਦਾ ਤਾਂ ਹੁਕਮੁ ਮੰਨੇਗਾ ਓਸ ਨੂੰ ਬਹੁਤ ਸੁਖੁ ਹੋਊਗਾ, ਬਿਨਾਂ ਹੁਕਮੁ ਮੰਨੇ ਦੇਖ ਲੋਓ ਗੁਰੂ ਜੀ ਦੇ ਪੁਤ ਪਾਸ ਈ ਬੈਠੇ ਰਹੇ, ਗੁਰਿਆਈ ਅੰਗਦ ਜੀ ਨੂੰ ਮਿਲੀ ਕਿਸੇ ਥਾਂ ਦੇ ਖਤ੍ਰੀ ਨੂੰ। ਅਗੇ ਦਾਤੂ, ਦਾਸੁ, ਮੋਹਰੀ, ਮੋਹਣੁ ਬੈਠੇ ਰਹੇ, ਰਾਮਦਾਸ ਕੋ ਗੱਦੀ ਮਿਲੀ, ਕਿਸੇ ਥਾਂ ਦੇ ਖਤ੍ਰੀ ਦੇ ਮੁੰਡੇ ਨੂੰ, ਨਾਲੇ ਲੜਕੀ। ਸੋ ਜੀ ਜੋ ਹੁਕਮੁ ਮੰਨੇ। ਭਾਮੇ ਸੌ ਹੁਕਮ ਨਾਮਾ ਹੋਵੈ ਪਾਸ, ਤਾਂ ਵੀ ਕੁਛ ਸੁਖੁ ਨਹੀਂ ਹੁੰਦਾ।

ੴ
ਸਤਿਗੁਰ ਪ੍ਰਸਾਦਿ

ਸਮਰਪਨ

ਪਰਮ ਪੁਰਖ ਸਤਿਗੁਰੂ ਬਾਲਕ ਸਿੰਘ ਜੀ
ਦੇ ਚਰਨ ਕੰਵਲਾਂ 'ਚ ਸਮਰਪਤ। ਜਿਨ੍ਹਾਂ ਦੀ ਗੁਰਗੱਦੀ
ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸੁਸ਼ੋਭਤ ਕੀਤਾ ਅਤੇ
ਜਿਸਦੀ ਸੰਭਾਲ ਸਤਿਗੁਰੂ ਹਰੀ ਸਿੰਘ ਜੀ,
ਸਤਿਗੁਰੂ ਪ੍ਰਤਾਪ ਸਿੰਘ, ਜੀ ਉਪਰੰਤ
ਸਤਿਗੁਰੂ ਜਗਜੀਤ ਸਿੰਘ ਜੀ ਕਰ ਰਹੇ ਹਨ।


Namdhari Elibrary NamdhariElibrary@gmail.com



ਗੁਪਤ ਗਿਆਰ੍ਹਵੇਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com



ਸ਼ਾਂਤ ਮੂਰਤ ਸ੍ਰੀ ਸਤਿਗੁਰੂ ਹਰੀ ਸਿੰਘ ਜੀ

Namdhari Elibrary NamdhariElibrary@gmail.com



ਮੋਹਨੀ ਮੂਰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

Namdhari Elibrary NamdhariElibrary@gmail.com



ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

Namdhari Elibrary NamdhariElibrary@gmail.com

ਬਸੰਤ ਅੰਕ ੨੦੪੯

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ੧੯੭੭ ਬਿਕ੍ਰਮੀ (੧੯੨੦ ਈ:) ਤੋਂ ਸਥਾਪਿਤ

ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ ।। ਤਬੀ ਬਾਰਵਾਂ ਬਪੁ ਕਹਾਊਂ ।।

ਬਸੰਤ ਮਹਲਾ ੫

ਗੁਰੁ ਸੇਵਉ ਕਰਿ ਨਮਸਕਾਰ ਆਜੁ ਹਮਾਰੈ ਮੰਗਲਚਾਰ।
ਆਜੁ ਹਮਾਰੈ ਮਹਾ ਅਨੰਦ, ਚਿੰਤ ਲਥੀ ਭੇਟੇ ਗੋਬਿੰਦ ॥੧॥
ਆਜੁ ਹਮਾਰੈ ਗ੍ਰਿਹਿ ਬਸੰਤ, ਗੁਨ ਗਾਏ ਪ੍ਰਭ ਤੁਮ ਬੇਅੰਤ ।੧। ਰਹਾਉ।
ਆਜੁ ਹਮਾਰੈ ਬਨੇ ਫਾਗ, ਪ੍ਰਭ ਸੰਗੀ ਮਿਲਿ ਖੇਲਨ ਲਾਗ॥
ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ ।੨ ॥
ਮਨੁ ਤਨੁ ਮਉਲਿਓ ਅਤਿ ਅਨੂਪ॥ ਸੂਕੈ ਨਾਹੀ ਛਾਵ ਧੂਪ॥
ਸਗਲੀ ਰੂਤੀ ਹਰਿਆ ਹੋਇ॥ ਸਦ ਬਸੰਤ ਗੁਰ ਮਿਲੇ ਦੇਵ॥੩॥
ਬਿਰਖੁ ਜਮਿਓ ਹੈ ਪਾਰਜਾਤ॥ ਫੂਲ ਲਗੇ ਫਲ ਰਤਨ ਭਾਂਤਿ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ॥ ਜਨ ਨਾਨਕ ਹਰਿ ਹਰਿ ਹਰਿ ਧਿਆਇ॥੪॥

Namdhari Elibrary NamdhariElibrary@gmail.com

ਸਤਿਜੁਗ

ਬਸੰਤ ਅੰਕ ੨੦੪੯

੨੮ ਫਗਣ ੨੦੪੯
(੧੧ ਮਾਰਚ ੧੯੯੩) ਵੀਰਵਾਰ,
ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੭੮
ਜਿਲਦ – ੧
ਨੰਬਰ – ੯

ਸਤਿਜੁਗ
ਨਾਮਧਾਰੀ ਧਰਮਸ਼ਾਲਾ
ਕੀਰਤੀ ਨਗਰ
ਨਵੀਂ ਦਿੱਲੀ – ੧੧੦੦੧੫
ਟੈਲੀਫੋਨ : ੫੦੧੩੫੩੫, ੨੨੪੨੫੫੨

ਐਡੀਟਰ, ਛਾਪਕ ਤੇ ਪ੍ਰਕਾਸ਼ਕ:
ਮਾਸਟਰ ਨਿਹਾਲ ਸਿੰਘ ਦੇ ਪ੍ਰਬੰਧ ਨਾਲ ਬੀ. ਬੀ. ਐਨ. ਪ੍ਰਿੰਟਰਜ਼, ਨਵੀਂ ਦਿੱਲੀ-੧੧੦੦੧੫ ਤੋਂ ਛਪਿਆ ਅਤੇ ਦਫਤਰ ਸਤਿਜੁਗ, ਨਾਮਧਾਰੀ ਧਰਮਸ਼ਾਲਾ, ਕੀਰਤੀ ਨਗਰ, ਨਵੀਂ ਦਿੱਲੀ-੧੧੦੦੧੫ ਤੋਂ ਪ੍ਰਕਾਸ਼ਤ ਹੋਇਆ (ਨਾਮਧਾਰੀ ਪੰਥ ਵਾਸਤੇ)

THE SATJUG,
Namdhari Dharamsala,
Kirti Nagar,
New Delhi.-110015
RNI No. 55658/93
Postal Regd. No. DL-17007/93

ਇਕ ਸਾਲ	: ਦੇਸ- ੧੦੦ ਰੁਪਈਏ ਪ੍ਰਦੇਸ- ੨੦ ਪੌਂਡ
ਪੰਜ ਸਾਲ	: ਦੇਸ- ੪੦੦ ਰੁਪਈਏ ਪ੍ਰਦੇਸ- ੮੦ ਪੌਂਡ

Designed and Typeset at:
CADCON, New Delhi
Ph. 5505283

ਪੱਤਰ ਵਿਹਾਰ ਦਾ ਪਤਾ:
ਮੈਨੇਜਰ ਸਤਿਜੁਗ
੧੧੨, ਨਾਰਥ ਐਵੈਨਿਊ
ਨਵੀਂ ਦਿੱਲੀ-੧੧੦੦੦੧

ਤਤਕਰਾ

ਲੇਖ

Namdhari Elibrary NamdhariElibrary@gmail.com

ਕਵਿਤਾਵਾਂ

ਲੇਖ

ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ

ਸਾਰੀ
ਸਾਧ ਸੰਗਤ
ਨੇ ਸਾਂਤਗੀ
ਏਹੋ ਜੇਹੀ ਫੜਨੀ,
ਕੋਈ ਕਿਸੇ ਤਰ੍ਹਾਂ
ਨਿੰਦਿਆ ਕਰੇ
ਉਸਦੇ ਵਲ
ਧਿਆਨ ਨਹੀਂ ਕਰਨਾ।
ਚਾਹੇ
ਕੋਈ ਕਿਸੇ
ਨੂੰ ਮਾਰੇ
ਤਾਂ ਵੀ
ਸਬਰ
ਕਰ ਜਾਣਾ।
ਪ੍ਰਮੇਸ਼ਰ
ਖਿਮਾ ਧੀਰਜ
ਵਾਲਿਆਂ ਦੇ
ਸਦਾ
ਅੰਗ ਸੰਗ ਹੈ।

Namdhari Elibrary NamdhariElibrary@gmail.com

ਖਿਲਾਵਨਹਾਰੋ ਜਾਨੈ

ਸਤਿਜੁਗ ਦੇ ਵਰਤਮਾਨ ਸਪਤਾਹਿਕ ਰੂਪ ਦੀ ਦੇਸਾਂ ਪਰਦੇਸਾਂ ਵਿੱਚ ਵੱਸਦੇ ਨਾਮਧਾਰੀ ਸਿੱਖਾਂ ਵਿੱਚ ਬੜੀ ਚਰਚਾ ਹੈ। ਉਹ ਖੁਸ਼ੀ, ਉਤਸ਼ਾਹ ਅਤੇ ਉਮਾਹ ਨਾਲ ਇਸ ਰੂਪ ਨੂੰ ਵਡਿਆਉਂਦੇ ਹਨ ਉਹ ਸਤਿਗੁਰੂ ਜਗਜੀਤ ਸਿੰਘ ਜੀ ਦਾ ਵੀ ਕੋਟਾਨ-ਕੋਟ ਧੰਨਵਾਦ ਕਰਦੇ ਹਨ ਜਿਨ੍ਹਾਂ ਦੀ ਆਗਿਆ ਅਨੁਸਾਰ ਸਤਿਜੁਗ ਦਾ ਇਹ ਵਿਕਸਿਤ ਰੂਪ ਸਾਹਮਣੇ ਆਇਆ।

ਪਿਛਲੇ ਦਿਨਾਂ ਵਿਚ ਹੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ—ਬਸੰਤ ਪੰਚਮੀ ਦਾ ਪੁਰਬ ਸੀ। ਸੱਚੇ ਪਾਤਸ਼ਾਹ ਉੱਤਰੀ ਅਮਰੀਕਾ ਮਹਾਂਦੀਪ ਦੀਆਂ ਸੰਗਤਾਂ ਨੂੰ ਤਾਰ ਰਹੇ ਸਨ। ਉੱਥੋਂ ਹੀ ਆਪ ਜੀ ਦਾ ਟੈਲੀਫੋਨ ਆਇਆ, "ਬਸੰਤ ਵਿਸ਼ੇਸ਼ ਅੰਕ ਹੋਲੇ 'ਤੇ ਕੱਢਣਾ ਹੈ, ਬਹੁਤ ਵਧੀਆ।" ਟੈਲੀਫੋਨ ਅਮਰ ਭਾਰਤੀ ਜੀ ਨੂੰ ਆਇਆ ਸੀ ਸੋ ਉਹਨਾਂ ਅਰਜ਼ ਕੀਤੀ ਕਿ ਸ੍ਰੀ ਹਰਵਿੰਦਰ ਸਿੰਘ ਜੀ ਹੰਸਪਾਲ - ਜਿਹੜੇ ਸੱਚੇ ਪਾਤਸ਼ਾਹ ਜੀ ਨਾਲ ਦੌਰੇ 'ਤੇ ਗਏ ਸਨ - ਨੂੰ ਵਾਪਸ ਭੇਜਿਆ ਜਾਏ ਤਾਂਕਿ ਉਹਨਾਂ ਦੇ ਸੰਬੰਧਾਂ ਤੇ ਪ੍ਰਬੰਧਕੀ ਤਜਰਬਿਆਂ ਦਾ ਲਾਭ ਉਠਾ ਕੇ ਬਸੰਤ ਅੰਕ ਲਈ ਵਿਸ਼ੇਸ਼ ਸਮਗਰੀ, ਇਕੱਤਰ ਕਰ ਕੇ, ਛਪਵਾਈ ਜਾ ਸਕੇ।

ਵਿਦੇਸ਼ੋਂ ਆਉਂਦਿਆਂ ਤਾਂ ਵਕਤ ਲਗਣਾ ਹੀ ਸੀ, ਪਰ ਭਾਰਤੀ ਜੀ ਨੇ ਸਤਿਗੁਰਾਂ ਦੀ ਆਗਿਆ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਸਮਾਂ ਅਜਾਈਂ ਨਹੀਂ ਗੁਆਇਆ, ਤਤਕਾਲ ਸਤਿਜੁਗ ਦੇ ਅਦਾਰੇ ਨੂੰ ਟੈਲੀਫੋਨ ਕਰਕੇ, ਸਤਿਗੁਰੂ ਜੀ ਦੀ ਆਗਿਆ ਦਾ ਪਾਲਨ ਕਰਨ ਲਈ ਤਤਪਰ ਕੀਤਾ।

ਸਤਿਜੁਗ ਦੇ ਸਪਤਾਹਿਕ ਪਰਚੇ ਵਿਚ ਪਾਠਕਾਂ ਅਤੇ ਲੇਖਕਾਂ ਲਈ ਇਸ ਵਿਸ਼ੇਸ਼ਾਂਕ ਬਾਰੇ ਸੂਚਨਾ ਪ੍ਰਕਾਸ਼ਤ ਕੀਤੀ ਗਈ ਅਤੇ ਇਸ ਬਾਰੇ ਸਮਗਰੀ ਇੱਕਠੀ ਕੀਤੀ ਜਾਣ ਲੱਗੀ। ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਨੇ ਵੀ ਸਤਿਜੁਗ ਦੇ ਅਦਾਰੇ ਦੀ ਮੀਟਿੰਗ ਸੱਦੀ। ਅਮਲ ਵਿਚ ਤੇਜ਼ੀ ਆਉਣੀ ਕੁਦਰਤੀ ਸੀ।

ਬਸੰਤ ਪੰਚਮੀ 'ਤੇ ਅਵਤਾਰ ਧਾਰਨ ਵਾਲੇ ਸਤਿਗੁਰੂ ਰਾਮ ਸਿੰਘ ਜੀ ਬੜੀ ਅਦੁੱਤੀ, ਇਲਾਹੀ, ਸ਼ਖ਼ਸੀਅਤ ਹਨ। ਉਹਨਾਂ ਦੇ ਗੁਣਾਂ, ਪਰਾਕਰਮ, ਭਗਤੀ, ਸੰਗਠਨ ਸ਼ਕਤੀ ਦੇ ਪ੍ਰਭਾਵ ਨੂੰ ਉਹਨਾਂ ਦੇ ਪੈਰੋਕਾਰਾਂ ਨੇ ਤਾਂ ਕਬੂਲਣਾ ਹੀ ਹੈ ਉਹਨਾਂ ਨੂੰ ਆਪਣੇ ਰਾਜ-ਭਾਗ ਦਾ ਦੁਸ਼ਮਨ ਸਮਝਣ ਵਾਲੇ, ਅੰਗਰੇਜ਼ ਹਾਕਮਾਂ ਨੇ ਵੀ ਕਬੂਲਿਆ ਜਿਸ ਬਾਰੇ ਉਹਨਾਂ ਸਮੇਂ ਸਮੇਂ ਆਪਣੀਆਂ ਦਫ਼ਤਰੀ ਚਿੱਠੀਆਂ ਅਤੇ ਰਿਪੋਰਟਾਂ ਵਿੱਚ ਵਰਣਨ ਕੀਤਾ। ਸਮੁੱਚੇ ਹਿੰਦੁਸਤਾਨ, ਖਾਸ ਕਰਕੇ ਪੰਜਾਬ ਨੇ ਤਾਂ ਉਹਨਾਂ ਦੀ ਰਾਹਨੁਮਾਈ ਵਿਚ ਹੀ ਆਪਣਾ ਭਵਿੱਖ ਉਜਲਾ ਜਾਤਾ। ਇਸੇ ਕਰਕੇ ਇਕ ਦਹਾਕੇ ਤੋਂ ਵੀ ਘਟ ਦੇ ਕਾਰਜਸ਼ੀਲ ਪ੍ਰੋਗਰਾਮ ਵਿਚ ਦਸ ਲੱਖ ਨਾਮਧਾਰੀ ਬਣੇ। ਜਿਹੜੇ ਸਤਿਗੁਰੂ ਰਾਮ ਸਿੰਘ ਦੇ ਝੰਡੇ ਹੇਠ ਨਹੀਂ ਵੀ ਆਏ, ਉਹ ਵੀ ਆਪ ਦੀ ਸ਼ਕਤੀ ਤੇ ਬਲਿਹਾਰ ਜਾਂਦੇ ਰਹੇ। ਪੰਜਾਬ ਦੇ ਸਿੱਖ ਅਤੇ ਗ਼ੈਰਸਿੱਖ ਸਾਹਿਤਕਾਰਾਂ ਅਤੇ ਇਤਿਹਾਸਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਆਪ ਜੀ ਦੀ ਸ੍ਰੇਸ਼ਟਤਾ ਦਾ ਉਚੇਚਾ ਵਰਣਨ ਕੀਤਾ। ਸਤਿਗੁਰੂ ਰਾਮ ਸਿੰਘ ਜੀ ਬਾਰੇ ਉਚੇਚੀਆਂ ਰਚਨਾਵਾਂ ਸਤਿਜੁਗ ਦੇ ਪਾਠਕਾਂ ਨੂੰ ੭੩ ਵਰ੍ਹਿਆਂ ਤੋਂ ਹੀ ਪੜ੍ਹਨ ਨੂੰ ਪ੍ਰਾਪਤ ਹੁੰਦੀਆਂ ਰਹੀਆਂ ਹਨ। ਕਿਉਂਕਿ ੧੯੭੬ ਬਿ: (੧੯੨੦ ਈ:) ਦੇ ਵਰਨ, ਸ਼ੇਖੂਪੁਰਾ ਦੇ ਹੋਲੇ ਤੇ ਮਹਾਰਾਜ ਗੁਰਦਿਆਲ ਸਿੰਘ ਸਤਿਜੁਗ ਅਖਬਾਰ ਪ੍ਰਕਾਸ਼ਤ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰ ਲੈ ਕੇ ਗਏ ਸੀ ਉਦੋਂ ਤੋਂ ਅੱਜ ਤੱਕ ਸਤਿਜੁਗ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਆਗਿਆ ਅਨੁਸਾਰ

Namdhari Elibrary NamdhariElibrary@gmail.com

ਚੱਲਣ ਵਾਲਾ, ਅਖ਼ਬਾਰ ਰਿਹਾ ਹੈ। ਇਹ ਪਹਿਲਾਂ ਲਾਹੌਰੋਂ ਪ੍ਰਕਾਸ਼ਤ ਹੁੰਦਾ ਰਿਹਾ ਹੈ ਫਿਰ ਭੈਣੀ ਸਾਹਿਬ ਤੋਂ ਤੇ ਫਿਰ ਸ੍ਰੀ ਜੀਵਨ ਨਗਰੋਂ ਤੇ ਅਜਕਲ ਇਸ ਨੂੰ ਦਿੱਲੀ ਤੋ ਛਪਾਈ ਦੀਆਂ ਆਧੁਨਿਕ ਤਕਨੀਕਾਂ ਅਨੁਸਾਰ ਵਧੀਆ ਕਾਗਜ਼ ਉੱਤੇ ਛਾਪ ਕੇ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

ਸਤਿਜੁਗ ਦੇ ਵਿਸ਼ੇਸ਼ ਅੰਕਾਂ ਲਈ ਨਾਮਧਾਰੀ ਹੀ ਨਹੀਂ ਗ਼ੈਰਨਾਮਧਾਰੀ ਲੇਖਕ ਵੀ, ਲਿਖ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੇ ਸ਼ਰਧਾ ਸੁਮਨ ਭੇਟ ਕਰਦੇ ਰਹੇ ਹਨ। ਸਤਿਜੁਗ ਦੇ ਪੁਰਾਣੇ ਬਸੰਤ ਅੰਕ ਸੰਭਾਲੇ ਪਏ ਹਨ ਉਹਨਾਂ ਵਿਚੋਂ ਜੇ ੧੯੮੬ ਤੋਂ ੧੯੯੧ ਬਿ: ਅਤੇ ਉਸਤੋਂ ਬਾਅਦ ਦੇ ਬਸੰਤ ਅੰਕਾਂ ਨੂੰ ਹੀ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਇਹਨਾਂ ਅੰਕਾਂ ਵਿਚ ਕਿਸ ਤਰ੍ਹਾਂ ਨਾਲ ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਪ੍ਰਿ: ਤੇਜਾ ਸਿੰਘ, ਚਰਨ ਸਿੰਘ ਸ਼ਹੀਦ, ਹੀਰਾ ਸਿੰਘ ਦਰਦ, ਅਵਤਾਰ ਸਿੰਘ ਅਜ਼ਾਦ ਅਤੇ ਹੋਰ ਬਹੁਤ ਸਾਰੇ ਪੰਜਾਬੀ ਸਾਹਿਤ ਦੇ ਪਛਾਣੇ ਹੋਏ ਹਸਤਾਖਰ ਆਪਣੀਆਂ ਰਚਨਾਵਾਂ ਛਪਵਾ ਕੇ ਆਪਣੇ ਧੰਨ ਭਾਗ ਸਮਝਦੇ ਰਹੇ ਹਨ। ਇਸ ਤਰ੍ਹਾਂ ਦੇ ਬਹੁਤੇ ਲੇਖਕ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਜਾ ਚੁਕੇ ਹਨ।

ਹੱਥਲੇ ਬਸੰਤ ਅੰਕ ਵਿਚ ਇਹਨਾਂ ਵਿਛੜੀਆਂ ਕਲਮਾਂ ਦੀਆਂ ਮਹੱਤਵਪੂਰਣ ਰਚਨਾਵਾਂ ਨੂੰ ਪਾਠਕਾਂ ਸਾਹਮਣੇ ਮੁੜ ਉਜਾਗਰ ਕਰਨ ਦੀ ਲੋੜ ਨੂੰ ਮਹਿਸੂਸ ਕਰਦਿਆਂ ਹੋਇਆਂ ਕੁਛ ਲੇਖ, ਕਵਿਤਾਵਾਂ ਉਹਨਾਂ ਦੇ ਛਾਪੇ ਗਏ ਹਨ ਜਿੰਨ੍ਹਾਂ ਰਾਹੀਂ ਉਸ ਸਮੇਂ, ਉਹ - ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਚਲਾਏ ਮਿਸ਼ਨ ਨੂੰ ਕਿਸ ਰੂਪ ਵਿਚ ਵੇਖਦੇ ਸਨ -ਦੀ ਵੰਨਗੀ ਸਾਹਮਣੇ ਆਉਂਦੀ ਹੈ। ਇਹਨਾਂ ਵਿਚੋ ਕਈ ਰਚਨਾਵਾਂ ੬੦-੬੫ ਸਾਲ ਪਹਿਲਾਂ ਛਪੀਆਂ ਹੋਈਆਂ ਹਨ ਪਰ ਪਾਠਕਾਂ ਨੂੰ ਅੱਜ ਵੀ ਪੁਰਾਣੀਆਂ ਨਹੀਂ ਲਗਣਗੀਆਂ।

ਪੰਜਾਬੀ ਦੀਆਂ ਵਰਤਮਾਨ ਵਿੱਚ ਪ੍ਰਸਿੱਧੀ ਪ੍ਰਾਪਤ ਕਲਮਾਂ ਦੇ ਲੇਖਾਂ ਨੂੰ ਬਸੰਤ ਅੰਕ ਵਿੱਚ ਪਹਿਲੀ ਥਾਂ ਦਿੱਤੀ ਗਈ ਹੈ। ਕੁਛ ਲੇਖ ਅਖ਼ੀਰ ਵਿੱਚ ਵੀ ਰੱਖੇ ਗਏ ਹਨ। ਵਿੱਚ ਇੱਕ ਹਿੱਸਾ ਕਵਿਤਾਵਾਂ ਦਾ ਹੈ। ਕੋਸ਼ਿਸ਼ ਕੀਤੀ ਗਈ ਹੈ ਕਿ ਬਹੁਪੱਖੀ ਵਿਭੂਤੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਹੀ ਨਹੀਂ ਸਗੋਂ ਉਹਨਾਂ ਦੇ ਪੂਰਵ ਗੁਰੂ, ਸਤਿਗੁਰੂ ਬਾਲਕ ਸਿੰਘ ਜੀ ਅਤੇ ਉਹਨਾਂ ਦੇ ਪ੍ਰਦੇਸ ਗਮਨ ਤੋ ਬਾਅਦ ਉਹਨਾਂ ਦੀ ਕਾਰ ਨੂੰ ਚਲਾਉਣ ਵਾਲੇ ਸਤਿਗੁਰੂ ਹਰੀ ਸਿੰਘ ਜੀ ਤੇ ਸਤਿਗੁਰੂ ਪਰਤਾਪ ਸਿੰਘ ਜੀ ਬਾਰੇ ਵੀ ਠੋਸ, ਲਾਹੇਵੰਦ ਸਮਗਰੀ, ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰੀਏ।

ਇਸ ਅੰਕ ਨੂੰ ਸ਼ਾਇਆ ਕਰਣ ਵਿੱਚ, ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਸ੍ਰ. ਹਰਵਿੰਦਰ ਸਿੰਘ ਹੰਸਪਾਲ ਜੀ ਦੇ ੨੧ ਫਰਵਰੀ, ੧੯੯੩ ਨੂੰ ਵਾਪਸ ਪਰਤਨ ਨਾਲ, ਤੇਜ਼ੀ ਆਈ ਹੈ।

ਇਸ ਦੇ ਪ੍ਰਕਾਸ਼ਨ ਵਿਚ ਸਹਿਯੋਗ ਦੇਣ ਵਾਲੇ ਲੇਖਕਾਂ ਅਤੇ ਪ੍ਰਬੰਧਕਾਂ ਦਾ ਜ਼ਿਕਰ ਕਰਨਾ ਭਾਵੇਂ ਜ਼ਰੂਰੀ ਹੈ ਹੀ ਪਰ ਇੰਝ ਲਗਦਾ ਹੈ ਕਿ ਉਹਨਾਂ ਦੀ ਗੱਲ ਕਰਦਿਆਂ ਜਿਵੇਂ ਅਚੇਤ ਹੀ ਆਪਣੀ ਗੱਲ ਹੋ ਰਹੀ ਹੋਵੇ ਅਤੇ ਉਹਨਾਂ ਦਾ ਧੰਨਵਾਦ ਵੀ ਆਪਣਾ ਹੀ ਧੰਨਵਾਦ ਨਜ਼ਰ ਆਉਦਾ ਹੈ ਕਿਉਂਕਿ ਓਪਰਾ ਤਾਂ ਕੋਈ ਹੈ ਹੀ ਨਹੀਂ, ਸ਼ਰਧਾ ਵੀ ਕਿਸੇ ਕਲਮ ਵਿੱਚ ਸਤਿਗੁਰੂ ਸੱਚੇ ਪਾਤਸ਼ਾਹ ਉਤੇ ਘਟ ਨਹੀਂ ਹੈ। ਪ੍ਰਕਾਸ਼ਨ ਵਿਚ ਸਹਾਇਤਾ ਕਰਨ ਲਈ, ਡਿਜ਼ਾਇਨਿੰਗ ਅਤੇ ਟਾਈਪ ਸੈਟ ਕਰਨ ਅਤੇ ਛਪਵਾਉਣ ਲਈ ਜਥੇਦਾਰ ਜੋਗਾ ਸਿੰਘ, ਭੂਪਿੰਦਰ ਸਿੰਘ ਭੁਰਜੀ, ਹਰਸਿਮਰਨ ਸਿੰਘ-ਕੈਡਕਾਨ ਦੀ ਉਚੇਰੀ ਲਗਨ ਤੇ ਮਿਹਨਤ ਕੰਮ ਆਈ ਹੈ।

ਸ੍ਰ. ਪ੍ਰੀਤਮ ਸਿੰਘ ਕਵੀ ਜੀ ਦਾ ਆਪਣੇ ਹੱਥੀਂ ਖਿੱਚੀਆਂ ਫੋਟੋਆਂ ਦੇ ਖ਼ਜ਼ਾਨੇ ਵਿਚੋਂ ਕੁਝ ਕਲਮਕਾਰਾਂ ਦੀਆਂ ਤਸਵੀਰਾਂ ਦੇਣ ਦਾ ਧੰਨਵਾਦ।

ਇਹ ਸਾਰਾ ਕੁਛ ਕਿਸੇ ਦਾ ਵੀ ਆਪਣਾ ਨਹੀਂ, ਇਹ ਤਾਂ ਉਸ ਅਕਾਲ ਪੁਰਖ ਦੇ ਸਰਗੁਣ ਸਰੂਪ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੈ। ਉਹ ਕਿਸੇ ਕੋਲੋਂ ਵੀ ਕੰਮ ਲੈ ਸਕਦੇ ਹਨ ਅਸੀਂ ਤਾ ਇਹੀ ਕਹਿ ਸਕਦੇ ਹਾਂ :

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥
ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ ॥੩॥

ਸੋ ਉਹਨਾਂ ਦੀ ਅਪਾਰ ਕਿਰਪਾ ਅਤੇ ਬਖਸ਼ਸ਼ ਨਾਲ ਪ੍ਰਕਾਸ਼ਿਤ ਬਸੰਤ ਅੰਕ ੨੦੪੯ ਬਿ: ਤੁਹਾਡੇ ਹੱਥਾਂ ਵਿਚ ਹੈ।

- ਤਾਰਾ ਸਿੰਘ ਅਨਜਾਣ

Namdhari Elibrary NamdhariElibrary@gmail.com

ਕੈਨੇਡਾ ਵਿੱਚ ਬਸੰਤ ਉਤਸਵ

ਹਰਵਿੰਦਰ ਸਿੰਘ ਹੰਸਪਾਲ

ਟ ਰਾਂ ਟੋ (ਕੈਨੇਡਾ) ਦੇ 'ਡੇਲੀਆ ਹਾਲ' 'ਚ ਜਥੇਦਾਰ ਸੇਵਾ ਸਿੰਘ, ਦਿੱਲੀ ਵਾਲਿਆਂ ਨੇ ਧਾਰਨਾ ਸ਼ੁਰੂ ਕੀਤੀ, 'ਹੁਕਮ ਲਗੇ ਜਿਸ ਮੀਠਾ ਜੀਓ"। ਨਾਲ ਢੋਲਕੀ ਛੈਣੇ ਵਜਾਉਣ ਵਾਸਤੇ ਉਥੋਂ ਦਾ ਜਥਾ ਸਾਥ ਦੇ ਰਿਹਾ ਸੀ। ਢੋਲਕ ਵਧੀਆ ਵਜਾ ਰਿਹਾ ਸੀ, ਗੁਰਮੁਖ ਸਿੰਘ। -ਇਹ ਗੁਰਮੁਖ ਸਿੰਘ ਕੈਨੇਡਾ ਦਾ ਹੀ ਜਮ ਪਲ, ਸੂਬਾ ਰੇਸ਼ਮ ਸਿੰਘ ਦਾ ਵੱਡਾ ਲੜਕਾ ਹੈ, ਸੋਹਣਾ ਸੁਨੱਖਾ ਨੌਜਵਾਨ, ਕੈਨੇਡੀਅਨ ਸ਼ਹਿਰੀ ਹੈ। ਕੈਨੇਡਾ ਵਿਚ ਹੀ ਸ਼ਿਖਿਸ਼ਾ ਪ੍ਰਾਪਤ ਕਰ ਰਿਹਾ ਹੈ। ਆਪਣੀ ੧੭-੧੮ ਸਾਲ ਦੀ ਉਮਰ ਵਿਚ ਇਕ ਦੋ ਵਾਰ ਹੀ ਭਾਰਤ, ਸ੍ਰੀ ਭੈਣੀ ਸਾਹਿਬ, ਦੇ ਦਰਸ਼ਨ ਕਰਨ ਆਇਆ ਹੈ। ਪੜ੍ਹਾਈ ਵਿਚ ਹੋਸ਼ਿਆਰ ਹੈ, ਵਧੀਆ ਅੰਗਰੇਜ਼ੀ ਬੋਲਦਾ ਹੈ, ਪਰ ਪਹਿਰਾਵਾ ਹਿੰਦੁਸਤਾਨੀ ਨਾਮਧਾਰੀ ਕਾਟ ਦਾ ਕੁੜਤਾ ਪਜਾਮਾ ਪਾਉਂਦਾ ਤੇ ਸਿਰ ਤੇ ਚਿੱਟੀ, ਗੁਰਮੁਖੀ, ਨਾਮਧਾਰੀ, ਸਿੱਧੀ ਦਸਤਾਰ ਸਜਾਉਂਦਾ ਹੈ। ਆਪਣੇ ਮਾਤਾ ਪਿਤਾ ਨੂੰ ਬੀਬੀ ਜੀ, ਪਿਤਾ ਜੀ, ਆਖ ਕੇ ਪੁਕਾਰਦਾ ਹੈ। ਕੈਨੇਡੀਅਨ ਮਾਹੌਲ 'ਚ ਵਸਦਿਆਂ, ਢੋਲਕ ਸਿਖ ਕੇ ਵਜਾਉਣੀ ਤੇ ਦੀਵਾਨ ਲਾਉਣਾ ਇੱਕ ਵਿਲਖਣ ਗਲ ਹੈ। ਏਸੇ ਲਈ ਗੁਰਮੁਖ ਸਿੰਘ ਨੇ ਸਭ ਨੂੰ ਪ੍ਰਭਾਵਤ ਕੀਤਾ। ਉਸਦਾ ਵਿਸ਼ੇਸ਼ ਉਲੇਖ ਕਰਨਾ ਜ਼ਰੂਰੀ ਸਮਝ ਰਿਹਾ ਹਾਂ। ਟਰਾਂਟੋ ਰਹਿ ਰਹੇ ਸਾਰੇ ਨਾਮਧਾਰੀ ਛੋਟੀ ਜਾਂ ਵੱਡੀ ਸੋਧ ਮਰਯਾਦਾ ਦੇ ਧਾਰਨੀ ਹਨ। ਇਹ ਸਭ ਕੁਝ ਸੂਬਾ ਰੇਸ਼ਮ ਸਿੰਘ ਰਾਹੀਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਸ਼ ਦਵਾਰਾ ਹੋ ਰਿਹਾ ਹੈ। ਦੇਸ਼-ਦੇਸ਼ਾਂਤਰਾਂ 'ਚ ਸਤਿਗੁਰੂ ਰਾਮ ਸਿੰਘ ਜੀ ਦੀ ਪੁਨਰ ਜੀਵਿਤ ਕੀਤੀ ਹੋਈ ਗੁਰਸਿੱਖੀ ਨੂੰ, ਵਰਤਮਾਨ ਸ੍ਰੀ ਸਤਿਗੁਰੂ ਜੀ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਫੁਲਤ ਕਰ ਰਹੇ ਹਨ।

ਭਾਈ ਰਾਇ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਾਨੁਸਾਰ ਅਨੇਕਾਂ ਤਕਲੀਫ਼ਾਂ ਝੱਲ ਕੇ, ਹਜ਼ੂਰ ਸਾਹਿਬ ਤੋਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਸਿੱਖੀ ਮਰਯਾਦਾ ਲਿਆਂਦੀ। ਉਸੇ ਮਰਯਾਦਾ ਦੇ ਧਾਰਨੀ ਗੁਰਸਿੱਖ ਅੱਜ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਆਰ, ਪ੍ਰਭਾਵ ਤੇ ਬਖਸ਼ਸ਼ਾਂ ਸਦਕਾ ਪੂਰਬ ਤੇ ਪੱਛਮ ਦੇ ਅਨੇਕਾਂ ਦੇਸ਼ਾਂ 'ਚ ਵੱਡੀ ਗਿਣਤੀ ਵਿਚ ਸੁਖੀ ਜੀਵਨ ਬਤੀਤ ਕਰ ਰਹੇ ਹਨ। ਸੋਧ ਮਰਯਾਦਾ ਵਾਲੇ ਸਿੱਖ ਜਲ, ਝੀਲਾਂ, ਚਸ਼ਮਿਆਂ ਤੋਂ ਲਿਆ ਕੇ ਵਰਤਦੇ ਹਨ, ਨਲਕੇ ਦਾ ਨਹੀਂ। ਅੰਮ੍ਰਿਤ ਵੇਲੇ ਉਠ ਕੇ ਸਕੇਸ਼ ਇਸ਼ਨਾਨ ਕਰਕੇ ਭਜਨ ਕਰਦੇ ਬਾਣੀ ਪੜ੍ਹਦੇ ਅਤੇ ਸਫਲਤਾ ਪੂਰਵਕ ਵਿਹਾਰ ਕਰਦੇ ਹਨ। ਸਤਿਗੁਰੂ ਜੀ ਦੇ ਹੁਕਮਾਂ ਨੂੰ ਮੰਨਣ ਵਿਚ ਭਲਾ ਚਿਤਵਦੇ ਹਨ।

ਬਸੰਤ ਪੰਚਮੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਵਸ ਐਤਕੀਂ ਟਰਾਂਟੋ, ਸਾਧ ਸੰਗਤ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ। ਕਥਾਂ ਕੀਰਤਨ ਵਖਿਆਨਾਂ ਉਪਰੰਤ ਸਤਿਗੁਰੂ ਜੀ ਨੇ ਉਪਦੇਸ਼ ਦੇਂਦਿਆਂ ਫੁਰਮਾਇਆ: "ਉਹ ਸਮਾਂ ਜਿਸ ਵੇਲੇ ਅੰਗਰੇਜ਼ ਦੇ ਖਿਲਾਫ਼ ਉਚਾ ਸਾਹ ਵੀ ਨਹੀਂ ਸੀ ਲਿਆ ਜਾਂਦਾ। ਸਤਿਗੁਰੂ ਰਾਮ ਸਿੰਘ ਦੇ ਸਿਖਾਂ ਨੇ ਏਨਾ ਕੁਛ ਕੀਤਾ, ਅੱਜ ਉਹਦਾ ਨਾਂ ਹੈ। ਜੇ ਅਸੀਂ ਵੀ ਅੱਜ ਏਸ ਚੀਜ਼ ਨੂੰ ਧਿਆਨ 'ਚ ਕਰ ਲਵਾਂਗੇ ਕਿ ਅਸਾਂ ਇਹ ਪਹਿਰਾਵਾ, ਜਿਥੇ ਵੀ ਜਾਣਾ ਹੈ, ਆਪਣਾ ਰੱਖਣਾ ਹੈ। ਆਪਣਾ ਪੌਣਾ ਹੈ। ਕੋਈ ਉਹ ਦਿਨ ਆਵੇਗਾ ਜਿਸ ਦਿਨ ਇਹ ਗਲ ਆਖਣਗੇ ਕਿ ਓਹ ਅੰਗਰੇਜ਼ ਜਿਨ੍ਹਾਂ ਨੇ ਐਨੇ ਸਾਲ ਰਾਜ ਕੀਤਾ, ਹਿੰਦੁਸਤਾਨ ਤੇ ਜਾ ਕੇ, ਉਨ੍ਹਾਂ ਨੇ ਆਪਣੀ ਵਰਦੀ ਨਹੀਂ ਛੱਡੀ। ਪਰ ਓਸ ਦੇਸ ਦੇ ਨਾਮਧਾਰੀ, ਸਤਿਗੁਰੂ ਰਾਮ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਦੇ ਸਿੱਖ ਜਿਹੜੇ ਨੇ ਉਨ੍ਹਾਂ ਅੰਗਰੇਜ਼ਾਂ ਦੇ ਦੇਸ਼ਾਂ ਵਿਚ ਆ ਕੇ ਆਪਣਾ ਪਹਿਰਾਵਾ, ਆਪਣੀ ਸਭਿਅਤਾ ਨੂੰ, ਚੰਗੀ ਤਰ੍ਹਾਂ ਉਥੇ ਜਚਾ ਕੇ ਰਖਿਆ ਹੈ। ਅਰ ਉਸਦਾ ਵਾਧਾ ਕੀਤਾ ਹੈ। ਉਸਨੂੰ ਪ੍ਰਫੁਲਤ ਕੀਤਾ ਹੈ। ਐਸ ਵੇਲੇ ਗਿਣਤੀ ਕਰਨੀ ਬੜੀ ਔਖੀ ਹੈ ਪਰ ਸਤਿਗੁਰਾਂ ਦੀ ਬਹੁਤ ਕਿਰਪਾ ਹੈ, ਇੰਗਲੈਂਡ ਵਿਚ ਬਹੁਤ ਸਾਰੇ ਨੌਜੁਆਨ ਬੱਚੇ ਨੇ, ਜਿਹੜੇ ਤੜਕੇ ਉਠਕੇ ਭਜਨ ਕਰਦੇ ਨੇ ਸਣੇ ਕੇਸੀ ਇਸ਼ਨਾਨ ਕਰਦੇ ਨੇ, ਹੱਥ ਰੇਤੇ ਨਾਲ ਮਾਂਜਦੇ ਨੇ। ਦਾਤਨ ਕਰਦੇ ਨੇ- ਜੇਹੜੀ ਚੀਜ਼ ਸਾਨੂੰ ਬਿਲਕੁਲ ਭੁਲਦੀ ਜਾ ਰਹੀ ਹੈ -ਪਹਿਰਾਵੇ ਆਪਣੇ ਰੱਖਕੇ ਸਤਿਗੁਰੂ ਰਾਮ ਸਿੰਘ ਦਾ ਨਾਂ ਉੱਚਾ ਕਰਦੇ ਨੇ।



ਅੱਜ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਆਰ, ਪ੍ਰਭਾਵ ਤੇ ਬਖਸ਼ਸ਼ਾਂ ਸਦਕਾ ਪੂਰਬ ਤੇ ਪੱਛਮ ਦੇ ਅਨੇਕਾਂ ਦੇਸ਼ਾਂ 'ਚ ਵੱਡੀ ਗਿਣਤੀ ਵਿਚ ਸੁਖੀ ਜੀਵਨ ਬਤੀਤ ਕਰ ਰਹੇ ਹਨ

Namdhari Elibrary NamdhariElibrary@gmail.com

ਇਸ ਮੌਕੇ ਤੇ ਬੋਲਦਿਆਂ ਜਦੋਂ ਮੈਂ ਇਹ ਦੱਸ ਰਿਹਾ ਸਾਂ ਕਿ ਕਿਸ ਤਰ੍ਹਾਂ ਹੱਸ ਹੱਸ ਕੇ ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦਿਤੀਆਂ - ਵਰਿਆਮ ਸਿੰਘ ਨੂੰ ਜਦੋਂ ਤੋਪਚੀ ਨੇ ਆਖਿਆ ਤੇਰਾ ਕਦ ਛੋਟਾ ਹੈ ਤੂੰ ਪਿਛਾਂਹ ਹਟ ਜਾ। ਤੂੰ ਤੋਪ ਦੇ ਨਿਸ਼ਾਨੇ ਵਿਚ ਨਹੀਂ ਆਉਂਦਾ। ਵਰਿਆਮ ਸਿੰਘ ਨੇ ਵੰਗਾਰ ਕੇ ਆਖਿਆ ਛੇਤੀ ਕਰ ਮੇਰੇ ਸਾਥੀ (ਸ਼ਹੀਦ) ਅਗਾਂਹ ਲੰਘ ਗਏ ਨੇ ਕਿਤੇ ਮੈਂ ਪਿਛਾਂਹ ਨ ਰਹਿ ਜਾਵਾਂ। ਵਾਣ੍ਹ ਵਿਚੋਂ ਢੇਮਾਂ ਕੱਠੀਆਂ ਕਰ ਕੇ ਖਲੋ ਗਿਆ ਤੇ ਆਖਿਆ, ਹੁਣ ਵੇਖ ਮੈਂ ਤੋਪ ਦੇ ਨਿਸ਼ਾਨੇ ਵਿਚ ਠੀਕ ਹਾਂ? ਤੋਪ ਚੱਲੀ ਵਰਿਆਮ ਸਿੰਘ ਸ਼ਹੀਦ ਸਾਥੀਆਂ 'ਚ ਜਾ ਰਲਿਆ। ਬਾਲਕ ਬਿਸ਼ਨ ਸਿੰਘ ਨੇ ੧੨ ਸਾਲ ਦੀ ਉਮਰ ਵਿਚ ਕਾਵਨ ਦੀ ਦਾੜ੍ਹੀ ਫੜ ਲਈ ਤੇ ਦੇਸ਼ ਕੌਮ ਲਈ ਸ਼ਹੀਦ ਹੋ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਸਵਦੇਸ਼ੀ ਅਤੇ ਨਾਮਿਲਵਰਤਨ ਦੀ ਵਿਦੇਸ਼ੀ ਸਰਕਾਰ ਦੇ ਖਿਲਾਫ ਲਹਿਰ ਚਲਾਈ ਜੋ ਉਸ ਸਮੇਂ ਪੰਜਾਬ 'ਚ ਭਾਂਬੜ ਵਾਂਗੂੰ ਮਚ ਗਈ। ਅੰਗਰੇਜ਼ਾਂ ਨੂੰ ਖ਼ਤਰਾ ਹੋ ਗਿਆ ਕਿਤੇ ਸਾਰੇ ਦੇਸ਼ ਵਿਚ ਇਹ ਲਹਿਰ ਨਾ ਫੈਲ ਜਾਵੇ। ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ। ਏਸੇ ਲਹਿਰ ਨੂੰ ਮਹਾਤਮਾ ਗਾਂਧੀ ਜੀ ਦੀ ਅਗਵਾਈ ਵਿਚ ਕਾਂਗਰਸ ਨੇ ਅਪਣਾਇਆ ਅਤੇ ਦੇਸ਼ ਨੂੰ ਆਜ਼ਾਦੀ ਪ੍ਰਾਪਤ ਹੋਈ। ਇਹ ਦਸਦਿਆਂ ਮੈਂ ਆਖਿਆ ਕਿ ਜੇ ਕਰ ਇਹ ਲਹਿਰ ਸਤਿਗੁਰੂ ਰਾਮ ਸਿੰਘ ਜੀ ਨਾ ਚਲਾਉਂਦੇ ਤੇ ਸ਼ਾਇਦ ਦੇਸ਼ ਆਜ਼ਾਦ ਹੀ ਨ ਹੁੰਦਾ। ਸਤਿਗੁਰੂ ਜੀ ਨੇ ਆਪਣੇ ਉਪਦੇਸ਼ 'ਚ ਹੁਕਮ ਕੀਤਾ।

"ਹੰਸਪਾਲ ਜੀ ਨੇ ਇੱਕ ਗੱਲ ਆਖੀ ਸੀ ਪਈ ਸਤਿਗੁਰੂ ਰਾਮ ਸਿੰਘ ਨਾ ਹੁੰਦੇ ਤੇ ਸ਼ਾਇਦ ਦੇਸ਼ ਆਜ਼ਾਦ ਨਾ ਹੁੰਦਾ। ਸ਼ਾਇਦ ਵਾਲੀ ਗੱਲ ਕੋਈ ਨਹੀਂ। ਏਸ ਗੱਲ ਵਿੱਚ ਬਿਲਕੁਲ ਢਿੱਲ ਹੀ ਨਹੀਂ। ਆਜ਼ਾਦ ਹੋਣਾ ਹੀ ਨਹੀਂ ਸੀ। ਏਹ ਸਤਿਗੁਰਾਂ ਦੀ ਕਿਰਪਾ ਨਾਲ ਹੀ ਹੋਇਆ ਹੈ। ਉਹਨਾਂ ਨੇ ਮਨ ਦੀ ਆਜ਼ਾਦੀ ਦਿੱਤੀ ਤੇ ਉਸਤੋਂ ਬਾਅਦ ਏਸ ਲਹਿਰ ਨੂੰ ਆਜ਼ਾਦੀ ਤਕ ਪੁਚਾਇਆ। ਹੋਰ ਏਨੇ ਪਵਿੱਤਰ ਜਿਹੜੇ ਖ਼ੂਨ ਡੁਲ੍ਹੇ ਨੇ ਉਹਨਾਂ ਦਾ ਕੋਈ ਮੁਕਾਬਲਾ ਨਹੀਂ।"

ਸ੍ਰ: ਕਰਨੈਲ ਸਿੰਘ 'ਪਾਰਸ' ਜਿਹੜੇ ਸ੍ਰ: ਬਲਵੰਤ ਸਿੰਘ ਰਾਮੂਵਾਲੀਆ ਦੇ ਪਿਤਾ ਜੀ ਹਨ ਅਤੇ ਟਰਾਂਟੋਂ ਰਹਿੰਦੇਂ ਹਨ ਬੋਲਦਿਆਂ ਆਖਿਆ" ਮੈਨੂੰ ਤੇ ਨਾਮਧਾਰੀ ਸਿੰਘ ਬੜੇ ਸੱਚੇ ਤੇ ਸੁੱਚੇ ਨਜ਼ਰ ਆਉਂਦੇ ਨੇ। ਜਿਹੋ ਜਹੇ ਬਾਹਰੋਂ ਇਹ ਚਿੱਟੇ ਸਾਫ ਸੁਥਰੇ ਕਪੜੇ ਪਾਉਂਦੇ ਨੇ ਏਹੋ ਜਹੇ ਹੀ ਅੰਦਰੋਂ ਨੇ। ਇਹਨਾਂ ਦਾ ਖਾਣਾ ਪੀਣਾ ਵੀ ਸਾਫ ਸੁਥਰਾ ਹੈ। ਮਨ ਕਰ ਕੇ ਬਹੁਤ ਚੰਗੇ ਹਨ। ਇਹਨਾਂ ਤੇ ਗੁਰੂ ਦੀ ਬਹੁਤ ਕਿਰਪਾ ਹੈ। ਸਤਿਗੁਰੂ ਜੀ ਏਥੇ ਆ ਕੇ ਦਰਸ਼ਨ ਦਿੰਦੇ ਹਨ- ਏਹਨਾਂ ਦੀ ਸਿਖਿਆ ਤੇ ਇਹ ਚਲਦੇ ਨੇ। ਸਭ ਨੂੰ ਇਹ ਗ੍ਰਹਿਣ ਕਰਨੀ ਚਾਹੀਦੀ ਹੈ, ਏਸੇ ਵਿਚ ਸਭ ਦਾ ਭਲਾ ਹੈ।"

ਵੱਡੀ ਗਿਣਤੀ ਵਿਚ ਟਰਾਂਟੋ ਸ਼ਹਿਰ ਦੇ ਵੱਖ ਵੱਖ ਸੰਸਥਾਵਾਂ ਤੇ ਸਭਾਵਾਂ ਦੇ ਪਤਵੰਤੇ ਸੱਜਨ ਆਏ ਹੋਏ ਸਨ, ਬੜਾ ਪ੍ਰਭਾਵਸ਼ਾਲੀ ਇਕੱਠ ਸੀ। ਸਾਰੇ ਪ੍ਰੋਗਰਾਮ ਨੂੰ ਦਿਲਚਸਪੀ ਨਾਲ ਸਭ ਸੁਣ ਰਹੇ ਸਨ। ਨਵੀਂ ਪਨੀਰੀ ਨੂੰ ਤੇ, ਇਉਂ ਜਾਪਦਾ ਸੀ ਜਿਵੇਂ ਇਹ ਗੱਲਾਂ ਨਵੀਆਂ ਤੇ ਚੰਗੀਆਂ ਲਗ ਰਹੀਆਂ ਹੋਣ। ਗਰੀਬ ਨਿਵਾਜ਼ ਜੀ ਨੇ ਵਿਸਥਾਰ ਨਾਲ ਇਤਿਹਾਸਕ ਪਛੋਕੜ ਦਸਦਿਆਂ ਸਿਖਿਆ ਦਾਇਕ ਉਪਦੇਸ਼ ਦਿਤਾ, ਜਿਸ ਦੇ ਕੁਝ ਅੰਸ਼ ਇਸ ਪ੍ਰਕਾਰ ਹਨ।

"ਜੋ ਕੁਛ ਗੁਰੂ ਨਾਨਕ ਤੋਂ ਲੱਗ ਕੇ, ਗੁਰੂ ਸਾਹਿਬਾਂ ਨੇ ਬਾਣੀ ਦੇ ਵਿਚ ਅੰਕਿਤ ਕੀਤਾ ਹੈ। ਉਸ ਤੋਂ ਬਾਦ ਗੁਰੂ ਗੋਬਿੰਦ ਸਿੰਘ ਸਚੇ ਪਾਤਸ਼ਾਹ ਨੇ ਜਿਹੜੇ ਹੁਕਮ ਦਿੱਤੇ ਨੇ, ਅਮਲੀ ਜਾਮਾਂ ਪਹਿਰਾਇਆ, ਸਤਿਗੁਰੂ ਰਾਮ ਸਿੰਘ ਸਚੇ ਪਾਤਸ਼ਾਹ ਨੇ ਆਕੇ। ਅਜ਼ਾਦੀ ਦੇ ਬਾਰੇ ਇਥੇ ਗੱਲ ਹੋਈ ਐ। ਕਿਉਂ ਏਨਾ ਉੱਚਾ ਤੇ ਉੱਜਲਾ ਇਤਿਹਾਸ ਹੈ ਨਾਮਧਾਰੀਆਂ ਦਾ ? ਸਤਿਗੁਰੂ ਰਾਮ ਸਿੰਘ ਸਚੇ ਪਾਤਸ਼ਾਹ ਨੇ, ਸਭ ਤੋਂ ਪਹਿਲੋਂ, ਜਿੰਨ੍ਹਾਂ ਨੇ ਅਜ਼ਾਦੀ ਵਿਚ ਕੰਮ ਕਰਨਾ ਸੀ, ਉਨ੍ਹਾਂ ਦੇ ਮਨ ਨੂੰ ਅਜ਼ਾਦ ਕਰਾਇਆ।

ਜਿਹੜਾ ਮਨ ਈਰਖਾ ਦੁਐਸ਼ ਬਖੀਲੀ ਕਾਮ ਕ੍ਰੋਧ ਅਹੰਕਾਰ ਆਦਿ ਦੇ ਵਿਚ ਗ੍ਰਸਿਆ ਹੋਇਆ ਉਹਦੀ ਪਕੜ ਚੋਂ ਬਾਹਰ ਨਹੀਂ ਸੀ ਨਿਕਲ ਸਕਦਾ, ਸਤਿਗੁਰਾਂ ਨੇ ਉਨ੍ਹਾਂ ਦਾ ਮਨ ਅਜ਼ਾਦ ਕਰਾਇਆ। ਇਹਨੂੰ ਇਸ ਤਰ੍ਹਾਂ ਵੀ ਜੇ ਸਮਝ ਲਿਆ ਜਾਏ, ਇਕ ਇਕ ਆਦਮੀ ਦਾ ਇਕ ਇਕ ਦੇਸ਼ 'ਜੋ ਬ੍ਰਹਮੰਡੇ ਸੋਈ ਪਿੰਡੇ', ਉਹ ਸਤਿਗੁਰਾਂ ਨੇ ਅਜ਼ਾਦ ਕਰਾਇਆ। ਉਸਤੋਂ ਬਾਦ ਉਨਾਂ ਨੇ ਜੋ ਕੁਝ ਆਖਿਆ, ਉਹ ਕੀਤਾ, ਇਸ ਦਾ ਮੁਕਾਬਲਾ ਅੱਜ ਤੱਕ ਕੋਈ ਇਤਿਹਾਸ ਚੋਂ ਨਹੀਂ ਮਿਲਦਾ। ਨਾ ਸਿੱਖਾਂ ਦਾ, ਤੇ ਨਾ ਐਸੇ ਗੁਰੂ ਦਾ। 'ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ'।। ਇਤਿਹਾਸ ਬਹੁਤ ਵੱਡਾ ਸਮੁੰਦਰ ਹੈ। ਹੋ ਸਕਦੈ ਕੋਈ ਗੁਰੂ ਇਸ ਤਰ੍ਹਾਂ ਗਏ ਹੋਣ ਤੇ ਉਨਾਂ ਦੇ ਪਿੱਛੋਂ ਸਮੁੰਦਰ ਲੰਘ ਕੇ ਸਿੱਖ ਗਏ ਹੋਣ, ਪਰ ਆਪਣੀ ਨਿਗ੍ਹਾ ਵਿਚ ਇਹ ਚੀਜ਼ ਨਹੀਂ ਆਈ, ਬਗੈਰ ਸਤਿਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਸਿੱਖਾਂ ਤੋਂ। ਕਿਸ ਤਰ੍ਹਾਂ ਉਨ੍ਹਾਂ ਨੂੰ ਤਕਲੀਫਾਂ ਦਿਤੀਆਂ ਗਈਆਂ। ਪਰ ਜਿਸ ਮਨ ਨੇ ਕਮਜ਼ੋਰੀ ਵਖੇਣੀ ਸੀ ਉਹ ਸਤਿਗੁਰਾਂ ਨੇ ਬਹੁਤ ਪੱਕਾ ਤੇ ਵੱਡਾ ਕਰ ਦਿੱਤਾ। ਬਾਕੀ ਜਿਹੜੇ ਜਾਂ ਆਪਣੀ ਜਾਣ ਜਿਹੜੀ ਹੈ, ਜਿੰਦ ਹੈ ਆਪਣੀ, ਉਹ ਸਤਿਗੁਰਾਂ ਦੇ ਹੁਕਮ ਤੋਂ ਬਹੁਤ ਛੋਟੀ ਜਾਪੀ, ਉਨ੍ਹਾਂ ਅਰਾਮ ਨਾਲ ਸਰੀਰ ਦੇ ਦਿੱਤਾ। ਭੱਜ ਭੱਜ ਕੇ ਇਕ ਦੂਸਰੇ ਤੋਂ ਅੱਗੇ ਹੋਕੇ

ਜਿਹੜਾ ਮਨ ਈਰਖਾ ਦੁਐਸ਼ ਬਖੀਲੀ ਕਾਮ ਕ੍ਰੋਧ ਅਹੰਕਾਰ ਆਦਿ ਦੇ ਵਿਚ ਗ੍ਰਸਿਆ ਹੋਇਆ ਉਹਦੀ ਪਕੜ ਚੋਂ ਬਾਹਰ ਨਹੀਂ ਸੀ ਨਿਕਲ ਸਕਦਾ, ਸਤਿਗੁਰਾਂ ਨੇ ਉਨ੍ਹਾਂ ਦਾ ਮਨ ਅਜ਼ਾਦ ਕਰਾਇਆ। ਇਹਨੂੰ ਇਸ ਤਰ੍ਹਾਂ ਵੀ ਜੇ ਸਮਝ ਲਿਆ ਜਾਏ, ਇਕ ਇਕ ਆਦਮੀ ਦਾ ਇਕ ਇਕ ਦੇਸ਼ 'ਜੋ ਬ੍ਰਹਮੰਡੇ ਸੋਈ ਪਿੰਡੇ', ਉਹ ਸਤਿਗੁਰਾਂ ਨੇ ਅਜ਼ਾਦ ਕਰਾਇਆ। ਉਸਤੋਂ ਬਾਦ ਉਨਾਂ ਨੇ ਜੋ ਕੁਝ ਆਖਿਆ, ਉਹ ਕੀਤਾ, ਇਸ ਦਾ ਮੁਕਾਬਲਾ ਅੱਜ ਤੱਕ ਕੋਈ ਇਤਿਹਾਸ ਚੋਂ ਨਹੀਂ ਮਿਲਦਾ। ਨਾ ਸਿੱਖਾਂ ਦਾ, ਤੇ ਨਾ ਐਸੇ ਗੁਰੂ ਦਾ।
'ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ'।।

Namdhari Elibrary NamdhariElibrary@gmail.com

ਦਿੱਤਾ। ਜਿਹੜੇ ਬੱਚੇ ਸਕੂਲ ਵਿਚ ਪੜ੍ਹਦੇ ਨੇ ਉਹ ਕੋਈ ਅਠਾਠ ਨੰਬਰ ਲੈਕੇ ਪਾਸ ਹੋ ਜਾਂਦੈ, ਕੋਈ ਪੰਜੱਤਰ ਨੰਬਰ ਲੈ ਕੇ ਪਾਸ ਹੋ ਜਾਂਦੈ, ਕੋਈ ਨੱਬੇ ਨੰਬਰ ਲੈ ਕੇ ਪਾਸ ਹੋ ਜਾਂਦੈ, ਪਰ ਇਕ ਉਹ ਨੇ ਜਿਹੜੇ ਪੂਰੇ ਨੰਬਰ ਲੈ ਕੇ ਪਾਸ ਹੁੰਦੇ ਨੇ। ਸਗੋਂ ਉਹਨਾਂ ਨੂੰ ਇਹ ਆਖਿਆ ਜਾਵੇ ਪਈ ਇਕ ਸੌ ਇਕ ਨੰਬਰ ਲੈ ਕੇ ਪਾਸ ਹੁੰਦੇ ਨੇ ਤੇ ਕੋਈ ਅੱਤ ਕਥਨੀ ਨਹੀਂ ਹੋਵੇਗੀ। ਪਰ ਇਹ ਇਓਂ ਨਹੀਂ ਗੱਲ। ਸਤਿਗੁਰਾਂ ਨੇ ਉਨ੍ਹਾਂ ਨੂੰ ਇਹ ਵਖਾ ਦਿੱਤਾ ਕਿ ਜਿਹੜਾ ਸਰੀਰ ਝੜ੍ਹਾਈ ਕਰਦੈ ਉੱਥੇ, ਉਹ ਸਤਿਗੁਰੂ ਰਾਮ ਸਿੰਘ ਦਾ ਦਰਬਾਰ ਲੱਗੇ। ਜਿਹੜਾ ਸਿੱਖ ਝੜ੍ਹਾਈ ਕਰਦੈ -ਉਹ ਸਤਿਗੁਰਾਂ ਦੇ ਦਰਬਾਰ 'ਚ ਹਾਜ਼ਰ ਹੋ ਜਾਂਦੈ ਓਥੇ, ਉਹ ਦਿਸਦਾ ਸੀ ਉਹਨਾਂ ਨੂੰ। **'ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ।'** ਉਹ ਸਤਿਗੁਰੂ ਮਿਲਿਆ। ਉਹਨਾਂ ਨੇ ਉਹਨਾਂ ਦੀ ਉਹ ਦ੍ਰਿਸ਼ਟੀ ਬਣਾਈ, ਤੇ ਉਹਨਾਂ ਨੇ ਏਡਾ ਵੱਡਾ ਕੰਮ ਕੀਤਾ ਜਿਹੜਾ ਅੱਜ ਤੱਕ ਦੇ ਇਤਿਹਾਸ ਵਿਚ ਨਹੀਂ ਮਿਲਦਾ। ਜਿਸ ਤਰ੍ਹਾਂ ਇਹ ਹਾਲ ਬਣਿਆ ਏ ਜਾਂ ਇਹ ਮਕਾਨ ਬਣਿਆ ਏ। ਏਹਦੇ ਥੱਲੇ ਪਾਈਲ ਕੀਤਾ ਹੈ, ਥੱਲੇ ਇੱਟਾਂ ਲੱਗੀਆਂ ਨੇ, ਪੱਥਰ ਲੱਗੇ ਨੇ, ਜਿਹੜੇ ਨੀਂਹ ਦੇ ਵਿਚ ਲੱਗੇ ਨੇ। ਜੇ ਉਹ ਪੱਥਰ ਕੱਢ ਦਈਏ ਤਾਂ ਇਹ ਮਕਾਨ ਨਹੀਂ ਠਹਿਰ ਸੱਕਦਾ। ਨੀਂਹ ਦੀ ਇੱਟ ਕੱਢ ਦਈਏ ਤਾਂ ਇਹ ਮਕਾਨ ਨਹੀਂ ਖਲੋ ਸੱਕੇਗਾ। ਏਨੀ ਮਹਾਨਤਾ ਏ ਏਸ ਨੀਂਹ ਦੀ ਇੱਟ ਦੀ। ਪਰ ਸਾਧ ਸੰਗਤ ਜੀ! ਉਹ ਨੀਂਹ ਦੀ ਇੱਟ ਬਾਹਰ ਦਿਸਦੀ ਨਹੀਂ, ਸਿਰਫ ਏਨਾ ਈ ਫਰਕ ਹੈ। ਅਜੇ ਤੱਕ ਵੀ ਅਸੀਂ ਤਾਂ ਆਪਣੀ ਕਮਜ਼ੋਰੀ ਸਮਝਾਂਗੇ। ਨਾਮਧਾਰੀ ਇਤਿਹਾਸ ਜਿਹੜਾ ਹੈ ਓਹਨੂੰ ਦੁਨੀਆਂ ਦੇ ਕੋਨੇ 'ਚ ਕੀ ਹਿੰਦੁਸਤਾਨ ਦੇ ਵਿਚ ਵੀ ਕਈਆਂ ਨੂੰ ਨਹੀਂ ਪਤਾ, ਪਈ ਉਹ ਕਿੱਡਾ ਵੱਡਾ ਇਤਿਹਾਸ ਹੈ, ਕਿੱਡੀ ਵੱਡੀ ਕੁਰਬਾਨੀ ਹੈ ਉਨ੍ਹਾਂ ਦੀ। ਦੋ ਸੱਜਣ ਲੁਧਿਆਣੇ ਦੇ ਅਕਾਲੀ ਸਿੰਘਾਂ ਨੇ ਭੈਣੀ ਸਾਹਿਬ ਆ ਕੇ ਸ਼ਹੀਦਾਂ ਦੇ ਦਿਨ ਤੇ ਲੈਕਚਰ ਕੀਤਾ, ਉਨ੍ਹਾਂ ਆਖਿਆ ਕਿ ਸਤਿਗੁਰੂ ਰਾਮ ਸਿੰਘ ਦੀਆਂ ਤਸਵੀਰਾਂ ਹਰ ਵਿਧਾਨ ਸਭਾ ਦੇ ਵਿਚ ਲੱਗਣੀਆਂ ਚਾਹੀਦੀਆਂ ਨੇ, ਹਰ ਡੀ.ਸੀ. ਦੇ ਆਫਿਸ 'ਚ , ਹਰ ਐਸ.ਪੀ. ਦੇ ਆਫਿਸ 'ਚ, ਹਰ ਤਸੀਲ 'ਚ, ਪਾਰਲੀਮੈਂਟ ਦੇ ਵਿਚ, ਸੈਂਟਰਲ ਹਾਲ ਦੇ ਵਿਚ ਲਗਣੀਆਂ ਚਾਹੀਦੀਆਂ ਨੇ। ਉਨ੍ਹਾਂ ਨੇ ਆਖਿਆ ਕਿ ਇਹਦੇ ਵਾਸਤੇ ਕੋਈ ਕੁਰਬਾਨੀ ਦੀ ਲੋੜ ਹੋਵੇ ਅਸੀਂ ਦੇਣ ਨੂੰ ਤਿਆਰ ਹਾਂ। ਬਹੁਤ ਵਧੀਆ ਗਲ ਹੈ, ਉਨ੍ਹਾਂ ਦੀ।

"ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ, ਜਿਹੜੇ ਗੁਰੂ ਨਾਨਕ ਨੇ ਅੱਖਰ ਬਣਾਏ ਗੁਰਮੁਖੀ ਦੇ, ਉਨ੍ਹਾਂ ਦਾ ਬਹੁਤ ਪ੍ਰਚਾਰ ਕੀਤਾ, ਅਦਬ ਕਰਵਾਇਆ, ਸਤਿਕਾਰ ਕਰਵਾਇਆ ਉਨ੍ਹਾਂ ਹੁਕਮ ਦਿੱਤਾ ਕਿ 'ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾਉਣੇ ਹੋਸ਼ ਆਉਂਦੀ ਦੇ ਨਾਲ।' ਇਕ ਸਿਖ ਨੇ ਆਖਿਆ ਕਿ ਸੱਚੇ ਪਾਤਸ਼ਾਹ ਮੇਰੇ ਤੋਂ ਬਾਣੀ ਨਹੀਂ ਕੰਠ ਹੁੰਦੀ। ਸਤਿਗੁਰਾਂ ਨੇ ਪ੍ਰਮਾਣ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਵੇਲੇ ਵੀ ਇਕ ਸਿੱਖ ਨੇ ਆਖਿਆ ਸੀ, 'ਸੱਚੇ ਪਾਤਸ਼ਾਹ ਮੈਂ ਪੜ੍ਹਿਆ ਹੋਇਆ ਨਹੀਂ ਮੇਰੇ ਤੋਂ ਬਾਣੀ ਨਹੀਂ ਕੰਠ ਹੁੰਦੀ।' ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਨੇ ਹੁਕਮ ਦਿੱਤਾ ਕਿ 'ਸਿੱਖਾ ਤੂੰ ਐਸ ਤਰ੍ਹਾਂ ਕਰ ਕਿ ਐਸ ਜਗ੍ਹਾ ਤੇ ਰੋਜ਼ ਇੱਕ ਪੱਥਰ ਸੁੱਟ ਜਾਇਆ ਕਰ।' ਜਦੋਂ ਮਹੀਨਾ-ਦੋ ਮਹੀਨੇ ਹੋ ਗਏ। ਉਸਨੂੰ ਪੁਛਿਆ ਕਿ ਪੱਥਰ ਸੁੱਟਦਾ ਹੁੰਦਾ ਹੈਂ ?- 'ਹਾਂ, ਜੀ ਸੁੱਟਦਾ ਹਾਂ।' ਕਿਥੇ ਸੁੱਟੇ ਨੇ ? ਜਾ ਕੇ ਵੇਖਿਆ ਬੜਾ ਵੱਡਾ ਢੇਰ ਲੱਗ ਗਿਆ ਹੈ। 'ਕਿੰਨੇ ਸੁੱਟਦਾ ਹੈ?' 'ਇਕੋ ਪੱਥਰ ਸੁਟਦਾ ਹਾਂ ਜੀ ਰੋਜ਼ ।' - ਸਤਿਗੁਰਾਂ ਨੇ ਹੁਕਮ ਦਿਤਾ, ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਕਿ ਗੁਰੂ ਗੋਬਿੰਦ ਸਿੰਘ ਨੇ ਉਸਨੂੰ ਆਖਿਆ ਕਿ ਵੇਖ, ਤੂੰ ਇਕ ਪੱਥਰ ਰੋਜ਼ ਸੁੱਟਦਾ ਹੈਂ ਤੇ ਐਨਾ ਢੇਰ ਲੱਗ ਗਿਆ ਹੈ। 'ਤੂੰ ਇੱਕ-ਇੱਕ ਅੱਖਰ ਰੋਜ਼ ਪੜ੍ਹੇਂ ਤੇ ਤੂੰ ਕਿੰਨਾ ਪੜ੍ਹ ਸਕਦਾ ਹੈਂ ।' ਫੇਰ ਉਹ ਅੱਖਰ ਪੜ੍ਹਿਆ । ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਸਿੱਖਾਂ ਨੂੰ ਸਤਿਗੁਰਾਂ ਦੇ ਹੁਕਮ ਦ੍ਰਿੜ੍ਹ ਕਰਵਾਏ ਅਤੇ ਉਨ੍ਹਾਂ ਤੇ ਅਮਲ ਕਰਵਾਇਆ।

"ਜੋ ਕੁਝ ਬਾਣੀ 'ਚ ਲਿਖਿਆ ਹੈ। ਇੱਕ ਫਾਰਮੂਲਾ ਲਿਖ ਦਿਤਾ ਹੈ ਕਿ ਐਸ ਤਕਲੀਫ ਦਾ ਐਸ ਤਰ੍ਹਾਂ ਛੁਟਕਾਰਾ ਹੁੰਦਾ ਹੈ। ਬਾਣੀ 'ਚ ਇੱਕ ਸ਼ਬਦ ਲਿਖਿਆ ਹੈ-

ਰਾਖੁ ਪਿਤਾ ਪ੍ਰਭ ਮੇਰੇ।
ਮੋਹਿ ਨਿਰਗੁਨੁ ਸਭ ਗੁਨ ਤੇਰੇ।੧।।ਰਹਾਉ।
ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ।
ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ
ਆਇਓ ਸਰਨਿ ਤੁਹਾਰੇ।੧।
ਕਰਿ ਕਰਿ ਹਾਰਿਓ ਅਨਿਕ
ਬਹੁ ਭਾਤੀ ਛੋਡਹਿ ਕਤਹੂੰ ਨਾਹੀ।
ਏਕ ਬਾਤ ਸੁਨਿ ਤਾਕੀ ਓਟਾ
ਸਾਧ ਸੰਗਿ ਮਿਟਿ ਜਾਹੀ।
ਕਰਿ ਕਿਰਪਾ ਸੰਤ ਮਿਲੇ ਮੋਹਿ
ਤਿਨ ਤੇ ਧੀਰਜੁ ਪਾਇਆ।
ਸੰਤੀ ਮੰਤੁ ਦੀਓ ਮੋਹਿ ਨਿਰਭਉ,
ਗੁਰ ਕਾ ਸਬਦੁ ਕਮਾਇਆ।

"ਭਜਨ ਦਿੱਤਾ ਸਤਿਗੁਰਾਂ ਨੇ, ਅਤੇ ਉਸਦੀ ਫਿਰ ਸਿੱਖਾਂ ਨੇ ਕਮਾਈ ਕੀਤੀ।

ਗੁਰ ਕਾ ਸਬਦ ਕਮਾਇਆ- ਅਤੇ ਫੇਰ ਕੀ ਹੋਇਆ-

ਜੀਤਿ ਲਏ ਓਇ ਮਹਾਬਿਖਾਦੀ
ਸਹਜ ਸੁਹੇਲੀ ਬਾਣੀ।
ਕਹੁ ਨਾਨਕ ਮਨਿ ਭਇਆ ਪ੍ਰਗਾਸਾ।
ਪਾਇਆ ਪਦੁ ਨਿਰਬਾਣੀ।।

"ਏਹ ਬਾਣੀ ਨੂੰ ਸਤਿਗੁਰਾਂ ਦੇ ਸਿਖਾਂ ਨੇ ਅਮਲੀ ਜੀਵਨ ਤੇ ਢਾਲ ਕੇ ਵਿਖਾਇਆ। ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੇ ਇਹ ਸਾਰਾ ਕੁਛ ਕੀਤਾ। ਪੰਜਾਬ ਤੋਂ ਸਿੱਖ ਜੇਹੜੇ ਨੇ ਉਹ ਬਾਹਰਦੇ ਨਹੀਂ, ਹਿੰਦੁਸਤਾਨ ਤੋਂ ਬਾਹਰ ਦੇ ਨਹੀਂ। ਨਾਮਧਾਰੀ ਜਿਹੜੇ ਨੇ, ਉਹ ਸਤਿਗੁਰਾਂ ਦੀ ਕਿਰਪਾ ਨਾਲ, ਭਾਰਤ ਦੀ ਸੰਸਕ੍ਰਿਤੀ, ਉਹਦਾ ਤੌਰ ਤਰੀਕਾ, ਕੁਛ ਨਾ ਕੁਛ ਸੰਭਾਲੀ ਬੈਠੇ ਨੇ।"

ਏਸ ਸਮਾਗਮ ਦੇ ਅੰਤ ਵਿਚ ਸ੍ਰ: ਬਲਬੀਰ ਸਿੰਘ ਮੋਮੀ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਸਿਖੀ ਨੂੰ ਦੇਣ ਬਾਰੇ ਸੁਚੱਜੇ ਢੰਗ ਨਾਲ ਆਪਣੇ ਵਿਚਾਰ ਦੱਸੇ ਅਤੇ ਆਪਣੀ ਸੋਸਾਇਟੀ 'ਏਸ਼ੀਅਨ ਕੈਨੇਡਾ ਬਾਇਓਗਰੈਫੀਕਲ ਸੈਂਟਰ' ਵਲੋਂ ਸ੍ਰੀ ਸਤਿਗੁਰੂ ਜੀ ਨੂੰ ਸ਼ਰਧਾ ਪੱਤਰ ਭੇਟ ਕੀਤਾ।

ਵਵਵ

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਕੁਛ ਬਚਨ

ਰਾਮਸਰ ਬਾਰੇ :

(ੳ) ਰਾਮਸਰ ਤੋਂ ਦੂਰ ਜਾ ਕੇ ਮਦਾਨ ਹੋਵੇ।
(ਅ) ਚੀਤਾ ਵੀ ਦੂਰ ਛਡੋ।
(ੲ) ਦਾਤਨ ਵੀ ਦੂਰ ਜਾਕੇ ਕਰੋ।
(ਸ) ਸਣੇ ਕੇਸੀ ਅਦਬ ਨਾਲ ਅਸ਼ਨਾਨ ਕਰੋ।
(ਹ) ਹੁਣ ਤਾਂ ਲੋਕ ਜਗ੍ਹਾ ਰੋਕਦੇ ਹਨ, ਸਮਾਂ ਆਵੇਗਾ ਤਾਂ ਸਭ ਛੁਡਾਈਆਂ ਜਾਣਗੀਆਂ।
(ਕ) ਜੋ ਬੇਅਦਬੀ ਕਰੇਗਾ ਉਸਨੂੰ ਅਸ਼ਨਾਨ ਦਾ ਕੋਈ ਫਲ ਨਹੀ।
(ਖ) ਇਹ ਸਤਿਜੁਗ ਦਾ ਤੀਰਥ ਹੈ।
(ਗ) ਜੋ ਰਾਮਸਰ ਦੀ ਕਾਰ ਕਢੇਗਾ ਸੋ ਖੁਲ੍ਹੀਂ ਦਰਵਾਜੀਂ ਗੁਰੂ ਕੀ ਪੁਰੀ ਕੋ ਜਾਵੇਗਾ।
(ਘ) ਸਤਿਗੁਰੂ (ਰਾਮ ਸਿੰਘ) ਜੀ ਕਾ ਹੁਕਮ ਹੈ ਕਿ ਏਹ ਸਤਿਜੁਗ ਕਾ ਤੀਰਥ ਹੈ। ਰਾਮ ਚੰਦਰ ਜੀ ਏਥੇ ਤਪ ਕੀਤਾ ਹੈ। ਇਸ ਕਰਕੇ ਰਾਮਸਰ ਨਾਮ ਰਖਿਆ ਹੈ। ਅਸਾਂ ਅਪਣੇ ਨਾਮ ਪਰ ਨਾਮ ਨਹੀਂ ਰਖਿਆ ਹੈ।

ਲੰਗਰ ਦੀ ਮਹਾਨਤਾ:

(ੳ) ਅਸੀਂ ਜੋ ਦਮੜਾ ਲਿਆਂਵਦੇ ਹਾਂ ਲੰਗਰ ਵਾਸਤੇ ਹੀ ਲਿਆਂਵਦੇ ਹਾਂ ਏਥੇ ਜ਼ਮੀਨਾਂ ਨਾਲ ਲੰਗਰ ਨਹੀਂ ਚਲਦਾ। ਆਪ ਸਤਿਗੁਰੂ (ਰਾਮ ਸਿੰਘ) ਜੀ ਕਮਰ ਕੱਸਾ ਕਰੀ ਖੜੇ ਹੈਂ। ਸਾਰਾ ਫਿਕਰ ਸਤਿਗੁਰੂ ਨੂੰ ਹੈ ਸਾਨੂੰ ਤਾਂ ਕੋਈ ਫਿਕਰ ਨਹੀਂ।
(ਅ) ਸਦਣ ਕਿਸੇ ਨੂੰ ਜਾਂਦੇ ਨਹੀਂ, ਆਏ ਨੂੰ ਪਰਸਾਦਾ ਦਿੰਦੇ ਹਾਂ। ਭੁੱਖੇ ਨੂੰ ਜਾਣ ਨਹੀਂ ਦਿੰਦੇ। ਜਿਤਨਾ ਚਿਰ ਅੰਦਰ ਦਾਣੇ ਹੈਂ ਉਤਨਾ ਚਿਰ ਲੰਗਰ ਬੰਦ ਨਹੀਂ ਹੁੰਦਾ । (੧੯੫੬ ਬਿ: ਦੇ ਕਾਲ ਸਮੇਂ)

ਗਰੀਬੀ:

(ੳ) ਅਸੀਂ ਤਾਂ ਗਰੀਬ ਹਾਂ। ਮਾਲਾ ਹੀ ਫੜਾਵਾਂਗੇ ਜੁਧ ਨਹੀਂ ਕਰਵਾਵਾਂਗੇ। ਸਾਡੇ ਕੋਲ ਵੀ ਗਰੀਬ (ਹੀ) ਰਹਿੰਦੇ ਹਨ।
(ਅ) ਨਿੰਦਕਾਂ ਨੇ ਸਾਡੇ ਨਾਲ ਬਡੀ ਕੀਤੀ ਹੈ। ਕਿਸੇ ਨੇ ਕਸਰ ਨਹੀਂ ਛਡੀ ਹੈ। ਅਸੀਂ ਚੁਪ ਕਰ ਰਹੇ ਹੈਂ। ਜਿਉਂ ਕੰਡੇਰਨਾ ਸਪ ਦੀ ਪੂਛ ਫੜਕੇ ਬੈਠ ਰਹਿੰਦਾ ਹੈ, ਸਰਪ ਆਪੇ ਹੀ ਡੰਗ ਮਾਰ ਮਾਰ ਕੇ ਮਰ ਜਾਂਦਾ ਹੈ। ਇਸੀ ਤਰ੍ਹਾਂ ਨਿੰਦਕ ਨਿੰਦਾ ਕਰਦੇ ਕਰਦੇ ਹਾਰ ਗਏ ਹੈਂ।
(ੲ) (ਗੁਰੂ ਰਾਮ ਸਿੰਘ ਜੀ ਨੇ ਇਕ ਵਾਰ ਅਪਣੇ ਛੋਟੇ ਭਾਈ ਨੂੰ ਬਚਨ ਕੀਤਾ ਸੀ- ਮੇਰਾ ਤਾਂ ਬਰਗ ਮਿਰਗ ਹੈ ਤੇ ਭਾਈ ਤੇਰਾ ਬਰਗ ਚੂਹੇ ਕਾ ਹੈ। ਮੈਂ ਤਾਂ ਜਾਵਾਂਗਾ ਤੇ ਤੂੰ ਐਥੇ ਈ ਬੈਠਾ ਜੜਾਂ ਕਤਰ ਦੇਈਂ। ਗਰੀਬ ਹੋਏ ਕੇ ਦਿਨਕਟੀਂ।)

ਹੰਕਾਰੀ ਤੇ ਝੂਠਾ :

ਜੋ ਹੰਕਾਰੀ ਜੀਵ ਤੇ ਝੂਠ ਬੋਲਣ ਵਾਲਾ ਹੈ ਉਹ ਨਹੀਂ ਬਖਸ਼ਿਆ ਜਾਣਾ।

ਭਜਨ ਬਾਣੀ :

(ੳ) ਮੌਤ ਤਾਂ ਸਭ ਦੇ ਸਿਰ ਪਰ ਖੜੀ ਹੈ। ਕੋਈ ਦਿਨ ਦਾ ਹੀ ਚਮਤਕਾਰ ਹੈ। ਧੰਨ ਜਨਮ ਹੈ ਜੋੜੇ ਨਾਮ ਜਪਦੇ ਹੈਂ ਤੇ ਬਾਣੀ ਪੜਦੇ ਹੈਂ।
(ਅ) ਮਨੁਖਾ ਸਰੀਰ ਬਡੇ ਪੁੰਨਾਂ ਕਰਕੇ ਪ੍ਰਾਪਤ ਹੁੰਦਾ ਹੈ। ਅਮੋਲਕ ਸਰੀਰ ਮੇ ਅਮੋਲਕ ਨਾਮ ਮਿਲਿਆ ਹੈ। ਰੀਤੀ ਗੁਰੂ ਜੀ ਕੀ ਮੇ ਤਕੜੇ ਹੋਵੇ। ਢਿੱਲੇ ਨ ਹੋਵੇ।
(ੲ) ਇਕ ਸਿੰਘ ਨੇ ਅਰਜ਼ ਕੀਤੀ, ਜੀ ਚਿਤ ਨੂੰ ਸਾਂਤਗੀ ਮਿਲੇ ਤਾਂ ਹੀ ਡੇਰੇ ਮੇਂ ਰਹਿਣਾ ਠੀਕ ਹੈ। ਸਤਿਗੁਰਾਂ ਬਚਨ ਕੀਤਾ- ਮਨ ਜਾਂਦਾ ਹੈ ਤਾਂ ਜਾਣ ਦਿਓ। ਦ੍ਰਿੜ ਕਰ ਰਖੋ ਸਰੀਰ ਭਜਨ ਬਾਣੀ ਕਰੀ ਜਾਓ। ਮਨ ਆਪੇ ਹੀ ਫਿਰ ਕੇ ਆਇ ਜਾਇਗਾ।

ਵੀਰ ਦੀ ਯਾਦ:

ਸਤਿਗੁਰੂ (ਰਾਮ ਸਿੰਘ) ਜੀ ਜਦ ਮਸਤਾਨੇ ਹੁੰਦੇ ਸਨ ਤਾਂ ਨੇੜੇ ਨਾ ਸੀ ਕੋਈ ਜਾਂਦਾ। ਮੇਰੇ ਨਾਲ ਬਚਨ ਬਿਲਾਸ ਕਈ ਕਰਨੇ ਪ੍ਰਸੰਨ ਹੋ ਕੇ। ਮੈਂ ਪੁਛਿਆ, ਜੀ ਤੁਸੀਂ ਮੇਰੇ ਨਾਲ ਸੁਭਾਉ ਵੇਲੇ ਨਹੀਂ ਬੋਲਦੇ.....ਸਤਿਗੁਰੂ ਜੀ ਬਚਨ ਕੀਤਾ ਤੇਰੇ ਨਾਲ ਮੈਂ ਸਦਾ ਹੀ ਇਕ ਰੰਗ ਹਾਂ। ਤੇਰੇ ਨਾਲ ਮੇਰਾ ਦੂਜਾ ਸੁਭਾਉ ਕਦੇ ਨਹੀਂ ਹੋਇਆ। ਤੇਰੀ ਬੜੀ ਕਮਾਈ ਕੀਤੀ ਹੋਈ ਹੈ।

ਇਸ਼ਨਾਨ:

ਸਤਿਗੁਰੂ ਜੀ ਕਾ ਬਚਨ ਹੈ ਜੇਕਰ ਅੰਨ ਪਾਣੀ ਅੰਦਰ ਨਾ ਲੰਘੇ ਤਾਂ ਭੀ (ਸਿੰਘ) ਇਸ਼ਨਾਨ ਕਰ ਲਵੇ। ਇਸ਼ਨਾਨ ਕਰਨੇ ਸੇ ਭਜਨ ਬਾਣੀ ਅੱਛਾ ਹੁੰਦਾ ਹੈ। ਬਿਨਾ ਇਸ਼ਨਾਨ ਭੂਤ ਬਿਰਤੀ ਰਹਿੰਦੀ ਹੈ।

ਅਟਲ ਪ੍ਰਤਾਪੀ ਬਾਰੇ:

ਇਕ ਸਮੇਂ (ਸਤਿਗੁਰੂ) ਪ੍ਰਤਾਪ ਸਿੰਘ ਜੀ ਖੇਡਦੇ ਹੈਂ। ਦੇਖਕੇ ਬਚਨ ਕੀਤਾ- ਸ਼ਤਾਬੀ ਸ਼ਤਾਬੀ ਬਡਾ ਹੋ। ਫੇਰ ਬਚਨ ਕੀਤਾ- ਏਹੀ ਪੁਛਣਗੇ ਜਿਸਨੂੰ ਪੁਛਣਾ ਹੈ।

ਉਪਰੋਕਤ ਬਚਨ 'ਸ੍ਰੀ ਸਤਿਗੁਰੂ ਬਿਲਾਸ' ਕ੍ਰਿਤ ਭਾਈ ਸੰਤੋਖ ਸਿੰਘ ਜੀ ਵਿਚੋਂ ਸੰਕਲਤ ਕੀਤੇ ਗਏ ਹਨ।

-ਪ੍ਰੀਤਮ ਸਿੰਘ ਕਵੀ

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਮਹਾਰਾਜ ਗੁਰਦਿਆਲ ਸਿੰਘ

ਅੰਗਰੇਜ਼ੀ ਦੇ ਉਘੇ ਕਵੀ ਲਾਂਗ-ਫੈਲੋ ਨੇ ਇਹ ਕਿੰਨੀ ਸੁੰਦਰ ਕਾਵਿ-ਟੁਕੜੀ ਅੰਕਿਤ ਕੀਤੀ ਹੈ:

ਮਹਾਨ ਹਸਤੀਆਂ ਦੀਆਂ ਜੀਵਨੀਆਂ ਸਾਨੂੰ ਇਹ ਯਾਦ ਦਿਵਾਉਂਦੀਆਂ ਹਨ ਕਿ ਅਸੀਂ ਭੀ ਆਪਣਾ ਜੀਵਨ ਉਚੇਰਾ ਬਣਾ ਸਕਦੇ ਹਾਂ। ਇਹ ਮਹਾਨ ਹਸਤੀਆਂ ਇਸ ਸੰਸਾਰ ਤੋਂ ਵਿਦਾ ਹੋਣ ਲਗਿਆਂ, ਸਮੇਂ ਦੀਆਂ ਰੇਤਾਂ ਉਤੇ ਆਪਣੇ ਪੈਰ ਚਿਤਰ ਪਿਛੇ ਛਡ ਜਾਂਦੀਆਂ ਹਨ ਤਾਂ ਜੋ ਜੀਵਨ ਰੂਪੀ ਇਸ ਗੰਭੀਰ ਸਾਗਰ ਦੀ ਛਾਤੀ ਤੇ ਚਲਣ ਵਾਲੇ ਇਕ ਤਬਾਹ ਹੋ ਚੁਕੇ ਜਹਾਜ਼ ਤੋਂ ਬਚਿਆ ਹੋਇਆ ਉਹਨਾਂ ਦਾ ਕੋਈ ਭੁਲਿਆ ਭਟਕਿਆ ਭਰਾ ਇਹਨਾਂ ਪੈਰ-ਚਿਤਰਾਂ ਨੂੰ ਵੇਖਕੇ ਦੋਬਾਰਾ ਦਿਲ ਨੂੰ ਧਰਾਸ ਦੇ ਸਕੇ।

ਇਕ ਉਰਦੂ ਸ਼ਾਇਰ ਨੇ ਵੀ ਕਿਹਾ ਹੈ:

ਹਜ਼ਾਰੋਂ ਸਾਲ ਨਰਗਸ ਅਪਨੀ,
ਬੇ-ਨੂਰੀ ਪਿਹ ਰੋਤੀ ਹੈ।
ਕਿ ਸਦੀਓਂ ਬਾਅਦ ਹੋਤਾ ਹੈ,
ਚਮਨ ਮੇਂ ਦੀਦਾ ਵਰ ਪੈਦਾ।

ਇਹ ਜਾਨਣ ਲਈ ਕਿ ਸਚਾਈ ਹੀ ਸਾਰੇ ਧਰਮਾਂ ਦਾ ਅਸਲ ਤੱਤ ਜਾਂ ਨਿਚੋੜ ਹੈ ਤੇ ਭਾਰੀ ਵਿਰੋਧਤਾ ਦੇ ਬਵਜੂਦ ਸਚਾਈ ਉਤੇ ਦ੍ਰਿੜ੍ਹ ਰਹਿਣਾ ਚਾਹੀਦਾ ਹੈ, ਇਹ ਜਾਨਣ ਲਈ ਕਿ ਨੇਕੀ ਤੇ ਪਾਕੀਜ਼ਗੀ ਹੀ ਇਕ ਇਨਸਾਨ ਨੂੰ ਅਸਲ ਅਰਥਾਂ ਵਿਚ ਇਨਸਾਨ ਬਣਾਉਂਦੀ ਹੈ ਤੇ ਕਿਸੇ ਕੌਮ ਨੂੰ ਸਹੀ ਅਰਥਾਂ ਵਿਚ ਇਕ ਕੌਮ ਬਣਾਉਂਦੀ ਹੈ ਅਤੇ ਹਰ ਤਰ੍ਹਾਂ ਦੇ ਬਿਖੜੇ, ਨਾ-ਸੁਖਾਵੇਂ ਹਾਲਾਤ ਵਿਚ ਨੇਕੀ ਦਾ ਪੱਲਾ ਹੱਥੋਂ ਨਾ ਛਡਣ ਵਾਲਾ ਹੀ ਇਕ ਵਾਸਤਵਿਕ ਲੀਡਰ ਬਣਦਾ ਹੈ।

ਜਿਹੜਾ ਮਨੁਖ ਕਿਸੇ ਦੁਖੀਏ ਜਾਂ ਮਜ਼ਲੂਮ ਲਈ ਇਕ ਕਸਕ ਜਿਹੀ ਮਹਿਸੂਸ ਕਰਦਾ ਹੈ ਤੇ ਇਸ ਦੀਨ ਦੁਖਿਆਰੇ ਤੇ ਅਤਿਆਚਾਰ ਸਹਿਣ ਵਾਲੇ ਮਜ਼ਲੂਮ ਉਤੇ ਹੁੰਦੇ ਅਤਿਆਚਾਰਾਂ ਦੇ ਕਾਰਨਾਂ ਨੂੰ ਜੜ੍ਹੋਂ ਪੁਟਣ ਲਈ ਆਪਣੇ ਸੁਖ ਆਰਾਮ ਨੂੰ ਵੀ ਤਿਆਗ ਦਿੰਦਾ ਹੈ ਤੇ ਜਿਹੜਾ ਇਨਸਾਨ ਆਪਣੇ ਦੁਖੀਏ ਵੀਰਾਂ ਦੀ ਆਜ਼ਾਦੀ ਤੇ ਉਹਨਾਂ ਨੂੰ ਇਹਨਾਂ ਦੁੱਖਾਂ ਤੋਂ ਮੁਕਤ ਕਰਨ ਲਈ ਆਪਣਾ ਉਹ ਸਭ ਕੁਝ ਨਿਛਾਵਰ ਕਰ ਦਿੰਦਾ ਹੈ ਜਿਹੜਾ ਇਸ ਲਈ ਕੀਮਤੀ ਤੇ ਪਿਆਰਾ ਹੈ ਭਾਵ ਆਪਣੀ ਮਿਲਖ ਤੇ ਜਾਇਦਾਦ ਤੇ ਆਪਣੇ ਅਜ਼ੀਜ਼ ਵੀ ਵਾਰ ਸਕਦਾ ਹੈ ਉਹੀ ਸਚਾ ਰਹਿਬਰ ਬਣਦਾ ਹੈ ਤੇ ਇਹੋ ਜਿਹਾ ਨੇਤਾ ਇਸ ਸੰਸਾਰ ਨੂੰ ਕਦੇ ਕਦੇ ਹੀ ਨਸੀਬ ਹੁੰਦਾ ਹੈ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਨੀਆਂ ਦੇ ਮਹਾਨ ਰੂਹਾਨੀ ਆਗੂਆਂ ਦੀ ਗੁਰ-ਗੱਦੀ ਤੇ ਬਿਰਾਜਮਾਨ ਹੋਏ। ਆਪਦੀ ਗਿਣਤੀ ਸੰਸਾਰ ਦੇ ਮਹਾਨ ਰੂਹਾਨੀ ਪੇਸ਼ਵਾਵਾਂ ਵਿਚ ਹੁੰਦੀ ਹੈ। ਤੇ ਆਪਦੀ ਆਤਮਕ ਸ਼ਕਤੀ, ਆਪ ਦੇ ਕਰਮ ਯੋਗ, (ਅਮਲੀ ਜੀਵਨ) ਅਤੇ ਬਲੀਦਾਨ ਸਦਕਾ ਮੂਰਤੀ ਮਾਨ ਹੋਈ। ਸਿੱਖ ਰਾਜ ਦੇ ਪਤਨ ਤੋਂ ਬਾਅਦ ਜਦੋਂ ਸਿੱਖਾਂ ਵਿਚ ਮੁਕੰਮਲ ਗਿਰਾਵਟ ਤੇ ਬਦਇਖਲਾਕੀ ਆ ਚੁੱਕੀ ਸੀ ਤਾਂ ਉਸ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਵਿਚ ਮੁੜਕੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਲਾਸਾਨੀ ਸਪਿਰਿਟ ਭਰੀ। ਆਪਨੇ ਇਕ ਐਸਾ ਅਮਲੀ ਪ੍ਰੋਗਰਾਮ ਬਣਾਇਆ ਜਿਸਦਾ ਮਨੋਰਥ ਸਿੱਖਾਂ ਨੂੰ ਇਕ ਐਸੇ ਮਿਸ਼ਨ ਦੀ ਸਿਖਿਆ ਦੇਣੀ ਸੀ ਜਿਸਨੂੰ ਅਮਲੀ ਜਾਮਾ ਪਹਿਨਾਉਣ ਸਾਡੇ ਗੁਰੂ ਇਸ ਸੰਸਾਰ ਵਿਚ ਆਏ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਚੰਦਰਮਾਂ ਦੇ ਪੱਖ ਤੋਂ ਛੇ ਮਾਘ ਸੰਮਤ ੧੮੭੨ ਬਿਕਰਮੀ ਨੂੰ ਸ੍ਰੀ ਭੈਣੀ ਸਾਹਿਬ ਵਿਚ ਅਵਤਾਰ ਧਾਰਿਆ। ਆਪ ਨੇ ਆਪਣੀ ਮਾਤਾ ਸਦਾ ਕੌਰ ਦੀ ਕੁਖ ਨੂੰ ਭਾਗ ਲਾਇਆ। ਆਪਦੇ ਪਿਤਾ ਬਾਬਾ ਜਸਾ ਸਿੰਘ ਜੀ ਬੜੇ ਖੁਸ਼ ਨਸੀਬ ਸਨ ਜਿਨਾਂ ਦੇ ਘਰ ਆਪ ਪੈਦਾ ਹੋਏ। ਕਿਸੇ ਨੂੰ ਵੀ ਕੀ ਪਤਾ ਸੀ ਕਿ ਬਾਬਾ ਜਸਾ ਸਿੰਘ ਜੀ ਦਾ ਇਹ ਦੁਲਾਰਾ ਇਕ ਮਹਾਨ ਅਵਤਾਰ ਹੋਵੇਗਾ ਤੇ ਰਬ ਦਾ ਭੇਜਿਆ ਹੋਇਆ ਇਕ ਪੈਗੰਬਰ ਬਣੇਗਾ। ਆਪਦੇ ਨਿਕੇ ਵੀਰ ਸਤਿਗੁਰੂ ਹਰੀ ਸਿੰਘ ਜੀ ਆਪ ਤੋਂ ਚਾਰ ਸਾਲ ਛੋਟੇ ਸਨ। ਆਪ ਦਾ ਜਨਮ ੧੧ ਅਸੂ ੧੮੭੬ ਬਿਕਰਮੀ ਵਿਚ ਹੋਇਆ। ਉਸ ਨਸਲ ਤੇ ਉਸ ਜ਼ਮਾਨੇ ਦੇ ਬੁੱਢੇ ਬੁੱਢੇ ਤੇ ਬੁਧੀਮਾਨ ਲੋਕ ਆਪਦਾ ਬੜਾ ਸਤਿਕਾਰ ਕਰਦੇ ਸਨ । ਸੰਮਤ ੧੮੭੭ ਬਿਕਰਮੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਮਾਤਾ ਜੱਸਾਂ ਨਾਲ ਮੰਗਣੀ ਹੋ ਗਈ ਤੇ ਇਕ ਸਾਲ ਮਗਰੋਂ ਆਪਦਾ ਵਿਆਹ ਹੋ ਗਿਆ।

ਬਚਪਨ ਤੋਂ ਹੀ ਸਤਿਗੁਰੂ ਰਾਮ ਸਿੰਘ ਜੀ ਦੀ ਅਦੁੱਤੀ ਸਿਆਣਪ ਤੇ ਦੂਰ ਦਰਸ਼ਤਾ ਦੇ ਚਿੰਨ੍ਹ ਤੇ ਚਮਤਕਾਰ ਪਰਗਟ ਹੋਣੇ ਸ਼ੁਰੂ ਹੋ ਗਏ। ਵਕਤ ਪਾਕੇ ਆਪ ਇਕ ਸੁਹਣੇ ਸੁੱਨਖੇ ਨੌਜੁਆਨ ਬਣ ਗਏ, ਹਰ ਕੋਈ ਆਪਦੇ ਸੁੱਚੇ ਤੇ ਉੱਚੇ ਆਚਰਨ ਕਾਰਨ ਆਪ ਨੂੰ ਪਿਆਰਦਾ ਸੀ। ਆਪ ਬਿਲਕੁਲ ਅਡੋਲ, ਗਹਿਰ ਗੰਭੀਰ ਸ਼ਾਂਤ-ਚਿਤ ਤੇ ਇਕ ਦੈਵੀ ਮੂਰਤੀ ਸਨ, ਯੁਵਾ ਅਵਸਥਾ ਵਿਚ ਹੀ ਆਪ

Namdhari Elibrary NamdhariElibrary@gmail.com

ਬੜੇ ਵਿਚਾਰਵਾਨ ਸਨ। ਆਪ ਅਕਸਰ ਭਗਤੀ-ਰਸ ਵਿਚ ਲੀਨ ਵੇਖੇ ਜਾਂਦੇ ਸਨ। ਜਿਨ੍ਹਾਂ ਸੁਭਾਗੇ ਲੋਕਾਂ ਨੇ ਆਪ ਜੀ ਦੇ ਦਰਸ਼ਨ ਕੀਤੇ ਹਨ ਉਹ ਦਸਦੇ ਹਨ ਕਿ ਆਪ ਉਚੇ ਲੰਮੇ ਸੁਹਣੀ ਡੀਲ ਡੌਲ ਵਾਲੇ ਤੇ ਜਥੇ ਵਾਲੇ ਅਸਾਧਾਰਨ ਨੌਜੁਆਨ ਸਨ। ਆਪਦਾ ਚੌੜਾ ਚਿਹਰਾ, ਸੁੰਦਰ ਨੈਣ, ਤਿੱਖਾ ਨੱਕ, ਬਰੀਕ ਤੇ ਨਾਜ਼ਕ ਬੁਲ੍ਹ, ਉਭਰੀ ਹੋਈ ਗਰਦਨ, ਲੰਬੀਆਂ ਭੁਜਾਵਾਂ ਤੇ ਸਰੀਰ ਦੀ ਸਡੌਲ ਬਨਾਵਟ ਤੇ ਸੁੰਦਰ ਨੁਹਾਰ ਆਪ ਦੀ ਦਿਵ-ਜੋਤੀ ਦੀ ਲਖਾਇਕ ਸੀ।

ਸੰਮਤ ੧੮੯੪ ਵਿਚ ਆਪਣੇ ਬਹਿਨੋਈ ਜਮਾਦਾਰ ਕਾਬਲ ਸਿੰਘ ਰਾਹੀਂ ਕੰਵਰ ਨੌਨਿਹਾਲ ਸਿੰਘ ਦੀ ਫੌਜ ਵਿਚ ਭਰਤੀ ਹੋ ਗਏ। ਏਥੇ ਆਪ ਦਾ ਇਕ ਹੋਰ ਫੌਜੀ ਬਾਬਾ ਜਮੀਅਤ ਸਿੰਘ ਗਿੱਲ ਨਾਲ ਮੇਲ ਹੋਇਆ। ਉਸ ਨੂੰ ਆਪ ਅਧਾ ਸਿਖ ਕਿਹਾ ਕਰਦੇ ਸਨ। ਇਕ ਵਾਰੀ ਸਿਖ ਫੌਜ ਦੇ ਪਹਿਰੇ ਵਿਚ ਸਰਕਾਰੀ ਖਜ਼ਾਨਾ ਪਿਸ਼ਾਵਰ ਜਾ ਰਿਹਾ ਸੀ।

ਗੁਰਗੱਦੀ ਮਿਲਣ ਦਾ ਦ੍ਰਿਸ਼:

ਇਸ ਫੌਜੀ ਦਸਤੇ ਵਿਚ ਸਤਿਗੁਰੂ ਰਾਮ ਸਿੰਘ ਜੀ ਵੀ ਸਨ, ਜਦੋਂ ਇਹ ਲੋਕ ਹਜ਼ਰੋ ਲਾਗੇ ਪਹੁੰਚੇ ਤਾਂ ਕੁਛ ਫੌਜੀ ਸਿਪਾਹੀਆਂ ਨੇ ਅਪਣੇ ਕਮਾਂਡਰ ਪਾਸੋਂ ਹਜ਼ਰੋ ਵਿਚ ਬਿਰਾਜਮਾਨ ਮਹਾਨ ਅਵਤਾਰ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਲਈ ਆਗਿਆ ਮੰਗੀ। ਇਹ ਆਗਿਆ ਦਿਤੀ ਗਈ। ਪੰਡੀ ਤੀਹ ਫੌਜੀ ਸਤਿਗੁਰੂ ਬਾਲਕ ਸਿੰਘ ਦੇ ਚਰਨਾਂ ਵਿਚ ਮੱਥਾ ਟੇਕਣ ਲਈ ਚਲ ਪਏ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਿਰਧ ਅਵਸਥਾ ਦੇ ਏਸ ਜਾਗਦੀ ਜੋਤ ਮਹਾਨ ਗੁਰੂ ਬਾਲਕ ਸਿੰਘ ਨੂੰ ਮਿਲੇ ਤਾਂ ਸਤਿਗੁਰੂ ਬਾਲਕ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਨਾਲ ਬੜਾ ਅਸਾਧਾਰਨ ਤੇ ਖਾਸ ਤੌਰ ਤੇ ਆਦਰ ਸਤਿਕਾਰ ਭਰਿਆ ਸਲੂਕ ਕੀਤਾ। ਇਸ ਅਵਸਰ ਤੇ ਬਿਰਧ ਗੁਰੂ ਬਾਲਕ ਸਿੰਘ ਜੀ ਨੇ ਇਹ ਸ਼ਬਦ ਉਚਾਰੇ ਜਿਹੜੇ ਸਦਾ ਯਾਦ ਰਹਿਣਗੇ। ਆਪ ਨੇ ਸਤਿਗੁਰੂ ਰਾਮ ਸਿੰਘ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਅਸੀਂ ਇਸ ਮਹਾਨ ਗੁਰਗੱਦੀ ਦੇ ਬਾਰ੍ਹਵੇਂ ਮਾਲਕ ਤੇ ਜਾਨਸ਼ੀਨ ਦੀ ਕਾਫੀ ਸਮੇਂ ਤੋਂ ਉਡੀਕ ਕਰ ਰਹੇ ਸਾਂ। ਚੰਗਾ ਹੋਇਆ ਤੁਸੀਂ ਹੁਣ ਆ ਗਏ ਹੋ। ਇਸ ਗੁਰ-ਗੱਦੀ ਨੂੰ ਸੰਭਾਲੋ ਤੇ ਲੋਕਾਂ ਦੀ ਅਗਵਾਈ ਕਰੋ।' ਬਿਰਧ ਗੁਰੂ ਬਾਲਕ ਸਿੰਘ ਜੀ ਨੇ ਪੁਰਾਤਨ ਮਰਯਾਦਾ ਅਨੁਸਾਰ ਪੰਜ ਪੈਸੇ ਤੇ ਨਾਰੀਅਲ ਸਤਿਗੁਰੂ ਰਾਮ ਸਿੰਘ ਅੱਗੇ ਰਖ ਕੇ ਇਸ ਅਦੁੱਤੀ ਰਸਮ ਨੂੰ ਵਿਧੀ-ਵਤ ਅਦਾਅ ਕੀਤਾ। ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਰੂਹਾਨੀ ਰਹਿਨੁਮਾਈ ਦੀ ਗੁਰੂ ਨਾਨਕ ਦੇਵ ਜੀ ਦੀ ਬਾਰ੍ਹਵੀਂ ਜੋਤ ਦੇ ਰੂਪ ਵਿਚ ਗੁਰ-ਗੱਦੀ ਤੇ ਬਿਰਾਜਮਾਨ ਕੀਤਾ ਗਿਆ। ਇਸ ਸ਼ੁਭ ਅਵਸਰ ਤੇ ਹੋਰ ਫੌਜੀ ਸਿੱਖਾਂ ਨੂੰ ਵੀ ਕੰਨ ਵਿਚ ਗੁਮੰਤਰ ਦਿੱਤਾ ਗਿਆ। ਇਹ ਵੀ ਇਸ ਮਹਾਨ ਭਾਈਚਾਰੇ ਵਿਚ ਬਾਕਾਇਦਾ ਤੌਰ ਤੇ ਸ਼ਾਮਲ ਹੋ ਗਏ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਫਿਰ ਫੌਜ ਵਿਚ ਵਾਪਸ ਚੱਲੇ ਗਏ। ਪਰ ਆਪ ਦੀ ਕਾਇਆਂ ਪਲਟ ਚੁਕੀ ਸੀ। ਆਪਦੇ ਮਨ ਵਿਚ ਲੋਹੜੇ ਦਾ ਸੰਘਰਸ਼ ਹੋ ਰਿਹਾ ਸੀ ਪਰ ਆਪ ਅਗੇ ਨਾਲੋਂ ਵਧੇਰੇ ਤੇਜਸਵੀ, ਸ਼ਾਂਤੀ ਸਰੂਪ ਤੇ ਵਿਚਾਰ-ਸ਼ੀਲ ਹੋ ਗਏ।

ਮੁਦਕੀ ਦੀ ਲੜਾਈ :

ਜਦੋਂ ੧੯੦੩ ਬਿਕਰਮੀ ਵਿਚ ਸਿੱਖ ਫੌਜਾਂ ਮੁਦਕੀ ਦੀ ਲੜਾਈ ਲਈ ਕੂਚ ਕਰਨ ਲਗੀਆਂ ਤਾਂ ਆਪ ਨੂੰ ਕਿਹਾ ਗਿਆ ਕਿ ਆਪ ਸਿਖਾਂ ਦੀ ਫਤਹਿ ਲਈ ਅਰਦਾਸ ਕਰੋ। ਸਤਿਗੁਰੂ ਰਾਮ ਸਿੰਘ ਜੀ ਥੋੜੀ ਦੇਰ ਲਈ ਸੂਰਜ ਵਲ ਮੂੰਹ ਕਰਕੇ ਮੁਗਧ ਮੁਦਰਾ ਤੇ ਦ੍ਰਿੜ ਜੋਤੀ ਦੇ ਰੂਪ ਵਿਚ ਖੜੇ ਰਹੇ ਤੇ ਆਪਨੇ ਏਹ ਐਲਾਨ ਕੀਤਾ "ਅਰਦਾਸ ਕਰੋ ਜਾਂ ਨਾ ਸਿਖ ਹੁਣ ਜਿਤਣ ਨਹੀਂ ਲਗੇ, ਜਿਤ ਸਿਖਾਂ ਤੋਂ ਰੁਸ ਗਈ ਹੇ।" ਆਪ ਦੀ ਇਹ ਭਵਿਸ਼ਬਾਣੀ ਅਖੱਰ ਅਖੱਰ ਸੱਚੀ ਸਾਬਤ ਹੋਈ।

ਸਤਿਗੁਰੂ ਰਾਮ ਸਿੰਘ ਜੀ ਥੋੜੀ ਦੇਰ ਲਈ ਸੂਰਜ ਵਲ ਮੂੰਹ ਕਰਕੇ ਮੁਗਧ ਮੁਦਰਾ ਤੇ ਦ੍ਰਿੜ ਜੋਤੀ ਦੇ ਰੂਪ ਵਿਚ ਖੜੇ ਰਹੇ ਤੇ ਆਪਨੇ ਏਹ ਐਲਾਨ ਕੀਤਾ "ਅਰਦਾਸ ਕਰੋ ਜਾਂ ਨਾ ਸਿਖ ਹੁਣ ਜਿਤਣ ਨਹੀਂ ਲਗੇ, ਜਿਤ ਸਿਖਾਂ ਤੋਂ ਰੁਸ ਗਈ ਹੈ।" ਆਪ ਦੀ ਇਹ ਭਵਿਸ਼ਬਾਣੀ ਅਖੱਰ ਅਖੱਰ ਸੱਚੀ ਸਾਬਤ ਹੋਈ।

ਜਦੋਂ ਸਿਖ ਫੌਜਾਂ ਮੁਦਕੀ ਦੇ ਮੈਦਾਨ ਵਿਚ ਲੜਾਈ ਸ਼ੁਰੂ ਕਰਨ ਲਗੀਆਂ ਸਨ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਅਪਣੀ ਬੰਦੂਕ ਸਤਲੁਜ ਦਰਿਆ ਵਿਚ ਸੁਟ ਦਿਤੀ। ਆਪ ਨੇ ਫੁਰਮਾਇਆ "ਮੈਂ ਤਾਂ ਹੁਣ ਅਪਣੀ ਬੰਦੂਕ ਏਥੇ ਸੁਟੀ ਹੈ ਪਰ ਦੂਜੇ ਸਿਖ ਸੈਨਕ ਵੀ ਬਾਅਦ ਵਿਚ ਆਪਣੀਆਂ ਬੰਦੂਕਾਂ ਸੁਟ ਦੇਣਗੇ। ਇਸ ਤਰਾਂ ਸਤਿਗੁਰੂ ਰਾਮ ਸਿੰਘ ਜੀ ਦਾ ਫੌਜੀ ਜੀਵਨ ਸਮਾਪਤ ਹੋ ਗਿਆ।

ਆਪ ਤੁਰਤ ਹੀ ਸ੍ਰੀ ਭੈਣੀ ਸਾਹਿਬ ਵਿਖੇ ਵਾਪਸ ਆ ਗਏ। ਏਥੇ ਆਕੇ ਆਪ ਨੂੰ ਆਕਾਸ਼ ਬਾਣੀ ਹੋਈ ਕਿ ਆਪ ਪੂਰਨ ਤੌਰ ਤੇ ਲੋਕਾਂ ਨੂੰ ਅਪਣੇ ਧਰਮ ਵਿਚ ਲਿਆਉਣ ਦੇ ਮਹਾਨ ਕਾਰਜ ਵਿਚ ਲਗ ਜਾਣ।

ਭਾਈ ਲਾਭ ਸਿੰਘ ਸੂਰਮੇਂ ਸਿਖ ਸਨ। ਆਪ ਨੇ ਇਕ ਰਾਤ ਸੁਫਨੇ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ। ਆਪ ਉਸ ਵੇਲੇ ਸ੍ਰੀ ਭੈਣੀ ਸਾਹਿਬ ਲਈ ਚਲ ਪਏ। ਆਪ ਏਥੇ ਪੁਜੇ ਤੇ ਸਤਿਗੁਰੂ ਰਾਮ ਸਿੰਘ ਦੇ ਚਰਨਾਂ ਵਿਚ ਮੱਥਾ ਟੇਕ ਕੇ ਹਮੇਸ਼ਾਂ ਲਈ ਇਹਨਾਂ ਦੇ ਹੀ ਹੋ ਗਏ। ਭਾਵੇਂ ਆਪ ਸੂਰਮੇ ਸਨ, ਪਰ ਆਪ ਨੇ ਸਤਿਗੁਰਾਂ ਦੇ ਆਦੇਸ਼ ਅਨੁਸਾਰ ਭਾਰਤ-ਵਰਸ਼ ਦੇ ਦੂਰ ਦੁਰੇਡੇ ਇਲਾਕਿਆਂ ਵਿਚ ਸਿੱਖ ਧਰਮ ਦਾ ਪਰਚਾਰ ਕੀਤਾ। ਭਾਈ ਲਾਭ ਸਿੰਘ ਸਭ ਤੋਂ ਪਹਿਲਾਂ ਨਾਮਧਾਰੀ ਪੰਥ ਵਿਚ ਆਏ। ਇਸਤੋਂ ਬਾਅਦ ਸ੍ਰੀ ਮਾਨ ਬਾਬਾ ਆਤਮਾ ਸਿੰਘ ਜੀ ਆਲੋ ਮੁਹਾਰ ਵਾਲੇ ਉਹ ਉਘੇ ਵਿਅਕਤੀ ਸਨ ਜਿਹੜੇ ਸਤਿਗੁਰਾਂ ਦੀ ਸਿਖੀ ਦੀ ਲੜੀ ਵਿਚ ਪਰੋਏ ਗਏ।

੧੯੧੪ ਬਿਕਰਮੀ ਦੀ ਵਿਸਾਖੀ :

ਸੰਮਤ ੧੯੧੪ ਬਿਕਰਮੀ ਦੀ ਵਿਸਾਖੀ ਨੂੰ ਬਾਬਾ ਲਾਭ ਸਿੰਘ ਸੂਰਮਾ, ਬਾਬਾ ਨੈਣਾ ਸਿੰਘ ਵਰਿਆਹ ਵਾਲੇ, ਬਾਬਾ ਕਾਹਨ ਸਿੰਘ ਚੱਕ ਵਾਲੇ ਤੇ ਮਦਾਰ ਦੇ ਬਾਬਾ ਸੁੰਦਰ ਸਿੰਘ ਸਤਿਗੁਰੂ ਰਾਮ ਸਿੰਘ

Namdhari Elibrary NamdhariElibrary@gmail.com

ਜੀ ਪਾਸੋਂ ਰੱਬੀ ਭਜਨ ਪੁਛਣ ਤੇ ਗੁਰਮੰਤਰ ਲੈਣ ਲਈ ਸ੍ਰੀ ਭੈਣੀ ਸਾਹਿਬ ਆਏ।

ਇਸ ਅਵਸਰ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਇਹਨਾਂ ਦੀ ਅਗਵਾਈ ਲਈ ਹੇਠ ਲਿਖੇ ਸੁਨਹਿਰੀ ਉਪਦੇਸ਼ ਦਿਤੇ:

੧. ਮਨੁਖੀ ਜੀਵਨ ਦਾ ਪਵਿੱਤ੍ਰ ਮੁੱਖ ਮਨੋਰਥ ਇਹੀ ਹੈ ਕਿ ਜਾਗਦੀ ਜੋਤ ਤੇ ਜ਼ਾਹਿਰਾ ਜ਼ਹੂਰ ਸਮੇਂ ਦੇ ਗੁਰੂ ਦੇ ਚਰਨਾਂ ਵਿਚ ਬੈਠਕੇ ਈਸ਼ਵਰ ਦਾ ਨਾਮ ਸਿਮਰਨ ਕੀਤਾ ਜਾਵੇ।
੨. ਮਨੁਖੀ ਇਤਿਹਾਸ ਦੇ ਹਰ ਦੌਰ ਵਿਚ ਹੀ ਗੁਰੂ ਦੀ ਅਤਿਅੰਤ ਲੋੜ ਹੈ।
੩. ਮੌਜੂਦਾ ਜ਼ਮਾਨੇ ਵਿਚ ਤਲਵਾਰ ਦਾ ਨਹੀਂ ਸਗੋਂ ਰੂਹਾਨੀ ਪਵਿੱਤਰਤਾ ਦਾ ਰਾਜ ਹੋਵੇਗਾ।
੪. ਕੌਮਾਂ ਤੇ ਦੇਸ਼ਾਂ ਦੀ ਤਾਕਤ ਦਾ ਰਾਜ ਇਹਨਾਂ ਕੌਮਾਂ ਦੀ ਏਕਤਾ ਵਿਚ ਹੈ। ਭਾਵ ਜਿੰਨਾ ਜਿੰਨਾ ਜਿਥੋਂ ਜਿਥੋਂ ਦੇ ਲੋਕਾਂ ਵਿਚ ਪਿਆਰ ਤੇ ਏਕਤਾ ਦਾ ਜਜ਼ਬਾ ਹੋਵੇਗਾ ਉਨਾਂ ਉਨਾਂ ਹੀ ਇਹ ਕੌਮਾਂ ਤੇ ਦੇਸ਼ ਸ਼ਕਤੀਸ਼ਾਲੀ ਹੋਣਗੇ।
੫. ਯੱਗ ਹਵਨ ਕਰਨ ਨਾਲ ਹੀ ਕੋਈ ਦੇਸ਼ ਖੁਸ਼ਹਾਲ ਹੁੰਦਾ ਹੈ ਤੇ ਓਥੇ ਬਾਰਸ਼ਾਂ ਹੁੰਦੀਆਂ ਹਨ ਜਦੋਂ ਇਹਨਾਂ ਦੀ ਲੋੜ ਪੈਂਦੀ ਹੈ।
੬. ਉਚੇ ਆਚਰਨ, ਸਾਦੇ ਭੋਜਨ ਤੇ ਵਿਚਾਰਾਂ ਦੀ ਪਵਿੱਤਰਤਾ ਨਾਲ ਹੀ ਕਿਸੇ ਸਮਾਜ ਦੀ ਇਖਲਾਕੀ ਪੱਧਰ ਉਚੀ ਹੁੰਦੀ ਹੈ।
੭. ਕਿਸੇ ਜੀਵ ਜੰਤੂ ਜਾਂ ਮਨੁਖ ਨੂੰ ਮਨ, ਬਚਨ ਜਾਂ ਕਰਮ ਰਾਹੀਂ ਦੁਖ ਪਹੁੰਚਾਉਣਾ ਪਾਪ ਹੈ।
੮. ਕਿਸੇ ਮਾੜੇ ਜਾਂ ਨਿਤਾਣੇ ਦੀ ਮਦਦ ਕਰਨਾ ਸੱਚੀ ਪ੍ਰਭੂ-ਭਗਤੀ ਤੇ ਈਸ਼ਵਰ ਸੇਵਾ ਹੈ।
੯. ਆਏ ਗਏ ਪਰਾਹੁਣੇ ਜਾਂ ਅਭਿਆਗਤ ਨੂੰ ਭੋਜਨ ਛਕਾਉਣਾ ਹਰ ਨਾਮਧਾਰੀ ਦਾ ਮੁਖ ਕਰਤਵ ਹੈ।
੧੦. ਗਊ-ਰਖਿਆ, ਗਊਆਂ ਦੀ ਸੇਵਾ ਸੰਭਾਲ ਤੇ ਇਹਨਾਂ ਦੀ ਪਾਲਣਾ ਕਰਨਾ ਹੀ ਸੱਚੇ ਨਾਮਧਾਰੀ ਦਾ ਵੱਡਾ ਫਰਜ਼ ਹੈ।
੧੧. ਸ਼ਰਾਬ ਪੀਣੀ ਤੇ ਮਾਸ ਖਾਣਾ ਮਹਾਂ ਪਾਪ ਹਨ।
੧੨. ਕਦੇ ਵੀ ਬਲਦਾਂ ਨੂੰ ਖੱਸੀ ਨਾ ਕਰਾਓ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਇਹਨਾਂ ਦੀ ਨਸਲ ਦਾ ਵਾਧਾ ਰੁਕ ਜਾਵੇਗਾ।
੧੩. ਕੁੜੀਆਂ ਨੂੰ ਕਦੇ ਨਾ ਮਾਰੋ। ਇਹਨਾਂ ਨੂੰ ਕਦੇ ਨਾ ਵੇਚੋ ਤੇ ਨਾ ਹੀ ਵਟੇ ਦੇ ਵਿਆਹ ਕਰੋ।
੧੪. ਲਿਆ ਹੋਇਆ ਕਰਜ਼ਾ ਜ਼ਰੂਰ ਮੋੜੋ।
੧੫. ਲੜਕੀ ਦੇ ਵਿਆਹ ਤੇ ਦਾਜ ਦੇਣਾ ਠੀਕ ਨਹੀਂ।
੧੬. ਸੋਲਾਂ ਸਾਲ ਤੋਂ ਘਟ ਉਮਰ ਦੀ ਕਿਸੇ ਲੜਕੀ ਤੇ ੧੮ ਸਾਲ ਤੋਂ ਘਟ ਉਮਰ ਦੇ ਕਿਸੇ ਲੜਕੇ ਦਾ ਵਿਆਹ ਵਿਵਰਜਤ ਹੈ।
੧੭. ਆਪਣੇ ਬਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਨਾ ਪੜ੍ਹਾਓ ਕਿਉਂਕਿ ਏਥੇ ਇਹਨਾਂ ਵਿਚ ਪੜ੍ਹਨ ਨਾਲ ਇਹਨਾਂ ਬੱਚਿਆਂ ਦੀ ਰਹਿਣੀ ਸਹਿਣੀ ਅੰਗਰੇਜ਼ਾਂ ਵਰਗੀ ਹੋ ਜਾਂਦੀ ਹੈ ਤੇ ਇਹ ਉਹਨਾਂ ਦੀ ਨਕਲ ਕਰਨ ਲਗ ਪੈਂਦੇ ਹਨ।
੧੮. ਬਦੇਸ਼ੀ ਚੀਜ਼ਾਂ (ਬਸਤਰਾਂ ਆਦਿ) ਦੀ ਵਰਤੋਂ ਨਾ ਕਰੋ। ਕਿਉਂਕਿ ਬਦੇਸ਼ੀ ਚੀਜ਼ਾਂ ਦੇ ਵਰਤਣ ਨਾਲ ਦੇਸ ਦੇ ਹਿਤਾਂ ਨੂੰ ਨੁਕਸਾਨ ਪੁਜਦਾ ਹੈ।
੧੯. ਜੇਕਰ ਸਾਰੇ ਖੱਦਰ ਪਾਉਣ ਤਾਂ ਨਿਸ਼ਚੇ ਹੀ ਭਾਰਤ ਦੀ ਗਰੀਬੀ ਦੂਰ ਹੋ ਸਕਦੀ ਹੈ।
੨੦. ਤੁਹਾਨੂੰ ਸਦਾ ਪਰਮਾਤਮਾ ਤੇ ਆਪਣੇ ਸੱਚੇ ਰੂਹਾਨੀ ਆਗੂ (ਸਤਿਗੁਰੂ) ਦੇ ਹੁਕਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।
੨੧. ਆਪਣੇ ਸਾਰੇ ਝਗੜੇ ਪੰਚਾਂ ਜਾਂ ਸਾਲਸਾਂ ਰਾਹੀਂ ਨਜਿਠੋ।
੨੨. ਸਾਰੇ ਵੱਡੇ ਆਦਮੀਆਂ ਤੇ ਧਾਰਮਿਕ ਆਗੂਆਂ ਦਾ ਭਾਵੇਂ ਉਹ ਤੁਹਾਡੇ ਹਨ ਜਾਂ ਦੂਜੀਆਂ ਕੌਮਾਂ ਦੇ, ਆਦਰ ਸਤਿਕਾਰ ਕਰੋ।
੨੩. ਆਪਣੀ ਪੂਰੀ ਯੋਗਤਾ ਤੇ ਸਮੱਰਥਾ ਅਨੁਸਾਰ ਸਾਰੇ ਸਿੱਖਾਂ ਦੀ ਸਹਾਇਤਾ ਕਰੋ, ਕਿਉਂਕਿ ਸਿਖਾਂ ਦੀ ਸੇਵਾ ਗੁਰੂ ਦੀ ਸੇਵਾ ਹੈ।
੨੪. ਆਪਣੇ ਦੇਸ਼ ਦੀ ਹਮੇਸ਼ਾ ਇਜ਼ਤ ਕਰੋ ਇਸਦਾ ਮਾਣ ਕਰੋ ਤੇ ਆਪਣੀ ਮਾਤਰੀ-ਭੂਮੀ ਦਾ ਕਦੇ ਅਪਮਾਨ ਨਾ ਕਰੋ।
੨੫. ਆਪਣੇ ਗੁਰੂਆਂ ਦੀ ਬਾਣੀ ਗ੍ਰੰਥ ਸਾਹਿਬ ਨੂੰ ਆਪਣੀ ਪਵਿੱਤਰ ਧਰਮ ਪੁਸਤਕ ਸਮਝੋ ਤੇ ਇਸਦਾ ਸਤਿਕਾਰ ਕਰੋ।
੨੬. ਕਦੇ ਵੀ ਕਿਸੇ ਐਸੇ ਵਿਅਕਤੀ ਪਾਸੋਂ ਭੋਜਨ, ਬਸਤਰ ਜਾਂ ਕੋਈ ਹੋਰ ਚੀਜ਼ ਗ੍ਰਹਿਣ ਨਾ ਕਰੋ ਜਿਹੜਾ ਨਾਮਧਾਰੀ ਨਾ ਹੋਵੇ।

ਭਾਈ ਰਾਏ ਸਿੰਘ ਨੂੰ ਹਜ਼ੂਰ ਸਾਹਿਬ ਭੇਜਣਾ :

ਇਕ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਇਕ ਸਿਖ ਭਾਈ ਰਾਏ ਸਿੰਘ ਨੂੰ ਹੁਕਮ ਦਿਤਾ ਕਿ ਉਹ ਹਜ਼ੂਰ ਸਾਹਿਬ (ਨਾਦੇੜ ਰਿਆਸਤ ਹੈਦਰਾਬਾਦ) ਜਾਏ। ਉਹ ਉਥੇ ਜਾਕੇ ਸ੍ਰੀ ਗਰੰਥ ਸਾਹਿਬ ਦਾ ਪਾਠ ਕਰੇ। ਆਪ ਨੇ ਉਸ ਨੂੰ ਕਿਹਾ ਕਿ ਉਥੇ ਜਾ ਕੇ ਵੇਖੇ ਕਿ ਇਸ ਗੁਰਦੁਆਰੇ ਦੇ ਇੰਨਚਾਰਜ ਸਿੱਖ ਗ੍ਰੰਥੀ ਤੇ ਜਥੇਦਾਰ ਆਦਿ ਕਿਹੜੀ ਕਿਹੜੀ ਮਰਯਾਦਾ ਤੇ ਨਿਯਮਾਂ ਦੀ ਕਿਸ ਕਿਸ ਤਰ੍ਹਾ ਪਾਲਣਾ ਕਰਦੇ ਹਨ, ਉਥੇ ਕਿਹੜੀ ਰਹੁਰੀਤ ਅਪਣਾਈ ਜਾਂਦੀ ਹੈ। ਭਾਈ ਰਾਏ ਸਿੰਘ ਸਤਿਗੁਰਾਂ ਦੇ ਹੁਕਮ ਨੂੰ ਸਿਰ ਮੱਥੇ ਤੇ ਮੰਨਦਾ ਹੋਇਆ ਸ੍ਰੀ ਹਜ਼ੂਰ ਸਾਹਿਬ ਵਲ ਰਵਾਨਾ ਹੋ ਗਿਆ।

ਜਦੋਂ ਭਾਈ ਰਾਏ ਸਿੰਘ ਇਕ ਹਜ਼ਾਰ ਮੀਲ ਦਾ ਸਫਰ ਤੈਅ ਕਰ ਚੁੱਕਾ ਤਾਂ ਉਸਨੂੰ ਇਕ ਹੋਰ ਯਾਤਰੀ ਮਿਲਿਆ ਤੇ ਇਸਦੇ ਨਾਲ ਰਲ ਗਿਆ। ਇਹ ਵੀ ਹਜ਼ੂਰ ਸਾਹਿਬ ਜਾ ਰਿਹਾ ਸੀ, ਭਾਈ ਰਾਏ ਸਿੰਘ ਨੇ ਆਪਣੇ ਸਾਥੀ ਮੁਸਾਫਰ ਨੂੰ ਕਿਹਾ ਕਿ ਉਹ ਵਾਰੋ ਵਾਰੀ ਪਹਿਰਾ ਦੇਣ। ਪਰ ਇਸ ਸਾਥੀ ਨੇ ਕਿਹਾ ਕਿ ਜਿਹੜੇ ਲੋਕ ਕਛਹਿਰੇ ਪਹਿਨਦੇ ਹਨ ਉਹ ਡਰਪੋਕ ਜਾਂ ਕਾਇਰ ਹੁੰਦੇ ਹਨ ਇਸ ਲਈ ਰਾਏ ਸਿੰਘ ਆਪਣੇ ਸਾਥੀ ਦੀ ਨਸੀਹਤ ਤੇ ਖੁਲ੍ਹੇ ਜੰਗਲ ਵਿਚ ਹੀ ਰਹਿ ਪਿਆ। ਪਹਿਰਾ ਦੇਣ ਦੀ ਪਹਿਲੀ ਵਾਰ ਦੇ ਮੁਕਣ ਤੇ ਭਾਈ ਰਾਏ ਸਿੰਘ ਨੇ ਵੇਖਿਆ ਕਿ ਆਪਦੇ ਸਾਥੀ ਉਤੇ ਇਕ ਬਬਰ ਸ਼ੇਰ ਨੇ ਹਮਲਾ ਕਰ ਦਿਤਾ ਹੈ। ਭਾਈ ਰਾਏ ਸਿੰਘ ਇਸ ਸ਼ੇਰ ਤੋਂ ਡਰ ਗਿਆ ਤੇ ਇਸਨੇ ਸਤਿਗੁਰੂ ਰਾਮ ਸਿੰਘ ਜੀ ਅਗੇ ਅਰਦਾਸ ਕੀਤੀ। ਇਸ ਨੇ ਸਤਿਗੁਰਾਂ ਨੂੰ ਸਿਮਰਿਆ ਤੇ ਅਰਜੋਈ ਕੀਤੀ ਕਿ ਇਸਦੀ ਸ਼ੇਰ ਪਾਸੋਂ ਰਖਿਆ ਕੀਤੀ ਜਾਵੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਕ ਸੱਚੇ ਸਿੱਖ ਦੀ ਸਚੇ ਦਿਲੋਂ ਨਿਕਲੀ ਅਰਦਾਸ ਸੁਣਕੇ ਤੁਰਤ ਇਸ ਥਾਂ ਤੇ ਪਹੁੰਚੇ। ਏਥੇ ਭਾਈ ਰਾਏ ਸਿੰਘ ਅਰਾਧਨਾ ਵਿਚ ਜੁੜਿਆ ਹੋਇਆ ਸੀ। ਸਤਿਗੁਰਾਂ ਨੇ ਭਾਈ ਰਾਏ ਸਿੰਘ ਨੂੰ ਕਿਹਾ ਕਿ ਉਹਨਾਂ ਦੀ ਮੌਜੂਦਗੀ ਵਿਚ ਚੌਕੀ ਜਾਂ ਪਹਿਰੇ ਤੇ ਜਾਏ। ਸ੍ਰੀ ਸਤਿਗੁਰੂ ਜੀ ਪਾਸੋਂ ਥਾਂ ਪਤਾ ਲੈ ਕੇ ਰਾਏ ਸਿੰਘ ਆਪਦੇ ਹੁਕਮ ਅਨੁਸਾਰ ਪਹਿਰੇ ਵਿਚ ਚਲਾ ਗਿਆ। ਸਣੇ ਸਣੇ ਮੰਜ਼ਲ ਤੇ ਮੰਜ਼ਲ ਮਾਰਦਾ ਰਾਏ ਸਿੰਘ ਸ੍ਰੀ

Namdhari Elibrary NamdhariElibrary@gmail.com

ਹਜ਼ੂਰ ਸਾਹਿਬ ਪਹੁੰਚ ਗਿਆ। ਉਥੇ ਜਾਕੇ ਰਾਏ ਸਿੰਘ ਨੇ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕਰਨਾਂ ਸ਼ੁਰੂ ਕਰ ਦਿਤਾ।

ਏਥੇ ਇਸਨੇ ਇਹ ਵੀ ਵੇਖਿਆ ਕਿ ਗੁਰਦੁਆਰੇ ਦੇ ਗ੍ਰੰਥੀ ਪੁਜਾਰੀ ਤੇ ਹੋਰ ਲੋਕ ਕਿਵੇਂ ਦਸਮ ਪਿਤਾ ਗੁਰੂ ਗੋਬਿੰਦ ਜੀ ਦੀ ਦਸੀ ਹੋਈ ਰਹੁਰੀਤ ਤੇ ਨਿਯਮਾਂ ਉਤੇ ਚਲਦੇ ਹਨ।

ਜਦੋਂ ਭਾਈ ਰਾਏ ਸਿੰਘ ਨੂੰ ਸ੍ਰੀ ਹਜ਼ੂਰ ਸਾਹਿਬ ਵਿਚ ਰਹਿੰਦਿਆਂ ਸਾਢੇ ਤਿੰਨ ਮਹੀਨੇ ਹੋ ਗਏ ਤਾਂ ਸੁਫ਼ਨੇ ਵਿਚ ਭਾਈ ਰਾਏ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਦਿਤੇ ਤੇ ਇਸਨੂੰ ਹੁਕਮ ਦਿਤਾ ਕਿ ਸ੍ਰੀ ਭੈਣੀ ਸਾਹਿਬ ਵਾਪਸ ਪਰਤ ਆਏ। ਭਾਈ ਰਾਏ ਸਿੰਘ ਨੇ ਗੁਰਦੁਆਰਾ ਹਜ਼ੂਰ ਸਾਹਿਬ ਦੇ ਅਹੁਦੇਦਾਰਾਂ ਤੇ ਪਰਬੰਧਕਾਂ ਪਾਸੋਂ ਵਾਪਸ ਜਾਣ ਦੀ ਆਗਿਆ ਮੰਗੀ ਤੇ ਕਿਹਾ ਕਿ ਉਹ ਸ੍ਰੀ ਭੈਣੀ ਸਾਹਿਬ ਜਾ ਰਿਹਾ ਹੈ।

ਜਦੋਂ ਭਾਈ ਰਾਏ ਸਿੰਘ ਹਜ਼ੂਰ ਸਾਹਿਬ ਤੋਂ ਸਤ ਸੌ ਪੰਚੀ ਮੀਲ ਦੇ ਫ਼ਾਸਲੇ ਤੇ ਪੁਜਾ ਤਾਂ ਉਸਨੂੰ ਭੁਖ ਨੇ ਆਣ ਸਤਾਇਆ। ਉਹ ੩੬ ਘੰਟੇ ਭੁੱਖਾ ਰਿਹਾ, ਉਸਨੂੰ ਸਤਿਗੁਰਾਂ ਵਲੋਂ ਭਿਖਿਆ ਮੰਗਣ ਦੀ ਬਿਲਕੁਲ ਆਗਿਆ ਨਹੀਂ ਸੀ। ਉਸ ਨੂੰ ਪਿਆਸ ਲਗੀ ਤੇ ਉਹ ਇਕ ਖੂਹ ਤੇ ਗਿਆ। ਉਥੇ ਉਸਨੂੰ ਇਕ ਥੈਲੀ ਲਭੀ ਜਿਹੜੀ ਰੁਪਈਆਂ ਨਾਲ ਭਰੀ ਹੋਈ ਸੀ। ਉਸਨੇ ਇਹ ਥੈਲੀ ਇਸਦੇ ਅਸਲੀ ਮਾਲਕ ਤਕ ਪਹੁੰਚਾਉਣ ਦਾ ਇਰਾਦਾ ਕੀਤਾ । ਜਦੋਂ ਇਹ ਏਸੇ ਸੰਘਰਸ਼ ਵਿਚ ਫਸ ਕੇ ਕਾਫ਼ੀ ਬੇਚੈਨ ਹੋ ਗਿਆ ਤਾਂ ਇਸਨੂੰ ਪਤਾ ਲਗਾ ਕਿ ਰੁਪਿਆਂ ਦੀ ਭਰੀ ਇਹ ਥੈਲੀ ਏਸੇ ਲਈ ਹੀ ਖੂਹ ਤੇ ਪਈ ਸੀ। ਕੁਝ ਸਮਾ ਪਾ ਕੇ ਭਾਈ ਰਾਏ ਸਿੰਘ ਸ੍ਰੀ ਭੈਣੀ ਸਾਹਿਬ ਵਾਪਸ ਮੁੜ ਗਿਆ।

ਸਤਿਗੁਰੂ ਰਾਮ ਸਿੰਘ ਜੀ ਦਾ ਇਕ ਹੋਰ ਚਮਤਕਾਰ ਵੀ ਕਾਫੀ ਵਿਖਿਆਤ ਹੈ। ਇਹ ਕਰਾਮਾਤ ਇਕ ਔਰਤ ਪਧਰੀ ਵਾਲੀ ਮਾਈ ਨਾਲ ਸਬੰਧਤ ਹੈ। ਪਧਰੀ ਵਾਲੀ ਮਾਈ ਇਕ ਵੇਦਾਂਤੀ ਇਸਤਰੀ ਸੀ ਤੇ ਇਹ ਸਤਿਗੁਰਾਂ ਦੀ ਕਿਰਪਾ ਨਾਲ ਨਾਮਧਾਰਨ ਬਣ ਗਈ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਇਸ ਮਾਈ ਨੇ ਹਰਦੁਆਰ ਵਿਖੇ ਜਲਦੀ ਅੱਗ ਵਿਚ ਛਾਲ ਮਾਰ ਦਿਤੀ, ਪਰ ਇਸਨੂੰ ਕੋਈ ਦੁਖ ਨਾ ਪੋਹਿਆ ਇਹ ਸਹੀ ਸਲਾਮਤ ਇਸ ਵਿਚੋਂ ਨਿਕਲ ਆਈ।

ਆਨੰਦ ਕਾਰਜਾਂ ਦੀ ਪ੍ਰਪਾਟੀ ਤੋਰਨੀ :

ਸਤਿਗੁਰੂ ਰਾਮ ਸਿੰਘ ਜੀ ਨੇ ਸਿਖ ਔਰਤਾਂ ਨੂੰ ਵੀ ਅੰਮ੍ਰਿਤ ਛਕਾਉਣ ਦੀ ਪਹਿਲ ਕੀਤੀ, ਆਪਨੇ ਇਹਨਾਂ ਨੂੰ ਵੀ ਕਛਹਿਰੇ ਪਾਉਣ ਤੇ ਰਹਿਤ ਮਰਯਾਦਾ ਵਿਚ ਰਹਿਣ ਦੀ ਰੀਤ ਤੋਰੀ। ਸਤਿਗੁਰੂ ਰਾਮ ਸਿੰਘ ਜੀ ਦੇ ਪਰਚਾਰ ਤੋਂ ਪਹਿਲਾਂ ਆਨੰਦ ਕਾਰਜਾਂ ਜਾਂ ਸਿਖੀ ਮਰਯਾਦਾ ਅਨੁਸਾਰ ਵਿਆਹ ਦੀ ਸਹੀ ਪਰਨਾਲੀ ਦਾ ਕੋਈ ਨਾਂ ਤਕ ਨਹੀ ਸੀ ਜਾਣਦਾ। ਆਨੰਦ ਕਾਰਜਾਂ ਦਾ ਬਿਲਕੁਲ ਕੋਈ ਰਵਾਜ ਨਹੀਂ ਸੀ।

ਆਨੰਦ ਕਾਰਜ ਦੀ ਸਹੀ ਵਿਧੀ ਅਨੁਸਾਰ ਪਹਿਲਾ ਵਿਆਹ ਹਰੀਪੁਰ (ਖੋਟੇ) ਜ਼ਿਲਾ ਫੀਰੋਜ਼ਪੁਰ ਵਿਚ ਕੀਤਾ ਗਿਆ। ਏਥੇ ਭਾਈ ਸਮੁੰਦ ਸਿੰਘ ਦੀ ਲੜਕੀ ਦਾ ਆਨੰਦ ਕਾਰਜ ਪੂਰਨ ਮਰਯਾਦਾ ਅਨੁਸਾਰ ਹੋਇਆ।

ਆਜ਼ਾਦੀ ਦਾ ਮੋਢੀ :

ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ, ਸਮਾਨਤਾ ਤੇ ਸਾਂਝੇ ਭਾਈਚਾਰੇ ਦਾ ਵੱਡੇ ਪੈਮਾਨੇ ਤੇ ਪਰਚਾਰ ਕੀਤਾ। ਆਪਨੇ ਆਪਣੇ ਹੁਕਮਨਾਮਿਆਂ ਰਾਹੀਂ ਸਾਦਗੀ, ਸਿਦਕ-ਦਿਲੀ, ਸੁੱਚ ਸੰਜਮ (ਸਵੱਛਤਾ) ਅਤੇ ਈਸ਼ਵਰ ਦਾ ਨਾਮ ਜਪਣ ਤੇ ਸਭ ਤੋਂ ਵਧ ਜ਼ੋਰ ਦਿਤਾ। ਆਪਨੇ ਆਪਣੇ ਪੈਰੋਕਾਰਾਂ ਨੂੰ ਏਸ ਗਲ ਦੀ ਸਿਖਿਆ ਦਿਤੀ ਕਿ ਕਿਵੇਂ ਜੀਵਨ ਬਤੀਤ ਕਰਨਾ ਹੈ ਤੇ ਹਮੇਸ਼ਾਂ ਸੁਦੇਸ਼ੀ ਕਪੜੇ ਪਾਉਣੇ ਹਨ। ਹਰ ਪੱਖ ਤੋਂ ਸਾਦਗੀ ਆਪਦਾ ਮਾਟੋ ਜਾਂ ਮੁਖ ਸਿਧਾਂਤ ਸੀ। ਪੱਛਮੀ ਸਭਿਅਤਾ ਦਾ ਦੇਸ਼ ਵਾਸੀਆਂ ਦੇ ਸਾਦੇ ਜੀਵਨ ਉਤੇ ਜਿਹੜਾ ਤਿੱਖਾ ਪ੍ਰਭਾਵ ਪੈ ਰਿਹਾ ਸੀ ਉਥੇ ਸਤਿਗੁਰਾਂ ਨੇ ਇਕ ਮਹਾਨ ਜਹਾਦ ਖੜਾ ਕੀਤਾ। ਆਪ ਨੇ ਪੱਛਮੀ ਸਭਿਅਤਾ ਦੇ ਪਰਭਾਵਾਂ ਨੂੰ ਦੇਸ਼ ਦੀ ਸਾਦਗੀ, ਸੱਵਛਤਾ, ਕੌਮੀ ਏਕਤਾ ਤੇ ਸੰਗਠਨ ਲਈ ਹਾਨੀਕਾਰਕ ਤੇ ਦੇਸ਼ ਦੇ ਹਿਤਾਂ ਦੇ ਵਿਰੁਧ ਕਰਾਰ ਦਿਤਾ।

ਆਪ ਜੀ ਬਦੇਸ਼ਾਂ ਵਿਚ ਬਣੀਆਂ ਹੋਈਆਂ ਚੀਜ਼ਾਂ ਤੇ ਖਾਸ ਤੌਰ ਤੇ ਵਿਦੇਸ਼ੀ ਕਪੜੇ ਦੀ ਵਰਤੋਂ ਨੂੰ ਸਖ਼ਤ ਨਾ ਪਸੰਦ ਕਰਦੇ ਸਨ ਤੇ ਆਪ ਸਹੀ ਅਰਥਾਂ ਵਿਚ ਸੁਦੇਸ਼ੀ ਲਹਿਰ ਦੇ ਮੋਢੀ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਵਿਦੇਸ਼ੀ ਹੁਕਮਰਾਨਾਂ ਅੰਗਰੇਜ਼ਾਂ ਨਾਲ ਨਾ ਮਿਲਵਰਤਣ ਦੀ ਜਿਹੜੀ ਮਹਾਨ ਲਹਿਰ ਚਲਾਈ ਉਹ ਕੁਦਰਤੀ ਤੌਰ ਤੇ ਸਰਕਾਰ ਨੂੰ ਕਿਵੇਂ ਚੰਗੀ ਲਗਣੀ ਸੀ। ਇਸਦਾ ਸਿੱਟਾ ਇਹ ਨਿਕਲਿਆ ਕਿ ਅੰਗਰੇਜ਼ ਸਰਕਾਰ ਨੇ ਨਾ ਮਿਲਵਰਤਣ ਦੀ ਇਸ ਨਵੀਂ ਚਲੀ ਸ਼ਕਤੀਸ਼ਾਲੀ ਲਹਿਰ ਨੂੰ ਰੋਕਣ ਲਈ ਕਈ ਸਖ਼ਤ ਕਦਮ ਚੁਕੇ।

ਸਤਿਗੁਰਾਂ ਦੀ ਨਜ਼ਰ ਬੰਦੀ

ਅੰਗਰੇਜ਼ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿਤਾ। ਇਸ ਨਜ਼ਰਬੰਦੀ ਦਾ ਮਕਸਦ ਇਹ ਸੀ ਕਿ ਸਤਿਗੁਰਾਂ ਦੀ ਚਲਾਈ ਹੋਈ ਇਸ ਲਹਿਰ ਦੀ ਪਬਲਿਸਿਟੀ ਅਤੇ ਪਰਚਾਰ ਨਾ ਫੈਲ ਸਕੇ। ਇਸ ਤੇ ਸਤਿਗੁਰਾਂ ਨੇ ਹੇਠ ਲਿਖੇ ਪੰਜ ਸੂਬੇ ਥਾਪ ਦਿਤੇ:

੧. ਬਾਬਾ ਜਵਾਹਰ ਸਿੰਘ
੨. ਬਾਬਾ ਕਾਹਨ ਸਿੰਘ ਜੀ। (ਨਿਹੰਗ ਸਿੰਘ ਜੀ)
੩. ਬਾਬਾ ਸਾਹਿਬ ਸਿੰਘ ਜੀ।
੪. ਬਾਬਾ ਲੱਖਾ ਸਿੰਘ ਜੀ।
੫. ਬਾਬਾ ਦਰਬਾਰਾ ਸਿੰਘ ਜੀ।

ਨਾਮਧਾਰੀਆਂ ਦੇ ਇਹਨਾਂ ਸੂਬਿਆਂ ਨੂੰ ਵੀ ਅੰਗਰੇਜ਼ ਸਰਕਾਰ ਨੇ ਨਜ਼ਰਬੰਦ ਕਰ ਦਿਤਾ। ਇਸ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਨੇ ਹੋਰ ਸਤਾਰਾਂ ਸੂਬੇ ਥਾਪ ਦਿਤੇ, ਇਹਨਾਂ ਦੇ ਸ਼ੁਭ ਨਾਂ ਇਸ ਪਰਕਾਰ ਹਨ:

੧. ਬਾਬਾ ਅਰੂੜ ਸਿੰਘ ਜੀ, ੨. ਬਾਬਾ ਮਾਨ ਸਿੰਘ ਜੀ, ੩. ਬਾਬਾ ਭਗਵਾਨ ਸਿੰਘ, ੪. ਬਾਬਾ ਸਰਮੁਖ ਸਿੰਘ, ੫. ਬਾਬਾ ਗਿਆਨੀ ਸਿੰਘ, ੬. ਬਾਬਾ ਰਾਜਾ

ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ, ਸਮਾਨਤਾ ਤੇ ਸਾਂਝੇ ਭਾਈਚਾਰੇ ਦਾ ਵੱਡੇ ਪੈਮਾਨੇ ਤੇ ਪਰਚਾਰ ਕੀਤਾ। ਆਪ ਨੇ ਆਪਣੇ ਹੁਕਮਨਾਮਿਆਂ ਰਾਹੀਂ. ਸਾਦਗੀ, ਸਿਦਕ-ਦਿਲੀ, ਸੁੱਚ ਸੰਜਮ (ਸਵੱਛਤਾ) ਅਤੇ ਈਸ਼ਵਰ ਦਾ ਨਾਮ ਜਪਣ ਤੇ ਸਭ ਤੋਂ ਵਧ ਜ਼ੋਰ ਦਿਤਾ।

Namdhari Elibrary NamdhariElibrary@gmail.com

ਸਿੰਘ, ੭. ਬਾਬਾ ਜਮੀਤ ਸਿੰਘ, ੮. ਬਾਬਾ ਬ੍ਰਹਮਾ ਸਿੰਘ, ੯. ਬਾਬਾ ਹੁਕਮਾ ਸਿੰਘ, ੧੦. ਬਾਬਾ ਮਲੂਕ ਸਿੰਘ, ੧੧. ਬਾਬਾ ਨਾਰਾਇਣ ਸਿੰਘ, ੧੨. ਬਾਬਾ ਪਹਾੜਾ ਸਿੰਘ, ੧੩. ਬਾਬਾ ਜੋਤਾ ਸਿੰਘ, ੧੪. ਬਾਬਾ ਖੁਸ਼ਹਾਲ ਸਿੰਘ, ੧੫. ਬਾਬਾ ਸਮੁੰਦ ਸਿੰਘ, ੧੬. ਬਾਬਾ ਖ਼ਜ਼ਾਨ ਸਿੰਘ, ੧੭. ਬਾਬਾ ਗੋਪਾਲ ਸਿੰਘ।

ਦਰਬਾਰ ਸਾਹਿਬ ਦੇ ਪੁਜਾਰੀਆਂ ਵਲੋਂ ਵਿਰੋਧਤਾ

ਮੰਦੇ ਭਾਗਾਂ ਨਾਲ ਪੁਰਾਣੇ ਖ਼ਿਆਲਾਂ ਦੇ ਸਿੱਖਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਇਹਨਾਂ ਸੁਧਾਰਾਂ ਦਾ ਸੁਆਗਤ ਨਾ ਕੀਤਾ। ਸਿੱਖਾਂ ਵਿਚ ਦਿਨੋ ਦਿਨ ਆਪਦੀ ਵਿਰੋਧਤਾ ਹੋਣੀ ਸ਼ੁਰੂ ਹੋ ਗਈ। ਕਿਹਾ ਜਾਂਦਾ ਹੈ ਕਿ ਸਤਿਗੁਰੂ ਰਾਮ ਸਿੰਘ ਇਕ ਵਾਰੀ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਗਏ ਪਰ ਓਥੋਂ ਦੇ ਪੁਜਾਰੀਆਂ ਨੇ ਆਪ ਦਾ ਚੜ੍ਹਾਇਆ ਹੋਇਆ ਕੜਾਹ ਪਰਸ਼ਾਦ ਤੇ ਹੋਰ ਚੜ੍ਹਾਵਾ ਹੀ ਪਰਵਾਨ ਨਾ ਕੀਤਾ। ਉਹਨਾਂ ਨੇ ਆਪ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਆਉਣ ਦੀ ਆਗਿਆ ਹੀ ਨਾ ਦਿਤੀ। ਆਪ ਨੂੰ ਕਿਹਾ ਕਿ ਆਪ ਹੇਠ ਲਿਖੀਆਂ ਸ਼ਰਤਾਂ ਮੰਨਕੇ ਹੀ (ਸਵਰਨ-ਮੰਦਰ) ਸ੍ਰੀ ਦਰਬਾਰ ਸਾਹਿਬ ਵਿਚ ਦਾਖ਼ਲ ਹੋ ਸਕਦੇ ਹੋ। ਪਹਿਲੀ ਸ਼ਰਤ ਇਹ ਸੀ ਕਿ ਆਪ ਲੋਕਾਂ ਨੂੰ ਨਾਮਧਾਰੀ ਸਿੱਖ ਬਨਾਉਣਾ ਬੰਦ ਕਰ ਦੇਣ। ਦੂਜੀ ਸ਼ਰਤ ਇਹ ਸੀ ਕਿ ਆਪ ਆਪਣੇ ਆਪਨੂੰ ਸਿਖਾਂ ਦੇ ਰੂਹਾਨੀ ਰਹਿਬਰ ਜਾਂ ਗੁਰੂ ਨਾ ਅਖਵਾਉਣ ਤੇ ਨਾ ਹੀ ਆਪਣੇ ਆਪਨੂੰ ਗੁਰੂ ਸ਼ਮ੍ਹਝਣ। ਆਮ ਦੀਵਾਨਾਂ ਵਿਚ ਨਾਮਧਾਰੀ ਸਿੱਖਾਂ ਨੂੰ ਸੁਤਰ ਪੈ ਜਾਂਦੇ ਹਨ ਅਥਵਾ ਹਾਲ ਪੈ ਜਾਂਦੇ ਹਨ। ਤੀਜੀ ਸ਼ਰਤ ਇਹ ਸੀ ਕਿ ਆਪ ਇਹਨਾਂ ਸਿੱਖਾਂ ਨੂੰ ਮਸਤਾਨਿਆਂ ਵਾਲੀਆਂ ਹਰਕਤਾਂ ਕਰਨ ਦੀ ਮਨਾਹੀ ਕਰ ਦੇਣ। ਪੁਜਾਰੀਆਂ ਨੇ ਆਪਦੀਆਂ ਇਹਨਾਂ ਅਖੌਤੀ ਕੁਰਹਿਤਾਂ ਕਾਰਨ ਆਪ ਨੂੰ ਇਕ ਲੱਖ ਰੁਪਿਆ ਤਨਖਾਹ ਲਾਈ। ਇਹਨਾਂ ਪੁਜਾਰੀਆਂ ਨੇ ਕਿਹਾ ਕਿ ਜੇਕਰ ਆਪ ਉਪ੍ਰੋਕਤ ਸ਼ਰਤਾਂ ਪਰਵਾਨ ਕਰ ਲੈਣ ਤਾਂ ਹੀ ਆਪ ਵਲੋਂ ਚੜ੍ਹਾਏ ਗਏ ਕੜਾਹ ਪਰਸ਼ਾਦ ਨੂੰ ਪਰਵਾਨ ਕੀਤਾ ਜਾ ਸਕਦਾ ਹੈ ਤੇ ਇਸਦੀ ਅਰਦਾਸ ਹੋ ਸਕਦੀ ਹੈ। ਸ੍ਰੀ ਸਤਿਗੁਰੂ ਜੀ ਨੇ ਦ੍ਰਿੜ੍ਹਤਾ ਨਾਲ ਉਤਰ ਦਿਤਾ ਕਿ ਆਪ ਇਹ ਸਭ ਕੁਝ ਰੱਬੀ ਰਜ਼ਾ ਨਾਲ ਅਥਵਾ ਭਾਣੇ ਵਿਚ ਕਰ ਰਹੇ ਹਨ ਇਸ ਲਈ ਆਪ ਇਸ ਸਥਿਤੀ ਵਿਚ ਨਹੀਂ ਕਿ ਓਦਾਂ ਹੀ ਕਰਨ ਜਿਵੇਂ ਕਿ ਇਹ ਪੁਜਾਰੀ ਚਾਹੁੰਦੇ ਹਨ। ਸਤਿਗੁਰਾਂ ਨੇ ਕਿਹਾ ਕਿ ਪੁਜਾਰੀ ਆਪਦੀਆਂ ਭੁਲਾਂ ਨੂੰ ਸਾਬਤ ਕਰਨ। ਪੁਜਾਰੀ ਕੋਈ ਦੋਸ਼ ਵੀ ਸਾਬਤ ਨਾ ਕਰ ਸਕੇ। ਆਪਨੇ ਗੁਰਬਾਣੀ ਪੜ੍ਹੀ ਤੇ ਆਪ ਹੀ ਅਰਦਾਸ ਕਰਕੇ ਕੜਾਹ ਪਰਸ਼ਾਦ ਦੀ ਦੇਗ ਵਰਤਾ ਦਿਤੀ।

ਮਾਲੇਰਕੋਟਲੇ ਦਾ ਖ਼ੂਨੀ ਸਾਕਾ:

ਇਕ ਵਾਰੀ ਮਾਲੇਰ ਕੋਟਲੇ ਵਿਚ ਬਦਕਿਸਮਤੀ ਨਾਲ ਇਕ ਅਫ਼ਸੋਸਨਾਕ ਘਟਨਾ ਹੋ ਗਈ। ਏਥੇ ਇਕ ਨਾਮਧਾਰੀ ਸਿੱਖ ਤੇ ਇਕ ਮੁਸਲਮਾਨ ਬੁੱਚੜ ਵਿਚਕਾਰ ਮਾਮੂਲੀ ਜਿਹਾ ਝਗੜਾ ਹੋ ਪਿਆ ਜਿਸਨੇ ਬੜਾ ਹੀ ਗੰਭੀਰ ਰੂਪ ਧਾਰਨ ਕਰ ਲਿਆ। ਇਸਦੇ ਨਤੀਜੇ ਵਜੋਂ ਮਾਲੇਰ ਕੋਟਲੇ ਵਿਚ ਇਕ ਫਸਾਦ ਹੋ ਗਿਆ। ਜਿਸ ਦਾ ਬਹਾਨਾ ਲੈ ਕੇ ਇਸ ਦੰਗੇ ਫ਼ਸਾਦ ਵਿਚ ਸ਼ਾਮਲ ੬੫ ਨਾਮਧਾਰੀ ਸਿਖਾਂ ਨੂੰ ਬਿਨਾਂ ਕੋਈ ਮੁਕਦਮਾਂ ਚਲਾਏ ਤੋਪਾਂ ਨਾਲ ਉਡਾ ਦਿਤਾ ਗਿਆ।

ਅੰਗਰੇਜ਼ ਸਰਕਾਰ ਨੇ ਮਹਿਸੂਸ ਕੀਤਾ ਕਿ ਦਿਨੋਂ ਦਿਨ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਹੋਈ ਨਾਮਧਾਰੀ ਲਹਿਰ ਤੇ ਕੂਕੇ ਵਧੇਰੇ ਸ਼ਕਤੀਸ਼ਾਲੀ ਬਣਦੇ ਜਾ ਰਹੇ ਹਨ ਤੇ ਅੰਗਰੇਜ਼ ਸਰਕਾਰ ਨੇ ਮਾਲੇਰਕੋਟਲੇ ਦੇ ਬਲਵੇ ਨੂੰ ਇਕ ਬਹਾਨਾ ਬਣਾ ਕੇ ੧੮੧੮ ਦੇ ਰੈਗੂਲੇਸ਼ਨ ਨੰਬਰ ਤਿੰਨ ਅਧੀਨ (ਬਗਾਵਤ ਦੇ ਦੋਸ਼ ਵਿਚ) ਸਤਿਗੁਰੂ ਰਾਮ ਸਿੰਘ ਤੇ ਆਪਦੇ ਕੁਝ ਸੂਬਿਆਂ ਨੂੰ ਜਲਾਵਤਨ ਕਰਕੇ ਅਲਾਹਾਬਾਦ ਭੇਜ ਦੇਣ ਦਾ ਹੁਕਮ ਦਿਤਾ। ਜਲਾਵਤਨੀ ਵੇਲੇ ਬਾਬਾ ਸਾਹਿਬ ਸਿੰਘ, ਬਾਬਾ ਲੱਖਾ ਸਿੰਘ ਤੇ ਬਾਬਾ ਜਵਾਹਰ ਸਿੰਘ ਨਾਮਕ ਸੂਬੇ ਤੇ ਆਪਦਾ ਇਕ ਹਜ਼ੂਰੀ ਸੇਵਾਦਾਰ ਨਾਨੂੰ ਸਿੰਘ ਵੀ ਆਪਦੇ ਨਾਲ ਸਨ।

ਪਰਦੇਸ ਗਵਨ:

ਕੁਝ ਦਿਨੀਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਤੇ ਆਪਦੇ ਹਜ਼ੂਰੀ ਸੇਵਾਦਾਰਾਂ ਨੂੰ ਰੰਗੂਨ (ਬਰਮਾਂ) ਭੇਜ ਦਿਤਾ ਗਿਆ। ਏਸੇ ਤਰਾਂ ਨਾਮਧਾਰੀ ਸੂਬਿਆਂ ਨੂੰ ਵੀ ਕੋਈ ਨਾ ਮਾਲੂਮ ਥਾਵਾਂ ਤੇ ਭੇਜ ਦਿਤਾ ਗਿਆ। ਇਸਤੋਂ ਬਾਅਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਭਾਈ ਨਾਨੂੰ ਸਿੰਘ ਹਜ਼ੂਰੀ ਸੇਵਕ ਦੇ ਨਾਲ ਹੀ ਮਰਗੋਈ (ਲੋਅਰ ਬਰਮਾਂ) ਲਿਜਾਇਆ ਗਿਆ। ਅਜੇ ਤਕ ਇਹ ਮਲੂਮ ਨਹੀਂ ਹੋ ਸਕਿਆ ਕਿ ਇਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਕਿਥੇ ਹਨ। ਨਾਮਧਾਰੀਆਂ (ਰੱਬ ਦਾ ਨਾਮ ਜਪਣ ਵਾਲੇ ਨਾਮਧਾਰੀ ਅਖਵਾਉਂਦੇ ਹਨ) ਜਾਂ ਸਤਿਗੁਰੂ ਰਾਮ ਸਿੰਘ ਜੀ ਦੇ ਪੈਰੋਕਾਰਾਂ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਏਸੇ ਜਾਮੇ ਵਿਚ ਮੌਜੂਦ ਹਨ। ਇਹਨਾਂ ਨਾਮਧਾਰੀਆਂ ਦਾ ਇਹ ਵੀ ਪੱਕਾ ਅਕੀਦਾ ਹੈ ਕਿ ਸਮਾਂ ਆਉਣ ਤੇ ਸਤਿਗੁਰੂ ਰਾਮ ਸਿੰਘ ਜੀ ਆਪਣੇ ਅਨੁਯਾਈਆਂ ਤੇ ਦੇਸ਼ ਵਾਸੀਆਂ ਦੀ ਰਖਿਆ ਕਰਨ ਲਈ ਜ਼ਰੂਰ ਵਾਪਸ ਆਉਣਗੇ।

ਸਰਕਾਰ ਵਲੋਂ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਨੇ ਐਲਾਨ ਕਰ ਦਿਤਾ ਹੋਇਆ ਹੈ ਕਿ ਸਤਿਗੁਰੂ ਰਾਮ ਸਿੰਘ ਜੀ ੧੮੮੫ ਵਿਚਜੋਤੀ ਜੋਤ ਸਮਾ ਗਏ ਹਨ। ਇਕ ਰੀਟਾਇਰਡ ਐਸ.ਡੀ.ਓ. ਸਰਦਾਰ ਆਲਿਮ ਸਿੰਘ ਨੇ ਡਿਪਟੀ ਕਮਿਸ਼ਨਰ ਦੇ ਉਪ੍ਰੋਕਤ ਬਿਆਨ ਦੀ ਜ਼ੋਰਦਾਰ ਤਰਦੀਦ ਕੀਤੀ ਹੈ। ਸ੍ਰ. ਆਲਿਮ ਸਿੰਘ ਨੇ ਕਿਹਾ ਕਿ ਜਦੋਂ ਸਤਿਗੁਰੂ ਰਾਮ ਸਿੰਘ ਇਸਤੋਂ ਬਾਦ ਆਪ ਨੂੰ ਮਿਲੇ, ਸਤਿਗੁਰੂ ਜੀ ਨਾਲ ਕਾਫੀ ਦੇਰ ਤਕ ਬਚਨ ਬਿਲਾਸ ਕੀਤੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਲਿਮ ਸਿੰਘ ਨੂੰ ਅਸ਼ੀਰਵਾਦ ਦਿਤਾ ਸੀ ਤੇ ਕਿਹਾ ਸੀ ਕਿ ਆਪ ਇਕ ਮਹਾਨ ਹਸਤੀ ਬਣੋਗੇ ਨਾਮਧਾਰੀਆਂ ਨੇ ਕਈ ਵਾਰ ਗੌਰਮਿੰਟ ਨੂੰ ਇਸ ਗਲ ਬਾਰੇ ਕੋਈ ਨਿਰਣਾ ਜਨਕ ਜਵਾਬ ਦੇਣ ਲਈ ਕਿਹਾ ਪਰ ਸਰਕਾਰ ਖ਼ਾਮੋਸ਼ ਰਹੀ। ਇਸ ਹਕੀਕਤ ਤੋਂ ਇਹ ਗਲ ਸਾਬਤ ਹੁੰਦੀ ਹੈ ਕਿ ਲੁਧਿਆਣੇ ਦੇ ਉਪਰੋਕਤ ਐਲਾਨ ਦੇ ਬਾਵਜੂਦ ਸ੍ਰੀ ਸਤਿਗੁਰੂ ਰਾਮ ਸਿੰਘ ਜੀਵਤ ਹਨ, ਜ਼ਾਹਿਰਾ ਜ਼ਹੂਰ ਹਨ।

ਮੁਕਦੀ ਗਲ ਕਿ ਸਤਿਗੁਰੂ ਰਾਮ ਸਿੰਘ ਮਹਾਂ ਆਨੰਦ ਦੀ ਅਵਸਥਾ ਵਿਚ ਰਹਿਣ ਵਾਲੇ ਯੋਧੇ ਹਨ। ਜਿਸ ਦੀ ਉਪਮਾਂ ਵਿਚ ਅੰਗਰੇਜ਼ੀ ਦੇ ਕਵੀ ਵਰਡਜ ਵਰਥ ਨੇ ਇਕ ਸੁੰਦਰ ਕਾਵਿ-ਟੁਕੜੀ ਕਾਨੀ ਬੰਦ ਕੀਤੀ ਹੈ, ਜਿਸ ਦੇ ਅਰਥ ਇਹ ਹਨ:

ਇਸ ਸਦਾ ਖਿੜੇ ਰਹਿਣ ਵਾਲੇ ਯੋਧੇ ਨੂੰ ਕਿਸੇ ਖਤਰੇ ਦਾ ਕੋਈ ਰੂਪ, ਨਿਰਾਸ ਨਹੀਂ ਕਰ ਸਕਦਾ ਜਿਸਤੋਂ ਕੋਮਲ ਪ੍ਰਸੰਨਤਾ ਦਾ ਤੀਬਰ ਵਿਚਾਰ, ਕਦੇ ਨਹੀਂ ਵਿਛੜ ਸਕਦਾ। ਇਹੋ ਇਕ ਅਨੰਦ-ਚਿਤ ਯੋਧਾ ਹੈ, ਇਹੀ ਇਕ ਐਸਾ ਸ਼ਾਂਤ ਸੁਭਾਅ ਸੰਗਰਾਮੀਆਂ ਹੈ। ਇਹੋ ਜਿਹਾ ਯੋਧਾ, ਹਰ ਸ਼ਸਤਰਧਾਰੀ ਬਣਨਾ ਲੋਚਦਾ ਹੈ।

❀❀❀

Namdhari Elibrary NamdhariElibrary@gmail.com

ਗੁਰੂ ਰਾਮ ਸਿੰਘ

ਰਾਮ ਸਰੂਪ ਅਣਖੀ

ਸਿੱਖ-ਸਮਾਜ ਵਿਚ ਆਨੰਦ-ਕਾਰਜ ਵਿਆਹ ਦੀ ਰਸਮ ਬਹੁਤੀ ਪੁਰਾਣੀ ਨਹੀਂ। ਇਹ ਇੱਕ ਪ੍ਰਮਾਣਿਤ ਸੱਚ ਹੈ ਕਿ ਇਹ ਰਿਵਾਇਤ ਨਾਮਧਾਰੀ ਗੁਰੂ ਰਾਮ ਸਿੰਘ ਨੇ ਸ਼ੁਰੂ ਕੀਤੀ ਤੇ ੩ ਜੂਨ ੧੮੬੩ ਈਸਵੀ ਵਾਲੇ ਦਿਨ ਪਹਿਲੀ ਵਾਰ ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ ਵਿਚ ਛੇ ਜੋੜਿਆਂ ਦੇ ਅਜਿਹੇ ਵਿਆਹ ਕੀਤੇ ਗਏ। ਸਮੁੰਦ ਸਿੰਘ ਦੀ ਲੜਕੀ ਤੇ ਪੋਤਰੀ ਤੋਂ ਬਿਨਾਂ ਚਾਰ ਦੂਜੇ ਅੰਤਰ-ਜਾਤੀ ਵਿਆਹ ਸਨ। ਇੱਕ ਤਰਖਾਣ ਬੀਬੀ ਦਾ ਵਿਆਹ ਅਰੋੜਿਆਂ ਦੇ ਮੁੰਡੇ ਨਾਲ ਕੀਤਾ ਗਿਆ। ਕੋਈ ਦਾਜ-ਦਹੇਜ ਨਹੀਂ। ਕੋਈ ਹੋਰ ਖਰਚ ਨਹੀਂ। ਸਵਾ ਰੁਪਏ ਵਿਚ ਵਿਆਹ। ਇਸ ਤਰ੍ਹਾਂ ਦੇ ਸਮੂਹਕ ਵਿਆਹ ਫੇਰ ਹਰ ਸਾਲ ਹੀ ਕੀਤੇ ਜਾਂਦੇ ਰਹੇ। ਗੁਰੂ ਪ੍ਰਤਾਪ ਸਿੰਘ ਵੇਲੇ ਵੀ ਇਹ ਪ੍ਰਥਾ ਜਾਰੀ ਰਹੀ ਤੇ ਹੁਣ ਗੁਰੂ ਜਗਜੀਤ ਸਿੰਘ ਜੀ ਵੀ ਇਸ ਨੂੰ ਨਿਭਾ ਰਹੇ ਹਨ। ੧੯੬੩ ਵਿਚ ੩ ਜੂਨ ਵਾਲੇ ਦਿਨ ਪਿੰਡ ਖੋਟੇ ਵਿਖੇ ਹੀ ੧੪੯ ਜੋੜਿਆਂ ਦੇ ਸਮੂਹਕ ਵਿਆਹ ਇੱਕੋ ਸਮੇਂ ਇੱਕੋ ਦਾਇਰੇ ਵਿਚ ਕਰਕੇ ਅੰਤਰ-ਰਾਸ਼ਟਰੀ ਪੱਧਰ ਉਤੇ 'ਆਨੰਦ-ਕਾਰਜ' ਦੀ ਸ਼ਤਾਬਦੀ ਮਨਾਈ ਗਈ। ਸਿੱਖ-ਸਮਾਜ ਵਿਚ, ਜਿਸ ਉਤੇ ਉਦੋਂ ਤੱਕ ਬ੍ਰਾਹਮਣੀ ਰੀਤਾਂ ਦਾ ਵੱਡਾ ਭਾਰੀ ਪ੍ਰਭਾਵ ਸੀ, ਅਨੰਦ-ਕਾਰਜ ਵਿਆਹ ਪੱਧਤੀ ਇੱਕ ਬਹੁਤ ਵੱਡਾ ਇਨਕਲਾਬੀ ਕਦਮ ਸੀ।

ਭਾਰਤੀ ਪੱਧਰ ਉਤੇ ਦੇਖਿਆ ਜਾਵੇ ਤਾਂ ਇਹਨਾਂ ਸਮੂਹਕ ਵਿਆਹਾਂ ਦੀ ਰਸਮ ਹੋਰਨਾਂ ਸਮਾਜਾਂ ਵਿਚ ਵੀ ਪ੍ਰਚੱਲਤ ਹੈ। ਰਾਜਿਸਥਾਨ ਵਿਚ, ਬੀਕਾਨੇਰ ਦੇ ਸਥਾਨ ਉੱਤੇ, ਹਰ ਚੌਥੇ ਸਾਲ ਪੁਸ਼ਕਰਨਾ ਸਮਾਜ ਦੇ ਲਗਭਗ ਪੰਜ ਸੌ ਮੁੰਡੇ-ਕੁੜੀਆਂ ਦੇ ਸਮੂਹਕ ਵਿਆਹ ਕੀਤੇ ਜਾਂਦੇ ਹਨ। ਇਹ ਰਿਵਾਜ ਚਾਰ ਸੌ ਸਾਲ ਪੁਰਾਣਾ ਚੱਲਿਆ ਆ ਰਿਹਾ ਹੈ। ਕਲਕੱਤੇ, ਮਦਰਾਸ, ਗੋਹਾਟੀ, ਬੰਬਈ, ਬੰਗਲੌਰ ਤੇ ਦਿੱਲੀ ਤੱਕ ਦੇ ਜੋੜੇ ਏਥੇ ਵਿਆਹ ਕਰਵਾਉਣ ਆਉਂਦੇ ਹਨ।

ਪਰ ਸਿੱਖ-ਸਮਾਜ ਵਿਚ ਅਨੰਦ-ਕਾਰਜ ਵਾਲੀ ਵਿਆਹ-ਰਸਮ ਅਸਲੋਂ ਹੀ ਇੱਕ ਅਗਾਂਹ-ਵਧੂ ਤੇ ਮਹੱਤਵਪੂਰਣ ਕਦਮ ਸੀ। ਗੁਰੂ ਰਾਮ ਸਿੰਘ ਜੀ ਵਲੋਂ ਇਹ ਇੱਕ ਵੱਡਾ ਸਮਾਜ-ਸੁਧਾਰ ਵੀ ਸੀ। ਉਹਨਾਂ ਨੇ ਦੇਖਿਆ ਕਿ ਪਹਿਲਾਂ ਵਾਲੇ 'ਫੇਰਿਆਂ' ਦੇ ਵਿਆਹ ਢੰਗ ਉੱਤੇ ਬੜਾ ਖਰਚ ਆਉਂਦਾ ਹੈ। ਕਈ ਧਾਰਮਿਕ ਰਸਮਾਂ ਨਿਭਾਉਣੀਆਂ ਪੈਂਦੀਆਂ ਹਨ। ਵਿਆਹ ਉਪ੍ਰੰਤ ਲੜਕੀ ਦੇ ਮਾਪੇ ਕਰਜ਼ਾਈ ਹੋ ਜਾਂਦੇ ਹਨ।

ਪ੍ਰੋਹਤ ਲੋਕਾਂ ਨੇ ਅਨੰਦ-ਕਾਰਜ ਦਾ ਸਖ਼ਤ ਵਿਰੋਧ ਕੀਤਾ। ਇਹ ਧਮਕੀ ਵੀ ਦਿੱਤੀ ਕਿ ਜੇ ਇਸ ਪ੍ਰਕਾਰ ਦੇ ਵਿਆਹ ਬੰਦ ਨਾ ਕੀਤੇ ਗਏ ਤਾਂ ਉਹ ਅੱਗ ਵਿਚ ਮੱਚ ਕੇ ਆਪਣੇ ਆਪ ਨੂੰ ਖ਼ਤਮ ਕਰ ਲੈਣਗੇ। ਬ੍ਰਾਹਮਣਾਂ ਦੇ ਇਸ ਰੋਸ ਵਿਚ ਨਾਈ, ਧੋਬੀ ਤੇ ਮਰਾਸੀ ਵੀ ਸ਼ਾਮਲ ਹੋ ਗਏ। ਉਹਨਾਂ ਦੀ ਕਮਾਈ ਉੱਤੇ ਸਖਤ ਸੱਟ ਵਜਦੀ ਸੀ। ਨਾਮਧਾਰੀ ਆਗੂ ਨੇ ਉਹਨਾਂ ਦੀ ਕੋਈ ਪ੍ਰਵਾਹ ਨਾ ਕੀਤੀ। ਆਖਰ ਬ੍ਰਾਹਮਣਾਂ ਨੇ ਸਰਕਾਰ ਕੋਲ ਫਰਿਆਦ ਕੀਤੀ। ਗਵਰਨਰ ਨੇ ਫਿਰੋਜ਼ਪੁਰ ਦੇ ਡੀ.ਸੀ. ਨੂੰ ਹੁਕਮ ਕੀਤਾ ਕਿ ਉਹ ਖੋਟੇ ਪਿੰਡ ਵਿਚ ਜਾਕੇ ਮਾਮਲੇ ਦੀ ਤਫਤੀਸ਼ ਕਰੇ। ਗੁਰੂ ਰਾਮ ਸਿੰਘ ਨੂੰ ਉਹਨਾਂ ਦੇ ਪਿੰਡ ਭੈਣੀ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਪਰ ਸਰਕਾਰੀ ਦਖ਼ਲ ਦੇ ਬਾਵਜੂਦ ਵੀ ਨਾਮਧਾਰੀਆਂ ਦੇ ਅਨੰਦ-ਕਾਰਜ ਹੁੰਦੇ ਰਹੇ। ਹੌਲੀ-ਹੌਲੀ ਹੋਰ ਸਿੱਖ ਵੀ ਇਸ ਨੂੰ ਅਪਣਾਉਣ ਲੱਗੇ। ਅਖੀਰ ੧੯੦੯ ਈਸਵੀ ਵਿੱਚ 'ਅਨੰਦ ਮੈਰਿਜ ਐਕਟ' ਪਾਸ ਹੋ ਗਿਆ। ਡਾ. ਐਮ.ਐਮ. ਆਹਲੂਵਾਲੀਆ ਅਨੁਸਾਰ ਇਹ ਐਕਟ ਪਾਸ ਕਰਵਾਉਣ ਵਿਚ ਉਸ ਸਮੇਂ ਦੇ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਤੇ ਟਿੱਕਾ ਸਾਹਿਬ ਰਿਆਸਤ ਨਾਭਾ ਦੀਆਂ ਕੋਸ਼ਿਸ਼ਾਂ ਦਾ ਵੱਡਾ ਹੱਥ ਸੀ।



ਭਾਈ ਕਾਹਨ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ "ਅਨੰਦ ਦੀ ਰੀਤੀ ਸਿੱਖਾਂ ਵਿੱਚ ਬਹੁਤ ਪੁਰਾਣੀ ਹੈ, ਪਰ ਇਸ ਨੂੰ ਕਾਨੂੰਨ ਦੀ ਸ਼ਕਲ ਵਿਚ ਲਿਆਉਣ ਦਾ ਯਤਨ ਟਿੱਕਾ ਸਾਹਿਬ (ਵਲੀ ਅਹਿਦ) ਨਾਭਾ ਸ੍ਰੀ ਮਾਨ ਰਿਪੁਦਮਨ ਸਿੰਘ ਜੀ ਨੇ ਕੀਤਾ, ਜਿਨ੍ਹਾਂ ਨੇ ੩੦ ਅਕਤੂਬਰ ਸੰਨ ੧੯੦੮ ਨੂੰ ਬਿਲ ਕੌਂਸਲ ਵਿਚ ਪੇਸ਼ ਕੀਤਾ ਅਤੇ ਸਰਦਾਰ ਸੁੰਦਰ ਸਿੰਘ ਜੀ ਰਈਸ ਮਜੀਠਾ ਦੇ ਜਤਨ ਨਾਲ ੨੭ ਅਗਸਤ ਸੰਨ ੧੯੦੯ ਨੂੰ ਰਪੋਟ ਲਈ ਖਾਸ ਕਮੇਟੀ ਦੇ ਸਪੁਰਦ ਹੋਇਆ ਅਤੇ ੨੨ ਅਕਤੂਬਰ ਸੰਨ ੧੯੦੯ ਨੂੰ ਅਨੰਦ ਵਿਆਹ ਦਾ ਕਾਨੂੰਨ ਪਾਸ ਹੋਇਆ।"

ਆਨੰਦ-ਕਾਰਜ ਕਾਨੂੰਨ ਕਦੋਂ ਬਣਿਆ ਜਾਂ ਕਿਸ ਨੇ ਬਣਵਾਇਆ, ਇਸ ਨਾਲੋਂ ਵੱਡਾ ਮਹੱਤਵ ਇਹ ਹੈ ਕਿ 'ਫੇਰਿਆਂ' ਦੀ ਪੁਰਾਣੀ ਰਸਮ ਤੋੜ ਕੇ ਇਹ ਆਨੰਦ-ਕਾਰਜ ਦੀ ਰਸਮ ਸ਼ੁਰੂ ਕਿਸ ਨੇ ਕੀਤੀ। ਸੋਚੋ, ਉਸ ਸਮੇਂ ਇਹ ਕਿੱਡਾ ਵੱਡਾ ਅੱਗੇ ਵਧੂ ਕਦਮ ਸੀ। ਸਦੀਆਂ ਤੋਂ ਤੁਰੀ ਆਉਂਦੀ ਕਿਸੇ ਸਮਾਜਕ ਰਸਮ ਨੂੰ ਤੋੜਨਾ ਤੇ ਨਵੀਂ ਰਸਮ ਪ੍ਰਚੱਲਤ ਕਰਨਾ ਕੋਈ ਆਸਾਨ ਗੱਲ ਨਹੀਂ ਹੁੰਦੀ। ਪਰ ਗੁਰੂ ਰਾਮ ਸਿੰਘ ਜੀ ਨੇ ਇਹ ਕਰਕੇ ਦਿਖਾਇਆ।

ਪੰਜਾਬ ਦੇ ਪ੍ਰਸਿੱਧ ਉਦਯੋਗਿਕ ਸ਼ਹਿਰ ਲੁਧਿਆਣਾ ਤੋਂ ੨੬ ਕਿਲੋਮੀਟਰ ਦੂਰ ਇੱਕ ਪਿੰਡ ਭੈਣੀ ਹੈ। ਭੈਣੀ ਰਾਈਆਂ ਵਾਲੀ, ਜਿਸ ਨੂੰ ਅੱਜਕਲ ਸ੍ਰੀ ਭੈਣੀ ਸਾਹਿਬ ਆਖਿਆ ਜਾਂਦਾ ਹੈ। ਇਸ ਪਿੰਡ ਵਿਚ ੩ ਫਰਵਰੀ ੧੮੧੬ ਈਸਵੀ ਨੂੰ ਬਸੰਤ ਪੰਚਮੀ ਵਾਲੇ ਦਿਨ ਗੁਰੂ ਰਾਮ ਸਿੰਘ ਜੀ ਦਾ ਜਨਮ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਸ੍ਰ. ਜੱਸਾ ਸਿੰਘ ਸੀ ਤੇ ਮਾਤਾ ਬੀਬੀ ਸਦਾ ਕੌਰ। ਮਾਂ-ਬਾਪ ਦੋਵੇਂ ਹੀ ਬੜੇ

Namdhari Elibrary NamdhariElibrary@gmail.com

ਧਾਰਮਿਕ ਵਿਚਾਰਾਂ ਵਾਲੇ ਸਨ। ਬਚਪਨ ਤੋਂ ਹੀ ਗੁਰੂ ਜੀ ਨੂੰ ਮਾਤਾ-ਪਿਤਾ ਵਲੋਂ ਸਿੱਖ-ਇਤਿਹਾਸ, ਗੁਰਬਾਣੀ ਤੇ ਦੇਸ਼ ਬਾਰੇ ਭਰਪੂਰ ਵਾਕਫ਼ੀ ਮਿਲ ਗਈ ਸੀ। ਪਿਤਾ ਜੀ ਤਰਖਾਣਾ ਕੰਮ ਕਰਦੇ ਸਨ। ਸੱਤ ਸਾਲ ਦੀ ਉਮਰ ਵਿਚ ਹੀ ਗੁਰੂ ਜੀ ਦੀ ਸ਼ਾਦੀ ਪਿੰਡ ਧਰੋੜ ਦੇ ਸਾਹਿਬ ਸਿੰਘ ਨਾਂ ਦੇ ਇੱਕ ਵਿਅਕਤੀ ਦੀ ਸਪੁੱਤਰੀ ਬੀਬੀ ਜੱਸਾਂ ਨਾਲ ਹੋ ਗਈ। ਬਚਪਨ ਵਿਚ ਗੁਰੂ ਜੀ ਤਰਖਾਣਾਂ ਵਾਲੇ ਕੰਮ-ਧੰਦੇ ਵਿਚ ਆਪਣੇ ਪਿਤਾ ਦੀ ਮਦਦ ਕਰਦੇ ਰਹੇ।

ਵੀਹ ਸਾਲ ਦੀ ਉਮਰ ਵਿਚ ਉਹ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਫੌਜ ਵਿਚ ਭਰਤੀ ਹੋ ਗਏ। ਫੌਜੀ ਨੌਕਰੀ ਸਮੇਂ ਵੀ ਉਹ ਸਵੇਰੇ ਜਾਗਦੇ, ਇਸ਼ਨਾਨ-ਪਾਣੀ ਮਗਰੋਂ ਨਿੱਤ-ਨੇਮ ਕਰਦੇ। ਹਮੇਸ਼ਾਂ ਹੀ ਪ੍ਰਭੂ-ਭਗਤੀ ਵਿਚ ਲੀਨ ਰਹਿੰਦੇ। ਉਹਨਾਂ ਦੇ ਸਾਥੀ-ਸਿਪਾਹੀ ਵੀ ਉਹਨਾਂ ਦੀ ਰੀਸ ਕਰਨ ਲੱਗੇ। ਫਲਸਰੂਪ ਇਸ ਫੌਜੀ ਦਸਤੇ ਦਾ ਨਾਂ ਹੀ 'ਭਗਤਾਂ ਦੀ ਰਜਮੈਂਟ' ਪੈ ਗਿਆ।

ਫੌਜ ਦੀ ਨੌਕਰੀ ਕਰਦਿਆਂ ਹਜ਼ਰੋਂ (ਪਾਕਿਸਤਾਨ) ਦੇ ਇੱਕ ਭਜਨੀਕ, ਮਹਾਂਪੁਰਸ਼, ਗੁਰੂ ਬਾਲਕ ਸਿੰਘ ਨਾਲ ਉਹਨਾਂ ਦਾ ਸੰਪਰਕ ਹੋਇਆ ਤੇ ਉਹ ਉਹਨਾਂ ਦੇ ਸ਼ਰਧਾਲੂ ਬਣ ਗਏ। ਅਧਿਆਤਮਕ ਗਿਆਨ ਇੱਥੋਂ ਹੀ ਬਹੁਤਾ ਪ੍ਰਾਪਤ ਹੋਇਆ।

ਲਾਹੌਰ ਦਰਬਾਰ ਦੀ ਖਿੱਚੋਤਾਣ ਉੱਤੇ ਗੁਰੂ ਰਾਮ ਸਿੰਘ ਨੂੰ ਡਾਢਾ ਰੰਜ ਸੀ। ਉਹ ਆਖਿਆ ਕਰਦੇ, "ਸਿੱਖ ਆਗੂਆਂ ਨੇ ਹੁਣ ਮਲੇਛਾਂ ਵਾਲਾ ਕੰਮ ਸ਼ੁਰੂ ਕਰ ਦਿੱਤਾ ਹੈ। ਸਿੱਖ-ਰਾਜ ਦੀ ਤਬਾਹੀ ਹੋ ਕੇ ਰਹੇਗੀ।" ਦਰਬਾਰੀਆਂ ਦੇ ਖੜਯੰਤਰ ਦੱਸ ਕੇ ਉਹ ਉੱਚੀ ਉੱਚੀ ਵੈਣ ਪਾਉਣ ਲਗਦੇ ਤੇ ਆਪਣੇ-ਆਪ ਨੂੰ ਹੀ ਦੁਹੱਥੜੀਂ ਪਿੱਟ ਸੁੱਟਦੇ। ਇੱਟ ਉੱਤੇ ਇੱਟ ਰਗੜਨ ਲਗਦੇ। ਪੁੱਛਿਆ ਜਾਂਦਾ ਤਾਂ ਜਵਾਬ ਦਿੰਦੇ, 'ਅਸੀਂ ਮਲੇਛਾਂ ਨੂੰ ਪੀਹ ਰਹੇ ਆਂ, ਜਿਹੜੇ ਸਿੱਖ-ਰਾਜ ਦੇ ਖ਼ਾਤਮੇ ਦਾ ਕਾਰਨ ਬਣ ਰਹੇ ਨੇ।"

ਹਿੰਦ-ਪੰਜਾਬ ਦੀ ਲੜਾਈ ਸਮੇਂ ੧੮੪੫ ਈ: ਵਿਚ ਦੁਖੀ ਹੋ ਕੇ ਗੁਰੂ ਰਾਮ ਸਿੰਘ ਜੀ ਨੇ ਨੌਕਰੀ ਛੱਡ ਦਿੱਤੀ ਤੇ ਆਪਣੇ ਪਿੰਡ ਆ ਗਏ। ਸਤਿਸੰਗ ਤੇ ਕੀਰਤਨ ਕਰਨ ਲੱਗੇ। ਹੌਲੀ-ਹੌਲੀ ਇਹ ਸਥਾਨ ਸਿਆਸੀ ਸਰਗਰਮੀਆਂ ਦਾ ਕੇਂਦਰ ਵੀ ਬਣਦਾ ਗਿਆ। ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਆਪ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੇ ਤੇ ਉਹਨਾਂ ਦਾ ਪਰਚਾਰ ਸੁਣ ਕੇ ਸ਼ਰਧਾਲੂ ਬਣਦੇ ਗਏ। ੧੮੫੭ ਵਿਚ ਵਸਾਖੀ ਵਾਲੇ ਦਿਨ ਆਪ ਜੀ ਨੇ ਭੈਣੀ ਸਾਹਿਬ ਵਿਖੇ ਇਕ ਵੱਡਾ ਭਾਰੀ ਇੱਕਠ ਬੁਲਾਇਆ ਤੇ 'ਸੰਤ ਖਾਲਸਾ' ਦੀ ਸਥਾਪਨਾ ਕੀਤੀ। ਚਿੱਟਾ ਝੰਡਾ ਲਹਿਰਾਇਆ। ਉਸ ਦਿਨ ਉਹਨਾਂ ਦੇ ਇਨਕਲਾਬੀ ਵਿਚਾਰਾਂ ਨੇ ਸ਼ਰਧਾਲੂਆਂ ਨੂੰ ਕੀਲ ਕੇ ਰੱਖ ਲਿਆ। ਉਹਨਾਂ ਦੇ ਪਰਚਾਰ ਵਿਚ ਹਮੇਸ਼ਾ ਸਿਆਸੀ ਤੇ ਸਮਾਜਕ ਵਿਚਾਰਾਂ ਦੀ ਗਹਿਰੀ ਰੰਗਣ ਹੁੰਦੀ। ਉਹਨਾਂ ਨੇ ਅੰਗ੍ਰੇਜ਼ਾਂ ਦੀਆਂ ਚਲਾਈਆਂ ਰੇਲ-ਗਡੀਆਂ, ਸਕੂਲ-ਕਾਲਜਾਂ ਤੇ ਡਾਕਖਾਨਿਆਂ ਦਾ ਬਾਈਕਾਟ ਕਰਨ ਲਈ ਕਿਹਾ। ਨਾਮਧਾਰੀਆਂ ਕੋਲ ਆਪਣੀ ਡਾਕ-ਸੇਵਾ ਦਾ ਪ੍ਰਬੰਧ ਸੀ। ਬਾਬਾ ਜੀ ਨੇ ਸਮਾਜਕ ਪ੍ਰਬੰਧ ਲਈ ੨੨ ਸੂਬਿਆਂ ਦੀ ਥਾਪਨਾ ਕੀਤੀ।

ਉਹਨਾਂ ਨੇ ਆਪਣੇ ਸੇਵਕਾਂ ਨੂੰ ਕਿਹਾ ਕਿ ਉਹ ਉਚੇ ਆਚਰਨ ਦੀ ਪਾਲਣਾ ਕਰਨ। ਪ੍ਰਮਾਤਮਾ ਇੱਕ ਹੈ । ਕਿਸੇ ਮਜ਼ਹਬੀ ਫਿਰਕੇ ਨਾਲ ਫ਼ਰਕ ਨਾ ਰੱਖਿਆ ਜਾਵੇ। ਮੂਰਤੀ-ਪੂਜਾ ਦਾ ਤਿਆਗ ਕੀਤਾ ਜਾਵੇ। ਝੂਠ ਬੋਲਣ, ਚੋਰੀ ਕਰਨ ਤੇ ਦੂਜੇ ਦੀ ਚੀਜ਼ ਉੱਤੇ ਬੁਰੀ ਨਿਗਾਹ ਰੱਖਣ ਨੂੰ ਕਲੰਕ ਸਮਝਿਆ ਜਾਵੇ। ਕੋਈ ਨਸ਼ਾ ਨਹੀਂ ਕਰਨਾ। ਧੀਆਂ ਵੇਚਣੀਆਂ ਨਹੀਂ। ਸਵਾ ਪਹਿਰ ਰਹਿੰਦੀ ਰਾਤ ਸਮੇਂ ਸਵੇਰੇ ਮੰਜਾ-ਬਿਸਤਰਾ ਛੱਡ ਦਿਓ। ਸਣੇ ਕੇਸੀਂ ਇਸ਼ਨਾਨ ਕਰਕੇ ਪ੍ਰਮਾਤਮਾ ਦੀ ਭਗਤੀ ਵਿਚ ਲੱਗ ਜਾਓ। ਕਿਰਤ ਕਰੋ ਤੇ ਸਭ ਭਾਈਆਂ ਵਿਚ ਵੰਡ ਕੇ ਖਾਓ।

ਅੱਠਾਂ-ਦਸਾਂ ਸਾਲਾਂ ਵਿਚ ਹੀ ਇਹ ਸ਼ਰਧਾਲੂ-ਵਰਗ ਲੱਖਾਂ ਦੀ ਗਿਣਤੀ ਤੱਕ ਪਹੁੰਚ ਗਿਆ। ਗੁਰੂ ਰਾਮ ਸਿੰਘ ਜੀ ਦਾ ਸੁਭਾਓ ਮੰਨਕੇ ਕਸ਼ਮੀਰ ਦੀ ਡੋਗਰਾ ਸਰਕਾਰ ਨੇ ੧੮੬੯ ਈਸਵੀ ਵਿਚ ਇੱਕ 'ਕੂਕਾ ਰਜਮੈਂਟ' ਖੜ੍ਹੀ ਕਰ ਦਿੱਤੀ। ੧੮੭੦ ਵਿਚ ਬਾਬਾ ਜੀ ਵਲੋਂ ਇੱਕ ਮਿਸ਼ਨ ਨੈਪਾਲ ਭੇਜਿਆ ਗਿਆ ਤਾਂ ਜੋ ਕਾਬਲ, ਰੂਸ ਤੇ ਨੈਪਾਲ ਵਲੋਂ ਫੌਜੀ ਸਹਾਇਤਾ ਪ੍ਰਾਪਤ ਕੀਤੀ ਜਾਵੇ। ਰੂਸੀਆਂ ਨਾਲ ਨਾਮਧਾਰੀਆਂ ਦਾ ਗੂੜ੍ਹਾ ਸੰਪਰਕ ਜੁੜ ਗਿਆ। ਕਾਬਲ ਤੋਂ ਦੋ ਰਾਜ ਕੁਮਾਰ ਭੇਸ ਬਦਲ ਕੇ ਭੈਣੀ ਸਾਹਿਬ ਆਏ। ਬਾਬਾ ਜੀ ਨੇ ਦੇਸੋਂ ਕੱਢੇ ਤੇ ਇੰਗਲੈਂਡ ਰਹਿੰਦੇ ਮਹਾਰਾਜਾ ਦਲੀਪ ਸਿੰਘ ਨਾਲ ਵੀ ਗੱਲ-ਬਾਤ ਕਰਨ ਦੀ ਕੋਸ਼ਿਸ਼ ਕੀਤੀ।

ਪੰਜਾਬ ਉੱਤੇ ਜਦੋਂ ਅੰਗ੍ਰੇਜ਼ਾਂ ਦਾ ਮੁਕੰਮਲ ਕਬਜ਼ਾ ਹੋ ਗਿਆ ਤਾਂ ਉਹਨਾਂ ਨੇ ਥਾਂ-ਥਾਂ ਬੁੱਚੜਖਾਨੇ ਖੋਲ੍ਹ ਦਿੱਤੇ । ਗਊ ਦਾ ਮਾਸ ਸ਼ਰੇ ਆਮ ਵੇਚਿਆ ਜਾਂਦਾ। ਗਊ-ਭਗਤ ਨਾਮਧਾਰੀ ਇਹ ਕਿਵੇਂ ਸਹਿਣ ਕਰ ਸਕਦੇ ਸਨ? ਅੰਮ੍ਰਿਤਸਰ ਵਿਖੇ ਉਹਨਾਂ ਨੇ ਬੁੱਚੜਾਂ ਦਾ ਕਤਲ ਕਰ ਦਿੱਤਾ। ਰਾਏਕੋਟ ਤੇ ਮਲੇਰ ਕੋਟਲੇ ਵਿੱਚ ਵੀ ਅਜਿਹੀਆਂ ਵਾਰਦਾਤਾਂ ਹੋਈਆਂ। ੧੭ ਜਨਵਰੀ ੧੮੭੨ ਈਸਵੀ ਵਿਚ ੬੬ ਕੂਕੇ ਸਿੰਘ ਮਲੇਰ ਕੋਟਲੇ ਦੇ ਕਲਰ ਵਿੱਚੋਂ ਪੇਸ਼ ਹੋਏ। ਬਿਨਾਂ ਮੁਕੱਦਮਾ ਚਲਾਏ ੪੯ ਸਿੰਘਾਂ ਨੂੰ ਪਹਿਲੇ ਦਿਨ ਮਾਲੇਰਕੋਟਲੇ ਵਿਚ ਤੋਪਾਂ ਸਾਹਮਣੇ ਇੱਕਲਾ-ਇੱਕਲਾ ਖੜ੍ਹਾ ਕਰਕੇ ਉਡਾ ਦਿੱਤਾ ਗਿਆ। ਡੀ.ਸੀ. ਕਾਵਨ ਦਾ ਇਕ ਪਾਗਲ ਹੰਕਾਰ ਸੀ। ਨੌਂ ਤੋਪਾਂ ਸਨ। ਬਾਰਾਂ-ਸਾਲਾ ਬਿਸ਼ਨ ਸਿੰਘ ਡੀ.ਸੀ. ਦੀ ਦਾੜ੍ਹੀ ਨੂੰ ਪੈ ਗਿਆ, ਅੰਤ ਨੂੰ ਤਲਵਾਰ ਨਾਲ ਮਾਰਿਆ ਗਿਆ। ਛੋਟੇ ਕੱਦ ਦਾ ਵਰਿਆਮ ਸਿੰਘ, ਜਿਸ ਦਾ ਕੱਦ ਤੋਪ ਦੇ ਮੂੰਹ ਤੱਕ ਨਹੀਂ ਜਾ ਸਕਦਾ ਸੀ, ਪੈਰਾਂ ਥੱਲੇ ਇੱਟਾਂ ਰੱਖਕੇ ਸ਼ਹੀਦ ਹੋ ਗਿਆ। ਬਾਕੀ ਦੇ ੧੬ ਕੂਕਿਆਂ ਨੂੰ ਸਣੇ ਵਰਿਆਮ ਸਿੰਘ ਦੂਜੇ ਦਿਨ ਤੋਪਾਂ ਨਾਲ ਉਡਾਇਆ ਗਿਆ।

ਅੰਗ੍ਰੇਜ਼ ਸਰਕਾਰ ਕੂਕਿਆਂ ਦੀਆਂ ਮਹਾਨ ਕੁਰਬਾਨੀਆਂ ਤੋਂ ਘਬਰਾ ਉੱਠੀ ਤੇ ਗੁਰੂ ਰਾਮ ਸਿੰਘ ਨੂੰ ਉਹਨਾਂ ਦੇ ੧੦ ਸੂਬਿਆਂ ਸਮੇਤ ਗਰਿਫ਼ਤਾਰ ਕਰ ਲਿਆ ਗਿਆ ਤੇ ਜਲਾਵਤਨ ਕਰਕੇ ਪਹਿਲਾਂ ਅਲਾਹਾਬਾਦ ਤੇ ਫੇਰ ਰੰਗੂਨ ਭੇਜ ਦਿੱਤਾ ਗਿਆ।

ਉਹਨਾਂ ਨੂੰ ਰੰਗੂਨ ਦੇ ਓਸੇ ਕੈਦਖਾਨੇ ਵਿਚ ਰੱਖਿਆ ਗਿਆ, ਜਿੱਥੇ ਕਦੇ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਨੂੰ ਰੱਖਿਆ ਗਿਆ ਸੀ। ਓਧਰ ਪੰਜਾਬ ਵਿਚ ਉਹਨਾਂ ਦੇ ਸੇਵਕਾਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਗੁਰੂ ਜੀ ਕਿਥੇ ਹਨ। ਆਖ਼ਰ ਪਤਾ ਲੱਗ ਹੀ ਗਿਆ ਤੇ ਸਿਰੜੀ ਨਾਮਧਾਰੀ ਸਿੰਘ ਬਰਮਾ ਵਿਚ ਆਪਣੇ ਮਹਿਬੂਬ ਗੁਰੂ ਨੂੰ ਜਾ ਮਿਲੇ ਤੇ ਫੇਰ ਓਥੋਂ ਚੋਰੀ-ਛਿਪੇ ਉਹ ਆਪਣੇ ਸੇਵਕਾਂ ਨੂੰ ਆਦੇਸ਼ (ਹੁਕਮਨਾਮੇ) ਲਿਖ ਲਿਖ ਭੇਜਦੇ।

ਚਿੱਟਾ ਚੂੜੀਦਾਰ ਪਾਜਾਮਾ, ਕਲੀਆਂ ਵਾਲਾ ਚਿੱਟਾ ਦੁੱਧ ਕੁੜਤਾ ਤੇ ਸਿਰ ਉੱਤੇ ਕੰਵਲ ਫੁੱਲ ਜਿਹੀ ਸਿੱਧੀ ਪਗੜੀ ਵਾਲਾ ਕੋਈ ਮਟਕਵੀਂ ਚਾਲ ਤੁਰਿਆ ਜਾ ਰਿਹਾ ਹੋਵੇ ਤਾਂ ਸਮਝੋ ਕਿ ਇਹ ਓਸੇ ਮਹਾਨ ਦੇਸ਼ ਭਗਤ ਤੇ ਸਮਾਜ ਨਿਰਮਾਤਾ ਰੱਬੀ-ਜੋਤ ਮਹਾਂਪੁਰਖ ਗੁਰੂ ਰਾਮ ਸਿੰਘ ਜੀ ਦਾ ਸਰੂਪ ਹੈ। ❖❖❖

Namdhari Elibrary NamdhariElibrary@gmail.com

ਨਾਮਧਾਰੀ ਹੋਣ ਦਾ ਅਰਥ

ਅਮਰ ਭਾਰਤੀ

ਮਨੁੱਖਾ ਸਮਾਜ ਦੀ ਉੱਨਤੀ ਤੇ ਅਵਨਤੀ ਵਿੱਚ ਹਮੇਸ਼ਾ ਦੋ ਤਰ੍ਹਾਂ ਦੇ ਤੱਤ ਕੰਮ ਕਰਦੇ ਨੇ। ਇਕ ਹੈ ਸੂਖਮ ਪ੍ਰਾਣ ਸ਼ਕਤੀ ਦਾ ਤੱਤ ਅਤੇ ਦੂਜਾ ਹੈ ਪ੍ਰਾਣ ਸ਼ਕਤੀ ਦਾ ਸਥੂਲ ਤੱਤ।



ਸਮਾਜ ਦੀ ਇਸ ਉੱਨਤੀ ਅਤੇ ਅਵਨਤੀ ਬਾਰੇ ਧਾਰਨਾ ਵੀ ਦੋ ਤਰ੍ਹਾਂ ਦੀ ਹੈ। ਇਕਨਾ ਦੀ ਧਾਰਨਾ ਹੈ ਕਿ ਸੂਖਮ ਪ੍ਰਾਣ ਸ਼ਕਤੀ ਦੇ ਵਿਕਾਸ ਨਾਲ ਉੱਨਤੀ ਹੁੰਦੀ ਹੈ। ਇਕਨਾ ਦਾ ਮੰਨਣਾ ਇਹ ਹੈ ਕਿ ਸਥੂਲ ਪ੍ਰਾਣ ਸ਼ਕਤੀ ਦਾ ਵਿਕਾਸ ਹੀ ਤਰੱਕੀ ਦਾ ਆਧਾਰ ਹੈ।

ਧਾਰਮਕ ਜਾਂ ਅਧਿਆਤਮਕ ਲੋਕਾਂ ਦਾ ਮੰਨਣਾ ਇਹ ਹੈ ਕਿ ਸੂਖਮ ਪ੍ਰਾਣ ਸ਼ਕਤੀ ਦੇ ਵਿਕਾਸ ਨਾਲ ਜਿਹੜੀ ਉੱਨਤੀ ਹੁੰਦੀ ਹੈ-ਉਸ ਨਾਲ ਜੀਵਨ ਵਿਚ ਸਾਵਾਂਪਨ ਰਹਿੰਦਾ ਹੈ। ਲੋੜ ਅਨੁਸਾਰ ਸਭ ਭੋਗ ਪਦਾਰਥ ਵੀ ਮਿਲਦੇ ਨੇ ਤੇ ਪਰਮਾਤਮਾ ਦੇ ਵੀ ਨੇੜੇ ਨੇੜੇ ਰਹਿਣ ਦੀ ਸਥਿਤੀ ਬਣੀ ਰਹਿੰਦੀ ਹੈ। ਕਾਮ, ਕਰੋਧ, ਲੋਭ, ਮੋਹ ਤੇ ਅਹੰਕਾਰ ਵੱਸ ਵਿਚ ਆਉਂਦੇ ਨੇ, ਜੀਵਨ ਵਿਚ ਸੰਜਮ ਅਤੇ ਆਨੰਦ ਦਾ ਸਥਾਈ ਭਾਵ ਬਣਿਆ ਰਹਿੰਦਾ ਹੈ। ਸੂਖਮ ਪ੍ਰਾਣ ਸ਼ਕਤੀ ਦੇ ਵਿਕਾਸ ਨਾਲ ਆਦਮੀ ਅਜੇਹੀਆਂ ਦੈਵੀ ਸ਼ਕਤੀਆਂ ਦਾ ਸਵਾਮੀ ਬਣ ਜਾਂਦਾ ਹੈ ਕਿ ਹੋਰ ਕਿਸੇ ਵੀ ਤਰ੍ਹਾਂ ਦੀ ਬਾਹਰੀ ਤਾਕਤ ਉਸ ਅਗੇ ਠਹਿਰ ਨਹੀਂ ਸਕਦੀ।

ਦੂਜੇ ਪਾਸੇ ਕੇਵਲ ਦੁਨਿਆਵੀ ਅਤੇ ਕੇਵਲ ਪਦਾਰਥਕ ਭੋਗਾਂ ਦੀ ਪ੍ਰਾਪਤੀ ਨੂੰ ਹੀ ਉੱਨਤੀ ਮੰਨਣ ਵਾਲਿਆਂ ਦੀ ਧਾਰਨਾ ਇਹ ਹੈ ਕਿ ਆਪਣੀ ਸਾਰੀ ਪ੍ਰਾਣ ਸ਼ਕਤੀ ਨੂੰ ਸਥੂਲ ਭੋਗਾਂ ਤੇ ਪਦਾਰਥਾਂ ਦੀ ਪ੍ਰਾਪਤੀ ਲਈ ਲਗਾ ਦੇਣ ਨਾਲ ਜ਼ਿੰਦਗੀ ਦੇ ਵਡੇ ਤੋਂ ਵਡੇ ਸੁਖ ਹਾਸਿਲ ਹੋ ਜਾਂਦੇ ਨੇ- ਏਹੋ ਹੀ ਉੱਨਤੀ ਹੈ।

ਸਾਰੀ ਦੁਨੀਆਂ ਵਿਚ ਉੱਨਤੀ ਤੇ ਅਵਨਤੀ ਦੇ ਜਿੰਨੇ ਵੀ ਦੌਰ ਆਏ- ਉਹਨਾਂ ਵਿਚੋਂ ਇਕ ਗੱਲ ਪਰਤੱਖ ਰੂਪ ਵਿਚ ਉਘੜ ਕੇ ਸਾਹਮਣੇ ਆਈ ਹੈ ਕਿ ਜਦੋਂ ਵੀ ਪਦਾਰਥਕ ਭੋਗਾਂ ਦੀ ਬਹੁਲਤਾ ਹੁੰਦੀ ਹੈ ਓਦੋਂ ਹੀ ਉਹਨਾਂ ਦੇ ਸੁਖ ਨੂੰ ਭੋਗਣ ਵਾਲਾ ਮਨੁੱਖੀ ਸਮਾਜ ਕਾਮ, ਕਰੋਧ, ਲੋਭ, ਮੋਹ ਤੇ ਅੰਹਕਾਰ ਰੂਪੀ ਪੰਜਾਂ ਬਲੀਆਂ ਦੇ ਵੱਸ ਹੋ ਜਾਂਦਾ ਹੈ, ਸਥੂਲ ਪ੍ਰਾਣ ਸ਼ਕਤੀ ਦੀ ਉਹ ਵੱਧ ਤੋਂ ਵੱਧ ਵਰਤੋਂ ਕਰਦਾ ਐਸ਼ਵਰਜ ਮਈ ਜੀਵਨ ਜਿਊਂਦਾ ਹੈ। ਸੂਖਮ ਪ੍ਰਾਣ ਸ਼ਕਤੀ ਨੂੰ ਉਹ ਵਿਸਾਰ ਦੇਂਦਾ ਹੈ। ਫਿਰ ਉਸ ਦਾ ਪਤਨ ਸ਼ੁਰੂ ਹੁੰਦਾ ਹੈ। ਆਤਮਕ ਸ਼ਕਤੀ ਜਾਂਦੀ ਰਹਿੰਦੀ ਹੈ ਤੇ ਹਰ ਤਰ੍ਹਾਂ ਦੇ ਬਾਹਰੀ ਹਮਲਿਆਂ ਸਾਹਮਣੇ ਬੇਬਸ ਹੋ ਕੇ ਦਾਸਤਾ ਨੂੰ ਪ੍ਰਾਪਤ ਹੁੰਦਾ ਹੈ।

ਇਹੋ ਕਹਾਣੀ ਦੇਵਤਿਆਂ ਤੇ ਦੈਤਾਂ ਦੀ ਹੈ ਤੇ ਏਸੇ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਵਿਚ ਕੀਤਾ ਹੈ। ਜਿਸ ਦਾ ਪਾਠ ਬਹੁਤ ਸਾਰੇ ਲੋਕ ਹਰ ਰੋਜ਼ ਕਰਦੇ ਨੇ, ਪਰ ਉਹ ਚੰਡੀ ਦਾ ਪਾਠ ਇਹ ਸਮਝ ਕੇ ਕਰਦੇ ਨੇ ਕਿ ਇਸ ਪਾਠ ਨਾਲ ਉਹ ਸ਼ਕਤੀ ਹਾਸਿਲ ਹੁੰਦੀ ਹੈ ਜਿਸ ਦੀ ਬਦੌਲਤ ਰਾਜ ਭਾਗ ਤੇ ਐਸ਼ਵਰਜ ਮਿਲਦਾ ਹੈ। ਚੰਡੀ ਦੀ ਵਾਰ ਦੇ ਪਾਠੀਆਂ ਵਿਚੋਂ ਏਸ ਗੱਲ ਵੱਲ ਕੋਈ ਵਿਰਲਾ ਹੀ ਧਿਆਨ ਦੇਂਦਾ ਹੈ ਕਿ ਦੇਵਤਿਆਂ ਦਾ ਰਾਜ ਪਾਟ ਤੇ ਐਸ਼ਵਰਜ ਖੁੱਸਿਆ ਕਿਉਂ ?

ਹਿੰਦੁਸਤਾਨ ਏਸ ਤੱਤ ਨੂੰ ਪਛਾਨਣ ਵਾਲਾ ਦੇਸ਼ ਰਿਹਾ ਹੈ। ਇਸ ਦੇ ਵੇਦ ਸ਼ਾਸਤਰ, ਪੁਰਾਣ, ਗੀਤਾ, ਰਾਮਾਇਣ ਤੇ ਮਹਾਂਭਾਰਤ ਹਮੇਸ਼ਾਂ ਇਸ ਨੂੰ ਇਹ ਤੱਤ ਸਮਝਾਉਂਦੇ ਰਹੇ ਨੇ। ਸਮੇ ਸਮੇ ਅਵਤਾਰ, ਗੁਰੂ, ਪੀਰ ਵੀ ਏਹੋ ਤੱਤ ਦੱਸਣ-ਸਮਝਾਉਣ ਲਈ ਆਉਂਦੇ ਰਹਿੰਦੇ ਨੇ। ਸਭ ਕਥਾਵਾਂ ਤੇ ਸਭ ਬਾਣੀਆਂ ਦਾ ਸਾਰ ਉਪਦੇਸ਼ ਵੀ ਏਹੋ ਹੀ ਹੈ। ਫਿਰ ਵੀ ਦੇਖਿਆ ਗਿਆ ਹੈ ਕਿ ਮੁੜ ਮੁੜ ਕੇ ਦੇਵਤੇ ਰਾਜ ਖੁਹਾਉਂਦੇ ਨੇ, ਮੁੜ ਮੁੜ ਕੇ ਸੂਖਮ ਪ੍ਰਾਣ ਸ਼ਕਤੀ ਦੇ ਵਿਕਾਸ ਨਾਲ ਐਸ਼ਵਰਜ ਹਾਸਿਲ ਕਰਦੇ ਨੇ।

ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਕੂਕਾ ਸੰਗਠਨ ਬਣਾਉਣਾ ਸ਼ੁਰੂ ਕੀਤਾ ਓਦੋਂ ਏਥੇ ਅੰਗ੍ਰੇਜ਼ਾਂ ਦਾ ਰਾਜ ਸਥਾਪਤ ਹੋ ਚੁੱਕਾ ਸੀ। ਪਰ ਉਸ ਤੋਂ ਪਹਿਲਾਂ ਆਪ ਖ਼ਾਲਸਾ ਰਾਜ ਦੀ ਫੌਜ ਵਿਚ ਰਹਿੰਦਿਆਂ ਖ਼ਾਲਸਾ ਰਾਜ ਦਾ ਜਾਹੋ ਜਲਾਲ ਵੇਖ ਚੁਕੇ ਸਨ। ਖ਼ਾਲਸਾ ਰਾਜ ਦਾ ਐਸ਼ਵਰਜ ਵੇਖ ਚੁੱਕੇ ਸਨ ਤੇ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਜਿਹੇ ਬਲੀਆਂ ਦੀ ਦਾਸਤਾ ਕਾਰਨ ਆਤਮ ਬਲ ਹਾਰ ਕੇ ਖ਼ਾਲਸੇ ਨੂੰ ਉਹ ਸਭ ਐਸ਼ਵਰਜ ਤੇ ਰਾਜ ਪਾਟ ਖੁਹਾਉਂਦਿਆਂ ਵੀ ਵੇਖ ਚੁੱਕੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ-ਬਾਣੀ ਦਾ ਪਾਠ ਪੜ੍ਹਾ ਕੇ ਜਿਸ ਸੂਖਮ ਪ੍ਰਾਣ ਸ਼ਕਤੀ ਵਾਲੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ ਉਸ ਖਾਲਸੇ ਨੇ ਕੁਝ ਸਮੇਂ ਬਾਅਦ ਹੀ ਉਸ ਸੂਖਮ ਪ੍ਰਾਣ ਸ਼ਕਤੀ ਦੇ ਵਿਕਾਸ ਵੱਲੋਂ ਬੇਮੁਖ ਹੋ ਕੇ ਸਥੂਲ ਪ੍ਰਾਣ ਸ਼ਕਤੀ ਦਾ ਆਸਰਾ ਤਕ ਲਿਆ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਉਸ ਨੇ ਜਨਮ ਜਨਮ ਦੇ ਭੋਗਾਂ ਨੂੰ ਹੀ ਜੀਵਨ ਦੀ ਸਾਰਥਕਤਾ ਮੰਨ ਲਿਆ। ਇਹੋ ਭੋਗ ਹੀ ਉਸ ਖ਼ਾਲਸਾ ਰਾਜ ਦਾ ਕਾਲ ਬਣ ਗਏ।

ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ੧੯੫੭ ਈ: ਵਿਚ ਸੰਤ ਖ਼ਾਲਸੇ ਦਾ ਪ੍ਰਕਾਸ਼ ਕੀਤਾ ਤਾਂ ਇਹ ਹੁਕਮ ਦਿੱਤਾ ਕਿ ਬਾਣੀਆਂ ਪੜ੍ਹੋ, ਬਾਣੀਆਂ ਦਾ ਨਿਤਨੇਮ ਨਾਲ ਪਾਠ ਕਰੋ- ਪਰ ਧਿਆਨ ਰਹੇ ਕਿ ਕਿਸੇ ਕਾਰਨ ਹੋਰ ਕਿਸੇ ਬਾਣੀ ਦਾ ਪਾਠ ਰਹਿ ਜਾਏ ਤਾਂ ਰਹਿ ਜਾਏ - ਪਰ ਚੰਡੀ ਦੀ ਵਾਰ ਦਾ ਪਾਠ ਹਰ ਹਾਲਤ ਵਿਚ ਕੀਤਾ ਜਾਵੇ।

ਸਤਿਗੁਰੂ ਰਾਮ ਸਿੰਘ ਜੀ ਦੇ ਸੰਗਠਨ ਦੀ ਸਾਰੀ ਯੋਜਨਾ ਪਿੱਛੇ ਸ਼ਕਤੀ ਦਾ ਏਹੋ ਤੱਤ ਸੀ।

Namdhari Elibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਵਿਚ ਲਿਖਿਆ ਹੈ-

ਅਭਿਮਾਨੁ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਭ ਉਪਾਇਆ।
ਜੀਤ ਲਏ ਤਿਨ ਦੇਵਤੇ ਤਿਹ ਲੋਕੀ ਰਾਜੁ ਕਮਾਇਆ।
ਵੱਡਾ ਬੀਰੁ ਅਖਾਇਕੈ ਸਿਰ ਉਪਰਿ ਛਤ੍ਰ ਫਿਰਾਇਆ।
ਦਿੱਤਾ ਇੰਦ੍ਰ ਨਿਕਾਲ ਕੈ ਤਿਨ ਗਿਰਿ ਕੈਲਾਸੁ ਤਕਾਇਆ।
ਡਰਿ ਕੈ ਹੱਥੋ ਦਾਨਵੀ ਦਿਲ ਅੰਦਰਿ ਤ੍ਰਾਸ ਵਧਾਇਆ।
ਪਾਸ ਦੁਰਗਾ ਦੇ ਇੰਦ੍ਰ ਆਇਆ।

ਚੰਡੀ ਦੀ ਵਾਰ ਦੀਆਂ ਉਪਰਲੀਆਂ ਤੁਕਾਂ ਵਿਚ ਦੇਵਤਿਆਂ ਦੀ ਉਸ ਦੁਰਦਸ਼ਾ ਦਾ ਵਰਨਣ ਹੈ- ਜੋ ਦੇਵਤਿਆਂ ਦੇ ਆਪਣੇ ਅਹੰਕਾਰ ਕਾਰਨ ਹੋਈ ਸੀ। ਅਹੰਕਾਰ ਮੂਲ ਪ੍ਰਵਿਰਤੀ ਹੈ- ਜਿਸ ਵਿਚ ਸਾਰੀ ਸ੍ਰਿਸ਼ਟੀ ਦਾ ਆਦਿ-ਅੰਤ ਹੈ।

ਸਤਿਗੁਰੂ ਨਾਨਕ ਦੀ ਬਾਣੀ ਹੈ-

ਹਉਮੈ ਵਿਚਿ ਜਗੁ ਉਪਜੈ ਪੁਰਖਾ
ਨਾਮਿ ਵਿਸਰਿਐ ਦੁਖੁ ਪਾਈ।

ਸਤਿਗੁਰੂ ਨਾਨਕ ਨੇ ਇਹ ਤੁਕਾਂ ਸਿੱਧਾਂ ਦੇ ਇਸ ਪ੍ਰਸ਼ਨ ਦੇ ਉਤਰ ਵਿਚ ਉਚਾਰੀਆਂ ਹਨ-

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ
ਕਿਤੁ ਕਿਤੁ ਦੁਖਿ ਬਿਨਸਿ ਜਾਈ।

ਸਤਿਗੁਰੂ ਜੀ ਫੁਰਮਾਉਂਦੇ ਨੇ-

ਹਉਮੈ ਤੋਂ ਜਗ ਉਪਜਦਾ ਹੈ ਤੇ ਨਾਮ ਜਪਨ ਨਾਲ ਦੁਖ ਦੂਰ ਹੁੰਦਾ ਹੈ।

ਹਉਮੈ 'ਅਹੰ' ਦਾ ਪਰਯਾਯ ਵਾਚੀ ਰੂਪ ਹੈ। ਤੰਤ੍ਰ ਸ਼ਾਸਤ੍ਰ ਵਿਚ ਦੱਸਿਆ ਗਿਆ ਹੈ ਕਿ ਪੰਜਾਹ ਅੱਖਰਾਂ ਦੀ ਮਾਤ੍ਰਿਕਾ ਜਾਂ ਵਰਨ ਮਾਲਾ ਵਿਚ ਹੀ ਸਾਰੀ ਜਗਤ ਸ੍ਰਿਸ਼ਟੀ ਹੈ। ਵਰਨਮਾਲਾ ਦਾ ਪਹਿਲਾ ਅੱਖਰ 'ਅ' ਅੰਤਿਮ ਅੱਖਰ 'ਹ' ਹੈ। 'ਅ' ਤੇ 'ਹ' ਤੋਂ 'ਅਹੰ' ਬਣਦਾ ਹੈ। ਏਸੇ 'ਅਹੰ' ਤੋਂ ਹੀ ਸਾਰੀ ਸ੍ਰਿਸ਼ਟੀ ਹੈ।

ਹਉਮੈ ਤੋਂ ਜਗ ਉਪਜਦਾ ਹੈ ਤੇ ਨਾਮ ਜਪਣ ਨਾਲ ਉਸ ਦੇ ਦੁਖਾਂ ਤੋਂ ਮੁਕਤੀ ਮਿਲਦੀ ਹੈ। ਸਤਿਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਵਿਚ ਏਸੇ ਹਉਮੈ ਜਾਂ ਅਭਿਮਾਨ ਨੂੰ ਦੇਵਤਿਆਂ ਦੇ ਰਾਜ ਪਾਟ ਖੁੱਸਣ ਦਾ ਕਾਰਨ ਦੱਸਿਆ ਤੇ ਫਿਰ ਚੰਡੀ ਦੀ ਸ਼ਰਨ ਤਕਾਈ ਹੈ। ਚੰਡੀ ਦੀ ਆਰਾਧਨਾ ਜਾਂ ਚੰਡੀ ਦੀ ਸਾਧਨਾ ਹੀ ਸੂਖਮ ਪ੍ਰਾਣ ਸ਼ਕਤੀ ਦੇ ਵਿਕਾਸ ਦੀ ਸਾਧਨਾ ਹੈ। ਇਹੋ ਸੂਖਮ ਪ੍ਰਾਣ ਹੀ ਸਧ ਕੇ 'ਨਾਦ' ਤੇ ਅਨਾਹਤ ਨਾਦ ਬਣਦਾ ਹੈ- ਜੋ 'ਨਾਮ' ਹੈ। ਨਾਮ-ਜਪ ਹੀ ਮੁਕਤ ਦਵਾਰਾ ਖੋਲ੍ਹਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਚੰਡੀ ਦੀ ਵਾਰ ਦੇ ਨਿਤਨੇਮ ਨਾਲ ਪਾਠ ਦਾ ਹੁਕਮ ਦਿੱਤਾ ਅਤੇ ਆਪਣੇ ਸੰਗਠਨ ਦਾ ਨਾਂ ਰੱਖਿਆ 'ਨਾਮਧਾਰੀ'। ਨਾਮਧਾਰੀ ਅਰਥਾਤ ਨਾਮ ਨੂੰ ਧਾਰਨ ਕਰਨ ਵਾਲਾ। ਨਾਮ ਦਾ ਧਾਰਨ ਹੋਵੇਗਾ ਨਾਮ ਦੇ ਜਪ ਨਾਲ। ਭਾਵਨਾ ਨਾਲ ਜਪਿਆਂ ਨਾਮ ਧਾਰਨ ਹੁੰਦਾ ਹੈ ਤੇ ਜਗਤ ਤੋਂ, ਜਗਤ ਦੇ ਦੁਖਾਂ ਤੋਂ ਮੁਕਤੀ ਮਿਲਦੀ ਹੈ।

ਅੱਜ ਸਾਰੇ ਜਗਤ ਵਿਚ ਇਕ ਦੌੜ ਲੱਗੀ ਹੋਈ ਹੈ- ਵੱਧ ਤੋਂ ਵੱਧ ਧਨ ਪਦਾਰਥ, ਮਾਨ ਸਨਮਾਨ, ਪਦ-ਪਦਵੀਆਂ ਤੇ ਨਾਮਨਾ ਹਾਸਿਲ ਕਰਨ ਦੀ। ਇਸ ਦੌੜ ਵਿਚ ਨਾਮਧਾਰੀ ਸਮਾਜ ਵੀ ਪਿੱਛੇ ਨਹੀਂ। ਉਹ ਵੀ ਉੱਨਤੀ ਦੀਆਂ ਨਿੱਤ ਨਵੀਆਂ ਮੰਜ਼ਿਲਾਂ ਤੇ ਕਰ ਰਿਹਾ ਹੈ। ਸਾਰਾ ਸੰਸਾਰ ਜਿਸ ਤਰ੍ਹਾਂ ਉੱਨਤੀ ਦੀ ਦੌੜ ਵਿਚ ਲੱਗਾ ਹੋਇਆ ਹੈ- ਉਸ ਨਾਲ ਇਕ ਖ਼ਤਰਾ ਵੀ ਬੜੇ ਉਗ੍ਰ ਰੂਪ ਵਿਚ ਸਾਹਮਣੇ ਆਣ ਖਲੋਤਾ ਹੈ। ਉਹ ਖਤਰਾ ਹੈ- ਪ੍ਰਕ੍ਰਿਤੀ ਨਾਲ. ਕੁਦਰਤ ਨਾਲ- ਜਿਸ ਕੁਦਰਤ ਵਿਚ ਰੱਬ ਆਪ ਵੱਸਦਾ ਹੈ- ਉਸ ਕੁਦਰਤ ਨਾਲ ਤਾਲ-ਮੇਲ ਦੇ ਅਭਾਵ ਦਾ ਖ਼ਤਰਾ। ਉੱਨਤੀ ਚਾਹੁਣ ਵਾਲਾ ਮਨੁੱਖ ਵੱਧ ਤੋਂ ਵੱਧ ਭੋਗ ਪਦਾਰਥ ਹਾਸਿਲ ਕਰਨ ਲਈ ਪ੍ਰਕ੍ਰਿਤੀ ਦਾ ਬੇਦਰਦੀ ਨਾਲ ਸ਼ੋਸ਼ਨ ਕਰ ਰਿਹਾ ਹੈ- ਜਿਸ ਨਾਲ ਸੰਸਾਰ ਦਾ ਸਾਰਾ ਤਵਾਜ਼ਨ (ਸਮਤੋਲ) ਵਿਗੜ ਗਿਆ ਹੈ। ਸਾਰੇ ਜਗਤ ਦੇ ਜਲ ਭੰਡਾਰਾਂ ਵਿਚ ਉਦਯੋਗਾਂ ਦੇ ਕਚਰੇ ਦਾ ਜ਼ਹਿਰ ਭਰਦਾ ਜਾ ਰਿਹਾ ਹੈ। ਜਲ ਭੰਡਾਰਾਂ ਵਿਚ ਜਲ ਦੀ ਕਮੀ ਹੋ ਰਹੀ ਹੈ ਤੇ ਅਗਲੇ ਕੁਝ ਸਾਲਾਂ ਵਿਚ ਜਲ ਦੇ ਰਾਸ਼ਨਿੰਗ ਦੀ ਸੰਭਾਵਨਾ ਦੱਸੀ ਜਾ ਰਹੀ ਹੈ। ਜ਼ਹਿਰੀਲੀਆਂ ਗੈਸਾਂ ਨਾਲ ਸਾਰੇ ਸੰਸਾਰ ਦੇ ਮੌਸਮਾਂ ਦਾ ਸੁਭਾਵ ਬਦਲ ਰਿਹਾ ਹੈ। ਠੰਢ, ਗਰਮੀ, ਬਰਫਾਂ ਸਭ ਬੇਰੁੱਤੀਆਂ ਹੁੰਦੀਆਂ ਜਾ ਰਹੀਆਂ ਨੇ। ਕੀਟ ਨਾਸ਼ਕ ਰਸਾਇਣਾਂ ਨਾਲ ਧਰਤੀ ਦਾ ਸੁਭਾਅ ਬਦਲਦਾ ਜਾ ਰਿਹਾ ਹੈ- ਤੇ ਧਰਤੀ ਵਿਚੋਂ ਜੋ ਕੁਝ ਵੀ ਉਗਾਇਆ ਜਾਂਦਾ ਹੈ ਉਸ ਸਭ ਵਿਚ ਰਸਾਇਣਾਂ ਦਾ ਮਿਸ਼ਰਣ ਹੁੰਦਾ ਜਾਂਦਾ ਹੈ- ਜਿਸ ਨਾਲ ਮਨੁੱਖ ਵਡੇ ਪੈਮਾਨੇ ਤੇ ਕੈਂਸਰ, ਏਡਜ਼ ਤੇ ਹੋਰ ਅਨੇਕਾਂ ਰੋਗ ਉਪਜਾਊ ਵਾਇਰਸਾਂ ਦੀ ਗਰਿਫ਼ਤ ਵਿਚ ਆ ਗਿਆ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਚੰਡੀ ਦੀ ਵਾਰ ਦੇ ਨਿਤਨੇਮ ਨਾਲ ਪਾਠ ਦਾ ਹੁਕਮ ਦਿੱਤਾ ਅਤੇ ਆਪਣੇ ਸੰਗਠਨ ਦਾ ਨਾਂ ਰੱਖਿਆ 'ਨਾਮਧਾਰੀ'। ਨਾਮਧਾਰੀ ਅਰਥਾਤ ਨਾਮ ਨੂੰ ਧਾਰਨ ਕਰਨ ਵਾਲਾ। ਨਾਮ ਦਾ ਧਾਰਨ ਹੋਵੇਗਾ ਨਾਮ ਦੇ ਜਪ ਨਾਲ। ਭਾਵਨਾ ਨਾਲ ਜਪਿਆਂ ਨਾਮ ਧਾਰਨ ਹੁੰਦਾ ਹੈ ਤੇ ਜਗਤ ਤੋਂ, ਜਗਤ ਦੇ ਦੁਖਾਂ ਤੋਂ ਮੁਕਤੀ ਮਿਲਦੀ ਹੈ।

ਮਨੁੱਖ ਏਹੋ ਜਿਹੇ ਅਸਤ੍ਰਾਂ ਸ਼ਸਤ੍ਰਾਂ ਨੂੰ ਬਣਾਉਂਦਾ. ਅਜ਼ਮਾਉਂਦਾ ਆਪਣੀ ਇਸ ਕਿਰਤ ਉਪਰ ਮਾਨ ਕਰਦਾ ਹੈ ਜਿਸ ਨਾਲ ਮਨੁੱਖ ਦੀ ਆਪਣੀ ਤੇ ਹੋਰ ਹਰ ਪ੍ਰਕਾਰ ਦੇ ਜੀਆਂ ਦੀਆਂ ਨਸਲਾਂ ਇੰਜ ਖ਼ਤਮ ਹੋ ਸਕਦੀਆਂ ਨੇ ਕਿ ਫਿਰ ਛੱਤੀ ਜੁਗ ਤਕ ਪਰਲੋ ਦੀ ਹਾਲਤ ਬਣ ਜਾਏ।

ਆਪਣੇ ਆਪ ਵਿਚ ਹਰ ਵਿਅਕਤੀ ਜੋਤ ਸਰੂਪ ਹੈ- ਰੱਬੀ ਸ਼ਕਤੀਆਂ ਦਾ ਸਵਾਮੀ ਹੈ। ਹਰ ਵਿਅਕਤੀ ਸੰਸਾਰ ਦੀ ਸਥਿਤੀ ਨੂੰ ਸਵਾਰਨ ਤੇ ਵਿਗਾੜਨ ਵਿਚ ਸਹਾਇਕ ਹੋ ਸਕਦਾ ਹੈ। ਇਕ ਇਕ ਆਦਮੀ ਦੀ ਸਧੀ ਹੋਈ ਪ੍ਰਾਣ ਸ਼ਕਤੀ ਸਾਰੇ ਜਗਤ ਦੀ ਹੋਣੀ ਬਦਲਣ ਵਿਚ ਸਮਰੱਥ ਹੋ ਸਕਦੀ ਹੈ।

ਇਸ ਹਾਲਤ ਵਿਚ 'ਨਾਮਧਾਰੀ' ਹੋਣ ਦਾ ਇਕ ਵਡਾ ਅਰਥ ਹੈ। ਉਹ ਉੱਨਤੀ ਦੀ ਦੌੜ ਵਿਚ ਜਮ ਜਮ ਸ਼ਾਮਿਲ ਹੋਣ ਪਰ ਪ੍ਰਾਣ ਦੀ ਸੂਖਮ ਸ਼ਕਤੀ ਦੇ ਵਿਕਾਸ ਨੂੰ ਹਮੇਸ਼ਾਂ ਪਹਿਲ ਦੇਣ- ਸਥੂਲ ਪ੍ਰਾਣ ਦੀਆਂ ਨਿਰੋਲ ਭੋਗ ਮੁਖੀ ਲੋੜਾਂ ਉਪਰ ਸੂਖਮ ਪ੍ਰਾਣ ਸ਼ਕਤੀ ਦਾ ਅੰਕੁਸ਼ ਲਗਾਉਣਾ ਕਦੇ ਨਾ ਭੁਲਣ। ਨਾਮਧਾਰੀ ਸਮਾਜ ਦੀ ਰਚਨਾ ਦਾ ਉਦੇਸ਼ ਸਤਿਗੁਰੂ ਰਾਮ ਸਿੰਘ ਜੀ ਨੇ ਏਹੋ ਹੀ ਮਿਥਿਆ ਸੀ।

Namdhari Elibrary NamdhariElibrary@gmail.com

ਧਰਮ ਦੀ ਵਿਆਪਕ ਦ੍ਰਿਸ਼ਟੀ ਅਤੇ ਬਾਬਾ ਰਾਮ ਸਿੰਘ

ਡਾ. ਮਹੀਪ ਸਿੰਘ

ਕਿਸੇ ਵੀ ਕੌਮ ਵਿਚ ਆਈ ਰਾਜਸੀ ਤਾਕਤ ਦੇ ਬੜੇ ਲਾਭ ਹੁੰਦੇ ਹਨ। ਇਸ ਨਾਲ ਕੌਮ ਦਾ ਦੁਨੀਆਂ ਵਿਚ ਮਾਣ-ਸਨਮਾਨ ਵੱਧਦਾ ਹੈ, ਉਸਦਾ ਜਲਾਲ ਕਾਇਮ ਹੁੰਦਾ ਹੈ, ਉਸਦੇ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਵੱਧਦੀ ਹੈ ਅਤੇ ਉਸ ਵਿਚ ਸੰਸਾਰਿਕ ਸੁਖ, ਵੈਭਵ ਤੇ ਵਿਲਾਸ ਦੀ ਪ੍ਰਫੁੱਲਤਾ ਆਉਂਦੀ ਹੈ। ਪਰ ਇਹੋ ਰਾਜਸੀ ਤਾਕਤ ਉਸ ਕੌਮ ਦੀ ਗਿਰਾਵਟ ਤੇ ਪਤਨ ਦਾ ਕਾਰਣ ਵੀ ਬਣਦੀ ਹੈ। ਸੱਤਾ ਦਾ ਨਸ਼ਾ ਲੋਕਾਂ ਵਿਚ ਹਉਮੈ ਦਾ ਵਿਸਥਾਰ ਕਰਦਾ ਹੈ। ਵੈਭਵ ਤੇ ਵਿਲਾਸ ਮਨੁੱਖ ਨੂੰ ਸੰਸਾਰਿਕ ਲਾਲਸਾਵਾਂ ਵੱਲ ਇੰਨਾ ਖਿੱਚਦਾ ਹੈ ਕਿ ਉਸਦੀਆਂ ਨੈਤਿਕ ਤੇ ਆਚਾਰਿਕ ਕੀਮਤਾਂ-ਕਦਰਾਂ ਟੁੱਟਦੀਆਂ ਚਲੀਆਂ ਜਾਂਦੀਆਂ ਹਨ ਅਤੇ ਫਿਰ ਆਪਣੀਆਂ ਪਦਾਰਥਕ ਇਛਿਆਵਾਂ ਦੀ ਪੂਰਤੀ ਲਈ ਕੋਈ ਵੀ ਚੰਗਾ-ਮੰਦਾ ਕੰਮ ਕਰਨ ਲਈ ਉਹ ਸਹਿਜੇ ਤਿਆਰ ਹੋ ਜਾਂਦਾ ਹੈ।



ਪਿਛਲੀ ਸਦੀ ਵਿਚ ਸਿੱਖਾਂ ਨਾਲ ਵੀ ਇਹੋ ਹੋਇਆ ਸੀ। ਗੁਰੂ ਨਾਨਕ ਤੋਂ ਲੈ ਕੇ, ਗੁਰੂ ਗੋਬਿੰਦ ਸਿੰਘ ਤੀਕ ਦਸੋਂ ਗੁਰੂ ਸਾਹਿਬਾਨ ਇਹ ਨਿਰੰਤਰ ਯਤਨ ਕਰਦੇ ਰਹੇ ਜੋ ਇਹਨਾਂ ਲਤਾੜੇ, ਸਤਾਏ, ਮਜ਼ਲੂਮ, ਕਮਜ਼ੋਰ ਤੇ ਪਰਾਧੀਨ ਲੋਕਾਂ ਨੂੰ ਇਹਨਾਂ ਦੇ ਦੁਖ-ਦਰਦ ਨੂੰ ਦੂਰ ਕਰਨਾ ਹੈ ਤਾਂ ਇਹਨਾਂ ਨੂੰ ਵਡੀਆਂ ਆਚਾਰਿਕ ਕੀਮਤਾਂ-ਕਦਰਾਂ ਨਾਲ ਜੋੜਨਾ ਬੜਾ ਜ਼ਰੂਰੀ ਹੈ। ਪਰਮਾਤਮਾ ਦਾ ਨਾਂ ਮਨੁੱਖ ਨੂੰ ਉਚੇ-ਸੁੱਚੇ ਆਦਰਸ਼ਾਂ ਨਾਲ ਜੋੜਦਾ ਹੈ, ਉਸਦੇ 'ਸਵੈ' ਦਾ ਵਿਸਥਾਰ ਕਰਦਾ ਹੈ, ਉਸਦੇ ਅੰਦਰ ਦੇ ਹਉਮੈ ਨੂੰ ਨਸ਼ਟ ਕਰਦਾ ਹੈ ਅਤੇ ਉਸਨੂੰ ਸੱਚ ਦੀ ਸੋਝੀ ਦਿੰਦਾ ਹੈ। ਇਸ ਕੰਮ ਵਿਚ ਸਤਿਗੁਰੂ ਮਨੁੱਖ ਦਾ ਮਾਰਗ-ਦਰਸ਼ਕ ਬਣਦਾ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ-

ਨਾਨਕ ਸਤਿਗੁਰ ਮਿਲਿਐ ਹਉਮੈ ਗਈ
ਤਾਂ ਸਚਿ ਵਸਿਆ ਮਨਿ ਆਇ।
ਸਚ ਕਮਾਵੈ ਸਚਿ ਰਹੈ
ਸਚੇ ਸੇਵਿ ਸਮਾਇ।। (ਰਾਗ ਵਡਹੰਸ)

ਸੱਚ ਨੂੰ ਜਾਣਨਾ ਹੀ ਕਾਫੀ ਨਹੀਂ ਹੁੰਦਾ, ਉਸਨੂੰ ਪਛਾਨਣ ਦੀ ਲੋੜ ਪੈਂਦੀ ਹੈ ਤੇ ਪਛਾਨਣ ਤੋਂ ਵੀ ਵੱਧ ਜ਼ਰੂਰੀ ਸੱਚ ਨੂੰ ਆਪਣੇ ਜੀਵਨ ਦੇ ਆਚਾਰ-ਵਿਹਾਰ ਵਿਚ ਲਿਆਉਣਾ ਹੁੰਦਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਸੰਸਾਰ ਵਿਚ ਸੱਚ ਤੋਂ ਵੱਡੀ ਕੋਈ ਚੀਜ਼ ਨਹੀਂ, ਪਰ ਗੁਰੂ ਨਾਨਕ ਨੇ ਕਿਹਾ-ਸੱਚ ਤੋਂ ਵੀ ਇਕ ਚੀਜ਼ ਉੱਚੀ ਹੈ- ਸੱਚਾ ਜੀਵਨ ਤੇ ਸੱਚਾ ਆਚਾਰ-

ਸਚਹੁ ਓਰੈ ਸਭੁ ਕੋ ਊਪਰਿ ਸਚੁ ਆਚਾਰ (ਸਿਰੀ ਰਾਗ)

ਗੁਰੂ ਉਪਦੇਸ਼ ਨੇ ਲੋਕਾਂ ਵਿਚ ਇਕ ਨਵੀਂ ਜੀਵਨ-ਜਾਚ ਦਾ ਮੁੱਢ ਬੰਨ੍ਹ ਦਿੱਤਾ। ਇਸਨੇ ਉਹਨਾਂ ਨੂੰ ਨਵੇਂ ਆਦਰਸ਼ ਦਿੱਤੇ, ਨਵੇਂ ਮਨੋਰਥ ਦਿੱਤੇ, ਨਵੀਂ ਦ੍ਰਿਸ਼ਟੀ ਅਤੇ ਨਵੀਆਂ ਕੀਮਤਾਂ-ਕਦਰਾਂ (Values) ਦੀ ਸੋਝੀ ਦਿੱਤੀ। ਨਾਲ ਹੀ ਇਹ ਭਾਵ ਵੀ ਉਤਪੰਨ ਕੀਤਾ ਕਿ ਇਹਨਾਂ ਕੀਮਤਾਂ-ਕਦਰਾਂ ਦੀ ਰਖਿਆ ਲਈ ਜੇ ਵੱਡੇ ਤੋਂ ਵੱਡਾ ਮੁੱਲ ਵੀ ਤਾਰਨਾ ਪਏ ਤਾਂ ਕਾਣ ਕਰਨ ਦੀ ਲੋੜ ਨਹੀਂ।

ਦੋ ਸੌ ਸਾਲ ਦੀ ਇਸ ਨਿਰੰਤਰ ਸਿਖਿਆ ਦੇ ਬਾਅਦ ਗੁਰੂ ਗੋਬਿੰਦ ਸਿੰਘ ਨੇ 'ਖਾਲਸੇ' ਦੀ ਪਰਿਕਲਪਨਾ ਕੀਤੀ ਅਤੇ ਸਿੱਖ ਦੇ ਮਨ ਵਿਚ ਰਾਜ-ਸੱਤਾ ਦੇ ਅਹਿਸਾਸ ਨੂੰ ਜਨਮ ਦਿੱਤਾ। ਖਾਲਸੇ ਦੀ ਸਾਜਣਾ ੧੬੯੯ ਈ: ਵਿਚ ਕੀਤੀ ਗਈ ਤੇ ਉਸ ਤੋਂ ਠੀਕ ਇਕ ਸੌ ਸਾਲ ਪਿੱਛੋਂ ੧੭੯੯ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਸਿੱਖ ਰਾਜ ਦੇ ਸੁਪਨੇ ਨੂੰ ਸਾਕਾਰ ਕੀਤਾ।

ਇਹ ਵੀ ਘੱਟ ਅਸਚਰਜ ਤੇ ਦੁੱਖ ਦੀ ਗੱਲ ਨਹੀਂ ਕਿ ਇਹ ਸੁਪਨਾ ੫੦ ਸਾਲ ਪਿਛੋਂ ਹੀ ਟੁੱਟ-ਭੱਜ ਗਿਆ ਤੇ ਪੰਜਾਬ ਅੰਗ੍ਰੇਜ਼ਾਂ ਦਾ ਗੁਲਾਮ ਬਣ ਗਿਆ। ਇਸ ਸੁਪਨੇ ਦੇ ਟੁੱਟਣ ਦੇ ਅਨੇਕ ਕਾਰਨਾਂ ਦੀ ਚਰਚਾ ਕੀਤੀ ਜਾਂਦੀ ਹੈ, ਪਰ ਮੈਂ ਮੰਨਦਾ ਹਾਂ ਕਿ ਇਸ ਦਾ ਸਭ ਤੋਂ ਮੁੱਖ ਕਾਰਨ ਇਹ ਸੀ ਕਿ ਰਾਜ-ਸੱਤਾ ਨੂੰ ਭੋਗਣ ਵਾਲੇ ਲੋਕਾਂ ਨੇ ਆਪਣੇ ਆਚਾਰ ਨੂੰ ਸੱਚ ਨਾਲੋਂ ਤੋੜ ਲਿਆ ਸੀ। ਉਹਨਾਂ ਦਾ ਜੀਵਨ ਵੈਭਵ ਤੇ ਵਿਲਾਸ ਦੀ ਛਾਂ ਹੇਠ ਇਸ ਤਰ੍ਹਾਂ ਪਲਣਾ ਸ਼ੁਰੂ ਹੋ ਗਿਆ ਸੀ ਕਿ ਰਾਗ-ਰੰਗ-ਤਮਾਸ਼ੇ-ਸ਼ਰਾਬ ਦੇ ਅੱਗੇ ਸਾਰੀਆਂ ਉੱਚੀਆਂ-ਸੁੱਚੀਆਂ ਕੀਮਤਾਂ-ਕਦਰਾਂ ਆਪਣੀ ਥਾਂ ਗੁਆ ਬੈਠੀਆਂ ਸਨ। ਗੁਰੂ ਨਾਨਕ ਨੇ ਆਪਣੇ ਸਮਕਾਲੀ ਹੁਕਮਰਾਨਾਂ ਲਈ ਕਿਹਾ ਸੀ-

ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ।।
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ।।
(ਰਾਗ ਆਸਾ)

ਬਿਲਕੁਲ ਇਹੋ ਹਾਲਤ ਉਸ ਵੇਲੇ ਦੇ ਸਿੱਖ ਰਾਜਿਆਂ-ਸਰਦਾਰਾਂ ਤੇ ਅਹਿਲਕਾਰਾਂ ਦੀ ਹੋ ਗਈ ਸੀ। ਇਸ ਗਿਰਾਵਟ ਦਾ ਸਿੱਧਾ ਅਸਰ ਆਮ ਲੋਕਾਂ ਤੇ ਹੋਇਆ ਸੀ। ਉਹਨਾਂ ਦੇ ਜੀਵਨ ਦੀਆਂ ਕੀਮਤਾਂ-ਕਦਰਾਂ ਵੀ ਟੁੱਟਦੀਆਂ ਜਾ ਰਹੀਆਂ ਸਨ।

Namdhari Elibrary NamdhariElibrary@gmail.com

ਪੰਜਾਬ ਵਿਚ ਆਜ਼ਾਦ ਸਿੱਖ ਰਾਜ ਦੀ ਸਮਾਪਤੀ ਦੇ ਬਾਅਦ ਅਧੋਗਤੀ ਤੇ ਗਿਰਾਵਟ ਦਾ ਦੌਰ ਸ਼ੁਰੂ ਹੋ ਗਿਆ। ਨਾ ਉਮੀਦੀ ਤੇ ਨਿਰਾਸਤਾ ਨੇ ਆਮ ਲੋਕਾਂ ਨੂੰ ਘੇਰ ਲਿਆ। ਅਜਿਹੇ ਔਖੇ ਤੇ ਸੰਕਟਮਈ ਸਮੇਂ ਵਿਚ ਬਾਬਾ ਰਾਮ ਸਿੰਘ ਜੀ ਨੇ ਸਾਰੇ ਪੰਜਾਬ ਤੇ ਸਿੱਖ ਜਗਤ ਨੂੰ ਫਿਰ ਤੋਂ ਉਹਨਾਂ ਆਦਰਸ਼ਾਂ ਤੇ ਮਨੋਰਥਾਂ ਨਾਲ ਜੋੜਨ ਦਾ ਉਪਰਾਲਾ ਕੀਤਾ ਜੋ ਦਸੋਂ ਗੁਰੂ ਸਾਹਿਬਾਨ ਨੇ ਲੋਕਾਂ ਦੇ ਸਾਹਮਣੇ ਰੱਖੇ ਸਨ। ਉਹਨਾਂ ਨੇ ਰਾਜਸੀ ਆਜ਼ਾਦੀ ਦੇ ਘੋਲ ਨੂੰ ਲੋਕਾਂ ਦੇ ਨੈਤਿਕ ਤੇ ਆਚਾਰੀ ਜੀਵਨ ਨਾਲ ਮੁੜ ਜੋੜਿਆ। ਜਦੋਂ ਮਹਾਤਮਾ ਗਾਂਧੀ ਇਸ ਦੇਸ਼ ਦੀ ਰਾਜਨੀਤੀ ਵਿਚ ਉਭਰੇ, ਉਹਨਾਂ ਨੇ ਉਹੋ ਲੀਹਾਂ ਤੇ ਜੀਵਨ ਆਦਰਸ਼ ਅਪਣਾਏ ਜਿਹਨਾਂ ਦਾ ਪ੍ਰਚਾਰ ਬਾਬਾ ਰਾਮ ਸਿੰਘ ਜੀ ਨੇ ਕੀਤਾ ਸੀ।

ਆਮ ਤੌਰ ਤੇ ਇਸ ਗੱਲ ਨੂੰ ਸਾਰੇ ਪ੍ਰਵਾਨ ਕਰਦੇ ਹਨ ਕਿ ਅੰਗ੍ਰੇਜ਼ੀ ਹਕੂਮਤ ਦੇ ਖਿਲਾਫ ਨਾ ਮਿਲਵਰਤਨ ਦੀ ਲਹਿਰ ਅਤੇ ਸੁਦੇਸ਼ੀ ਵਸਤਾਂ ਨੂੰ ਅਪਨਾਉਣ ਦਾ ਜੋ ਆਂਦੋਲਨ ਮਹਾਤਮਾ ਗਾਂਧੀ ਨੇ ਪਿੱਛੋਂ ਸ਼ੁਰੂ ਕੀਤਾ, ਉਸਦਾ ਆਰੰਭ ਨਾਮਧਾਰੀ ਲਹਿਰ ਰਾਹੀਂ ਉਸ ਤੋਂ ਬਹੁਤ ਪਹਿਲਾਂ ਹੋ ਗਿਆ ਸੀ। ਪਰ ਰਾਜਨੀਤੀ ਦੇ ਉਪਰ ਧਰਮ ਦੇ ਨੈਤਿਕ ਆਦਰਸ਼ਾਂ ਦਾ ਦਬਦਬਾ ਰਹੇ, ਇਹ ਪ੍ਰੇਰਨਾ ਵੀ ਉਹਨਾਂ ਨੂੰ ਬਾਬਾ ਰਾਮ ਸਿੰਘ ਜੀ ਤੋਂ ਮਿਲੀ ਹੋਣੀ ਹੈ।

______________ ॥ ॥ ______________

ਜੇ ਧਰਮ ਨੂੰ ਨੈਤਿਕਤਾ ਦਾ ਆਧਾਰ ਮੰਨਿਆ ਜਾਏ, ਉਸ ਨੂੰ ਮਨੁੱਖੀ ਸੇਵਾ ਤੇ ਮਨੁੱਖ ਮਾਤਰ ਦੀ ਭਲਾਈ ਦਾ ਸੰਬਲ ਬਣਾਇਆ ਜਾਏ ਤਾਂ ਉਹ ਰਾਜਨੀਤੀ ਨੂੰ ਕੁਰਾਹੇ ਜਾਣ ਤੋਂ ਰੋਕਦਾ ਹੈ। ਗੁਰਬਾਣੀ ਵੀ ਇਸੇ ਕਾਰਨ ਧਰਮ ਦੀ ਵਿਆਪਕਤਾ ਨੂੰ ਪੰਥ ਦੀ ਸੰਪਰਦਾਇਕਤਾ ਟੀ ਸੰਕੀਰਣਤਾ ਤੋਂ ਸਦਾ ਹੀ ਉਚਾ ਰੱਖਣ ਦੀ ਪ੍ਰੇਰਨਾ ਦਿੰਦੀ ਹੈ।

______________ ॥ ॥ ______________

ਧਰਮ ਤੇ ਰਾਜਨੀਤੀ ਦੇ ਸੰਬੰਧਾਂ ਬਾਰੇ ਅੱਜਕਲ ਬੜੀਆਂ ਬਹਿਸਾਂ ਹੁੰਦੀਆਂ ਹਨ। ਧਰਮ ਜਦੋਂ ਸੰਪਰਦਾਇਕਤਾ ਦੇ ਸੌੜੇ ਘੇਰੇ ਵਿਚ ਫਸ ਜਾਏ ਤਾਂ ਉਹ ਜੀਵਨ ਦੇ ਨਜ਼ਰੀਏ ਨੂੰ ਵੀ ਸੌੜਾ ਤੇ ਸੰਕੀਰਣ ਬਣਾ ਦਿੰਦਾ ਹੈ। ਇਸ ਅਰਥ ਵਿਚ ਉਹ ਰਾਜਨੀਤੀ ਨੂੰ ਵੀ ਪ੍ਰਭਾਵਿਤ ਕਰਦਾ ਹੈ ਅਤੇ ਸੰਪਰਦਾਇਕ ਰਾਜਨੀਤੀ ਦੇਸ਼ ਨੂੰ, ਤੇ ਉਸ ਵਿੱਚ ਵੱਸਣ ਵਾਲੀ ਸਾਰੀ ਜਨਤਾ ਨੂੰ ਬੇਅੰਤ ਝਗੜਿਆਂ ਦਾ ਸ਼ਿਕਾਰ ਬਣਾ ਦਿੰਦੀ ਹੈ। ਪਰ ਜੇ ਧਰਮ ਨੂੰ ਨੈਤਿਕਤਾ ਦਾ ਆਧਾਰ ਮੰਨਿਆ ਜਾਏ, ਉਸ ਨੂੰ ਮਨੁੱਖੀ ਸੇਵਾ ਤੇ ਮਨੁੱਖ ਮਾਤਰ ਦੀ ਭਲਾਈ ਦਾ ਸੰਬਲ ਬਣਾਇਆ ਜਾਏ ਤਾਂ ਉਹ ਰਾਜਨੀਤੀ ਨੂੰ ਕੁਰਾਹੇ ਜਾਣ ਤੋਂ ਰੋਕਦਾ ਹੈ। ਗੁਰਬਾਣੀ ਵੀ ਇਸੇ ਕਾਰਨ ਧਰਮ ਦੀ ਵਿਆਪਕਤਾ ਨੂੰ ਪੰਥ ਦੀ ਸੰਪਰਦਾਇਕਤਾ ਦੀ ਸੰਕੀਰਣਤਾ ਤੋਂ ਸਦਾ ਹੀ ਉਚਾ ਰੱਖਣ ਦੀ ਪ੍ਰੇਰਨਾ ਦਿੰਦੀ ਹੈ। ਗੁਰੂ ਨਾਨਕ ਨੇ ਜਪੁਜੀ ਸਾਹਿਬ ਵਿਚ ਇਸ ਨਿਖੇੜ ਦੀ ਪ੍ਰੋੜਤਾ ਕੀਤੀ ਹੈ–

ਮੰਨੈ ਮਗੁ ਨ ਚਲੈ ਪੰਥੁ ਮੰਨੈ ਧਰਮ ਸੇਤੀ ਸਨਬੰਧੁ

ਬਾਬਾ ਰਾਮ ਸਿੰਘ ਜੀ ਨੇ ਧਰਮ ਦੀ ਇਸ ਵਿਆਪਕ ਤੇ ਵਸੀਹ ਦ੍ਰਿਸ਼ਟੀ ਨੂੰ ਮੁੜ ਉਜਾਗਰ ਕਰਣ ਅਤੇ ਰਾਜਨੀਤੀ ਨੂੰ ਉਸਦੀ ਛਾਂ ਹੇਠ ਵਿਚਰਣ ਦਾ ਜਿਹੜਾ ਸੰਕਲਪ ਲੋਕਾਂ ਨੂੰ ਦਿੱਤਾ ਸੀ, ਉਹ ਉਹਨਾਂ ਦੀ ਇਕ ਮਹਾਨ ਦੇਣ ਸੀ, ਜਿਸਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ। ☬☬☬

ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਲਈ ਬਰਮਾ ਜਾਣ ਵਾਲੇ ਸਿੰਘਾਂ ਦੇ ਨਾਮ

੧. ਦਰਬਾਰਾ ਸਿੰਘ ਰਾਇਪੁਰ ੨. ਨੈਣਾ ਸਿੰਘ ਮੁਹਾਣਾ ੩. ਮੀਹਾਂ ਸਿੰਘ ਸਰਹਾਲੀ ੪. ਭਗਵਾਨ ਸਿੰਘ ਅੰਮ੍ਰਿਤਸਰ ੫. ਨਾਰਾਇਣ ਸਿੰਘ ੬. ਜੀਉਣ ਸਿੰਘ ਸਰਹਾਲੀ ੭. ਸੁਥੇਗ ਸਿੰਘ ਸਰਹਾਲੀ ੮. ਕਿਰਪਾਲ ਸਿੰਘ ਮਜ਼ਬੀ ੯. ਸਰਮੁਖ ਸਿੰਘ ਲਾਖਾ ੧੦. ਹਰਨਾਮ ਸਿੰਘ ਭਾਣਾ ੧੧. ਚੰਦ ਕੌਰ ਭਾਣਾ ਰਿਆਸਤ ਫਰੀਦ ਕੋਟ ੧੨. ਟਹਿਲ ਸਿੰਘ ਸੇਖਵਾਂ ੧੩. ਸੁਥੇਗ ਸਿੰਘ ਮੁਹਾਣਾ ੧੪. ਬਘੇਲ ਸਿੰਘ ਨਾਰਲੀ ੧੫. ਲਾਲ ਸਿੰਘ ਲਤਾਣਾ ੧੬. ਬਿਹਾਰੀ ਸਿੰਘ ਘੁੰਗਰਾਲੀ ੧੭. ਲੁਹਾਰਾ ਸਿੰਘ ਘੁੰਗਰਾਲੀ ੧੮. ਸੁੰਦਰ ਸਿੰਘ ਘੁੰਗਰਾਲੀ ੧੯. ਹਰਨਾਮ ਸਿੰਘ ਨਥਾਣਾ ੨੦. ਸੁੰਦਰ ਸਿੰਘ ਕਲਾਰੀ ੨੧. ਖੁਸ਼ਹਾਲ ਸਿੰਘ ਨਾਰੰਗਵਾਲ ੨੨. ਮਸਤਾਨ ਸਿੰਘ ੨੩. ਹਠੀ ਸਿੰਘ ੨੪. ਸਾਹਿਬ ਸਿੰਘ ੨੫. ਗੇਂਦਾ ਸਿੰਘ ਅਬਲੁ ੨੬. ਗੁਰਦਿਤ ਸਿੰਘ ਅੰਮ੍ਰਿਤਸਰ ੨੭. ਕਿਰਪਾਲ ਸਿੰਘ ਅੰਮ੍ਰਿਤਸਰ ੨੮. ਸੌਦਾ ਸਿੰਘ ਅੰਮ੍ਰਿਤਸਰ ੨੯. ਮਿਹਰ ਸਿੰਘ ਉਬਾ ਪਟਿਆਲਾ ੩੦. ਰਤਨ ਸਿੰਘ ਉਬਾ ਪਟਿਆਲਾ ੩੧. ਦਇਆ ਸਿੰਘ ਉਬਾ ੩੨. ਵਸਾਵਾ ਸਿੰਘ ਸੰਤੂ ਨੰਗਲ ੩੩. ਆਲਾ ਸਿੰਘ ਸੰਤੂ ਨੰਗਲ ੩੪. ਮਤਾਬ ਸਿੰਘ ਸੰਤੂ ਨੰਗਲ ੩੫. ਸੁੰਦਰ ਸਿੰਘ ਚੀਮਾ ੩੬. ਭਗਵਾਨ ਸਿੰਘ ਸਕਰੌਦੀ ੩੭. ਮਤਾਬ ਸਿੰਘ ਸੇਖਵਾਂ ੩੮. ਹੀਰਾ ਸਿੰਘ ਮੰਢੌਰ ੩੯. ਰਾਮ ਸਿੰਘ ਲੰਧਿਆ ੪੦. ਮਿਹਰ ਸਿੰਘ ਲੰਧਿਆ ੪੧. ਤਖਤ ਸਿੰਘ ਘੁੰਗਿਆਰੀ ੪੨. ਮਾਨ ਸਿੰਘ ਮੰਢੌਰ ੪੩. ਈਸ਼ਰ ਸਿੰਘ ਮੰਢੌਰ ੪੪. ਨਾਰਾਇਣ ਸਿੰਘ ਫਿਲੌਰ ੪੫. ਉਤੱਮ ਸਿੰਘ ਝਾੜਮਾੜੀ ੪੬. ਅਤਰ ਸਿੰਘ ਨਾਰਲੀ ੪੭. ਫੂਲਾ ਸਿੰਘ ਨਾਰਲੀ ੪੮. ਗੁਲਾਬ ਸਿੰਘ ਹੋਲਾ ਵਾਲੀ ੪੯. ਹਰਨਾਮ ਸਿੰਘ ਮੋਰੋ ੫੦. ਕਾਹਨ ਸਿੰਘ ਬੁਰਜ ੫੧. ਨੱਥਾ ਸਿੰਘ ਗਕੜੀ ੫੨. ਸੋਭਾ ਸਿੰਘ ਖੁਦਪੁਰ ੫੩. ਹੀਰਾ ਸਿੰਘ ਬੜਰੁੱਖਾ ਜ਼ਿਲ੍ਹਾ ਸੰਗਰੂਰ ੫੪. ਧਨ ਸਿੰਘ ਰੁਮਟੀ ੫੫. ਪ੍ਰਤਾਪ ਕੌਰ ਰੁਮਟੀ ੫੬. ਲਾਲ ਸਿੰਘ ਰੁਮਟੀ ੫੭. ਸ਼ਾਮ ਸਿੰਘ ਸਰਹਾਲੀ ੫੮. ਨੈਣਾ ਸਿੰਘ ਵਰਿਆਹ ੫੯. ਜੀਵਨ ਸਿੰਘ ਸਰਹਾਲੀ ੬੦. ਆਲਾ ਸਿੰਘ ਉਬੋ ੬੧. ਬਹਾਦਰ ਸਿੰਘ ਉਬੋ ੬੨. ਜਗਤ ਸਿੰਘ ਨਾਰਲੀ ੬੩. ਕਾਹਨ ਸਿੰਘ ਠੱਟਾ ੬੪. ਸਮੁੰਦਰ ਸਿੰਘ ਖੋਟੇ ੬੫. ਸ਼ਰਮ ਸਿੰਘ ਲਾਲੂਆਣਾ ੬੬. ਨਾਰਾਇਣ ਸਿੰਘ ਹੋਡੇ ੬੭. ਮਨੀ ਸਿੰਘ ਮਈਸਰ ਖਾਨਾ ੬੮. ਗੁਰਦਿਤ ਸਿੰਘ ਭਸੋੜ ੬੯. ਅਰੂੜ ਸਿੰਘ ਅੰਮ੍ਰਿਤਸਰ ੭੦. ਬਾਬਾ ਵਸਾਖਾ ਸਿੰਘ ਤੋਮਾ ਵਡਾਲਾ ੭੧. ਭਗਵਾਨ ਸਿੰਘ ਅੜਬੰਗੀ ੭੨. ਹਰਨਾਮ ਸਿੰਘ ਮੰਡੀ ੭੩. ਕਾਕਾ ਸਿੰਘ ਫਤੇ ਵਾਲਾ ੭੪. ਮੂਲਾ ਸਿੰਘ ਫਤੇ ਵਾਲਾ ੭੫. ਮਸਤਾਨ ਸਿੰਘ ਗਈਆਂ ੭੬. ਕਾਹਨ ਸਿੰਘ ਚੂੰਨੀ ੭੭. ਬਾਬਾ ਜੋਧ ਸਿੰਘ ਚੂੰਨੀ ੭੮. ਰਾਮ ਸਿੰਘ ਚੂੰਨੀ ੭੯. ਸ਼ੇਰ ਸਿੰਘ ਚੂੰਨੀ ੮੦. ਨਾਰਾਇਣ ਸਿੰਘ ਚੂੰਨੀ। •

Namdhari Elibrary NamdhariElibrary@gmail.com

ਨਾਮਧਾਰੀ ਸਮਾਜ ਤੇ ਕੌਮੀ ਸੰਗਠਨ

ਡਾ: ਮਹਿੰਦਰ ਕੌਰ ਗਿੱਲ

ਮਨੁੱਖਾ ਸੰਸਾਰ ਦਾ ਬੁਨਿਆਦੀ ਨੇਮ ਇਕ ਤੋਂ ਅਨੇਕ ਹੋ ਜਾਣਾ ਹੈ। ਇਸ ਨੇਮ ਦੀ ਪ੍ਰਮਾਣਿਕਤਾ ਮਨੁੱਖ ਆਪਣੇ ਨਿੱਤ ਵਿਹਾਰ ਵਿਚ ਪ੍ਰਗਟਾਉਂਦਾ ਵੀ ਹੈ ਤੇ ਪਰਖਦਾ ਵੀ। ਹੋਰ ਤਾਂ ਹੋਰ ਚਾਰੇ ਖਾਣੀਆਂ: ਅੰਡਜ, ਜੇਰਜ, ਸੇਤਜ, ਉਤਭੁਜ ਵੀ ਇਸੇ ਨੇਮ ਦਾ ਅਨੁਸਰਣ ਕਰਦੀਆਂ ਜਾਪਦੀਆਂ ਹਨ। ਧਰਮ-ਸੰਸਾਰ ਵੀ ਇਸੇ ਨੇਮ ਦੇ ਅਧੀਨ ਕਾਰਜਸ਼ੀਲ ਨਜ਼ਰ ਆਉਂਦਾ ਹੈ। ਧਰਮ ਦਾ ਪੈਰੋਕਾਰ ਇਕ ਹੁੰਦਾ ਹੈ ਪਰ ਉਸ ਨੂੰ ਮੰਨਣ ਵਾਲੇ ਅਨੇਕ। ਮਜ਼ਹਬ ਆਪਣੇ ਬੁਨਿਆਦੀ ਰੂਪ ਵਿੱਚ ਇਕ ਸਮੁਦਾਇ ਦੀ ਸ਼ਕਲ ਵਿਚ ਪ੍ਰਗਟ ਹੁੰਦਾ ਹੈ ਜੋ ਹੌਲੀ ਹੌਲੀ ਬਿਰਛ ਦੀ ਤਰ੍ਹਾਂ ਫੈਲਦਾ ਤੇ ਵੰਨ ਸਵੰਨੇ ਪਾਸਾਰਾਂ ਨਾਲ ਜੁੜਦਾ ਜਾਂਦਾ ਹੈ।

ਮਜ਼ਹਬ ਦੇ ਮੁਆਮਲੇ ਵਿਚ ਇਹ ਗੱਲ ਸਮਝਣ ਯੋਗ ਹੈ। ਮਜ਼ਹਬ ਵਿਸ਼ੇਸ਼ ਸੰਸਥਾ ਤੋਂ ਪੈਦਾ ਹੋ ਕੇ ਅਖੀਰ ਵੰਨ ਸਵੰਨ ਸੰਸਥਾਵਾਂ ਨੂੰ ਪੈਦਾ ਕਰਨ ਜੋਗ ਹੋ ਜਾਂਦਾ ਹੈ। ਇਸ ਗੱਲ ਦਾ ਰਤਾ ਕੁ ਵਿਸਤਾਰ ਉਚਿੱਤ ਹੈ। ਗੁਰੂ ਨਾਨਕ ਸਾਹਿਬ ਵੇਲੇ ਸਿੱਖ ਧਰਮ ਦਾ ਆਕਾਰ ਸਮੁਦਾਇ ਤੋਂ ਹੀ ਫੈਲਦਾ ਫੈਲਦਾ ਦਸਮ ਗੁਰੂ ਤਕ ਅਨੇਕ ਮੁਖ ਵੇਰਵਿਆਂ ਤੇ ਰਹਿਤ-ਮਰਿਆਦਾ ਨਾਲ ਸੰਪੰਨ ਹੋ ਗਿਆ। ਗੁਰੂ ਨਾਨਕ ਦੇਵ ਨੇ ਕਰਤਾਰਪੁਰ ਦੀ ਧਰਮਸਾਲ ਬਣਾਕੇ ਇਕ ਖਾਸ ਤਰ੍ਹਾਂ ਦੀ ਮਰਿਆਦਾ ਨਿਸਚਿਤ ਕੀਤੀ। ਇਸੇ ਨੂੰ ਫੁੱਲ ਲਗਾ ਤਾਂ ਆਉਣ ਵਾਲੇ ਗੁਰੂ ਸਾਹਿਬਾਨ ਨੇ ਕਈ ਨਗਰ, ਤਾਲ, ਧਰਮ-ਮੰਦਿਰ, ਖੂਹ, ਬਾਗ, ਕੁਸ਼ਟੀ ਆਸ਼੍ਰਮ ਆਦਿ ਬਣਾਏ। ਅਕਾਲ ਤਖਤ ਦੀ ਸਿਰਜਣਾ ਨੇ ਸ਼ਾਂਤ ਅਧਿਆਤਮਕ ਲਹਿਰ ਵਿਚ ਇਕ ਹੋਰ ਵੇਰਵਾ ਜੋੜ ਦਿਤਾ ਤੇ ਮੀਰੀ ਪੀਰੀ ਦਾ ਜੋ ਨਾਦ ਦਸਮ ਪਾਤਸ਼ਾਹ ਤਕ ਪੁਰਜ਼ੋਰ ਹੁੰਦਾ ਰਿਹਾ। ਕੁਲ ਮਿਲਾਕੇ, ਸਮਰੱਥਾਵਾਨ ਮਜ਼ਹਬ ਵਿਸ਼ੇਸ਼ ਸੰਸਥਾਰੂਪ ਤੋਂ ਪ੍ਰਫੁਲਿਤ ਹੋ ਕੇ ਅਖੀਰ ਖੁਦ ਆਪ ਅਨੇਕ ਸੰਸਥਾਵਾਂ ਦੀ ਸਿਰਜਣਾ ਕਰਨ ਦੇ ਜੋਗ ਹੋ ਜਾਂਦਾ ਹੈ। ਇਹੋ ਸੰਸਥਾ ਅਤੇ ਮਜ਼ਹਬ ਦਾ ਅੰਤਰ ਵੀ ਹੈ। ਸਮਰੱਥ ਮਜ਼ਹਬ ਅਗੋਂ ਹੋਰ ਅਨੇਕ ਸੰਸਥਾਵਾਂ ਸੰਪਰਦਾਵਾਂ ਨੂੰ ਪੈਦਾ ਕਰਨ ਦੀ ਸ਼ਕਤੀ ਰਖਦਾ ਹੈ। ਮਿਸਾਲ ਵਜੋਂ ਗੁਰਮਤਿ ਮੰਨਣ ਵਾਲੀਆਂ ਕੁਝ ਸੰਸਥਾਵਾਂ ਥੋੜ੍ਹੇ ਬਹੁਤ ਬਾਹਰੀ ਵਰਤਾਰੇ ਦੇ ਅੰਤਰ ਨਾਲ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਉਪਰ ਹੀ ਇਤਕਾਦ ਰੱਖਦੀਆਂ ਹਨ ਜੋਹਾ ਕਿ ਅਕਾਲੀ, ਨਾਮਧਾਰੀ, ਬਾਬਾ ਨੰਦ ਸਿੰਘ ਜੀ ਦੁਆਰਾ ਚਲਾਈ ਮਰਿਆਦਾ ਜਿਸ ਨੂੰ ਨਾਨਕਸਰੀ ਮਰਿਆਦਾ ਦਾ ਨਾਮ ਦਿਤਾ ਜਾ ਸਕਦਾ ਹੈ। ਸੰਤ ਰਣਧੀਰ ਸਿੰਘ ਜੀ ਦੁਆਰਾ ਚਲਾਈ ਮਰਿਆਦਾ ਨਾਨਕਸਰ ਵਾਲਿਆਂ ਦੀ ਮਰਿਆਦਾ ਨਾਲੋਂ ਭਿੰਨ ਹੈ। ਇਸੇਤਰ੍ਹਾਂ ਨਾਨਕਸਰ ਤੇ ਨਾਮਧਾਰੀ ਮਰਿਆਦਾ ਵਿਚਲਾ ਅੰਤਰ ਸਪਸ਼ਟ ਹੈ। ਇਸ ਤੋਂ ਉਲਟ ਅਜੇਹੀਆਂ ਸੰਪਰਦਾਵਾਂ ਵੀ ਹਨ ਜੋ ਮਜ਼ਹਬ ਵਿਸ਼ੇਸ਼ ਦਾ ਦਰਜਾ ਪ੍ਰਾਪਤ ਨਹੀਂ ਕਰ ਸਕੀਆਂ, ਮਿਸਾਲ ਵਜੋਂ ਕਬੀਰ ਜਾਂ ਰਵਿਦਾਸ ਪੰਥੀ। ਇਹ ਤਾਂ ਹੋਈ ਸੰਸਥਾ ਤੋਂ ਮਜ਼ਹਬ ਤੇ ਮਜ਼ਹਬ ਤੋਂ ਸੰਸਥਾ ਦੀ ਯਾਤਰਾ ਦੀ ਗੱਲ।

ਸਹਿਜੇ ਹੀ ਇਕ ਬੁਨਿਆਦੀ ਕਿਸਮ ਦਾ ਸੁਆਲ ਸਨਮੁਖ ਆਣ ਖਲੋਤਾ ਹੈ ਜਦ ਸਾਰੇ ਮਜ਼ਹਬ ਸਾਰੀਆਂ ਸੰਸਥਾਵਾਂ, ਸੰਪਰਦਾਵਾਂ ਇਕੋ ਰਬ ਦੀਆਂ ਹੀ ਉਪਾਸ਼ਕ ਹਨ ਤਾਂ ਇਹ ਛੋਟੇ ਛੋਟੇ ਫਰਕ ਕਿਓਂ? ਦਰਅਸਲ, ਬ੍ਰਹਿਮੰਡ ਅਤੇ ਮਨੁੱਖਾ ਜਗਤ ਵਿਚਲਾ ਬੁਨਿਆਦੀ ਨੇਮ ਹੈ ਇਕ ਤੋਂ ਅਨੇਕ ਹੋ ਜਾਣਾ। ਇਹੋ ਕੰਮ ਜੀਵਨ ਦੇ ਅਨੇਕ ਮੁਖ ਅੰਗਾਂ ਵਿਚ ਕਾਰਜਸ਼ੀਲ ਵਿਖਾਈ ਦੇਂਦਾ ਹੈ। ਬਹੁਪ੍ਰਕਾਰੀ ਧਰਮ, ਸਭਿਆਚਾਰ, ਜਾਤੀ ਵਰਗ, ਸ੍ਰੇਣੀ-ਵੰਡ, ਅਤੇ ਸੰਪਰਦਾਵਾਂ ਨੇ ਆਪਣੇ ਰੱਬ ਨੂੰ ਆਪੋ ਆਪਣੇ ਢੰਗ ਨਾਲ ਅਰਾਧਿਆ ਹੈ। ਪਰ ਜਾਣਨਯੋਗ ਨੁਕਤਾ ਤਾਂ ਇਹ ਹੈ, ਹਰ ਸੰਸਥਾ ਜਾਂ ਸੰਪਰਦਾਇ ਦਾ ਭਾਵੇਂ ਮੂਲ ਉਦੇਸ਼ ਰੱਬ ਨਾਲ ਇਕਮਿਕ ਹੋਣਾ ਹੀ ਹੈ ਪਰ ਤਾਂ ਵੀ ਉਸਦੀ ਇਕ ਸਮਾਜਿਕ ਭੂਮਿਕਾ ਹੁੰਦੀ ਹੈ ਜਿਸ ਦੇ ਰਾਹੀਂ ਲੋਕ ਸਮੂਹ ਉਸ ਨਾਲ ਜੁੜਦਾ ਨਿੱਤ-ਵਿਹਾਰ ਕਰਦਾ, ਚਿੰਤਨ-ਸ਼ੀਲ ਹੁੰਦਾ ਹੋਇਆ ਅਧਿਆਤਮਕ ਮਰਮ ਨੂੰ ਪ੍ਰਾਪਤ ਹੁੰਦਾ ਹੈ।

ਮਜ਼ਹਬ ਜਾਂ ਸੰਸਥਾ ਵਿਸ਼ੇਸ਼ ਵਿਚੋਂ ਜੇ ਸਮਾਜਿਕ ਸੰਦਰਭ ਨੂੰ ਨਕਾਰ ਦਿਤਾ ਜਾਏ ਤਾਂ ਇਹ ਕੇਵਲ ਦਰਸ਼ਨ ਦਾ ਇਕ ਨੁਕਤਾ ਬਣਕੇ ਰਹਿ ਜਾਏਗਾ। ਜ਼ਾਹਿਰ ਹੈ, ਸਾਮਾਜਿਕ ਸੰਦਰਭ ਸੰਸਥਾ ਦਾ ਲਾਜ਼ਮੀ ਵਜੂਦ ਹੈ।

ਹਰ ਸੰਸਥਾ ਆਪਣੇ ਵਜੂਦ ਵਿਚ ਆਉਂਦੇ ਹੀ ਆਪਣੇ ਨਾਲ ਕੁਝ ਹਾਂ ਅਮੁਖ ਤੇ ਕੁਝ ਨਾਂਹ ਮੁਖ ਵੇਰਵੇ ਜੋੜ ਲੈਂਦੀ ਹੈ, ਜਿਸਦੇ ਆਸਰੇ ਹੀ ਉਹ ਆਪਣੀ ਵਿਲੱਖਣ ਪਹਿਚਾਨ ਵੀ ਸਥਾਪਿਤ ਕਰਦੀ ਹੈ। ਸੰਸਥਾ ਦੀ ਖ਼ੂਬਸੂਰਤੀ ਇਹ ਹੁੰਦੀ ਹੈ ਕਿ ਉਸ ਪਾਸ ਆਪਣਾ ਵਜੂਦ ਹੁੰਦਾ ਹੈ, ਵਰਤ ਵਿਹਾਰ, ਵਿਸ਼ੇਸ਼, ਦਰਸ਼ਨ ਵਿਸ਼ੇਸ਼ ਤੇ ਲਿਬਾਸ ਵਿਸ਼ੇਸ਼ ਉਸਦੇ ਲਾਜ਼ਮੀ ਜੁਜ਼ ਹਨ। ਇਹਨਾਂ ਦੇ ਸਹਾਰੇ ਹੀ ਉਹ ਆਮ ਸਾਮਾਜਿਕ ਵਰਤਾਰੇ ਤੋਂ ਰਤਾ ਕੁ ਨਿਵੇਕਲੀ ਹੁੰਦੀ ਹੈ।

ਨਾਮਧਾਰੀ ਸੰਸਥਾ ਦਾ ਦਰਸ਼ਨ ਵਿਸ਼ੇਸ਼ ਭਾਵੇਂ ਗੁਰਮਤਿ ਹੀ ਹੈ ਪਰ ਉਹ ਆਪਣੇ ਲਿਬਾਸ ਤੋਂ ਸਹਿਜੇ ਹੀ ਇਹ ਥਹੁ ਦੇਂਦੀ ਹੈ ਕਿ ਅਜੇਹੇ ਲਿਬਾਸ ਦੇ ਧਾਰਣੀ ਆਪਣੇ ਜੀਵਨ-ਵਿਹਾਰ ਵਿਚ ਕੁਝ ਵਖਰੇ ਹਨ। ਨਾਮਧਾਰੀ ਸਿੰਘਾਂ ਦਾ ਮਨਭਾਉਂਦਾ ਰੰਗ ਸਫੇਦ ਹੈ। ਗੁਰਬਾਣੀ ਵਿਚ ਇਸਦਾ ਸੰਬੰਧ ਸਤਿਜੁਗ ਨਾਲ ਜੋੜਿਆ ਗਿਆ ਹੈ, ਜਿਸ ਦਾ ਭਾਵ ਹੈ ਅਜੇਹੇ ਪਹਿਰਾਵੇ ਪਹਿਰਣ ਵਾਲੇ ਸਾਤਵਿਕ ਬਿਰਤੀ ਦੇ ਹੋਣੇ ਚਾਹੀਦੇ ਹਨ। ਗੋਲ ਸਿੱਧੀ ਦਸਤਾਰ, ਚੁਸਤ ਕੁੜਤਾ, ਘੇਟਵਾਂ ਪਜਾਮਾ ਚੇਹਰੇ 'ਤੇ ਡੁਲ੍ਹਦੀ ਮੁਸਕਾਨ—ਇਹ ਲਗਭਗ ਹਰ ਨਾਮਧਾਰੀ ਦਾ ਖਾਸਾ ਹੈ ਤੇ ਇਹੋ ਨਾਮਧਾਰੀ ਸਮਾਜ ਦੀ ਨਿਵੇਕਲੀ ਪਹਿਚਾਣ ਵੀ।

Namdhari Elibrary NamdhariElibrary@gmail.com

ਸੁਆਲ ਹੋ ਸਕਦਾ ਹੈ, ਨਾਮਧਾਰੀ ਸਮਾਜ ਦੀਆਂ ਅਜੇਹੀਆਂ ਕੇਹੜੀਆਂ ਪ੍ਰਾਪਤੀਆਂ ਹਨ ਜੇਹੜੀਆਂ ਉਸ ਨੂੰ ਅਜੋਕੇ ਸੰਦਰਭ ਵਿਚ ਨਿਵੇਕਲਾ ਪਦ ਪ੍ਰਦਾਨ ਕਰਦੀਆਂ ਹਨ? ਇਹਨਾਂ ਪ੍ਰਾਪਤੀਆਂ ਦੀ ਸਿਫ਼ਤ ਸਲਾਹੁਤਾ ਕ੍ਰਮਵਾਰ ਕਰਨੀ ਬਣਦੀ ਹੈ:

ਜੀਵਨ ਨਗਰ ਦਾ ਵਸਾਉਣਾ :

ਮਹਾਂਪੁਰਖ ਪਾਰਦਰਸ਼ੀ ਦ੍ਰਿਸ਼ਟੀ ਵਾਲੇ ਹੁੰਦੇ ਹਨ। ਉਹ ਆਉਣ ਵਾਲੇ ਸਮੇਂ ਬਾਰੇ ਅਗਾਊਂ ਹੀ ਸੁਚੇਤ ਕਰਦੇ ਰਹਿੰਦੇ ਹਨ। ਨਾਲੇ ਪਰਉਪਕਾਰੀ ਸੰਤ-ਜਨ ਸਾਧਾਰਣ ਸ਼ਰਧਾਲੂਆਂ ਦੀ ਹਰ ਪਖੋਂ ਰਾਹਨੁਮਾਈ ਵੀ ਸਮੇਂ ਸਮੇਂ ਕਰਦੇ ਆਏ ਹਨ। ਕੁਝ ਇਸੇ ਤਰ੍ਹਾਂ ਦਾ ਆਦਰਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੈ। ਜੀਵਨ ਨਗਰ ਦੀ ਧਰਤੀ ਦੀ ਚੋਣ ਤਾਂ, ਕਹਿੰਦੇ ਹਨ, ਕਾਫ਼ੀ ਸਮਾਂ ਪਹਿਲਾਂ ਹੀ ਕਰ ਲਈ ਸੀ। ਪਰ ਇਸ ਨੂੰ ਪੂਰੀ ਤਰ੍ਹਾਂ ਆਬਾਦ ੧੯੪੭ ਦੇ ਘਲੂਘਾਰੇ ਤੋਂ ਬਾਅਦ ਕੀਤਾ। ਪਾਕਿਸਤਾਨ ਤੋਂ ਆਏ ਅਮੀਰ-ਗਰੀਬ ਇਸ ਥਾਂ ਤੇ ਆਬਾਦ ਹੋਏ। ਸ੍ਰੀ ਜੀਵਨ ਨਗਰ ਵਸਾਉਣ ਦਾ ਉਦਮ ਸ੍ਰੀ ਸਤਿਗੁਰੂ ਜੀ ਦਾ ਨਿਵੇਕਲਾ ਨਹੀਂ ਸੀ ਸਗੋਂ ਇਹ ਆਦਰਸ਼ ਤਾਂ ਉਹਨਾਂ ਦੀ ਪਰੰਪਰਾ ਵਿਚ ਮੌਜੂਦ ਹੈ। ਗੁਰੂ ਸਾਹਿਬਾਨ ਨੇ ਵੀ ਆਪਣੇ ਜੀਵਨ ਕਾਲ ਵਿਚ ਕਰਤਾਰਪੁਰ, ਅੰਮ੍ਰਿਤਸਰ, ਤਰਨ ਤਾਰਨ, ਕੀਰਤਪੁਰ ਤੇ ਆਨੰਦਪੁਰ ਨਗਰ ਵਸਾਏ। ਇਸ ਤੋਂ ਸਪਸ਼ਟ ਸੰਕੇਤ ਮਿਲਦਾ ਹੈ, ਇਕੋ ਜੇਹੀ ਰਹਿਤ ਬਹਿਤ ਵਾਲੇ, ਇਕੋ ਆਦਰਸ਼ ਨੂੰ ਜੀਊਣ ਵਾਲੇ, ਇਕੋ ਤਰ੍ਹਾਂ ਦੇ ਵਿਚਾਰਾਂ ਵਾਲੇ ਜੇ ਇਕੱਠੇ ਰਹਿਣ ਤਾਂ ਸਾਮਾਜਿਕ ਤ੍ਰੇੜਾਂ ਘੱਟ ਆਉਣਗੀਆਂ। ਆਪਸੀ ਭਾਈਚਾਰਾ ਤੇ ਮਿਲਵਰਤਣ ਵਧਣ ਕਰਕੇ ਸਮਾਜ ਵਧੇਰੇ ਸਮਰੱਥ ਹੋਵੇਗਾ। ਦਿਲਾਂ ਵਿਚ ਪ੍ਰੇਮ-ਪਿਆਰ ਮਉਲੇਗਾ। ਦੁਖ-ਸੁਖ ਸਾਂਝੇ ਹੋਣ ਕਰਕੇ ਸਾਂਝੀਵਾਲਤਾ ਦੀ ਭਾਵਨਾ ਵਧੇਗੀ।

ਸ੍ਰੀ ਸਤਿਗੁਰੂ ਜੀ ਨੇ ਪਾਕਿਸਤਾਨੋਂ ਆਏ ਸ਼ਰਣਾਰਥੀਆਂ ਨੂੰ ਅਜੇਹੀ ਸੁਚੱਜਤਾ ਨਾਲ ਮੁੜ ਵਸੇਬਾ ਕਰਵਾਇਆ ਕਿ ਸਰਕਾਰੀ ਅਫਸਰ ਦੰਗ ਰਹਿ ਗਏ। ਇਕ ਗੱਲ ਖਾਸ ਜੋ ਇਸ ਜ਼ਮੀਨ ਵੰਡ ਵਿਚ ਨਜ਼ਰ ਆਉਂਦੀ ਹੈ, ਉਹ ਗਰੀਬ-ਅਮੀਰ ਨਾਲ ਵਿਤਕਰਾ ਨਹੀਂ ਸੀ। ਸਗੋਂ ਗਰੀਬ ਦੀ ਹੈਸੀਅਤ ਤੇ ਸਾਧਨਾਂ ਨੂੰ ਧਿਆਨ ਵਿਚ ਰਖਕੇ ਉਹਨਾਂ ਨੂੰ ਜ਼ਮੀਨ ਪਿੰਡਾਂ ਦੇ ਨੇੜੇ ਖੂਹਾਂ ਦੇ ਕੋਲ ਦਿੱਤੀ ਗਈ ਜਦ ਕਿ ਅਮੀਰਾਂ ਨੂੰ ਕੁਝ ਬੇ-ਅਬਾਦ ਤੋਂ ਕੁਝ ਅਬਾਦ ਪਿੰਡੋਂ ਰਤਾ ਦੂਰ ਦਿੱਤੀ। ਇਸ ਸੰਬੰਧ ਵਿਚ ਧਿਆਨਯੋਗ ਨੁਕਤਾ ਤਾਂ ਇਹ ਹੈ ਕਿ ਸਰਕਾਰੀ ਵੰਡ ਅੱਖਰ-ਕ੍ਰਮ ਅਨੁਸਾਰ ਸੀ। ਇਹ ਇਕਤਰ੍ਹਾਂ ਲਾਟਰੀ ਵਰਗੀ ਗੱਲ ਜਿਹਦੀ ਜੇਹੜੀ ਨਿਕਲ ਆਈ। ਸ੍ਰੀ ਸਤਿਗੁਰੂ ਜੀ ਕਿਉਂਕਿ ਸੰਗਤ ਨੂੰ ਨੇੜਿਉਂ ਜਾਣਦੇ ਸਨ ਸੋ ਸਭ ਨੂੰ ਵਿਤ ਤੇ ਲੋੜ ਅਨੁਸਾਰ ਜ਼ਮੀਨ ਅਲਾਟ ਕਰ ਦਿਤੀ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਪਾਕਿਸਤਾਨ ਵਿਚ ਵਸਦੇ ਬੇ-ਜ਼ਮੀਨ ਅਨੇਕ ਗਰੀਬਾਂ ਨੂੰ ਜ਼ਮੀਨ ਅਲਾਟ ਕਰਕੇ ਉਹਨਾਂ ਦੇ ਜੀਵਨ ਨਰਬਾਹ ਦਾ ਪੱਕਾ ਵਸੀਲਾ ਬਣਾ ਦਿੱਤਾ। ਬੇ-ਘਰੇ ਨੂੰ ਘਰ, ਬੇ-ਆਸਰੇ ਨੂੰ ਆਸਰਾ, ਭੁੱਖੇ ਨੂੰ ਰੋਟੀ ਕੋਈ ਮਹਾਂਪੁਰਖ ਹੀ ਦੇ ਸਕਦਾ ਹੈ। ਇਸਤਰ੍ਹਾਂ ਨਾਮਧਾਰੀ ਸਿੰਘ ਇਕ ਥਾਂ ਇਕੱਠੇ ਰਹਿਣ ਲਗੇ। ਨਾਲੇ ਉਹਨਾਂ ਲੋਕ ਸੁਧਾਰਿਆ ਤੇ ਨਾਲੇ ਪਰਲੋਕ ਨੂੰ ਸੁਹੇਲਾ ਕੀਤਾ। ਅਜ ਜੀਵਨ ਨਗਰ ਇਲਾਕਾ ਨਾਮਧਾਰੀ ਸਿੰਘਾਂ ਦਾ ਗੜ੍ਹ ਹੈ ਤੇ ਸ੍ਰੀ ਸਤਿਗੁਰੂ ਜੀ ਦੇ ਉਪਕਾਰ ਸਦਕਾ ਸਾਰੇ ਚੜ੍ਹਦੀ ਕਲਾ ਵਿਚ ਵਸਦੇ-ਰਸਦੇ ਹਨ।

ਇਸ ਸਬੰਧ ਵਿਚ ਇਕ ਗੱਲ ਹੋਰ—ਜੀਵਨ ਨਗਰ ਦੇ ਵਾਸੀਆਂ ਨੂੰ ਵਾਹੀ-ਜ਼ਮੀਨ ਦੇ ਕਿੱਤੇ ਨਾਲ ਜੋੜ ਕੇ ਵੀ ਮਹਾਂਪੁਰਖਾਂ ਨੇ ਗੁਰੂ ਨਾਨਕ ਦੇਵ ਦੇ ਮਿਸ਼ਨ ਨੂੰ ਹੀ ਦ੍ਰਿੜ ਕਰਾਇਆ :

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ (੫੯੫)

ਬਾਬਾ ਨਾਨਕ ਵੀ ਹਲ ਵਾਹੁੰਦੇ ਰਹੇ। ਸਭ ਤੋਂ ਨੇਕ, ਪਵਿੱਤਰ ਕਮਾਈ ਦਾ ਸਾਧਨ ਧਰਤੀ ਮਾਂ ਨਾਲ ਜੁੜਨਾ ਹੈ। ਜੋ ਮਾਂ ਦੇਵੇ ਸਬਰ ਸੰਤੋਖ ਨਾਲ ਛੱਕਣਾ। ਭਲਾ ! ਮਾਂ ਕਦੇ ਕਸਰ ਰੱਖਦੀ ਹੈ। ਜੀਵਨ ਨਗਰ ਵਿਚ ਲਹਿਰ – ਬਹਿਰ ਇਸੇ ਕਿੱਤੇ ਸਦਕੇ ਵਧੇਰੇ ਹੈ। ਸਾਦਾ ਕਮਾਣਾ, ਸਾਦਾ ਖਾਣਾ, ਸਾਦਾ ਰਹਿਣਾ ਤੇ ਮਨ ਨਾਮ ਸਿਮਰਨ, ਨੂੰ ਵਸਾਉਣਾ ਨਾਮਧਾਰੀ ਸਮਾਜ ਦਾ ਖਾਸਾ ਹੈ।

ਗਊ ਪਾਲਕ ਤੇ ਰਖਿਅਕ

ਸ੍ਰੀ ਸਤਿਗੁਰੂ ਜੀ ਨੇ ਜਿਥੇ ਆਪਣੇ ਸਤਿਸੰਗੀਆਂ ਨੂੰ ਵਾਹੀ ਦੇ ਕਿੱਤੇ ਨਾਲ ਜੋੜਿਆ ਉਥੇ ਉਹਨਾਂ ਦੀਆਂ ਹੋਰ ਸਹੂਲਤਾਂ ਦਾ ਵੀ ਧਿਆਨ ਰੱਖਿਆ। ਲੋਕ ਕਹਾਵਤ ਹੈ: ਪੰਜਾਬੀ ਕੋਲ ਜੇ ਦੁੱਧ ਪੁੱਤ ਹੋਵੇ ਤਾਂ ਉਹ ਰੱਜ ਜਾਂਦਾ ਹੈ। ਲੋਕ ਵਿਹਾਰ ਨੇ ਪੁੱਤ ਨਾਲੋਂ ਦੁੱਧ ਨੂੰ ਤਰਜੀਹ ਦਿਤੀ ਹੈ। ਖਾਧ ਖੁਰਾਕ ਬਿਨਾਂ ਸਰੀਰ ਨਹੀਂ ਚਲਦੇ, "ਦੱਬਕੇ ਵਾਹ ਤੇ ਰੱਜ ਕੇ ਖਾਹ,' ਵਾਲਾ ਆਦਰਸ਼ ਵੀ ਸਤਿਗੁਰੂ ਜੀ ਨੇ ਦ੍ਰਿੜ੍ਹ ਕਰਵਾਇਆ। ਨਾਮਧਾਰੀਆਂ ਨੇ ਜ਼ਮੀਨਾਂ ਦੱਬ ਕੇ ਵਾਹੀਆਂ ਤੇ ਰੱਜ ਕੇ ਖਾਣ ਲਈ ਸਤਿਗੁਰੂ ਜੀ ਨੇ ਪਸ਼ੂਆਂ ਨਾਲ ਪਿਆਰ ਕਰਨ ਦਾ ਵੱਲ ਸਿਖਾਇਆ। ਸਤਿਗੁਰੂ ਜੀ ਦਾ ਜੀਵਨ ਇਤਿਹਾਸ ਗਵਾਹ ਹੈ ਕਿ ਆਪ ਜੀ ਨਾ ਕੇਵਲ ਗਊਆਂ ਦੇ ਪਾਲਕ ਹੀ ਸਨ ਸਗੋਂ ਉਚੇ ਚੇ ਪਾਰਖੂ ਵੀ। ਆਪ ਨੇ ਚੰਗੀ ਨਸਲ ਦੀਆਂ ਗਊਆਂ ਪਾਲਣ ਦੀ ਪਿਰਤ ਪਾਈ। ਇਸ ਨਾਲ ਨਾਮਧਾਰੀ ਸਮਾਜ ਨੂੰ ਦੋ ਲਾਭ ਹੋਏ। ਉਹ ਰੱਜ ਕੇ ਖਾਣ ਲਗੇ। ਦੁੱਧ ਦੇ ਉਤਪਾਦਨ ਨੇ ਉਹਨਾਂ ਦੀ ਮਾਇਕੀ ਹਾਲਤ ਨੂੰ ਸੁਧਾਰਨ ਵਿਚ ਮਦਦ ਕੀਤੀ। ਇਕ ਪਾਸੇ, ਉਹ ਸੋ ਹਤਮੰਦ ਸਮਾਜ ਦੀ ਸਿਰਜਣਾ ਕਰਨ ਲਗੇ। ਦੂਜੇ ਪਾਸੇ, ਰੱਜੇ ਪੁੱਜੇ ਸਮਾਜ ਦਾ ਮੂੰਹ ਮੁਹਾਂਦਰਾ ਨਿਖਰਨ ਲਗਾ। ਤੀਜੇ ਪਾਸੇ ਰੱਬੀ ਖੇੜੇ ਨਾਲ ਇਸ ਸਮਾਜ ਦਾ ਮੂੰਹ ਲਿਸ਼ਕਣ ਲਗਾ।

ਇਤਿਹਾਸ ਗਵਾਹ ਹੈ ਜਦੋਂ ਅੰਗ੍ਰੇਜ਼ ਨੇ ਲਾਹੌਰ ਸ਼ਹਿਰ ਵਿਚ ਬੁਚੱੜਖਾਨਾ ਬਨਾਉਣ ਦੀ ਤਜਵੀਜ਼ ਕੀਤੀ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮ-ਸਿਮਰਨ ਤੇ ਚੰਡੀ ਦੀ ਵਾਰ ਦੇ ਸਵਾ ਲੱਖ ਪਾਠ ਕਰਕੇ ਉਸ ਸੰਕਟ ਦਾ ਨਿਵਾਰਣ ਕੀਤਾ। ਗਊ-ਗਰੀਬ ਦੀ ਰਖਿਆ ਆਪ ਜੀ ਦੇ ਮਿਸ਼ਨ ਦਾ ਪ੍ਰਮੁਖ ਨਿਸ਼ਾਨਾ ਸੀ। ਆਪ ਜੀ ਨੂੰ ਜਦ ਕਦੀ ਵੀ ਗਊ ਬੱਧ ਦੀ ਆਪਣੇ ਇਲਾਕੇ ਵਿਚ ਖ਼ਬਰ ਮਿਲੀ ਆਪ ਫ਼ੌਰਨ ਉਸ ਥਾਂ ਪੁੱਜੇ ਤੇ ਜ਼ਾਲਮਾਂ ਨੂੰ ਡੰਨ ਦਿੱਤੇ।

ਬਾਬਾ ਨਾਨਕ ਵੀ ਹਲ ਵਾਹੁੰਦੇ ਰਹੇ। ਸਭ ਤੋਂ ਨੇਕ, ਪਵਿੱਤਰ ਕਮਾਈ ਦਾ ਸਾਧਨ ਧਰਤੀ ਮਾਂ ਨਾਲ ਜੁੜਨਾ ਹੈ। ਜੋ ਮਾਂ ਦੇਵੇ ਸਬਰ ਸੰਤੋਖ ਨਾਲ ਛੱਕਣਾ। ਭਲਾ ! ਮਾਂ ਕਦੇ ਕਸਰ ਰੱਖਦੀ ਹੈ। ਜੀਵਨ ਨਗਰ ਵਿਚ ਲਹਿਰ – ਬਹਿਰ ਇਸੇ ਕਿੱਤੇ ਸਦਕੇ ਵਧੇਰੇ ਹੈ। ਸਾਦਾ ਕਮਾਣਾ, ਸਾਦਾ ਖਾਣਾ, ਸਾਦਾ ਰਹਿਣਾ ਤੇ ਮਨ ਨਾਮ ਸਿਮਰਨ, ਨੂੰ ਵਸਾਉਣਾ ਨਾਮਧਾਰੀ ਸਮਾਜ ਦਾ ਖਾਸਾ ਹੈ।

Namdhari Elibrary NamdhariElibrary@gmail.com

ਸਤਿਗੁਰੂ ਜੀ ਘੋੜ ਸਵਾਰੀ ਦੇ ਸ਼ਾਹ ਸਵਾਰ ਸਨ। ਇਹ ਗੱਲ ਵੀ ਰਿਸ਼ਟ ਪੁਸ਼ਟ ਸਮਾਜ ਦਾ ਝਾਂਵਲਾ ਦੇਂਦੀ ਹੈ। ਉਹਨਾਂ ਨੇ ਆਪਣੇ ਸੰਗੀ ਸਾਥੀਆਂ ਵਿਚ ਘੋੜ ਸਵਾਰੀ ਦਾ ਨ ਕੇਵਲ ਸ਼ੌਕ ਹੀ ਜਗਾਇਆ ਸਗੋਂ ਘੋੜਿਆਂ ਦੇ ਚੰਗੇਰੇ ਪਾਰਖੂ ਵੀ ਪੈਦਾ ਕੀਤੇ ਤੇ ਪਾਲਕ ਵੀ। ਘੋੜ-ਸਵਾਰੀ ਉਦੋਂ ਜੀਵਨ ਨਗਰ ਦੇ ਵਾਸੀਆਂ ਦਾ ਨਿਰਾ ਸ਼ੌਕ ਨਹੀਂ ਸੀ ਸਗੋਂ ਇਹ ਉਹਨਾਂ ਦੀ ਲੋੜ ਵੀ ਸੀ ਤੇ ਸਾਰਥਿਕ ਦਸ਼ਾ ਵਲ ਵੀ ਸੰਕੇਤ ਕਰਦਾ ਹੈ। ਜ਼ਿਮੀਦਾਰ ਕੋਲ ਜ਼ਮੀਨ ਹੋਵੇ, ਦੁੱਧ ਹੋਵੇ, ਚੜ੍ਹਨ ਲਈ ਸਵਾਰੀ ਹੋਵੇ ਸਵੇਰੇ ਸ਼ਾਮ ਦਾ ਸਤਿਸੰਗ ਹੋਵੇ, ਨਾਮ ਸਿਮਰਨ ਜਿਹਨਾਂ ਦੀ ਜਿੰਦ ਜਾਨ ਹੋਵੇ, ਹੋਰ ਕੀ ਕਿਸੇ ਸਮੁਦਾਇ ਨੂੰ ਚਾਹੀਦਾ ਹੈ। ਨਾਲੇ, ਇਕ ਗੱਲ ਹੋਰ ਸਤਿਗੁਰੂ ਜੀ ਗਊਆਂ ਤੇ ਘੋੜਿਆਂ ਨੂੰ ਨਾ ਕੇਵਲ ਮੋਹ ਨਾਲ ਪਾਲਦੇ ਹੀ ਸਨ ਸਗੋਂ ਉਹਨਾਂ ਦੇ ਨਾਮ ਰੱਖਕੇ ਉਹਨਾਂ ਨੂੰ ਦੁਲਾਰਦੇ ਵੀ ਸਨ। ਪਸ਼ੂਆਂ ਦੇ ਸੋਹਣੇ ਨਾਮ ਦੀ ਚੋਣ ਇਸੇ ਗੱਲ ਦੀ ਸੂਚਕ ਹੈ ਕਿ ਆਪ ਪਸ਼ੂ ਪਾਲਨ ਨੂੰ ਸਮਾਜ ਦੇ ਹੋਰ ਕਿੱਤਿਆਂ ਵਾਂਗ ਹੀ ਤਰਜੀਹ ਦੇਂਦੇ ਸਨ। ਅੱਜ ਵੀ ਪੰਜਾਬ ਵਿਚ ਨਾਮਧਾਰੀ ਪਸ਼ੂ ਸ਼ਾਲਾ ਤੇ ਘੋੜਸ਼ਾਲਾ ਪਹਿਲੇ ਦਰਜੇ ਦੇ ਪਸ਼ੂ ਉਤਪਾਦਕ ਕੇਂਦਰ ਹਨ।

ਸੰਗੀਤ ਵਿਦਿਆਲਾ :

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਿਥੇ ਨਾਮਧਾਰੀ ਸਮਾਜ ਦੇ ਬਾਹਰੀ ਪੱਖ ਨੂੰ ਸੁਦ੍ਰਿੜ੍ਹ ਕੀਤਾ ਉਥੇ ਆਤਮਿਕ ਤੌਰ ਤੇ ਉਚੇਰਾ ਕਰਨ ਲਈ ਵੀ ਉਚੇਚੇ ਸਾਧਨ ਅਪਣਾਏ। ਗੁਰਮਤਿ ਅਨੁਸਾਰ:

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥

(੯੫੮)

ਹਰਿ ਦਿਨੁ ਰੈਨਿ ਕੀਰਤਨੁ ਗਾਈਐ।
ਬਹੁੜਿ ਨ ਜੋਨੀ ਪਾਈਐ॥

ਕੀਰਤਨ ਮਨ ਜੋੜਨ ਦਾ ਸਭ ਤੋਂ ਉਤਮ ਸਾਧਨ ਹੈ। ਸਾਡੇ ਆਲੇ ਦੁਆਲੇ ਬਾਹਰਲਾ ਰੌਲਾ ਹੀ ਇਤਨਾ ਜ਼ਿਆਦਾ ਹੈ ਕਿ ਉਸ ਨੂੰ ਮੱਠਾ ਕਰਨ ਲਈ ਕੀਰਤਨ ਦਾ ਉਚੇਰਾ ਸੁਰ ਲਾਜ਼ਮੀ ਹੈ। ਬਾਣੀਕਾਰਾਂ ਨੇ ਕੀਰਤਨ ਨੂੰ ਲੋਕ-ਪਰਲੋਕ ਦੇ ਨਿਸਤਾਰੇ ਲਈ ਕਾਰਗਰ ਸਾਧਨ ਮੰਨਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਵਡੇਰਾ ਭਾਗ ਨ ਕੇਵਲ ਰਾਗਬੱਧ ਹੀ ਹੈ ਸਗੋਂ ਰਾਗ ਦੇ ਕੌਸ਼ਲ ਨਾਲ ਸੰਬੰਧਿਤ ਸੰਕੇਤ ਵੀ ਇਸ ਵਿਚ ਮੌਜੂਦ ਹਨ। ਗੁਰਮਤਿ ਸੰਗੀਤ, ਸਨਮੁਖ ਸੰਗੀਤ ਹੋਣ ਕਹਕੇ ਸਹੀ ਅਗਵਾਈ ਦੀ ਅਣਹੋਂਦ ਵਿਚ ਉਸ ਪਾਏ ਦਾ ਨਹੀਂ ਰਿਹਾ ਜਿਸ ਪਾਏ ਦਾ ਕੀਰਤਨ ਭਾਈ ਮਰਦਾਨਾ ਤੇ ਰਬਾਬੀ ਸੱਤਾ ਬਲਵੰਡ ਕਰਦੇ ਸਨ। ਕੀਰਤਨ ਸ਼ੈਲੀ ਵਿਚ ਆ ਰਹੀ ਕਮੀ ਨੂੰ ਮਹਿਸੂਸ ਕਰਕੇ ਸ੍ਰੀ ਸਤਿਗੁਰੂ ਜੀ ਨੇ ਵੀ ਇਕ ਸੰਗੀਤ ਵਿਦਿਆਲਾ ਭੈਣੀ ਸਾਹਿਬ ਵਿਚ ਖੋਲ੍ਹਿਆ। ਗੁਰਮਤਿ ਸੰਗੀਤ ਕਾਨਫਰੰਸਾਂ ਕਰਵਾਈਆਂ। ਅਜੇਹੀਆਂ ਕਾਨਫਰੰਸਾਂ ਵਿਚ ਸੁਰ, ਤਾਲ, ਲੈਅ, ਤਾਨ ਅਤੇ ਗਲੇ ਦੀ ਹਰਕਤ ਨੂੰ ਬੜੀ ਬਰੀਕੀ ਨਾਲ ਨਿਰਖਿਆ ਪਰਖਿਆ ਜਾਂਦਾ। ਆਪ ਧਰੁਪਦ ਸ਼ੈਲੀ ਨੂੰ ਵਧੇਰੇ ਪਸੰਦ ਕਰਦੇ ਸਨ। ਸ਼ਾਇਦ ਏਸੇ ਕਰਕੇ ਅੰਮ੍ਰਿਤਸਰੀ ਰਬਾਬੀਆਂ, ਭਾਈ ਤਾਬਾ, ਭਾਈ ਅਨਾਇਤ, ਭਾਈ ਦੇਸਾ ਆਦਿ ਨੂੰ ਕਈ ਵੇਰ ਭੈਣੀ ਸਾਹਿਬ ਬੁਲਾਇਆ ਗਿਆ ਤੇ ਉਹਨਾਂ ਪਾਸੋਂ ਪੁਰਾਣੀਆਂ ਰੀਤਾਂ ਨੂੰ ਸੁਣਨ ਉਪਰੰਤ ਉਹਨਾਂ ਨੂੰ ਸਾਂਭਣ ਦਾ ਉਪਰਾਲਾ ਵੀ ਕੀਤਾ ਗਿਆ। ਫਲਸਰੂਪ, ਅਜ ਵੀ ਨਾਮਧਾਰੀ ਸਮਾਜ ਵਿਚ ਰਸੀਲੇ ਕੀਰਤਨ ਦੀ ਗੂੰਜ ਸੁਣਾਈ ਦੇਂਦੀ ਹੈ।

ਵਿਆਹ ਸ਼ਾਦੀਆਂ :

ਨਾਮਧਾਰੀ ਸੰਸਥਾ ਦਾ ਇਕ ਹੋਰ ਪੱਖ ਵੀ ਹੈ। ਸਤਿਗੁਰੂ ਜੀ ਨੇ ਸਿਖਾਂ ਵਿਚ ਏਕਤਾ ਬਣੀ ਰਹਿਣ ਦੇ ਜਤਨ ਬਾਰੰਬਾਰ ਦ੍ਰਿੜ੍ਹ ਕਰਵਾਏ। ਵਿਆਹ ਸ਼ਾਦੀਆਂ ਸਮੇਂ ਜਿਤਨਾ ਪੈਸੇ ਦਾ ਉਜਾੜਾ ਹੁੰਦਾ ਹੈ ਉਸ ਤੋਂ ਨਾਮਧਾਰੀਆਂ ਨੂੰ ਮੁਕਤ ਕਰ ਦਿਤਾ। ਅਜ ਵੀ ਵੇਖਣ ਵਿਚ ਆਉਂਦਾ ਹੈ ਨਾਮਧਾਰੀ ਸਮਾਜ ਵਿਚ ਸਾਮੂਹਿਕ ਸ਼ਾਦੀਆਂ ਹੁੰਦੀਆਂ ਹਨ। ਗੁਰੂ ਜੀ ਦੀ ਹਜ਼ੂਰੀ ਵਿਚ ਅਨੇਕ ਜੋੜੇ ਇਕੋ ਸਮੇਂ ਪਰਕਰਮਾ ਕਰਦੇ ਹਨ। ਇਹਨਾਂ ਦੇ ਲਿਬਾਸ ਸਾਦੇ ਹੁੰਦੇ ਹਨ ਤੇ ਬਰਾਤ ਆਦਿ ਦੇ ਢੁਕਾਓ ਆਦਿ ਦਾ ਟੰਟਾ ਹੀ ਮੁਕਾ ਦਿਤਾ ਗਿਆ ਹੈ। ਨਾ ਧੀ ਵਾਲੇ ਨੂੰ ਫਿਕਰ ਨਾ ਪੁਤਰ ਵਾਲੇ ਨੂੰ ਚਿੰਤਾ। ਸਾਰੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਨਤ ਮਸਤਕ ਹੋ ਕੇ ਰਿਸ਼ਤੇ ਨਾਤਿਆਂ ਨੂੰ ਕਬੂਲ ਕਰਦੇ ਹਨ। ਅਜ ਜਦ ਸਰਕਾਰ ਦਹੇਜ ਨਾ ਦੇਣ ਦਾ ਪਰਚਾਰ ਸਰਕਾਰੀ ਪੱਧਰ ਉਪਰ ਕਰ ਰਹੀ ਹੈ ਇਸ ਗੱਲ ਦਾ ਪ੍ਰਚਾਰ ਬਹੁਤ ਲੰਮਾ ਅਰਸਾ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਕਰ ਦਿਤਾ ਸੀ।

ਇਸ ਸੰਦਰਭ ਵਿਚ ਇਕ ਗੱਲ ਧਿਆਨ ਦੇਣ ਯੋਗ ਹੈ। ਸ੍ਰੀ ਸਤਿਗੁਰੂ ਜੀ ਨੇ ਵਿਦਿਆ ਜੋਤ ਨੂੰ ਮੱਠਾ ਨਹੀਂ ਪੈਣ ਦਿੱਤਾ। ਇਸਦੇ ਅਧਿਕਾਰੀ ਲੜਕੀ ਤੇ ਲੜਕਾ ਦੋਵੇਂ ਸਨ। ਉਹ ਉਤਨੀ ਦੇਰ ਤਕ ਅਨੰਦ ਕਾਰਜ ਨਹੀਂ ਸਨ ਕਰਵਾਉਂਦੇ ਜਿਤਨੀ ਦੇਰ ਲੜਕੀ ਤੇ ਲੜਕੇ ਨੂੰ ਗੁਰਮੁਖੀ ਅੱਖਰ ਪੜ੍ਹਨੇ ਲਿਖਣੇ ਨਾ ਆਉਂਦੇ ਹੋਣ। ਨਾਮਧਾਰੀ ਸਮਾਜ ਨੂੰ ਇਸ ਦਾ ਪਹਿਲਾ ਲਾਭ ਇਹ ਹੋਇਆ ਕਿ ਹਰ ਕੋਈ ਮਾਤਭਾਸ਼ਾ ਦਾ ਗਿਆਤਾ ਹੋ ਗਿਆ। ਦੂਜਾ, ਜੋਹੜਾ ਨਾਹਰਾ ਅਜ ਬੜੀ ਬੁਲੰਦ ਆਵਾਜ਼ ਵਿਚ ਦਿੱਤਾ ਜਾ ਰਿਹਾ ਹੈ ਕਿ ਅਨਪੜ੍ਹਤਾ ਨੂੰ ਦੂਰ ਕਰੋ। ਇਹ ਨਾਮਧਾਰੀ ਸਮਾਜ ਵਿਚ ਕੇਵਲ ਮਾਤ੍ਰ ਨਾਹਰਾ ਨਹੀਂ ਸੀ ਸਗੋਂ ਨਿਯਮਿਤ ਰੂਪ ਵਿਚ ਮਰਿਆਦਾ ਸੀ। ਮਾਪੇ ਜਵਾਨ ਬੱਚਿਆਂ ਨੂੰ ਗੁਰਮੁਖੀ ਸਿਖਣ ਲਈ ਪ੍ਰੇਰਦੇ ਸਨ। ਇਸਦਾ ਤੀਜਾ ਲਾਭ ਇਹ ਹੋਇਆ—ਇਸਤ੍ਰੀ-ਪੁਰਖ ਦੀ ਵਿਦਿਆ-ਪ੍ਰਾਪਤੀ ਵਿਚ ਭੇਦ ਨਾ ਰਿਹਾ ਸਗੋਂ ਦੋਹਾਂ ਨੂੰ ਬਰਾਬਰ ਵਿੱਦਿਆ ਦੇ ਸਾਧਨ ਮੁਹੱਈਆ ਕੀਤੇ ਗਏ। ਸਾਰੇ ਹੀ ਆਪਣੀ ਵਿਰਾਸਤ ਨੂੰ ਜਾਣਨ ਲਗੇ। ਉਸ 'ਤੇ ਮਾਣ ਕਰਨ ਜੋਗ ਹੋ ਗਏ। ਵਿਰਾਸਤ ਤੇ ਛਖਰ ਵਿਰਲੇ ਹੀ ਕਰਦੇ ਹਨ। ਇਸ ਦਾ ਚੌਥਾ ਲਾਭ ਇਹ ਹੋਇਆ -ਨਾਮਧਾਰੀ ਸਮਾਜ ਧਰਮ ਖੇਤਰ ਵਿਚ ਪਿੱਛੇ ਨਹੀਂ ਰਿਹਾ। ਸਾਰੇ ਲੋਕ ਗੁਰਬਾਣੀ ਨਾਲ ਗੁਰੂ ਬਾਬੇ ਦੇ ਜੀਵਨ ਇਤਿਹਾਸ ਤੇ ਹੋਰ ਅਨੇਕਾਂ ਸਾਖੀਆਂ ਰਾਹੀਂ ਧਾਰਮਿਕ ਜੀਵਨ ਵਿਚ ਪਰਪੱਕ ਹੁੰਦੇ ਰਹੇ। ਇਸ ਦਾ ਪੰਜਵਾਂ ਲਾਭ ਇਕ ਹੋਰ ਵੀ ਹੋਇਆ ਕਿਉਂਕਿ ਗੁਰਮੁਖੀ ਅੱਖਰ ਜਾਣਨ-ਪੜ੍ਹਨ ਦੀ ਮਰਿਆਦਾ ਬੜੀ ਕਰੜਾਈ ਨਾਲ ਨਿਭਾਈ ਗਈ। ਭਾਵੇਂ ਕੋਈ ਕਿਤਨੀਆਂ ਜਮਾਤਾਂ ਪਾਸ ਹੋਵੇ ਸਤਿਗੁਰੂ ਜੀ ਉਸ ਦਾ ਅਨੰਦ ਕਾਰਜ ਨਹੀਂ ਸਨ ਪੜ੍ਹਦੇ ਜਿਤਨੀ ਦੇਰ ਉਹ ਗੁਰਮੁਖੀ ਨਾ ਜਾਣੇ। ਇਸ ਨਾਲ ਉਚੇਰੀ ਵਿਦਿਆ ਦੀ ਪ੍ਰਾਪਤੀ ਵਾਲੇ ਲੋਕ ਵੀ ਆਪਣੀ ਮਾਤਭਾਸ਼ਾ ਨਾਲੋਂ ਟੁੱਟੇ ਨਹੀਂ ਸਗੋਂ ਧਾਰਮਿਕ ਮਰਿਆਦਾ ਵਿਚ ਬਝੇ ਰਹੇ। ਇਕ ਪਾਸੇ, ਉਹ ਉਚੇਰੀਆਂ ਡਿਗਰੀਆਂ ਪ੍ਰਾਪਤ ਕਰਦੇ ਰਹੇ। ਦੂਸਰੇ ਪਾਸੇ, ਗੁਰਬਾਣੀ ਨਾਲ ਜੁੜੇ ਰਹੇ। ਅੱਜ ਵੀ ਅਨੰਦ ਕਾਰਜ ਦੀ ਰਸਮ ਸਮੇਂ ਬੱਚੇ ਬੱਚੀ ਤੋਂ ਜਪੁਜੀ ਸਾਹਿਬ ਦਾ ਪਾਠ ਅਰਦਾਸ ਲਾਜ਼ਮੀ ਤੌਰ ਤੇ ਜ਼ਬਾਨੀ ਸੁਣਿਆਂ ਜਾਂਦਾ ਹੈ। ਇਹੋ ਹੈ, ਉਹ ਜੁਗਤ ਜੋ ਆਪਣੇ ਧਰਮ ਨਾਲ ਜੋੜੀ ਰਖਦੀ ਹੈ। ਆਪਣੇ ਵਿਰਸੇ ਤੋਂ ਟੁੱਟਣ ਨਹੀਂ ਦੇਂਦੀ। ਜ਼ਾਹਿਰ ਹੈ,

Namdhari Elibrary NamdhariElibrary@gmail.com

ਨਾਮਧਾਰੀ ਸਮਾਜ ਵਿਚ ਗੁਰਮੁਖੀ ਜਾਣਨਾ, ਪੜ੍ਹਨਾ, ਨਾਮ ਸਿਮਰਨ ਕਰਨਾ, ਬਾਣੀ ਪੜ੍ਹਨੀ, ਸੁਣਨੀ ਲਾਜ਼ਮੀ ਕਰਾਰ ਕਰ ਦਿਤੀ ਗਈ ਹੈ। ਇਸ ਨਾਲ ਭਾਈਚਾਰਕ ਸਾਂਝ ਵੀ ਬਣੀ ਰਹੀ ਤੇ ਧਾਰਮਿਕ ਰਹਿਤ ਮਰਿਆਦਾ ਹੋਰ ਪਰਪੱਕ ਹੋਈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜੋ ਗੁਰਮੁਖੀ ਦਾ ਸਭ ਤੋਂ ਵੱਡਾ ਸ੍ਰੋਤ ਹਨ ਨਾਲ ਆਮ ਲੋਕਾਂ ਦੀ ਰਸਾਈ ਬੜੀ ਸਹਿਜ ਹੋ ਗਈ। ਇਸੇ ਦਾ ਇਕ ਲਾਭ ਇਹ ਵੀ ਹੋਇਆ ਕਿ ਸਤਿਗੁਰੂ ਬਾਣੀ-ਮੁਕਾਬਲੇ ਕਰਵਾਉਂਦੇ ਰਹੇ, ਪਾਠੀ-ਜਨ ਸ਼ੁੱਧ - ਪਾਠ-ਉਚਾਰਣ ਵਿਚ ਭਾਗ ਲੈਂਦੇ ਰਹੇ। ਨਾਲੇ, ਸ਼ੁੱਧ ਉਚਾਰਣ ਆ ਗਿਆ, ਨਾਲੇ ਸਤਿਗੁਰੂ ਜੀ ਦੀ ਪ੍ਰਸੰਨਤਾ ਪ੍ਰਾਪਤ ਹੋਈ।

ਕਾਨਫਰੰਸਾਂ ਦਾ ਆਯੋਜਨ :

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥
(੧੧੮੫)

ਪੰਚਮ ਪਾਤਸ਼ਾਹ ਨੇ ਆਪਣੇ ਜ਼ਮਾਨੇ ਗੁਰਬਾਣੀ ਰਾਹੀਂ ਇਹ ਸੰਦੇਸ਼ ਦਿਤਾ ਸੀ ਕਿ ਦੁਬਿਧਾ ਨੂੰ ਦੂਰ ਕਰਨ ਲਈ ਮਿਲਕੇ ਬੈਠਣਾ ਲਾਜ਼ਮੀ ਹੈ। ਸਤਿਗੁਰੂ ਜੀ ਨੇ ਵੱਡੇ ਪੈਮਾਨੇ ਉਤੇ ਕਾਨਫਰੰਸਾਂ ਕਰਕੇ ਲੋਕਾਂ ਨੂੰ ਸੇਹਤਮੰਦ ਕਦਰਾਂ ਕੀਮਤਾਂ ਵਲ ਪ੍ਰੇਰਿਆ। ਇਹਨਾਂ ਵਿਚੋਂ ਗਿਣਨਯੋਗ ਨਾਮ ਹਨ :-

੧) ਗੁਰੂ ਨਾਨਕ ਸਰਬ-ਸੰਪ੍ਰਦਾਇਕ ਕਾਨਫਰੰਸ
੨) ਗੁਰਮਤਿ ਸੰਗੀਤ ਕਾਨਫਰੰਸ
੩) ਪੰਜਾਬੀ ਕਾਨਫਰੰਸ

ਸਾਰਾ ਸਿੱਖ ਜਗਤ ਗੁਰੂ ਨਾਨਕ ਦੇਵ ਜੀ ਦਾ ਨਾਮ ਲੇਵਾ ਹੈ। ਪਰ, ਤਾਂ ਵੀ, ਸਿੱਖ ਜਗਤ ਵਿਚ ਹੀ ਅਨੇਕ ਛੋਟੀਆਂ ਛੋਟੀਆਂ ਸੰਪ੍ਰਦਾਵਾਂ ਹਨ। ਇਹ ਕੌਮੀ ਮੁਫ਼ਾਦ ਵਿਚ ਤ੍ਰੇੜਾਂ ਪਾਉਂਦੀਆਂ ਹਨ। ਸਿੱਖ ਪੰਥ ਵਿਚ ਏਕਤਾ ਵਧੇ। ਲੋਕ ਛੋਟੀਆਂ ਵਲਗਣਾਂ ਵਿਚੋਂ ਨਿਕਲ ਕੇ ਵੱਡੇ ਕਾਰਜਾਂ ਨਾਲ ਜੁੜ ਜਾਣ। ਚੰਗਾ ਤੇ ਉਚੇਰਾ ਸੋਚ ਸਕਣ। ਇਸੇ ਉਦੇਸ਼ ਦੀ ਪੂਰਤੀ ਹਿਤ ਭੈਣੀ ਸਾਹਿਬ ਵਿਚ "ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ" ਕਰਵਾਈ ਗਈ ਜਿਸ ਵਿਚ ਤਤਕਾਲੀ ਉਘੇ ਪੰਥ ਦਰਦੀ ਸ਼ਾਮਲ ਹੋਏ। ਹੋਰ ਤਾਂ ਹੋਰ ਪ੍ਰਿੰਸੀਪਲ ਤੇਜਾ ਸਿੰਘ, ਪ੍ਰਿੰਸੀਪਲ ਗੰਗਾ ਸਿੰਘ, ਭਾਈ ਕਾਹਨ ਸਿੰਘ, ਭਾਈ ਅਰਜਨ ਸਿੰਘ ਬਾਗੜੀਆਂ, ਮਾਸਟਰ ਤਾਰਾ ਸਿੰਘ, ਬਾਬਾ ਸਾਵਣ ਸਿੰਘ ਜੀ ਬਿਆਸ ਵਾਲੇ, ਗਿਆਨੀ ਸ਼ੇਰ ਸਿੰਘ ਤੇ ਹੋਰ ਅਨੇਕ ਸਾਧੂ ਸਮਾਜ ਦੇ ਮੁਖੀਏ ਸ਼ਾਮਲ ਹੋਏ। ਇਸ ਤੋਂ ਬਾਅਦ ਗੁਜਰਾਂਵਾਲਾ ਵਿਚ ਵੀ ਇਕ ਹੋਰ 'ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ" ਹੋਈ। ਇਸ ਵਿਚ ਵੀ ਸਤਿਗੁਰਾਂ ਨੇ ਵਧ ਚੜ੍ਹ ਕੇ ਹਿੱਸਾ ਪਾਇਆ। ਇਸੇ ਤਰ੍ਹਾਂ ਗੁਰਮਤਿ ਸੰਗੀਤ ਨਾਲ ਜੁੜ ਰਹੀਆਂ ਭ੍ਰਾਂਤੀਆਂ ਦਾ ਨਿਵਾਰਣ ਕਰਕੇ ਗੁਰਬਾਣੀ ਦੇ ਕੀਰਤਨ ਨੂੰ ਸ਼ੁੱਧ ਗਾਇਕੀ ਵਲ ਮੋੜਿਆ। ਉਹਨੀਂ ਦਿਨੀਂ ਲੋਕਾਂ ਦਾ ਬਹੁਤਾ ਧਿਆਨ ਖਿਆਲ, ਟੱਪਾ, ਠੁਮਰੀ ਤੇ ਸਿਨਮੇ ਦੀਆਂ ਤਰਜ਼ਾਂ ਵੱਲ ਸੀ। ਸਤਿਗੁਰੂ ਜੀ ਨੇ ਸਮੇਂ ਦੇ ਪ੍ਰਭਾਵ ਤੋ ਨਾਮਧਾਰੀ ਸਮਾਜ ਨੂੰ ਬਚਾਇਆ ਤੇ ਇਹਨਾਂ ਨੂੰ ਪਰੰਪਰਿਕ ਗਾਇਨ ਸ਼ੈਲੀ ਨਾਲ ਜੋੜੀ ਰੱਖਣ ਦੇ ਅਨੇਕ ਉਪਰਾਲੇ ਕੀਤੇ। ਫਲਸਰੂਪ, ਅਜ ਵੀਂ ਨਾਮਧਾਰੀ ਕੀਰਤਨੀਏ ਉਚੇਰੀ ਰਾਗ ਵਿਦਿਆ ਨਾਲ ਸੰਪੰਨ ਨਜ਼ਰ ਆਉਂਦੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜ਼ਮਾਨੇ ਅੰਗ੍ਰੇਜ਼ੀ ਸਰਕਾਰ ਦਾ ਡੰਕਾ ਵਜਦਾ ਸੀ। ਉਹਨਾਂ ਨੇ ਮਹਿਸੂਸ ਕੀਤਾ ਅੰਗ੍ਰੇਜ਼ੀ ਬੋਲੀ ਦੇ ਨਾਲ ਨਾਲ ਅੰਗ੍ਰੇਜ਼ੀ ਸਭਿਆਚਾਰ ਵੀ ਭਾਰਤ ਵਲ ਆਏਗਾ ਤੇ ਸਾਡੇ ਸਭਿਆਚਾਰ ਨੂੰ ਪ੍ਰਭਾਵਿਤ ਕਰੇਗਾ। ਉਹਨਾਂ ਨੇ ਮਾਤਭਾਸ਼ਾ ਦੀ ਤਰੱਕੀ ਲਈ "ਪੰਜਾਬੀ ਕਾਨਫਰੰਸ" ਕਰਾਈ। ਇਸ ਨਾਲ ਆਪਣੀ ਮਾਤ ਭਾਸ਼ਾ ਦੀ ਤਰੱਕੀ ਲਈ ਉਤਸ਼ਾਹ ਜਾਗਿਆ। ਲੋਕਾਂ ਨੇ ਆਪਣੀ ਮਾਤਭਾਸ਼ਾ ਦੀ ਰੱਖਿਆ ਲਈ ਕਈ ਵਾਇਦੇ ਇਕਰਾਰ ਕੀਤੇ। ਫਲ ਸਰੂਪ, ਮਾਤਭਾਸ਼ਾ ਦੇ ਰਖਵਾਲੇ ਪੰਜਾਬੀ ਹੀ ਰਹੇ।

ਦੇਸ਼ ਭਗਤੀ ਭਾਵਨਾ

ਇਥੇ ਇਕ ਹੋਰ ਮਹੱਤਵਪੂਰਣ ਪੱਖ ਵੀ ਜਾਣਨ ਜੋਗ ਹੈ। ਨਾਮਧਾਰੀ ਦੇਸ਼ ਭਗਤੀ ਵਿਚ ਕਿਸੇ ਹੋਰ ਸਮੁਦਾਇ ਤੋਂ ਪਿਛੇ ਨਹੀਂ ਰਹੇ। ਇਹਨਾਂ ਨੇ ਜਿਥੇ ਅਧਿਆਤਮਕ, ਭਾਈਚਾਰਕ, ਸਭਿਆਚਾਰਕ ਖੇਤਰ ਵਿਚ ਅਨੇਕ ਮੁਖ ਜਤਨ ਕੀਤੇ ਉਥੇ ਆਜ਼ਾਦੀ ਦੀ ਪ੍ਰਾਪਤੀ ਲਈ ਵੀ ਅਨੇਕ ਮੱਲਾਂ ਮਾਰੀਆਂ। ਸਤਿਗੁਰੂ ਰਾਮ ਸਿੰਘ ਜੀ ਨੇ ਗੁਲਾਮੀ ਦਾ ਤੌਕ ਲਾਹੁਣ ਲਈ ਹੀ ਸੰਤ ਖਾਲਸਾ ਦੀ ਸਾਜਨਾ ਕੀਤੀ। ਇਹ ਸੰਤ ਖਾਲਸਾ ਦਾ ਉਭਰਿਆ ਰੂਪ ਹੀ ਸੀ ਜਿਸ ਨੇ ਬੁਚੜਖਾਨਿਆਂ ਦੇ ਵਿਰੁਧ ਆਵਾਜ਼ ਬੁਲੰਦ ਕੀਤੀ। ਅੰਗ੍ਰੇਜ਼ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਭਾਰਤੀਆਂ ਤੇ ਸਦਾ ਹਾਵੀ ਰਹੀ। ਅੰਗ੍ਰੇਜ਼ ਨੇ ਮੁਸਲਮਾਨ ਬੁਚੜਾਂ ਨੂੰ ਗਊ ਹੱਤਿਆ ਦੀ ਖੁਲ੍ਹ ਦੇ ਦਿਤੀ ਜਿਸ ਤੋਂ ਹਿੰਦੂ ਸਿੱਖ ਨ ਕੇਵਲ ਦੂਜੇ ਫਿਰਕੇ ਨਾਲ ਦੁਖੀ ਹੀ ਹੋਏ ਸਗੋਂ ਨਫਰਤ ਨਾਲ ਖੋਲਣ ਲਗ ਪਏ। ਸਤਿਗੁਰਾਂ ਇਥੇ ਇਕ ਹੋਰ ਕਰਾਮਾਤ ਕਰ ਵਿਖਾਈ। ਸੁਤੰਤਰਤਾ ਸੰਗਰਾਮ ਨੂੰ ਪ੍ਰਚੰਡ ਕਰਨ ਲਈ ਬਦੇਸ਼ੀ ਸਰਕਾਰ ਨਾਲ ਨਾ ਮਿਲਵਰਤਣ ਦਾ ਅੰਦੋਲਨ ਸ਼ੁਰੂ ਕੀਤਾ। ਨਾ ਮਿਲਵਰਤਣ ਦਾ ਅੰਦੋਲਨ ਜੋ ਮਹਾਤਮਾਂ ਗਾਂਧੀ ਰਾਹੀਂ ਬੜੀ ਪ੍ਰਸਿੱਧੀ ਨੂੰ ਪ੍ਰਾਪਤ ਹੋਇਆ ਉਸਦਾ ਆਰੰਭ ਉਨ੍ਹਾਂ ਤੋਂ ਲਗਭਗ ਪੰਜਾਹ ਵਰ੍ਹੇ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਕੀਤਾ ਸੀ। ਨਾਮਧਾਰੀਆਂ ਨੇ ਸਰਕਾਰੀ ਅਦਾਲਤਾਂ ਤੇ ਅੰਗ੍ਰੇਜ਼ੀ ਵਸਤਾਂ ਦਾ ਬਾਈਕਾਟ ਕੀਤਾ। ਆਪਣਾ ਡਾਕ ਪ੍ਰਬੰਧ ਆਪ ਬਣਾਇਆ ਤੇ ਆਪ ਹੀ ਖਤ ਪੱਤਰ ਲੋਕਾਂ ਤਕ ਪੁਚਾਉਂਦੇ ਰਹੇ। ਹੋਰ ਤਾਂ ਹੋਰ ਜਦੋਂ ਅੰਗ੍ਰੇਜ਼ ਪੰਜਾਬੀਆਂ ਨੂੰ ਲਾਮਬੰਦ ਕਰਨ ਲਈ ਤਤਪਰ ਹੋਏ ਸਤਿਗੁਰਾਂ ਨੇ ਸਾਰੇ ਪੰਜਾਬ ਵਿਚ ੨੨ ਸੂਬਿਆਂ ਨੂੰ ਨੀਅਤ ਕਰਕੇ ਲੋਕਾਂ ਤਾਈਂ ਆਪਣਾ ਸੰਦੇਸ਼ ਭੇਜਿਆ ਤੇ ਇਸ ਦਾ ਵਿਰੋਧ ਕੀਤਾ। ਇਕ ਪਾਸੇ, ਅੰਗ੍ਰੇਜ਼ ਸਰਕਾਰ ਭੈਅ ਭੀਤ ਹੋਈ ਦੂਜੇ ਪਾਸੇ, ਦੇਸ਼ ਭਗਤੀ ਦਾ ਜਜ਼ਬਾ ਠਾਠਾਂ ਮਾਰਨ ਲਗ ਪਿਆ। ਫਲ ਸਰੂਪ, ਅੰਮ੍ਰਿਤਸਰ, ਰਾਇਕੋਟ ਤੇ ਮਲੇਰ ਕੋਟਲੇ ਵਰਗੇ ਦਿਲ ਕੰਬਾਊ ਤੇ ਬੁਲੰਦ ਹੌਸਲਿਆਂ ਨਾਲ ਗੂੰਜਦੇ ਸਾਕੇ ਹੋਂਦ ਵਿਚ ਆਏ। ਸਾਰਾ ਦੇਸ਼ ਜਾਗ ਪਿਆ। ਇਕ ਨਵੀਂ ਕਰਾਂਤੀ ਉਦੈ ਹੋਈ। ਆਜ਼ਾਦੀ ਦੇ ਨਗਮੇ ਲੋਕ ਬੁਲ੍ਹਾਂ ਤੇ ਕੂਕਣ ਲਗੇ। ਘਬਰਾਈ ਸਰਕਾਰ ਨੂੰ ਹੋਰ ਕੁਝ ਨਾ ਸੁਝਾ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਬਰਮਾ ਦੀ ਜੇਲ੍ਹ ਵਿਚ ਭੇਜ ਦਿਤਾ। ਹੁਣ ਜਾਗ੍ਰਤ ਹੋਏ ਨਾਮਧਾਰੀ ਅੰਗ੍ਰੇਜ਼ ਦੇ ਜ਼ੁਲਮ ਤੇ ਤਸ਼ੱਦਦ ਦਾ ਸ਼ਿਕਾਰ ਹੋ ਗਏ। ਸਰਕਾਰ ਨੇ ਇਸ ਧਾਰਮਿਕ ਜਮਾਤ ਉਤੇ ਇਥੋਂ ਤਕ ਪਾਬੰਦੀ ਲਾਈ ਕਿ ਪੰਜ ਤੋਂ ਵਧ ਬੰਦੇ ਇਕ ਥਾਂ ਇਕੱਠੇ ਨਹੀਂ ਸਨ ਹੋ ਸਕਦੇ। ਇਹਨਾਂ ਦੇ ਪਾਠ ਕਰਨੇ ਵਿਵਰਜਿਤ ਹੋ ਗਏ। ਉਦੋਂ ਅਨੇਕਾਂ ਨਾਮਧਾਰੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਕਰਕੇ ਸਜ਼ਾਵਾਂ ਮਿਲੀਆਂ।

Namdhari Elibrary NamdhariElibrary@gmail.com

ਕਈਆਂ ਦੀਆਂ ਕੁਰਕੀਆਂ ਹੋ ਗਈਆਂ। ਡੇਰੇ ਤੇ ਪੁਲੀਸ ਦਾ ਪਹਿਰਾ ਬਿਠਾ ਦਿਤਾ ਗਿਆ। ਇਹ ਸਾਰਾ ਕੁਝ ਸਤਿਗੁਰੂ ਹਰੀ ਸਿੰਘ ਜੀ ਦੇ ਸਾਹਮਣੇ ਵਾਪਰਿਆ ਤੇ ਉਹਨਾਂ ਸ਼ਾਂਤ ਚਿਤ ਰਹਿ ਕੇ ਸਮਾਂ ਕੱਢਿਆ ਪਰ ਦੇਸ਼ ਭਗਤੀ ਦਾ ਜੋਸ਼ ਮੱਠਾ ਨਾ ਪੈਣ ਦਿਤਾ।

ਸਤਿਗੁਰੂ ਪ੍ਰਤਾਪ ਸਿੰਘ ਦੇ ਆਗਮਨ ਨਾਲ ਨਾਮਧਾਰੀਆਂ ਵਿਚ ਫਿਰ ਜੋਸ਼ ਠਾਠਾਂ ਮਾਰਨ ਲਗ ਪਿਆ। ਆਪ ਨੇ ਲੋਕਾਂ ਵਿਚ ਪੂਰੀ ਤਰ੍ਹਾਂ ਨਾਲ ਦੇਸ਼ ਭਗਤੀ ਦਾ ਜਜ਼ਬਾ ਉਭਾਰੀ ਰਖਿਆ। ਇਸ ਲਈ ਸਤਿਜੁਗ ਅਖਬਾਰ ਬੜਾ ਕਾਰਗਰ ਸਾਧਨ ਬਣਿਆ। ਇਹ ਅਖਬਾਰ ਪਹਿਲਾਂ ਲਾਹੌਰ ਤੋਂ ਛਪਦਾ ਸੀ। ਸਰਕਾਰ ਨੇ ਇਸਦੇ ਅਨੇਕਾਂ ਅੰਕ ਜ਼ਬਤ ਕੀਤੇ। ਕਈ ਵਾਰ ਜ਼ਮਾਨਤ ਵੀ ਜ਼ਬਤ ਹੋਈ। ਪਰ ਦੇਸ਼ ਭਗਤੀ ਦੀ ਭਾਵਨਾ ਵਾਲੇ ਲੇਖ, ਕਵਿਤਾਵਾਂ ਤੇ ਸੰਪਾਦਕੀ ਆਪਣਾ ਭਰਪੂਰ ਜੋਗਦਾਨ ਪਾਉਂਦੇ ਰਹੇ। ਅੰਗ੍ਰੇਜ਼ ਅਜਿਹੇ ਪ੍ਰਚਾਰ ਨੂੰ ਆਪਣੇ ਵਿਰੁਧ ਸਿੱਧੀ ਬਗਾਵਤ ਮੰਨਦਾ ਸੀ ਪਰ ਲੋਕ-ਜੋਸ਼ ਨੂੰ ਮੱਠਾ ਨ ਕਰ ਸਕਿਆ। ਸਤਿਜੁਗ ਅਖਬਾਰ ਸਰਕਾਰੀ ਨੀਤੀਆਂ ਤੇ ਕਰੜੀ ਆਲੋਚਨਾ ਕਰਦਾ ਰਿਹਾ। ਉਸ ਜ਼ਮਾਨੇ ਵਿਚ ਦੇਸ਼ ਭਗਤਾਂ ਦੇ ਹੱਕ ਵਿਚ ਲਿਖਣਾ ਜਾਂ ਸਤਿਆਗ੍ਰਹੀਆਂ ਦੇ ਮੁੱਦਿਆਂ ਨੂੰ ਉਭਾਰਨਾ ਬੜੇ ਜੋਖ਼ਮ ਦਾ ਕੰਮ ਸੀ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਥਾਪੀ ਨਾਲ 'ਸਤਿਜੁਗ ਅਖਬਾਰ' ਨੇ ਇਹ ਕਰੜਾ ਕਾਰਜ ਬੜੀ ਯੋਗਤਾ ਨਾਲ ਨਿਬਾਹਿਆ।

ਇਹ ਉਹ ਸਮਾਂ ਹੈ ਜਦੋਂ ਸਾਰੇ ਭਾਰਤੀ ਆਪੋ ਆਪਣੇ ਢੰਗ ਨਾਲ ਆਜ਼ਾਦੀ ਲਈ ਜੱਦੋ ਜਹਿਦ ਕਰ ਰਹੇ ਸਨ। ਇਹਨੀਂ ਦਿਨੀਂ ਅਕਾਲੀਆਂ ਨੇ ਵੀ ਸਮੇਂ ਸਮੇਂ ਮੋਰਚੇ ਲਾਏ। ਭਾਵੇਂ ਨਾਮਧਾਰੀ ਤੇ ਅਕਾਲੀ ਆਪਸ ਵਿਚ ਮਤਭੇਦ ਵੀ ਰੱਖਦੇ ਸਨ ਪਰ ਅਨੇਕਾਂ ਵਾਰ ਨਾਮਧਾਰੀਆਂ ਨੇ ਅਕਾਲੀਆਂ ਦੀ ਹਿਮਾਇਤ ਵਜੋਂ ਮੋਰਚਿਆਂ ਵਿਚ ਸਾਥ ਦਿਤਾ ਤੇ ਕਈ ਤਤਕਾਲੀ ਸਿੰਘਾਂ ਨੇ ਗ੍ਰਿਫਤਾਰੀਆਂ ਦਿਤੀਆਂ। ਅਕਾਲੀਆਂ ਦਾ ਸਭ ਤੋਂ ਕਠਿਨ ਮੋਰਚਾ ਜੈਤੋ ਦਾ ਮੋਰਚਾ ਸੀ ਜਿਸ ਵਿਚ ਅਕਾਲੀ, ਨਾਮਧਾਰੀ, ਨਿਰਮਲੇ ਸੰਤ ਤੇ ਕਾਂਗਰਸੀ ਸਾਰੇ ਮਿਲਕੇ ਲੜੇ ਸਨ। ਹੁਣ ਇਕ ਪਾਸੇ ਕਾਂਗਰਸ, ਦੂਜੇ ਪਾਸੇ ਅਕਾਲੀ, ਤੀਜੇ ਪਾਸੇ ਨਾਮਧਾਰੀ ਇਹਨਾਂ ਸਾਰਿਆਂ ਦੀ ਇਕਮੁਠਤਾ ਵੇਖਕੇ ਸਰਕਾਰ ਡਰ ਗਈ ਤੇ ਇਹਨਾਂ ਨੂੰ ਆਪਸ ਵਿਚ ਤੋੜਨ ਦੇ ਰਾਹ ਸੋਚਣ ਲਗੀ।

ਨਾਮਧਾਰੀਆਂ ਨੇ ਕਾਂਗਰਸ ਨਾਲ ਮਿਲਕੇ ਕੰਮ ਸ਼ੁਰੂ ਕੀਤਾ। ਸਤਿਗੁਰਾਂ ਨੇ ੧੯੨੭ ਈਸਵੀ ਮੁੱਠਡਿਆਂ, ਜ਼ਿਲਾ ਜਲੰਧਰ ਵਿਚ ਮਲੇਰ ਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ ਇਕ ਬਹੁਤ ਵੱਡਾ ਸਮਾਗਮ ਕੀਤਾ, ਇਥੇ ਸਾਰੀਆਂ ਪਾਰਟੀਆਂ ਦੇ ਲੀਡਰ ਆਏ ਤੇ ਅੰਗ੍ਰੇਜ਼ ਸਰਕਾਰ ਦੀਆਂ ਨੀਤੀਆਂ ਦੇ ਖ਼ਿਲਾਫ਼ ਬੋਲੇ। ਇਸੇ ਤਰ੍ਹਾਂ ੧੯੨੯ ਨੂੰ ਆਲ ਇੰਡੀਆ ਕਾਂਗਰਸ ਦਾ ਸਮਾਗਮ ਲਾਹੌਰ ਵਿਚ ਹੋਇਆ। ਇਸ ਵਿਚ ਨਾਮਧਾਰੀਆਂ ਨੇ ਬਹੁਤ ਵੱਡਾ ਰੋਲ ਅਦਾ ਕੀਤਾ। ਸੰਨ ੧੯੩੯ ਈ. ਵਿਚ ਲੁਧਿਆਣਾ ਵਿਖੇ ਸਟੇਟ ਪੀਪਲਜ਼ ਕਾਨਫਰੰਸ ਹੋਈ। ਕਾਨਫਰੰਸ ਦੇ ਜਲੂਸ ਲਈ ਸਤਿਗੁਰਾਂ ਨੇ ਆਪਣੇ ਘੋੜੇ ਦਿਤੇ, ਆਪਣੀ ਕਾਰ ਦਿੱਤੀ। ਸਾਰੇ ਲੀਡਰਾਂ ਨੂੰ ਭੈਣੀ ਸਾਹਿਬ ਬੁਲਾਇਆ ਤੇ ਮਲੇਰ ਕੋਟਲੇ ਦੇ ਸ਼ਹੀਦੀ ਸਾਕੇ ਦੇ ਹਾਲ ਤਫਸੀਲ ਨਾਲ ਸੁਣਾਏ ਕਿ ਸਾਰਿਆਂ ਦੇ ਖ਼ੂਨ ਖੋਲਣ ਲਗ ਪਏ। ਗੱਲ ਕੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜ਼ਮਾਨੇ ਨਾਮਧਾਰੀ ਵੀਰਾਂ ਨੇ ਅਨੇਕ ਥਾਈਂ ਮੁਖ ਰੋਲ ਨਿਬਾਹਿਆ। ਅਨੇਕਾਂ ਜ਼ੁਲਮ ਦੇ ਝੱਖੜ ਝੁੱਲੇ ਪਰ ਇਹਨਾਂ ਹਿੰਮਤ ਨਹੀਂ ਹਾਰੀ। ਸਦਾ ਚੜ੍ਹਦੀ ਕਲਾ ਵਿਚ ਰਹੇ। ਧਿਆਨ ਜੋਗ ਨੁਕਤਾ ਤਾਂ ਇਹ ਹੈ, ਇਕ ਵੀ ਨਾਮਧਾਰੀ ਸਿੰਘ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਨਾਬਰ ਨਹੀਂ ਹੋਇਆ। ਸਗੋਂ ਸਤਿਗੁਰਾਂ ਦੇ ਬਚਨਾਂ ਤੇ ਹਰ ਹਾਲ ਫੁਲ ਚੜ੍ਹਾਏ। ਨਾਮਧਾਰੀ ਆਪਣੇ ਸਿੱਖੀ ਸਿਦਕ ਤੇ ਦੇਸ਼ ਭਗਤੀ ਤੇ ਦੇਸ਼ ਵਫਾਈ ਲਈ ਅਜ ਵੀ ਬੜੇ ਸਤਿਕਾਰ ਦੇ ਸੁਆਮੀ ਹਨ।

ਜ਼ਾਹਿਰ ਹੈ ਸ੍ਰੀ ਸਤਿਗੁਰੂ ਜੀ ਨੇ ਸਮੇਂ ਸਮੇਂ ਲੋਕਾਂ ਵਿਚ ਆਪਾ ਪਛਾਣਨ ਦੀ ਲਹਿਰ ਚਲਾਈ ਰਖੀ, ਚਾਹੇ ਇਸਦਾ ਸੰਬੰਧ ਧਰਮ ਖੇਤਰ ਸੀ, ਰਾਜਨੀਕਤ ਜਾਂ ਸਮਾਜਕ। ਨਾਲੇ, ਧਰਮ ਨੂੰ ਸਮਾਜ ਨਾਲੋਂ ਤੋੜਕੇ ਨਹੀਂ ਵੇਖਿਆ ਜਾ ਸਕਦਾ। ਧਰਮ-ਦ੍ਰਿਸ਼ਟੀ ਸਮਾਜਕ ਬਣਤਰ ਨੂੰ ਮਜ਼ਬੂਤ ਕਰਦੀ ਹੈ, ਨਰੋਈਆਂ ਕਦਰਾਂ ਕੀਮਤਾਂ ਦੀ ਪ੍ਰਫੁਲਤਾ ਦਾ ਕਾਰਨ ਬਣਦੀ ਹੈ। ਲੋਕਾਂ ਦੇ ਮਨਾਂ ਵਿਚੋਂ ਵਹਿਮ ਭਰਮ ਕੱਢ ਕੇ, ਮਨਾਂ ਦੇ ਜਾਲੇ ਲਾਹ ਕੇ ਸੇਹਤਮੰਦ ਮਾਨਸਿਕਤਾ ਪ੍ਰਦਾਨ ਕਰਦੀ ਹੈ। ਬਸ਼ਰਤੇ ਇਸਦਾ ਰਹਿਬਰ ਸਤਿਗੁਰੂ ਜੀ ਵਰਗਾ ਵਿਸ਼ਾਲ ਦ੍ਰਿਸ਼ਟੀਕੋਣ ਦਾ ਮਾਲਕ ਹੋਵੇ। ਸੰਕੀਰਣਤਾ ਤੋਂ ਉੱਚਾ ਚੁੱਕ ਕੇ ਵਿਸ਼ਵ ਦ੍ਰਿਸ਼ਟੀ ਨਾਲ ਜੋੜ ਸਕਦਾ ਹੋਵੇ। ਸੰਖੇਪ ਵਿਚ, ਨਾਮਧਾਰੀ ਸਮਾਜ ਨੂੰ ਸਰਬਾਂਗੀ ਰਾਹਨੁਮਾਈ ਦੇ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਨੂੰ ਹਰਤਰ੍ਹਾਂ ਸਮਰਿਧ ਬਣਾ ਦਿਤਾ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਨਾਮਧਾਰੀ ਸਮੁਦਾਇ ਨੂੰ ਕੋਮੀ ਸੰਗਠਨ ਵਰਗਾ ਰੂਪ ਦੇਣ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਸ਼ੇਸ਼ ਹੱਥ ਹੈ। ਸਤਿਗੁਰੂ ਜੀ ਨੇ ਜੀਵਨ ਨਗਰ ਦੀ ਸਥਾਪਨਾ ਰਾਹੀਂ ਨਾਮਧਾਰੀਆਂ ਨੂੰ ਇਕ ਵਿਸ਼ੇਸ਼ ਸਥਾਨ ਤੇ ਨ ਕੇਵਲ ਇਕੱਠਾ ਹੀ ਰੱਖਿਆ ਸਗੋਂ ਉਹਨਾਂ ਦੀ ਭਾਈਚਾਰਕ ਸਾਂਝੀਵਾਲਤਾ ਹੋਰ ਮਜ਼ਬੂਤ ਹੋਈ। ਉਹ ਈਰਖਾ, ਸਾੜੇ, ਕੀਨੇ ਤੋਂ ਮੁਕਤ ਹੋ ਕੇ ਇਕੱਠਾ ਬੈਠਣ ਦਾ ਵੱਲ ਸਿਖ ਗਏ। ਸਾਰਿਆਂ ਦੀ ਸੋਚ ਇਕ ਹੋ ਗਈ। ਏਕਤਾ ਪਿਆਰ ਵਿਚ ਵਾਧਾ ਹੋਇਆ। ਬਹੁਤਿਆਂ ਦਾ ਕਿੱਤਾ ਇਕ ਹੋ ਗਿਆ। ਲੋਕ ਭਟਕਣ ਤੋਂ ਮੁਕਤ ਹੋ ਕੇ ਧਰਤੀ ਮਾਂ ਨਾਲ ਜੁੜ ਗਏ। ਸਾਦਾ ਜੀਵਨ ਉਹਨਾਂ ਦੇ ਅੰਗ-ਸੰਗ ਹੋ ਗਿਆ। ਉਹ

ਇਹ ਉਹ ਸਮਾਂ ਹੈ ਜਦੋਂ ਸਾਰੇ ਭਾਰਤੀ ਆਪੋ ਆਪਣੇ ਢੰਗ ਨਾਲ ਆਜ਼ਾਦੀ ਲਈ ਜੱਦੋ ਜਹਿਦ ਕਰ ਰਹੇ ਸਨ। ਇਹਨੀਂ ਦਿਨੀਂ ਅਕਾਲੀਆਂ ਨੇ ਵੀ ਸਮੇਂ ਸਮੇਂ ਮੋਰਚੇ ਲਾਏ। ਭਾਵੇਂ ਨਾਮਧਾਰੀ ਤੇ ਅਕਾਲੀ ਆਪਸ ਵਿਚ ਮਤਭੇਦ ਵੀ ਰੱਖਦੇ ਸਨ ਪਰ ਅਨੇਕਾਂ ਵਾਰ ਨਾਮਧਾਰੀਆਂ ਨੇ ਅਕਾਲੀਆਂ ਦੀ ਹਿਮਾਇਤ ਵਜੋਂ ਮੋਰਚਿਆਂ ਵਿਚ ਸਾਥ ਦਿਤਾ ਤੇ ਕਈ ਤਤਕਾਲੀ ਸਿੰਘਾਂ ਨੇ ਗ੍ਰਿਫਤਾਰੀਆਂ ਦਿਤੀਆਂ। ਅਕਾਲੀਆਂ ਦਾ ਸਭ ਤੋਂ ਕਠਿਨ ਮੋਰਚਾ ਜੈਤੋ ਦਾ ਮੋਰਚਾ ਸੀ ਜਿਸ ਵਿਚ ਅਕਾਲੀ, ਨਾਮਧਾਰੀ, ਨਿਰਮਲੇ ਸੰਤ ਤੇ ਕਾਂਗਰਸੀ ਸਾਰੇ ਮਿਲਕੇ ਲੜੇ ਸਨ। ਹੁਣ ਇਕ ਪਾਸੇ ਕਾਂਗਰਸ, ਦੂਜੇ ਪਾਸੇ ਅਕਾਲੀ, ਤੀਜੇ ਪਾਸੇ ਨਾਮਧਾਰੀ ਇਹਨਾਂ ਸਾਰਿਆਂ ਦੀ ਇਕਮੁਠਤਾ ਵੇਖਕੇ ਸਰਕਾਰ ਡਰ ਗਈ ਤੇ ਇਹਨਾਂ ਨੂੰ ਆਪਸ ਵਿਚ ਤੋੜਨ ਦੇ ਰਾਹ ਸੋਚਣ ਲਗੀ।

Namdhari Elibrary NamdhariElibrary@gmail.com

ਖੇਤੀ ਵਾਹੀ ਰਾਹੀਂ ਜੀਵਨ-ਨਿਰਬਾਹ ਕਰਨ ਲਗੇ।

ਸਮੂਹਿਕ ਜੀਵਨ ਦੀ ਖੂਬਸੂਰਤੀ ਇਹ ਹੁੰਦੀ ਹੈ ਕਿ ਲੋਕ ਇਕੋ ਤਰ੍ਹਾਂ ਦੇ ਆਦਰਸ਼ਾਂ ਦੇ ਧਾਰਣੀ ਹੋ ਜਾਂਦੇ ਹਨ। ਸਤਿਗੁਰੂ ਜਿਥੇ ਗਊ ਪਾਲਕ ਤੇ ਰਖਿਅਕ ਸਨ ਉਥੇ ਸਾਰੇ ਲੋਕ ਪਸ਼ੂ ਪਾਲਨ ਵਲ ਰੁਚਿਤ ਹੋ ਗਏ। ਸਾਰਿਆਂ ਨੂੰ ਦੁੱਧ ਘਿਓ ਰੱਜਵਾਂ ਮਿਲਣ ਲਗਾ। ਏਹ ਲੋਕ ਕਰੜੀ ਕਾਸ਼ਤਕਾਰੀ ਵੀ ਕਰਦੇ ਤਾਂ ਸੇਹਤਮੰਦ ਪ੍ਰਸ਼ਾਦਾ ਵੀ ਛਕਦੇ। ਧਾਰਮਿਕ ਮਰਿਆਦਾ ਦੀ ਪਾਬੰਦੀ ਹੇਠ ਤਾਂ ਇਹ ਸਾਰੇ ਸਨ ਹੀ। ਨਾਮਧਾਰੀ ਸਮਾਜ ਅਜ ਵੀ ਵੈਸ਼ਨੂੰ ਬਿਰਤੀ ਦਾ ਧਾਰਣੀ ਹੈ।

ਸ੍ਰੀ ਸਤਿਗੁਰੂ ਜੀ ਨੇ ਜਿਥੇ ਇਹਨਾਂ ਦੇ ਸਮਾਜਿਕ ਆਚਰਣ ਦੀ ਉਸਾਰੀ ਵਲ ਧਿਆਨ ਦਿੱਤਾ ਉਥੇ ਆਤਮਕ ਉਸਾਰੀ ਵਲ ਵਿਸ਼ੇਸ਼ ਧਿਆਨ ਦਿੱਤਾ ਤੇ ਰਖਿਆ। ਅੰਮ੍ਰਿਤ ਵੇਲੇ ਦਾ ਨਾਮ ਸਿਮਰਨ ਤੇ ਕੀਰਤਨ ਤਾਂ ਇਸ ਸੰਪ੍ਰਦਾਇ ਦਾ ਲਾਜ਼ਮੀ ਅੰਗ ਹੈ। ਸਤਿਗੁਰੂ ਜੀ ਨੇ ਇਸਦੇ ਨਾਲ ਨਾਲ ਗੁਰਬਾਣੀ ਦਾ ਅਨੇਕ ਮੁਖੀ ਪ੍ਰਚਾਰ ਕੀਤਾ। ਸ਼ੁਧ ਬਾਣੀ ਉਚਾਰਣ ਨੂੰ ਉਤਸ਼ਾਹ ਦੇਣ ਲਈ ਪਾਠੀ ਜਨਾਂ ਦੇ ਮੁਕਾਬਲੇ ਕਰਵਾਏ। ਗੁਰਬਾਣੀ ਦੇ ਰਸੀਏ ਆਤਮਿਕ ਅਨੰਦ ਵਿਚ ਵਿਭੋਰ ਹੋ ਜਾਣ ਇਸ ਲਈ ਸੰਗੀਤ ਦੀ ਉਚੇਰੀ ਸੂਝ ਨੂੰ ਪਨਪਣ ਲਈ ਸੰਗੀਤ ਦਰਬਾਰ ਕਰਵਾਉਂਦੇ ਰਹੇ। ਅਨੇਕ ਗੁਣੀ ਜਨਾਂ ਨੂੰ ਸੁਣਨਾ, ਪੁਰਾਣੀਆਂ ਗੁਰਮਤਿ ਦੀਆਂ ਰੀਤਾਂ ਨੂੰ ਸੰਭਾਲਣਾ ਆਦਿ ਕਾਰਜ ਹੈਰਤਕੁੰਨ ਹਨ। ਗੁਰਮਤਿ ਸੰਗੀਤ ਦੀਆਂ ਬਰੀਕੀਆਂ ਨੂੰ ਸਹਿਜ ਕਰਨ ਵਿਚ ਅਜੇਹੀ ਸਿਖਲਾਈ ਆਪਣੇ ਆਪ ਵਿਚ ਬੇਜੋੜ ਹੈ।

ਹਰ ਸਮੁਦਾਇ ਆਪਣੇ ਵਕਤ ਵਿਹਾਰ ਦੀ ਵਖਰਤਾ ਰਖਦਾ ਹੈ। ਪਰ ਸਤਿਗੁਰੂ ਜੀ ਨੇ ਨਾਮਧਾਰੀਆਂ ਨੂੰ ਅਨੇਕ ਪ੍ਰਕਾਰੀ ਸਮਾਜਕ ਬੰਧਨਾਂ ਤੋਂ ਮੁਕਤ ਕਰ ਦਿੱਤਾ। ਸਾਮੂਹਿਕ ਆਨੰਦ-ਕਾਰਜ ਦੀ ਰਸਮ ਚਲਾਕੇ ਆਮ ਸੰਸਾਰੀਆਂ ਨੂੰ ਅਨੇਕ ਕਸ਼ਟਾਂ ਤੋਂ ਛੁੜਾ ਲਿਆ। ਆਪਣੇ ਆਪਣਿਆਂ ਦੇ ਗਲ ਲਗੇ। ਇਕੋ ਤਰ੍ਹਾਂ ਦੇ ਮਾਹੌਲ ਵਿਚ ਪਲੇ ਨੌਜਵਾਨ ਲੜਕੇ ਲੜਕੀਆਂ ਆਪਣੀ ਜੀਵਨ ਜਾਚ ਵਿਚ ਸੁਦ੍ਰਿੜ੍ਹ ਹੁੰਦੇ ਗਏ।

ਰਾਜਸੀ ਤੌਰ ਤੇ ਕਾਨਫਰੰਸਾਂ ਨੇ ਆਪਣਾ ਰੋਲ ਨਿਭਾਇਆ। ਨਾਮਧਾਰੀ ਆਪਣੀ ਮਾਤਭਾਸ਼ਾ, ਆਪਣੀ ਵਿਰਾਸਤ, ਆਪਣੇ ਸਿੱਖ ਧਰਮ, ਆਪਣੇ ਸਭਿਆਚਾਰ ਤੇ ਗੌਰਵ ਕਰਨ ਲਗੇ। ਛੋਟੀਆਂ ਗਲਤ ਫਹਿਮੀਆਂ ਵੱਡੀਆਂ ਤ੍ਰੇੜਾਂ ਪਾ ਜਾਂਦੀਆਂ ਹਨ। ਇਹਨਾਂ ਵਿਰਲਾਂ ਤੋਂ ਦੂਰ ਰਹਿਣ ਦਾ ਉਪਾਓ ਸਤਿਗੁਰੂ ਜੀ ਨੇ ਅਨੇਕ ਤਰ੍ਹਾਂ ਦੀਆਂ ਕਾਨਫਰੰਸਾਂ ਰਾਹੀਂ ਕੀਤਾ।

ਕੁਲ ਮਿਲਾਕੇ, ਸਰਬਾਂਗੀ ਰਾਹਨੁਮਾਈ ਤੇ ਜਾਗ੍ਰਤੀ ਦਾ ਸੇਹਰਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਹੀ ਪ੍ਰਾਪਤ ਹੈ। ਉਹਨਾਂ ਦੇ ਅਨੇਕ ਮੁਖ ਉਦਮਾਂ ਨੇ ਨਾਮਧਾਰੀ ਕੌਮੀ ਸੰਗਠਨ ਨੂੰ ਮਜ਼ਬੂਤ ਕੀਤਾ ਤੇ ਜਨ ਸਾਧਾਰਣ ਨੂੰ 'ਲੋਕ ਸੁਖੀ ਪਰਲੋਕ ਸੁਹੇਲੇ' ਦਾ ਸਬਕ ਵੀ ਦ੍ਰਿੜ ਕਰਾਈ ਰਖਿਆ। ਫਲਸਰੂਪ ਲੋਕ ਦੁਨੀਆਦਾਰੀ ਨਿਬਾਹੁੰਦੇ ਨਿਬਾਹੁੰਦੇ ਧਰਮ ਪਰਾਇਣ ਹੋ ਗਏ। ਇਹੋ ਹੈ ਨਾਮਧਾਰੀ ਸਮਾਜ ਦੀ ਪ੍ਰਾਪਤੀ। ਇਥੇ ਲੋਕ-ਪਰਲੋਕ ਇਕੋ ਤੋਲ ਤੁਲੇ ਹਨ। ਲੋਕ ਧਰਮ ਵਿਚ ਤੇ ਧਰਮ ਲੋਕਾਂ ਵਿਚ ਇਕ ਰਸ ਇਕ ਰੂਪ ਪ੍ਰਵਾਹਿਤ ਹੋ ਰਿਹਾ ਹੈ।

ਵ੍ਵ੍ਵ

ਸਭਿਅਤਾ ਦੀ ਅਸਲ ਕਸਵੱਟੀ

ਐਮਰਸਨ

ਕਿਸੇ ਦੇਸ਼ ਯਾ ਕੌਮ ਦੀ ਸਭਿਅਤਾ ਦੀ ਅਸਲ ਕਸਵੱਟੀ ਉਸ ਦੀ ਜ਼ਿਆਦਾ ਆਬਾਦੀ, ਵੱਡੇ ਵੱਡੇ ਸ਼ਹਰ ਤੇ ਚੰਗੀਆਂ ਭਰਪੂਰ ਫ਼ਸਲਾਂ ਨਹੀਂ, ਸਗੋਂ ਇਸ ਗਲ ਵਿਚ ਹੁੰਦੀ ਹੈ ਕਿ ਉਹ ਮਨੁੱਖ ਕੋਹੋ ਜੇਹੇ ਪੈਦਾ ਕਰ ਸਕਦੀ ਹੈ। ਵੱਡੇ ਵੱਡੇ ਸ਼ਹਰਾਂ, ਰਿਆਸਤਾਂ ਅਤੇ ਮਹਾਨ ਇਮਾਰਤਾਂ ਦੀ ਸ਼ਕਲ ਵਿਚ ਦੌਲਤ ਦੇ ਬੜੇ ਭਾਰੇ ਚਮਤਕਾਰ ਬੇਅੰਤ ਸਜਾਵਟ ਅਤੇ ਆਰਾਮ ਦੇ ਸਾਮਾਨ, ਜੋ ਮਨੁੱਖੀ ਸਮਝ ਪੈਦਾ ਕਰ ਸਕਦੀ ਹੈ, ਦੇਖਣ ਵਿਚ ਆਉਂਦੇ ਹਨ, ਪਰ ਕੇਵਲ ਇਸ ਕਿਸਮ ਦੀਆਂ ਚੀਜ਼ਾ ਤੋਂ ਹੀ ਸਾਡੀ ਸਭਿਅਤਾ ਬਾਰੇ ਸਹੀ ਅੰਦਾਜ਼ਾ ਨਹੀਂ ਲੱਗਾ ਸਕਦਾ। ਇਸ ਤੋਂ ਦੂਜੇ ਪਾਸੇ ਜਦੋਂ ਮੈਂ ਨਜ਼ਰ ਮਾਰ ਕੇ ਇਹ ਦੇਖਦਾ ਹਾਂ ਕਿ ਲੋਕਾਂ ਦੇ ਰੋਜ਼ਾਨਾ ਜੀਵਨ ਵਿਚ ਸਰਕਾਰ ਦਾ ਕਿਤਨਾ ਥੋੜ੍ਹਾ ਦਖ਼ਲ ਹੈ, ਕਿਵੇਂ ਬਿਅੰਤ ਪਰਿਵਾਰ ਆਪਣੀ ਹੀ ਨਿੱਜੀ ਮਦਦ ਨਾਲ ਆਪਣੇ ਰਸਤੇ ਤੁਰੇ ਜਾਂਦੇ ਹਨ, ਕਈ ਸੋਸਾਇਟੀਆਂ ਤੇ ਉਨ੍ਹਾਂ ਦੀਆਂ ਜੱਥੇਬੰਦੀਆਂ, ਵਿਆਪਾਰਕ ਸੰਸਥਾਵਾਂ, ਲੋਕਾਂ ਦੇ ਪਰਸਪਰ ਆਉਭਗਤ ਕਰਨ ਦੇ ਭਾਵ, ਇਕ ਆਦਮੀ ਉੱਤੇ ਦੂਜੇ ਆਦਮੀ ਦੀ ਰਾਇ ਦਾ ਅਸਰ, ਕਿਤਨੇ ਚਿਰ ਤੋਂ ਚਲ ਰਹੀਆਂ ਕਈ ਸੋਹਣੀਆਂ ਦਸਤਕਾਰੀਆਂ, ਸਮਾਜ ਉੱਤੇ ਇਸਤ੍ਰੀਆਂ ਦਾ ਕੋਮਲ ਤੇ ਸਾਊ ਅਸਰ ਤੇ ਫਿਰ ਜਦੋਂ ਮੈਂ ਇਹ ਦੇਖਦਾ ਹਾਂ ਕਿ ਕਿਸ ਤਰ੍ਹਾਂ ਇਕ ਸ੍ਰੇਸ਼ਟ ਤੇ ਲਾਇਕ ਆਦਮੀ ਦੀ ਇੱਜ਼ਤ ਆਪਣੇ ਘਰ ਤੋਂ ਢੇਰ ਦੂਰ, ਪਰਦੇਸ ਵਿਚ, ਹਜ਼ਾਰਾਂ ਓਪਰੇ ਤੇ ਸਾਊ ਆਦਮੀਆਂ ਵਿਚ ਆਪਣੇ ਦੇਸ਼ ਵਰਗੀ ਹੋ ਸਕਦੀ ਹੈ ਤਾਂ ਇਨ੍ਹਾਂ ਨਿਸ਼ਾਨੀਆਂ ਤੋਂ ਮੈਂ ਆਪਣੇ ਦੇਸ਼ ਦੀ ਅਸਲ ਕੀਮਤ ਦਾ ਅੰਦਾਜ਼ਾ ਲਾ ਸਕਦਾ ਹਾਂ। ਕਿਸੇ ਭੀ ਦੇਸ਼ ਦੀ ਸਭਿਅਤਾ ਦੀ ਸਭ ਤੋਂ ਵੱਡੀ ਸਨਦ ਇਹ ਗੁਣ ਤੇ ਲੱਛਣ ਹਨ ਨ ਕਿ ਉਸ ਦੇ ਵੱਡੇ ਵੱਡੇ ਧਨਾਢ ਸ਼ਹਰ।

ਪਰ ਕੋਈ ਅਜੇਹਾ ਦੇਸ਼ ਜੋ ਇਨ੍ਹਾਂ ਕਸਵੱਟੀਆਂ ਵਿਚੋਂ ਕਿਸੇ ਇਕ ਉੱਤੇ ਵੀ ਪੂਰਾ ਨ ਉਤਰ ਸਕਦਾ ਹੋਵੇ, ਜਿਥੇ ਕਾਨੂੰਨੀ ਸਜ਼ਾ ਤੇ ਪਾਬੰਦੀ ਤੋਂ ਸਿਵਾ ਵਿੱਦਿਆ-ਪ੍ਰਚਾਰ ਕੀਤਾ ਨ ਜਾ ਸਕੇ, ਜਿੱਥੇ ਬੋਲਣ ਦੀ ਆਜ਼ਾਦੀ ਨ ਹੋਵੇ, ਜਿਥੇ ਡਾਕਖ਼ਾਨੇ ਵਿਚ ਬਦ-ਦਿਆਨਤੀ ਹੁੰਦੀ ਹੋਵੇ, ਡਾਕ ਦੇ ਥੈਲੇ ਤੇ ਚਿੱਠੀਆਂ ਖੋਲ੍ਹ ਲਈਆਂ ਜਾਂਦੀਆਂ ਹੋਣ, ਜਿੱਥੇ ਸ਼ਖ਼ਸੀ ਤੇ ਕੌਮੀ ਕਰਜ਼ਿਆਂ ਦੀ ਅਦਾਇਗੀ ਵਲੋਂ ਨਾਹ ਨੁਕਰ ਕੀਤੀ ਜਾਂਦੀ ਹੋਵੇ, ਜਿੱਥੇ ਆਮ ਭਾਈਚਾਰਕ ਜੀਵਨ ਦੀ ਆਜ਼ਾਦੀ ਵਿਚ ਭੀ ਵਿਘਨ ਪਾਇਆ ਜਾਂਦਾ ਹੋਵੇ, ਜਿੱਥੇ ਇਸਤ੍ਰੀਆਂ ਨੂੰ ਕੋਈ ਅਧਿਕਾਰ ਪ੍ਰਾਪਤ ਨ ਹੋਣ, ਜਿੱਥੋਂ ਦੇ ਸਾਰੇ ਹੁਨਰ ਬਦੇਸ਼ਾਂ ਤੋਂ ਉਧਾਰ ਲਏ ਗਏ ਹੋਣ, ਆਪਣੀ ਕੌਮੀਅਤ ਤੇ ਇਸ ਦੇ ਸਭਿਆਚਾਰ ਦਾ ਕੋਈ ਅਹਸਾਸ ਹੀ ਨ ਰਹ ਗਇਆ ਹੋਵੇ, ਜਿੱਥੇ ਹਰੇਕ ਆਦਮੀ ਨੂੰ ਰੋਜ਼ੀ ਦਾ ਵਸੀਲਾ ਪ੍ਰਾਪਤ ਨ ਹੋ ਸਕੇ, ਜਿੱਥੇ ਰਾਇ ਦੇਣ ਦਾ ਹੱਕ ਸਭ ਲਈ ਖੁਲ੍ਹਾ ਤੇ ਸਮਾਨ ਨ ਹੋਵੇ, ਅਜੇਹੇ ਦੇਸ਼ ਨੂੰ ਸਭਿਅ ਨਹੀਂ ਸਗੋਂ ਜਾਂਗਲੀ ਤੇ ਵਹਸ਼ੀ ਹੀ ਕਹਿਆ ਜਾ ਸਕਦਾ ਹੈ।

ਵ੍ਵ੍ਵ

Namdhari Elibrary NamdhariElibrary@gmail.com

ਚਾਨਣ ਦਾ ਸੋਮਾ

ਹਰਭਜਨ ਸਿੰਘ ਰਤਨ



ਆਜ਼ਾਦੀ ਦੀ ਲਹਿਰ ਦਾ ਇਤਿਹਾਸ, ਇਕ ਸਦੀ ਤੋਂ ਵਧ ਦਾ ਇਤਿਹਾਸ ਹੈ। ਇਸ ਅਰਸੇ ਵਿਚ ਕਈ ਲਹਿਰਾਂ ਚਲੀਆਂ, ਅਨੇਕਾਂ ਸੂਰਬੀਰਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਫਾਂਸੀਆਂ ਦੇ ਰਸੇ ਚੁੰਮੇ, ਕਾਲੇ ਪਾਣੀ ਦੀ ਜੇਲ੍ਹ ਵਿਚ ਜ਼ਿੰਦਗੀਆਂ ਗਾਲੀਆਂ, ਗੋਲੀਆਂ ਦਾ ਸ਼ਿਕਾਰ ਹੋਏ, ਵਿਦੇਸ਼ਾਂ ਵਿਚ ਜਾ ਕੇ ਭੀ ਉਪਰਾਲੇ ਕੀਤੇ, ਜਾਇਦਾਦਾਂ, ਜ਼ਮੀਨਾਂ, ਮਕਾਨ ਕੁਰਕ ਕਰਵਾਏ, ਅਣਮਨੁਖੀ ਤਸੀਹੇ ਸਹੇ, ਹਿੰਸਾ ਅਤੇ ਅਹਿੰਸਾ ਦੇ ਦੋਵੇਂ ਰਾਹ ਵਰਤੇ, ਕਈ ਪੀੜ੍ਹੀਆ ਬਲੀਦਾਨ ਹੋਈਆਂ, ਤੇ ਅੰਤ ਜਾ ਕੇ ਆਜ਼ਾਦੀ ਦਾ ਮੂੰਹ ਦੇਖਣਾ ਨਸੀਬ ਹੋਇਆ। ਇਕ ਲੰਮੇ ਸੰਘਰਸ਼ ਵਿਚ ਨਾਮਧਾਰੀ ਲਹਿਰ, ਜਿਸ ਨੂੰ ਕੂਕਾ ਲਹਿਰ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਆਪਣਾ ਇੱਕ ਵਿਸ਼ੇਸ਼ ਅਸਥਾਨ ਰੱਖਦੀ ਹੈ, ਅਤੇ ਇਸ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ, ਇਤਿਹਾਸ ਦੇ ਪੰਨਿਆਂ ਤੇ ਸੁਨਹਿਰੀ ਅੱਖਰਾਂ ਵਿਚ ਚਮਕਦਾ ਵਿਖਾਈ ਦਿੰਦਾ ਹੈ।

ਅੰਗਰੇਜ਼ਾਂ ਦੀ ਕੁਟਲ ਪਖਪਾਤੀ ਨੀਤੀ ਨੇ, ਇਸ ਲਹਿਰ ਨੂੰ ਇਤਿਹਾਸ ਵਿਚ ਆਪਣੀ ਠੀਕ ਥਾਂ ਪ੍ਰਾਪਤ ਕਰਨ ਤੋਂ ਰੋਕੀ ਰੱਖਿਆ, ਤੇ ਅੰਗਰੇਜ਼ਾਂ ਦੇ ਪ੍ਰਵਰਦਾ ਤੇ ਪਿਠੂ ਇਤਿਹਾਸਕਾਰਾਂ ਨੇ ਇਸ ਲਹਿਰ ਦੀ ਚਮਕ ਦਮਕ ਨੂੰ ਛੁਪਾਣ ਅਤੇ ਇਸ ਨੂੰ ਗਲਤ ਰੰਗ ਵਿਚ ਪੇਸ਼ ਕਰਨ ਦੀ ਪੂਰੀ ਪੂਰੀ ਕੋਸ਼ਸ਼ ਕੀਤੀ। ਪਰ ਬਦਲੀਆਂ ਬਹੁਤੀ ਦੇਰ ਤਕ ਸੂਰਜ ਤੇ ਚੰਦਰਮਾਂ ਦੀ ਰੌਸ਼ਨੀ ਨੂੰ ਛੁਪਾ ਨਹੀਂ ਸਕਦੀਆਂ ਤੇ ਆਖ਼ਰ ਸਚਾਈ ਦਾ ਪ੍ਰਕਾਸ਼ ਸੌ ਪਰਦੇ ਫਾੜ ਕੇ ਭੀ ਪ੍ਰਗਟ ਹੋ ਜਾਂਦਾ ਹੈ। ਵੀਹਵੀਂ ਸਦੀ ਅਤੇ ਖ਼ਾਸ ਕਰਕੇ ਆਜ਼ਾਦੀ ਮਿਲਣ ਉਪ੍ਰੰਤ, ਬਹੁਤ ਨਿਰੱਪਖ ਤੇ ਖੋਜੀ ਇਤਿਹਾਸਕਾਰਾਂ ਤੇ ਖੋਜੀ ਵਿਦਵਾਨਾਂ ਨੇ ਆਪਣੀ ਖੋਜ ਨਾਲ, ਅੰਗਰੇਜ਼ੀ ਹਕੂਮਤ ਦੇ ਵੇਲੇ ਲਿਖੇ ਖੁਫੀਆ ਫ਼ਰਮਾਨਾਂ, ਗਜ਼ਟੀਅਰਜ਼ ਅਤੇ ਆਰਕਾਈਵਜ਼ ਵਿਚ ਪਏ ਦਸਤਾਵੇਜ਼ਾਂ ਦੀ ਮਦਦ ਨਾਲ ਸਾਬਤ ਕਰ ਦਿਤਾ ਕਿ ਕੂਕਾ ਲਹਿਰ ਨੇ ਆਜ਼ਾਦੀ ਦੇ ਇਤਿਹਾਸ ਵਿਚ ਜੋ ਰੋਲ ਅਦਾ ਕੀਤਾ, ਉਸਦੀ ਮਿਸਾਲ ਨਹੀਂ ਮਿਲ ਸਕਦੀ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੇ ਉਸ ਪਿਛੋਂ ਦਸਾਂ ਸਾਲਾਂ ਦੇ ਅੰਦਰ ਅੰਦਰ ਸਿਖ ਰਾਜ ਦੇ ਖ਼ਾਤਮੇ ਅਤੇ ਅੰਗਰੇਜ਼ਾਂ ਦੇ ਪੰਜਾਬ ਤੇ ਕਾਬਜ਼ ਹੋ ਜਾਣ ਨਾਲ, ਜੋ ਪਤਨ ਸਿਖ ਕੈਰੈਕਟਰ, ਰਹਿਤ ਬਹਿਤ, ਤੇ ਰਸਮਾਂ ਰੀਤਾਂ ਵਿੱਚ ਆ ਚੁੱਕਾ ਸੀ, ਸਤਿਗੁਰੂ ਰਾਮ ਸਿੰਘ ਜੀ, ਜੋ ਆਪ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਰਹਿ ਚੁਕੇ ਸਨ, ਤੇ ਜਿੰਨ੍ਹਾਂ ਸਿਖ ਰਾਜ ਦਾ ਸੂਰਜ ਆਪਣੀਆਂ ਅੱਖਾਂ ਨਾਲ ਅਸਤ ਹੁੰਦਾ ਤੱਕਿਆ ਸੀ, ਬਹੁਤ ਡੂੰਘਾਈ ਨਾਲ ਇਸ ਦੁਰਦਸ਼ਾ ਨੂੰ ਵੇਖ ਤੇ ਮਹਿਸੂਸ ਕਰ ਰਹੇ ਸਨ। ਉਹ ਚਾਹੁੰਦੇ ਸਨ ਕਿ ਅੰਗਰੇਜ਼ ਨੂੰ ਕੱਢ ਕੇ ਫਿਰ ਸਿਖ ਰਾਜ ਸਥਾਪਤ ਕੀਤਾ ਜਾਵੇ, ਪਰੰਤੂ ਉਹ ਚੰਗੀ ਤਰ੍ਹਾਂ ਜਾਣਦੇ ਸਨ, ਕਿ ਸਿੱਖ ਸਮਾਜਕ ਕੁਰੀਤੀਆ, ਸ਼ਰਾਬਾਂ, ਐਸ਼ੋ ਇਸ਼ਰਤ, ਤੇ ਹਰ ਪ੍ਰਕਾਰ ਦੀਆਂ ਬੁਰਾਈਆਂ ਦਾ ਸ਼ਿਕਾਰ ਹੋ ਕੇ ਇਤਨਾ ਨਿਘਰ ਚੁਕੇ ਹਨ, ਕਿ ਜਦ ਤੱਕ ਇਨ੍ਹਾਂ ਦਾ ਚਰਿੱਤਰ ਉਚਾ ਨਾ ਹੋਵੇ, ਇਹ ਕੋਈ ਕ੍ਰਾਂਤੀਕਾਰੀ ਕੰਮ ਕਰਨ ਦੇ ਯੋਗ ਨਹੀਂ। ਇਸ ਲਈ ਉਨ੍ਹਾਂ ਨੇ ਸਭ ਤੋਂ ਪਹਿਲਾਂ ਸਿਖ ਚਰਿਤਰ ਉੱਚਾ ਕਰਨ ਵੱਲ ਧਿਆਨ ਦਿਤਾ ਅਤੇ ਸਿਖਾਂ ਵਿਚ ਆਈਆਂ ਕੁਰੀਤੀਆਂ ਤੇ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਉਪਰਾਲਾ ਸ਼ੁਰੂ ਕੀਤਾ।

ਸਿਖਾਂ ਵਿਚ ਮਾਸ ਸ਼ਰਾਬ ਦੀ ਵਰਤੋਂ ਆਮ ਹੋ ਗਈ ਸੀ। ਕੁੜੀਆਂ ਮਾਰ ਦੇਣ ਦਾ ਵੀ ਕੁਕਰਮ ਚਲਦਾ ਸੀ। ਵਿਧਵਾ ਵਿਆਹ ਨਹੀਂ ਸੀ ਹੁੰਦਾ। ਵਿਆਹ ਸ਼ਾਦੀਆਂ ਦੇ ਖਰਚ ਆਮ ਮਾਪੇ ਨਹੀਂ ਸਹਾਰ ਸਕਦੇ ਸਨ। ਸਿਖ ਰਹਿਤ ਮਰਯਾਦਾ ਵਿਚ ਪੱਕੇ ਨਹੀ ਸਨ ਰਹੇ। ਬ੍ਰਾਹਮਣ ਵਾਦ ਦਾ ਸ਼ਿਕਾਰ ਹੋ ਕੇ, ਗੁਰੂ ਸਾਹਿਬਾਨ ਵਲੋਂ ਰੋਕੀਆਂ ਰਸਮਾਂ, ਮੜ੍ਹੀ ਮਸਾਣਾਂ, ਜਾਦੂ ਟੂਣਿਆਂ, ਮੂਰਤੀ ਪੂਜਾ ਆਦਿ ਫਸੇ ਪਏ ਸਨ।

ਸਤਿਗੁਰੂ ਰਾਮ ਸਿੰਘ ਜੀ ਨੇ ੩ ਜੂਨ ੧੮੬੩ ਈਸਵੀ ਨੂੰ ਪਿੰਡ ਖੋਟੇ ਜ਼ਿਲਾ ਫ਼ੀਰੋਜ਼ਪੁਰ ਵਿਚ ਮਹਾਨ ਸਮਾਗਮ ਕਰਕੇ, ਬਿਨਾ ਦਾਜ ਦਹੇਜ, ਬਰਾਤ, ਬੈਂਡ ਵਾਜਾ ਅਤੇਂ ਬਿਨਾ ਕਿਸੇ ਖਰਚ, ਸਮੂਹਕ ਸ਼ਾਦੀਆਂ, ਗੁਰਮਤਿ ਅਨੁਸਾਰ ਅਨੰਦ ਕਾਰਜ ਸ਼ੁਰੂ ਕਰਵਾ ਕੇ, ਨਵੀਂ ਲੀਹ ਤੋਰੀ। ਅੰਮ੍ਰਿਤ ਪ੍ਰਚਾਰ ਸ਼ੁਰੂ ਕੀਤਾ। ਅੰਮ੍ਰਿਤ ਛਕਾ ਕੇ, ਮਾਸ ਸ਼ਰਾਬ ਦਾ ਤਿਆਗ ਕਰਨਾ, ਸਾਦਾ ਤੇ ਪਵਿਤ੍ਰ ਜੀਵਨ ਬਿਤਾਣਾ, ਧਰਮ ਦੀ ਕਿਰਤ ਕਰਨੀ, ਦਸਵੰਧ ਕਢਣਾ, ਗਰੀਬਾਂ ਤੇ ਦੀਨ ਦੁਖੀਆਂ ਦੀ ਮਦਦ ਕਰਨੀ ਤੇ ਗਊ ਗ੍ਰਿਬ ਦੀ ਰੱਖਿਆ ਕਰਨੀ, ਆਦਿ ਉਪਦੇਸ਼ ਦਿਤੇ ਤੇ ਇੰਨ੍ਹਾਂ ਅਸੂਲਾਂ ਤੇ ਚਲਣ ਦੀ ਤਾਕੀਦ ਕੀਤੀ। ਅੰਗਰੇਜ਼ਾਂ ਨੇ ਕਾਨੂੰਨ ਬਣਾ ਕੇ, ਕਿਸੇ ਹਿੰਦੁਸਤਾਨੀ ਪਾਸ ਕੋਈ ਵੀ ਹਥਿਆਰ ਰੱਖਣ ਦੀ ਮਨਾਹੀ ਕਰ ਦਿਤੀ ਸੀ, ਜਿਸ ਵਿਚ ਕ੍ਰਿਪਾਨ ਵੀ ਸ਼ਾਮਲ ਸੀ। ਕਿਸੇ ਸਿੱਖ ਨੂੰ ਕ੍ਰਿਪਾਨ ਪਹਿਨਣ ਦੀ ਇਜਾਜ਼ਤ ਨਹੀ ਸੀ। ਪਰ ਖਾਲਸੇ ਦਾ ਸ਼ਸਤਰਧਾਰੀ ਹੋਣਾ ਜ਼ਰੂਰੀ ਸੀ। ਆਪ ਜੀ ਨੇ ਹੁਕਮ ਦਿਤਾ ਕਿ ਕ੍ਰਿਪਾਨ ਦੀ ਇਜਾਜ਼ਤ ਨਹੀਂ ਤਾਂ ਤੁਸੀਂ ਲਾਠੀਆਂ ਰੱਖੋ। ਲਾਠੀ ਦੇ ਨਾਲ ਕੁਹਾੜੀ ਤੇ ਟਕੂਆ ਆਦਿ ਵੀ ਲਗ ਸਕਦਾ ਸੀ। ਉਹ ਜਾਣਦੇ ਸਨ ਕਿ ਅਜੇ ਇਸ ਮਾਮਲੇ ਤੇ ਅੰਗਰੇਜ਼ ਨਾਲ ਟੱਕਰ ਲੈਣ ਦਾ ਸਮਾਂ ਨਹੀਂ ਆਇਆ।

ਸਤਿਗੁਰੂ ਰਾਮ ਸਿੰਘ ਜੀ ਅਜੇਹੇ ਸਿਖ ਸਾਜੇ, ਜੋ ਉਚੇ ਸੁਚੇ ਜੀਵਨ ਵਾਲੇ, ਪਵਿਤਰ ਰਹਿਣੀ ਬਹਿਣੀ ਵਾਲੇ, ਰਹਿਤ ਮਰਯਾਦਾ

Namdhari Elibrary NamdhariElibrary@gmail.com

ਦੇ ਪੱਕੇ, ਸਾਦਾ ਜੀਵਨ ਤੇਂ ਉਚ ਵਿਚਾਰਾਂ ਦੇ ਧਾਰਨੀ, ਮਿਹਨਤ ਤੇ ਈਮਾਨਦਾਰੀ ਨਾਲ ਧਰਮ ਦੀ ਕਿਰਤ ਕਰਨ ਵਾਲੇ, ਚਿੱਟੀਆਂ ਪੁਸ਼ਾਕਾਂ ਤੇ ਚਿੱਟੀਆਂ ਸਿਧੀਆਂ ਦਸਤਾਰਾਂ ਵਾਲੇ, ਨਾਮ ਬਾਣੀ ਦੇ ਰਸੀਏ ਅਤੇ ਸੇਵਾ ਭਾਵ ਰਖਣ ਵਾਲੇ, ਮਨ ਨੀਵਾਂ ਤੇ ਮੱਤ ਉਚੀ ਰੱਖਣ ਵਾਲੇ, ਸਰਬਤ ਦਾ ਭਲਾ ਮੰਗਣ ਵਾਲੇ ਆਦਰਸ਼ ਸਿਖ ਸਨ। ਅਜੇਹੇ ਸਿਖਾਂ ਤੇ ਹੀ ਆਸ ਕੀਤੀ ਜਾ ਸਕਦੀ ਸੀ, ਕਿ ਉਹ ਪੰਥ, ਦੇਸ਼ ਅਤੇ ਮਾਨਵਤਾ ਦੀ ਸੇਵਾ ਲਈ ਤਨ, ਮਨ, ਧਨ, ਵਾਰਨ ਲਈ ਸਦਾ ਤਿਆਰ ਰਹਿਣ, ਅਤੇ ਕੇਵਲ ਅਜੇਹੇ ਇਨਸਾਨਾਂ ਦੀਆਂ ਕੁਰਬਾਨੀਆਂ ਤੇ ਘਾਲਣਾਵਾਂ, ਦੇਸ਼ ਆਜ਼ਾਦੀ ਦੀ ਮੰਜ਼ਲ ਤਕ ਪੁਚਾ ਸਕਦੀਆਂ ਸਨ।

ਸਤਿਗੁਰੂ ਜੀ ਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਕਿ ਅੰਗਰੇਜ਼ਾਂ ਵਰਗੀ ਸ਼ਕਤੀਸ਼ਾਲੀ ਕੌਮ ਨੂੰ ਜਿਸ ਦੇ ਪਾਸ ਹਥਿਆਰ ਫ਼ੌਜਾਂ ਅਤੇ ਧਨ ਦੇ ਮਹਾਨ ਸਾਧਨ ਸਨ, ਹਿੰਸਾ ਨਾਲ ਉਖਾੜਨਾ ਅਜੇ ਸੰਭਵ ਨਹੀ। ਇਸ ਲਈ ਉਨ੍ਹਾਂ ਨੇ ਅਹਿੰਸਾ ਅਤੇ ਨਾਮਿਲਵਰਤਣ ਦੇ ਹਥਿਆਰ ਵਰਤੇ। ਹੁਕਮਰਾਨ ਕੌਮ ਇਹ ਹਮੇਸ਼ਾਂ ਕੋਸ਼ਸ਼ ਕਰਦੀ ਹੈ ਕਿ ਗੁਲਾਮ ਦੇਸ਼ ਦੇ ਵਾਸੀਆਂ ਦੀ ਜ਼ਬਾਨ, ਰਸਮ ਰਿਵਾਜ, ਤਹਿਜ਼ੀਬ, ਕਲਚਰ ਅਤੇ ਏਕਤਾ ਨੂੰ ਖਤਮ ਕੀਤਾ ਜਾਵੇ। ਇਸ ਲਈ ਅੰਗਰੇਜ਼ ਹਰ ਉਹ ਕਦਮ ਚੁੱਕ ਰਿਹਾ ਸੀ, ਜਿਸ ਨਾਲ ਭਾਰਤਵਾਸੀ ਆਪਣਾ ਵਿਰਸਾ ਭੁਲਾ ਦੇਣ। ਇਸ ਖ਼ਤਰੇ ਨੂੰ ਮਹਿਸੂਸ ਕਰਕੇ ਹੀ, ਸਤਿਗੁਰੂ ਰਾਮ ਸਿੰਘ ਨੇ, ਅੰਗਰੇਜ਼ੀ ਸਕੂਲਾਂ ਦਾ ਬਾਈਕਾਟ, ਅੰਗਰੇਜ਼ੀ ਅਦਾਲਤਾਂ ਅਤੇ ਇੰਗਲੈਂਡ ਦੇ ਬਣੇ ਹੋਏ ਮਾਲ ਦਾ ਬਾਈਕਾਟ ਕੀਤਾ। ਸੁਦੇਸ਼ੀ ਦੀ ਲਹਿਰ ਚਲਾ ਕੇ ਸ਼ੁਧ ਖਦਰ ਦੀ ਵਰਤੋਂ ਪ੍ਰਚਲਤ ਕੀਤੀ। ਆਪਸੀ ਝਗੜੇ ਝੇੜੇ ਆਪਣੀਆਂ ਪੰਚਾਇਤਾਂ ਵਿਚ ਫ਼ੈਸਲੇ ਕਰਕੇ ਨਿਪਟਾਣ ਤੇ ਜ਼ੋਰ ਦਿਤਾ। ਰੇਲ ਦਾ ਬਾਈਕਾਟ ਕਰਕੇ, ਆਵਾਜਾਈ ਲਈ ਅਪਣੇ ਸਾਧਨ, ਅਤੇ ਅੰਗਰੇਜ਼ਾਂ ਦੀ ਡਾਕ ਸੇਵਾ ਦੀ ਥਾਂ, ਆਪਣੀ ਡਾਕ ਸੇਵਾ ਸ਼ੁਰੂ ਕੀਤੀ। ਇਸ ਤਰੀਕੇ ਨਾਲ ਆਪਣੀ ਸਾਰੀ ਕਾਰਵਾਈ ਖ਼ੁਫ਼ੀਆ ਭੀ ਰੱਖੀ ਜਾ ਸਕਦੀ ਸੀ ਅਤੇ ਲੋਕਾਂ ਦੇ ਦਿਲਾਂ ਵਿਚ ਸਵੈ-ਨਿਰਭਰਤਾ ਦਾ ਜਜ਼ਬਾ ਭੀ ਪੈਦਾ ਕੀਤਾ ਜਾ ਸਕਦਾ ਸੀ।

ਅੰਗਰੇਜ਼ਾਂ ਨੇ ਹਿੰਦੂਆਂ ਤੇ ਮੁਸਲਮਾਨਾਂ ਵਿੱਚ ਫੁਟ ਪਾਣ ਲਈ ਗਊਕੁਸ਼ੀ ਸ਼ੁਰੂ ਕਰਵਾ ਦਿੱਤੀ ਅਤੇ ਥਾਂ ਥਾਂ ਬੁਚੜਖਾਨੇ ਖੁਲ੍ਹਵਾ ਦਿਤੇ। ਗਊ ਦੀ ਮਹੱਤਤਾ ਭਾਰਤ ਵਿੱਚ ਆਰਥਕ ਅਤੇ ਧਾਰਮਕ, ਦੋਹਾਂ ਪੱਖਾਂ ਵਜੋਂ ਸੀ। ਉਸ ਵੇਲੇ ਸਾਰੀ ਖੇਤੀ ਬਾੜੀ ਕਿਰਸਾਣੀ ਦਾ ਦਾਰੋਮਦਾਰ ਗਊ ਤੇ ਉਸ ਦੇ ਪੁੱਤਰ ਬਲਦ ਦੇ ਸਿਰ ਸੀ। ਹਲ ਚਲਾਣਾ, ਗੱਡੇ ਅਗੇ ਜੋੜਨਾ, ਆਪਣੀ ਖੇਤੀ ਦੀ ਉਪਜ ਇਕ ਥਾਂ ਤੋਂ ਦੂਜੀ ਥਾਂ ਬੈਲ ਗਡੀਆਂ ਤੇ ਪੁਚਾਣਾ, ਗਊ ਦਾ ਦੁੱਧ, ਮੱਖਣ, ਘਿਉ ਆਦਿ ਬਣਾਨਾ, ਗੋਹੇ ਦੀ ਖਾਦ ਬਾਲਣ ਲਈ ਵਰਤੋਂ ਆਦਿ ਕਈ ਕਾਰਨਾਂ ਕਰਕੇ, ਆਰਥਕ ਪਖੋਂ ਵੀ ਗਊ ਦੀ ਮਹਾਨਤਾ ਸੀ। ਧਾਰਮਕ ਪਖੋਂ ਗਊ ਤੇ ਬੈਲ ਨਾਲ ਕਈ ਦੇਵੀ ਦੇਵਤਿਆਂ ਦੀ ਸਾਂਝ ਸੀ। ਇਥੋਂ ਤਕ ਕਿ ਧਰਤੀ ਨੂੰ ਬਲਦ ਦੇ ਸਿੰਗਾਂ ਤੇ ਖੜ੍ਹੀ ਮੰਨਿਆ ਜਾਂਦਾ ਹੈ। ਕ੍ਰਿਸ਼ਨ ਮਹਾਰਾਜ ਦਾ ਪਾਲਕ ਪਿਤਾ ਨੰਦ ਗਵਾਲਾ ਹੀ ਸੀ। ਕ੍ਰਿਸ਼ਨ ਜੀ ਆਪ ਗਊਆਂ ਚਾਰਦੇ ਤੇ ਪਾਲਦੇ ਸਨ ਤੇ ਆਪਣੇ ਸੰਗੀ-ਸਾਥੀ ਗਵਾਲੇ ਮਿੱਤਰਾਂ ਵਿੱਚ ਗਵਾਲਾ ਕਹਾ ਕੇ ਪ੍ਰਸੰਨ ਹੁੰਦੇ ਸਨ। ਇਸ ਲਈ ਉਹਨਾਂ ਨੂੰ ਗੋਪਾਲ ਭਾਵ ਗਊਆਂ ਪਾਲਣ ਵਾਲਾ ਕਿਹਾ ਜਾਂਦਾ ਸੀ। ਕ੍ਰਿਸ਼ਨ ਜੀ ਦੇ ਨਾਮ ਨਾਲ ਗੋਪਾਲ ਲਗਣ ਕਰਕੇ, ਲੋਕ ਪ੍ਰਮਾਤਮਾ ਨੂੰ ਹੀ ਗੋਪਾਲ ਕਹਿਣ ਲਗ ਪਏ। ਕਹਿਣ ਦਾ ਭਾਵ ਇਹ ਕਿ ਹਿੰਦੂ ਅਤੇ ਭਾਰਤੀ ਸੰਸਕ੍ਰਿਤੀ ਵਿਚ ਗਊ ਦਾ ਇਕ ਮਹਾਨ ਅਸਥਾਨ ਸੀ। ਪਹਿਲਾਂ ਮੁਗਲ ਬਾਦਸ਼ਾਹ, ਹਿੰਦੂਆਂ ਨਾਲ ਧਕਾ ਕਰਦੇ ਹੋਏ ਗਊਆਂ ਤੇ ਟੈਕਸ ਲਗਾ ਦੇਂਦੇ ਸਨ, ਜਿਵੇਂ ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿਚ ਕਿਹਾ ਹੈ:

ਗਊ ਬ੍ਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ।

ਕਹਿਣ ਦਾ ਭਾਵ ਇਹ ਕਿ ਅੰਗਰੇਜ਼ ਜਾਣ ਬੁਝ ਕੇ, ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪੁਚਾਣ ਲਈ, ਮੁਸਲਮਾਨਾਂ ਨੂੰ ਉਕਸਾਣ ਲਈ ਅਤੇ ਦੋਹਾਂ ਕੌਮਾਂ ਵਿਚ ਫੁੱਟ ਪੁਵਾਣ ਲਈ, ਗਊ ਕੁਸ਼ੀ ਅਤੇ ਬੁਚੜਖਾਨਿਆਂ ਦਾ ਹਥਿਆਰ ਵਰਤਣਾ ਚਾਹੁੰਦਾ ਸੀ। ਇਸ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ, ਗਊਕੁਸ਼ੀ ਕਾਨੂੰਨਨ ਮਨ੍ਹਾ ਸੀ। ਇੱਥੋਂ ਤਕ ਕਿ ਜਦੋਂ ਅੰਗਰੇਜ਼ਾਂ ਦੇ ਪ੍ਰਤੀਨਿਧ ਭੀ ਮਹਾਰਾਜ ਸਾਹਿਬ ਨੂੰ ਮਿਲਣ ਲਈ ਆਉਂਦੇ ਸਨ, ਤਾਂ ਉਨ੍ਹਾਂ ਨੂੰ ਇਹ ਸ਼ਰਤ ਮੰਨਣੀ ਪੈਂਦੀ ਸੀ ਕਿ ਉਹ ਮਹਾਰਾਜਾ ਸਾਹਿਬ ਦੇ ਰਾਜ ਵਿਚ ਜਿਤਨੇ ਦਿਨ ਰਹਿਣਗੇ, ਉਨ੍ਹਾਂ ਨੂੰ ਜਾਨਵਰ ਮਾਰਨ, ਜਾਂ ਗਊ ਦਾ ਮਾਸ ਖਾਣ ਦੀ ਇਜਾਜ਼ਤ ਨਹੀਂ ਹੋਵੇਗੀ। ਮਹਾਰਾਜ ਸਾਹਿਬ ਨੇ ਜਦੋਂ ਸ਼ਾਹ ਸ਼ੁਜਾਅ ਦੀ, ਉਸ ਦਾ ਰਾਜ ਵਾਪਸ ਲੈਣ ਲਈ ਮਦਦ ਕਰਨੀ ਸਵੀਕਾਰ ਕੀਤੀ, ਤਾਂ ਉਸ ਤੋਂ ਪਹਿਲਾਂ ਇਹ ਸ਼ਰਤ ਮਨਵਾਈ ਕਿ ਉਹ ਮਹਾਰਾਜਾ ਦੀ ਮਦਦ ਨਾਲ ਪ੍ਰਾਪਤ ਕੀਤੇ ਰਾਜ ਵਿਚ, ਗਊਕੁਸ਼ੀ ਦੀ ਆਗਿਆ ਨਹੀਂ ਦੇਵੇਗਾ। ਸੋ ਅਜੇਹੇ ਵਾਤਾਵਰਣ ਵਿਚ ਅੰਗਰੇਜ਼ਾਂ ਦਾ ਆਕੇ ਇਕ ਦਮ ਗਊਕੁਸ਼ੀ ਦੀ ਆਗਿਆ ਦੇਣਾ ਅਤੇ ਬੁਚੜਖਾਨੇ ਖੁਲਵਾਣਾ ਉਸ ਦੀ ਕੁਟਲ ਨੀਤੀ ਸੀ। ਉਸ ਦਾ ਕੇਵਲ ਇਹ ਕਾਰਨ ਨਹੀਂ ਸੀ ਕਿ ਗੋਰੇ ਆਪ ਗਊ ਦਾ ਮਾਸ ਖਾਂਦੇ ਸਨ ਤੇ ਮੁਸਲਮਾਨ ਭੀ ਖਾਂਦੇ ਸਨ, ਸਗੋਂ ਉਸਦਾ ਅਸਲੀ ਮੰਤਵ ਆਜ਼ਾਦੀ ਦੀ ਜੱਦੋ ਜਹਿਦ ਵਿਚ, ਦੋਹਾਂ ਕੌਮਾਂ ਨੂੰ ਇੱਕਠਾ ਨਾ ਹੋਣ ਦੇਣਾ, ਅਤੇ ਫੁਟ ਪਾਈ ਰਖਣਾ ਸੀ। ਕਈ ਲਿਖਾਰੀ, ਜੋ ਨਾਮਧਾਰੀ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਕੇਵਲ ਗਊ ਰਖਿਆ ਨਾਲ ਜੋੜਦੇ ਹਨ, ਇਸ ਦੇ ਸਿਆਸੀ ਮਨੋਰਥ ਨੂੰ ਭੁਲ ਜਾਂਦੇ ਹਨ। ਗਊਕੁਸ਼ੀ ਨੂੰ ਰੋਕਣਾ ਅਤੇ ਬੁਚੜਖਾਨੇ ਬੰਦ ਕਰਾਉਣੇ, ਇਹ ਵੀ ਨਾਮਧਾਰੀ ਲਹਿਰ ਦਾ, ਆਜ਼ਾਦੀ ਪ੍ਰਾਪਤੀ ਵਲ ਇਕ ਹੋਰ ਕਦਮ ਸੀ। ਜਿਵੇਂ ਗੁਰਦੁਆਰਾ ਲਹਿਰ ਵਿੱਚ, ਅੰਗਰੇਜ਼ਾਂ ਦੇ ਪਿਠੂ ਤੇ ਹੱਥ ਠੋਕੇ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣੇ, ਨਿਰਾ ਧਾਰਮਕ ਸੰਘਰਸ਼ ਨਹੀਂ, ਸਗੋਂ ਰਾਜਨੀਤਕ ਅਤੇ ਆਜ਼ਾਦੀ ਲਹਿਰ ਵਲ ਉਠਾਇਆ ਇੱਕ ਕਦਮ ਸੀ। ਇਸੇ ਕਰਕੇ, ਜਦ ਅੰਗਰੇਜ਼ ਨੇ ਆਪਣੀ ਹਾਰ ਮੰਨ ਕੇ, ਗੁਰਦੁਆਰੇ ਸਿਖਾਂ ਦੇ ਅਧਿਕਾਰ ਵਿਚ ਦੇ ਦਿੱਤੇ ਤਾਂ ਮਹਾਤਮਾ ਗਾਂਧੀ ਨੇ ਬਾਬਾ ਖੜਕ ਸਿੰਘ ਨੂੰ ਇਹ ਤਾਰ ਘਲੀ ਸੀ ਕਿ "ਆਜ਼ਾਦੀ ਦੇ ਜੰਗ ਦੀ ਪਹਿਲੀ ਲੜਾਈ ਜਿੱਤੀ ਗਈ ਹੈ।"

ਸਤਿਗੁਰੂ ਰਾਮ ਸਿੰਘ ਜੀ ਅਜੇਹੇ ਸਿਖ ਸਾਜੇ, ਜੋ ਉਚੇ ਸੁਚੇ ਜੀਵਨ ਵਾਲੇ, ਪਵਿਤਰ ਰਹਿਣੀ ਬਹਿਣੀ ਵਾਲੇ, ਰਹਿਤ ਮਰਯਾਦਾ ਦੇ ਪੱਕੇ, ਸਾਦਾ ਜੀਵਨ ਤੇ ਉਚ ਵਿਚਾਰਾਂ ਦੇ ਧਾਰਨੀ, ਮਿਹਨਤ ਤੇ ਈਮਾਨਦਾਰੀ ਨਾਲ ਧਰਮ ਦੀ ਕਿਰਤ ਕਰਨ ਵਾਲੇ, ਚਿੱਟੀਆਂ ਪੁਸ਼ਾਕਾਂ ਤੇ ਚਿੱਟੀਆਂ ਸਿਧੀਆਂ ਦਸਤਾਰਾਂ ਵਾਲੇ, ਨਾਮ ਬਾਣੀ ਦੇ ਰਸੀਏ ਅਤੇ ਸੇਵਾ ਭਾਵ ਰਖਣ ਵਾਲੇ, ਮਨ ਨੀਵਾਂ ਤੇ ਮੱਤ ਉਚੀ ਰੱਖਣ ਵਾਲੇ, ਸਰਬਤ ਦਾ ਭਲਾ ਮੰਗਣ ਵਾਲੇ ਆਦਰਸ਼ ਸਿਖ ਸਨ।

Namdhari Elibrary NamdhariElibrary@gmail.com

ਅੰਗਰੇਜ਼ ਇਸ ਗਲ ਨੂੰ ਸਮਝ ਗਿਆ ਸੀ ਕਿ ਨਾਮਧਾਰੀ ਲਹਿਰ ਹੁਣ ਨਿਰੀ ਸਮਾਜਕ ਤੇ ਧਾਰਮਕ ਲਹਿਰ ਨਹੀ ਰਹੀ, ਸਗੋਂ ਰਾਜਨੀਤਕ ਲਹਿਰ ਬਣ ਗਈ ਹੈ। ਅੰਬਾਲਾ ਦੇ ਕਮਿਸ਼ਨਰ ਮਿਸਟਰ ਜੇ. ਡਬਲਯੂ. ਮੈਕਨਬ ਨੇ ਅੰਗਰੇਜ਼ੀ ਸਰਕਾਰ ਪਾਸ ਆਪਣੀ ਰੀਪੋਰਟ ਵਿਚ ਲਿਖਿਆ ਸੀ।

"ਇਸ ਦੇ ਇਰਾਦੇ ਭਾਵੇਂ ਸ਼ੁਰੂ ਵਿਚ ਕੁਝ ਵੀ ਹੋਣ, ਪਰ ਹੁਣ ਦਿਸਦਾ ਹੈ ਕਿ ਇਸਦਾ ਨਿਸ਼ਾਨਾ ਰਾਜਨੀਤਕ ਹੈ। ਉਹ (ਗੁਰੂ ਰਾਮ ਸਿੰਘ) ਇਕ ਅਜੇਹੇ ਪੰਥ ਦਾ ਆਗੂ ਅਤੇ ਅਦੁਤੀ ਨੇਤਾ ਹੈ ਜੋ ਆਪਣੇ ਸੁਭਾਉ ਅਨੁਸਾਰ ਸਿੱਖ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਹੈਸੀਅਤ ਵਿਚ ਬਰਤਾਨਵੀ ਤਾਕਤ ਦਾ ਵੈਰੀ ਹੈ।"

ਇਸੇ ਤਰ੍ਹਾਂ ਐਕਸਟਰਾ ਅਸਿਸਟੈਂਟ ਕਮਿਸ਼ਨਰ, ਸੱਯਦ ਮੁਹੱਮਦ ਲਤੀਫ਼ ਲਿਖਦਾ ਹੈ:

"ਗੁਰੂ ਰਾਮ ਸਿੰਘ ਤੇ ਉਸਦੇ ਚੇਲੇ ਕੇਵਲ ਧਾਰਮਕ ਹੀ ਨਹੀਂ ਸਨ ਸਗੋਂ ਧਾਰਮਕ ਸੁਧਾਰਕ, ਸਦਾਚਾਰੀ ਉਪਦੇਸ਼ਕ ਅਤੇ ਗੁਰੂ ਹੋਣ ਦੇ ਲਿਬਾਸ ਵਿਚ, ਉਨ੍ਹਾਂ ਨੇ ਰਾਜਨੀਤੀ ਦੇ ਡੂੰਘੇ ਮਨਸੂਬਿਆਂ ਨੂੰ ਆਸਰਾ ਦਿਤਾ।"

ਇਹੀ ਕਾਰਨ ਹੈ ਕਿ ਅੰਗਰੇਜ਼ ਨੇ ਮਨ ਵਿਚ ਪੱਕੀ ਧਾਰ ਲਈ ਕਿ ਇਸ ਲਹਿਰ ਨੂੰ ਜਿਵੇਂ ਕਿਵੇਂ ਭੀ ਸਖ਼ਤੀ ਨਾਲ ਦਬਾ ਦਿੱਤਾ ਜਾਏ। ਅੰਮ੍ਰਿਤਸਰ ਤੇ ਰਾਏ ਕੋਟ ਵਿਚ ਨਾਮਧਾਰੀ ਸੂਰਬੀਰਾਂ ਨੂੰ ਫਾਂਸੀ ਲਗਾਇਆ ਗਿਆ। ਮਲੇਰਕੋਟਲੇ ਵਿਚ ਤਾਂ ਅੰਗਰੇਜ਼ ਨੇ ਜ਼ੁਲਮ ਦੀ ਹਦ ਹੀ ਕਰ ਦਿਤੀ, ਜਦ ਕਿ ਬਿਨਾਂ ਮੁਕਦਮਾ ਚਲਾਏ, ਬਿਨਾ ਕੋਈ ਕਾਨੂੰਨੀ ਕਾਰਵਾਈ ਦੇ ਬਿਨਾਂ ਉਪਰਲੇ ਵੱਡੇ ਅਫ਼ਸਰਾਂ, ਗਵਰਨਰ ਜਾਂ ਦਿਲੀ ਦੇ ਗਵਰਨਰ ਜਨਰਲ ਦੀ ਆਗਿਆ ਦੇ, ਲੁਧਿਆਣੇ ਦੇ ਡਿਪਟੀ ਕਮਿਸ਼ਨਰ ਕਾਵਨ ਨੇ, ਨਾਭਾ ਪਟਿਆਲਾ ਦੀਆਂ ਰਿਆਸਤਾਂ ਦੀਆਂ ਤੋਪਾਂ ਮੰਗਾ ਕੇ ਦੋ ਦਿਨਾਂ ਵਿਚ ੬੫ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਦਿਤਾ ਗਿਆ ਤੇ ਇਕ ਨਾਮਧਾਰੀ ਬਾਲਕ, ਬਿਸ਼ਨ ਸਿੰਘ ਦੇ ਤਲਵਾਰ ਨਾਲ ਟੁਕੜੇ ਕਰ ਦਿੱਤੇ ਗਏ। ਪਿਛੋਂ ਭਾਵੇਂ ਕਾਵਨ ਦੀ ਪੁੱਛ-ਪ੍ਰਤੀਤ ਕੀਤੀ ਗਈ, ਤੇ ਉਸਦੀ ਕਾਰਵਾਈ ਨੂੰ ਕਾਹਲੀ ਵਿਚ ਲਿਆ ਕਦਮ ਅਤੇ ਗੈਰਕਾਨੂੰਨੀ ਕਿਹਾ ਗਿਆ, ਪਰ ਫਿਰ ਇਹ ਵੀ ਮੰਨ ਲਿਆ ਗਿਆ ਕਿ ਵਕਤ ਦੀ ਨਜ਼ਾਕਤ ਨੂੰ ਵੇਖਦੇ, ਨਾਮਧਾਰੀਆਂ ਨੂੰ ਸਬਕ ਸਿਖਾਣ ਲਈ, ਉਸਨੇ ਜੋ ਵੀ ਕੀਤਾ ਠੀਕ ਸੀ ਅਤੇ ਉਸ ਦੇ ਮਨ ਵਿਚ ਅੰਗਰੇਜ਼ੀ ਹਕੂਮਤ ਦੀ ਮਜ਼ਬੂਤੀ ਦੀ ਭਾਵਨਾ ਸੀ। ਵਾਇਸਰਾਏ ਦੀ ਕੌਂਸਲ ਦੇ ਇਕ ਮੈਂਬਰ ਜਾਹਨ ਸਟਰੈਚੀ ਨੇ ਇਸ ਨੂੰ ਅਣਮਨੁਖੀ ਵਹਿਸ਼ੀਆਨਾ ਕਦਮ ਕਿਹਾ। ਅਗੋਂ ਲਈ ਅਜੇਹੀਆਂ ਵਹਿਸ਼ੀਆਨਾ ਸਜ਼ਾਵਾਂ ਤੇ ਬਿਨਾ ਮੁਕਦਮਾ ਚਲਾਏ ਤੁਰਤ ਫੁਰਤ ਕੀਤੀ ਕਾਰਵਾਈ ਦੀ ਮਨਾਹੀ ਭੀ ਕਰ ਦਿਤੀ ਗਈ। ਕਾਵਨ ਨੂੰ ਨੌਕਰੀ ਤੋਂ ਰੀਟਾਇਰ ਕਰ ਦਿੱਤਾ ਗਿਆ ਤੇ ਇਸ ਵਹਿਸ਼ਿਆਨਾਂ ਹਰਕਤ ਦੇ ਦੂਜੇ ਦੋਸ਼ੀ ਮਿਸਟਰ ਫ਼ੋਰਸਿਥ ਨੂੰ ਤਬਦੀਲ ਕਰ ਦਿੱਤਾ ਗਿਆ। ਇਸ ਵਾਕਿਆ ਨਾਲ ਅੰਗਰੇਜ਼ਾਂ ਦੀ ਸ਼ੁਹਰਤ ਅਤੇ ਉਹਨਾਂ ਦੀ ਕਾਨੂੰਨ ਅਨੁਸਾਰ, ਹਕੂਮਤ ਕਰਨ ਦੀ ਪਾਲਿਸੀ ਨੂੰ ਬੜਾ ਧੱਕਾ ਲਗਾ ਅਤੇ ਇਹ ਧੱਬਾ ਧੋਣ ਲਈ ਉਨ੍ਹਾਂ ਨੇ ਕਾਫ਼ੀ ਕੜੇ ਸ਼ਬਦਾਂ ਵਿਚ ਕਾਵਨ ਤੇ ਫੋਰਸਿਥ ਦੀ ਕਾਰਵਾਈ ਦੀ ਨਿੰਦਾ ਕੀਤੀ।

(ਯਾਦ ਰਹੇ ਕਿ ਇਸ ਵਾਕਿਆ ਦੇ ੪੭ ਸਾਲ ਬਾਦ ੧੯੧੯ ਈ: ਵਿਚ ਜਲ੍ਹਿਆ ਵਾਲੇ ਬਾਗ ਵਿਚ ਜਨਰਲ ਡਾਇਰ ਵਲੋਂ ਮਨਮਾਨੀ ਕਾਰਵਾਈ ਦੇ ਕਾਰਨ ਅੰਗਰੇਜ਼ ਸਰਕਾਰ ਦੇ ਮਾਨ ਸਨਮਾਨ ਨੂੰ ਫਿਰ ਕਾਫ਼ੀ ਧਕਾ ਲਗਾ ਸੀ)

ਸਤਿਗੁਰੂ ਰਾਮ ਸਿੰਘ ਨੂੰ ਪਹਿਲਾਂ ਅਲਾਹਬਾਦ ਤੇ ਫਿਰ ਕਲਕਤਾ ਲੈ ਜਾਕੇ, ਸਮੁੰਦਰੀ ਜਹਾਜ਼ ਰਾਹੀਂ ਜਲਾਵਤਨ ਕਰਕੇ ਬਰਮਾ ਭੇਜ ਦਿੱਤਾ ਗਿਆ ਤਾਂ ਜੋ ਉਨ੍ਹਾਂ ਦਾ ਆਪਣੇ ਸਿਖਾਂ ਨਾਲ ਸੰਪਰਕ ਨਾ ਰਹੇ। ਉਹਨਾਂ ਦੀ ਅਗਵਾਈ ਕਰਨ ਵਾਲਾ ਕੋਈ ਨਾ ਰਹੇ ਤਾਂ ਉਹਨਾਂ ਦੀ ਚਲਾਈ ਅਜ਼ਾਦੀ ਤੇ ਨਾਮਿਲਵਰਤਨ ਦੀ ਲਹਿਰ ਖ਼ਤਮ ਹੋ ਜਾਵੇਗੀ। ਉਨ੍ਹਾਂ ਦੇ ਸੂਬੇ ਭੀ ਵੱਖ ਵੱਖ ਥਾਵਾਂ ਤੇ ਕੈਦ ਕਰ ਦਿਤੇ ਗਏ।

ਸਤਿਗੁਰੂ ਰਾਮ ਸਿੰਘ ਦੀ ਜਗਾਈ ਜੋਤ ਨੂੰ ਆਪਜੀ ਦੀ ਆਗਿਆ ਅਨੁਸਾਰ ਆਪਜੀ ਦੇ ਛੋਟੇ ਭਰਾ, ਸਤਿਗੁਰੂ ਹਰੀ ਸਿੰਘ ਨੇ ਪ੍ਰਜਵਲਤ ਰੱਖਿਆ। ਭਾਵੇਂ ਉਹਨਾਂ ਨੂੰ ਅੰਗਰੇਜ਼ਾਂ ਦੇ ਜਬਰ ਦਾ ਸ਼ਿਕਾਰ ਹੋਣਾ ਪਿਆ। ਉਨ੍ਹਾਂ ਦਾ ਭੈਣੀ ਸਾਹਿਬ ਤੋਂ ਬਾਹਰ ਨਿਕਲਣਾ ਬੰਦ ਕਰ ਦਿੱਤਾ, ਉਹ ਕੇਵਲ ਜੰਗਲ ਪਾਣੀ ਲਈ ਬਾਹਰ ਨਿਕਲਦੇ ਤੇ ਆਪਣੇ ਘਰ ਹੀ ਰਹਿੰਦੇ। ਪੰਜ ਕੂਕਿਆਂ ਦੇ ਇੱਕਠੇ ਹੋਣ ਦੀ ਮਨਾਹੀ ਕੀਤੀ ਗਈ। ਦਿਨ ਰਾਤ ਪੁਲਿਸ ਦਾ ਪਹਿਰਾ ਲਗਾ ਦਿੱਤਾ ਗਿਆ। ਕੋਈ ਕੂਕਾ, ਪੁਲਿਸ ਦੀ ਆਗਿਆ ਬਿਨਾਂ ਨਾ ਭੈਣੀ ਸਾਹਿਬ ਅੰਦਰ ਜਾ ਸਕਦਾ ਸੀ ਅਤੇ ਨਾਹੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰ ਸਕਦਾ ਸੀ। ਫਿਰ ਵੀ ਖੁਫੀਆ ਤੌਰ ਤੇ ਕੂਕੇ ਸਤਿਗੁਰੂ ਹਰੀ ਸਿੰਘ ਦੀਆਂ ਚਿੱਠੀਆਂ ਤੇ ਸੰਦੇਸ਼ ਬਾਹਰ ਪੁਚਾਂਦੇ ਸਨ।

ਵਿਦੇਸ਼ਾਂ ਨਾਲ ਸੰਪਰਕ ਪੈਦਾ ਕਰਨ ਦਾ ਸਿਲਸਲਾ ਤਾਂ ਸਤਿਗੁਰੂ ਰਾਮ ਸਿੰਘ ਜੀ ਵੇਲੇ ਹੀ ਸ਼ੁਰੂ ਹੋ ਚੁੱਕਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਦਾ ਹੋਰ ਵਿਸਥਾਰ ਕੀਤਾ। ਨੈਪਾਲ, ਕਸ਼ਮੀਰ ਅਤੇ ਰੂਸ ਦੀਆਂ ਹਕੂਮਤਾਂ ਨਾਲ ਸੰਪਰਕ ਪੈਦਾ ਕੀਤਾ ਗਿਆ। ਨੇਪਾਲ ਅਤੇ ਕਸ਼ਮੀਰ ਵਿਚ ਕੂਕਾ ਰਜਮੈਂਟਾਂ ਕਾਇਮ ਹੋਈਆਂ। ਪਰ ਨੈਪਾਲ ਅਤੇ ਜੰਮੂ-ਕਸ਼ਮੀਰ ਦੇ ਰਾਜੇ ਅੰਗਰੇਜ਼ਾਂ ਤੋਂ ਡਰਦੇ ਸਨ, ਕੂਕਿਆਂ ਨੂੰ ਪਤਾ ਸੀ ਕਿ ਰੂਸ ਤੇ ਬਰਤਾਨੀਆ ਵਿਚਕਾਰ ਬੜੀ ਦੁਸ਼ਮਣੀ ਸੀ। ਇਸ ਲਈ ਉਨ੍ਹਾਂ ਦਾ ਵਿਚਾਰ ਸੀ ਕਿ ਜੇ ਰੂਸ ਨੂੰ ਹਿੰਦੁਸਤਾਨ ਤੇ ਹਮਲਾ ਕਰਨ ਲਈ ਰਾਜ਼ੀ ਕਰ ਲਿਆ ਜਾਵੇ ਤਾਂ ਅੰਗਰੇਜ਼ਾਂ ਨੂੰ ਹਿੰਦੁਸਤਾਨ ਚੋਂ ਕਢਿਆ ਜਾ ਸਕਦਾ ਹੈ। ਸੂਬਾ ਗੁਰਚਰਨ ਸਿੰਘ ਨੇ ਇਸੇ ਮੰਤਵ ਲਈ ਕੇਂਦਰੀ ਏਸ਼ੀਆ ਦੇ ਕਈ ਦੇਸ਼ਾਂ ਦੇ ਚਕਰ ਲਾਏ ਅਤੇ ਇਕ ਚਿਠੀ ਸਤਿਗੁਰੂ ਰਾਮ ਸਿੰਘ ਦੀ ਅਤੇ ਇਕ ਚਿਠੀ ਸਤਿਗੁਰੂ ਹਰੀ ਸਿੰਘ ਦੀ, ਰੂਸ ਦੇ ਹਾਕਮਾਂ ਪਾਸ ਪਹੁੰਚਾਈ ਅਤੇ ਰੂਸੀ ਹਾਕਮਾਂ ਦੀਆਂ ਚਿਠੀਆਂ ਹਿੰਦੁਸਤਾਨ ਪਹੁੰਚਾਈਆਂ, ਜਿੰਨ੍ਹਾਂ ਵਿਚੋ ਕੁਝ ਚਿਠੀਆਂ ਅੱਜ ਵੀ ਭਾਰਤ ਸਰਕਾਰ ਦੇ ਆਰਕਾਈਵਜ਼, ਨਵੀ ਦਿੱਲੀ ਵਿਖੇ ਸੁਰਖਿਅਤ ਹਨ। ਸਰਕਾਰੀ ਜਾਸੂਸਾਂ ਨੇ ਸੂਬਾ ਗੁਰਚਰਨ ਸਿੰਘ ਨੂੰ ਗਿਰਫਤਾਰ ਕਰਵਾ ਕੇ ਜੇਲ੍ਹ ਭਿਜਵਾ ਦਿਤਾ। ਨਾਮਧਾਰੀਆਂ ਵਿਚ ਇੱਕ ਭਵਿਸ਼ਬਾਣੀ ਅਨੁਸਾਰ, ਪ੍ਰਚਲਤ ਸੀ ਕਿ ਰੂਸ ਪੰਜਾਬ ਵਿਚ ਆਵੇਗਾ ਤੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਮਿਲੇਗਾ। ਇਕ ਪੁਰਾਣੀ ਕਹਾਵਤ ਜੋ ਸ਼ਾਇਦ ਕਿਸੇ ਪੁਸਤਕ ਵਿਚ ਵੀ ਸੀ,

ਜਦੋਂ ਰੂਸ ਪੰਜਾਬੇ ਆਵੇ, ਅੰਨ ਰੁਪਏ ਦਾ ਸੇਰ ਵਿਕਾਵੇ।
ਦੁਨੀਆਂ ਮਰੇ ਅੰਨ ਦੇ ਹਾਵੇ। ਮੇਰਾ ਸਿਖ ਭੁੱਖਾ ਨਾ ਜਾਵੇ।

ਉਸ ਜ਼ਮਾਨੇ ਵਿਚ ਜਦੋਂ ਕਣਕ ਇਕ ਰੁਪਏ ਮਣ ਤੋਂ ਵੀ ਸਸਤੀ ਸੀ, ਰੁਪਏ ਦਾ ਸੇਰ ਅਨਾਜ ਵਿਕਣ ਦੀ ਸੰਭਾਵਨਾ, ਬੜੀ ਅਜੀਬ ਲਗਦੀ ਸੀ।

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਨੇ,ਜਾਪਦਾ ਹੈ ਅੰਦਰ ਖਾਤੇ ਆਪਣੀ ਵੱਖਰੀ ਮੁਤਵਾਜ਼ੀ ਹਕੂਮਤ ਬਣਾਣ ਦਾ ਵੀ ਸੰਕਲਪ ਕਰ ਲਿਆ ਸੀ। ਇਸੇ ਲਈ ਉਨਾਂ ਨੇ ਅਪਣੇ ਸੂਬੇ ਥਾਪ ਕੇ, ਉਹਨਾਂ ਨੂੰ ਵੱਖ ਵੱਖ

———— ॰ ॰ ॰ ————

ਨਾਮਧਾਰੀ ਲਹਿਰ ਨੇ, ਆਪਣੇ ਪਿਛੋਂ ਆਉਣ ਵਾਲੀਆਂ ਲਹਿਰਾਂ ਨੂੰ ਵੀ ਪ੍ਰਭਾਵਤ ਕੀਤਾ ਅਤੇ ਅਦੁਤੀ ਪ੍ਰੇਰਨਾ ਦਿਤੀ। ਗਦਰ ਪਾਰਟੀ ਦੇ ਮਹਾਨ ਆਗੂ ਬਾਬਾ ਸੋਹਨ ਸਿੰਘ ਭਕਨਾ ਨੇ, ਆਪਣੀ "ਆਤਮ ਕਥਾ" ਵਿਚ ਲਿਖਿਆ ਹੈ ਕਿ ਕੂਕਾ ਲਹਿਰ ਦਾ, ਗ਼ੁਦਰੀ ਬਾਬਿਆਂ ਉਤੇ ਬਹੁਤ ਪ੍ਰਭਾਵ ਸੀ। ਬਾਬਾ ਸੋਹਨ ਸਿੰਘ ਜੀ ਨੇ ਲਿਖਿਆ ਹੇ ਕਿ ਉਹਨਾਂ ਨੂੰ ਦੇਸ਼ ਆਜ਼ਾਦੀ ਦੀ ਪਹਿਲੀ ਲਾਗ ਇਕ ਗਵਾਂਢੀ ਪਿੰਡ ਦੇ ਕੂਕੇ ਬਾਬਾ ਕੇਸਰ ਸਿੰਘ ਨੇ ਲਾਈ ਸੀ।

———— ॰ ॰ ॰ ————

ਇਲਾਕਿਆਂ ਦੀ ਜ਼ੁੰਮੇਵਾਰੀ ਸੌਂਪੀ ਸੀ। ਅੰਗਰੇਜ਼ੀ ਹਕੂਮਤ ਨੇ ਕੂਕਾ ਅੰਦੋਲਨ ਨੂੰ ਕੁਚਲਣ ਲਈ ਪੂਰੀ ਵਾਹ ਲਾਈ ਅਤੇ ਸਤਿਗੁਰੂ ਰਾਮ ਸਿੰਘ ਜੀ ਤੋ ਇਲਾਵਾ ਕਰੀਬ ਸਾਰੇ ਹੀ ਸੂਬੇ ਪਕੜ ਕੇ ਪ੍ਰਦੇਸ ਘਲ ਦਿੱਤੇ। ਪਰ ਕੂਕਾ ਲਹਿਰ ਕੁਚਲੀ ਨਾ ਗਈ ਅਤੇ ਭੈਣੀ ਸਾਹਿਬ ਇਸ ਦਾ ਹੈਡਕੁਆਟਰ ਬਣਿਆ ਹੀ ਰਿਹਾ। ਕੂਕਾ ਲਹਿਰ ਨੂੰ ਖਿਲਾਫ਼ ਕਾਨੂੰਨ ਭੀ ਕਰਾਰ ਦਿਤਾ ਗਿਆ। ਹਰ ਤਰ੍ਹਾਂ ਦੀਆਂ ਸਖਤੀਆਂ ਤੇ ਪਾਬੰਦੀਆਂ ਲਾਈਆਂ ਗਈਆਂ। ਹਰ ਕਾਰਵਾਈ ਤੇ ਕਰੜੀ ਨਜ਼ਰ ਤੇ ਪੁਲੀਸ ਪਹਿਰੇ ਰਖੇ ਗਏ, ਪਰ ਇਕ ਕਿਸਾਕਾਰ ਕਵੀ ਦੇ ਕਥਨ ਅਨੁਸਾਰ ਜਿਵੇ

ਇਸ਼ਕ ਛੁਪਾਇਆ ਛੁਪਦਾ ਨਾਹੀਂ ਭਾਹ ਨਾ ਛੁਪਦੀ ਕਖੀਂ।
ਇਕ ਦਿਨ ਓੜਕ ਬਾਹਰ ਆਵੇ ਨਸ਼ਰ ਹੋਵੇ ਵਿਚ ਲਖੀਂ।

ਇਹ ਵੀ ਵਤਨਪ੍ਰਸਤੀ ਦਾ ਇਸ਼ਕ ਸੀ। ਇਸ ਆਜ਼ਾਦੀ ਦੀ ਚਿਣਗ ਨੂੰ ਕੋਈ ਦਬਾ ਨਾ ਸਕਿਆ ਅਤੇ ਆਖ਼ਰ ਉਹ ਭੜਕ ਕੇ ਸ਼ੋਲਾ ਬਣ ਗਈ ਅਤੇ ਅੰਗਰੇਜ਼ੀ ਸਾਮਰਾਜ ਨੂੰ ਸਾੜ ਕੇ ਸੁਆਹ ਕਰ ਗਈ। ਗੁਰਬਾਣੀ ਅਨੁਸਾਰ ਕੂੜ ਨਿਖੁਟੇ ਨਾਨਕਾ, ਓੜਕ ਸਚ ਰਹੀ।

ਨਾਮਧਾਰੀ ਲਹਿਰ ਨੇ, ਆਪਣੇ ਪਿਛੋਂ ਆਉਣ ਵਾਲੀਆਂ ਲਹਿਰਾਂ ਨੂੰ ਵੀ ਪ੍ਰਭਾਵਤ ਕੀਤਾ ਅਤੇ ਅਦੁਤੀ ਪ੍ਰੇਰਨਾ ਦਿਤੀ। ਗਦਰ ਪਾਰਟੀ ਦੇ ਮਹਾਨ ਆਗੂ ਬਾਬਾ ਸੋਹਨ ਸਿੰਘ ਭਕਨਾ ਨੇ, ਆਪਣੀ "ਆਤਮ ਕਥਾ" ਵਿਚ ਲਿਖਿਆ ਹੈ ਕਿ ਕੂਕਾ ਲਹਿਰ ਦਾ, ਗ਼ੁਦਰੀ ਬਾਬਿਆਂ ਉਤੇ ਬਹੁਤ ਪ੍ਰਭਾਵ ਸੀ। ਬਾਬਾ ਸੋਹਨ ਸਿੰਘ ਜੀ ਨੇ ਲਿਖਿਆ ਹੇ ਕਿ ਉਹਨਾਂ ਨੂੰ ਦੇਸ਼ ਆਜ਼ਾਦੀ ਦੀ ਪਹਿਲੀ ਲਾਗ ਇਕ ਗਵਾਂਢੀ ਪਿੰਡ ਦੇ ਕੂਕੇ ਬਾਬਾ ਕੇਸਰ ਸਿੰਘ ਨੇ ਲਾਈ ਸੀ।

ਜੋ ਲੋਕ ਸਿਖਾਂ ਤੇ ਇਹ ਦੋਸ਼ ਲਗਾਂਦੇ ਹਨ ਕਿ ਉਹਨਾਂ ਨੇ ੧੮੫੭ ਦੇ ਗਦਰ ਸਮੇਂ ਅੰਗਰੇਜ਼ਾਂ ਦਾ ਸਾਥ ਦਿਤਾ, ਉਹ ਇਹ ਭੁਲ ਜਾਂਦੇ ਹਨ ਕਿ ਸਿਖ ਜਨਤਾ ਨੇ ਅੰਗਰੇਜ਼ਾਂ ਦਾ ਸਾਥ ਨਹੀਂ ਦਿਤਾ, ਰਾਜਿਆਂ ਤੇ ਜਾਗੀਰਦਾਰਾਂ ਨੇ ਦਿੱਤਾ ਸੀ। ਸਿੱਖ ਜਨਤਾ ਨੇ, ਕੂਕਾ ਲਹਿਰ ਵਿਚ ਬੇਮਿਸਾਲ ਕੁਰਬਾਨੀਆਂ ਦੇ ਕੇ, ਉਹ ਧੋਣਾ ਧੋ ਦਿਤਾ। ਕੂਕਾ ਲਹਿਰ ਦਾ ਜਨਮ ਹੀ, ਸਿਖਾਂ ਵਿਚ ਅੰਗਰੇਜ਼ਾਂ ਵਿਰੁਧ ਪੈਦਾ ਹੋਏ ਜਜ਼ਬੇ ਦਾ ਕਾਰਨ ਸੀ ਅਤੇ ਉਸ ਭਾਵਨਾ ਨੂੰ ਪ੍ਰਗਟਾਉਣ ਦਾ ਸਿਹਰਾ ਸਤਿਗੁਰੂ ਰਾਮ ਸਿੰਘ ਜੀ ਦੇ ਸਿਰ ਹੈ।

ਸਤਿਗੁਰੂ ਰਾਮ ਸਿੰਘ ਜੀ ਬਾਰੇ ਵੈਸੇ ਤਾਂ ਅਨੇਕਾਂ ਲਿਖਾਰੀਆਂ, ਵਿਦਵਾਨਾਂ ਤੇ ਸਿਆਸੀ ਆਗੂਆਂ ਨੇ ਲਿਖਿਆ ਹੈ ਤੇ ਉਹਨਾਂ ਦੀ ਘਾਲੀ ਘਾਲਣਾ ਨੂੰ ਸਲਾਹਿਆ ਹੈ, ਪਰ ਹੇਠ ਅਸੀ ਕੁਝ ਕੁ ਵੰਨਗੀਆਂ ਪੇਸ਼ ਕਰਦੇ ਹਾਂ।

ਮਿਸਟਰ ਜੇ ਡਬਲਯੂ ਮੈਕਨਬ ਲਿਖਦੇ ਹਨ:

"ਰਾਮ ਸਿੰਘ ਚਾਲਾਕ ਆਦਮੀਆਂ ਦੇ ਹੱਥ ਦੀ ਕਠਪੁਤਲੀ ਨਹੀਂ ਹੈ। ਜਿਸਨੇ ਉਸ ਦਾ ਦਰਸ਼ਨ ਕੀਤਾ ਤੇ ਉਸ ਨਾਲ ਗਲਾਂ ਕੀਤੀਆਂ, ਉਸ ਨੇ ਉਸਦੀ ਬੁਧੀ ਦੀ ਸਥਿਰਤਾ ਅਤੇ ਆਚਰਣ ਦੀ ਅਡੋਲਤਾ, ਵੇਖਣ ਵਿਚ ਉਕਾਈ ਨਹੀ ਕੀਤੀ। ਆਪਣੇ ਉਤੇ ਕਾਬੂ ਪਾਣ ਵਾਲੇ ਇਹ ਵੱਡੇ ਗੁਣ ਕਿਸੇ ਸਾਧਾਰਣ ਆਗੂ ਵਿਚ ਨਹੀ ਹੋ ਸਕਦੇ।"

ਉਸ ਵੇਲੇ ਦਾ ਹੁਸ਼ਿਆਰਪੁਰ ਦਾ ਪੁਲਸ ਇਨਸਪੇਕਟਰ ਮੀਆਂ ਫਜ਼ਲ ਹੁਸੈਨ ਲਿਖਦਾ ਹੈ :

"ਉਹ ਉਚੇ ਸਦਾਚਾਰ ਦਾ ਉਪਦੇਸ਼ ਕਰਦੇ ਹਨ। ਝੂਠ, ਚੋਰੀ ਜਾਰੀ ਅਤੇ ਵਿਭਚਾਰ ਦੀ ਬੜੇ ਜ਼ੋਰ ਨਾਲ ਨਖੇਧੀ ਕਰਦੇ ਹਨ ਅਤੇ ਇਸ ਗਲ ਲਈ ਚਿੰਤਾਵਾਨ ਲਗਦੇ ਹਨ ਕਿ ਸਿਖ ਪੰਥ ਮੁੜ ਪਵਿੱਤ੍ਰਤਾ ਦੀ ਉਚਤਾ ਨੂੰ ਪ੍ਰਾਪਤ ਕਰੇ, ਨਵੇਂ ਸਿਰੇ ਤੋਂ ਸੁਰਜੀਤ ਹੋਵੇ ਤੇ ਬੁਰਿਆਈਆਂ ਤੋਂ ਪਾਕ ਹੋਵੇ।"

ਭਾਈ ਸਾਹਿਬ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ:

"ਬਾਲ ਅਵਸਥਾ ਵਿਚ ਬ੍ਰਿਜੇਸ਼ ਨੇ ਅਦਭੁਤ ਮੂਰਤਿ ਚੀਨੀ।
ਸਿਰ ਤੇ ਖੰਡਾ ਹਥ ਸਿਮਰਨੀ ਚੜਿਆ ਬਾਂਕੀ ਚੀਨੀ।
ਜਿਸਦੀ ਮਿਠੀ ਬਾਣੀ ਅਗੇ ਫਿਕੀ ਲਗਦੀ ਚੀਨੀ।
ਦਰਸ਼ਨ ਕਰਕੇ ਨੇਤਰ ਬਿਗਸਦੇ
ਜਿਉਂ ਰਵਿ ਪਿਖ ਗੁਲ ਚੀਨੀ।

ਪੰਥ ਰਤਨ ਮਾਸਟਰ ਤਾਰਾ ਸਿੰਘ ਲਿਖਦੇ ਹਨ:

"ਇਸ ਗਲ ਤੋ ਮੈ ਇਨਕਾਰ ਨਹੀ ਕਰ ਸਕਦਾ ਕਿ ਉਹਨਾਂ ਨੇ ਸਿਖਾਂ ਵਿਚ ਗੁਰਮਤ ਨੂੰ ਪ੍ਰਚਲਤ ਕੀਤਾ ਅਤੇ ਬਦੇਸ਼ੀ ਸਰਕਾਰ ਵਿਰੁਧ ਨਾ ਮਿਲਵਰਤਣ ਦੀ ਲਹਿਰ ਚਲਾ ਕੇ ਸਿਖਾਂ ਨੂੰ ਦੇਸ਼ ਭਗਤੀ ਦੀ ਸੰਥਾ ਪੜ੍ਹਾਈ।"

ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਭਾਈ ਸਾਹਿਬ ਭਾਈ ਵੀਰ ਸਿੰਘ ਕਹਿੰਦੇ ਹਨ:

"ਸ੍ਰੀ ਬਾਬਾ ਜੀ ਕਿਸੇ ਓਪਰੇ ਮਜ਼੍ਹਬ ਦੇ ਬਾਨੀ ਨਹੀਂ ਹੋਏ। ਉਹ ਗੁਰੂ ਸਾਹਿਬਾਂ ਦੇ ਚਲਾਏ ਹੋਏ ਮਾਰਗ ਦੇ ਦਾਇਰੇ ਦੇ ਹਨ। ਉਹ ਗੁਰਮਤ ਅਵਲੰਬੀ ਗੁਰੂ ਸਾਹਿਬਾਂ ਦੇ ਚਲਾਏ ਹੋਏ ਮਾਰਗ ਦੇ ਚਮਕਦੇ ਸਿਤਾਰੇ ਹਨ।"

ਕਲਮ ਦੇ ਧਨੀ ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਲਿਖਦੇ ਹਨ:

"ਮੈ ਤਿੰਨ ਚਾਰ ਸੁਘੜ ਸਜਣਾਂ ਪਾਸੋਂ ਮਹਾਰਾਜ ਰਾਮ ਸਿੰਘ ਜੀ ਦਾ ਹਾਲ ਸੁਣ ਕੇ ਹੈਰਾਨ ਹੋਇਆ ਹਾਂ। ਕੇਡਾ ਦੂਰ ਅੰਦੇਸ਼, ਕੇਡਾ ਦੇਸ਼ ਭਗਤ, ਕਿਨਾ ਭਰੋਸੇ ਵਾਲਾ, ਕਿਡਾ ਕਰਨੀਵਾਲਾ, ਕੇਡਾ ਪਵਿਤ੍ਰ, ਕੇਡਾ ਸੁਤੰਤਰ ਅਤੇ ਰਬੀ ਤਰਾਨੇ ਕਢਣ ਵਾਲਾ ਮਹਾਂਪੁਰਸ਼ ਰਾਮ ਸਿੰਘ ਹੋਇਆ ਹੈ। ਮੈਂ ਪੁਛਦਾ ਹਾਂ, ਇਨ੍ਹਾਂ ਦਾ ਜੀਵਨ ਮੈਨੂੰ ਸਕੂਲ ਵਿਚ ਕਿਉਂ ਨਹੀ ਪੜ੍ਹਾਇਆ ਗਿਆ।"

ਅੰਤ ਵਿਚ ਮੈਂ ਆਪਣੇ ਇਕ ਗੀਤ ਦੀਆਂ ਪਹਿਲੀਆਂ ਦੋ ਲਾਈਨਾਂ ਨਾਲ ਇਸ ਲੇਖ ਨੂੰ ਸਮਾਪਤ ਕਰਦਾ ਹਾਂ:

ਰਾਮ ਸਿੰਘ ਮੇਰੇ ਸਤਿਗੁਰ ਦਾ ਜੇ,
ਭਾਰਤ ਵਿਚ ਅਵਤਾਰ ਨਾ ਹੁੰਦਾ।
ਚੜ੍ਹਦੇ ਹੋਰ ਤੁਫ਼ਾਨ ਜ਼ੁਲਮ ਦੇ,
ਦੇਸ਼ ਦਾ ਬੇੜਾ ਪਾਰ ਨਾ ਹੁੰਦਾ।।

॰॰॰

Namdhari Elibrary NamdhariElibrary@gmail.com

ਭਾਰਤ-ਰੂਸ ਮਿਤ੍ਰਤਾ ਦਾ ਪਹਿਲਾ ਭਾਰਤੀ ਇਛੁਕ

ਪ੍ਰੀਤਮ ਸਿੰਘ ਕਵੀ

ਜਿਸ ਭਾਰਤ-ਰੂਸ ਮੈਤ੍ਰੀ ਦਾ ਸੰਕਲਪ ਸਤਿਗੁਰੂ ਰਾਮ ਸਿੰਘ ਜੀ ਨੇ ੧੩੬ ਸਾਲ ਪਹਿਲਾਂ ਪੇਸ਼ ਕੀਤਾ ਸੀ, ਉਹ ਸੰਸਾਰ ਇਤਿਹਾਸ ਵਿਚ ਅਨੇਕਾਂ ਕਰਵਟਾਂ ਲੈਂਦਾ ਹੋਇਆ ੯ ਅਗਸਤ ੧੯੭੧ ਨੂੰ ਅਮਲੀ ਤੇ ਠੋਸ ਸ਼ਕਲ ਵਿਚ ਸਾਹਮਣੇ ਆਇਆ।



ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਵਿਚ ਅੰਗਰੇਜ਼ਾਂ ਦੀ ਮਕਰ ਚਾਲ ਨਾਲ ਪਹੁੰਚ ਕਰਨ ਦੀ ਪੂਰਵ ਸੋਝੀ ਸੀ। ਉਨ੍ਹਾਂ ਦੇ ਸਾਹਮਣੇ, ਅਪਣੇ ਪੂਰਵਜਾਂ ਤੋਂ ਸੁਣੀਆਂ ਸੁਣਾਈਆਂ "ਬਾਤਾਂ" ਦੁਆਰਾ ਇਹ ਹਕੀਕਤ ਰੌਸ਼ਨ ਸੀ ਕਿ ਬਰਤਾਨਵੀ ਵਿਸਤਾਰ ਵਾਦੀ ਕਲਕਤੇ ਵਿਚ ਕੰਪਨੀ ਦੇ ਰੂਪ ਵਿਚ ਸੁਦਾਗਰ ਬਣਕੇ ਆਏਪਰੰਤੂ ਥਿੰਦੇ ਦੀ ਬੂੰਦ ਵਾਂਗੂ ਪਸਰਦੇ ਪਸਰਦੇ ਪੰਜਾਬ ਦੇ ਕੰਢਿਆਂ ਨਾਲ ਆ ਖਹਿਸਰੇ। ਫੇਰ ਆਪਣੀਆਂ ਮਕਰੂਹ ਚਾਲਾਂ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਦ ਸਿਖ ਰਾਜ ਦਾ ਕੀਰਤਨ ਸੋਹਿਲਾ ਪੜ੍ਹਨ ਲਈ ਵਿਉਂਤਾਂ ਵਿਉਂਤਦੇ ਰਹੇ।

ਅਤੇ ਦੇਸ਼ ਪਿਆਰ ਦੀ ਉਸ ਮਹਾਨ ਜੋਤ ਨੂੰ ਉਸ ਸਮੇਂ ਅਸਹਿ ਪੀੜਾ ਹੋਈ ਜਦੋਂ ਸਿਖ ਫੌਜਾਂ ਅੰਗਰੇਜ਼ ਹਥੋਂ ਹਾਰ ਖਾਕੇ ਸਹਿਜੇ ਸਹਿਜੇ ਆਪਣਾ ਗੌਰਵ ਗੁਆ ਹਟੀਆਂ, ਤੇ ਅੰਗਰੇਜ਼ ਦੀ ਗੁਲਾਮੀ ਪ੍ਰਵਾਨ ਕਰਨ ਲਈ ਮਜਬੂਰ ਹੋ ਗਈਆਂ। ਸਿਖ ਸਲਤਨਤ ਦੇ ਹਾਕਮਾਂ, ਅਹਿਲਕਾਰਾਂ, ਜਾਗੀਰਦਾਰਾਂ ਤੇ ਸਰਦਾਰਾਂ ਦੀਆਂ ਕਰਨੀਆਂ ਨੇ ਇਕ ਚਮਕਦੇ ਸੂਰਜ ਨੂੰ ਗ੍ਰਹਿਣਿਆ ਜਾਣ ਲਈ ਪਰਵਾਨ ਕੀਤਾ।

ਓਧਰ ਉੱਤਰੀ ਭਾਰਤ ਸੰਨ ਸਤਵੰਜਾ ਦੀ ਬਗਾਵਤ ਰਾਹੀਂ ਜਦੋਂ ਅੰਗਰਜ਼ ਲਈ ਇਕ ਸੰਕਟ ਦੇ ਰੂਪ ਵਿਚ ਉਭਰਿਆ - ਅੰਗਰਜ਼ ਨੇ ਆਪਣੀਆਂ ਸਾਰੀਆਂ ਸ਼ਕਤੀਆਂ ਨੂੰ ਝੋਕ ਕੇ ਉਸਨੂੰ ਕੁਚਲਿਆ ਤੇ ਦਰਿੰਦਗੀ ਦੀ ਤਸੱਲਤ ਐਸੀ ਜਮਾ ਲਈ ਕਿ ਜਿਵੇਂ ਹੁਣ ਕਦੇ ਵੀ ਭਾਰਤੀ ਸੁਤੰਤਰਤਾ ਲਈ ਉਭਾਸਰਨਗੇ ਨਹੀਂ।

ਗੁਰੂ ਰਾਮ ਸਿੰਘ ਜੀ ਉਸ ਵੇਲੇ ਸੁਤੰਤਰਤਾ ਦੇ ਸੂਰਜ ਰੂਪ ਵਿਚ ਉਦੇ ਹੋਏ। ਨਵੀਂ ਅਹਿੰਸਕ ਲੜਾਈ ਦੀ ਸੋਧ ਦਿਤੀ। ਨਾ ਮਿਲਵਰਤਨ ਦਾ ਢੰਗ ਦੱਸਿਆ ਤੇ ਦੇਸ਼ ਨੂੰ ਇਕ ਨਵੇਂ ਮਾਰਗ ਤੇ ਪਾਇਆ ਪਰ ਉਸੇ ਹੀ ਨਿਸ਼ਾਨੇ ਤੇ ਪਹੁੰਚਣ ਲਈ ਪ੍ਰੇਰਿਆ।

ਅੱਜ ਕੁਝ ਸਿਖ ਇਤਿਹਾਸਕਾਰ ਸਤਿਗੁਰੂ ਰਾਮ ਸਿੰਘ ਜੀ ਨੂੰ ਕੇਵਲ ਧਾਰਮਿਕ ਆਗੂ ਜਾਂ ਸਮਾਜ ਸੁਧਾਰਕ ਦਸਕੇ ਆਪਣੇ ਰਾਜਨੀਤਕ ਵਿਰਸੇ ਨੂੰ ਅੱਖੋਂ ਓਝਲ ਕਰਨ ਦੀ ਭੁੱਲ ਕਰਦੇ ਹਨ। ਹਕੀਕਤ ਇਹੋ ਹੈ ਕਿ ਗੁਰੂ ਰਾਮ ਸਿੰਘ ਜੀ ਇਕੋ ਸਮੇਂ ਤਿੰਨਾਂ ਮੁਹਾਜ਼ਾਂ ਤੇ ਸਾਵਾਂ ਜ਼ੋਰ ਦੇ ਰਹੇ ਸਨ।

੧. ਧਾਰਮਿਕ ਸਦਾਚਾਰਕ ਜੀਵਨ ਤੇ ਜ਼ੋਰ ਦੇਕੇ ਕੌਮ ਦੇ ਮਨੋਬਲ ਨੂੰ ਉਚਾ ਉਠਾਣਾ।
੨. ਸਮਾਜ ਸੁਧਾਰ ਨੂੰ ਲਾਗੂ ਕਰਕੇ ਫਜ਼ੂਲ ਤੇ ਅੰਧ ਵਿਸ਼ਵਾਸੀ ਰਸਮਾਂ ਰਿਵਾਜਾਂ ਤੋਂ ਲੋਕਾਂ ਨੂੰ ਮੁਕਤ ਕਰਨਾ।
੩. ਅਤੇ ਰਾਜਸੀ ਤੌਰ ਤੇ ਲੋਕਾਂ ਅੰਦਰ ਚੇਤਨਤਾ ਜਗਾ ਕੇ ਅੰਗਰੇਜ਼ ਦੀ ਕੁਟਿਲ ਨੀਤੀ ਦਰਸਾ ਕੇ, ਉਸਨੂੰ ਵਪਾਰਕ ਖੇਤਰ ਵਿਚ ਮਾਤ ਪੌਣ ਲਈ ਉਸਦਾ ਨਾਮਿਲਵਰਤਨ ਦਾਰਾ ਕਾਫੀਆ ਤੰਗ ਕਰਨਾ।

ਸੱਤਾ ਹਥਿਆਉਣ ਦੇ ਸਮੇ ਲਈ ਤਿਆਰ ਹੋਣ ਵਾਸਤੇ ਸਤਿਗੁਰੂ ਰਾਮ ਸਿੰਘ ਜੀ ਨੇ ਅਪਣੇ ਦੇਸ਼ ਦੇ ਵੱਡੇ ਵੱਡੇ ਖੈਰ ਖਵਾਹ ਸਰਦਾਰਾਂ ਨਾਲ ਤਾਂ ਗਾਂਢੇ ਸਾਂਢੇ ਕੀਤੇ ਹੀ, ਪਰ ਉਹ ਨੈਪਾਲ, ਭੂਟਾਨ, ਕਸ਼ਮੀਰ, ਕਾਬਲ ਤੇ ਰੂਸ ਤਕ ਦੀਆਂ ਸਰਕਾਰਾਂ ਨਾਲ ਵੀ ਆਪਣੇ ਸੰਪਰਕ ਕਾਇਮ ਕਰਨ ਵਿਚ ਸਫਲ ਰਹੇ।

ਸੰਨ ੧੮੬੩ ਤੋਂ, ਜਦੋਂ ਉਨ੍ਹਾਂ ਦੇ ਪਰੋਗਰਾਮਾਂ ਦੀ ਪਹਿਲੀ ਕਿਸ਼ਤ ਬ੍ਰਾਹਮਣਾਂ ਤੋਂ ਬਿਨਾਂ, ਸਮੂਹਿਕ ਵਿਆਹਾਂ ਦੀ (ਖੋਟੇ-ਜ਼ਿਲਾ ਫੀਰੋਜ਼ਪੁਰ) ਪੇਸ਼ ਹੋਈ, ਤਾਂ ਉਸ ਵੇਲੇ ਤੋਂ ਅੰਗਰੇਜ਼ ਵਲੋਂ ਗੁਪਤ-ਪ੍ਰਗਟ ਤੌਰ ਤੇ ਘੋਖ ਗਹਿਰੀ ਹੁੰਦੀ ਚਲੀ ਗਈ, ਪਰ ੧੮ ਜਨਵਰੀ ੧੮੭੨ ਨੂੰ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ ਗਿਆ ਤਦ ਤਕ ਆਪ ਦੇ ਪ੍ਰਤੀਨਿਧ ਰੂਸ ਦੇ ਗਵਰਨਰਾਂ ਅਤੇ ਜ਼ਾਰ ਤਕ ਪਹੁੰਚ ਕਰ ਚੁਕੇ ਸਨ। ਜਿਸ ਸਿਦਕ ਤੇ ਸਿਰੜ ਨਾਲ ਅੰਗਰੇਜ਼ ਦੀਆਂ ਚੌਕੀਆਂ, ਦੌਰਿਆਂ ਤੇ ਖੁਫੀਆ ਲੋਕਾਂ ਦੇ ਅਖੀਂ ਘੱਟਾ ਪਾ ਕੇ ਸੂਬਾ ਬਿਸ਼ਨ ਸਿੰਘ, ਸੂਬਾ ਗੁਰਚਰਨ ਸਿੰਘ ਤੇ ਹੋਰ ਕਈ ਅਪ੍ਰਗਟ ਨਾਮਧਾਰੀ, ਕਾਬਲ ਕੰਧਾਰ ਤੇ ਰੂਸੀ ਤੁਰਕਿਸਤਾਨ ਤਕ ਪਹੁੰਚਦੇ ਰਹੇ ਇਸ ਤੋਂ ਅਗੇ ਜ਼ਾਰ ਤਕ ਵੀ ਮਿਲਣ ਦੇ ਜਤਨ ਕਰਦੇ ਰਹੇ, ਜੇ ਉਦੋਂ ਦੇ ਮੁਸ਼ਕਲਾਂ ਭਰੇ ਜ਼ਮਾਨੇ ਨੂੰ ਅੱਖਾਂ ਅਗੇ ਲਿਆਈਏ ਤਾਂ ਸਹਿਜੇ ਹੀ ਪਤਾ ਲਗ ਜਾਂਦਾ ਹੈ ਕਿ ਉਹ ਲੋਕ ਕਿਸ ਖ਼ਮੀਰ ਦੇ ਬਣੇ ਹੋਏ ਸਨ।

ਪਹਿਲਾਂ ਪਹਿਲਾਂ ਤਾਂ ਅਜੇਹੇ ਸੰਬੰਧਾਂ ਨੂੰ ਨਾ ਅੰਗਰੇਜ਼ ਤੇ ਨਾ ਹੀ "ਪੰਥਕ" ਇਤਿਹਾਸ ਕਾਰ ਮੰਨਣ ਨੂੰ ਤਿਆਰ ਸਨ। ਤੇ ਬਹੁਤੀਆਂ ਗਲਾਂ ਨੂੰ ਕਲਪਣਾ ਦੀ ਉਡਾਣ ਹੀ ਮਿਥਿਆ ਜਾਂਦਾ ਸੀ, ਪਰ ਜਦੋਂ

Namdhari Elibrary NamdhariElibrary@gmail.com

ਤੋਂ ਰੂਸੀ ਆਰਕਾਈਵਜ਼ ਵਿਚੋਂ ਇਹਨਾਂ ਖੁਫੀਆ ਮਿਲਣੀਆਂ ਦੀ ਪੁਸ਼ਟੀ ਹੋ ਗਈ ਤਦ ਲੇਖਕਾਂ ਤੇ ਲੋਕਾਂ ਨੂੰ ਭਲੀ ਭਾਂਤ ਮਾਲੂਮ ਹੋ ਗਿਆ ਹੈ ਕਿ ਕੂਕਿਆਂ ਦੀ ਦਿਲਚਸਪੀ ਹੇਠ ਲਿਖੀਆਂ ਤੁਕਾਂ ਨਾਲ ਕਿਉਂ ਸੀ।

ਜਬ ਰੂਸ ਪੰਜਾਬੇ ਆਵੇ,
ਦੁਨੀਆਂ ਮਰੇ ਅੰਨ ਦੇ ਹਾਵੇ,
ਆਟਾ ਰੁਪੈ ਸੇਰ ਵਿਕਾਵੇ,
ਉਹ ਵੀ ਭਾਲਿਆਂ ਹੱਥ ਨਾ ਆਵੇ,
ਪਰ ਮੇਰਾ ਸਿਖ ਭੁਖਾ ਨਾ ਜਾਵੇ

ਸਤਿਗੁਰੂ ਰਾਮ ਸਿੰਘ ਜੀ ਫੌਜੀ ਦ੍ਰਿਸ਼ਟੀ ਤੋਂ ਜਾਣ ਗਏ ਸਨ ਕਿ ਬਰਤਾਨਵੀਂ ਸਾਮਰਾਜਵਾਦ ਦਾ ਜੇ ਕੋਈ ਤੋੜ ਹੋ ਸਕਦਾ ਹੈ ਤਾਂ ਕੇਵਲ ਰੂਸ ਹੀ ਹੈ। ਉਹਨਾਂ ਦੀ ਦ੍ਰਿਸ਼ਟੀ ਵਿਚ ਬਰਤਾਨੀਆ ਧਰਤੀ ਵਲੋਂ ਥੋੜਾ ਤੇ ਸੁੰਗੜਵਾਂ ਜਿਹਾ ਦੇਸ਼ ਹੈ ਜਦੋਂਕਿ ਹਵਸ ਵਲੋਂ ਉਹ ਸਮੁੰਦਰਾਂ ਤੇ ਭਾਰੂ ਹੈ, ਪਰ ਰੂਸ ਨੂੰ ਧਰਤੀ ਦੀ ਕਮੀ ਨਹੀਂ ਸੀ ਉਸਦੇ ਲੋਕ ਬਹਾਦਰ ਹਨ ਜਿਨ੍ਹਾਂ ਨੈਪੋਲੀਅਨ ਦੇ ਛੱਕੇ ਛੁਡਾ ਦਿਤੇ ਤੇ ਉਥੋਂ ਦਾ ਜ਼ਾਰ ਏਨਾਂ ਪ੍ਰਭਾਵਸ਼ਾਲੀ ਹੈ ਕਿ ਉਸਦਾ ਸਿੱਕਾ ਬਰਤਾਨੀਆਂ ਨੂੰ ਵੀ ਮੰਨਣਾਂ ਹੀ ਪਏਗਾ।

ਕਿਹਾ ਨਹੀਂ ਜਾ ਸਕਦਾ ਕਿੰਨੀਆਂ ਵਿਉਂਤਾਂ ਹੋਈਆਂ, ਕੀ ਤਜਵੀਜ਼ਾਂ ਬਣੀਆਂ ਪਰ ਤੁਹਫਿਆਂ ਦਾ ਅਦਾਨ ਪ੍ਰਦਾਨ ਦਸਦਾ ਹੈ ਕਿ ਅੰਤਰ ਗਤੀ ਕਾਫੀ ਸਾਂਝ ਸਥਾਪਤ ਹੋ ਚੁੱਕੀ ਸੀ। ਨਿਰਸੰਦੇਹ ਜ਼ਾਰ ਦੇ ਪ੍ਰਤੀਨਿਧਾਂ ਨੇ ਭਾਰਤ ਵਿਚ ਫੌਜੀ ਮੁਦਾਖਲਤ ਲਈ ਹੁੰਗਾਰਾ ਨਹੀਂ ਭਰਿਆ ਪਰ ਪੰਜਾਬ ਦੇ ਤਖਤ ਦੇ ਵਾਰਸ ਮਹਾਰਾਜਾ ਦਲੀਪ ਸਿੰਘ ਦਾ ਰੂਸ ਵਿਚ ਪਹੁੰਚਣਾ ਤੇ ਨਾਮਧਾਰੀ ਹੈਡ ਕੁਆਟਰ ਦਾ ਉਸ ਨਾਲ ਮੇਲ ਬਣਾਈ ਰਖਣਾ ਉਸ ਰਿੱਝਦੀ ਦਾਲ ਵਿਚੋਂ ਇਕ ਦਾਣਾ ਮਾਤਰ ਟੂਹਣਾ ਹੀ ਹੈ।

ਉਸ ਵੇਲੇ ਦਾ ਰੂਸ ਜ਼ਾਰਸ਼ਾਹੀ ਨਿਰੰਕੁਸ਼ਤਾ ਦਾ ਸੀ, ਵਿਸਥਾਰਵਾਦੀ ਸੀ, ਉਹ ਆਪਣੇ ਸ਼ਰੀਕ ਬ੍ਰਤਾਨਵੀ ਵਿਸਤਾਰਵਾਦੀਆਂ ਤੋਂ ਅਵੱਸ਼ ਝਿਜਕਦਾ ਸੀ। ਜਦੋਂ ਕਿ ਉਸਨੂੰ ਅਪਣਾ ਮੁਲਕ ਲੜਾਈ ਵਿਚ ਝੋਕ ਕੇ ਮੁੜ ਕੁਝ ਹੱਥ ਲਗਣ ਦੀ ਆਸ ਨਹੀਂ ਸੀ। ਅਸੀਂ ਉਸ ਨਾਲ ਦੋਸਤੀ ਲਈ ਤਾਂ ਤਿਆਰ ਹੋ ਸਕਦੇ ਸਾਂ ਪਰ ਅੰਗਰੇਜ਼ ਦਾ ਜੂਲਾ ਲਾਹ ਕੇ ਰੂਸ ਦਾ ਜੂਲਾ ਪਵਾਉਣ ਨੂੰ ਤਿਆਰ ਨਹੀਂ ਸਾਂ ਹੋ ਸਕਦੇ, ਤਾਂ ਹੀ ਉਸ ਵੇਲੇ ਦਾ ਰੂਸ ਸਤਿਗੁਰੂ ਰਾਮ ਸਿੰਘ ਜੀ ਦੇ ਪਲੈਨ ਦਾ ਭਰੋਸੇ ਤੇ ਦ੍ਰਿੜਤਾ ਨਾਲ ਹੁੰਗਾਰਾ ਨਾ ਭਰ ਸਕਿਆ।

ਪਰ ਤਾਂ ਵੀ, ਬਣ ਚੁੱਕੀ ਮਿਤ੍ਰੱਤਾ ਦੇ ਨਾਤੇ ਸਤਿਗੁਰੂ ਜੀ ਨੇ ਅਪਣੇ ਕਈ ਪਰਦੇਸ ਬੈਠੇ ਲਿਖੇ ਪੱਤਰਾਂ ਵਿਚ ਸੰਕੇਤਕ ਭਾਸ਼ਾ ਦੁਆਰਾ ਰੂਸ ਵਿਚ ਦਿਲਚਸਪੀ ਵਖਾਈ ਹੈ।

ਅਜ ਜਦੋਂ ਕਿ ਭਾਰਤ ਅੰਗਰੇਜ਼ੀ ਰਾਜ ਤੋਂ ਸੁਤੰਤਰ ਹੋ ਗਿਆ ਹੈ। ਰੂਸ ਵਿਚ ਵੀ ਛਿਹਤਰ ਸਾਲਾਂ ਤੋਂ ਲੋਕਾਂ ਦੀ ਹਕੂਮਤ ਸਥਾਪਤ ਹੈ, ਫੇਰ ਗੁਰੂ ਰਾਮ ਸਿੰਘ ਜੀ ਦੀ ਇਛਾ ਅਕਾਂਖਿਆ ਨੂੰ ਫਲ ਲਗ ਗਿਆ ਹੈ, ਸੋਵੀਅਤ ਰੂਸ ਦੇ ਲੋਕਾਂ ਨੇ ਸੁੱਚੀ ਕਿਰਤ ਕਰਨ ਵਾਲੇ ਭਾਰਤੀ ਲੋਕਾਂ ਨੂੰ ਇਹਨਾਂ ਦੀ ਅਜ਼ਾਦੀ ਦੇ ਮੁਢਲੇ ਸਾਲਾਂ ਤੋਂ ਚੰਗੀਆਂ ਸਲਾਹਾਂ, ਉਸਾਰੂ ਪ੍ਰੇਰਨਾਵਾਂ, ਜ਼ਰਈ ਤੇ ਸਨਅਤੀ ਮਸ਼ੀਨਾਂ ਨਾਲ ਭਰਪੂਰ ਤੁਹਫ਼ਿਆਂ ਨਾਲ ਮਹਾਂਪੁਰਸ਼ਾਂ ਦੇ ਸੰਕਲਪਾਂ ਨੂੰ ਰੂਪਮਾਨ ਕੀਤਾ ਹੈ ਤੇ ਏਥੇ ਹੀ ਬਸ ਨਹੀਂ, ਜਦੋਂ ਵੀ ਭਾਰਤ ਨੂੰ ਕੌਮਾਂਤਰੀ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ ਸੋਵੀਅਤ ਰੂਸ ਨੇ ਸੱਚੇ ਦੋਸਤ ਵਾਂਗ ਸਾਡੀ ਸਹਾਇਤਾ ਕੀਤੀ ਹੈ, ਇਵਜ਼ਾਨਾ ਕੁਝ ਨਹੀਂ ਮੰਗਿਆ। ਸਨਿਮਰ ਫਰਜ਼ ਪਾਲਣਾਂ ਹੀ ਦੱਸੀ ਹੈ।

ਬੰਗਲਾ ਦੇਸ਼ ਦੀ ਅਜ਼ਾਦੀ ਦੇ ਸੰਗ੍ਰਾਮ ਦੇ ਅਰੰਭ ਤੋਂ ਲੈਕੇ ਸਤਿਗੁਰੂ ਰਾਮ ਸਿੰਘ ਜੀ ਦੇ ਨਾਮਿਲਵਰਤਨ ਦੇ ਪ੍ਰੋਗਰਾਮ ਦੀ ਬਾਰ ਬਾਰ ਯਾਦ ਆਈ ਹੈ ਤੇ ਜਿਉਂ ਜਿਉਂ ਸੁਤੰਤਰਤਾ ਦੀ ਲਹਿਰ ਨੇ ਜ਼ੋਰ ਪਕੜਿਆ ਹੈ, ਤਿਉਂ ਤਿਉਂ ਹੀ ਇੰਜ ਲਗਾ ਹੈ ਕਿ ਜੇ ਕਦੇ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚੋਂ ਭਾਰਤ ਸੁਤੰਤਰਤਾ ਦੀ ਲੜਾਈ ਕੁਝ ਸਮਾਂ ਹੋਰ ਦੁਸ਼ਮਣ ਦੀਆਂ ਨਜ਼ਰਾਂ ਤੋਂ ਬਚੀ ਰਹਿ ਸਕਦੀ ਤਾਂ ਇਹਨਾਂ ਪੜਾਵਾਂ ਰਾਹੀ ਹੀਂ ਗੁਜ਼ਰਦੀ। ਤਦੋਂ, ਕੋਈ ਸ਼ੱਕ ਨਹੀਂ ਜੇ ਗੁਰੂ ਰਾਮ ਸਿੰਘ ਜੀ ਦੇ ਸੰਕਲਪ ਦੇ ਭਾਰਤ ਦਾ ਇਹ ਸਾਥੀ ਰੂਸ ਅਜ ਵਾਂਗ ਉਹ ਸਾਡੀ ਮਦਦ ਤੇ ਬਹੁੜਦਾ ਪਰ ਉਹ ਸ਼ਾਇਦ ਨ ਹੀ ਆਉਂਦਾ ਕਿਉਂਕਿ ਉਹ ਜ਼ਾਰ ਦਾ ਰੂਸ ਸੀ, ਅਜ ਲੋਕਾਂ ਦਾ ਰੂਸ ਹੈ। ਇਸ ਗੱਲ ਨੂੰ ਹਰ ਇਤਿਹਾਸਕਾਰ ਪ੍ਰਵਾਨ ਕਰੇਗਾ ਕਿ ਭਾਰਤ ਰੂਸ ਮੈਤ੍ਰੀ ਦਾ ਪਹਿਲਾ ਸੰਕਲਪ ਦੇਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਹੀ ਸਨ।

❦❦❦

ਜਿੱਥੇ ਹੋਰ ਅੰਗ੍ਰੇਜ਼ ਵਿਰੋਧੀ ਗੁਆਂਢੀ ਦੇਸ਼ਾਂ ਨਾਲ ਆਪਣੇ ਸੰਬੰਧ ਕਾਇਮ ਕਰਦੇ ਸਨ ਉਥੇ ਉਨ੍ਹਾਂ ਦਾ ਉਚੇਚਾ ਧਿਆਨ ਰੂਸ ਵੱਲ ਵੀ ਸੀ। ਅੰਮ੍ਰਿਤਸਰ ਦੇ ਬਹੁਤ ਸਾਰੇ ਅਰੋੜੇ ਖਤਰੀਆਂ ਦੇ ਵਪਾਰਕ ਸੰਬੰਧ ਰੂਸ ਨਾਲ ਸਨ ਤੇ ਉਨ੍ਹਾਂ ਦਾ ਆਉਣ ਜਾਣ ਬਣਿਆ ਰਹਿੰਦਾ ਸੀ। ਆਇਰਨ ਬਰਗ (ਰੂਸ) ਵਿਚ ਕਈ ਪੰਜਾਬੀ ਰਹਿ ਰਹੇ ਸਨ ਜਿਨ੍ਹਾਂ ਰਾਹੀਂ ਬਾਬਾ ਜੀ ਨੇ ਆਪਣੇ ਸੰਬੰਧ ਰੂਸੀ ਸਰਕਾਰ ਨਾਲ ਕਾਇਮ ਕੀਤੇ ਸਨ। ਜ਼ਾਰ ਰੂਸ ਨੇ ਆਪ ਜੀ ਦੇ ਭੇਜੇ ਹੋਏ ਸਫ਼ੀਰ ਰਾਹੀਂ ਸੌਤ ਕੀਮਤੀ ਚੋਗੇ ਤੇ ਇਕ ਚਾਂਦਨੀ ਮਿਤਰਤਾਈ ਤੋਹਫੇ ਵਜੋਂ ਭੇਜੀ ਸੀ।

ਪ੍ਰੋਫੈਸਰ ਜਸਵੰਤ ਸਿੰਘ ਜੱਸ

Namdhari Elibrary NamdhariElibrary@gmail.com

ਜਦ ਰੂਸ ਪੰਜਾਬੋ ਆਏ

ਜਗਦੀਸ਼ ਸਿੰਘ ਸੰਪਾਦਕ 'ਵਰਿਆਮ'

ਨਵੀਂ ਦਿੱਲੀ ਦੇ ਇੰਦਰਾ ਗਾਂਧੀ ਹਵਾਈ ਅੱਡੇ ਤੋਂ ਰੂਸੀ ਜਹਾਜ਼ ਏਅਰੋ ਫਲੋਟ ਮਸਾਂ ਮਸਾਂ ਕਰਕੇ ਉਡਿਆ ਹੀ ਸੀ ਕਿ ਮੁੜ ਰੱਫੜ ਪੈ ਗਿਆ। ਸਵੇਰ ਦੇ ਭੁੱਖੇ ਭਾਣੇ ਯਾਤਰੂ ਉਡੀਕ ਕਰ ਰਹੇ ਸਨ ਕਿ ਦੁਪਹਿਰ ਦਾ ਖਾਣਾ ਜਹਾਜ਼ ਵਿਚ ਖਾਵਾਂਗੇ ਪਰ ਇਥੇ ਤਾਂ ਭੋਜਨ ਦੀ ਉੱਘ ਸੁੱਘ ਵੀ ਨਹੀਂ ਸੀ। ਲੋਹੇ ਲਾਖੇ ਲੋਕਾਂ ਦਾ ਇਕ ਇਲਜ਼ਾਮ ਇਹ ਵੀ ਸੀ ਕਿ ਇਕ ਵਕਤ ਦਾ ਖਾਣਾ ਖੁੰਝਾਉਣ ਵਾਸਤੇ ਹੀ ਚਾਰਟਰਡ ਜਹਾਜ਼ ਨੂੰ ਲੇਟ ਕੀਤਾ ਗਿਆ ਹੈ। ਰੂਸੀ ਜਹਾਜ਼ ਦੇ ਅਮਲੇ ਦੇ ਮੁੰਡੇ ਕੁੜੀਆਂ ਜਿਵੇਂ ਅਲੋਪ ਹੋ ਗਏ ਸਨ । ਲੈ ਦੇ ਕੇ ਯਾਤਰੀਆਂ ਦਾ ਸਾਰਾ ਨਜ਼ਲਾ ਟਰੈਵਲ ਏਜੰਸੀ ਦੇ ਏਜੰਟ ਮਿਸਟਰ ਲਾਲਵਾਨੀ ਤੇ ਡਿਗ ਰਿਹਾ ਸੀ। ਲਾਲਵਾਨੀ ਨੇ ਫ਼ਿਕਰਮੰਦੀ ਤਾਂ ਬਹੁਤ ਵਿਖਾਈ ਪਰ ਹੈ ਇਹ ਉਸਦੇ ਕਸਬੀ ਹੁਨਰ ਦਾ ਕਮਾਲ ਸੀ। ਇਹ ਗਲ ਵੀ ਹੋਈ ਕਿ ਜਦੋਂ ਅਸੀਂ ਕਾਬਲ ਉਤਰਣ ਦੀ ਕਿਆਸ ਕਰ ਰਹੇ ਸਾਂ ਜਹਾਜ਼ ਕਰਾਚੀ ਦੇ ਅੱਡੇ ਤੇ ਉਤਾਰ ਦਿਤਾ ਗਿਆ। ਕਰਾਚੀ ਅੱਡੇ ਤੇ ਇਕ ਦੀ ਥਾਂ ਦੋ ਤੋਂ ਵੀ ਵਧ ਘੰਟੇ ਲਗ ਗਏ। ਬੋਰੀਅਤ ਘਟਾਉਣ ਲਈ ਇਕ ਹੀ ਤਰੀਕਾ ਵਰਤਿਆ ਗਿਆ–ਆਪਣੇ ਆਪ ਉਤੇ ਟਿਚਰਾਂ ਅਤੇ ਵਿਅੰਗ ਕਰਨਾ। ਦੋ ਘੰਟੇ ਦੇ ਇਸ ਮੁਕਾਮ ਦਾ ਇਕ ਲਾਭ ਇਹ ਹੋਇਆ ਕਿ ਜਹਾਜ਼ ਵਿਚਲਾ ਭਾਰਤ ਆਪਣੇ ਆਪ ਨਾਲ ਪਰੀਚਿਤ ਹੋਇਆ, ਆਸਾਮ ਬੰਗਾਲ ਤੋਂ ਲੈ ਕੇ ਤਾਮਲਨਾਡੂ ਤੋਂ ਪੰਜਾਬ ਕਸ਼ਮੀਰ ਤਕ ਦੀਆਂ ਸਵਾਰੀਆਂ ਇਕ ਦੂਜੇ ਦੀਆਂ ਵਾਕਫ ਬਣੀਆਂ। ਮੇਰੀ ਨਾਮਧਾਰੀਆਂ ਵਾਲੀ ਸਿਧੀ ਦਸਤਾਰ ਦੀ ਪਛਾਣ ਪਹਿਲੀ ਵਾਰ ਇਥੇ ਹੀ ਬਣੀ।

ਕਰਾਚੀ ਤੋਂ ਜਦ ਜਹਾਜ਼ ਉਡ ਹੀ ਪਿਆ ਤਾਂ ਖਾਣਾ ਵੀ ਹਾਜ਼ਰ ਹੋਇਆ, ਥੋੜ੍ਹਾ ਬਹੁਤ ਖਾ ਕੇ ਸੌਂ ਗਏ। ਕੋਈ ਛੇ ਘੰਟੇ ਤੋਂ ਵਧ ਸਮੇ ਵਿਚ ਜਦੋਂ ਜਹਾਜ਼ ਦਿਲੀਓ ਕਜ਼ਾਕਸਤਾਨ ਦੀ ਰਾਜਧਾਨੀ ਤਾਸ਼ਕੰਦ ਪੁਜਿਆ ਤਾਂ ਯਾਤਰੂਆਂ ਦੇ ਚਿਹਰਿਆਂ ਤੇ ਦਿਨ ਦੀ ਥਕਾਨ ਅਤੇ ਪਰੇਸ਼ਾਨੀ ਦੇ ਚਿਨ੍ਹ ਸਾਫ਼ ਦਿਖਾਈ ਦੇ ਰਹੇ ਸਨ।

ਹਵਾਈ ਅੱਡੇ ਤੇ ਪੁਛ ਪੜਤਾਲ ਵਿਚ ਜ਼ਿਆਦਾ ਦੇਰ ਨਾ ਲੱਗੀ। ਅੱਡਾ ਵੀ ਸਾਦਾ ਜਿਹਾ ਸੀ। ਅੱਡੇ ਤੋਂ ਬਾਹਰ ਨਿਕਲੇ ਤਾਂ ਸਰਦ ਹਵਾਵਾਂ ਨੇ ਸੁਆਗਤ ਕੀਤਾ। ਹੱਥ ਨੰਗਾ ਕਰਣ ਤੇ ਚੀਰਵੀ ਠੰਡ ਪੈਂਦੀ ਸੀ। ਸਾਡੇ ਦੋਸਤੀ ਡੇਲੀਗੇਸ਼ਨ ਨੂੰ ਲੈਣ ਵਾਸਤੇ ਸੁਆਗਤੀ ਅਮਲਾ ਆਇਆ ਸੀ। ਨਵੀਆਂ ਨਕੋਰ ਬਸਾਂ ਅੰਦਰੋਂ ਗਰਮ ਕੀਤੀਆਂ ਖੜੀਆਂ ਸਨ। ਸੁਨੱਖੇ ਡਰਾਈਵਰ ਨੇਵੀ ਦੇ ਅਫਸਰ ਲਗਦੇ ਸਨ। ਸਾਡਾ ਸਾਮਾਨ ਵਖਰੇ ਟਰੱਕ ਵਿਚ ਲੱਦਿਆ ਗਿਆ ਅਤੇ ਯਾਤਰੂ ਛਾਲਾਂ ਮਾਰ ਕੇ ਬਸ ਤੇ ਸਵਾਰ ਹੋਣੇ ਸ਼ੁਰੂ ਹੋ ਗਏ।



ਪਰ ਮੈਂ ਤਾਂ ਏਨੀ ਸਰਦੀ ਵਿਚ ਵੀ ਪਿਘਲ ਰਿਹਾ ਸਾਂ। ਮੈਂ ਜਜ਼ਬਿਆਂ ਦੇ ਵੇਗ ਵਿਚ ਨਿਰਬਲ ਹੋਇਆ ਪਿਆ ਸਾਂ। ਜਗਦੀਸ਼ ਸਿੰਘ ਸੋਵੀਅਤ ਯੂਨੀਅਨ ਦੀ ਧਰਤੀ ਉਤੇ! ਰੂਸ ਵਿਚ, ਸੁਪਨਿਆਂ ਦੀ ਧਰਤੀ ਰੂਸ ਵਿਚ, ਜਿਥੋਂ ਲੰਘਣ ਲਈ ਸੂਰਜ ਨੂੰ ਗਿਆਰਾਂ ਘੰਟੇ ਲਗ ਜਾਂਦੇ ਹਨ ! ਬਹੁਤੀ ਦੁਨੀਆਂ ਲਈ ਆਸ ਅਤੇ ਆਸਰੇ ਦੀ ਕਿਰਨ। ਨਿਰਸੰਦੇਹ ਸੋਵੀਅਤ ਰੂਸ ਦੀ ਯਾਤਰਾ ਬਹੁਤ ਨਸੀਬਾਂ ਵਾਲਿਆਂ ਨੂੰ ਪ੍ਰਾਪਤ ਹੁੰਦੀ ਸਮਝੀ ਜਾਂਦੀ ਸੀ ਪਰ ਮੇਰੀ ਭਾਵੁਕਤਾ ਦਾ ਕਾਰਣ ਤਾਂ ਬਹੁਤ ਹੋਰ ਹੀ ਸੀ। ਇਹ ਸਨ - ਇਤਿਹਾਸ ਦੇ ਪੱਤਰੇ–ਕੁਝ ਛਪੇ, ਕੁਝ ਅਣਛਪੇ। ਮੈਂ ਮਸਾਂ ਮਸਾਂ ਅਥਰੂ ਰੋਕੇ ਸਨ ਕਦੇ ਰੂਸ ਦਾ ਨਾਂਅ ਲੈਕੇ ਮੂੰਹੋ ਹਾਏ ਨਿਕਲ ਜਾਂਦੀ ਸੀ। ਸਾਡੇ ਪਿੰਡ ਵਿਚ ਇਕ ਗਰੀਬ ਜੱਟ ਸੀ ਉਸ ਨੂੰ ਰੂਸ ਵਾਲਾ ਬਾਬਾ ਕਿਹਾ ਜਾਂਦਾ ਸੀ। ਉਹ ਸਾਰੀ ਉਮਰ ਰੂਸ ਨੂੰ ਉਡੀਕਦਾ ਰਿਹਾ ਸੀ ਤੇ ਸਾਲ ਬਾਅਦ ਮਿਹਨਤ ਨਾਲ ਕੀਤੀ ਕਮਾਈ ਲੰਗਰ ਤੇ ਲਾ ਛਡਦਾ ਸੀ। ਲੰਮੇ ਸਮੇਂ ਤਕ ਕੂਕਿਆਂ ਨੇ ਰੂਸ ਵਲ ਆਸਾਂ ਲਾਈ ਰਖੀਆਂ। ਸਤਿਗੁਰੂ ਰਾਮ ਸਿੰਘ ਤਾਂ ਬਰ੍ਹਮਾ ਵਿਚ ਨਜ਼ਰਬੰਦ ਹੋਏ ਵੀ ਆਪਣੀਆਂ ਚਿਠੀਆਂ ਰਾਹੀ ਪੁੱਛ ਰਹੇ ਸਨ।

"......ਹੋਰ ਕੁਝ ਰੂਸ ਦੀ ਖ਼ਬਰ ਕਿ ਬੁਖਾਰੇ ਦੀ ਕਿ ਕਾਬਲ ਦੀ ਤਰਫ ਚਲਿਆ ਹੈ ਕਿ ਨਹੀ?"

ਸਾਈਡਾਂ ਗਾਈਡਾਂ ਰੀਮਾ ਤੇ ਰਹੀਮਾ ਦੋਵੇਂ ਬੁਖਾਰੇ ਸ਼ਹਿਰ ਦੀਆਂ ਸਨ। ਇਹ ਸ਼ਹਿਰ ਕੂਕਿਆਂ ਦੀਆਂ ਸਰਗਰਮੀਆਂ ਦਾ ਗੜ੍ਹ ਰਿਹਾ ਸੀ। ਮੇਰੇ ਜ਼ਿਹਨ ਵਿਚ ਤਾਂ ਉਹ ਸੂਰਬੀਰ ਘੁੰਮ ਰਹੇ ਸਨ ਜਿਨ੍ਹਾਂ ਦੇ ਰੂਸ ਪੁਜਣ ਦੀਆਂ ਖ਼ਬਰਾਂ ਨੇ ਪੂਰੇ ਅੰਗਰੇਜ਼ ਸਾਮਾਰਾਜ ਦੀ ਨੀਂਦ ਹਰਾਮ ਕਰ ਰਖੀ ਸੀ। ਕਿਸੇ ਸਮੇਂ ਬਾਬੇ ਚੰਦਾ ਸਿੰਘ ਦੀਆਂ ਸਤਰਾਂ ਪੜ੍ਹ ਪੜ੍ਹ ਕੇ ਕੂਕਿਆਂ ਦੀਆਂ ਕੂਕਾਂ ਰਾਤਾਂ ਦੇ ਸੰਨਾਟੇ ਨੂੰ ਚੀਰ ਸੁਟਦੀਆਂ ਸਨ। ਉਹ ਸਾਰੀ ਰਾਤ ਗੌਂਦੇ ਰਹਿੰਦੇ–

ਸਤਿਗੁਰ ਬੋਲੇ ਮੁਖ ਥੀ ਬੈਣ ਘੱਲੇ ਸ਼ਹੀਦ ਰੂਸ ਨੂੰ ਲੈਣ
ਉਹਦੇ ਜਾਇ ਪਲੰਘ ਤੇ ਬੈਹਣ ਫੜ ਸਲੋਤਰ ਮਾਰਨ ਪੈਣ
ਲਿਖੇ ਹੁਕਮ ਨਾਮੇ ਹੱਥ ਦੇਣ ਆਪ ਅਕਾਲ ਦੇ.....

ਹਿੰਦ ਦੇ ਵਾਇਸਰਾਏ ਦੀ ਕੌਂਸਲ ਵਿਚ ਫਿਕਰਮੰਦੀ ਨਾਲ ਇਸ ਕਵਿਤਾ ਦੇ ਬੰਦਾਂ ਦੀ ਘੋਖ ਕੀਤੀ ਜਾ ਰਹੀ ਸੀ:

ਜਦੋਂ ਰੂਸ ਕਚਹਿਰੀ ਆਇਆ ਪਾਸ ਸਦ ਵਜ਼ੀਰ ਬਹਾਇਆ
ਰਾਤੀਂ ਨਜ਼ਰ ਖਾਲਸਾ ਆਇਆ ਉਸਨੇ ਭਵਜਲ ਬੁਰਾ ਦਿਖਾਇਆ
ਮੁਖ ਥੀਂ ਕਰੜਾ ਬਚਨ ਸੁਣਾਇਆ ਚੜ੍ਹੋ ਲਾਹੌਰ ਤੇ......

ਤਾਸ਼ਕੰਦ ਅੱਡੇ ਬਾਹਰ ਖੜੇ ਖੜੇ ਇਕ ਚਿਹਰਾ ਮੇਰੇ ਧੁਰ

Namdhari Elibrary NamdhariElibrary@gmail.com

ਅੰਦਰੋਂ ਉਭਰਿਆ। ਬਜ਼ੁਰਗ ਬਾਬੇ ਦਾ ਚਿਹਰਾ ਜਿਹੜਾ ਮੈਥੋਂ ਇਕ ਸੈ ਅੱਠ ਸਾਲ ਪਹਿਲਾਂ ਰੂਸ ਵਿਚ ਆਇਆ ਸੀ। ਅਜ ੨੭ ਅਕਤੂਬਰ ੧੯੮੭ ਦੀ ਰਾਤ ਨੂੰ ੯ ਮਈ ੧੮੭੯ ਦਾ ਦਿਹਾੜਾ ਯਾਦ ਆ ਰਿਹਾ ਸੀ ਜਦੋਂ ੭੫ ਸਾਲਾਂ ਦਾ ਜਵਾਨ ਸੂਬਾ ਗੁਰਚਰਨ ਸਿੰਘ ਜੋ ਰੂਸੀ ਤੁਰਕਸਤਾਨ ਦੇ ਸਰਹੱਦੀ ਸ਼ਹਿਰ ਕੱਟਾ ਕਰਮਾਣ ਦੇ ਬਾਜ਼ਾਰ ਵਿਚ ਖਲੋਤਾ ਨਗਰ ਵਾਲਿਆਂ ਦੀਆਂ ਉਤਸੁਕ ਅੱਖਾਂ ਦਾ ਕੇਂਦਰ ਬਣਿਆ ਹੋਇਆ ਸੀ। ਲੰਬੀ ਧੌਲੀ ਦਾਹੜੀ ਤੇ ਦ.ਗ ਦ.ਗ ਕਰਦੇ ਚਿਹਰੇ ਵਾਲਾ ਬਾਬਾ ਲੰਬੇ ਪੈਂਡੇ ਦੇ ਸਫਰਾਂ ਬਾਅਦ ਹੋਰ ਵੀ ਜਲਾਲੀ ਲਗ ਰਿਹਾ ਸੀ। ਕਿਸੇ ਉਚੇ ਆਦਰਸ਼ ਦੇ ਪਾਲਣ ਦੀ ਲਾਲਸਾ ਉਹਦੇ ਮੁੱਖ ਤੋਂ ਪਰਤੀਤ ਹੋ ਰਹੀ ਸੀ। ਉਹ ਸਮਰਕੰਦ ਵੀ ਗਿਆ। ਰੂਸੀ ਮੇਜਰ ਜਨਰਲ ਇਬਾਨੋਵ ਨੂੰ ਵੀ ਮਿਲਿਆ। ਉਹਦੀ ਗਾਥਾ ਲੰਮੀ ਤੇ ਦਿਲਚਸਪ ਹੈ। ਧੰਨ ਸੀ ਉਹ ਮਹਾਂ ਪੁਰਖ। ਕਿਥੇ ਉਹ ਕੋਹਕਾਫ ਦੀਆਂ ਟੀਸੀਆਂ ਪਾਰ ਕਰਦਾ। ਕਿੱਥੇ ਉਹ ਭੈਣੀ ਸਾਹਿਬ ਗੁਰੂ ਹਰੀ ਸਿੰਘ ਕੋਲ ਆ ਕੇ ਗੱਲ ਕੱਥ ਪੁਛਦਾ ਤੇ ਉਹਨਾਂ ਸੂਰਮਿਆਂ ਨੂੰ ਕਿਹੜੇ ਸ਼ਬਦਾਂ ਨਾਲ ਯਾਦ ਕਰੀਏ ਜਿਨ੍ਹਾਂ ਬਾਰੇ ਬਾਬਾ ਚੰਦਾ ਸਿੰਘ ਕਹਿੰਦਾ ਹੈ:

ਜਿਹੜੇ ਸਿੰਘ ਗੁਰਾਂ ਦੇ ਪਿਆਰੇ ਲੰਘ ਕੇ ਗਏ ਸਮੁੰਦਰ ਖਾਰੇ
ਸਤਿਗੁਰ ਬੈਠੇ ਵਿਚ ਚਉਬਾਰੇ ਫੇਰਨ ਮਾਲਾ ਤੱਪ ਨੂੰ ਧਾਰੇ
ਜਪਦੇ ਨਾਮ ਨੂੰ।

ਇਹ ਉਹ ਮਹਾਂਬਲੀ ਸਨ ਜਿਹੜੇ ਹਜ਼ਾਰਾਂ ਮੀਲਾਂ ਤੇ ਨਜ਼ਰਬੰਦ ਆਪਣੇ ਮਹਿਬੂਬ ਸਤਿਗੁਰੂ ਰਾਮ ਸਿੰਘ ਜੀ ਨੂੰ ਬੰਦੀਖਾਨੇ ਵਿਚ ਵੀ ਮਿਲਦੇ ਸਨ ਤੇ ਖ਼ਬਰਾਂ ਦਿੰਦੇ ਤੇ ਹੁਕਮ ਪ੍ਰਾਪਤ ਕਰਦੇ ਸਨ। ਇਹਨਾਂ ਨੇ ਦੋ ਸਦੀਆਂ ਪੂਰਵ ਲਿਖੀਆਂ ਗੁਰੂ ਰਾਮਦਾਸ ਜੀ ਦੀਆਂ ਤੁਕਾਂ ਨੂੰ ਸੱਚ ਕਰ ਕੇ ਵਿਖਾਇਆ।

ਸਮੁੰਦੁ ਸਾਗਰ ਹੋਵੈ ਬਹੁ ਖਾਰਾ
ਗੁਰ ਸਿਖੁ ਲੰਘਿ ਗੁਰੁ ਪਹਿ ਜਾਈ।

ਹੈ ਕੋਈ ਇਤਿਹਾਸਕ ਚਰਿਤ੍ਰ ਐਸਾ ਜੋ ਬਹੁਤ ਖਾਰੇ ਸਮੁੰਦਰ ਸਾਗਰ ਨੂੰ ਲੰਘ ਕੇ ਆਪਣੇ ਗੁਰੂ ਨੂੰ ਮਿਲਿਆ ਹੋਵੇ।

ਕੁਝ ਸਮੇਂ ਲਈ ਇਹਨਾਂ ਸੋਚਾਂ ਨੇ ਮਨ ਨੂੰ ਹਲੂਣਿਆ। ਆਪਣੇ ਮਨ ਨੂੰ ਹੌਲਾ ਕਰਣ ਲਈ ਮੈਂ ਆਪਣੇ ਦਿਲ ਦੀ ਗੱਲ ਆਪਣੇ ਸਾਥੀ ਅਤੇ ਅਜ ਕਲ ਜਲੰਧਰ ਦੇ ਐਮ.ਐਲ.ਏ. ਤੇ ਮੇਅਰ ਸ੍ਰੀ ਜੈ ਕ੍ਰਿਸ਼ਣ ਸੈਣੀ ਨਾਲ ਸਾਂਝੀ ਕੀਤੀ। ਕੁਝ ਹੋਰ ਦੋਸਤਾਂ ਤਕ ਵੀ ਇਹ ਗਲ ਪਹੁੰਚੀ ਅਤੇ ਸਾਡੇ ਡੈਲੀਗੇਸ਼ਨ ਨੂੰ ਪਤਾ ਲਗਦਾ ਜਾ ਰਿਹਾ ਸੀ ਕਿ ਇਸ ਸਫੈਦ ਗੋਲ ਪੱਗ ਵਾਲੇ ਰੂਸ-ਯਾਤਰੀ ਦੀ ਤੰਦ ਸਵਾ ਸੈ ਸਾਲ ਪੁਰਾਣੇ ਇਤਿਹਾਸ ਨਾਲ ਜੁੜੀ ਪਈ ਹੈ।

ਹਵਾਈ ਅੱਡੇ ਤੋਂ ਹੋਟਲ ਉਜ਼ਬੇਕਿਸਤਾਨ ਤਕ ਦਾ ਸਫਰ ਹੌਲੇ ਮਨ ਨਾਲ ਕੀਤਾ। ਇਨਕਲਾਬ ਦੀ ਵਰ੍ਹੇ ਗੰਢ ਮਨਾਉਣ ਲਈ ੭ ਨਵੰਬਰ ਨੂੰ ਵਿਸ਼ਾਲ ਜਸ਼ਨ ਹੋਣਾ ਸੀ। ਉਸ ਦੀਆਂ ਤਿਆਰੀਆਂ ਸਾਰੇ ਸੋਵੀਅਤ ਯੂਨੀਅਨ ਵਿਚ ਹੋ ਰਹੀਆਂ ਸਨ। ਦੂਹਰੀਆਂ ਚੌੜੀਆਂ ਲੰਮੀਆਂ ਸੜਕਾਂ ਤੇ ਬਿਜਲੀ ਦੀਆਂ ਰੋਸ਼ਨੀਆਂ, ਘਣੇ ਬਿਰਖ ਬਿਜਲੀ ਲਾਟੂਆਂ ਨਾਲ ਜਗਦੇ ਹੋਏ ਸਾਰਾ ਕੁਝ ਸਫਰ ਦੀ ਤਕਲੀਫ਼ ਭੁਲਾਉਣ ਵਾਲੇ ਸਨ। ਅਗਲੇ ਦਿਨਾਂ ਵਿਚ ਅਸੀਂ ਇਸ ਵਿਸ਼ਾਲ ਦੇਸ਼ ਨੂੰ ਹਵਾਈ ਜਹਾਜ਼ਾਂ, ਰੇਲ ਅਤੇ ਬਸਾਂ ਰਾਹੀਂ ਗਾਹੁਣਾ ਸੀ।

ਇਸ ਡੈਲੀਗੇਸ਼ਨ ਵਿਚ ਦਖਣ ਦੇ ਸੂਬਿਆਂ ਚੋਂ ਬਹੁਤ ਲੋਕ ਆਏ ਸਨ। ਬਹੁਤ ਸਾਰੇ ਉਹਨਾਂ ਵਿਚੋਂ ਸੰਪੂਰਣ ਸ਼ਾਕਾਹਾਰੀ ਸਨ। ਕਈ ਕਈ ਖਾਸ ਦਿਨਾਂ ਵਿਚ ਸ਼ਾਕਾਹਾਰੀ ਸਨ ਅਤੇ ਕਈ ਤਾਂ ਇਹਨਾਂ ਦਿਨਾਂ ਵਿਚ ਫਲਾਹਾਰੀ ਹੀ। ਜਿਥੇ ਪਹਿਲੇ ਦਿਨ ਸਾਡੇ ਕੋਲ ਬੈਠਣ ਤੋਂ ਝਿਜਕ ਸੀ ਉਥੇ ਬਾਅਦ ਵਿਚ ਇਹ ਗਲ ਸੀ ਕਿ ਜਿਥੇ ਉਹ ਇਹ ਪਗੜੀ ਵੇਖ ਲੈਣ ਦੂਰੋਂ ਹੀ ਸਮਝ ਜਾਣ ਕਿ ਉਹਨਾਂ ਮੇਜ਼ਾਂ ਤੇ ਸ਼ਾਕਾਹਾਰੀ ਹਨ ਅਤੇ ਇਹ ਗਿਣਤੀ ਵਧਦੀ ਹੀ ਗਈ।

ਹੋਟਲ ਵਿਚ ਖਾਣੇ ਦੀਆਂ ਮੇਜ਼ਾਂ ਤੇ ਸ਼ਾਕਾਹਾਰੀ ਤੇ ਮਾਸਾਹਾਰੀ ਦੇ ਲੇਬਲ ਲੱਗੇ ਹੋਏ ਸਨ। ਸਾਨੂੰ ਸ਼ਾਕਾਹਾਰੀਆਂ ਵਾਲੀ ਥਾਂ ਤੇ ਬੈਠਿਆਂ ਵੇਖਕੇ ਬਹੁਤ ਸਾਰੇ ਲੋਕ ਹੈਰਾਨ ਹੋਏ। ਪੰਜਾਬੀ-ਉਹ ਵੀ ਸਿੱਖ ਤੇ ਫੇਰ ਸ਼ਾਕਾਹਾਰੀ ! ਸ਼ਰਾਬ, ਮਾਸ, ਅੰਡੇ ਅਤੇ ਚਾਹ ਦੇ ਵੀ ਪਰਹੇਜ਼ਗਾਰ ! ਹੁਣ ਜਗਦੀਸ਼ ਸਿੰਘ ਦੀ, ਤੀਜੀ ਪਛਾਣ ਸਥਾਪਤ ਹੋ ਗਈ ਸੀ ਅਤੇ ਅਗਲੇ ਦਿਨਾਂ ਵਿਚ ਲੋਕਾਂ ਨੇ ਮੂੰਹ ਜ਼ਬਾਨੀ ਨਾਮਧਾਰੀ ਇਤਿਹਾਸ ਸੁਨਣ ਦੀ ਆਪਨੀ ਜਗਿਆਸਾ ਪੂਰੀ ਕੀਤੀ।

ਇਸ ਡੈਲੀਗੇਸ਼ਨ ਵਿਚ ਦਖਣ ਦੇ ਸੂਬਿਆਂ ਚੋਂ ਬਹੁਤ ਲੋਕ ਆਏ ਸਨ। ਬਹੁਤ ਸਾਰੇ ਉਹਨਾਂ ਵਿਚੋਂ ਸੰਪੂਰਣ ਸ਼ਾਕਾਹਾਰੀ ਸਨ। ਕਈ ਕਈ ਖਾਸ ਦਿਨਾਂ ਵਿਚ ਸ਼ਾਕਾਹਾਰੀ ਸਨ ਅਤੇ ਕਈ ਤਾਂ ਇਹਨਾਂ ਦਿਨਾਂ ਵਿਚ ਫਲਾਹਾਰੀ ਹੀ। ਜਿਥੇ ਪਹਿਲੇ ਦਿਨ ਸਾਡੇ ਕੋਲ ਬੈਠਣ ਤੋਂ ਝਿਜਕ ਸੀ ਉਥੇ ਬਾਅਦ ਵਿਚ ਇਹ ਗਲ ਸੀ ਕਿ ਜਿਥੇ ਉਹ ਇਹ ਪਗੜੀ ਵੇਖ ਲੈਣ ਦੂਰੋਂ ਹੀ ਸਮਝ ਜਾਣ ਕਿ ਉਹਨਾਂ ਮੇਜ਼ਾਂ ਤੇ ਸ਼ਾਕਾਹਾਰੀ ਹਨ ਅਤੇ ਇਹ ਗਿਣਤੀ ਵਧਦੀ ਹੀ ਗਈ। ਸਬਬ ਨਾਲ ਇਸ ਸਾਰੇ ਡੈਲੀਗੇਸ਼ਨ ਵਿਚ ਦੋ ਹੀ ਪਗੜੀਆਂ ਵਾਲੇ ਸਿਖ ਸਨ ਤੇ ਦੋਵੇਂ ਹੀ ਸ਼ਾਕਾਹਾਰੀ। ਮੇਰੀ ਪਗੜੀ, ਕਪੜੇ, ਸ਼ਾਕਾਹਾਰ ਅਤੇ ਰੂਸ ਦੇਸ਼ ਨਾਲ ਪੁਰਾਣੇ ਸੰਬੰਧ ਇਹ ਸਾਰਾ ਕੁਝ ਲੋਕਾਂ ਦੀ ਜਗਿਆਸਾ ਵਧਾਉਂਦਾ ਸੀ ਸਾਡੇ ਇਤਿਹਾਸ ਬਾਰੇ ਤੇ ਪੰਜਾਬ ਦੀ ਵਰਤਮਾਨ ਸਥਿਤੀ ਦੀ ਜਾਣਕਾਰੀ ਬਾਰੇ।

ਸਾਡੇ ਦੌਰੇ ਵਿਚ ਗੁਰੂ ਰਾਮ ਸਿੰਘ ਜੀ ਦੀ ਕਹਾਣੀ ਲੋਕਾਂ ਨੇ ਦਿਲਚਸਪੀ ਨਾਲ ਸੁਣੀ। ਰੂਸ ਦੋਸਤੀ ਵਲ ਨਾਮਧਾਰੀਆਂ ਦੀ ਪਹੁੰਚ ਦੀ ਗਾਥਾ ਸਚਮੁੱਚ ਹੀ ਦਿਲਾਂ ਨੂੰ ਛੂਹਣ ਵਾਲੀ ਹੈ ਤੇ ਜਦੋਂ ਉਹਨਾਂ ਇਲਾਕਿਆਂ ਵਿਚ ਘੁੰਮ ਰਹੇ ਹੋਈਏ ਜਿਹੜੇ ਇਸ ਕਹਾਣੀ ਦੇ ਚਸ਼ਮਦੀਦ ਗਵਾਹ ਨੇ ਤਾਂ ਇਹ ਹੋਰ ਵੀ ਸ਼ਿਦਤ ਨਾਲ ਉਭਰਦੀ ਸੀ। ਇਹ ਆਪਣੇ ਆਪ ਵਿਚ ਉਹਨਾਂ ਮਹਾਨ ਸੂਰਬੀਰਾਂ ਨੂੰ ਸ਼ਰਧਾਂਜਲੀ ਹੀ ਸੀ। ਇਹਨਾਂ ਮਹਾਨ ਯੋਧਿਆਂ ਦੀਆਂ ਮਨ ਦੀਆਂ ਆਸਾਂ ਕਲਪਨਾਵਾਂ ਬਾਬਾ ਚੰਦਾ ਸਿੰਘ ਦੇ ਬੋਲਾਂ ਰਾਹੀਂ ਸਾਡੇ ਤਕ ਪੁਜਦੀਆਂ ਹਨ -:

ਜਦੋਂ ਰੂਸ ਕਚਿਹਰੀ ਆਇਆ
ਪਾਸ ਸਦ ਵਜ਼ੀਰ ਬਹਾਇਆ
ਰਾਤੀਂ ਨਜ਼ਰ ਖ਼ਾਲਸਾ ਆਇਆ
ਉਸਨੇ ਭਵਜਲ ਬੁਰਾ ਦਿਖਾਇਆ
ਮੁਖ ਥੀਂ ਕਰੜਾ ਬਚਨ ਸੁਣਾਇਆ
ਚੜ੍ਹੋ ਲਹੌਰ ਤੇ..
ਵਜ਼ੀਰ ਨੇ ਸੁਣੀ ਹਕੀਕਤ ਸਾਰੀ
ਆਪਣੇ ਚਿਤ ਵਿਚ ਇਹ ਧਾਰੀ
ਪੈਂਡੇ ਦੂਰ ਤੇ ਮੁਸ਼ਕਲ ਭਾਰੀ

Namdhari Elibrary NamdhariElibrary@gmail.com

ਕੀਤੀ ਫੌਜਾਂ ਦੀ ਤਿਆਰੀ
ਵੱਜੇ ਧਉਂਸੇ ਸੁਤਰੀ ਕਾਲੀ
ਚੜ੍ਹੂ ਪੰਜਾਬ ਤੇ....
ਫੌਜਾਂ ਚੜ੍ਹ ਰੂਸ ਦੀਆਂ ਧਾਈਆਂ
ਫਿਰ ਗਈਆਂ ਨੰਦਨ ਵਿਚ ਦੁਹਾਈਆਂ
ਓਧਰੋਂ ਗੋਰੇ ਕਰਕੇ ਧਾਈਆਂ
ਦਿਨੋਂ ਦਿਨ ਹੋਸਨ ਬਹੁਤ ਲੜਾਈਆਂ
ਮਰਸਨ ਬੇਟੇ ਜਾਏ ਮਾਈਆਂ
ਬਹਿ ਬਹਿ ਰੋਵਨ ਧੀਆਂ ਪਰਾਈਆਂ
ਪਲੁ ਪਾਇਕੇ...

ਅਸੀਂ ਤਾਸ਼ਕੰਦ ਤੋਂ ਲੈਨਿਨ ਗਰਾਦ ਗਏ, ਮਾਸਕੋ ਘੁੰਮੇ, ਕੀਵ ਅਤੇ ਸੋਚੀ ਸ਼ਹਿਰ ਵੇਖਿਆ। ਇਹਨਾਂ ਵਿਚ ਅਨੇਕਾਂ ਸਰਗਰਮੀਆਂ 'ਚ ਸ਼ਾਮਲ ਹੋਏ। ਮਾਸਕੋ ਦੀ ਮਸ਼ਹੂਰ ਪਰੇਡ ਵੇਖੀ, ਲਾਲ ਚੌਂਕ ਵਿਚ ਲੈਨਿਨ ਦੀ ਸੰਭਾਲ ਕੇ ਰੱਖੀ ਦੇਹ ਵੇਖੀ ਇਥੇ ਦੁਨੀਆਂ ਭਰ ਤੋਂ ਆਏ ਲੋਕਾਂ ਨੂੰ ਮਿਲੇ, ਇਥੇ ਅਮਰੀਕੀ, ਜਰਮਨ, ਜਪਾਣੀ ਅਤੇ ਅਫਰੀਕੀ ਦੇਸ਼ਾਂ ਦੇ ਲੋਕ ਵੀ ਸਨ ਭਾਰਤ ਦੇ ਹਰ ਇਲਾਕੇ ਚੋਂ ਗਏ ਵਿਦਿਆਰਥੀ ਵੀ ਹਰ ਥਾਂ ਮਿਲਦੇ ਰਹੇ ਬਹੁਤ ਕੁਝ ਚੰਗਾ ਚੰਗਾ। ਰੂਸੀਆਂ ਦੇ ਸਕੂਲ ਵੇਖੇ, ਕਈ ਸਰਗੇਈ, ਆਂਦਰੀਵ, ਯੋਹਾ ਸ਼ੇਵ ਅਲੈਂਗਜ਼ਾਦਰ ਬਾਰਲਕੋਫ ਮਿਲੇ ਗੁਰੂ ਰਾਮ ਸਿੰਘ ਦੀ ਕਹਾਣੀ ਨਾਲੋ ਨਾਲ ਚਲਦੀ ਰਹੀ।

ਜ਼ਿਕਰ ਛਿੜਿਆ ਉਹਨਾਂ ਚਿਠੀਆਂ ਦਾ ਜੋ ਰੂਸ ਦੇ ਰਿਕਾਰਡ ਘਰ ਵਿਚ ਪਈਆਂ ਹਨ। ਇਹਨਾਂ ਨੂੰ ਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਵਲੋਂ ਲਿਖੀਆਂ ਕਿਹਾ ਜਾਂਦਾਹੈ।ਇਹ ਪੁਸਤਕਾਂ ਵਿਚ ਪ੍ਰਕਾਸ਼ਤ ਹੋ ਚੁਕੀਆਂ ਹਨ। ਟੀ.ਵੀ. ਤੇ ਦਿਖਾਈਆਂ ਜਾ ਚੁਕੀਆਂ ਹਨ।

ਬਲਰਾਜ ਸਾਹਨੀ ਦੇ ਰੂਸੀ ਸਫਰਨਾਮੇ ਵਿਚ ਜ਼ਿਕਰ ਹੈ ਕਿ ਉਹ ਜਦੋਂ ਗਿਆਨੀ ਜ਼ੈਲ ਸਿੰਘ ਨਾਲ ਰੂਸ ਗਿਆ ਤਾਂ ਉਹਨਾਂ ਨੇ ਇਹ ਚਿਠੀਆਂ ਉਚੇਚ ਨਾਲ ਵੇਖੀਆਂ। ਸਾਡੇ ਜਤਨ ਇਸ ਬਾਰੇ ਇਸ ਵਾਸਤੇ ਸਫਲ ਨਾ ਹੋਏ ਕਿਉਂਕਿ ਸਾਡਾ ਵਕਤ ਬਹੁਤ ਸੀਮਤ ਸੀ ਅਤੇ ਉਸ ਵੇਲੇ ਇਨਕਲਾਬ ਦੀ ਵਰ੍ਹੇ ਗੰਢ ਦੇ ਜਸ਼ਨਾਂ ਕਰਕੇ ਛੁਟੀਆਂ ਸਨ। ਦਫਤਰ ਬੰਦ ਪਏ ਸਨ। ਸਾਡਾ ਤਾਂ ਤੂਫਾਨੀ ਜਿਹਾ ਦੌਰਾ ਸੀ। ਹਿੰਦ ਰੂਸ ਦੋਸਤੀ ਦੇ ਨਾਂਅ ਥੱਲੇ। ਇਹ ਤਾਂ ਸੰਭਵ ਨਹੀ

ਇਕ ਮੈਂਬਰ ਐਚ.ਐਮ. ਡਿਊਰੈਂਡ ਨੇ ਕਿਹਾ, "ਕੂਕਿਆਂ ਨਾਲੋਂ", ਗੁਰਚਰਨ ਸਿੰਘ ਦੇ ਸੰਬੰਧ ਤੋੜਣ ਦੀ ਗੱਲ ਕਰਣੀ ਮੈਨੂੰ ਤਾਂ ਫਜ਼ੂਲ ਲਗਦੀ ਹੈ। ਉਹ ਇੱਕ ਕੂਕਾ ਸੂਬਾ ਹੈ ਅਤੇ ਮਰਦੇ ਦਮ ਤਕ ਇਵੇਂ ਰਹੇਗਾ। ਇਸ ਸਮੇਂ ਵਿਚ ਉਹ ਜਿਨਾਂ ਵੀ ਕਰ ਸਕਦਾ ਹੋਇਆ ਸਾਡਾ ਨੁਕਸਾਨ ਜ਼ਰੂਰ ਕਰੇਗਾ।"

ਕਿ ਇਹ ਚਿੱਠੀਆਂ ਗੁਰੂ ਸਾਹਿਬਾਨ ਦੇ ਆਪਣੇ ਹੱਥ ਨਾਲ ਲਿਖੀਆਂ ਹੋਣ ਪਰ ਇਹ ਗਲ ਜ਼ਰੂਰ ਹੈ ਕਿ ਜਿਸ ਨੇ ਵੀ ਲਿਖ ਕੇ ਘਲੀਆਂ ਉਸ ਨੇ ਗੁਰੂ ਜੀ ਦੀ ਭਾਵਨਾ ਨੂੰ ਅਪਣੇ ਸ਼ਬਦਾਂ ਅਤੇ ਅਪਣੀ ਵਿਆਖਿਆ ਨਾਲ ਭੇਜਿਆ ਅਤੇ ਇਹ ਗੁਪਤ ਚਿੱਠੀਆਂ ਇਵੇਂ ਗਈਆਂ ਜਿਵੇਂ ਇਕ ਸਰਕਾਰ ਦੂਸਰੀ ਸਰਕਾਰ ਨੂੰ ਲਿਖਦੀ ਹੈ। ਇਹ ਤਾਂ ਸਾਬਤ ਕਰਦੀਆਂ ਹਨ ਕਿ ਸਤਿਗੁਰੂ ਰਾਮ ਸਿੰਘ ਵਿਦੇਸ਼ ਵਿਚ ਨਜ਼ਰਬੰਦੀ ਕੈਦ 'ਚ ਵੀ ਕਿਨੀ ਸ਼ਕਤੀ ਰਖਦੇ ਸਨ। ਹੈਰਾਨੀ ਇਸ ਗਲ ਦੀ ਹੁੰਦੀ ਹੈ ਕਿ ਭਾਰਤ-ਬਰਮਾ-ਅਫਗਾਨਿਸਤਾਨ-ਰੂਸ ਤਕ ਨਾਮਧਾਰੀਆਂ ਦੀਆਂ ਸਰਗਰਮੀਆਂ ਦਾ ਕਿੱਡਾ ਵੱਡਾ ਪਸਾਰ ਸੀ। ਏਨਾ ਪਸਾਰ ਤਾਂ ਅੱਜ ਦੀਆਂ ਸਸ਼ਕਤ ਹਕੂਮਤਾਂ ਵੀ ਨਹੀਂ ਕਰ ਸਕਦੀਆਂ। ਸਤਿਗੁਰੂ ਰਾਮ ਸਿੰਘ ਜੀ ਬਰਮਾ ਵਿਚ ਕੈਦ, ਗੁਰੂ ਹਰੀ ਸਿੰਘ ਜੀ ਪੰਜਾਬ ਵਿਚ ਨਜ਼ਰਬੰਦ, ਸਾਰਾ ਕੂਕਾ ਪੰਥ ਥਾਓਂ ਥਾਈਂ ਜੂਹ ਬੰਦ, ਜਾਇਦਾਦਾਂ ਜ਼ਬਤ, ਪਾਠ ਪੂਜਾ, ਦੀਵਾਨ ਕੀਰਤਨ ਖੰਡਿਤ ਅਤੇ ਫੇਰ ਵੀ ਸਰਕਾਰ ਦਾ ਛੋਟੇ ਤੋਂ ਲੈ ਕੇ ਵੱਡੇ ਤੋਂ ਵੱਡਾ ਅਫਸਰ 'ਕੂਕੇ ਕੂਕੇ', ਕੂਕੇ।

ਮਾਸਕੋ ਘੁੰਮਦਿਆਂ ਮਹਾਰਾਜਾ ਦਲੀਪ ਸਿੰਘ ਯਾਦ ਆਇਆ ਜੋ ਇਸ ਸ਼ਹਿਰ ਰੂਸੀਆਂ ਦੀ ਮਦਦ ਲੈਣ ਆਇਆ ਸੀ। ਉਸ ਕੋਲ ਕੂਕਿਆਂ ਦੇ ਏਜੰਟ ਮਿਲਣ ਮਾਸਕੋ ਵੀ ਗਏ ਦਸੀਦੇ ਹਨ ਤੇ ਇੰਗਲੈਂਡ ਵਿਚ ਵੀ ਪਰ ਇਹ ਵੱਖਰੀ ਕਹਾਣੀ ਹੈ।

ਦੋ ਵਿਅਕਤੀਆਂ ਦਾ ਨਾਮ ਕੂਕਾ-ਰੂਸ ਸੰਬੰਧਾਂ ਵਿਚ ਉਭਰ ਕੇ ਆਉਂਦਾ ਹੈ। ਸੂਬਾ ਗੁਰਚਰਨ ਸਿੰਘ ਤੇ ਸੂਬਾ ਬਿਸ਼ਨ ਸਿੰਘ ਦੇ ਨਾਵਾਂ ਨਾਲ ਖ਼ੁਫ਼ੀਆ ਸਰਕਾਰੀ ਫ਼ਾਈਲਾਂ ਭਰੀਆਂ ਪਈਆਂ ਹਨ।

ਸੂਬਾ ਗੁਰਚਰਨ ਸਿੰਘ ਨੂੰ ਕਿਵੇਂ ਫੜਾਇਆ ਗਿਆ, ਕਿਵੇਂ ਸਾਜ਼ਸਾਂ ਹੋਈਆਂ। ਇਹ ਇਤਿਹਾਸ ਦੇ ਵਿਦਿਆਰਥੀਆਂ ਲਈ ਬਹੁਤ ਦਿਲਚਸਪੀ ਵਾਲੀ ਗਲ ਹੈ। ਉਸਦਾ ਜਿਕਰ ਵਾਇਸਰਾਏ ਹਿੰਦ ਲਾਰਡ ਰਿਪਨ ਦੀ ਕੌਂਸਲ ਵਿਚ ਵੀ ਹੁੰਦਾ ਸੀ। ਇਕ ਮੈਂਬਰ ਐਚ.ਐਮ. ਡਿਊਰੈਂਡ ਨੇ ਕਿਹਾ,

"ਕੂਕਿਆਂ ਨਾਲੋਂ, ਗੁਰਚਰਨ ਸਿੰਘ ਦੇ ਸੰਬੰਧ ਤੋੜਣ ਦੀ ਗੱਲ ਕਰਣੀ ਮੈਨੂੰ ਤਾਂ ਫਜ਼ੂਲ ਲਗਦੀ ਹੈ। ਉਹ ਇੱਕ ਕੂਕਾ ਸੂਬਾ ਹੈ ਅਤੇ ਮਰਦੇ ਦਮ ਤਕ ਇਵੇਂ ਰਹੇਗਾ। ਇਸ ਸਮੇਂ ਵਿਚ ਉਹ ਜਿਨਾਂ ਵੀ ਕਰ ਸਕਦਾ ਹੋਇਆ ਸਾਡਾ ਨੁਕਸਾਨ ਜ਼ਰੂਰ ਕਰੇਗਾ।"

ਦੂਸਰਾ ਨਾਇਕ ਹੈ ਸੂਬਾ ਬਿਸ਼ਨ ਸਿੰਘ ਅਰੋੜਾ। ਸੂਬਾ ਬਿਸ਼ਨ ਸਿੰਘ ਦਾ ਜ਼ਿਕਰ ਹਰ ਘਰ ਹਰ ਦਫਤਰ ਵਿਚ ਸੀ। ਮੇਰੀ ਰੂਸ ਯਾਤਰਾ ਤੋਂ ਸੌ ਕੁ ਸਾਲ ਪਹਿਲਾਂ, ਲਾਹੌਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ ਦੇ ਐਸ.ਪੀਆਂ, ਡੀ.ਐਸ.ਪੀਆਂ, ਲੰਬੜਦਾਰਾਂ ਅਤੇ ਗੁਪਤ ਏਜੰਟਾਂ ਦੀਆਂ ਰਿਪੋਰਟਾਂ ਬਿਸ਼ਨ ਸਿੰਘ ਹੀ ਕੂਕਦੀਆਂ ਸਨ।

"ਬਿਸ਼ਨ ਸਿੰਘ ਅਰੋੜਾ ਕਾਬਲ ਗਿਆ, ਬੁਖਾਰੇ ਗਿਆ, ਆਨੰਦਪੁਰ, ਭੈਣੀ ਸਾਹਿਬ ਪੁੱਜਾ। ਉਹ ਗੁਰੂ ਹਰੀ ਸਿੰਘ ਜੀ ਨੂੰ ਮਿਲਿਆ ਉਹਦੀਆ ਪਸ਼ਾਵਰ, ਕਾਬਲ, ਬੁਖਾਰੇ ਤੇ ਰੂਸੀ ਇਲਾਕਿਆਂ ਵਿਚ ਏਜੰਸੀਆਂ ਹਨ। ਉਸ ਕੋਲ ੩੦੦ ਕੂਕੇ ਰੂਸ ਵਿਚ ਹਨ ਇਹਨਾਂ ਵਿਚ ਮਹਾਰਾਜਾ ਰਣਜੀਤ ਸਿੰਘ ਤੇ ਅਟਾਰੀ ਖਾਨਦਾਨ ਦੇ ਬੰਦੇ ਵੀ ਹਨ। ਉਹਨੇ ੧੦੦ ਨੌਜਵਾਨ ਕੂਕੇ ਹੋਰ ਮੰਗਵਾਏ ਹਨ। ਉਹ ਰੂਸੀ ਫੌਜਾਂ ਦੀ ਅਗਵਾਈ ਕਰੇਗਾ। ਉਹ ਮੁਸਲਮਾਨ ਫੌਜਾਂ ਲਿਆਵੇਗਾ। ਜਦੋਂ ਰੂਸ ਪੰਜਾਬ ਵਿਚ ਆਵੇਗਾ, ਗੁਰੂ ਰਾਮ ਸਿੰਘ ਜੀ ਤੇ ਸੂਬਾ ਬਿਸ਼ਨ ਸਿੰਘ ਪਰਗਟ ਹੋ ਜਾਣਗੇ।

ਲੋਕ ਮਨਾਂ ਵਿਚ ਤਾਂ ਇਹ ਗੱਲਾਂ ਘਰ ਕਰ ਚੁੱਕੀਆਂ ਸਨ ਸਰਕਾਰ ਵੀ ਇਹਨਾਂ ਖ਼ਬਰਾਂ, ਇਹਨਾਂ ਅਫਵਾਹਾਂ ਤੋਂ ਕੰਬ ਰਹੀ ਸੀ। ਸੌ ਸਾਖੀ ਦੇ ਪਰਮਾਣ ਪੇਸ਼ ਕੀਤੇ ਜਾ ਰਹੇ ਸਨ, ਅੰਗਰੇਜ਼ੀ ਵਿਚ ਤਰਜਮੇ ਕਰਵਾ ਕੇ ਘੋਖੇ ਜਾ ਰਹੇ ਸਨ।

Namdhari Elibrary NamdhariElibrary@gmail.com

'ਕਾਬਲ ਸਿੰਘ ਹਮਾਰਾ ਹੋਸੀ ਬਿਸ਼ਨ ਸਿੰਘ ਤਹਿ ਨਾਮ ਧਰੇਸੀ
ਸਭ ਤੁਰਕਨ ਕੇ ਸੰਗ ਲਿਆਵੈ ਸਿੰਘ ਬਦਸਤਾ ਜੁੱਧ ਮਚਾਵੈ"

ਬਾਬਾ ਚੰਦਾ ਸਿੰਘ ਦੇ ਬਾਰਾਂ ਮਾਹ ਦਾ ਪਾਠ ਤਾਂ ਨਿਤਨੇਮ ਵਾਂਗ ਸੀ।

ਬਿਸ਼ਨ ਸਿੰਘ ਗੁਰੂ ਕਾ ਲਾਲ
ਫੈਜਾਂ ਰਹਿਣ ਸ਼ਹੀਦੀ ਨਾਲ
ਕੀਤੇ ਸਤਿਗੁਰ ਨਾਲ ਕਰਾਰ
ਓਹ ਵੀ ਹੋਇਆ ਨਾਲ ਤਿਆਰ
ਅਗੈ ਜੋ ਭਾਵੈ ਕਰਤਾਰ
ਹੁਕਮ ਅਕਾਲ ਦਾ

ਇਸ ਬਾਰਾਂ ਮਾਹ ਦੀਆਂ ਆਹ ਤੁਕਾਂ ਤਾਂ ਅਜ ਵੀ ਲੋਕਾਂ ਨੂੰ ਯਾਦ ਹਨ ਭਾਵੇਂ ਇਸ ਦੇ ਕਰਤੇ ਨੂੰ ਲੋਕ ਭੁਲ ਗਏ ਹੋਣ, ਬੱਚੇ ਬੁੱਢੇ ਦੀ ਜ਼ਬਾਨ ਤੇ ਸੀ।

ਜਦ ਰੂਸ ਪੰਜਾਬੇ ਆਵੈ
ਪਵੇ ਕਾਲ ਮੁਲਖ ਰੁਲ ਜਾਵੈ
ਦੁਨੀਆ ਮਰੇ ਅੰਨ ਕੇ ਹਾਵੈ
ਠੱਗ ਚੋਰ ਬਹੁ ਲੁਟ ਲੁਟ ਖਾਵੈ
ਬਚੇ ਸੋ ਜੋ ਗੁਰ ਸਰਣੀ ਆਵੈ
ਇਕ ਮਨ ਹੋਇ ਕੇ ਨਾਮ ਧਿਆਵੈ
ਓਸ ਅਕਾਲ ਦਾ

ਬਾਬਾ ਚੰਦਾ ਸਿੰਘ ਦੇ ਮਨ ਦੀ ਰੀਝ ਅਜ ਤਕ ਵੀ ਕੂਕਿਆਂ ਦੀ ਸਿਕ ਬਣੀ ਹੋਈ ਹੈ।

ਸਤਿਗੁਰ ਫੇਰ ਪੰਜਾਬੇ ਆਵਣ
ਅਗਲੀਆਂ ਸਫਾਂ ਸਭਿ ਉਠਾਵਣ
ਨਵੇਂ ਹੋਰ ਨਿਸ਼ਾਨ ਝੁਲਾਵਣ
ਜੱਗ ਵਿਚ ਸ੍ਰੀ ਅਕਾਲ ਜਪਾਵਣ
ਅਸੁਰ ਸੰਘਾਰ ਕੇ

੧੦ ਨਵੰਬਰ ੧੯੯੦ ਨੂੰ ਯੂਕਰੇਵ ਸਟੇਟ ਦੀ ਰਾਜਧਾਨੀ ਵਿਚ ਇਕ ਦੋਸਤੀ ਸਭਾ ਕੀਤੀ ਗਈ।

ਇਸ ਸਭਾ ਵਿਚ ਸੋਵੀਅਤ ਯੂਨੀਅਨ ਦੇ ਬਹੁਤ ਸਾਰੇ ਰਿਟਾਇਰਡ ਜਰਨੈਲ ਮਰਦ ਔਰਤਾਂ ਸਨ। ਸੀਨਿਆਂ ਤੇ ਸੈਨਾ ਚੋ ਪ੍ਰਾਪਤ ਕੀਤੇ ਮੈਡਲ ਚਮਕ ਰਹੇ ਸਨ। ਉਹਨਾਂ ਬਹੁਤ ਤਕਰੀਰਾਂ ਕੀਤੀਆਂ ਆਪਣੀ ਬੋਲੀ ਵਿਚ, ਇਕ ਨੌਜਵਾਨ ਮੁੰਡਾ ਸਰਗੇਈ ਉਸ ਦਾ ਅੰਗਰੇਜ਼ੀ ਵਿਚ ਅਨੁਵਾਦ ਕਰ ਕਰ ਕੇ ਸਾਨੂੰ ਦਸ ਰਿਹਾ ਸੀ। ਉਹ ਤਕਰੀਰਾਂ ਬਹਾਦਰੀ ਅਤੇ ਸੂਰਮਗਤੀ ਨਾਲ ਭਰੀਆਂ ਰੌਂਗਟੇ ਖੜੇ ਕਰਨ ਵਾਲੀਆਂ ਗਾਥਾਵਾਂ ਸਨ। ਜੰਗ ਵਿਚ ਕੀਤੇ ਕਾਰਨਾਮਿਆਂ ਦਾ ਜ਼ਿਕਰ ਸੀ ਅਤੇ ਅੰਤ ਉਤੇ ਸੰਸਾਰ ਅਮਨ ਵਾਸਤੇ ਸੋਵੀਅਤ ਯੂਨੀਅਨ ਦੀ ਲੋਚਾ ਸੀ। ਕਾਮਰੇਡ ਗੋਰਬਾਚੋਵ ਦੀ ਪ੍ਰਸਤਾਵਤ ਅਮਰੀਕਾ ਯਾਤਰਾ ਚੋਂ ਕੁਝ ਚੰਗਾ ਨਿਕਲਣ ਦੀ ਆਸ ਸੀ।

ਭਾਰਤੀ ਡੈਲੀਗੇਸ਼ਨ ਵਿਚੋ ਜਿਹੜੇ ਸਜਣ ਬੋਲੇ, ਕੁਛ ਨੇ ਆਪਣੀਆਂ ਕਵਿਤਾਵਾਂ ਦਾ ਜ਼ਿਕਰ ਕੀਤਾ। ਕੁਝ ਨੇ ਸਾਂਸਕ੍ਰਿਤਕ ਸੰਬੰਧਾਂ ਦਾ ਜ਼ਿਕਰ ਕੀਤਾ। ਮੇਰੀ ਵਾਰੀ ਆਈ ਤਾਂ ਮੈਂ ਆਪਣੀ ਯਾਤਰਾ ਦੀ ਪ੍ਰਿਸ਼ਟ ਭੂਮੀ ਬਿਆਨ ਕੀਤੀ। ਨਾਮਧਾਰੀ ਇਤਿਹਾਸ ਦੇ ਸ਼ਾਨਦਾਰ ਵਿਰਸੇ ਦਾ ਜ਼ਿਕਰ ਕੀਤਾ। ਮਲੇਰ ਕੋਟਲਾ ਵਿਚ ਚਲਦੀਆਂ ਤੋਪਾਂ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਅਤੇ ਸਾਮਰਾਜੀ ਜਬਰ ਦਾ ਜ਼ਿਕਰ ਕੀਤਾ। ਮੇਰੀ ਅੰਗਰੇਜ਼ੀ ਗਲ ਬਾਤ ਦਾ ਨਾਲੋ ਨਾਲ ਰੂਸੀ ਬੋਲੀ ਵਿਚ ਤਰਜਮਾ ਹੋ ਰਿਹਾ ਸੀ। ਜਦੋਂ ਮੈਂ ਸਤਿਗੁਰੂ ਰਾਮ ਸਿੰਘ ਜੀ ਦਾ ਜ਼ਿਕਰ ਕੀਤਾ ਤਾਂ ਦੁਭਾਸ਼ੀਏ ਸਰਗੇਈ ਨੇ ਮੈਨੂੰ ਵਿਚੋਂ ਟੋਕ ਕੇ ਹੌਲੀ ਜਿਹੀ ਪੁਛਿਆ "ਆਰ ਯੂ ਸਿੱਖ" ਕੀ ਤੂੰ ਸਿੱਖ ਹੈਂ ? ਮੇਰੇ ਹਾਂ ਕਹਿਣ ਤੋਂ ਉਸਨੂੰ ਪਤਾ ਲਗਾ ਕਿ ਇਹ ਕੌਣ ਵਿਅਕਤੀ ਹੈ, ਸ਼ਾਇਦ ਪਹਿਲਾਂ ਉਹ ਮੈਨੂੰ ਮੁਸਲਮਾਨ ਸਮਝ ਰਿਹਾ ਸੀ।

ਮੈਂ ਜ਼ਿਕਰ ਕੀਤਾ ਕਿ ਗੁਰੂ ਰਾਮ ਸਿੰਘ ਜੀ ਨੇ ਇਸ ਹਿੰਦ-ਰੂਸ ਦੋਸਤੀ ਦੀ ਆਧਾਰ ਸ਼ਿਲਾ ਰੱਖੀ-ਸੂਬਾ ਗੁਰਚਰਨ ਸਿੰਘ, ਸੂਬਾ ਬਿਸ਼ਨ ਸਿੰਘ ਦਾ ਜ਼ਿਕਰ ਵੀ ਕੀਤਾ, ਅੰਤ ਉਤੇ ਕਿਹਾ ਕਿ ਜ਼ਾਰ ਸ਼ਾਹੀ ਰੂਸ ਨੇ ਤਾਂ ਕੂਕਿਆਂ ਦੀ ਗਲ ਨਹੀਂ ਸੀ ਮੰਨੀ ਪਰ ਪਿਛੋ ਸਮਾਜਵਾਦੀ ਰੂਸ ਨੇ ਕੁਲ ਆਜ਼ਾਦੀ ਦੀਆਂ ਲਹਿਰਾਂ ਨੂੰ ਸਹਿਯੋਗ ਦਿਤਾ ਅਤੇ ਅੱਜ ਵੀ ਵਿਕਾਸਸ਼ੀਲ ਦੇਸ਼ਾਂ ਦੀ ਬਾਂਹ ਫੜ ਰਿਹਾ ਹੈ ਇਹ ਉਸੇ ਦੋਸਤੀ ਦਾ ਮਹੱਲ ਹੈ ਜਿਸਦੀ ਆਧਾਰ ਸ਼ਿਲਾ ਗੁਰੂ ਰਾਮ ਸਿੰਘ ਜੀ ਨੇ ਰੱਖੀ ਸੀ।

ਅਸੀਂ ਵਾਪਸ ਭਾਰਤ ਆ ਗਏ। ਕੁਝ ਸਮੇਂ ਬਾਅਦ ਉਹ ਸੋਵੀਅਤ ਯੂਨੀਅਨ ਰੂਸ ਖੇਰੂੰ ਖੇਰੂੰ ਹੋ ਗਿਆ। ਜਿਥੇ ਮੈਂ ਇਹ ਦੋਸਤੀ ਵਾਲੀ ਤਕਰੀਰ ਕੀਤੀ ਸੀ ਉਹ ਥਾਂ ਵੱਖਰਾ ਮੁਲਕ ਯੂਕਰੇਨ ਬਣ ਗਿਆ। ਦੋਸਤੀ ਦੀ ਗਲ ਖੰਡਿਤ ਹੋ ਗਈ। ਰੂਸੀ ਸੱਤਾ ਨਸ਼ਟ ਹੋ ਗਈ ਪਛਮੀ ਮੁਲਕਾਂ ਦਾ ਬੋਲ ਬਾਲਾ ਹੋ ਗਿਆ।

ਸੋਵੀਅਤ ਯੂਨੀਅਨ ਤੋਂ ਫਾਇਦੇ ਲੈ ਰਹੇ ਲੋਕਾਂ ਨੇ ਵਫ਼ਾਦਾਰੀਆਂ ਬਦਲ ਲਈਆਂ। ਜਾਪਦਾ ਸੀ ਗੁਰੂ ਰਾਮ ਸਿੰਘ ਵਲੋਂ ਭਾਰਤ-ਰੂਸ ਦੋਸਤੀ ਦੀ ਗਲ ਅਤਿ ਕਥਨੀ ਹੈ। ਮੈਂ ਗਲਤ ਹੋ ਗਿਆ ਹਾਂ।

ਪਰ ਮੁੜ ਨਵੇਂ ਰੂਸ ਦਾ ਪ੍ਰਧਾਨ ਯੈਲਤਸਿਨ ਭਾਰਤ ਆਇਆ। ਉਹ ਕਮਿਊਨਿਸਟ ਵਿਰੋਧੀ ਹੈ। ਉਸ ਨੇ ਆ ਕੇ ਮੁੜ ਹਿੰਦ-ਰੂਸ ਦੋਸਤੀ ਦੀ ਗਲ ਕੀਤੀ ਹੈ, ਆਰਥਕ ਮਿਲਵਰਤਣ ਦੀ ਗਲ ਕੀਤੀ ਹੈ। ਰੂਸ ਵਿਚ ਦੂਸਰੀ ਵਿਚਾਰ ਧਾਰਾ ਵਾਲੀ ਸਰਕਾਰ ਆਈ ਹੈ। ਭਾਰਤ ਵਿਚ ਵੀ ਕਾਂਗਰਸ ਤੋਂ ਇਲਾਵਾ ਦੂਜੀਆਂ ਪਾਰਟੀਆਂ ਵੀ ਸੱਤਾ ਵਿਚ ਆਈਆਂ ਹਨ। ਸ੍ਰੀ ਅਟਲ ਬਿਹਾਰੀ ਬਾਜਪਾਈ ਵੀ ਭਾਰਤ ਦੇ ਵਿਦੇਸ਼ ਮੰਤਰੀ ਰਹੇ ਹਨ ਪਰ ਹਿੰਦ-ਰੂਸ ਦੋਸਤੀ ਦੀ ਭਾਵਨਾ ਏਧਰੋਂ ਓਧਰ ਨਹੀਂ ਹੋਈ।

ਸਤਿਗੁਰੂ ਰਾਮ ਸਿੰਘ ਜੀ ਦੀਆਂ ਅਨੇਕਾਂ ਦੂਰ ਅੰਦੇਸ਼ੀ ਪਹਿਲ ਕਦਮੀਆਂ ਵਾਂਗ ਇਹ ਰੂਸ ਦੀ ਚੋਣ ਵੀ ਵਕਤ ਦੀ ਕਸਵਟੀ ਤੇ ਅੱਜ ਤੱਕ ਪੂਰੀ ਉਤਰੀ ਹੈ।

ਉਹਨਾਂ ਦੇ ਸਾਗਰ ਵਰਗੇ ਜੀਵਨ ਵਿਚੋ ਇਹ ਅਤੀਤ ਦੀਆਂ ਯਾਦਾਂ ਕਤਰੇ ਮਾਤਰ ਹਨ। ਉਸ ਮਹਾਨ ਤੋਂ ਮਹਾਨ ਪ੍ਰੀਤਮ ਦੀ ਯਾਦ ਵਿਚ ਇਕ ਰੀਝ ਹੈ ਜੋ ਬਾਬਾ ਚੰਦਾ ਸਿੰਘ ਦੇ ਸ਼ਬਦਾਂ ਵਿਚ ਬਿਆਨ ਕਰਦਾ ਹਾਂ।

ਸਤਿਗੁਰ ਫੇਰ ਪੰਜਾਬੇ ਆਵਨ
ਅਗਲੀਆਂ ਸਫਾਂ ਸਭਿ ਉਠਾਵਣ
ਨਵੇਂ ਹੋਰ ਨਿਸ਼ਾਨ ਝੁਲਾਵਣ
ਜਗ ਵਿਚ ਸ੍ਰੀ ਅਕਾਲ ਜਪਾਵਣ
ਅਸੁਰ ਸੰਘਾਰ ਕੇ।

Namdhari Elibrary NamdhariElibrary@gmail.com

'ਬਸੰਤ ਮਹਿਕਾਂ' ਦਾ ਵੇਹੜਾ

ਪੰਥ ਰਤਨ ਮਾਸਟਰ ਨਿਹਾਲ ਸਿੰਘ


ਅੱਖ ਖੁਲ੍ਹੀ ਤਾਂ ਚਾਰ ਚੁਫੇਰੇ ਨੂਰ ਨੂਰ ਖੇੜਾ ਈ ਖੇੜਾ, ਸਰਸੋਂ ਤੇ ਜੋਬਨ ਆਇਆ ਇਉਂ ਭਾਸਿਆ ਜਿਵੇਂ ਲੰਘਦਿਆਂ ਟੱਪਦਿਆਂ ਕੁਬੇਰ ਦਾ ਖਜ਼ਾਨਾ ਖਿੱਲਰ ਗਿਆ ਏ, ਥਾਂ ਥਾਂ ਸੁਨਹਿਰੀ ਟਿੱਕੀਆਂ । ਜੇ ਪਰਬਤਾਂ ਵੱਲ ਝਾਤ ਮਾਰੀ ਤਾ ਓਥੇ ਚਾਂਦੀ ਦੀਆਂ ਤਾਰਾਂ। ਕੀ ਕਹਿਣਾ ਏ ਨਦੀਆਂ ਬਾਰੇ ਉਨ੍ਹਾਂ ਜਾਗਦਿਆਂ ਈਂ ਸੰਗੀਤ ਛੇੜ ਦਿੱਤਾ ਤੇ ਨੱਚਣਾ-ਟੱਪਣਾ ਅੰਰਭਿਆ। ਇਹ ਵੇਖ ਕੇ ਕੋਇਲ ਵੀ ਪਿੱਛੇ ਨਾ ਰਹੀ ਉਸ ਵੀ ਕੂਕ ਲਾ ਰਾਹੀਆਂ ਨੂੰ ਮਸਤੀ ਵਿਚ ਤਾਰੀਆਂ ਲਾਉਣੀਆਂ ਅਰੰਭੀਆਂ। ਗੁਰੂ ਅਮਰ ਦਾਸ ਜੀ ਕੁਦਰਤ ਦੀਆਂ ਨਾਰੰਗੀਆਂ ਵੇਖ ਕੇ ਵਿਸਮਾਦ ਹੋ ਉਸਦੀ ਉਪਮਾ ਕਰਦੇ ਹਨ:

ਮਾਹਾ ਰੁਤੀ ਮਹਿ ਸਦ ਬਸੰਤੁ।
ਜਿਤੁ ਹਰਿਆ ਸਭੁ ਜੀਅ ਜੰਤੁ।
ਕਿਆ ਹਉ ਆਖਾਂ ਕਿਰਨ ਜੰਤੁ।
ਤੇਰਾ ਕਿਨੈ ਨ ਪਾਇਆ ਆਦਿ ਅੰਤੁ।

(ਪੰਨਾ ੧੧੭੨)

ਇਸ ਪ੍ਰਾਕਿਰਤਕ ਖੇੜੇ ਨੂੰ ਤੱਕ ਕੇ , ਨੱਢੇ ਨੱਢੀਆਂ ਦੇ ਚੇਹਰਿਆਂ ਤੇ ਨਿਖਾਰ ਆਉਂਦਾ ਏ। ਕੇਸਰੀ ਪਗੜੀਆਂ ਤੇ ਬਸੰਤੀ ਦੁਪਟੇ ਪੌਣ ਵਿਚ ਲਹਿਰਾਂਦੇ ਹਨ। ਸਾਰਾ ਆਕਾਸ਼ ਪਤੰਗਾਂ ਨਾਲ ਭਰਪੂਰ ਵੇਖ ਪੌਣ ਦੇ ਪੰਛੀ ਵੀ ਚਕ੍ਰਿਤ ਹੁੰਦੇ ਹਨ। ਬੋ ਕਾਟਾ ਬੋ ਕਾਟਾ ਨਾਲ ਅਕਾਸ਼ ਗੂੰਜਦਾ ਹੈ। ਬੱਚੇ ਤਾਂ ਇਸ ਖੇਡ ਤੇ ਇਤਨੇ ਦੀਵਾਨੇ ਹੋ ਜਾਂਦੇ ਹਨ ਕਿ ਖਾਣਾ ਪੀਣਾ, ਕੁਝ ਸੁਝਦਾ ਈ ਨਹੀਂ। ਸਕੂਲੋਂ ਛੁੱਟੀ ਹੋਈ ਘਰ ਆ ਕੇ, ਬਸਤੇ ਤੇ ਪੁਸਤਕਾਂ ਗੁੱਠੇ ਸੁੱਟ ਚੱਲ ਸੋ ਚਲ। ਪਤੰਗ ਚਰਖੀ। ਮਾਵਾਂ ਵਾਜਾਂ ਮਾਰਦੀਆਂ ਰਹਿ ਜਾਂਦੀਆ ਹਨ, "ਵੇ ਬੀਰ੍ਹਿਆਂ। ਵੇ ਧੀਰਿਆ, ਖਸਮਾਂ ਖਾਣਿਆ, ਬੁਰਕੀ ਰੋਟੀ ਦੀ ਤਾਂ ਖਾ ਜਾ।" ਪਰ ਬੀਰੇ ਹੁਰੀਂ ਚਿੜੀ ਖੰਭ ਛੁਡਾ ਗਈ, ਬੁੱਡੇ ਹੱਥ ਲਵਾ ਗਈ। ਇਸ ਸੁਹਾਵਨੇ ਸਮੇਂ ਦਾ ਨਕਸ਼ਾ ਭਿੱਖੀ ਵੰਡੀਏ ਬੀਰੇ ਇਉਂ ਬੰਨਿਆ ਹੈ:

ਅੱਜ ਖਿਜ਼ਾਂ ਦਾ ਸਮਾਂ ਮੁਕਿਆ
ਹੁਣ ਆ ਗਈ ਰੁਤ ਬਹਾਰ।
ਢਿੰਗਰ ਹੋਇਆਂ ਬੂਟਿਆਂ
ਤੇ ਟਹਿਕ ਪਈ ਗੁਲਜ਼ਾਰ।
ਬੁਲਬੁਲ ਬਾਗੀਂ ਚਹਿਕੀਆਂ
ਆ ਰਲੀਆਂ ਵਿਚ ਡਾਰ।



ਅੱਜ ਬਾਜਾਂ ਪਾਈਆਂ
ਨੀਵੀਆਂ ਤੇ ਚੁੰਗੀਆਂ ਭਰੇ ਗੁਟਾਰ।
ਗਿੱਧੇ ਪਾਵਨ ਨਾਰੀਆਂ
ਧਰਤ ਤੇ ਅੱਡੀ ਮਾਰ।
ਡੌਲੇ ਫੜਕਣ ਨਢਿਆਂ
ਤੁਰਨ ਪੱਬਾਂ ਦੇ ਭਾਰ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇਸ਼ ਵਿਚ ਛਿੰਝਾਂ ਪੈਂਦੀਆਂ, ਢੋਲ-ਢਮੱਕੇ ਵੱਜਦੇ, ਜਵਾਨ ਆਪਣੇ ਆਪਣੇ ਕਰਤਬ ਵਖਾਂਦੇ, ਮਹਾਰਾਜਾ ਉਨ੍ਹਾਂ ਨੂੰ ਕੈਂਠੇ, ਕੜੇ ਵੰਡਦੇ ਤੇ ਚੋਣਵੇਂ ਜਵਾਨਾਂ ਨੂੰ ਫੌਜ ਵਿਚ ਭਰਤੀ ਕਰ ਲੈਂਦੇ। ਇਸ ਸੱਤ ਰੰਗੇ ਮੌਸਮ ਦਾ ਰੰਗ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ਿਕ, ਭਾਈ ਨੰਦ ਲਾਲ ਜੀ, ਇਉਂ ਉਲੀਕਿਆ ਹੈ:

ਬ ਹੋਸ਼ ਬਾਸ਼ ਕਿ ਹੰਗਾਮੇ
ਨੌ ਬਹਾਰ ਆਮਦ।
ਬਹਾਰ ਆਮਦੋ, ਯਾਰ ਆਮਦੋ, ਕਰਾਰ ਆਮਦੋ।

ਮਤਲਬ ਕਿ ਬਹਾਰ ਆ ਗਈ, ਗੁਰੂ ਗੋਬਿੰਦ ਸਿੰਘ ਜੀ ਦੇ ਦੀਦਾਰੇ ਹੋ ਗਏ ਹਨ। ਜੀਵਨ ਸਫਲ ਹੋ ਗਿਆ ਹੈ ਪਰ ਇਸਦੇ ਵਿਪ੍ਰੀਤ ਜੇ ਦਿਲ ਦਾ ਜਾਨੀ ਕੋਲ ਨਹੀਂ, ਅਥਵਾ ਪ੍ਰੀਤਮ ਪ੍ਰਦੇਸੀ ਏ ਤਾਂ ਇਹ ਰੰਗਰਲੀਆਂ ਵੱਢ-ਵੱਢ ਖਾਂਦੀਆਂ ਹਨ। ਬਾਣੀ ਕਹਿੰਦੀ ਹੈ:

ਨਾਨਕ ਤਿਨਾ ਬਸੰਤੁ ਹੈ
ਜਿਨ ਘਰਿ ਵਸਿਆ ਕੰਤੁ।
ਜਿਨ ਕੇ ਕੰਤ ਦਿਸਾਪੁਰੀ
ਸੇ ਅਹਿਨਿਸਿ ਫਿਰੇ ਜਲੰਤ।

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਭਗਵਾਨ ਕ੍ਰਿਸ਼ਨ ਜੀ ਦੀਆਂ ਲੀਲਾਵਾਂ ਵਿਚੋਂ ਗੋਪੀਆਂ ਦੇ ਵਿਛੋੜੇ ਦੀ ਦਸ਼ਾ ਜੋਗਣੀਆਂ ਦਾ ਰੂਪ ਪੇਸ਼ ਕੀਤਾ ਹੈ। ਉਹ ਗ੍ਰਿਬਣੀਆਂ ਪੌਣ ਝੋਕਿਆਂ ਨੂੰ ਹਾੜ ਦੇ ਲੂ ਬੁੱਲੇ ਸਮਝਦੀਆਂ ਹਨ।

ਸ੍ਰੋਤਤਾ ਬਿਭੂਤਿ ਅਰੁ ਮੇਖਲੀ ਨਮੇਖ ਸੰਦੀ
ਅੰਜਨ ਦੀ ਸੇਲ੍ਹੀ ਦਾਸ ਭਾਉ ਸਭ ਭਾਖਣਾ।
ਭਗਵਾ ਸੁ ਭੇਸ ਸਾਡੇ ਨੈਣਾਂ ਦੀ ਲਲਾਈ ਸਹੀਓ
ਯਾਰੜੇ ਦਾ ਧਿਆਨ, ਇਹ ਕੰਦ ਮੂਲ ਚਾਖਣਾ।
ਰੋਧਨ ਦਾ ਮੱਜਨ, ਪੜ੍ਹੀ ਗੀਤ ਗੀਤਾ
ਦੇਖਣੇ ਦੀ ਭਿਛਾ ਦੁਖ ਧੂਆਂ ਆਗੇ ਰਾਖਣਾ।

Namdhari Elibrary NamdhariElibrary@gmail.com

ਊਧੋ ਏਨਾਂ ਗੋਪੀਆਂ ਦੀਆਂ ਅੱਖੀਆਂ ਦਾ ਜੋਗ ਸਾਰਾ
ਨੰਦ ਦੇ ਕੁਮਾਰ ਨੂੰ ਜਰੂਰ ਜਾਇ ਆਖਣਾ।
(ਫੋਟਕ ਕਬਿਤ-੪੨)

ਜਿਸਦਾ ਭਾਵ ਹੈ ਕਿ ਭਗਵਾਂ ਭੇਖ ਸਾਡੇ ਨੇਤਰਾਂ ਦੀ ਲਾਲੀ ਹੈ, ਭਗਵਾਨ ਵਲ ਧਿਆਨ ਕਰਨਾ ਇਹ ਸਾਡਾ ਕੰਦ ਮੂਲ ਖਾਣਾ ਹੈ। ਸਾਡਾ ਇਸ਼ਨਾਨ ਰੋਣਾ ਹੈ, ਅਤੇ ਧੀਰਿਆਂ ਖਪਰ ਹਨ ਤੇ ਯਾਦ ਵਿਚ ਹਾੜੇ ਕਢਣੇ ਇਹ ਸਾਡੀ ਗੀਤਾ ਹੈ। ਦਰਸ਼ਨ ਕਰਨ ਦੀ ਇੱਛਾ, ਇਹ ਭਿਖਿਆ ਹੈ, ਤੇਰੇ ਵਿਛੋੜੇ ਦਾ ਦੁੱਖ ਸਾਡਾ ਧੂਆਂ ਹੈ। ਹੇ ਊਧੋ! ਇਨ੍ਹਾਂ ਅੱਖੀਆਂ ਦਾ ਸਾਰਾ ਜੋਗ ਮਹਾਰਾਜ ਭਗਵਾਨ ਦੇ ਚਰਨਾਂ ਵਿਚ ਪੇਸ਼ ਕਰ ਦੇਣਾ।

ਸਿੱਖ ਰਾਜ ਦੇ ਸਮੇਂ, ਜਦ ਭਾਰਤ ਭੂਮੀ 'ਤੇ ਗੁਲਾਮੀ ਖਿਜ਼ਾਂ ਛਾ ਰਹੀ ਸੀ, ਤਾਂ ਏਸੇ ਹੀ ਰੁਤੇ ੧੮੧੬ ਈਸਵੀ ਦੀ ਬਸੰਤ ਵਾਲੇ ਦਿਨ ਇਸ ਕੁਲਹਿਣੀ ਪੱਤ ਝੜ ਦੀ ਥਾਂ, ਸਦਾ ਬਹਾਰ ਲਿਆਉਣ ਹਿਤ ਪੰਜਾਬ ਦੀ ਧਰਤੀ ਤੇ ਆਜ਼ਾਦੀ ਦਾ ਸੂਰਜ ਚੜ੍ਹਿਆ ਜਿਸਨੇ ਬਦੇਸੀ ਰਾਜ ਦੀਆਂ ਨੀਹਾਂ ਖੋਖਲੀਆਂ ਕਰ ਦਿਤੀਆਂ। ਸਤਿਗੁਰੂ ਰਾਮ ਸਿੰਘ ਵਿਸ਼ਵ ਭਰ ਵਿਚ ਬਸੰਤ ਦਾ ਖੇੜਾ ਵੇਖਣ ਦੇ ਚਾਹਵਾਨ ਸਨ। ਉਨ੍ਹਾਂ ਨੇ ਸੰਸਾਰ ਭਰ ਦੇ ਹੁਕਮਰਾਨਾਂ ਨੂੰ ਸ੍ਰੀ ਭੈਣੀ ਸਾਹਿਬ ਦੀ ਧਰਤੀ ਤੇ ਚਿੱਟਾ ਝੰਡਾ ਗੱਡ, ਇਹ ਸਲਾਹ ਦਿਤੀ, "ਰੱਬ ਦੇ ਪਿਆਰਿਓ! ਹਥਿਆਰਾਂ ਨੂੰ ਸਮੁੰਦਰ ਵਿਚ ਸੁਟੋ। ਦੂਸਰਿਆਂ ਤੇ ਰਾਜ ਕਰਨ ਦੀ ਲਾਲਸਾ ਛੱਡੋ । ਕਾਲੇ ਆਪਣੇ ਘਰ, ਗੋਰੇ ਆਪਣੇ ਘਰ।" ਉਸਨੇ ਦੇਸ਼ ਦੀ ਗੁਲਾਮੀ ਦੇ ਜੂਏ ਨੂੰ ਗਲੋਂ ਲਾਹੁਣ ਲਈ ਸ਼ਾਂਤਮਈ ਦਾ ਸ਼ਸਤਰ ਦਿਤਾ। ਉਹ ਸੀ- "ਨਾਮਿਲਵਰਤਨ।" ਘਰਾਂ ਦੇ ਬਣੇ ਖੱਦਰ ਪਾਓ, ਗੁੜ ਸ਼ਕਰ ਵਰਤੋ, ਫੈਲ ਸੂਫੀਆਂ ਛਡੋ, ਗੋਰਿਆਂ ਦੇ ਚਲਾਏ ਸਕੂਲ, ਕਾਲਜਾਂ, ਕਚਹਿਰੀਆਂ ਦਾ ਬਾਈਕਾਟ ਕਰੋ। ਕਿਸੇ ਦੂਸਰੇ ਦਾ ਹੱਕ ਨਾ ਮਾਰੋ, ਦੂਜਿਆਂ ਨੂੰ ਵੀ ਸੁਖੀ ਵਸਣ ਦਿਓ, ਕਿਸੇ ਜੀਅ ਨੂੰ ਨਾ ਮਾਰੋ, ਮਾਸ ਸ਼ਰਾਬ ਤੇ ਹੋਰ ਨਸ਼ਿਆਂ ਤੋਂ ਬਚੋ, ਨਿੱਕੀਆਂ ਬਾਲੀਆਂ ਤੇ ਰਹਿਮ ਕਰੋ, ਉਨ੍ਹਾਂ ਤੇ ਜੰਮਦਿਆਂ ਹੀ ਗਲੇ ਤੇ ਛੁਰੀ ਨ ਚਲਾਓ, ਉਨ੍ਹਾਂ ਨੂੰ ਭੇਡਾਂ, ਬਕਰੀਆਂ ਵਾਂਗੂੰ ਨ ਵੇਚੋ। ਸਤਿਗੁਰੂ ਜੀ ਦੀ ਆਮਦ ਤੇ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦੇ ਸ਼ਬਦ ਠੀਕ ਢੁਕਦੇ ਹਨ:

ਮਹਿਕੀ ਪਉਣ ਚਹਿਕ ਪਏ ਪੰਛੀ,
ਕੁਦਰਤ ਲਈ ਅੰਗੜਾਈ।
ਅੰਬਰ ਰੰਗ ਸੁਰੰਗਾ ਹੋਇਆ,
ਧਰਤੀ ਭੀ ਨਸ਼ਿਆਈ।
ਮਨੁਖ ਮਨ ਖੁਸ਼ੀਆਂ ਵਿਚ ਖਿੜਿਆ,
ਜੀਵਨ ਕਿਰਨਾਂ ਪਾਕੇ।
ਔਹ ਚੜਿਆ ਰਾਈਆਂ ਵਿਚ ਸੂਰਜ,
ਹਰੇਕ ਦੇਇ ਵਧਾਈ।

ਗੋਰੀ ਸਰਕਾਰ ਇਹ ਵੀ ਸਹਾਰ ਨਾ ਸਕੀ। ਉਸ ਸੂਰਜਾਂ ਦੇ ਸੂਰਜ ਨੂੰ ਕੁਠਾਲੀ ਹੇਠਾਂ ਢੱਕਣ ਲਈ, ਉਨ੍ਹਾਂ ਦੇ ਬਸੰਤੀ ਪ੍ਰਵਾਨਿਆਂ ਨੂੰ ਫਾਂਸੀਆਂ ਤੇ ਲਟਕਾਇਆ, ਤੋਪਾਂ ਨਾਲ ਤੂੰਬਾ ਤੂੰਬਾ ਕੀਤਾ ਤੇ ਉਸ ਬਸੰਤ ਦੇ ਅਵਤਾਰ ਨੂੰ ਬਿਨਾ ਵਰੰਟ ਗ੍ਰਿਫਤਾਰ ਕਰਕੇ ਰੰਗੂਨ ਨਜ਼ਰਬੰਦ ਕਰ ਦਿਤਾ ਤੇ ਆਜ਼ਾਦੀ ਦੇ ਗੀਤ ਗੌਣ ਵਾਲਿਆਂ ਨੂੰ ਗੈਰਕਾਨੂੰਨੀ ਜਮਾਤ ਕਰਾਰ ਦੇ ਦਿਤਾ। ਦੇਸ਼ ਭਗਤਾਂ ਦੇ ਕੇਂਦਰ, ਸ੍ਰੀ ਭੈਣੀ ਸਾਹਿਬ ਦੇ ਬੂਹੇ ਅਗੇ ਪੁਲਿਸ ਚੌਕੀ ਬਿਠਾ ਦਿਤੀ ਜਿਹੜੀ ੫੦ ਸਾਲ ਤਕ ਰਹੀ, ਪਰ ਕੂਕੇ ਹਡੀਆਂ ਫੂਕ ਫੂਕ ਤੇ ਸੀਨੇ ਦੀ ਚਰਬੀ ਪਾ ਪਾ ਕੇ ਦੇਸ਼ ਵਿੱਚ ਬਸੰਤ ਲਿਆਉਣ ਲਈ ਜਤਨਸ਼ੀਲ ਰਹੇ। ਉਨ੍ਹਾਂ ਦਾ ਸ਼ਾਂਤਮਈ ਦਾ ਸ਼ਸਤਰ ਮਹਾਤਮਾ ਗਾਂਧੀ ਜੀ ਨੇ ੧੯੨੦ ਵਿਚ ਸੰਭਾਲਿਆ ਤੇ ਡਾ. ਰਾਜਿੰਦਰ ਪ੍ਰਸਾਦ, ਪੰਡਿਤ ਜਵਾਹਰ ਲਾਲ ਨਹਿਰੂ, ਮੌਲਾਨਾ ਅਜ਼ਾਦ, ਸੁਭਾਸ਼ ਚੰਦਰ ਬੋਸ ਤੇ ਦੇਸ਼ ਦੇ ਨਰ-ਨਾਰੀਆਂ ਮੋਢੇ ਨਾਲ ਮੋਢਾ ਜੋੜ, ਬਸੰਤ ਲਿਆਉਣ ਲਈ ਸੰਘਰਸ਼ ਕੀਤਾ। ਅੰਤ ੧੯੪੭ ਦੇ ੧੫ ਅਗਸਤ ਵਾਲੇ ਦਿਨ ਦੇਸ਼ ਤੇ ਨਵੀਂ ਬਹਾਰ ਆਈ ਤੇ ਭਾਰਤ ਵਰਸ਼ ਦੇ ਗਲੀ ਗਲੀ, ਕੂਚੇ ਕੂਚੇ ਫੁੱਲਾਂ ਦੀ ਵਰਸ਼ਾ ਹੋਈ।

ਅਜ ਭਾਰਤ ਦੇ ਗੁਲਜ਼ਾਰ ਵਿੱਚ ਫਿਰਕੂ ਪੱਤਝੜ ਆਪਣਾ ਗੁਲ ਖਲਾਉਣਾ ਚਾਹੁੰਦੀ ਹੈ। ਸ਼ੈਤਾਨੀ ਤਾਕਤਾਂ ਸਿਰ ਚੁਕਣ ਲਈ ਮੌਕਿਆਂ ਦੀ ਤਾੜ ਵਿਚ ਹਨ, ਭਾਰਤ ਦੇ ਸੂਝਵਾਨਾਂ ਨੂੰ ਉਨ੍ਹਾਂ ਦੀ ਸਾਜਿਸ਼ ਤੋਂ ਚੁਕੰਨਾ ਰਹਿਕੇ ਬਸੰਤੀ ਬਹਾਰਾਂ ਮਾਨਣ ਲਈ ਤੱਤਪਰ ਰਹਿਣਾ ਚਾਹੀਦਾ ਹੈ। ਗਭਰੂਆਂ, ਬੁੱਧੀਜੀਵੀਆਂ, ਅਧਿਆਪਕਾਂ, ਵਕੀਲਾਂ, ਮਜ਼ਦੂਰਾਂ ਤੇ ਕਿਸਾਨਾਂ ਨੂੰ ਸ੍ਰੀ ਗੁਰਮੇਲ ਸਿਘ ਦੇ ਸ਼ਬਦਾਂ ਵੱਲ ਧਿਆਨ ਰਖਣਾ ਚਾਹੀਦਾ ਹੈ:

ਹਰ ਦਿਲ ਵਿਚ ਦੇਸ਼ ਪਿਆਰ ਹੋਵੇ,
ਚੇਤਾ ਵਤਨ ਦੀ
ਆਨ ਤੇ ਸ਼ਾਨ ਦਾ ਰਹੇ।
ਦੁਖੀ ਕੋਈ ਗ੍ਰਿਬ ਨ ਭਰੇ ਆਹੀਂ,
ਨ ਕੋਈ ਖ਼ਾਕ ਬਜ਼ੁਰਗਾਂ
ਦੀ ਛਾਣਦਾ ਰਹੇ।

ਅਜ ਹਰ ਭਾਰਤੀ ਨੂੰ ਦੇਸ਼ ਦੇ ਚਮਨ ਤੇ ਫਿਰਕੂ ਖਿਜ਼ਾਂ ਤੋਂ ਬਚਾਣ ਹਿੱਤ ਦੇਸ਼ ਦੀ ਏਕਤਾ, ਅਖੰਡਤਾ, ਖਾਤਰ ਪ੍ਰੇਮ, ਮੁਹੱਬਤ ਤੇ ਹਮਦਰਦੀ ਦੇ ਤਰਾਨੇ ਛੇੜਨ ਦੀ ਲੋੜ ਹੈ ਤੇ ਸਦਾ ਦੀ ਬਹਾਰ ਵਾਸਤੇ ਹੰਸ ਦੇ ਇਹ ਸ਼ਬਦ ਨਿਗਾਹ ਹੇਠਾਂ ਰਖਣੇ ਲੋੜੀਦੇ ਹਨ:

ਸੌਖੀ ਨਹੀਂ ਅਜ਼ਾਦੀ ਮਿਲੀ ਸਾਨੂੰ
ਬੱਚਾ ਬੱਚਾ ਇਸ ਗਲ ਨੂੰ ਜਾਣਦਾ ਰਹੇ।
ਸਾਥੋਂ "ਹੰਸ" ਬਸੰਤ ਨਾ ਚਲੀ ਜਾਵੇ,
ਮੇਰਾ ਦੇਸ਼ ਬਹਾਰਾਂ ਮਾਣਦਾ ਰਹੇ।

(ਇਹ ਵਾਰਤਾ ੧੯੯੩ ਈ: ਦੀ ਬਸੰਤ ਪੰਚਮੀ 'ਤੇ ਰੇਡੀਓ ਸਟੇਸ਼ਨ ਦਿੱਲੀ ਤੋਂ ਪ੍ਰਸਾਰਤ ਹੋਈ।

ਞਞਞ

ਸ਼ੈਤਾਨੀ ਤਾਕਤਾਂ ਸਿਰ ਚੁਕਣ ਲਈ ਮੌਕਿਆਂ ਦੀ ਤਾੜ ਵਿਚ ਹਨ, ਭਾਰਤ ਦੇ ਸੁਝਵਾਨਾਂ ਨੂੰ ਉਨ੍ਹਾਂ ਦੀ ਸਾਜਿਸ਼ ਤੋਂ ਚੁਕੰਨਾ ਰਹਿਕੇ ਬਸੰਤੀ ਬਹਾਰਾਂ ਮਾਨਣ ਲਈ ਤੱਤਪਰ ਰਹਿਣਾ ਚਾਹੀਦਾ ਹੈ।

Namdhari Elibrary NamdhariElibrary@gmail.com

ਇਹ ਖ਼ਾਕੀ ਨਹੀਂ-ਨੂਰੀ ਹੈ

ਬੇਅੰਤ ਕੌਰ

ਇਸ ਦਿਸਦੇ ਪਿਸਦੇ ਜਗਤ ਵਿੱਚ ਮਨੁੱਖਤਾਈ ਜਦੋਂ ਅਗਿਆਨਤਾ ਦੇ ਹਨੇਰਿਆਂ ਵਿਚ ਗੋਤੇ ਖਾਣ ਲਗ ਪਈ, ਪਾਪ, ਜਬਰ, ਜ਼ੁਲਮ, ਅਤਿਆਚਾਰ ਦੀਆਂ ਹਨੇਰੀਆਂ ਦੇ ਝੱਖੜ ਝੁਲਣ ਲਗ ਪਏ, ਭਰਾ-ਭਰਾ ਦਾ ਵੈਰੀ ਹੋ ਗਿਆ, ਲਬ-ਲੋਭ ਹੰਕਾਰ ਦਾ ਸਮੁੰਦ੍ਰ ਠਾਠਾਂ ਮਾਰ ਉਠਿਆ, ਝੂਠ ਦਾ ਬੋਲ-ਬਾਲਾ ਹੋ ਗਿਆ, ਗਊ ਗਰੀਬ ਕਹਿਰ ਜ਼ੁਲਮ ਸਹਿਨ ਕਰਦੇ-ਕਰਦੇ ਤ੍ਰਾਹਿ-ਤ੍ਰਾਹਿ ਕਰ ਉਠੇ, ਲੋਕ ਵਿਭਚਾਰੀ ਤੇ ਵੇਸਵਾਗਾਮੀ ਹੋ ਗਏ, ਕਥਾ ਕੀਰਤਨ ਭਜਨ ਗੁਰਬਾਣੀ ਪਾਠ ਸਭ ਵਿਸਰ ਗਿਆ, ਦਸਮੇਸ਼ ਪਿਤਾ ਦੀਆਂ ਰਹਿਤਾਂ ਵਿਸਾਰਕੇ, ਖਾਲਸਾ ਖ਼ਾਲਸ ਨਾ ਰਹਿਕੇ, ਕੁਕਰਮਾਂ ਤੇ ਕੁਰਹਿਤਾਂ ਦੀ ਦਲ-ਦਲ ਵਿੱਚ ਫਸ ਗਿਆ, ਜਦੋਂ ਕੁੜੀਆਂ ਨੂੰ ਬਚਪਨ ਵਿਚ ਗਲਾ ਘੁੱਟਕੇ ਮਾਰ ਦਿਤਾ ਜਾਂਦਾ ਸੀ, ਉਸਨੂੰ ਅਨਾਦਰਿਤ ਕੀਤਾ ਜਾਂਦਾ ਸੀ, ਉਸਨੂੰ ਸਮਾਜ ਦੇ ਹਰ ਤਾਹਣੇ ਮਿਹਣੇ ਸਹਿਨ ਕਰਨੇ ਪੈਂਦੇ ਸਨ, ਜਦੋਂ ਭਾਰਤ ਮਾਤਾ ਪਰਤੰਤ੍ਰਤਾ ਦੀਆਂ ਬੇੜੀਆਂ ਵਿਚ ਜਕੜੀ ਹੋਈ ਠੰਢੀਆਂ ਆਹਾਂ ਤੇ ਹੌਕੇ ਭਰ ਰਹੀ ਸੀ, ਵਿਦੇਸ਼ੀ ਗੋਰਿਆਂ ਬਿੱਲਿਆਂ ਨੇ ਜ਼ੁਲਮ ਢਾਹੁਣ ਵਿਚ ਰਤਾ ਭਰ ਵੀ ਕਸਰ ਨਹੀਂ ਛੱਡੀ ਸੀ, ਲੋਕਾਈ ਚੀਖ ਉੱਠੀ- ਬਿਲਖ ਉੱਠੀ, ਧਰਤੀ ਜਾਬਰਾਂ ਦੇ ਜ਼ੁਲਮਾਂ ਨਾਲ ਭਾਰਾਕ੍ਰਿਤ ਹੋਕੇ ਇਹ ਸਭ ਕੁਝ ਸਹਾਰ ਨਾ ਸਕੀ, ਠੀਕ ਉਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਅਲੌਕਿਕ ਢੰਗ ਨਾਲ ਮਾਤਾ ਸਦਾ ਕੌਰ ਪਿਤਾ ਜੱਸਾ ਸਿੰਘ ਦੇ ਗ੍ਰਹਿ ਵਿਖੇ ਪਿੰਡ ਰਾਈਆਂ ਦੀ ਪਵਿੱਤ੍ਰ-ਪਾਵਨ ਧਰਤੀ ਤੇ ਮਾਘ ਸੁਦੀ ੫ ਸੰਮਤ ੧੮੭੨ ਬਿ: ਮੁਤਾਬਕ ੩ ਫਰਵਰੀ ਸੰਨ ੧੮੧੬ ਈਸਵੀ, ਵੀਰਵਾਰ, ਬਸੰਤ ਪੰਚਮੀ ਵਾਲੇ ਦਿਨ ਅਵਤਾਰ ਧਾਰਨ ਕੀਤਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਬਾਰੇ ਫੁਰਮਾਉਂਦੇ ਹਨ:-

ਇਤਿਹਾਸਕਾਰਾਂ ਦਾ ਲੇਖ ਹੈ- 'ਪੰਚਮੀ' -ਗੁਰੂ ਗੋਬਿੰਦ ਸਿੰਘ ਜੀ ਦਾ ਲੇਖ ਹੈ- 'ਖਸ਼ਟਮੀ'- ਅਸੀਂ ਇੱਕ ਚੀਜ਼ ਨੂੰ ਮੰਨ ਕੇ ਜਿਹੜੀ ਹੁਣ ਵਾਲੀ ਰਾਤ ਹੈ, ਇਸ ਨੂੰ ਸਤਿਗੁਰਾਂ ਦਾ ਪ੍ਰਕਾਸ਼ ਉਤਸਵ ਸਮਝਦੇ ਹਾਂ ਕਿਉਂਕਿ ਗੁਰਿੰਡਨਾਮਾ ਜਿਸ ਵੇਲੇ ਪੜ੍ਹੀਏ ਪਤਾ ਲਗਦਾ ਹੈ,

ਥਿਤ ਅਸ਼ਟਮੀ ਸੁਰ ਗੁਰ ਵਾਰਾ;-ਭਸਮੰਤ ਨਗਰ ਸਤਿਲੁਦ੍ਰ ਕਿਨਾਰਾ।

ਭਾਈ ਗਿਆਨ ਸਿੰਘ ਜੀ ਗਿਆਨੀ ਕਹਿੰਦੇ ਹਨ, "ਮਾਘ ਸੁਦੀ ਪੰਚਮੀ ਸਵੇਰੇ ਗੁਰੂ ਵਾਰ ਕੇ।" ਪੰਚਮੀ ਨੂੰ ਅਸੀਂ ਮਨਾ ਲੈਂਦੇ ਹਾਂ- ਪਰ ਸਤਿਗੁਰੂ ਦੇ ਨਾਲ-ਗੁਰੂ ਗੋਬਿੰਦ ਸਿੰਘ ਦਾ ਕਥਨ ਜਿਹੜਾ ਹੈ- ਭਾਈ ਸਾਹਿਬ ਗਿਆਨ ਸਿੰਘ ਜੀ ਦਾ ਉਹਨਾਂ ਦੇ ਮੁਕਾਬਲੇ ਵਿੱਚ



ਨਹੀਂ ਅਸੀਂ ਮੰਨ ਸਕਦੇ, ਸਾਡੇ ਨਾਲੋਂ ਜ਼ਰੂਰ ਉਹ ਚੰਗੇ ਨੇ। ਇਹ ਜਿਹੜੀ ਹੁਣ ਵਾਲੀ ਰਾਤ ਆਉਂਣੀ ਹੈ- ਇਹ ਸਤਿਗੁਰਾਂ ਦਾ ਪ੍ਰਕਾਸ਼ ਉਤਸਵ ਹੈ। ਸਤਿਗੁਰੂ ਰਾਮ ਸਿੰਘ ਦਾ ਆਉਣਾ, ਗੁਰ ਅਵਤਾਰ ਦਾ ਪ੍ਰਗਟ ਹੋਣਾ- ਇਹ ਇਕ ਜਗ੍ਹਾ ਨਹੀਂ ਲਿਖਿਆ ਹੋਇਆ। ਸੂਰਜ ਪ੍ਰਕਾਸ਼ ਨੂੰ ਪੜ੍ਹੋ-ਤਾਂ ਲਿਖਿਆ ਹੈ:

"ਬੇਰ ਗਿਯਾਰਵੀਂ ਹਮ ਚਲ ਆਵਹਿ।
ਤਿਸਤੇ ਕੋਇਕੁ ਹਮ ਲਖ ਪਾਵਹਿ।
ਪੰਥ ਖਾਲਸਾ ਖੇਤੀ ਮੇਰੀ।
ਕਰੌ ਸੰਭਾਲਨ ਮੈਂ ਤਿਸ ਬੇਰੀ।" (ਸੂਰਜ ਪ੍ਰਕਾਸ਼)

ਗੁਰੂ ਨਾਨਕ ਦੀ ਜਨਮ ਸਾਖੀ, ਅਜਿਤੇ ਰੰਧਾਵੇ ਦੀ ਗੋਸ਼ਟ ਵਿੱਚ ਗੁਰੂ ਸਾਹਿਬ ਨੇ ਕਿਹਾ ਔਰ ਅਜੇ ਉਹ ਛਪੀਆਂ ਹੋਈਆਂ ਪੁਸਤਕਾਂ ਹੈਨ ਉਦੂੰ ਬਾਦ ਜਿਹੜੀਆਂ ਛਪੀਆਂ ਉਹਦੀ ਸ਼ਕਲ ਬਦਲੀ ਗਈ। ਉਹ ਲਿਖਿਆ ਹੈ:

ਸਤਰਿ ਜਾਮੇ ਭਗਤ ਜਨਿ ਚਉਦਾਂ ਸਤਿਗੁਰੂ ਰਾਇ।।
ਗੁਰਮੁਖਿ ਹੋਇ ਸੋ ਮਿਲ ਰਹੈ ਮਨਮੁਖ ਲਹੈ ਸਜਾਇ।।
ਭਹਿ ਬੇੜੈ ਲੈ ਜਾਹਿਗਾ ਸਾਧ ਜਨ ਕੇ ਪੂਰ।।
ਬੇ ਮੁਖਿ ਤੁਟੇ ਤੁਟਿ ਮੁਏ ਸਨਮੁਖਿ ਭਏ ਕਬੂਲ।।
ਗੁਰੂ ਸ਼ਬਦ ਜਿਨੀ ਜਾਣਿਆ ਮਿਟਿ ਗਿਆ ਆਵਣ ਜਾਣ।।
ਨਾਨਕ ਜਾਤਾ ਖਸਮ ਜਿਨਿ ਆਏ ਤੇ ਪਰਵਾਨ।।
(ਅਜਿੱਤੇ ਰੰਧਾਵੇ ਦੀ ਗੋਸ਼ਟ)

ਏਦਾਂ ਅਜਿਤਿਆ ਬਾਰਵਾਂ ਜਾਮਾ ਨਿਰਾਲੰਬ ਸਭ ਤੇ ਨਿਆਰਾ ਰਹੇਗਾ-ਕਰੜਾ ਰਾਹ ਦੱਸੇਗਾ ਸੂਲੀ ਸ਼ਬਦ ਉਚਾਰੇਗਾ।

ਫੇਰ ਉਸਤੋਂ ਮਗਰੋਂ ਪੜੋ ਸੌ ਸਾਖੀ।
"ਤਿਸ ਮੈਂ ਰਾਮ ਸਿੰਘ ਮਮ ਸਾਰਾ। ਦੇਸ਼ ਮਾਲਵੇ ਮੈਂ ਅਵਤਾਰਾ।
ਰਾਮ ਸਿੰਘ ਉਚ ਨੀਚਨ ਡਰੈ। ਅਵਨੀ ਇਕ ਰਸੌਦੀ ਕਰੈ।"

ਉਠੈ ਨੀਚਨ ਡਰੈ, ਕਈ ਲੋਕ ਪੜ੍ਹਦੇ ਹਨ, ਇਹ ਅੱਖਰ ਗਲਤ ਕੀਤੇ ਹੋਏ ਹਨ। ਰਾਮ ਸਿੰਘ ਉਚਿਆਂ ਨੂੰ ਉਚਤਾਈ ਤੋਂ ਹਟਾਵੇਗਾ, ਨੀਵਿਆਂ ਨੂੰ ਨੀਵੇਤਾਈ ਤੋਂ ਚੁੱਕ ਕੇ ਇਕੋ ਜਿਹੇ ਕਰ ਦੇਵੇਗਾ ਔਰ ਇਹ ਸਤਿਗੁਰਾਂ ਦੇ ਵਕਤ ਵਿੱਚ ਚੱਕਰਵਰਤੀ ਜੀ ਤੁਹਾਨੂੰ ਸੁਣਾਇਆ ਸੀ ਬਈ, ਉਹ ਰੁਪਇਆ ਸਿੱਖ ਨੇ ਦਿੱਤਾ-ਨਾ ਉਥੇ ਤਰਖਾਣ, ਨਾ ਉਥੇ ਜੱਟ, ਨਾ ਉਥੇ ਖਤਰੀ, ਨਾ ਉਥੇ ਬ੍ਰਾਹਮਣ, ਨਾ ਉਥੇ ਮਜ਼੍ਹਬੀ, ਨਾ ਉਥੇ ਚੂਹੜਾ। ਸਿੱਖ ਨੂੰ ਸਿੱਖ, ਹਰ ਇਕ ਸਿੱਖ ਨੂੰ ਸਿੱਖ ਆਪਣੇ ਵਰਗਾ ਰੂਪ ਜਾਣਦਾ ਸੀ।

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਨੇ ਇਹ ਚੀਜ਼ ਬਣਾਈ- "ਅਵਨੀ ਏਕ ਰਸੋਈ ਕਰੇ"- ਇਕ ਰਸ ਕੀਤੀ ਤਾਂ ਉਹਨਾਂ ਦੱਸਿਆ ਕਿ ਅਸਾਂ ਪੁਸਤਕਾਂ ਨੂੰ ਖਰਾਬ ਕੀਤਾ। ਪੁਸਤਕ ਖਰਾਬ ਹੋ ਜਾਣ-ਕੁਝ ਹੋ ਜਾਏ ਜਿਹੜਾ ਵਕਤ ਹੈ ਉਸੇ ਤਰ੍ਹਾਂ ਬਣੇਗਾ। ਆਹ ਕੂਕਿਆਂ ਦੇ ਜਿੰਮੇ ਰੋਜ਼ ਇਹ ਗੱਲ ਲੱਗੀ ਰਹਿੰਦੀ ਕਿਉਂਕਿ ਅਸੀਂ ਤੇ ਸੁੰਨੀ ਸਿੱਖ ਹਾਂ।" ਜਿਹੜੇ ਸਾਡੇ ਬਜ਼ੁਰਗ ਜਿਹੜੇ ਪੁਰਾਤਨ ਸਨ ਮਾਤਾ ਜੀ ਜਾਂ ਹੋਰ ਉਨ੍ਹਾਂ ਦੇ ਵਕਤ ਦੇ-ਜਿਨ੍ਹਾਂ ਨੇ ਸਤਿਗੁਰਾਂ ਦੇ ਦਰਸ਼ਨ ਕੀਤੇ ਸਨ- ਉਹ ਕਹਿੰਦੇ ਸੀ, "ਭਾਈ ਵਕਤ ਬੜਾ ਬੁਰਾ ਆਵੇਗਾ ਸਤਿਗੁਰਾਂ ਦੇ ਹੁਕਮ ਸੁਣਾਉਂਦੇ ਸੀ ਕਿ ਪਤਾ ਸਭ ਨੂੰ ਲੱਗ ਜਾਵੇਗਾ, ਨਿਕਲੇਗਾ ਕੋਈ ਵਿਰਲਾ।"

ਸਤਿਗੁਰਾਂ ਦਾ ਪ੍ਰਗਟ ਹੋਣਾ-ਸਤਿਗੁਰਾਂ ਦਾ ਪ੍ਰਕਾਸ਼ ਹੋਣਾ- ਗੁਰੂ ਗੋਬਿੰਦ ਸਿੰਘ ਦਾ ਲਿਖਿਆ ਹੋਇਆ,

'ਥਿਤ ਖਸਟਮੀਂ ਸੁਰ ਗੁਰ ਵਾਰਾ।
ਭਸਮੰਤ ਨਗਰ ਸਤ੍ਰਿਲੁਦ੍ਰ ਕਨਾਰਾ।"
'ਧੰਨ ਉਹ ਦਿਵਸ ਪ੍ਰਗਟ ਬਪੁ ਧਾਰੈ।
ਬਹੁ ਨਿਵਾਸੁ ਸਤਿਲੁਦ੍ਰ ਕਿਨਾਰੇ।'

ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਕਿਸ ਤਰ੍ਹਾਂ ਹੋਇਆ, ਇਹ ਮਸ਼ਹੂਰ ਗੱਲ ਹੈ- ਬਾਬਾ ਜੀ, ਜਿਹਨੂੰ ਪਿਤਾ ਸਤਿਗੁਰਾਂ ਦੇ ਕਹਿੰਦੇ ਸੀ- ਸਿੱਖਾਂ ਦੇ ਸਾਹਮਣੇ ਇਕ ਦਿਨ ਬੈਠਿਆਂ ਕਹਿੰਦੇ ਨੇ- ਤੂੰ ਕਹਿੰਦਾ ਹੋਵੇਂਗਾ ਮੇਰਾ ਪੁੱਤਰ ਹੈ, ਤੂੰ ਸੱਚ ਦੱਸ ਮੈਂ ਤੇਰੇ ਘਰ ਪੈਦਾ ਹੋਇਆ ਹਾਂ- ਸਾਧ ਸੰਗਤ ਦੇ ਵਿੱਚ ਬੈਠਿਆ। ਸਾਧ ਸੰਗਤ ਨੇ ਅਰਜ ਕੀਤੀ-ਬਾਬਾ ਜੀ ਅੱਗੋ।

ਬਾਬਾ ਜੱਸਾ ਸਿੰਘ ਉਦੋਂ ਤੇ ਜੱਸੇ ਹੀ ਸਨ, ਸਤਿਗੁਰਾਂ ਦੀ ਕਿਰਪਾ ਨਾਲ ਮੁੜ ਕੇ ਕਛਹਿਰਾ ਪਾਇਆ- ਕਹਿਣ ਲੱਗੇ ਕਿ ਸਾਨੂੰ ਪਤਾ ਸੀ ਕਿ ਸਾਡੇ ਘਰ ਬੱਚਾ ਹੋਣਾ ਹੈ। ਜਿਸ ਦਿਨ ਬੱਚਾ ਹੋਣ ਦਾ ਵਕਤ ਹੋਇਆ ਇਹੋ ਹੀ ਰਾਤ ਜਿਹੜੀ ਆਉਣ ਵਾਲੀ ਹੈ- ਉਹ ਦਾਈ ਨੂੰ ਬੁਲਾਇਆ। ਇਕ ਅੰਦਰੋਂ ਜਲ ਪਾਣੀ ਦੀ ਗੰਦ ਮਸ਼ਕ....ਜਿਹੀ ਬਣੀ ਹੋਈ ਨਿਕਲੀ। ਦਾਈ ਨੇ ਬਾਬੇ ਹੋਰਾਂ ਨੂੰ ਸੱਦਿਆ ਕਿ ਇਹ ਕੁਝ ਨਿਕਲਿਆ ਹੈ। ਹਿੰਦੂ ਮੱਤ ਅਨੁਸਾਰ ਉਸ ਨੂੰ ਤੀਲਾ ਲਾਇਆ, ਪਾਣੀ ਨਿਕਲ ਗਿਆ। ਹਿੰਦੂ ਮੱਤ ਅਨੁਸਾਰ ਜਿਹੜੀ ਏਹੋ ਜਿਹੀ ਚੀਜ ਹੋਵੇ-ਹਿੰਦੂ ਬਾਹਰ ਨਹੀਂ ਉਹਨੂੰ ਲਿਜਾਂਦੇ। ਉਨ੍ਹਾਂ ਉਥੇ ਟੋਇਆ ਪੁੱਟਿਆ ਇਕ ਪਾਸੇ ਦੱਬ ਦਿੱਤੀ। ਬਾਬਾ ਜੀ, ਰਾਮ-ਰਾਮ ਦਾ ਭਜਨ ਕਰਦੇ ਕਹਿਣ ਲੱਗੇ, "ਹੇ ਰਾਮ, ਕੀ ਥਾ ਕੀ ਹੋ ਗਿਆ।"

ਇਸ ਨੂਰ ਮਹਾ-ਨੂਰ ਨੇ ਸਿਰਫ਼ ਰਾਈਆਂ ਪਿੰਡ ਦੇ ਲੋਕਾਂ ਦੀਆ ਅੱਖਾਂ ਨੂੰ ਚੁੰਧਿਆਇਆ ਹੀ ਨਹੀਂ ਸੀ, ਸਗੋਂ ਇਸ ਨੂਰ ਦੇ ਪ੍ਰਕਾਸ਼ ਨੇ ਸਾਰੇ ਵਿਸ਼ਵ ਨੂੰ ਨੂਰੋ-ਨੂਰ ਕਰ ਦਿੱਤਾ। ਆਗਿਆਨਤਾ ਦਾ ਅੰਧਕਾਰ ਦੂਰ ਹੋ ਗਿਆ, ਗਿਆਨ ਦੇ ਪ੍ਰਕਾਸ਼ ਦੀਆਂ ਕਿਰਣਾਂ ਨੇ ਹਰ ਪਾਸੇ ਉਜਾਲਾ ਹੀ ਉਜਾਲਾ ਕਰ ਦਿੱਤਾ।

ਹੁਣ ਇਹ ਗੱਲਾਂ ਕਰਦੇ ਹਨ। ਮਾਤਾ ਜੀ ਨੇ ਇਸ਼ਨਾਨ ਕਰ ਲਿਆ, ਸਤਿਗੁਰੂ ਜੀ ਪਲੰਘ ਉਤੇ ਖੇਡਦੇ ਹਨ। ਕਬੀਰ ਜੀ ਨੇ ਲਿਖਿਆ ਹੈ:

ਸੰਕਟਿ ਨਹੀ ਪਰੈ ਜੋਨਿ ਨਹੀ ਆਵੈ
ਨਾਮੁ ਨਿਰੰਜਨ ਜਾ ਕੋ ਰੇ॥
ਕਬੀਰ ਕੋ ਸੁਆਮੀ ਐਸੋ ਠਾਕੁਰੁ
ਜਾ ਕੈ ਮਾਈ ਨਾ ਬਾਪੋ ਰੇ॥ (ਪੰਨਾ-੩੩੯)

ਗੁਰੂ ਅਰਜਨ ਦੇਵ ਮਹਾਰਾਜ ਭੈਰਓ ਰਾਗ ਵਿਚ ਕਹਿੰਦੇ ਨੇ:

ਸਗਲੀ ਥੀਤਿ ਪਾਸਿ ਡਾਰਿ ਰਾਖੀ॥
ਅਸਟਮ ਥੀਤਿ ਗੋਵਿੰਦ ਜਨਮਾ ਸੀ॥੧॥
ਭਰਮਿ ਭੂਲੇ ਨਰ ਕਰਤ ਕਚਰਾਇਣ॥
ਜਨਮ ਮਰਣ ਤੇ ਰਹਤ ਨਾਰਾਇਣ॥੧॥ ਰਹਾਉ॥
ਕਰਿ ਪੰਜੀਰੁ ਖਵਾਇਓ ਚੋਰ॥
ਓਹੁ ਜਨਮਿ ਨ ਮਰੈ ਰੇ ਸਾਕਤ ਢੋਰ॥
ਸਗਲ ਪਰਾਧ ਦੇਹਿ ਲੋਰੋਨੀ॥
ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥(ਪੰਨਾ ੧੧੩੬)

ਉਹ ਸੜ ਜਾਏ ਮੂੰਹ, ਜਿਹੜਾ ਕਹਿੰਦਾ ਹੈ- ਸਤਿਗੁਰੂ ਜੂਨ ਦੇ ਰਸਤੇ ਆਉਂਦਾ ਹੈ ਕਿਉਂਕਿ ਉਹ ਅਜੂਨੀ ਹੈ। ਸਤਿਗੁਰਾਂ ਨੇ ਇਸ ਤਰ੍ਹਾਂ ਪ੍ਰਕਾਸ਼ ਕੀਤਾ, ਰੌਲਾ ਪਿਆ। ਦਾਈ ਤੇ ਆਕੇ ਆਖੇ, "ਜੱਸੇ ਲੁਹਾਰ ਦੇ ਘਰ ਮਸ਼ਕ ਜੰਮੀ ਹੈ।"

ਮਾਈਆਂ ਜਾ ਕੇ ਦਰਸ਼ਨ ਕਰਕੇ, ਕਈ ਜਿਹੜੀਆਂ ਪਿੰਡ ਦੀਆਂ ਜਨਾਨੀਆਂ ਉਨ੍ਹਾਂ ਆ ਆਖਿਆ, "ਤੂੰ ਤੇ ਝੂਠ ਬੋਲਦੀ ਹੈਂ। ਉਹ ਤੇ ਸੂਰਜ ਵਰਗੇ ਪ੍ਰਕਾਸ਼ ਵਾਲਾ ਬੱਚਾ, ਉਹਨਾਂ ਦੇ ਘਰ ਹੈ।"

ਦਾਈ ਕਹਿੰਦੀ ਹੈ, "ਮੈਂ ਆਪਣੇ ਹੱਥੀਂ ਦੱਬ ਕੇ ਆਈ ਹਾਂ-ਮਸ਼ਕ।"

ਉਹ ਕਹਿੰਦੇ ਨੇ, "ਜਾ ਕੇ ਵੇਖ।"

ਜਿਸ ਵੇਲੇ ਦਾਈ ਨੇ ਜਾ ਕੇ ਵੇਖਿਆ-ਉਹ ਮੁਸਲਮਾਨੀ ਸੀ-ਉਸ ਹੋਕਾ ਦਿੱਤਾ ਪਿੰਡ ਵਿੱਚ "ਇਹ ਖ਼ਾਕੀ ਨਹੀਂ, ਇਹ ਨੂਰੀ ਹੈ।"

ਇਸ ਨੂਰ ਮਹਾ-ਨੂਰ ਨੇ ਸਿਰਫ਼ ਰਾਈਆਂ ਪਿੰਡ ਦੇ ਲੋਕਾਂ ਦੀਆ ਅੱਖਾਂ ਨੂੰ ਚੁੰਧਿਆਇਆ ਹੀ ਨਹੀਂ ਸੀ, ਸਗੋਂ ਇਸ ਨੂਰ ਦੇ ਪ੍ਰਕਾਸ਼ ਨੇ ਸਾਰੇ ਵਿਸ਼ਵ ਨੂੰ ਨੂਰੋ-ਨੂਰ ਕਰ ਦਿੱਤਾ। ਆਗਿਆਨਤਾ ਦਾ ਅੰਧਕਾਰ ਦੂਰ ਹੋ ਗਿਆ, ਗਿਆਨ ਦੇ ਪ੍ਰਕਾਸ਼ ਦੀਆਂ ਕਿਰਣਾਂ ਨੇ ਹਰ ਪਾਸੇ ਉਜਾਲਾ ਹੀ ਉਜਾਲਾ ਕਰ ਦਿੱਤਾ। ਰਿਤੂ-ਰਾਜ ਬਸੰਤ ਫੁਲਿਆ ਨਹੀਂ ਸੀ ਸਮਾ ਰਿਹਾ, ਪ੍ਰਕ੍ਰਿਤਿ ਵਿਚ ਇਕ ਅਨੋਖਾ ਖੇੜਾ, ਹੁਲਾਸ। ਵਨ, ਉਪਵਨ ਰੰਗ ਬਰੰਗੇ ਭਾਂਤ-ਭਾਂਤ ਦੇ ਫੁੱਲਾਂ ਨਾਲ ਚਾਰ ਚੁਫੇਰੇ ਆਪਣੀ ਸੁੰਦਰਤਾ ਬਿਖੇਰ ਰਹੇ ਸਨ, ਬੁਲਬੁਲਾਂ ਆਪਣੀਆਂ ਮਧੁਰ ਸੁਰੀਲੀਆਂ ਸੁਰਾਂ ਰਾਹੀ ਕਹੁ-ਕਹੁ ਕਰਕੇ, ਹਰ ਕਣ-ਕਣ ਨੂੰ ਆਨੰਦਿਤ ਕਰਕੇ ਝੂਮ ਉਠੀਆਂ, ਮੋਰ ਆਪਣੇ ਖੰਭ ਖਲਾਰਕੇ ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਪੈਲਾਂ ਪਾਉਣ ਲਗ ਪਏ। ਪ੍ਰਕ੍ਰਿਤੀ ਹਾਰ ਸ਼ਿੰਗਾਰ ਕਰਕੇ ਆਪਣੇ ਪੂਰਨ ਜੋਬਨ ਤੇ ਸੀ, ਧਰਤੀ ਅਕਾਸ਼ ਨੂਰ-ਮਹਾਂ ਨੂਰ ਦੇ ਦਰਸ਼ਨ ਕਰਕੇ ਨੂਰੋ-ਨੂਰ ਹੋ ਰਹੇ ਸੀ, ਭੌਰੇ ਵੰਨ-ਸੁਵੰਨੇ ਧਮਕਾ ਤੇ ਗੂੰਜਾਰ ਕਰਕੇ ਮਿਠਾਸ ਪ੍ਰਾਪਤ ਕਰਨ ਲਈ ਉਤਾਵਲੇ

Namdhari Elibrary NamdhariElibrary@gmail.com

ਹੋ ਰਹੇ ਸਨ, ਮਿਠੀ-ਮਿਠੀ ਸੀਤਲ ਸਮੀਰ ਸਾਰੇ ਵਾਤਾਵਰਨ ਵਿਚ ਮਹਿਕ, ਸੁਗੰਧੀ ਦੀਆਂ ਲਪਟਾਂ ਬਿਖੇਰ ਰਹੀ ਸੀ, ਖੁਸ਼ੀਆਂ, ਬਹਾਰਾਂ ਦਾ ਸਾਗਰ ਉਮਡ ਪਿਆ, ਕਿਉਂਕਿ ਅਜ ਅਵਤਾਰ ਧਾਰਨ ਕੀਤਾ ਹੈ,—

ਕੰਜਲਕ ਨੈਨ ਕੰਬੁ ਗ੍ਰੀਵਹਿ
ਕਟਿ ਕੇਹਰ ਕੁੰਜਰ ਗਵਨ
ਕਜਲੀ ਕੁਰੰਕ ਕਰਪੂਰ ਗਤ
ਬਿਨ ਅਕਾਲ ਦੂੱਜੋ ਕਵਨ।।

ਭਾਈ ਧਿਆਨ ਸਿੰਘ ਜੀ ਸਤਿਗੁਰੂ ਬਿਲਾਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਸੁੰਦਰਤਾ ਦਾ ਵਰਨਣ ਇੰਝ ਕਰ ਰਹੇ ਹਨ।

ਲਾਂਬੀ ਭੁਜਾ ਵ ਲਾਂਬੀ ਡੀਲ।
ਮ੍ਰਿਗਿੰਦ ਬਾਕ ਪੂਰਣ ਗੁਣ ਸੀਲ।
ਛਟੀ ਹਾਥ ਸੁੰਦਰ ਨਿਜ ਮੌਜ।
ਚਲੈ ਆਤ ਸੁਆਮੀ ਜਗ ਫੌਜ।

ਆਜਾਨ ਬਾਹੁ, ਸ਼ਾਹਿਨਸ਼ਾਹ, ਸਤਿਗੁਰੂ ਰਾਮ ਸਿੰਘ ਜੀ ਅਨੰਦ ਹੀ ਆਨੰਦ ਦੀ ਸਾਕਾਰ ਪ੍ਰਤਿਮਾ ਹਨ। ਉਨ੍ਹਾਂ ਦੇ ਪਵਿਤ੍ਰ ਦਰਸ਼ਨ ਜਨਮ-ਜਨਮਾਂਤ੍ਰਾਂ ਦੇ ਦੁਖ ਦੂਰ ਕਰਦੇ ਹਨ,

ਸਵੈਯਾ

ਵਾਹਿ ਸੁ ਰਾਮ ਮ੍ਰਿਗਿੰਦ੍ਰ ਗੁਰੂ ਜਸ ਚੰਦ
ਜੋ ਤਾਤ ਅਨੰਦਹ ਮੂਰਤ।
ਮੁਸਕਾਵਤ ਮੰਦ ਮੁਕੰਦ ਜਬੈ ਸੁਖ ਕੰਦ
ਮਨੋ ਹਰਿਭਾਵਨ ਪੂਰਤ।
ਪੂਜਤ ਇੰਦ ਨਰਿੰਦ ਫਨਿੰਦ ਜਪੈ ਜਨ
ਬ੍ਰਿੰਦ ਸੁ ਗੋਬਿੰਦ ਸੂਰਤ।
ਪਰ ਕੰਜ ਮਨਿੰਦ ਸੋ ਬੰਦਤ ਹੈ ਜਨ
ਧਿਆਨ ਮ੍ਰਿਗਿੰਦ ਸਦਾ ਦੁਖ ਦੂਰਤ।।

ਆਓ ਅਜ ਅਸੀਂ ਸਾਰੇ ਪ੍ਰਣ ਕਰੀਏ ਕਿ ਜਦੋਂ ਕਦੇ ਵੀ ਸਮਾਂ ਮਿਲੇ, ਵਿਹਲ ਦੇ ਕੁਝ ਪਲ ਮਿਲਣ ਆਪਣੀ ਰਸਨਾ ਤੋਂ ਧੰਨ ਸਤਿਗੁਰੂ ਰਾਮ ਸਿੰਘ ਜੀ ਕਹਿਕੇ ਅਪਣਾ ਲੋਕ-ਪ੍ਰਲੋਕ ਦੋਵੇਂ ਸਵਾਰ ਲਈਏ ਤੇ ਸਤਿਗੁਰੂ ਜੀ ਦੇ ਪਵਿਤ੍ਰ ਚਰਣ ਕੰਵਲਾਂ ਤੇ ਸੰਤ ਧਿਆਨ ਸਿੰਘ ਜੀ ਦੇ ਸ਼ਬਦਾਂ ਵਿੱਚ ਨਮਸਕਾਰ ਕਰੀਏ।

ਕਬਿੱਤ

ਸਾਗਰ ਕੇ ਤਾਰਬੇ ਕੋ ਧਰਮ ਉਬਾਰਬੇ ਕੋ
ਦੇਵ ਰੀਤ ਧਾਰਬੇ ਕੋ ਮੂਰਤਿ ਦਿਖਾਇ ਹੈਂ।
ਗਊ ਦੀਨ ਰਾਖਿਬੇ ਕੋ ਅਮੀ ਰਸ ਚਾਖਿਬੇ ਕੋ
ਸੁਭ ਮਤ ਭਾਖਿਬੇ ਕੋ ਪੰਥ ਸੋ ਸਜਾਇ ਹੈਂ।
ਮਾਨਨ ਮਲੱਯਾ ਅਰੁ ਦੇਤਨ ਚਲੱਯਾ ਜਿਵੇਂ
ਸਾਵਰ ਕਨ੍ਹਯਾ ਪ੍ਰਗਟਾਏ ਇਸ ਭਾਇ ਹੈਂ।
ਮੇਰੀ ਨਮੋ ਭਯਾ ਆਹਿ ਜਸਾ ਸਿੰਘ ਜੱਯਾ,
ਸਿੰਘ ਤੇਜ ਕੇ ਬਢੱਯਾ ਗੁਰੂ ਰਾਮ ਸਿੰਘ ਰਾਇ ਹੈਂ।।੮੭।।

ਕਕਕ

ਅਜਿੱਤੇ ਰੰਧਾਵੇ ਦੀ ਗੋਸ਼ਟ

ਸ੍ਰੀ ਗੁਰੂ ਨਾਨਕ ਦੇਵ ਜੀ

..ਬੱਚਾ ਅਜਿਤਿਆ! ਹੁਣ ਕਲਿਜੁਗ ਆਇਆ ਹੈ। ਇਸ ਵਿਚ ਮਹਾਂ ਦੁੰਦ ਰਹੇਗਾ। ਕਿਸੇ ਕੀ ਰਹਿਣ ਨਹੀਂ ਦੇਵੇਗਾ। ਇਸ ਕਲਿਜੁਗ ਵਿਚ ਕਈ ਜਾਮੇ ਗੁਰੂ ਹੋਵਨਗੇ। ਚੌਦਾਂ ਜਾਮੇ ਗੁਰੂ ਜ਼ਾਹਰ ਹੋਵਣਗੇ। ਅਰ ਸਤਿਗੁਰ ਸਾਧ ਕਹੀਨਗੇ। ਅਰ ਜਦ ਗੁਰੂ ਜਾਮਾ ਪਹਿਰੇਗਾ ਤਾਂ ਗੁਰੂ ਅਕਾਲ ਪੁਰਖ ਕਾ ਭਾਣਾ ਮੰਨੇਗਾ। ਜੋ ਭਾਵੇਂ ਸੋ ਕਰੇ, ਅਤੇ ਸੁਣ ਭਾਈ ਅਜਿਤਿਆ! ਹੁਣ ਵਰਤਾਰਾ ਵੇਖ ਜੋ ਗੁਰੂ ਸਾਂਗ ਕਰੇਗਾ, ਤਾਂ ਸਿਖ ਸਭ ਨਾਲ ਭੁਲ ਜਾਣਗੇ। ਤੇ ਸਤਿਗੁਰੂ ਨੂੰ ਦੋਸ਼ ਰਖਣਗੇ। ਨਿੰਦਾ ਕਰਨਗੇ ਤਿਤ ਕਰਕੇ ਬੇਮੁਖ ਹੋਣਗੇ।

...ਭਾਈ ਅਜਿਤਿਆ! ਬਾਰ੍ਹਵਾਂ ਜਾਮਾ ਜਦ ਗੁਰੂ ਹੋਵੇਗਾ ਨਿਰਲੰਭ ਸਭ ਦੁਨੀਆਂ ਤੋਂ ਨਿਆਰਾ ਰਹੇਗਾ। ਅਤੇ ਆਪ ਕਉ ਜਨਾਵੇਗਾ ਨਹੀਂ। ਨਿਰਮੋਹ ਹੋਵੇਗਾ ਅਤੇ ਆਸਰਾ ਜੋ ਲਏਗਾ ਸੋ ਇੱਕ ਅਕਾਲ ਪੁਰਖ ਕਾ ਲਏਗਾ। ਸੂਲੀ ਸ਼ਬਦ ਉਚਰੇਗਾ। ਅਰ ਜੋ ਸਿੱਖ ਹੋਣਗੇ ਤਿਨਕੇ ਸ਼ਬਦ ਹੀ ਦਸੇਗਾ। ਇਸ ਕਰਕੇ ਜਗਤ ਵਿਖੇ ਜੈਕਾਰ ਹੋਵੇਗਾ, ਅਤੇ ਉਸਤਤ ਹੋਵੇਗੀ....ਅਤੇ ਗੁਰੂ ਘਰ ਕੇ ਬਚਨ ਇਹ ਹਨ! ਜ਼ੋਰ, ਜ਼ੁਲਮ, ਚੋਰੀ, ਜ਼ਾਰੀ, ਪਰ ਨਿੰਦਯਾ ਜੇ ਮੇਰਾ ਸਿਖ ਹੋਵੇ ਤਾਂ ਇਹ ਬਾਤਾਂ ਨ ਕਰੇ.....ਭਾਈ ਅਜਿਤਿਆ! ਬਾਰ੍ਹਵਾ ਜਾਮਾ ਕਰੜਾ ਰਾਹ ਦਸੇਗਾ।....ਭਾਈ ! ਕਲੀਕਾਲ ਵਿਚ ਬਾਰ੍ਹਵਾਂ ਗੁਰੂ ਭਾਰੀ ਅਵਤਾਰ ਹੋਵੇਗਾ।

ਬਚਾ ਅਜਿਤਿਆ! ਬਾਰ੍ਹਵਾਂ ਜਾਮਾ ਗੁਰੂ ਅਜਿਹਾ ਪਹਿਰੇਗਾ। ਸਭ ਤੋਂ ਨਿਆਰਾ, ਆਪ ਕਉ ਜਣਾਵੇਗਾ ਨਾ ਹੀ, ਨਿਰਲੇਪ ਹੀ ਰਹੇਗਾ ਅਤੇ ਸੂਲੀ ਸ਼ਬਦ ਉਚਰੇਗਾ। ਅਰ ਜੋ ਉਸ ਕੇ ਹੋਵਣਗੇ ਤਿਨ ਕਉ ਭੀ ਇਹ ਮਾਰਗ ਦਸੇਗਾ।.....

ਬੱਚਾ! ਬਾਰ੍ਹਵਾਂ ਮਹਿਲਾਂ ਖਰੇ ਕਰੜਾ ਮਾਰਗ ਦਸੇਗਾ! ਜੇ ਕੋਈ ਸਾਰੇ ਸੰਸਾਰ ਕੀ ਫਕੜੀ ਸਿਰ ਤੇ ਝਲੇਗਾ, ਸੋਈ ਉਸ ਮਹਿਲ ਕਉ ਮਿਲੇਗਾ। ਅਤੇ ਸੰਸਾਰ ਬਹੁਤ ਨਿੰਦਿਆ ਕਰੇਗਾ। ਗੁਰੂ ਦੇ ਚਲਣ ਦੇਖ ਕਰ। ਦੁਨੀਆਂ ਨਜੀਕ ਆਵਨ ਨ ਮਿਲੈਗੀ। ਅਤੇ ਜੇ ਕੋਈ ਗੁਰੂ ਨੂੰ ਮਿਲਣਾ ਚਾਹੇਗਾ, ਸੋ ਸੰਸਾਰ ਦੀ ਫਕੜੀ ਸਿਰ ਲਵੇਗਾ।

...ਨਵੇਂ ਸਿਰੇ ਤੇ ਸਿਖ ਹੋਣਗੇ ਅਤੇ ਉਨ੍ਹਾਂ ਕੇ ਬਖਸ਼ ਕਰ ਗੁਰੂ ਬੋਹਿਥ ਹੋਵੇਗਾ। ਅਤੇ ਸਿਖ ਜੋ ਹੋਵੇਗਾ ਉਸ ਜਹਾਜ਼ ਪਰ ਚੜ੍ਹ ਕੇ ਪਾਰ ਹੋਵੇਗਾ।....

ਅਤੇ ਜਿਨ੍ਹਾਂ ਪਾਸੋਂ ਰਹਿਤਾਂ ਤੇ ਉਹ ਕਰਮ ਨ ਹੋਣਗੇ, ਅਤੇ ਸੰਸਾਰ ਦੀ ਲਾਜ ਵਿਚ ਮਰਨਗੇ ਤਾਂ ਭਾਈ ਉਨ੍ਹਾਂ ਕੋ ਗੁਰੂ ਕਦੀ ਨ ਮਿਲੇਗਾ ਜੋ ਗੁਰੂ ਜੀ ਦੇ ਬਚਨਾਂ ਤੋਂ ਬੇਮੁਖ ਹੋਣਗੇ ਉਨ੍ਹਾਂ ਨੂੰ ਗੁਰੂ ਮੂੰਹ ਨ ਲਾਵੇਗਾ।....

ਜਨਮ ਸਾਖੀ ਭਾਈ ਬਾਲਾ

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ: ਸਿੱਖੀ ਰਹਿਤ ਦੇ ਪੁਨਰ ਜਨਮਦਾਤਾ

ਸੁਖਬੀਰ ਸਿੰਘ ਗੁਲ੍ਹਾਟੀ

ਸਿੱਖ-ਰਹਿਤ ਦਾ ਅਰਥ ਹੈ ਸਿੱਖ ਧਰਮ ਦੀ ਮਰਯਾਦਾ (ਡਿਸਿਪਲਿਨ) ਅਨੁਸਾਰ ਜੀਊਣ ਦੀ ਜਾਚ। ਧਰਮ ਕੋਈ ਵੀ ਹੋਵੇ ਉਸਦਾ ਇਕ ਮਹੱਤਵਪੂਰਨ ਪੱਖ ਜੀਵਨ-ਪ੍ਰਣਾਲੀ ਵਿਚ ਕੁਝ ਨਿਯਮਾਂ ਦਾ ਪਾਲਣ ਹੁੰਦਾ ਹੈ। ਇਹ ਪਾਲਣ ਜਿਤਨਾ ਮੁਕੰਮਲ ਤੇ ਜਿਤਨਾ ਸਹੀ, ਉਸਦੇ ਪੈਰੋਕਾਰ ਕਰਦੇ ਹਨ ਉਤਨਾਂ ਹੀ ਉਹ ਧਰਮ ਤੇ ਉਸਦੇ ਪੈਰੋਕਾਰ ਚੜ੍ਹਦੀਆਂ ਕਲਾਂ ਨੂੰ ਪ੍ਰਾਪਤ ਹੁੰਦੇ ਹਨ।

ਸਿੱਖ-ਧਰਮ ਦਾ ਮੂਲ ਸਰੋਕਾਰ ਮਨੁੱਖ ਨੂੰ ਸਚਿਆਰਾ ਬਨਾਉਣਾ ਹੈ (ਕਿਵ ਸਚਿਆਰਾ ਹੋਈਐ)। ਮਾਤਲੋਕੀ ਜੀਵਨ ਧਰਮ ਕਮਾਉਣ ਦਾ ਅਵਸਰ ਹੈ (ਧਰਤੀ ਥਾਪਿ ਰਖੀ ਧਰਮਸਾਲ)। ਇਸ ਲਈ ਕਿਸੇ ਵਿਦਵਾਨ ਦਾ ਇਹ ਕਥਨ ਕਿ ('Sikhism is not knowledge but a way of living') (ਸਿੱਖੀ ਗਿਆਨ ਨਹੀਂ ਜੀਵਨ-ਜਾਚ ਹੈ) ਬਹੁਤ ਹੀ ਸਾਰਥਕ ਹੈ। ਇਸ ਦਾ ਭਾਵ ਇਹ ਵੀ ਹੈ ਕਿ ਸਿੱਖ-ਧਰਮ ਵਿਚ ਦਾਰਸ਼ਨਿਕ ਚਿੰਤਨ ਉਪਰ ਐਨਾ ਜ਼ੋਰ ਨਹੀਂ ਜਿਨਾ ਵਿਅਕਤੀ ਦੀ ਆਚਰਣਕ ਉਸਾਰੀ ਉਪਰ। ਸੱਚ ਦੀ ਪ੍ਰਾਪਤੀ ਲਈ ਤਾਂ ਸੱਚ ਅਨੁਸਾਰੀ ਆਚਰਣ ਲਾਜ਼ਮੀ ਸ਼ਰਤ ਹੈ ਹੀ। ਸੱਚ ਦੇ ਸਾਖਿਆਤਕਾਰ ਤੋਂ ਬਾਦ ਜਦੋਂ ਸੱਚ ਨਾਲ ਇਕ-ਮਿਕ ਹੋਈ ਮਨੋ ਅਵਸਥਾ ਜੀਵਨ-ਜਾਚ ਵਿਚ ਸੱਚ-ਆਚਾਰ ਬਣਕੇ ਢਲਦੀ ਹੈ ਤਾਂ ਉਸਦਾ ਦਰਜਾ, ਗੁਰਬਾਣੀ ਅਨੁਸਾਰ, ਹੋਰ ਵੀ ਉੱਚਾ ਹੋ ਜਾਂਦਾ ਹੈ: "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ" ਸਿੱਖੀ ਰਹਿਤ ਦਾ ਸਿੱਧਾ ਸੰਬੰਧ ਸਿੱਖ ਦੇ ਆਚਰਣ ਨਾਲ ਹੈ। ਏਸੇ ਲਈ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਖਾਲਸਾ ਪੰਥ ਦੀ ਸਾਜਨਾ ਕੀਤੀ ਉਸ ਵਿਚ ਰਹਿਤ ਦੀ ਪਾਲਣਾ ਨੂੰ ਸਰਵੋਪਰਿ ਮਹੱਤਵ ਦਿੱਤਾ। ਏਥੋਂ ਤਕ ਕਿ ਉਹ ਕੇਵਲ ਉਸੇ ਸ਼ਖਸ ਨੂੰ ਆਪਣਾ ਸਿੱਖ ਸਵੀਕਾਰ ਕਰਦੇ ਹਨ ਜੋ ਰਹਿਤ ਵਿਚ ਪੂਰਾ ਹੋਵੇ— 'ਰਹਿਣੀ ਰਹੇ ਸੋਈ ਸਿੱਖ ਮੇਰਾ'। ਅਤੇ ਜਦੋਂ ਤੀਕ ਸਿੱਖ ਰਹਿਤ ਵਿਚ ਪੂਰੇ ਤੇ ਪੱਕੇ ਰਹੇ ਓਦੋਂ ਤਕ ਉਹ ਅਨਿਆਂ ਤੇ ਅਧਰਮ ਵਿਰੁੱਧ ਟੱਕਰ ਲੈਣ ਵਾਲੀ ਪ੍ਰਚੰਡ ਸ਼ਕਤੀ ਦੇ ਰੂਪ ਵਿਚ ਭਾਰਤੀ ਸਮਾਜ ਤੇ ਧਰਮ ਨੂੰ ਪ੍ਰਭਾਵਿਤ ਕਰਦੇ ਰਹੇ। ਪਰ ਸਮਾਂ ਬੀਤਣ ਤੇ ਜਦੋਂ ਰਹਿਤ ਵਿਚ ਸ਼ਿਥਲਤਾ ਤੇ ਵਿਕ੍ਰਿਤੀ ਆ ਗਈ ਤਾਂ ਉਹਨਾਂ ਦਾ ਸਾਰਾ ਗੌਰਵ ਜਾਂਦਾ ਰਿਹਾ।

ਇਤਿਹਾਸਕ ਹਵਾਲਿਆਂ ਅਨੁਸਾਰ ਰਹਿਤ ਦਾ ਜਿਹੋ ਜਿਹਾ



ਮੁਕੰਮਲ ਪਾਲਣ ਸ੍ਰੀ ਦਸਮੇਸ਼ ਜੀ ਦੇ ਸਮੇਂ ਸਿੱਖਾਂ ਵਿਚ ਸੀ, ਉਸ ਤੋਂ ਬਾਦ ਬੰਦਾ ਬਹਾਦਰ ਤਕ ਤਾਂ ਕਰੀਬ ਉਸੇ ਤਰ੍ਹਾਂ ਚਲਦਾ ਰਿਹਾ:

"ਸ੍ਰੀ ਗੁਰੂ ਦਸਮੇਸੈ
ਬੰਦੇ ਪ੍ਰਯੰਤ ਬਿਅੰਤ,
ਸਿੰਘ ਥੀਏ ਜੋਊ ਸੋਊ
ਚਾਲੂ ਐਸ ਥੇ ਚਲੇ।" (ਪੰਥ ਪ੍ਰਕਾਸ਼)

ਉਨ੍ਹਾਂ ਦੀ ਰਹਿਤ ਤੇ ਚਰਿਤ੍ਰ ਦਾ ਸਰੂਪ ਇਸ ਤਰ੍ਹਾਂ ਸੀ:

ਹੋਮ ਯੱਗ ਕਰਵਾਤੇ ਪ੍ਰਸਾਦ ਬਟਵਾਤੇ।।
ਰੌਣਕ ਰਖਾਤੇ ਗਾਤੇ ਸਬਦ ਜ਼ਬਾਨੀ ਥੇ।।
ਦੇਤੇ ਜੋ ਕਿਸਾਨ ਆਨ ਲੇਤੇ ਸਿੰਘ ਮੋਦ ਮਾਨ।।
ਥੇਤੇ ਬ੍ਰਹਮ ਗਿਆਨੀ ਤੈ ਉਪਾਸਕ ਮਹਾਨੀ ਥੇ।।
ਦਾਨੀ ਥੇ ਇਮਾਨੀ ਥੇ ਗੁਮਾਨੀ ਬੀਰ ਮਾਨੀ ਥੇ।।
ਸੁਦੇਵਗਨ ਸਾਨੀ ਥੇ ਬਦੇਹੀ ਸਮ ਗਯਾਨੀ ਥੇ।।
(ਪੰਥ ਪ੍ਰਕਾਸ਼)

ਪਰ ਉਸਤੋਂ ਬਾਦ ਤਸਵੀਰ ਬਦਲਣ ਲਗੀ। ਏਥੋਂ ਤਕ ਬਦਲੀ ਕਿ ਸਿੱਖ ਰਾਜ ਦੇ ਅੰਤਿਮ ਦਿਨਾਂ ਵਿਚ ਸਭ ਕੁਝ ਹੋਰ ਦਾ ਹੋਰ ਹੋ ਗਿਆ:

ਔਰੈ ਰੀਤ ਔਰੈ ਮੀਤ ਔਰੈ ਪ੍ਰਤੀਤ ਪ੍ਰੀਤ।
ਖਾਨ ਪਹਿਰਾਨ ਗਯਾਨ ਮਾਨ ਔਰੈ ਜਨ ਕੇ।
ਸਿੱਖੀ ਦਸਮੇਸ਼ ਕੀ ਸੁ ਕੀ ਅਪਰਦੇਸ ਕੀ
ਅਸਿੱਖੀ, ਪਰੀ ਪੇਸ਼ਗੀ ਛਿਨਾਰ ਬਨ ਠਨਕੇ।

ਬਦਲੀ ਹੋਈ ਤਸਵੀਰ ਦੀ ਪੂਰੀ ਝਾਂਕੀ ਜਿਵੇਂ ਕਿ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਨੇ ਪੇਸ਼ ਕੀਤੀ ਹੈ, ਵੇਖ ਕੇ ਦਿਲ ਤੜਫ਼ ਉਠਦਾ ਹੈ। ਸਿੱਖ ਸਰਦਾਰਾਂ ਤੇ ਜਗੀਰਦਾਰਾਂ ਦਾ ਪਤਨ ਤਾਂ ਹੱਦਾਂ ਹੀ ਪਾਰ ਕਰ ਗਿਆ ਸੀ। ਉਹ ਵੇਸਵਾਗਮਨ ਕਰਨ ਲਗ ਪਏ ਸਨ। ਮਾਸ, ਸਰਾਬ, ਮੱਛੀ ਆਦਿ ਨੇ ਉਹਨਾਂ ਦੇ ਨਿਤ ਦੇ ਭੋਜਨ ਵਿਚ ਪਹਿਲੀ ਥਾਂ ਲੈ ਲਈ ਸੀ। ਉਹਨਾਂ ਦੀ ਧਰਮ-ਨਿਸ਼ਠਾ ਐਸੀ ਭ੍ਰਿਸ਼ਟ ਹੋਈ ਕਿ ਭੈਰੋਂ ਨੂੰ ਕੁੱਕੜ ਚੜ੍ਹਾਂਦੇ, ਕਾਲੀ ਦੇਵੀ ਨੂੰ ਬਲੀ ਦੇਂਦੇ, ਦੁਰਗਾ ਦੇਵੀ ਨੂੰ ਸ਼ਰਾਬ ਭੇਟਾ ਕਰਦੇ। ਸਿੱਖੀ ਪਹਿਰਾਵਾ ਬਦਲ ਗਿਆ। ਸੁੰਦਰ, ਰੇਬ ਸਿੱਖੀ ਕਛਹਿਰਿਆਂ ਨੂੰ ਧੱਕਾ ਮਿਲ ਗਿਆ। ਉਹਨ੍ਹਾਂ ਦੀ ਥਾਂ ਲੈ ਲਈ ਧੋਤੀਆਂ ਨੇ, ਗਰਾਰਿਆਂ ਨੇ, ਸਲਵਾਰਾਂ ਨੇ ਤੇ ਲੰਮੇ-ਲੰਮੇ ਤੰਬਿਆਂ ਨੇ। ਸਿੱਖੀ ਦਸਤਾਰਾਂ ਉਤਰ

Namdhari Elibrary NamdhariElibrary@gmail.com

ਗਈਆਂ। ਉਹਨਾਂ ਦੀ ਥਾਂ ਤੇ ਤੁਰਕੀ ਢੰਗ ਦੇ ਭਾਰੇ-ਭਾਰੇ ਸਾਫੇ ਬੱਝ ਗਏ। ਇੰਝ ਉਹਨਾਂ ਦਾ ਖਾਣਾ-ਪੀਣਾ, ਪਹਿਨਣਾ ਓੜ੍ਹਨਾ ਸਭ ਕੁਝ ਭ੍ਰਿਸ਼ਟ ਹੋ ਗਿਆ। ਜਿਨ੍ਹਾਂ ਦੇ ਵੱਡੇ-ਵਡੇਰੇ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕੀਤੇ ਬਗੈਰ ਅੰਨ-ਜਲ ਮੂੰਹ ਨਹੀਂ ਸਨ ਲਾਉਂਦੇ, ਉਨ੍ਹਾਂ ਦੇ ਨਾਤੀਆਂ ਦੇ ਘਰਾਂ ਵਿਚ ਸ੍ਰੀ ਗ੍ਰੰਥ ਸਾਹਿਬ ਦੀਆਂ ਬੀੜਾਂ ਅਲਮਾਰੀਆਂ ਵਿਚ ਬੰਦ ਪਈਆਂ ਸਿਉਂਕ ਤੇ ਚੂਹਿਆਂ ਦਾ ਆਹਾਰ ਬਣ ਰਹੀਆਂ ਸਨ। ਗੁਰਦੁਆਰੇ ਬੰਦ ਸਨ। ਕਈ ਖੰਡਹਰਾਂ ਵਿਚ ਬਦਲ ਚੁੱਕੇ ਸਨ। ਆਪਣੀ ਔਖੀਂ ਡਿੱਠੀ ਸਿੱਖੀ ਦੀ ਇਸ ਦੁਰਦਸ਼ਾ ਨੂੰ ਪੇਸ਼ ਕਰਦਿਆਂ ਪੰਥ ਪ੍ਰਕਾਸ਼ ਦੇ ਕਰਤਾ ਦਾ ਦਿਲ ਜਿਵੇਂ ਵਲੂੰਧਰਿਆ ਜਾਂਦਾ ਹੈ, ਅਤੇ ਉਹ 'ਹਾਇ' ਦੇ ਆਰਤਨਾਦ ਨਾਲ ਕਹਿ ਉਠਦੇ ਹਨ:

ਕਸਮੈ ਖਾ ਕੈਹੌਂ ਗੁਰੂ ਦਸਮੈ ਕੀ, ਸਿੱਖੀ ਗਾਇ ਹਾਇ
ਬਿਨ ਖਸਮੈ ਕਸਾਬੈ ਪਰੀ ਬਸਮੈ ।। (ਪੰਥ ਪ੍ਰਕਾਸ਼)

ਅਰਥਾਤ ਮੈਂ ਦਸਮ ਗੁਰੂ ਜੀ ਦੀ ਕਸਮ ਖਾ ਕੇ ਕਹਿੰਦਾ ਹਾਂ ਕਿ ਉਸ ਸਮੇਂ ਸਿੱਖੀ-ਗਊ ਮਾਲਕ ਤੋਂ ਬਗੈਰ ਕਸਾਈਆਂ ਦੇ ਵੱਸ ਆਈ ਹੋਈ ਸੀ।

ਇਸ ਤਰ੍ਹਾਂ ਜਦੋਂ ਸ੍ਰੀ ਗੁਰੂ ਗਲਗੀਧਰ ਪਾਤਸ਼ਾਹ ਦੀ ਸਾਜੀ ਹੋਈ ਸਿੱਖੀ ਦੀ ਐਸੀ ਹੀਨ-ਹਾਲਤ ਹੋ ਗਈ ਅਤੇ ਉਹਨਾਂ ਦੀ ਥਾਪੀ ਹੋਈ ਰਹਿਤ ਨੂੰ ਉਹਨਾਂ ਦੇ ਹੀ ਸਿੱਖਾਂ ਨੇ ਐਸੇ ਘਿਨੌਨੇ ਰੂਪ ਵਿਚ ਬਦਲ ਦਿੱਤਾ ਤਾਂ ਗੀਤਾ ਦੇ ਇਸ ਕਥਨ ਅਨੁਸਾਰ ਕਿ:

ਯਦਾ ਯਦਹਿ ਧਰਮਸਯ ਗਲਾਨਿਰ ਭਵਤਿ ਭਾਰਤ।
ਅਭਯੁਤਥਾਨਮ ਅਧਰਮਸਯ ਤਦਾਤਮਾਨੰ ਸ੍ਰਿਜਾਮਯਹਮ।
(ਗੀਤਾ)

(ਜਦੋਂ-ਜਦੋਂ ਵੀ ਧਰਮ ਦੀ ਹਾਨੀ ਤੇ ਅਧਰਮ ਦਾ ਵਾਧਾ ਹੁੰਦਾ ਹੈ, ਓਦੋਂ ਓਦੋਂ ਹੀ ਮੈਂ ਸਰੂਪ ਧਾਰਕੇ ਸੰਸਾਰ ਵਿਚ ਆਉਂਦਾ ਹਾਂ)

ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁਖ ਵਾਕ:

"ਜਬ-ਜਬ ਹੋਤ ਅਰਿਸਟ ਅਪਾਰਾ।
ਤਬ-ਤਬ ਦੇਹ ਧਰਤ ਅਵਤਾਰਾ।

ਨੂੰ ਸਾਰਥਕ ਕਰਨ ਲਈ ਰੱਬੀ-ਜੋਤ ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿਚ ੧੮੧੬ ਈ: ਦੀ ਬਸੰਤ ਪੰਚਮੀ ਨੂੰ ਪਗ੍ਰਟ ਹੋਈ।

ਅਕਾਲ ਪੁਰਖ ਦੀ ਇਸ ਜੋਤ ਨੇ ਆਪਣੇ ਪ੍ਰਗਟ ਹੋਣ ਲਈ ਹਿੰਦੁਸਤਾਨ ਦੇ ਇਕ ਛੋਟੇ ਜਿਹੇ ਪਿੰਡ ਦੇ ਕਾਰੀਗਰ ਦਾ ਘਰ ਚੁਣਿਆ। ਉਹ ਘਰ ਸੀ ਭੈਣੀ ਰਾਈਆਂ, ਜ਼ਿਲ੍ਹਾ ਲੁਧਿਆਨੇ ਦੇ ਨਿਵਾਸੀ ਬਾਬਾ ਜੱਸਾ ਸਿੰਘ ਰਾਮਗੜੀਏ ਦਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਾਦੁਰਭਾਵ ਰਾਜਨੀਤਿਕ ਪਰਾਧੀਨਤਾ ਤੇ ਧਾਰਮਿਕ ਪਤਝੜ ਦੇ ਸਮੇਂ ਜਿਵੇਂ ਰਿਤੂਰਾਜ ਬਸੰਤ ਦਾ ਆਗਮਨ ਸੀ । ਚੂੰਕਿ ਇਸ ਲੇਖ ਦਾ ਸਰੋਕਾਰ ਉਨ੍ਹਾਂ ਦੇ ਜੀਵਨ ਦੇ ਸਦਾਚਾਰਕ ਪਹਿਲੂ ਨਾਲ ਹੈ, ਇਸ ਲਈ ਧਰਮ ਤੇ ਉਸ ਵਿਚ ਵੀ ਸਿਰਫ਼ ਰਹਿਤ-ਮਰਯਾਦਾ ਦੇ ਸੰਬੰਧ ਵਿਚ ਉਹਨਾਂ ਦੁਆਰਾ ਕੀਤੇ ਕੰਮ ਤੇ ਪਾਏ ਪੂਰਨਿਆਂ ਦਾ ਹੀ ਉਲੇਖ ਕੀਤਾ ਜਾਂਦਾ ਹੈ।

ਯਾਰ੍ਹਵੇਂ ਗੁਰੂ ਸਤਿਗੁਰੂ ਬਾਲਕ ਸਿੰਘ ਜੀ ਤੋਂ ਗੁਰਗੱਦੀ ਦਾ ਉਤਰਾਧਿਕਾਰ ਪ੍ਰਾਪਤ ਕਰਨ ਉਪਰੰਤ ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਮੁਰਝਾ ਚੁੱਕੀ ਸਿੱਖੀ ਤੇ ਮਰ ਚੁੱਕੀ ਸਿੱਖੀ- ਰਹਿਤ ਮਰਯਾਦਾ ਨੂੰ ਸੁਰਜੀਤ ਕਰਨ ਦਾ ਕੰਮ ਅਰੰਭਿਆ।

ਸਤਿਗੁਰੂ ਗੋਬਿੰਦ ਸਿੰਘ ਜੀ ਨੂੰ ਤਾਂ ਖਾਲਸਾ ਸਾਜਨ ਸਮੇਂ ਇਕਤ੍ਰਿਤ ਵਿਸ਼ਾਲ ਜਨ-ਸਮੂਹ ਵਿਚੋਂ ਫਿਰ ਵੀ ਪੰਜ ਸੱਚੇ ਸਿੱਖ ਮਿਲ ਗਏ ਸਨ ਜਿਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਤਿਆਰ ਕੀਤਾ ਗਿਆ ਪਰ ਸਤਿਗੁਰੂ ਰਾਮ ਸਿੰਘ ਜੀ ਨੂੰ ਸਾਰੇ ਪੰਜਾਬ ਦੀ ਸਿੱਖੀ ਵਿਚੋਂ ਸਿਰਫ਼ ਢਾਈ ਹੀ ਸਿੱਖ ਮਿਲੇ ਸਨ, ਦੋ ਪੂਰੇ ਤੇ ਇਕ ਅੱਧਾ (ਅੱਧਾ ਇਸ ਲਈ ਕਿ ਉਹ ਵਿਆਜ ਲੈਂਦਾ ਸੀ)। ਸਪਸ਼ਟ ਹੈ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਸੰਤ-ਸਿਪਾਹੀ ਖਾਲਸੇ ਦਾ ਨਿਰਮਾਣ ਕੀਤਾ ਸੀ ਸਤਿਗੁਰੂ ਰਾਮ ਸਿੰਘ ਦੇ ਆਉਣ ਤਕ ਉਸ ਦੀ ਹਾਲਤ ਬਹੁਤ ਨਿੱਘਰ ਚੁੱਕੀ ਸੀ। ਖਾਲਸਾ ਮਲੇਛ-ਖਾਲਸਾ ਬਣ ਚੁੱਕਾ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ ਸੰਮਤ ੧੯੧੪ ਦੀ ਵਿਸਾਖੀ ਨੂੰ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਅਤੇ ਗੁਰਮੰਤਰ ਬਖਸ਼ ਕੇ ਫਿਰ ਤੋਂ ਸੰਤ-ਖਾਲਸੇ ਦੀ ਸਥਾਪਨਾ ਕੀਤੀ। ਇਸ ਤੋਂ ਬਾਦ ਤਾਂ ਉਹਨਾਂ ਦੇ ਉਤਕ੍ਰਿਸ਼ਟ ਧਾਰਮਿਕ ਆਚਰਣ ਅਤੇ ਅਦਭੁਤ ਅਧਿਆਤਮਿਕ ਬਲ ਸਦਕਾ ਐਸਾ ਵਾਤਾਵਰਣ ਬਣਿਆ, ਉਹ ਧੁੰਮਾਂ ਪਈਆਂ ਕਿ ਇਕੱਲੇ ਪੰਜਾਬ ਵਿਚ, ਕੁਝ ਹੀ ਸਾਲਾਂ ਅੰਦਰ, ਲੱਖਾਂ ਦੀ ਗਿਣਤੀ (ਸਰਕਾਰੀ ਰਿਕਾਰਡਾਂ ਦੀ ਗਵਾਹੀ ਅਨਸਾਰ) ਕਹਿਣੀ-ਰਹਿਣੀ ਤੇ ਕਰਨੀ ਦੇ ਸੂਰੇ ਸਿੰਘ ਤਿਆਰ ਹੋ ਗਏ। ਜੋ ਧਾਰਮਿਕ ਹਲਕਿਆਂ ਵਿਚ 'ਨਾਮਧਾਰੀ' ਤੇ ਸਿਆਸੀ ਹਲਕਿਆਂ ਵਿਚ 'ਕੂਕੇ' ਅਖਵਾਏ। ਸਤਿਗੁਰੂ ਜੀ ਦੇ ਤਿਆਰ ਕੀਤੇ ਇਨ੍ਹਾਂ ਲੱਖਾਂ ਸੰਤ-ਸਿਪਾਹੀਆਂ ਨੇ ਆਪਣੇ ਧਰਮ-ਆਚਰਣ ਅਤੇ ਗੁਰਬਾਣੀ ਦੀਆਂ ਗੂੰਜਾਂ ਨਾਲ ਕਲਜੁਗ ਵਿਚ ਜਿਵੇਂ ਸਤਿਜੁਗ ਲਾ ਦਿੱਤਾ ਹੋਵੇ। ਜੋ ਕੋਈ ਵੀ ਉਨ੍ਹਾਂ ਦੇ ਪ੍ਰਭਾਵ ਵਿਚ ਆਇਆ ਉਹ ਨਸ਼ਿਆਂ, ਵਿਕਾਰਾਂ ਤੇ ਪਾਪਾਂ ਭਰੇ ਜੀਵਨ ਤੋਂ ਮੁਕਤ ਹੋ ਗਿਆ। ਉਸਦੀ ਕਾਇਆ ਹੀ ਪਲਟ ਗਈ। ਅੰਮ੍ਰਿਤ ਛੱਕ ਕੇ ਸਿੰਘ ਬਣ ਗਿਆ। ਗੁਰਮੰਤਰ ਧਾਰਣ ਕਰਕੇ ਨਾਮ ਰਸ ਵਿਚ ਐਸਾ ਲੀਨ ਹੋਇਆ ਕਿ 'ਬਿਸਰਿ ਗਈ ਸਭ ਤਾਤਿ ਪਰਾਈ' ਅਤੇ ਦੇਹ ਦੀ ਸੀਮਾ ਉਲੰਘ ਕੇ ਉਚੇ ਆਤਮਿਕ ਮੰਡਲਾਂ ਦੇ ਹੁਲਾਰੇ ਲੈਣ ਲੱਗਾ । ਪੰਥ ਪ੍ਰਕਾਸ਼ਕਾਰ ਗਿਆਨੀ ਗਿਆਨ ਸਿੰਘ ਨੇ ਇਸ ਤਬਦੀਲੀ ਦੀ ਗਵਾਹੀ ਇਨ੍ਹਾਂ ਸ਼ਬਦਾਂ ਵਿਚ ਭਰੀ ਹੈ:

ਹੁੱਕੇ ਛੁਡਵਾਏ ਰਖਵਾਏ ਕੇਸ ਮੋਨਿਓ ਕੇ,
ਸੁਧਾ ਛਕ ਥਾਏ ਸਿੱਖ ਭਾਗ ਜਿਨੈ ਜਾਗਿਓ।।
ਫੈਲਿਓ ਜਸ ਭਾਰੀ ਸਿਖ ਥੀਏ ਤਾਂਹਿ ਕੇ ਅਪਾਰੀ,
ਸਿੱਖ ਪੰਥ ਬਿਰਧਾਨੋ, ਨਾਮ ਰਸ ਪਾਗਿਓ।।
ਫੀਮ, ਭੰਗ, ਪੋਸਤ, ਸ਼ਰਾਬ, ਮਾਸ ਚੋਰੀ, ਯਾਰੀ,
ਠਗੀ ਤਜ ਥੀਏ ਸੰਤ ਸਤਿਜੁਗ ਆ ਗਿਓਂ।। (ਪੰਥ ਪ੍ਰਕਾਸ਼)

ਕਲਜੁਗ ਵਿਚ ਸਤਿਜੁਗ ਦਾ ਠਾਠ ਬੱਝ ਜਾਣਾ ਹੀ ਬਾਰ੍ਹਵੇਂ ਗੁਰੂ ਦੇ ਆਗਮਨ ਦੀਆਂ ਨਿਸ਼ਾਨੀਆਂ ਸਨ। ਗੁਰਿੰਡਨਾਮਾ

ਜੋ ਧਾਰਮਿਕ ਹਲਕਿਆਂ ਵਿਚ 'ਨਾਮਧਾਰੀ' ਤੇ ਸਿਆਸੀ ਹਲਕਿਆਂ ਵਿਚ 'ਕੂਕੇ' ਅਖਵਾਏ। ਸਤਿਗੁਰੂ ਜੀ ਦੇ ਤਿਆਰ ਕੀਤੇ ਇਨ੍ਹਾਂ ਲੱਖਾਂ ਸੰਤ-ਸਿਪਾਹੀਆਂ ਨੇ ਆਪਣੇ ਧਰਮ-ਆਚਰਣ ਅਤੇ ਗੁਰਬਾਣੀ ਦੀਆਂ ਗੂੰਜਾਂ ਨਾਲ ਕਲਜੁਗ ਵਿਚ ਜਿਵੇਂ ਸਤਿਜੁਗ ਲਾ ਦਿੱਤਾ ਹੋਵੇ। ਜੋ ਕੋਈ ਵੀ ਉਨ੍ਹਾਂ ਦੇ ਪ੍ਰਭਾਵ ਵਿਚ ਆਇਆ ਉਹ ਨਸ਼ਿਆਂ, ਵਿਕਾਰਾਂ ਤੇ ਪਾਪਾਂ ਭਰੇ ਜੀਵਨ ਤੋਂ ਮੁਕਤ ਹੋ ਗਿਆ।

Namdhari Elibrary NamdhariElibrary@gmail.com

ਪਾ ੧੦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਇਹ ਨਿਸ਼ਾਨੀਆਂ ਦਸ ਗਏ ਸਨ

ਕਲਿਜੁਗ ਤੇ ਸਤਿਜੁਗ ਕਰਿ ਠਾਨੇ॥
ਤਬੀ ਬਾਰ੍ਹਵਾਂ ਥੱਪ ਪਹਿਚਾਨੇ॥

ਏਸੇ ਗੁਰਿੰਡਨਾਮੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀਨੇ ਬਾਰ੍ਹਵੇ ' ਗੁਰੂ ਦਾ ਅਨੰਤ ਸ਼ਕਤੀਆਂ ਦਾ ਮਾਲਕ ਹੋਣਾ ਦਸਿਆ ਹੈ:

"ਦ੍ਵਾਦਸ ਪੁਰਖ ਹੈ ਆਦਿ ਸੇ ਸਭਹਨ ਕੇ ਸਿਰ ਮੋਰ॥
ਸ਼ਕਤ ਅਨੰਤੀ ਆਇ ਹੈਂ ਆਦਿ ਇਹੈ ਨਹੀਂ ਔਰ॥

(ਸ੍ਰੀ ਗੁਰਿੰਡ ਨਾਮਾ ਪਾ: ੧੦)

ਅਨੰਤ ਸ਼ਕਤੀਆਂ ਦੇ ਮਾਲਕ ਅਤੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਉੱਤਰਾਧਿਕਾਰੀ ਹੁੰਦਿਆਂ ਹੋਇਆਂ ਵੀ ਸਤਿਗੁਰੂ ਰਾਮ ਸਿੰਘ ਜੀ ਨੇ ਮਨੁੱਖੀ ਦੇਹ ਦੀ ਮਰਯਾਦਾ ਦਾ ਉਲੰਘਣ ਨਹੀਂ ਕੀਤਾ। ਸਿੱਖੀ ਰਹਿਤ ਨੂੰ ਸੁਰਜੀਤ ਕਰਨ ਹਿਤ ਉਹਨਾਂ ਨੇ ਭਾਈ ਰਾਇ ਸਿੰਘ ਨਾਂ ਦੇ ਆਪਣੇ ਇਕ ਸਿੱਖ ਨੂੰ ਇਹ ਹੁਕਮ ਦੇ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਭੇਜਿਆ ਕਿ ਓਥੇ ਰਹਿਕੇ, ਉਥੇ ਪ੍ਰਚੱਲਿਤ, ਸ੍ਰੀ ਦਸਮ ਗੁਰੂ ਜੀ ਦੀ ਰਹਿਤ-ਮਰਯਾਦਾ ਦਾ ਅਧਿਐਨ ਕਰੇ ਅਤੇ ਲਿਖ ਕੇ ਉਹਨਾਂ ਪਾਸ ਲਿਆਵੇ । ਭਾਈ ਰਾਇ ਸਿੰਘ ਜੀ ਦੇ ਵਾਪਿਸ ਆਉਣ ਤੇ ਸਤਿਗੁਰੂ ਜੀ ਨੇ ਉਸ ਰਹਿਤ ਦੇ ਤੱਤਾਂ ਦੇ ਆਧਾਰ ਤੇ ਫਿਰ ਤੋਂ ਮੁਕੰਮਲ ਰਹਿਤ-ਮਰਯਾਦਾ ਤਿਆਰ ਕੀਤੀ ਅਤੇ ਆਪਣੇ ਹੱਥਾਂ ਨਾਲ ਲਿਖਕੇ ਇਕ ਰਹਿਤਨਾਮਾ (੧੮੬੩ ਈ: ਵਿਚ) ਸ੍ਰੀ ਭੈਣੀ ਸਾਹਿਬ ਤੋਂ ਸਮੂਹ ਸਿੱਖ-ਸੰਗਤਾਂ ਦੇ ਨਾਮ ਜਾਰੀ ਕੀਤਾ। ਗੁਰਮੁਖੀ ਅੱਖਰਾਂ ਵਿਚ ਲਿਖੇ ਰਹਿਤ ਨਾਮੇ ਦਾ ਆਰੰਭ ਇਸ ਪ੍ਰਕਾਰ ਹੁੰਦਾ ਹੈ:

'ਰਹਿਤਨਾਮਾ'

ੴ ਸਤਿਗੁਰ ਪ੍ਰਸਾਦਿ

"ਲਿਖਤੁਮ ਰਾਮ ਸਿੰਘ, ਹੋਰ ਸੰਮੂਹ ਖਾਲਸਾ ਜੀ ਭੈਣੀ ਦਾ, ਸੰਮੂਹ ਖਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨਕਰਨੀ ਜੀ।

"ਹੋਰ ਰਹਿਤਨਾਮਾ ਸੰਮੂਹ ਸੰਗਤ ਦੇ ਵਾਸਤੇ ਲਿਖਿਆ ਭੈਣੀ ਤੇ॥

ਇਸ ਵਿਚ ਉਲੀਕੀ ਰਹਿਤ ਦੇ ਤੱਤ ਇਸ ਪ੍ਰਕਾਰ ਹਨ:

-ਅੰਮ੍ਰਿਤ ਵੇਲੇ(ਸੂਰਜ ਉੱਗਣ ਤੋਂ ਚਾਰ ਘੰਟੇ ਪਹਿਲਾਂ) ਉਠ ਕੇ ਸਣਕੇਸੀ ਇਸ਼ਨਾਨ ਕਰਨਾ।

-ਇਸ਼ਨਾਨ ਉਪਰੰਤ ਸੁੱਚੇ ਆਸਣ ਤੇ ਬੈਠ ਕੇ ਨਾਮ ਦਾ ਅਭਿਆਸ ਤੇ ਗੁਰਬਾਣੀ ਦਾ ਪਾਠ ਕਰਨਾ।

-ਹਰ ਮਾਈ, ਭਾਈ ਘਟੋ-ਘਟ ਇਹ ਪੰਜ ਬਾਣੀਆਂ ਜ਼ਰੂਰ ਹੀ ਕੰਠ ਕਰੇ: ਜਪੁਜੀ, ਜਾਪ ਸਾਹਿਬ, ਦੋਂਹਾਂ ਦੇ ਸ਼ਬਦ ਹਜਾਰੇ, ਰਹਿਰਾਸ, ਆਰਤੀ ਸੋਹਿਲਾ।

-ਸੀਲ, ਸੰਤੋਖ ਤੇ ਖ਼ਿਮਾ ਨੂੰ ਹਮੇਸ਼ਾ ਧਾਰੀ ਰਖਣਾ।

-ਪਰਾਈ ਧੀ-ਭੈਣ ਆਪਣੀ ਜਾਨਣੀ।

-ਪਰਾਇਆ ਹੱਕ ਨਹੀਂ ਮਾਰਨਾ, ਕਿਉਂਕਿ ਗੁਰਬਾਣੀ ਕਹਿੰਦੀ ਹੈ, "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ"

-ਆਪ ਕਿਸੇ ਨੂੰ ਮੰਦਾ-ਫਿਕਾ ਨਹੀਂ ਬੋਲਣਾ। ਦੂਜਿਆਂ ਦਾ ਬੋਲ ਕਬੋਲ ਵੀ ਸਹਿ.ਜਾਣਾ ਤੇ ਖ਼ਿਮਾ ਕਰਨੀ।

-ਹੋਰਨਾਂ ਦੀ ਨੇਕੀ ਸਦਾ ਯਾਦ ਰਖਣੀ, ਆਪਣੀ ਭਲਾਈ ਹਮੇਸ਼ਾ ਛੁਪਾਉਣ ਦਾ ਜਤਨ ਕਰਨਾ।

-ਦੀਵਾਨ ਲਾਉਣੇ, ਸ਼ਬਦ-ਕੀਰਤਨ ਕਰਦੇ ਰਹਿਣਾ।

-ਹਵਨ-ਯੱਗ ਪੂਰੀ ਮਰਯਾਦਾ ਨਾਲ ਕਰਨਾ। ਹਵਨ ਵਾਸਤੇ ਬੇਰੀ ਜਾਂ ਪਲਾਹ ਦੀ ਲੱਕੜ ਵਰਤਣੀ। ਹਵਨ ਦੀ ਅਗਨਿ ਨੂੰ ਮੂੰਹ ਨਾਲ ਫੂਕ ਨਹੀ ਮਾਰਨੀ। ਹਵਨ ਵੇਲੇ ਬਾਣੀ ਦਾ ਪਾਠ ਪੋਥੀਆਂ ਤੋਂ ਕਰਨਾ। ਪੰਜ ਬੰਦੇ ਵੱਖ-ਵੱਖ ਪੰਜ ਬਾਣੀਆਂ (ਜਪੁ, ਜਾਪ, ਚਉਪਈ. ਚੰਡੀ ਚਰਿਤ੍ਰ, ਅਕਾਲ ਉਸਤਤ) ਦਾ ਪਾਠ ਕਰਨ। ਛੇਵਾਂ ਆਹੂਤੀਆਂ ਪਾਵੇ, ਸਤਵਾਂ ਮਗਰੋਂ ਨਾਲ ਹੀ ਜਲ ਦਾ ਛਿੱਟਾ ਦੇਵੇ ਥੋੜ੍ਹਾ-ਥੋੜ੍ਹਾ।

-ਚੋਰੀ-ਯਾਰੀ ਵਰਗੇ ਮੰਦੇ ਕਰਮ ਕਰਨ ਵਾਲੇ ਤੇ ਸ਼ਰਾਬੀ ਜੁਆਰੀ ਨੂੰ ਦੀਵਾਨ ਵਿਚ ਨਹੀਂ ਵੜਨ ਦੇਨਾ।

-ਕਕਾਰਾਂ ਦੀ ਰਹਿਤ ਵਿਚ ਦ੍ਰਿੜ੍ਹ ਰਹਿਣਾ, ਕਛਹਿਰੇ ਦਾ ਇਕ ਪਹੁੰਚਾ ਪਾਕੇ ਹੀ ਦੂਜਾ ਲਾਹੁਣਾ

-ਕਿਸੇ ਨੇ ਧੀ-ਭੈਣ ਦਾ ਪੈਸਾ ਨਹੀਂ ਲੈਣਾ, ਵੱਟਾ ਨਹੀਂ ਕਰਨਾ।

-ਮਾਸ, ਸ਼ਰਾਬ ਕਦਾਚਿਤ ਨਹੀਂ ਖਾਣਾ-ਪੀਣਾ।

-ਖ਼ੌਫ਼ ਰਖਣਾ ਗੁਰੂ ਦਾ ਹਰ ਦਮ।

-ਸਿਮਰਨ ਅੱਠੇ ਪਹਿਰ ਕਰਨਾ।

ਨਾਮਧਾਰੀਆਂ ਜਾਂ ਕੂਕਿਆਂ ਵਿਚ ਇਹੋ ਰਹਿਤ ਪ੍ਰਚਲਿਤ ਹੋਈ ਅਤੇ ਉਹਨਾਂ ਦਾ ਜੀਵਨ ਤੇ ਸੁਭਾ ਇਸੇ ਅਨੁਸਾਰ ਢਲਿਆ। ਸੱਚ ਦੇ ਅਭਿਲਾਸ਼ੀਆਂ, ਸੱਚੇ ਖੋਜੀਆਂ ਨੂੰ ਇਹ ਸਪਸ਼ਟ ਹੋ ਜਾਵੇਗਾ ਕਿ ਇਹ ਸਮੁੱਚੀ ਰਹਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਥਾਪੀ ਰਹਿਤ ਦੇ ਮੌਲਿਕ ਤੇ ਪ੍ਰਮਾਣਿਕ ਰੂਪ ਦੇ ਐਨ ਅਨੁਕੂਲ ਹੈ। ਹਾਂ ਵਕਤ ਦੇ ਸਤਿਗੁਰੂ ਨੇ ਆਪਣੇ ਵੇਲੇ ਦੀਆਂ ਵਿਸ਼ੇਸ਼ ਲੋੜਾਂ ਅਨੁਸਾਰ ਇਸਦੇ ਸਰੂਪ ਨੂੰ ਕੁਝ ਵਿਸ਼ੇਸ਼ਤਾਈਆਂ ਵੀ ਬਖਸ਼ੀਆਂ।

ਇਕ ਵਿਸ਼ੇਸ਼ਤਾਈ ਤਾਂ ਇਹ ਕਿ ਕੁਝ ਇਕ ਰਹਿਤਾਂ ਦੀ ਪਾਲਣਾ ਉਪਰ ਵਿਸ਼ੇਸ਼ ਬਲ ਦਿਤਾ ਗਿਆ। ਜਿਵੇਂ ਕਿ ਇਸ਼ਨਾਨ ਦੀ ਕ੍ਰਿਆ ਵਿਚ ਸਣਕੇਸ਼ੀ ਇਸ਼ਨਾਨ ਲਈ ਉਚੇਚੀ ਹਿਦਾਇਤ ਕੀਤੀ ਗਈ। ਉਂਝ ਤਾਂ ਸਤਿਗੁਰੂ ਗੋਬਿੰਦ ਸਿੰਘ ਜੀ ਵੇਲੇ ਵੀ ਇਸ ਰਹਿਤ ਦਾ ਪੂਰਨ ਪਾਲਣ ਹੁੰਦਾ ਸੀ ਪਰ ਸਤਿਗੁਰੂ ਰਾਮ ਸਿੰਘ ਜੀ ਨੇ ਇਸ਼ਨਾਨ ਦੇ ਨਾਲ ਸਨਕੇਸੀ ਇਸ਼ਨਾਨ ਨੂੰ ਲਾਜ਼ਮੀ ਕਰ ਦਿੱਤਾ। ਕਿਉਂਕਿ ਧਾਰਮਿਕ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਨਕੇਸੀ ਇਸ਼ਨਾਨ ਦੀ ਵਿਸ਼ੇਸ਼ ਉਪਯੋਗਿਤਾ ਹੈ। ਗੁਰਬਾਣੀ ਵਿਚ ਦਸਿਆ ਹੈ ਕਿ "ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ"

ਅਰਥਾਤ ਕੇਸਾਂ ਚ ਜਲ ਪਾਕੇ ਇਸ਼ਨਾਨ ਕਰਨ ਨਾਲ ਜੀਉਂਦਿਆਂ ਵੀ ਅਤੇ ਮਰਣ ਉਪਰੰਤ ਵੀ ਭਲਾ ਹੁੰਦਾ ਹੈ। ਉਪਨਿਸ਼ਦਾਂ ਦੇ ਜਿਸ ਗਿਆਨ ਵਿਰਸੇ ਵਿਚੋ ਗੁਰਮਤਿ ਦਾ ਪ੍ਰਾਦੁਰਭਾਵ ਹੋਇਆ ਹੈ ਉਨ੍ਹਾਂ ਉਪ-ਨਿਸ਼ਦਾਂ ਦਾ ਵੀ ਇਹੋ ਆਦੇਸ਼ ਹੈ:

"ਨ ਚ ਸਨਾਯਾਦ ਵਿਨਾ ਸ਼ਿਰਾ"

(ਸਿਰ ਵਿਚ ਪਾਣੀ ਪਾਏ ਬਗੈਰ ਇਸ਼ਨਾਨ ਨ ਕਰੋ)

ਆਯੁਰਵੇਦ ਸਿਹਤ-ਵਿਗਿਆਨ ਦੇ ਨੁਕਤੇ ਤੋਂ ਸਨਕੇਸੀ ਸ਼ਨਾਨ ਦੇ ਮਹੱਤਵ ਬਾਰੇ ਕਹਿੰਦਾ ਹੈ ਕਿ ਪਹਿਲਾਂ ਸਿਰ ਵਿਚ ਪਾਣੀ ਪਾਏ ਬਗੈਰ ਨਹਾਉਣ ਨਾਲ ਬਾਕੀ ਸਰੀਰ ਦਾ ਤਾਪ (ਗਰਮੀ) ਦਿਮਾਗ ਵਲ ਪਹੁੰਚ ਕੇ ਬੁੱਧੀ ਮੰਦਤਾ ਦਾ ਕਾਰਣ ਬਣਦਾ ਹੈ। ਇਸ ਤਰ੍ਹਾਂ ਸਪਸ਼ਟ ਹੈ ਕਿ ਸਨਕੇਸੀ ਸ਼ਨਾਨ ਦੀ ਮਰਯਾਦਾ ਵਿਚ ਦਿਲ ਦਿਮਾਗ ਅਤੇ ਆਤਮਾ ਦੀ ਅਰੋਗਤਾ ਦਾ ਰਹੱਸ ਛੁਪਿਆ ਹੋਇਆ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਰਹਿਤਨਾਮੇ ਦੀ ਦੂਸਰੀ ਵਿਸ਼ੇਸ਼ਤਾ ਹੈ ਕੁਝ ਪੁਰਾਤਨ ਰਹਿਤਾਂ ਵਿਚ ਲੋੜੀਦੀ ਸੋਧ। ਇਸਦਾ ਉੱਘਾ

Namdhari Elibrary NamdhariElibrary@gmail.com

ਉਦਾਹਰਣ ਹਵਨ ਯੱਗ ਦੀ ਮਰਯਾਦਾ ਹੈ। ਇਤਿਹਾਸ ਦੀ ਗਵਾਹੀ ਅਨੁਸਾਰ ਹਵਨ-ਯੱਗ ਗੁਰੂ ਗੋਬਿੰਦ ਸਿੰਘ ਜੀ ਵੇਲੇ ਅਤੇ ਉਹਨਾਂ ਤੋਂ ਬਾਦ ਵੀ ਸਿੱਖਾਂ ਵਿਚ ਪ੍ਰਚਲਿਤ ਸੀ, ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਧਰਮ ਦਾ ਸਾਰ ਕਹਿਕੇ ਸਤਿਕਾਰ ਦਿਤਾ ਸੀ।

ਯਹ ਤੋ ਧਰਮ ਹਮਾਰਾ ਸਾਰ
ਕਰਤ ਰਹੇ ਨ੍ਰਿਪ ਮੁਨਿ ਅਵਤਾਰ। (ਪੰਥ ਪ੍ਰਕਾਸ਼)

ਪਰ ਅਜ ਦੇ ਸਿੱਖ ਇਸ ਨੂੰ ਹਿੰਦੂਆਂ ਦੀ ਚੀਜ਼ ਕਹਿ ਕੇ ਛੱਡ ਬੈਠੇ ਹਨ। ਅਜਿਹਾ ਮੰਨਣ ਵਾਲੇ ਸਿੱਖਾਂ ਨੂੰ ਪੰਥ ਪ੍ਰਕਾਸ਼ ਦਾ ਉਹ ਪ੍ਰਸੰਗ ਅਵੱਸ਼ ਪੜ੍ਹਨਾ ਚਾਹੀਦਾ ਹੈ ਜਿਸ ਵਿਚ ਹਵਨ ਯੱਗ ਦੇ ਸੰਬੰਧ ਵਿਚ ਪੰਡਿਤ ਕੇਸ਼ੋ ਦਾਸ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਾਰਤਾਲਾਪ ਦਾ ਬਿਆਨ ਹੈ। ਸਤਿਗੁਰੂ ਜੀ ਪੰਡਿਤ ਕੇਸ਼ੋ ਦਾਸ ਦੇ ਸਹਿਯੋਗ ਨਾਲ ਹਵਨ-ਯੱਗ ਕਰਾਉਣਾ ਚਾਹੁੰਦੇ ਸਨ ਅਤੇ ਆਪਣੇ ਇਸ ਕਾਰਜ ਦਾ ਉਦੇਸ਼ ਦਸਦੇ ਹੋਏ ਕਹਿੰਦੇ ਹਨ:

'ਹਮ ਜਬ ਹਵਨ ਯੱਗ ਕਰਵੈ ਹੈਂ।।
ਖੁਸ਼ ਹੋ ਘਨ ਜਲ ਬਹੁ ਬਰਸੈ ਹੈਂ।।
ਦੂਰ ਭਿਖ ਨਸੇ ਅੰਨ ਬਹੁ ਥੈ ਹੈਂ।।
ਸੁਕ੍ਰਿਤ ਸਭ ਕਰਨੇ ਲਗ ਜੈ ਹੈ।।
ਨਸੈ ਅਵਿਦਯਾ ਵਿਦਿਆ ਐਹੈ।।
ਸੂਰ ਵੀਰਤਾ ਦ੍ਰਿੜ ਪ੍ਰਗਟੈ ਹੈ।।
(ਪੰਥ ਪ੍ਰਕਾਸ਼ ਛੇਵੀਂ ਅਡੀਸ਼ਨ)

ਇਸ ਨੂੰ ਪੜ੍ਹ ਕੇ ਇਸ ਗਲ ਵਿਚ ਕੋਈ ਸ਼ੱਕ ਬਾਕੀ ਨਹੀਂ ਰਹਿ ਜਾਂਦਾ ਕਿ ਗੁਰੂ ਗੋਬਿੰਦ ਸਿੰਘ ਜੀ ਹਵਨ ਯੱਗ ਨੂੰ ਇਕ ਉਪਯੋਗੀ ਧਾਰਮਿਕ ਕਾਰਜ ਸਮਝਦੇ ਸਨ। ਬੰਦਾ ਬਹਾਦਰ ਦੇ ਸਮੇਂ ਪ੍ਰਚਲਿਤ ਸਿੱਖੀ-ਰਹਿਤ ਦੇ ਸੰਬੰਧ ਵਿਚ ਇਸੇ ਲੇਖ ਵਿਚ ਪਿੱਛੇ ਜੋ ਇਤਿਹਾਸਕ ਹਵਾਲਾ ਦਿੱਤਾ ਗਿਆ ਹੈ ਉਸ ਤੋਂ ਵੀ ਸਪਸ਼ਟ ਹੈ ਕਿ ਉਸ ਸਮੇਂ ਦੇ ਸਿੱਖ 'ਹੋਮ ਯੱਗ ਕਰਵਾਤੇ ਪ੍ਰਸਾਦ ਬਟਵਾਤੇ' ਅਤੇ ਸਿੱਖੀ ਰਹਿਤ ਵਿਚ ਹਵਨ-ਯੱਗ ਨੂੰ ਯੋਗ ਥਾਂ ਪ੍ਰਾਪਤ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ-ਰਹਿਤ ਦੇ ਤੌਰ ਤੇ ਤੁਰੀ ਆ ਰਹੀ ਇਸ ਪੁਰਾਤਨ ਮਰਯਾਦਾ ਵਿਚ ਇਕ ਮਹੱਤਵ ਪੂਰਨ ਸੋਧ ਕੀਤੀ। ਹਵਨ ਯੱਗ ਵਿਚ ਜਿਥੇ ਪਹਿਲਾਂ ਵੇਦ-ਮੰਤਰਾਂ ਦਾ ਪਾਠ ਹੁੰਦਾ ਸੀ ਉਸ ਦੀ ਥਾਂ ਸਤਿਗੁਰੂ ਰਾਮ ਸਿੰਘ ਜੀ ਨੇ ਕੁਝ ਵਿਸ਼ੇਸ਼ ਬਾਣੀਆਂ ਦੇ ਪਾਠ ਦੀ ਮਰਯਾਦਾ ਤੋਰ ਦਿਤੀ। ਆਪਣੇ ਰਹਿਤਨਾਮੇ ਵਿਚ ਹਵਨ-ਯੱਗ ਦੀ ਮੁਕੰਮਲ ਮਰਯਾਦਾ ਅਤੇ ਉਸ ਲਈ ਵਿਸ਼ੇਸ਼ ਬਾਣੀਆਂ ਦੇ ਪਾਠ ਦਾ ਵੇਰਵਾ ਉਨ੍ਹਾਂ ਨੇ ਆਪਣੇ ਹੱਥਾਂ ਨਾਲ ਅੰਕਿਤ ਕੀਤਾ ਹੈ।

ਇਸ ਤਰ੍ਹਾਂ ਉਪਰੋਕਤ ਤੱਥਾਂ ਦੇ ਵਿਵੇਚਨ ਤੋਂ ਸਪਸ਼ਟ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਨਾ ਸਿਰਫ ਨਿੱਘਰ ਚੁੱਕੀ ਸਿੱਖੀ ਨੂੰ ਪਹਿਲਾਂ ਵਾਲਾ ਗੌਰਵ ਬਖ਼ਸ਼ਿਆ ਬਲਕਿ ਮਰ ਚੁੱਕੀ ਰਹਿਤ ਨੂੰ ਵੀ ਪੁਨਰ ਜਨਮ ਦਿੱਤਾ।

❖❖❖

ਨਾਮਧਾਰੀ ਸਿੱਖ ਤੇ ਅੰਗਰੇਜ਼ ਹਾਕਮ

ਸੰਨ ੧੮੫੭ ਜਾਂ ਸੰਮਤ ੧੯੧੪ ਦੀ ਅਜ਼ਾਦੀ ਹਾਸਲ ਕਰਨ ਖਾਤਰ ਨਾਕਾਮਯਾਬ ਲੜਾਈ ਪਿਛੋਂ ਨਾਮਧਾਰੀ ਸਿੱਖ ਅੰਗਰੇਜ਼ਾਂ ਦੀ ਵਿਦੇਸ਼ੀ ਹਕੂਮਤ ਦੇ ਬਦਤਰੀਨ ਦੁਸ਼ਮਨਾਂ ਦੀਆਂ ਕਤਾਰਾਂ ਵਿਚ ਸਭ ਤੋਂ ਅਗਲੀ ਪਾਲ ਵਿਚ ਖਲੋਤੇ ਸਨ। ਖੁਲ੍ਹੇ ਤੌਰ ਤੇ ਖੋਟਿਆਂ ਦੇ ਮੇਲੇ ਸੰਨ ੧੮੬੩ ਤੋਂ ਲੈ ਕੇ ੧੪ ਅਗਸਤ ੧੯੪੭ ਜਾਂ ਭਾਰਤ ਨੂੰ ਰਾਜਸੀ ਸਵਤੰਤਰਤਾ ਮਿਲਣ ਤਕ ਨਾਮਧਾਰੀ ਸਿੱਖਾਂ ਨੇ ੮੩ ਸਾਲ ਆਪਣੀ ਇਸ ਥਾਂ ਨੂੰ ਤਸੀਹੇ ਝਲ ਕੇ ਕੁਰਬਾਨੀਆਂ ਦੇ ਕੇ ਕਾਇਮ ਰੱਖਿਆ। ਅੰਗਰੇਜ਼ੀ ਹਕੂਮਤ ਦੇ ਕਰਮਚਾਰੀਆਂ ਨੇ, ਅੰਗਰੇਜ਼ ਹਾਕਮਾਂ ਦੇ ਜੂਠੇ ਟੁਕੜਿਆਂ ਤੇ ਪਲਣ ਵਾਲੇ ਸਿਖ, ਹਿੰਦੂ, ਮੁਸਲਮਾਨ, ਈਸਾਈ ਟੋਡੀਆਂ ਅਤੇ ਬੂਟ ਚਟੂਆਂ ਨੇ, ਸਿੱਖ ਰਿਆਸਤਾਂ ਦੇ ਰਾਜਿਆਂ ਮਹਾਰਾਜਿਆਂ ਨੇ, ਅੰਗਰੇਜ਼ੀ ਹਾਕਮਾਂ ਦੀ ਹਮਾਇਤ ਨਾਲ ਅਤੇ ਉਹਨਾਂ ਦੀ ਸ਼ਹਿ ਅਤੇ ਗੁਝੇ ਤਰੀਕੇ ਨਾਲ ਦਿਤੀ ਗਈ ਮਾਲੀ ਮੱਦਦ ਨਾਲ ਬਣੀਆਂ ਹੋਈਆਂ ਸਿੰਘ ਸਭਾਵਾਂ ਤੇ ਦੀਵਾਨਾਂ ਨੇ ਸਿੱਖੀ ਧਰਮ ਦੇ ਦਾਹਵੇਦਾਰ ਸਿੱਖ ਤਖਤਾਂ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਸਰਕਾਰੀ ਜਾਗੀਰਦਾਰਾਂ, ਮਹੰਤਾਂ ਅਤੇ ਪੁਜਾਰੀਆਂ ਨੇ ਕੂਕਿਆਂ ਨੂੰ ਮੂਲੋਂ ਹੀ ਤਬਾਹ ਅਤੇ ਬਰਬਾਦ ਕਰਨ ਲਈ ਹਰ ਪ੍ਰਕਾਰ ਦੇ ਹੀਲੇ, ਵਸੀਲੇ, ਹਥਕੰਡੇ, ਬਹਾਨੇ, ਹੋਛੀਆਂ, ਊਜਾਂ, ਝੂਠੀਆਂ ਬਦਨਾਮੀਆਂ, ਸਭਿਅਤਾ ਅਤੇ ਇਖਲਾਕ ਤੋਂ ਗਿਰੇ ਹੋਏ ਗੰਦੀ ਕਿਸਮ ਦੇ ਪਰਾਪੇਗੰਡੇ ਦੇ ਹਥਿਆਰ ਵਰਤੇ। ਪਰ ਕੂਕਿਆਂ ਨੇ ੮੩ ਸਾਲ ਦੇ ਲੰਮੇ ਅਰਸੇ ਵਿਚ ਧਰਮ ਅਤੇ ਅਜ਼ਾਦੀ ਦੀਆਂ ਕੂਕਾਂ ਮਾਰ ਕੇ ਸੁੰਨੀਆਂ ਭੈਣੀਆਂ ਅੰਦਰ ਗੁਲਾਮੀ ਦੀਆਂ ਨੀਹਾਂ ਵਿਚ ਘੂਕ ਸੁਤੀ ਪਈ ਬੇਹੋਸ਼ ਹਿੰਦੁਸਤਾਨੀ ਜਨਤਾ ਨੂੰ ਹੁਸ਼ਿਆਰ ਖਬਰਦਾਰ ਰਹਿਣ ਦੀਆ ਆਵਾਜ਼ਾਂ ਕੰਨੀਂ ਪਾ ਪਾਂ ਕੇ ਖੁਦਾਈ ਪਹਿਰੇਦਾਰ ਦੇ ਕਰੜੇ ਫਰਜ਼ ਨੂੰ ਨਿਭਾਇਆ।

ਸੂ. ਨਾਹਰ ਸਿੰਘ
ਐਮ.ਏ.

Namdhari Elibrary NamdhariElibrary@gmail.com

ਸ਼ਰਧਾ ਸੁਮਨ

ਡਾ. ਐਮ. ਐਲ. ਆਹਲੂਵਾਲੀਆ

ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ ਸ੍ਰੀ ਭੈਣੀ ਸਾਹਿਬ ਪਿੰਡ ਦੇ ਨਾਲ ਲਗਦੇ ਪਿੰਡ ਰਾਈਆਂ ਵਿੱਚ ਹੋਇਆ। ਮੈਨੂੰ ਦੱਸਿਆ ਗਿਆ ਕਿ ਇਹ ਪਿੰਡ ਰਾਏ ਗੋਤ ਦੇ ਜੱਟਾਂ ਦੀ ਮਲਕੀਅਤ ਹੈ। ਪਿੰਡ ਦੇ ਲਹਿੰਦੇ ਪਾਸੇ ਇਕ ਨਾਥ ਜੋਗੀਆਂ ਦਾ ਡੇਰਾ ਸੀ। ਏਸੇ ਹੀ ਡੇਰੇ ਵਿੱਚ ਸਤਿਗੁਰੂ ਰਾਮ ਸਿੰਘ ਜੀ ਬਸੰਤ ਪੰਚਮੀ ਵਾਲੇ ਦਿਨ ਸੰਨ ੧੮੧੬ ਈ: ਨੂੰ ਆਪਣੀ ਖ਼ਾਕੀ ਜ਼ਹੂਰ ਵਿੱਚ ਆਏ। ਇਹ ਕੋਠਾ, ਉਹ ਹੀ ਪੁਰਾਣੇ ਦਰਵਾਜ਼ੇ ਅਤੇ ਲੱਕੜੀ ਦੇ ਬਾਲਿਆਂ ਵਾਲੀ ਛੱਤ ਸਮੇਤ ਮੌਜੂਦ ਹੈ। ਦੋ ਪਾਠੀ ਰਾਤ ਦਿਨ ਵਾਰੀ ਵਾਰੀ ਨਾਲ ਹੋਮ (ਵਰਨੀ) ਕਰਦੇ ਰਹਿੰਦੇ ਹਨ ਅਖੰਡ ਜੋਤ ਜਗਦੀ ਰਹਿੰਦੀ ਹੈ। ਧੂਪ ਅਤੇ ਹਵਨ ਦੇ ਨਾਲ ਸਾਰਾ ਵਾਤਾਵਰਨ ਸੁਗੰਧਤ ਰਹਿੰਦਾ ਹੈ ਅਤੇ ਇੰਜ ਜਾਪਦਾ ਹੈ ਕਿ ਸਾਰੇ ਬ੍ਰਹਿਮੰਡ ਵਿੱਚ ਅਕਾਲ ਪੁਰਖ ਦੀ ਅਖੰਡ ਉਸਤਤੀ ਹੋ ਰਹੀ ਹੈ।

ਮੇਰੇ ਮਨ ਉਤੇ ਇਸ ਸ਼ੁੱਧ ਵਾਤਾਵਰਨ ਦਾ ਇਤਨਾ ਗਹਿਰਾ ਪ੍ਰਭਾਵ ਹੋਇਆ ਕਿ ਮੈਂ ਕੁਝ ਦੇਰ ਲਈ ਅੰਤਰ ਧਿਆਨ ਹੋ ਕੇ ਇਸ ਤਰ੍ਹਾਂ ਮਹਿਸੂਸ ਕੀਤਾ ਜਿਸ ਤਰ੍ਹਾਂ ਸਤਿਗੁਰ ਰਾਮ ਸਿੰਘ ਜੀ ਬਜ਼ਾਤੇ ਖੁਦ ਆਤਮ ਰੂਪ ਵਿੱਚ ਓਥੇ ਅੱਜ ਵੀ ਬਰਾਜਮਾਨ ਹਨ।

ਓਥੇ ਬੈਠੇ ਮੇਰਾ ਧਿਆਨ ਉਨ੍ਹਾਂ ਸੰਤ ਮਹਾਤਮਾ ਵੱਲ ਗਿਆ ਜਿਨ੍ਹਾਂ ਨੇ ਸਤਿਗੁਰ ਰਾਮ ਸਿੰਘ ਜੀ ਤਰ੍ਹਾਂ ਹੀ ਗੁਰਬਤ ਵਿੱਚ ਅਵਤਾਰ ਲਿਆ ਅਤੇ ਸੰਸਾਰ ਦਾ ਕਲਿਆਣ ਕੀਤਾ। ਇਨ੍ਹਾਂ ਵਿੱਚ ਕਬੀਰ ਜੀ, ਸੰਤ ਰਵੀ ਦਾਸ ਜੀ, ਸੰਤ ਨਾਮ ਦੇਵ ਜੀ ਅਤੇ ਸੂਫੀ ਸੰਤ ਹਜ਼ਰਤ ਬਾਬਾ ਫ਼ਰੀਦ ਸਾਹਿਬ ਸਨ। ਹਜ਼ਰਤ ਈਸਾ ਮਸੀਹ ਦਾ ਜਨਮ ਭੀ ਸਤਿਗੁਰ ਰਾਮ ਸਿੰਘ ਜੀ ਵਾਕਨ, ਇੱਕ ਸੰਤਾਂ ਦੇ ਡੇਰੇ ਵਿੱਚ, ਪਸ਼ੂਆਂ ਦੀ ਪਰਤਲੀ ਉਤੇ, ਦਸੰਬਰ ਦੀ ਕੜਕਦੀ ਠੰਡ ਵਿੱਚ ਹੋਇਆ ਸੀ। ਇੰਜ ਜਾਪਦਾ ਏ ਕਿ ਅਕਾਲ ਪੁਰਖ ਈਸ਼ਵਰ, ਅੱਲ੍ਹਾ, ਜੋ ਵੀ ਨਾਮ ਦੇਵੋ ਐਸੇ ਮਹਾਨ ਪੁਰਖਾਂ ਨੂੰ ਗਰੀਬੀ ਦੇ ਭੇਖ ਵਿੱਚ ਅਵਤਾਰ ਲੈਣ ਦਾ ਹੁਕਮ ਦੇਂਦਾ ਹੈ। ਗਰੀਬੀ ਇੱਕ ਇਨਸਾਨ ਨੂੰ ਅਗਰ ਕਿਸਮਤ ਵਾਲਾ ਹੋਵੇ ਤਾਂ ਇਸ ਤਰ੍ਹਾਂ ਸੁਧਾਰਦੀ ਏ ਜਿਸ ਤਰ੍ਹਾਂ ਅੱਗ ਸੋਨੇ ਨੂੰ ਸੁਧਾਰਦੀ ਏ।

ਰਾਈਆਂ ਪਿੰਡ ਤੋਂ ਮੈਂ ਫੇਰ ਸ੍ਰੀ ਭੈਣੀ ਸਾਹਿਬ ਪਿੰਡ ਵੱਲ ਗਿਆ। ਇਹ ਪਿੰਡ ਸਤਿਗੁਰੂ ਰਾਮ ਸਿੰਘ ਜੀ ਦਾ ਕਰਮ ਅਸਥਾਨ ਸੀ। ਸਭ ਤੋਂ ਪਹਿਲਾਂ ਮੈਂ ਉਸ ਪਵਿਤਰ ਅਸਥਾਨ ਨੂੰ ਵੇਖਿਆ ਜੋ ਕਿ ਭੈਣੀ ਸਾਹਿਬ ਪਿੰਡ ਤੋਂ ਕੋਈ ਅੱਧਾ ਕੋਹ ਬਾਹਰ ਰੱਕੜ ਵਿੱਚ ਮਹਾਰਾਜ ਜੀ ਦਾ ਤੱਪ ਅਸਥਾਨ ਸੀ। ਇਸ ਅਸਥਾਨ ਦੀ ਬੜੀ ਸ਼ਰਧਾ ਨਾਲ ਜਿਵੇਂ ਦਾ ਤਿਵੇਂ ਬਣਾ ਕੇ ਰੱਖਿਆ ਹੈ। ਇਹ ਇੱਕ ਕੱਚਾ ਚਬੂਤਰਾ ਹੈ ਜੋ ਕਿ ਸਤਿਗੁਰਾਂ ਨੇ ਆਪ ਹੀ ਆਪਣੇ ਮੁਬਾਰਕ ਹੱਥਾਂ ਨਾਲ ਜ਼ਮੀਨ ਤੋਂ ਇਕ ਦੋ ਫੁਟ ਉੱਚਾ ਬਣਾਇਆ ਸੀ। ਇਸ ਉਪਰ



ਗਊਆਂ ਦੇ ਗੋਬਰ ਦਾ ਲੇਪ ਕਰਦੇ ਸਨ ਅਤੇ ਸਾਰੀ ਸਾਰੀ ਰਾਤ ਅਖੰਡ ਸਮਾਧੀ ਲਗਾ ਕੇ ਭਜਨ ਤੇ ਬੈਠਦੇ ਸਨ। ਇਸ ਚਬੂਤਰੇ ਦੇ ਚਾਰੋਂ ਤਰਫ ਇਕ ਛੋਟੀ ਜਿਹੀ ਆੜ ਜਾਂ ਖਾਈ ਕਢੀ ਹੋਈ ਹੈ। ਸਤਿਗੁਰੂ ਜੀ ਜਦੋਂ ਭਜਨ ਪਾਠ ਤੇ ਬੈਠਦੇ ਸਨ ਤਾਂ ਇਸ ਖਾਈ ਨੂੰ ਪਾਣੀ ਨਾਲ ਭਰ ਦੇਂਦੇ ਸਨ ਤਾਂ ਜੋ ਸਰਪ, ਬਿਛੂ ਜਾਂ ਹੋਰ ਕੀੜੇ ਮਕੌੜੇ ਉਨ੍ਹਾਂ ਦੀ ਸਮਾਧੀ ਨੂੰ ਭੰਗ ਨਾ ਕਰ ਸੱਕਣ। ਪਿੰਡ ਦੇ ਅੰਦਰ ਵਾਰ ਨੂੰ ਇੱਕ ਵੱਡੀ ਸਾਰੀ ਪੱਕੀ ਬਿਲਡਿੰਗ ਹੈ। ਜਿਥੇ ਸਤਿਗੁਰਾਂ ਦੀ ਕੱਢੀ ਖੂਹੀ ਅਤੇ ਲੰਗਰ ਹੁੰਦਾ ਸੀ। ਹੁਣ ਇਸ ਖੂਹੀ ਨੂੰ ਪੱਕਾ ਕਰ ਦਿਤਾ ਗਿਆ ਹੈ ਅਤੇ ਲੰਗਰ ਦੀ ਵਿਸ਼ਾਲ ਬਿਲਡਿੰਗ ਵੀ ਪੱਕੀਆਂ ਇਟਾਂ ਦੀ ਹੈ ਪਰ ਪ੍ਰਬੰਧਕਾਂ ਨੇ ਇਕ ਕੱਚੀ ਕੰਧ ਲੰਗਰ ਦੀ ਪੁਰਾਣੀ ਬਿਲਡਿੰਗ ਦੀ ਅਜੇ ਵੀ ਜਿਉਂ ਦੀ ਤਿਉਂ ਦਰਸ਼ਨਾਂ ਵਾਸਤੇ ਰੱਖੀ ਹੋਈ ਹੈ। ਜਿਸ ਜਗ੍ਹਾ ਤੇ ਸਤਿਗੁਰੂ ਜੀ ਕੀਰਤਨ ਅਤੇ ਪ੍ਰਵਚਨ ਕਰਦੇ ਸਨ ਓਥੇ ਇੱਕ ਵਿਸ਼ਾਲ ਹਾਲ-ਬਿਲਡਿੰਗ ਬਣਾ ਦਿਤੀ ਗਈ ਹੈ। ਪਰ ਇਥੇ ਆਪ ਜੀ ਦਾ ਆਸਨ ਵਗੈਰਾ ਜਿਉ ਦਾ ਤਿਉਂ ਸੰਭਾਲਿਆ ਗਿਆ ਹੈ।

ਪਿੰਡ ਦੇ ਅੰਦਰ ਨੂੰ ਜਾਂਦਿਆਂ ਸਤਿਗੁਰਾਂ ਦੀ ਉਹ ਦੁਕਾਨ ਮੌਜੂਦ ਹੈ ਜਿਥੇ ਆਪ ਅਪਣੀ ਨੇਕ ਦਸਾਂ ਨੌਹਾਂ ਦੀ ਕਮਾਈ ਕਰ ਕੇ ਆਪਣਾ ਵੀ ਨਿਰਵਾਹ ਕਰਦੇ ਸਨ ਹੋਰ ਲੰਗਰ ਵੀ ਚਲਾਂਦੇ ਸਨ।

ਇਤਿਹਾਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਵਰਗੇ ਮਹਾਨ ਪੁਰਖ ਸਦਾ ਕਿਸੇ ਖ਼ਾਸ ਮਕਸਦ ਲਈ ਪ੍ਰਮਾਤਮਾ ਵੱਲੋਂ ਭੇਜੇ ਜਾਂਦੇ ਹਨ। ਮੈਨੂੰ ਲਗਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਸਿਖੀ ਧਰਮ ਵਿੱਚ ਆਈਆਂ ਕੁਰੀਤੀਆਂ ਅਤੇ ਅੰਧ-ਵਿਸ਼ਵਾਸ਼ ਨੂੰ ਦੂਰ ਕਰਨ ਵਾਸਤੇ ਇਲਾਹੀ ਹੁਕਮ ਹੋਇਆ ਸੀ। ਇਹ ਗੱਲ ਸਮਝਨ ਲਈ ਸਾਨੂੰ ਸਿਖ ਧਰਮ ਦੀ ਬਾਣੀ-ਗੁਰੂ ਨਾਨਕ ਦੇਵ ਸਾਹਿਬ ਦੀ ਬਾਣੀ ਅਤੇ ਉਪਦੇਸ਼ ਨੂੰ ਪੜ੍ਹਨਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਦੇ ਅਵਤਾਰ ਲੈਣ ਤੋਂ ੪੦੦ ਸਾਲ ਦੇ ਅੰਦਰ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਜ਼ਹੂਰ ਵਿੱਚ ਆਉਣਾ ਪਿਆ। ਸਿਖੀ ਦੇ ਮੁਰੀਦਾਂ ਵਿੱਚੋਂ ਅਜੇ ਵੀ ਜ਼ਾਤ-ਪਾਤ ਦਾ ਵਿਤਕਰਾ ਦੂਰ ਨਹੀਂ ਸੀ ਹੋਇਆ। ਗੁਰਦਵਾਰਿਆਂ ਵਿੱਚ ਮੂਰਤੀ ਪੂਜਾ ਮਹੰਤਾਂ ਨੇ ਫੇਰ ਸ਼ੁਰੂ ਕਰ ਦਿਤੀ ਸੀ ਅਤੇ ਤਰ੍ਹਾਂ ਤਰ੍ਹਾਂ ਦੀਆਂ ਕੁਰੀਤੀਆਂ ਇਸ ਸਮਾਜ ਵਿਚ ਦੋਬਾਰਾ ਆ ਗਈਆਂ ਸਨ। ਲੁਧਿਆਣੇ ਅਤੇ ਮਾਲਵੇ ਦਾ ਇਲਾਕਾ ਜਿਹੜਾ ਸਤਿਗੁਰੂ ਜੀ ਦਾ ਜਨਮ ਅਸਥਾਨ ਦਾ ਦਾਇਰਾ ਸੀ, ੧੮੦੯ ਈ: ਦੀ ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਸੰਧੀ ਦੇ

Namdhari Elibrary NamdhariElibrary@gmail.com

ਮੁਤਾਬਿਕ ਲੁਧਿਆਣਾ ਖਾਸ ਅੰਗਰੇਜ਼ਾਂ ਦੀ ਨਜ਼ਰਸਾਨੀ ਵਿੱਚ ਆ ਗਿਆ ਸੀ ਅਤੇ ਬਾਕੀ ਮਾਲਵਾ ਛੋਟੀਆਂ ਵੱਡੀਆਂ ਸਿੱਖ ਤੇ ਮੁਸਲਮਾਨ ਰਿਆਸਤਾਂ ਵਿੱਚ ਵੰਡਿਆਂ ਜਾ ਚੁਕਾ ਸੀ। ਲੁਧਿਆਣਾ ਈਸਾਈ ਮਿਸ਼ਨਰੀ, ਪਾਦਰੀਆਂ ਦਾ ਪੰਜਾਬ ਵਿਚ ਪਹਿਲਾ ਗੱੜ੍ਹ ਬਣ ਗਿਆ ਸੀ। ਇਧਰਲੇ ਪੰਜਾਬ ਵਿੱਚ ਗਰੀਬੀ ਬਹੁਤ ਜਿਆਦਾ ਸੀ। ਮੁਸਲਮਾਨ ਅਤੇ ਅੰਗਰੇਜ਼ ਸ਼ਾਸਨ ਵਾਲੇ ਇਲਾਕਿਆਂ ਵਿੱਚ ਗਊ ਬੱਧ ਦੀ ਮਨਾਹੀ ਨਹੀਂ ਸੀ। ਇਸ ਦੇ ਨਾਲ ਹੀ, ਪੰਜਾਬ ਦੇ, ਇਸ ਹੀ ਇਲਾਕੇ ਨੇ, ਯੂਰਪ ਦੇ, ਮਸ਼ੀਨਾਂ ਨਾਲ ਬਣੇ ਹੋਏ ਕੱਪੜੇ ਤੇ ਦੂਸਰਾ ਸਮਾਨ ਆਦ ਕਰਕੇ ਇਸ ਇਲਾਕੇ ਦੀਆਂ ਖੱਡੀਆਂ ਦਾ ਬੁਣਿਆ ਹੋਇਆ ਕੱਪੜਾ ਆਪਣੀ ਹੀ ਮਾਰਕੀਟ ਵਿਚ ਮਾਰ ਖਾ ਚੁੱਕਿਆ ਸੀ। ਨਤੀਜੇ ਵਜੋਂ ਗਰੀਬ ਅਤੇ ਅਮੀਰ ਦਾ ਫਰਕ ਵੱਧ ਰਿਹਾ ਸੀ। ਕਹਿਤ ਜਿਆਦਾ ਪੈਣ ਲੱਗ ਪਏ ਸਨ। ਲੋਕ ਬਿਮਾਰੀ ਅਤੇ ਭੁਖਮਰੀ ਦਾ ਸ਼ਿਕਾਰ ਜ਼ਿਆਦਾਤਰ ਇਸ ਇਲਾਕੇ ਵਿੱਚ ਹੀ ਹੁੰਦੇ ਸਨ। ਇਨ੍ਹਾਂ ਹਾਲਤਾਂ ਵਿੱਚ ਹੋਰ ਖੁਦ ਨਿਹਾਇਤ ਗਰੀਬੀ ਵਿੱਚ ਜ਼ਹੂਰ ਵਿੱਚ ਆਕੇ ਇਹ ਲਾਜ਼ਮੀ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਸਮਾਜ ਦੇ ਚਹੁੰ ਮੁਖੀ ਸੁਧਾਰ ਵੱਲ ਆਪਣਾ ਧਿਆਨ ਕੇਂਦਰਿਤ ਕਰਦੇ।

ਸਿੱਖ ਧਰਮ ਦੇ ਬਾਨੀ, ਸਤਿਗੁਰੂ ਮਹਾਰਾਜ ਗੁਰੂ ਨਾਨਕ ਦੇਵ ਜੀ ਜਿਵੇਂ ਸੋਸਾਇਟੀ ਦੇ ਸੁਧਾਰ ਲਈ, ਇਨਸਾਨ ਦੇ ਸੁਧਾਰ, ਹੋਰ ਇਨਸਾਨੀਅਤ ਦੇ ਪ੍ਰਚਾਰ ਉਤੇ ਵਿਸ਼ੇਸ਼ ਜ਼ੋਰ ਦਿੱਤਾ ਸੀ ਏਵੇਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਕੀਤਾ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਅੱਛੇ ਆਦਮੀ ਦੀ ਇਹ ਪਹਿਲੀ ਨਿਸ਼ਾਨੀ ਹੈ ਕਿ ਉਸਦੀ ਆਪਣੀ ਕੱਥਨੀ ਅਤੇ ਕਰਨੀ ਸ਼ੁਧ ਅਤੇ ਨਿਰਲੇਪ ਹੋਵੇ। ਮਨ ਦੀ ਸ਼ੁੱਧੀ ਵਾਸਤੇ ਨਾਮ ਦਾ ਆਧਾਰ ਜ਼ਰੂਰੀ ਸਮਝਿਆ ਗਿਆ। ਨਾਮਧਾਰੀ ਉਹ ਹਨ ਜਿਨ੍ਹਾਂ ਨੇ ਨਾਮ ਨੂੰ ਪੂਰੀ ਤਰ੍ਹਾਂ ਧਾਰਨ ਕਰ ਲਿਆ ਹੈ। ਨਾਮ ਦੇ ਵਿੱਚ ਹੀ ਉਠਦੇ ਬੈਠਦੇ ਹਨ- ਨਾਮ ਦੇ ਵਿੱਚ ਹੀ ਸੌਂਦੇ ਜਾਗਦੇ ਹਨ ਅਤੇ ਨਾਮ ਦੇ ਅਧਾਰ ਉਤੇ ਹੀ ਅਪਣੀ ਨੇਕ ਕਮਾਈ ਕਰਦੇ ਹਨ। ਦੂਸਰਾ ਸਤਿਗੁਰਾਂ ਨੇ ਸਫੇਦ ਰੰਗ ਦਾ ਪ੍ਰਚਾਰ ਕੀਤਾ ਕਿਉਂਕਿ ਸਫੇਦ ਰੰਗ ਨਿਰਲੇਪ ਹੋਣ ਦਾ ਪ੍ਰਤੀਕ ਹੈ। ਆਪਜੀ ਨੇ ਨਾਮਧਾਰੀਆਂ ਨੂੰ ਸਿਰ ਤੋਂ ਪੈਰਾਂ ਤੱਕ ਸਫੇਦ ਬਾਣਾ ਪਹਿਨਣ ਦਾ ਹੁਕਮ ਦਿੱਤਾ। ਨਾਮ ਜਪਣ ਲਈ ਖਾਦੀ ਜਾਂ ਸਫੇਦ ਉਨ ਦੀ ਮਾਲਾ ਦੱਸੀ। ਆਪ ਜੀ ਕਹਿੰਦੇ ਹੁੰਦੇ ਸਨ ਕਿ ਸਫੇਦ ਰੰਗ ਦਾ ਬਾਣਾ ਇਨਸਾਨ ਦੇ ਮਨ ਉਤੇ ਵਿਸ਼ੇਸ਼ ਅਸਰ ਕਰਦਾ ਹੈ। ਨਾਲ ਹੀ ਆਪ ਜੀ ਆਪਣੇ ਮੁਰੀਦਾਂ ਨੂੰ ਖ਼ਬਰਦਾਰ ਭੀ ਕਰਦੇ ਹੁੰਦੇ ਸਨ ਕਿ ਸਫੇਦ ਰੰਗ ਨੂੰ ਬਚਾ ਕੇ ਰਖਣ ਖਾਤਰ ਨਿਤ ਜਤਨ ਕਰਨਾ ਪੈਂਦਾ ਹੈ।

ਇੱਕ ਦਫਾ ਆਪਜੀ ਨੇ, ਰੰਗੂਨ ਜੇਲ੍ਹ ਵਿੱਚੋਂ, ਇੱਕ ਪੱਤ੍ਰ ਰਾਹੀਂ ਆਪਣੇ ਉਨ੍ਹਾਂ ਮੁਰੀਦਾਂ ਨੂੰ ਡਾਂਟ ਕੇ ਖਬਰਦਾਰ ਕ਼ੀਤਾ ਜਿਹੜੇ ਸਫੇਦ ਮਾਲਾ ਦੇ ਨਾਲ ਨਾਮ ਦਾ ਭਜਨ ਕਰਣ ਦੀ ਬਜਾਏ ਉਸ ਮਾਲਾ ਨੂੰ ਘਰ ਵਿਚ ਖੂੰਟੀ ਨਾਲ ਸਜਾਵਟ ਵਾਸਤੇ ਟੰਗ ਦੇਂਦੇ ਸਨ। ਸਤਿਗੁਰਾਂ ਨੇ ਪੱਤ੍ਰ ਵਿੱਚ ਲਿਖ ਕੇ ਫਰਮਾਇਆ ਕਿ ਜਿਵੇਂ ਖੂਟੀ ਤੇ ਟੰਗੀ ਇਹ ਮਾਲਾ ਧੂਏਂ ਅਤੇ ਮਿੱਟੀ ਨਾਲ ਬੇਰੰਗ ਹੋ ਜਾਂਦੀ ਹੈ ਇਸੀ ਤਰ੍ਹਾਂ ਨਾਮ ਦੇ ਭਜਨ ਬਗੈਰ, ਇਨਸਾਨੀ ਮਨ ਅਤੇ ਤਨ ਦੋਨੋਂ ਹੀ ਕਾਲੇ ਹੋ ਜਾਂਦੇ ਹਨ। ਕਿੰਨੇ ਉਚੇ ਆਪ ਜੀ ਦੇ ਵਿਚਾਰ ਅਤੇ ਖਿਆਲ ਸਨ।

ਜ਼ਾਤ-ਪਾਤ ਦੇ ਵਿਤਕਰੇ ਨੂੰ ਆਪਨੇ ਅਮਲੀ ਤੌਰ ਤੇ ਖੱਤਮ ਕਰਕੇ ਦਿਖਲਾਇਆ। ਉਨ੍ਹਾਂ ਨੇ ਜੱਟਾਂ, ਖਤਰੀਆਂ, ਅਰੋੜਿਆਂ ਅਤੇ ਦੂਸਰੀਆਂ ਸਰੇਣੀਆਂ ਦੇ ਮੁਰੀਦ ਨਾਮਧਾਰੀਆਂ ਦੀਆਂ ਆਪਸ ਵਿੱਚ ਸ਼ਾਦੀਆਂ ਕਰਵਾ ਕੇ ਜ਼ਾਤ-ਪਾਤ ਦੀ ਕੁਰੀਤੀ ਨੂੰ ਜੜ੍ਹਾਂ ਤੋਂ ਵੱਢ ਦਿੱਤਾ ਅਤੇ ਸਿਖ ਗੁਰੂ ਸਾਹਿਬਾਨ ਦਾ ਸੰਗਤ ਅਤੇ ਪੰਗਤ ਦਾ ਸੁਫਨਾ ਅਮਲੀ ਤੌਰ ਤੇ ਸਾਕਾਰ ਕੀਤਾ। ਹਿੰਦੂ ਸੋਸਾਇਟੀ ਵਿੱਚ ਇਨਾਂ ਵੱਡਾ ਸੁਧਾਰ ਜੋ ਕਿ ਮਹਾਤਮਾ ਬੁੱਧ ਤੋਂ ਲੈ ਕੇ ਗੁਰੂ ਨਾਨਕ ਦੇਵ ਜੀ ਮਹਾਰਾਜ ਤੱਕ ਹਰ ਇਕ ਸਮਾਜ ਅਤੇ ਧਰਮ ਸੁਧਾਰਿਕ ਨੇ ਚਾਹਿਆ ਸੀ ਅਮਲੀ ਤੌਰ ਵਿੱਚ ਸਾਕਾਰ ਨਹੀਂ ਹੋ ਸੱਕਿਆ ਸੀ। ਹੋਰ ਬਹੁਤ ਸਾਰੀਆਂ ਚੀਜ਼ਾਂ ਸਤਿਗੁਰੂ ਰਾਮ ਸਿੰਘ ਜੀ ਦੇ ਨਿਜੀ ਜੀਵਨ ਕਾਲ ਨਾਲ ਸੰਬੰਧਤ ਹਨ।

ਪਰੰਤੂ ਇਹ ਸਭ ਕੁਝ ਦਾ ਵਿਸਤਾਰ ਨਾਲ ਵਰਨਣ ਕਰਨਾ ਇਸ ਛੋਟੇ ਲੇਖ ਵਿੱਚ ਸੰਭਵ ਨਹੀਂ ਹੋਵੇਗਾ। ਮੈਂ ਏਥੇ ਹੀ ਆਪਣੇ ਲੇਖ ਨੂੰ ਸਮਾਪਤ ਕਰਨਾ ਚਾਹਵਾਂਗਾ। ਆਪਜੀ ਸਰੀਰ ਦੀ ਸੁਧੀ ਉਤੇ ਬਹੁਤ ਜ਼ੋਰ ਦੇਂਦੇ ਸਨ ਅਤੇ ਉਨ੍ਹਾਂ ਨੇ ਸਣੇ ਕੇਸ਼ੀ ਇਸ਼ਨਾਨ ਦੀ ਪ੍ਰਥਾ ਤੋਰੀ। ਆਪ ਇਕ ਬੜੇ ਫੁਰਤੀਲੇ ਸੁਭਾ ਦੇ ਵਿਅਕਤੀ ਸਨ। ਰਫਤਾਰ ਤੇ ਗੁਫਤਾਰ ਵਿੱਚ ਉਹ ਬੜੇ ਤੇਜ਼ ਸਨ। ਹੋਰ ਕਿਸੇ ਕਿਸਮ ਦੀ ਬੁਰਾਈ ਜਾਂ ਝੂਠ ਨੂੰ ਬਰਦਾਸ਼ਤ ਨਹੀਂ ਕਰਦੇ ਸਨ। ਚਾਹੇ ਉਨ੍ਹਾਂ ਨੂੰ ਫਰੇਬੀ ਮਹੰਤਾਂ ਦੇ ਕਾਰਣ ਅੰਗਰੇਜ਼ ਦੀ ਪੁਲੀਸ ਦਾ ਸਾਮ੍ਹਣਾ ਕਰਨਾ ਪਿਆ, ਚਾਹੇ ਰੰਗੂਨ ਅਤੇ ਮਰਗੋਈ ਦੀਆਂ ਜੇਲ੍ਹਾਂ ਵਿੱਚ ਰਹਿਣਾ ਪਿਆ। ਆਪ ਜੀ ਜੇਲ੍ਹ ਵਿੱਚ ਵੀ ਸਾਰਾ ਦਿਨ ਨੇਮ ਨਾਲ ਭਜਨ ਕਰਦੇ। ਤੜਕੇ ਦੋ ਵਜੇ ਉਠ ਕੇ ਸਣੇਕੇਸੀ ਇਸ਼ਨਾਨ ਕਰਦੇ ਸਨ ਜੇਲ੍ਹ ਵਿੱਚ ਵੀ ਗਊ ਦੇ ਦੁਧ ਦਾ ਸੇਵਨ ਕਰਦੇ ਅਤੇ, ਬੀਮਾਰੀ ਵਿੱਚ ਵੀ ਕਿਸੀ ਅੰਗਰੇਜ਼ੀ ਦਵਾਈ ਦਾ ਸੇਵਨ ਨਹੀਂ ਕਰਦੇ ਸਨ। ਹੋਰ ਅੰਗਰੇਜ਼ ਜੇਲ੍ਹਰ ਅਤੇ ਡਾਕਟਰ ਸਾਰੇ ਉਨ੍ਹਾਂ ਦੇ ਇਸ ਨਿਯਮਾਂ ਕਾਰਨ ਬਹੁਤ ਸਤਿਕਾਰ ਕਰਦੇ ਸਨ। ਐਸੇ ਮਹਾਨ ਵਿਅਕਤੀ ਸਤਿਗੁਰੂ ਰਾਮ ਸਿੰਘ ਜੀ ਨੂੰ ਮੇਰਾ ਸ਼ਤ ਸ਼ਤ ਪ੍ਰਨਾਮ!

❁❁❁

ਪੱਕੇ ਮਹਾਤਮਾ ਦਾ ਪੰਥ

"ਕੂਕਾ ਪੰਥ ਪੱਕੇ ਮਹਾਤਮਾ ਦਾ ਪੰਥ ਹੈ। ਉਨ੍ਹਾਂ ਦੀ ਸਿਖਿਆ ਦਾ ਸਿਧਾਂਤ ਈਸ਼ਵਰ ਭਗਤੀ ਹੈ। ਉਹ ਉਚ ਸਦਾਚਾਰ ਦੇ ਮਾਲਕ ਹਨ। ਉਨ੍ਹਾਂ ਵਿਚ ਵਿਧਵਾ ਵਿਆਹ ਦੀ ਪਾਬੰਦੀ ਨਹੀਂ ਹੈ। ਉਨ੍ਹਾਂ ਵਿਚ ਲੜਕੀ ਅਤੇ ਭੈਣ ਦੇ ਬਦਲੇ ਵਿਚ ਰੁਪੈ ਲੈਣ ਦੀ ਉੱਕਾ ਹੀ ਮਨਾਹੀ ਹੈ। ਉਹ ਸਦਾਚਾਰਕ ਜੀਵਨ ਦੀ ਤਾਗੀਦ ਕਰਦੇ ਹਨ। ਉਹ ਨਸ਼ੀਲੀਆਂ ਸ਼ੈਆਂ ਤੋਂ ਪ੍ਰਹੇਜ਼ ਕਰਦੇ ਹਨ। ਇਸ ਪੰਥ ਦੀ ਨਿਸ਼ਾਨੀ ਉੱਨ ਦੀ ਮਾਲਾ, ਸਿੱਧੀ ਪੱਗ ਤੇ ਇੱਕ ਲਾਠੀ ਹੈ। (ਗੁਰੂ) ਰਾਮ ਸਿੰਘ ਸ਼ਾਨਦਾਰ ਦਿਮਾਗੀ ਕਾਬਲੀਅਤ ਦਾ ਮਾਲਿਕ ਹੈ। ਉਸ ਨੇ ਹੌਲੀ ਹੌਲੀ ਆਪਣੇ ਸਿੱਖਾਂ ਅੰਦਰ ਨੇਕੀ ਅਤੇ ਪ੍ਰਹੇਜ਼ਗਾਰੀ ਦੇ ਕਾਰਨ ਪ੍ਰਸਿਧੀ ਪ੍ਰਾਪਤ ਕਰ ਲਈ ਹੈ। ਉਸਦੇ ਚੇਲਿਆਂ ਦੀ ਗਿਣਤੀ ਬਹੁਤ ਵਧ ਗਈ ਹੈ, ਅਤੇ ਨਾਲ ਹੀ ਉਸਦਾ ਅਸਰ। (ਗੁਰੂ) ਰਾਮ ਸਿੰਘ ਅਤੇ ਉਸਦੇ ਚੇਲੇ ਕੇਵਲ ਧਾਰਮਿਕ ਹੀ ਨਹੀਂ ਹਨ, ਸਗੋਂ ਧਾਰਮਿਕ ਸੁਧਾਰਕ, ਸਦਾਚਾਰੀ ਉਪਦੇਸ਼ਕ ਅਤੇ ਗੁਰੂ ਹੋਣ ਦੇ ਲਿਬਾਸ ਵਿਚ ਉਨ੍ਹਾਂ ਨੇ ਰਾਜਨੀਤੀ ਦੇ ਡੂਘੇ ਮਨਸੂਬਿਆਂ ਨੂੰ ਆਸਰਾ ਦਿਤਾ।"

ਸੱਯਦ ਮੁਹੰਮਦ ਲਤੀਫ

Namdhari Elibrary NamdhariElibrary@gmail.com

ਸਦੀਵੀ ਪ੍ਰੇਰਨਾ ਦਾ ਸੋਮਾ –ਬਾਬਾ ਰਾਮ ਸਿੰਘ

ਡਾ. ਕਰਨਜੀਤ ਸਿੰਘ

ਬਾਬਾ ਰਾਮ ਸਿੰਘ ਕੇਵਲ ਨਾਮਧਾਰੀ ਸੰਪਰਦਾਇ ਦੇ ਸਤਿਗੁਰੂ ਹੀ ਨਹੀਂ, ਉਹ ਇਕ ਅਜਿਹੀ ਮਹਾਨ ਸ਼ਖਸੀਅਤ ਹਨ ਜਿਸ ਉਤੇ ਪੰਜਾਬ ਨੂੰ ਕੀ,ਸਾਰੇ ਭਾਰਤ ਨੂੰ ਹੱਕੀ ਮਾਣ ਹੋ ਸਕਦਾ ਹੈ।ਬੇਸ਼ਕ ਉਹਨਾਂ ਦਾ ਜਨਮ ਇਕ ਸਾਧਾਰਨ ਕਿਰਤੀ ਪਰਵਾਰ ਵਿੱਚ ਹੋਇਆ ਪਰ ਜਿਹੜੇ ਗੁਣਾਂ ਦੇ ਉਹ ਸੁਆਮੀ ਹਨ, ਜਿਸ ਪ੍ਰਕਾਰ ਉਹਨਾਂ ਨੇ ਪੰਥ ਤੇ ਪੰਜਾਬ ਦੀ, ਗਊ ਗਰੀਬ ਦੀ ਅਤੇ ਭਾਰਤ ਦੇਸ਼ ਦੀ ਸੇਵਾ ਕੀਤੀ, ਜਿਹੜੀ ਅਧਿਆਤਮਕ ਅਤੇ ਆਤਮਕ ਉਚਤਾ ਦੀ ਮੰਜ਼ਲ ਤੱਕ ਉਹ ਸਿਮਰਨ ਸੇਵਾ ਦੇ ਸਹਾਰੇ ਪਹੁੰਚੇ ਉਸੇ ਦਾ ਸਦਕਾ ਹੀ ਉਹ ਗੁਰੂ ਦੀ ਪਦਵੀ ਦੇ ਮਾਲਕ ਬਣੇ। ਨਾਮਧਾਰੀ ਵੀਰਾਂ ਦਾ ਇਹ ਵਿਸ਼ਵਾਸ ਹੈ ਕਿ ਆਪ ੧੨ਵੀਂ ਜੋਤ ਵਿੱਚ ਗੁਰੂ ਗੋਬਿੰਦ ਸਿੰਘ ਹੀ ਪ੍ਰਗਟ ਹੋਏ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਮਗਰੋਂ ਸਿੱਖ ਰਾਜ ਜਿਸ ਤਰੀਕੇ ਨਾਲ ਭਰਾ-ਮਾਰ ਲੜਾਈ ਝਗੜਿਆਂ ਦਾ ਸ਼ਿਕਾਰ ਹੋਇਆ, ਜਿਵੇਂ ਪੰਥ-ਧ੍ਰੋਹ ਅਤੇ ਦੇਸ਼ ਨਾਲ ਗਦਾਰੀ ਦੇ ਕਾਰਨ ਸਿੱਖ ਫੌਜਾਂ ਅਤਿਅੰਤ ਬਹਾਦਰੀ ਨਾਲ ਜੂਝਦੀਆਂ ਹੋਈਆਂ ਅੰਗ੍ਰੇਜ਼ ਸੈਨਾਵਾਂ ਤੋਂ ਹਾਰੀਆਂ, ਉਸ ਦੇ ਫਲਸਰੂਪ ਪੰਜਾਬ ਦੇ ਗਲ ਵਿੱਚ ਅੰਗ੍ਰੇਜ਼ ਦੀ ਗੁਲਾਮੀ ਦਾ ਜੂਲਾ ਪੈ ਗਿਆ। ਬਾਕੀ ਦਾ ਭਾਰਤ ਤਾਂ ਪਹਿਲਾਂ ਹੀ ਯੂਨੀਅਨ ਜੈਕ ਦੇ ਝੰਡੇ ਹੇਠ ਆ ਗਿਆ ਹੋਇਆ ਸੀ। ਪੰਜਾਬ ਹੀ ਆਜ਼ਾਦੀ ਦੇ ਵਾਯੂਮੰਡਲ ਵਿਚ ਸਾਹ ਲੈ ਰਿਹਾ ਸੀ ਸੋ ਉਹ ਵੀ ਅਖ਼ੀਰ ਅੰਗ੍ਰੇਜ਼ ਦਾ ਗੁਲਾਮ ਬਣ ਗਿਆ।

ਪੰਜਾਬ ਵਿੱਚ ਸਭ ਤੋਂ ਮਗਰੋਂ ਬਰਤਾਨਵੀ ਸਾਮਰਾਜ ਦਾ ਝੰਡਾ ਝੂਲਿਆ ਅਤੇ ਲੋਕਾਂ ਦੀ ਪੱਧਰ ਉਤੇ ਸਭ ਤੋਂ ਪਹਿਲਾਂ ਆਜ਼ਾਦੀ ਦੇ ਸੰਗਰਾਮ ਦਾ ਪਰਚਮ ਵੀ ਪੰਜਾਬ ਨੇ ਹੀ ਉੱਚਾ ਕੀਤਾ। ਇਹ ਝੰਡਾ ਚੁਕਣ ਵਾਲੇ ਮਹਾਨ ਯੋਧਾ ਸਨ ਬਾਬਾ ਰਾਮ ਸਿੰਘ ਜੀ। ੧੮੫੭ ਦੇ ਜਿਸ ਵਰ੍ਹੇ, ਭਾਰਤ ਦੇ ਕੁਝ ਰਾਜਿਆਂ ਤੇ ਰਜਵਾੜਿਆਂ ਨੇ ਆਪਣੀਆਂ ਫੌਜਾਂ ਦੇ ਆਸਰੇ ਅੰਗ੍ਰੇਜ਼ ਦੇ ਖਿਲਾਫ ਸੰਘਰਸ਼ ਅਰੰਭਿਆ ਜਿਸ ਨੂੰ ਹਕੂਮਤ ਨੇ ਗਦਰ ਦਾ ਨਾਮ ਦਿੱਤਾ ਪਰ ਆਜ਼ਾਦੀ ਤੇ ਇਨਸਾਫ ਦੇ ਅਤੇ ਸਾਂਝੀਵਾਲਤਾ ਤੇ ਜਮਹੂਰ ਦੇ ਮੁਦਈਆਂ ਨੇ ਆਜ਼ਾਦੀ ਦੀ ਪਹਿਲੀ ਜੰਗ ਆਖਿਆ, ਉਸੇ ਵਰ੍ਹੇ ਵਸਾਖੀ ਵਾਲੇ ਦਿਨ ਬਾਬਾ ਰਾਮ ਸਿੰਘ ਨੇ ਨਵੇਂ ਸਿਰੇ ਤੋਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਆਤਮਕ ਤੇ ਅਧਿਆਤਕ ਰੂਪ ਵਿੱਚ ਪਤਨਮੁਖ ਤੇ ਰਸਾਤਲ ਵੱਲ ਜਾ ਰਹੀ ਸਿੱਖੀ ਵਿਚ ਇਕ ਨਵੀਂ ਰੂਹ ਫੂਕ ਦੇਣ ਦਾ ਉਪਰਾਲਾ ਕੀਤਾ ਸੀ। ਉਹਨਾਂ ਦੇ ਨਵੇਂ ਅਨੁਯਾਈ ਨਾਮਧਾਰੀ ਅਖਵਾਏ। ਨਾਮਧਾਰੀ ਲਹਿਰ ਆਧੁਨਿਕ ਭਾਰਤ ਵਿੱਚ ਪਹਿਲੀ ਲੋਕ-ਲਹਿਰ ਸੀ ਜਿਸਨੇ ਦੇਸ਼ ਦੀ ਆਜ਼ਾਦੀ ਦਾ ਲੋਕ-ਸੰਗਰਾਮ ਆਰੰਭਿਆ।

ਬਾਬਾ ਰਾਮ ਸਿੰਘ ਜੀ ਦਾ ਛੇੜਿਆ ਇਹ ਸੰਗਰਾਮ ਚਾਰ-



ਦਿਸ਼ਾਵੀ ਜਾਂ ਚਾਰ-ਪੱਧਰੀ ਸੀ। ਆਪ ਬੜੇ ਅਨੁਭਵੀ ਤੇ ਡੂੰਘੀ ਦੂਰਦ੍ਰਿਸ਼ਟੀ ਦੇ ਮਾਲਕ ਹੋਣ ਕਾਰਨ ਇਹ ਜਾਣਦੇ ਸਨ ਕਿ ਕੋਈ ਵੀ ਰਾਜਨੀਤਕ, ਆਰਥਕ ਜਾਂ ਸਮਾਜਕ ਲੜਾਈ ਉਤਨਾਂ ਚਿਰ ਨਹੀਂ ਲੜੀ ਜਾ ਸਕਦੀ ਜਿਨਾਂ ਚਿਰ ਸੰਗਰਾਮੀਆਂ ਦਾ ਚ੍ਰਿਤਰ ਉੱਚਾ ਨਾ ਹੋਵੇ। ਇਸ ਲਈ ਉਹਨਾਂ ਦਾ ਪਹਿਲਾ ਉਦੇਸ਼ ਸੀ ਕਿ ਪੰਜਾਬ ਦੀ ਜਨਤਾ ਦਾ ਅਤੇ ਖ਼ਾਸ ਕਰ ਸਿੱਖ ਸਮੂਹ ਦਾ ਨੈਤਿਕ ਪੁਨਰ-ਉਥਾਨ ਕੀਤਾ ਜਾਏ। ਸਾਦਾ ਭੋਜਨ, ਸਾਦਾ ਪਹਿਰਾਵਾ ਉਹਨਾਂ ਦਾ ਪਹਿਲਾ ਸੰਦੇਸ਼ ਬਣਿਆ। ਮਾਸ, ਸ਼ਰਾਬ ਤੇ ਹੋਰ ਨਸ਼ਿਆਂ ਦੀ ਮਨਾਹੀ ਕੀਤੀ। ਚ੍ਰਿਤਰ-ਉਥਾਨ ਦਾ ਦੂਜਾ ਪਹਿਲੂ ਸਮਾਜਕ ਜੀਵਨ ਸੀ। ਉਹਨਾਂ ਨੇ ਸੂਦ ਖੋਰੀ, ਦਾਜ-ਦਹੇਜ ਤੋਂ ਵਰਜਿਆ। ਪੰਜਾਬ ਵਿੱਚ ਉਦੋਂ ਤੱਕ ਵੀ ਕੁੜੀਆਂ ਨੂੰ ਮਾਰ ਦੇਣ ਦਾ ਪੁਰਾਤਨ ਰੋਗ ਅਜੇ ਬਾਕੀ ਹੋਵੇਗਾ ਇਸ ਲਈ ਉਹਨਾਂ ਨੇ ਕੁੜੀਆਂ ਨੂੰ ਮਾਰਨ, ਵੇਚਣ, ਵੱਟੇ 'ਤੇ ਸਾਕ ਕਰਨ ਅਤੇ ਬਾਲ-ਵਿਆਹ ਦੇ ਵਿਰੁਧ ਜ਼ੋਰਦਾਰ ਪਰਚਾਰ ਅਰੰਭਿਆ। ਤੀਜਾ ਪੱਖ ਸੀ ਧਾਰਮਕ ਜਾਂ ਸਗੋਂ ਜੇ ਅਧਿਆਤਮਕ ਆਖਿਆ ਜਾਏ ਤਾਂ ਵਧੇਰੇ ਠੀਕ ਗੱਲ ਹੋਵੇਗੀ। ਅੰਮ੍ਰਿਤ ਵੇਲੇ ਉਠ ਕੇ ਸਹਿ-ਕੇਸੀ ਇਸ਼ਨਾਨ ਅਤੇ ਨਿਤ-ਨੇਮ ਨਾਲ ਪਾਠ-ਪੂਜਾ ਦੀ ਮਰਿਯਾਦਾਂ ਸਥਾਪਤ ਕੀਤੀ। ਇਸ ਸੰਗਰਾਮ ਦਾ ਚੌਥਾ ਪੱਖ ਸੀ ਰਾਜਨੀਤਕ। ਸਾਡੀ ਰਾਏ ਵਿੱਚ ਤਾਂ ਇਸ ਰਾਜਨੀਤਕ ਉਦੇਸ਼ ਨੂੰ ਮੂਲ ਮਹੱਤਤਾ ਵਾਲਾ ਕਾਰਜ ਸਮਝਿਆ ਜਾਣਾ ਚਾਹੀਦਾ ਹੈ। ਇਹ ਕਾਰਜ ਸੀ ਦੇਸ਼ ਨੂੰ ਸਾਮਰਾਜੀ ਜੂਲੇ ਤੋਂ ਮੁਕਤ ਕਰਨਾ।

ਬਾਬਾ ਰਾਮ ਸਿੰਘ ਸਿੱਖ ਫੌਜ ਵਿੱਚ ਸੇਵਾ ਕਰ ਚੁੱਕੇ ਸਨ ਅਤੇ ਇਕ ਸਾਬਕਾ ਫੌਜੀ ਦੇ ਨਾਤੇ ਭਲੀ ਭਾਂਤ ਜਾਣਦੇ ਸਨ ਕਿ ਰਾਜ ਦੀ ਸਾਮਰਾਜੀ ਸ਼ਕਤੀ ਨਾਲ ਹਥਿਆਰਾਂ ਦੇ ਜ਼ੋਰ ਨਹੀਂ ਲੜਿਆ ਜਾ ਸਕਦਾ। ਹੁਣ ਰਾਜ ਦੀ ਸੈਨਿਕ ਸ਼ਕਤੀ ਮਧ-ਕਾਲੀਨ ਸੈਨਿਕ ਸ਼ਕਤੀ ਨਹੀਂ ਸੀ ਜਿਹੜਾ ਬਹੁਤਾ ਕਰਕੇ ਘੋੜੇ, ਤਲਵਾਰ ਤੇ ਛੋਟੇ ਮੋਟੇ ਹੋਰ ਬਾਰੂਦੀ ਹਥਿਆਰਾਂ ਉਤੇ ਨਿਰਭਰ ਕਰਿਆ ਕਰਦੀ ਸੀ। ਹਕੂਮਤ ਕੋਲ ਕਰੜੇ ਜ਼ਾਬਤੇ ਅਧੀਨ ਤਕਨੀਕੀ-ਗਿਆਨ ਤੇ ਵਿਗਿਆਨ ਦੀ ਸ਼ਕਤੀ ਨਾਲ ਲੈਸ ਸੈਨਾ ਸੀ। ਇਸ ਲਈ ਬਾਬਾ ਜੀ ਨੇ ਸਰਕਾਰ ਨਾਲ ਨਾ-ਮਿਲਵਰਤਨ ਤੇ ਵਿਦੇਸ਼ੀ ਵਸਤਾਂ ਦੇ ਬਾਈਕਾਟ ਦੀ ਯੋਜਨਾ ਉਲੀਕੀ। ਇਹ ਦੋਵੇਂ ਗੱਲਾਂ ਸਰਕਾਰ ਨੂੰ ਆਰਥਕ ਸਟ ਮਾਰਨ ਵਾਲੀਆਂ ਤੇ ਕਮਜ਼ੋਰ ਕਰਨ ਵਾਲੀਆਂ ਸਨ ਅਤੇ ਇਹ ਕਾਰਗਰ ਵੀ ਸਿਧ ਹੋਈਆਂ।

ਜਾਪਦਾ ਹੈ ਕਿ ਇਹ ਦੈਵਨੇਤ ਅਤੇ ਬਦਕਿਸਮਤੀ ਵਾਲੀ ਗੱਲ

Namdhari Elibrary NamdhariElibrary@gmail.com

ਰਹੀ ਸੀ ਕਿ ਗਊ ਦੀ ਰਖਿਆ ਦੇ ਉਤਸ਼ਾਹੀ, ਨਾਮਧਾਰੀ ਨੌਜਵਾਨਾਂ ਨੇ ਪਹਿਲਾਂ ਅੰਮ੍ਰਿਤਸਰ ਤੇ ਰਾਏਕੋਟ ਅਤੇ ਉਸ ਤੋਂ ਮਗਰੋਂ ਮਲੇਰ ਕੋਟਲੇ ਆਦਿ ਥਾਵਾਂ ਉਤੇ ਕਸਾਈਆਂ ਉਤੇ ਹਮਲੇ ਕੀਤੇ ਅਤੇ ਉਹਨਾਂ ਨੂੰ ਜਾਨੋਂ ਮਾਰ ਦਿੱਤਾ। ਸਰਕਾਰ ਨੂੰ ਨਾਮਧਾਰੀਆਂ ਉਤੇ ਸਖਤੀ ਕਰਨ ਦਾ ਬਹਾਨਾ ਮਿਲ ਗਿਆ ਅਤੇ ਕਈ ਸੂਰਮੇ ਤੋਪਾਂ ਨਾਲ ਉਡਾਏ ਗਏ। ਲਹਿਰ ਦਾ ਜੋ ਪ੍ਰਭਾਵ ਵਿਸ਼ਾਲ ਹਲਕਿਆਂ ਵਿੱਚ ਫੈਲ ਰਿਹਾ ਸੀ

ਹੌਲੀ ਹੌਲੀ ਇਹ ਲਹਿਰ ਦਬ ਗਈ ਜਾਂ ਕਹਿ ਲਓ ਕਿ ਸਿਮਟ ਕੇ ਰਹਿ ਗਈ ਪਰ ਸਿਖਾਂ ਦੀ ਵੱਡੀ ਗਿਣਤੀ ਉਤੇ ਇਹ ਆਪਣਾ ਸਦੀਵੀ ਪ੍ਰਭਾਵ ਛੱਡ ਗਈ।

ਸਰਕਾਰ ਉਸ ਤੋਂ ਅਵਾਜ਼ਾਰ ਤਾਂ ਸੀ ਹੀ, ਇਸ ਲਈ ਉਪਰੋਕਤ ਘਟਨਾਵਾਂ ਨੂੰ ਬਹਾਨਾ ਬਣਾ ਕੇ ਬਾਬਾ ਰਾਮ ਸਿੰਘ ਨੂੰ ਸਰਕਾਰ ਨੇ ਦੇਸਬਦਰ ਕਰਕੇ ਬਰਮਾ ਭੇਜ ਦਿੱਤਾ। ਉਹਨਾਂ ਦੇ ਖਿਲਾਫ ਕੋਈ ਹੋਰ ਕਾਨੂੰਨੀ ਕਾਰਵਾਈ ਨਾ ਕੀਤੀ ਗਈ। ਇਸ ਬਾਰੇ ਐਮ.ਐਮ. ਆਹਲੂਵਾਲੀਆ ਨੇ ਆਪਣੀ ਅੰਗ੍ਰੇਜ਼ੀ ਦੀ ਪੁਸਤਕ "ਕੂਕੇ ਪੰਜਾਬ ਦੇ ਸੁਤੰਤਰਤਾ ਸੰਗਰਾਮੀ" ਦੇ ਪੰਨਾ ੮੨ ਉਤੇ ਲਿਖਿਆ ਹੈ ਕਿ "ਲੁਧਿਆਣੇ ਦੇ ਅਧਿਕਾਰੀ ਗੁਰੂ ਰਾਮ ਸਿੰਘ ਨੂੰ ਕਿਸੇ ਮਾਮਲੇ ਵਿੱਚ ਵਲ੍ਹੇਟਣ ਲਈ ਉਤਸੁਕ ਸਨ ਪਰ ਉਹਨਾਂ ਦੇ ਖਿਲਾਫ ਕੋਈ ਮੁਕਦਮਾ ਦਾਇਰ ਨਹੀਂ ਸੀ ਕਰਨਾ ਚਾਹੁੰਦੇ ਕਿਉਂਕਿ ਗਵਾਹੀਆਂ ਨਾ ਹੋਣ ਦੀ ਸੂਰਤ ਵਿੱਚ ਉਹ ਨਾਕਾਮ ਹੋ ਸਕਦੇ ਸਨ। ਅਸਲ ਵਿਚ ਉਹ ਅਦਾਲਤ ਵਿੱਚ ਉਹਨਾਂ ਦਾ ਕੋਈ ਜੁਰਮ ਸਾਬਤ ਕੀਤੇ ਬਗੈਰ ਉਮਰ ਭਰ ਲਈ ਦੇਸ ਬਦਰ ਕਰਨਾ ਚਾਹੁੰਦੇ ਸਨ। ਉਹ ਸਿਰਫ ਢੁਕਵੇਂ ਮੌਕੇ ਦੀ ਤਾੜ ਵਿਚ ਸਨ। ਬਦਕਿਸਮਤੀ ਨਾਲ ਜਨਵਰੀ ੧੮੭੨ ਵਿੱਚ ਮਾਲੇਰ ਕੋਟਲੇ ਵਿੱਚ ਕਸਾਈਆਂ ਉਤੇ ਕੂਕਿਆਂ ਦੇ ਹਮਲੇ ਨੇ ਉਹਨਾਂ ਨੂੰ ਇਹ ਮੌਕਾ ਦੇ ਦਿੱਤਾ। ਇਸ ਨਾਲ ਲਹਿਰ ਨੂੰ ਬੜੀ ਭਾਰੀ ਸਟ ਵੱਜੀ ਪਰ ਕੂਕਿਆਂ ਨੇ ਹੌਸਲੇ ਨਹੀਂ ਹਾਰੇ। ਉਹ ਕਸ਼ਮੀਰੀ ਤੇ ਨੇਪਾਲੀ ਫੌਜਾਂ ਵਿਚ ਭਰਤੀ ਹੋਕੇ ਦੇਸੀ ਰਜਵਾੜਿਆਂ ਨਾਲ ਤਾਲਮੇਲ ਕਰਨ ਦਾ ਜਤਨ ਕਰਦੇ ਰਹੇ। ਇਥੋਂ ਤੱਕ ਕਿ ਉਹਨਾਂ ਰੂਸ ਨਾਲ ਵੀ ਸੰਬੰਧ ਬਨਾਉਣ ਦੀ ਅਤੇ ਉਥੋਂ ਮਦਦ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਕਈ ਇਤਿਹਾਸਕਾਰਾਂ ਦਾ ਇਹ ਮਤ ਹੈ।

ਹੌਲੀ ਹੌਲੀ ਇਹ ਲਹਿਰ ਦਬ ਗਈ ਜਾਂ ਕਹਿ ਲਓ ਕਿ ਸਿਮਟ ਕੇ ਰਹਿ ਗਈ ਪਰ ਸਿਖਾਂ ਦੀ ਵੱਡੀ ਗਿਣਤੀ ਉਤੇ ਇਹ ਆਪਣਾ ਸਦੀਵੀ ਪ੍ਰਭਾਵ ਛੱਡ ਗਈ। ਬਾਬਾ ਰਾਮ ਸਿੰਘ ਤੋਂ ਬਾਦ ਅੱਜ ਤੱਕ ਇਹ ਸੰਪਰਦਾਇ ਕਿਸੇ ਨਾ ਕਿਸੇ ਰੂਪ ਵਿੱਚ ਦੇਸ਼ ਦੀ ਆਜ਼ਾਦੀ ਤੇ ਉਪਰੰਤ ਉਨਤੀ ਦੇ ਸੰਗਰਾਮ ਵਿੱਚ ਆਪਣਾ ਯੋਗਦਾਨ ਪਾਉਂਦੀ ਆ ਰਹੀ ਹੈ। ਬਾਬਾ ਰਾਮ ਸਿੰਘ ਜੀ ਨੇ ਦੇਸ਼-ਭਗਤੀ ਤੇ ਆਤਮ-ਵਿਸ਼ਵਾਸ ਦਾ ਜਿਹੜਾ ਜਜ਼ਬਾ ਪੈਦਾ ਕੀਤਾ ਸੀ-ਉਹ ਅੱਜ ਵੀ ਉਹਨਾਂ ਦੇ ਨਾਮ ਲੇਵਿਆਂ ਲਈ ਪ੍ਰੇਰਨਾਦਾਇਕ ਹੈ। ਦੇਸ਼ ਅੱਜ ਜਿਸ ਕਿਸਮ ਦੇ ਬਹੁ-ਭਾਂਤੀ ਸੰਕਟ ਵਿਚ ਫਸਿਆ ਹੋਇਆ ਹੈ ਉਸ ਵਿਚੋਂ ਸੁਰਖਰੂ ਹੋਕੇ ਨਿਕਲਣ ਲਈ ਬਾਬਾ ਰਾਮ ਸਿੰਘ ਜੀ ਦਾ ਜੀਵਨ ਤੇ ਉਹਨਾਂ ਦੀ ਸਿੱਖਿਆ ਚਾਨਣ-ਮੁਨਾਰੇ ਦਾ ਕੰਮ ਦੇ ਸਕਦੀ ਹੈ। ☬ ☬ ☬

ਨਾਮ ਸਿਮਰਨ ਨੂੰ ਅਰਪਨ-ਨਾਮਧਾਰੀ

"...ਸ੍ਰੀ ਬਾਬਾ ਜੀ ਕਿਸੇ ਓਪਰੇ ਮਜ਼੍ਹਬ ਦੇ ਬਾਨੀ ਨਹੀਂ ਹੋਏ। ਉਹ ਗੁਰੂ ਸਾਹਿਬਾਂ ਦੇ ਚਲਾਏ ਹੋਏ ਮਾਰਗ ਦੇ ਦਾਇਰੇ ਦੇ ਹਨ, ਉਹ ਗੁਰਮਤ ਅਵਲੰਬੀ ਗੁਰੂ ਸਾਹਿਬਾਂ ਦੇ ਚਲਾਏ ਹੋਏ ਮਾਰਗ ਦੇ ਚਮਕਦੇ ਸਿਤਾਰੇ ਹਨ....।"

"ਸ੍ਰੀ ਬਾਬਾ ਰਾਮ ਸਿੰਘ ਜੀ ਦਾ ਸੰਸਾਰ ਪੁਰ ਆਗਮਨ ਸੰਨ ੧੮੭੨ ਮਾਘ ਸੁਦੀ ੫ ਨੂੰ ਰਾਈਆ ਪਿੰਡ ਵਿਚ ਇਕ ਸਿਖ ਖਾਨਦਾਨ ਵਿਚ ਹੋਇਆ ਸੀ, ਬਚਪਨ ਤੋਂ ਆਪ ਦਾ ਰੁਖ ਭਲਿਆਈ ਤੇ ਧਰਮ ਵੱਲ ਸੀ। ਇਸ ਰੁਚੀ ਦੇ ਹੁੰਦਿਆਂ ਚੜ੍ਹਦੀ ਜਵਾਨੀ ਵਿਚ ਆਪ ਮਹਾਰਾਜਾ ਰਣਜੀਤ ਸਿੰਘ ਦੀ ਸਿਖ ਸੈਨਾ ਵਿਚ ਭਰਤੀ ਹੋਏ, ਪਰ ਥੋੜ੍ਹੇ ਹੀ ਚਿਰ ਬਾਦ ਫੌਜ ਦਾ ਗੁਜ਼ਰ ਹਜ਼ਰੋਂ ਤੋਂ ਹੋਇਆ ਤੇ ਉਥੇ ਆਪ ਨੂੰ ਸ੍ਰੀ ਬਾਬਾ ਬਾਲਕ ਸਿੰਘ ਜੀ ਦੇ ਦਰਸ਼ਨ ਮੇਲੇ ਹੋਏ। ਬਾਬਾ ਬਾਲਕ ਸਿੰਘ ਜੀ ਗੁਰੂ ਘਰ ਦੇ ਬੜੇ ਪ੍ਰੇਮੀ ਤੇ ਨਾਮ ਦੇ ਪੱਕੇ ਭਗਤ ਤੇ ਪੂਰੇ ਸੰਤ, ਗੁਰਮਤ ਦੇ ਧਾਰਨੀ ਪੈਰੋਕਾਰ ਤੇ ਗੁਰਮਰਯਾਦਾ ਦੇ ਆਮਿਲ ਹੋਏ ਹਨ। ਗੁਰਮਰਯਾਦਾ ਦੇ ਕਰਨਹਾਰ ਆਪ ਉਸ ਸਮੇਂ ਹੋਏ ਹਨ, ਜਦ ਕਿ ਅਨਮਤੀ ਅਸਰ ਪੰਥ ਵਿਚ ਹਨੇਰਾ ਪਾ ਰਿਹਾ ਸੀ। ਇਨਾਂ ਦੇ ਸਤਿਸੰਗ ਨਾਲ ਸ੍ਰੀ ਬਾਬਾ ਜੀ ਨੌਕਰੀ ਛੱਡ ਕੇ ਆਪਣਾ ਜੀਵਨ ਨਿਰੋਲ ਨਾਮ ਸਿਮਰਨ ਨੂੰ ਅਰਪਨ ਕਰ ਦਿਤਾ ਅਰ ਭਜਨ ਵਿਚ ਮਗਨ ਰਹੇ। ਸਹਿਜੇ ਸਹਿਜੇ ਨਾਮ ਦੀ ਖੁਸ਼ਬੋ ਮੁਸ਼ਕੀ ਤੇ ਮੁਸ਼ਕ ਕੇ ਖਿਲਰ ਖਲੋਤੀ। ਫਿਰ ਭੌਰੇ ਲਗੇ ਆਉਣ ਤੇ ਇੰਝ ਨਾਮ ਪ੍ਰਾਪਤ ਹੋਇਆ ਦੀ ਸੰਪ੍ਰਦਾ ਟੁਰ ਪਈ। ਜਿਨ੍ਹਾਂ ਦਾ ਨਾਮ ਨਾਮਧਾਰੀਏ ਪ੍ਰਸਿਧ ਹੋ ਗਿਆ, ਪਰ ਬਾਜੇ ਨਾ ਜਰ ਸਕਣ ਵਾਲੇ ਸਿਖ ਕੂਕਾਂ ਮਾਰਨ ਲਗ ਪਏ, ਜਿਸ ਤੋਂ ਹਾਸੇ ਨਾਲ ਲੋਕੀ ਕੂਕੇ ਆਖਣ ਲਗ ਪਏ। ਉਂਝ ਕੂਕੇ ਪਦ ਸੰਪ੍ਰਦਾ ਦਾ ਨਾਮ ਨਹੀਂ ਹੈ। ਪ੍ਰਚਾਰ ਬਾਬਾ ਜੀ ਦੇ ਵਕਤ ਇਸ ਸੰਪ੍ਰਦਾ ਦਾ ਇਤਨਾ ਹੋਇਆ ਹੈ ਕਿ ਲੱਖਾਂ ਦੀ ਗਿਣਤੀ ਆਪ ਦੇ ਪੈਰੋਕਾਰਾਂ ਦੀ ਸੁਣੀਂਦੀ ਹੈ। ਸਗੋਂ ਇਕ ਵੇਰਾਂ ਤਾਂ ਕਿਸੇ ਸਜਣ ਨੇ ਉਨ੍ਹਾਂ ਦੇ ਸਮੇਂ ਸੱਤ ਲਖ ਦਸੀ ਸੀ। ਪਰ ਇਸ ਵਿਚ ਸ਼ੱਕ ਨਹੀਂ ਕਿ ਆਪ ਦੇ ਨਾਲ ਪੈਰੋਕਾਰਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ।

ਭਾਈ ਵੀਰ ਸਿੰਘ

Namdhari Elibrary NamdhariElibrary@gmail.com

ਰੱਬੀ ਰੂਪ–ਸਤਿਗੁਰੂ ਰਾਮ ਸਿੰਘ ਜੀ

ਡਾ. ਅਜੀਤ ਸਿੰਘ



ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਵਿਚੋਂ ਰੱਬੀ ਤੇ ਨੂਰੀ ਸ਼ਖਸੀਅਤ ਦੀ ਇਕ ਨਿਸਚਿਤ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਹ ਕੁਝ ਅਜਿਹਾ ਮਹਾਨ ਤੇ ਕਰਾਮਾਤੀ ਕਰ ਗੁਜ਼ਰਦੀ ਹੈ ਜਿਹੜਾ ਵੱਖਰਾ ਵਿਸ਼ੇਸ਼ ਤੇ ਲਾਸਾਨੀ ਹੁੰਦਾ ਹੈ। ਉਹ ਇਕ ਵੱਖਰੀ ਦਰਿਸ਼ਟੀ, ਵੱਖਰੇ ਦਰਿਸ਼ਟੀਕੋਣ, ਵਿਸ਼ੇਸ਼ ਵਿਚਾਰਧਾਰਾ ਜਾਂ ਸੰਕਲਪ ਨੂੰ ਲੋਕਾਂ ਸਾਹਮਣੇ ਲਿਆਉਂਦੀ ਹੈ। ਉਹ ਸੰਘਰਸ਼, ਸੱਚ, ਸੁੱਚ ਅਤੇ ਸੁਹਿਰਦਤਾ ਦੀ ਸਿਖਰ ਹੁੰਦੀ ਹੈ, ਉਸ ਦੀਆਂ ਪ੍ਰਾਪਤੀਆਂ ਸਮੇਂ ਤੋਂ ਪਾਰ ਜਾਣ ਦੀ ਸਮਰੱਥਾ ਰਖਦੀਆਂ ਹਨ। ਉਹ ਭਉ-ਭੇਤ ਤੋਂ ਮੁਕਤ ਨਿਰਵੈਰ ਤੇ ਨਿਡਰ ਸ਼ਖਸੀਅਤ ਹੁੰਦੀ ਹੈ, ਉਸ ਵਿੱਚ ਕਰਨੀ ਤੇ ਕਹਿਣੀ ਦੀ ਇਕ-ਸੁਰਤਾ ਦਾ ਅਜਿਹਾ ਸੰਗਮ ਹੁੰਦਾ ਹੈ ਜਿਹੜਾ ਸਮੁੱਚੀ ਮਨੁੱਖਤਾ ਦੇ ਕਲਿਆਣ ਲਈ ਉਦਾਹਰਣ ਬਣ ਨਿਬੜਦਾ ਹੈ, ਜੀਵਨ ਦੇ ਹਰ ਖੇਤਰ-ਸਮਾਜਕ, ਧਾਰਮਕ, ਰਾਜਨੀਤਕ ਜਾਂ ਅਧਿਆਤਮਕ-ਵਿੱਚ ਉਸ ਦੀਆਂ ਮਹਾਨ ਕਰਨੀਆਂ ਦੀ ਅਮਿੱਟ ਛਾਪ ਲੱਗੀ ਹੁੰਦੀ ਹੈ। ਉਹ ਜੁਗ ਤੇ ਸਮੇਂ ਨੂੰ ਆਪਣੇ ਪਿੱਛੇ ਲਾ ਸਕਦੀ ਹੈ। ਜਬਰ ਤੇ ਅਤਿਆਚਾਰ ਵਿਰੁਧ ਲੜਣ ਦੀ ਉਸ ਵਿੱਚ ਅਥਾਹ ਸ਼ਕਤੀ ਹੁੰਦੀ ਹੈ, ਉਹ ਨਿਮਰਤਾ ਤੇ ਸਾਧਾਰਨਤਾ ਦਾ ਰੂਪ ਹੁੰਦੀ ਹੋਈ ਅਸਾਧਾਰਨ ਤੇ ਅਸਲੋਂ ਮਹਾਨ ਹੁੰਦੀ ਹੈ, ਉਹ ਹੱਕ, ਸੱਚ ਤੇ ਨਿਆਂ ਦੀ ਰਾਖੀ ਕਰਦੀ ਹੈ। ਅਤੇ ਇਹਨਾਂ ਦੀ ਰਾਖੀ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦੀ ਹੈ। ਸੁਆਰਥ ਉਸ ਨੂੰ ਛੋਹ ਨਹੀਂ ਸਕਦਾ, ਅਭਿਮਾਨ ਉਸ ਦੇ ਨੇੜੇ ਨਹੀਂ ਢੁਕ ਸਕਦਾ। ਇਹੋ ਜੇਹੀ ਸ਼ਖਸੀਅਤ ਸੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ।

ਕਿਰਤੀ ਰਾਮ ਸਿੰਘ ਤੋਂ ਸਤਿਗੁਰੂ ਰਾਮ ਸਿੰਘ ਤੱਕ ਦੀ ਤਬਦੀਲੀ ਸਾਡੇ ਇਤਿਹਾਸ ਵਿੱਚ ਇਕ ਮਹਾਨ ਤਬਦੀਲੀ ਹੈ। ਕੂਕਾ ਅੰਦੋਲਨ ਦੇ ਬਾਨੀ ਸਤਿਗੁਰੂ ਰਾਮ ਸਿੰਘ, ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰਨ ਲਈ ਬੜੀ ਮਿਹਨਤ ਤੇ ਖੋਜ ਦੀ ਲੋੜ ਹੈ। ਹੈਰਾਨੀ ਹੁੰਦੀ ਹੈ ਜਦੋਂ ਉਹਨਾਂ ਦੀਆਂ ਕਰਾਮਾਤੀ ਕਰਨੀਆਂ ਬਾਰੇ ਸੁਣੀਂਦਾ-ਪੜ੍ਹੀਦਾ ਹੈ, ਜੋ ਫੌਜ ਵਿੱਚ ਨੌਕਰੀ ਕੀਤੀ ਤੇ ਆਪਣੀ ਉੱਚੀ-ਸੁੱਚੀ ਸ਼ਖਸੀਅਤ ਕਾਰਨ ਦੂਜਿਆਂ ਨੂੰ ਆਪਣੇ ਪਿੱਛੇ ਲਾ ਲਿਆ। ਆਪ ਬਾਬਾ ਬਾਲਕ ਸਿੰਘ ਤੋਂ ਨਾਮ ਉਪਦੇਸ਼ ਲਿਆ ਪਰ ਦੂਜਿਆਂ ਲੱਖਾਂ ਲਈ ਸਤਿਗੁਰੂ ਦਾ ਰੂਪ ਧਾਰਨ ਕਰ ਗਏ। ਨਿਮਰਤਾ ਦੀ ਇੰਤਹਾ ਦੇਖੋ। ਹਰਦੁਆਰ ਗਏ ਤੇ ਜੂਠੇ ਭਾਂਡੇ ਆਪਣੇ ਹੱਥਾਂ ਨਾਲ ਮਾਂਜੇ, ਕਿਰਤ ਕੀਤੀ ਤੇ ਸੁੱਚੀ ਕਿਰਤ ਦੀ ਲਾਸਾਨੀ ਸਿਫ਼ਤ ਲੋਕਾਂ ਅੱਗੇ ਲਿਆਂਦੀ, ਸਾਫ਼-ਸੁਥਰੇ ਵਸਤਰ ਪਾਉਣ ਵਾਲੇ ਲੱਖਾਂ ਲੋਕਾਂ ਨੂੰ ਸੰਘਰਸ਼ ਤੇ ਕੁਰਬਾਨੀ ਦਾ ਰਾਹ ਦਰਸਾਇਆ।

ਇਤਿਹਾਸ ਪੜ੍ਹਨ ਵਾਲੇ ਜਾਣਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਸਿੱਖਾਂ ਵਿੱਚ ਆਮ ਤੌਰ ਤੇ ਹਰ ਪਖੋਂ ਨਿਘਾਰ ਆ ਗਿਆ ਸੀ। ਓਧਰ ਅੰਗਰੇਜ਼ੀ ਮਿਸ਼ਨਰੀਆਂ ਈਸਾਈ ਪਰਚਾਰ ਕਰ ਰਹੀਆਂ ਸਨ। ਦੇਸੀ ਮਹਾਰਾਜੇ, ਸਰਦਾਰ ਤੇ ਹੋਰ ਸੋਢੀ-ਬੇਦੀ ਅੰਗਰੇਜ਼ਾਂ ਦੇ ਪਿੱਠੂ ਬਣਦੇ ਜਾ ਰਹੇ ਸਨ। ਗੁਰੂ ਗੋਬਿੰਦ ਸਿੰਘ ਦੇ ਇਨਕਲਾਬੀ ਸੰਕਲਪ ਨੂੰ ਢਾਹ ਲਗਦੀ ਜਾ ਰਹੀ ਸੀ, ਅਜਿਹੀਆਂ ਪ੍ਰਸਥਿਤੀਆਂ ਵਿੱਚ ਸਿੱਖੀ ਦੇ ਇਨਕਲਾਬੀ ਸਰੂਪ ਤੇ ਸੰਕਲਪ ਨੂੰ ਸੁਰਜੀਤ ਕਰਨ ਦਾ ਸਿਹਰਾ ਸਤਿਗੁਰੂ ਰਾਮ ਸਿੰਘ ਜੀ ਦੇ ਸਿਰ ਹੈ। ਸਤਿਗੁਰੂ ਰਾਮ ਸਿੰਘ ਦੀ ਅਜਿਹੀ ਦੇਣ ਨੂੰ ਪੜ੍ਹ ਕੇ ਬਾਬਰ ਸਮੇਂ ਗੁਰੂ ਨਾਨਕ ਦੇਵ ਜੀ ਦੇ ਇਨਕਲਾਬੀ ਪ੍ਰਤਿਕਰਮ ਦੀ ਯਾਦ ਤਾਜ਼ਾ ਹੋ ਜਾਂਦੀ ਹੈ, ਗੁਰੂ ਗੋਬਿੰਦ ਸਿੰਘ ਜੀ ਦੇ ਇਨਕਲਾਬੀ ਖਾਲਸਾ ਪੰਥ ਦੀ ਬਹਾਦੁਰੀ ਦੀ ਯਾਦ ਮੁੜ ਤਾਜ਼ਾ ਹੋ ਜਾਂਦੀ ਹੈ, ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਦੇ ਰੂਪ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਨਵੇਂ 'ਇਤਿਹਾਸ ਨੂੰ ਜਨਮ ਦਿੱਤਾ ਹੈ। ਲੱਖਾਂ ਸ਼ਰਧਾਲੂਆਂ ਨੂੰ ਅੰਮ੍ਰਿਤਪਾਨ ਕਰਵਾਇਆ, ਸ੍ਵਛ ਤੇ ਪਾਵਨ ਜ਼ਿੰਦਗੀ ਗੁਜ਼ਾਰਨ ਦਾ ਰਾਹ ਦੱਸਿਆ। ਔਰਤਾਂ ਨੂੰ ਬਰਾਬਰੀ ਦਾ ਦਰਜਾ ਦਿੱਤਾ, ਸਿੱਖੀ ਪਰਚਾਰ ਲਈ ੨੨ ਸੂਬੇ ਨਾਮਜ਼ਦ ਕੀਤੇ। ਲੋਕਾਂ ਨੂੰ ਰੱਬ ਦੇ ਰਾਹ ਉਤੇ ਪਾਇਆ।

ਮੈਨੂੰ ਸਤਿਗੁਰੂ ਰਾਮ ਸਿੰਘ ਦਾ ਇਨਕਲਾਬੀ ਰੂਪ ਵਧੇਰੇ ਪ੍ਰਭਾਵਿਤ ਕਰਦਾ ਹੈ। ਅੰਗਰੇਜ਼ ਚੰਗੀ ਤਰ੍ਹਾਂ ਸਮਝਦੇ ਸਨ ਕਿ ਨਾਮਧਾਰੀ ਸਿੱਖੀ ਸਰੂਪ ਦੇ ਪਿੱਛੇ ਇਨਕਲਾਬੀ ਇਤਿਹਾਸ ਖੜਾ ਹੈ, ਜੱਦੋਜਹਿਦ ਦਾ ਸੰਕਲਪ ਖੜਾ ਹੈ, ਉਹਨਾਂ ਨੂੰ ਇਹ ਵੇਸ ਚੁਭਦਾ ਸੀ। ਇਸ ਵੇਸ ਪਿੱਛੇ ਖੜੇ ਇਤਿਹਾਸ ਤੇ ਡਰ ਲਗਦਾ ਸੀ। ਏਸੇ ਲਈ ਉਹਨਾਂ ਨਾਮਧਾਰੀਆਂ ਉਤੇ ਪਾਬੰਦੀਆਂ ਲਾਈਆਂ, ਅਤਿਆਚਾਰ ਕੀਤੇ ਅਤੇ ਦੂਜਿਆਂ ਨੂੰ ਉਹਨਾਂ ਵਿਰੁਧ ਭੜਕਾਇਆ। ਸਤਿਗੁਰੂ ਰਾਮ ਸਿੰਘ ਦੇ ਇਨਕਲਾਬੀ ਸਰੂਪ ਦਾ ਸੰਕਲਪ ਵੇਖਣ ਵਾਲਾ ਹੈ, ਉਹਨਾਂ ਬਦੇਸ਼ੀ ਕਪੜਿਆਂ ਦਾ ਬਾਈਕਾਟ ਕੀਤਾ। ਸਰਕਾਰੀ ਡਾਕਖਾਨਿਆਂ ਤੋਂ ਪਰਹੇਜ਼ ਕੀਤਾ। ਸਰਕਾਰੀ ਨੌਕਰੀਆਂ ਨੂੰ ਅਸਵੀਕਾਰ ਕੀਤਾ। ਰੇਲ ਦੀ ਸਵਾਰੀ ਦਾ ਬਹਿਸ਼ਕਾਰ ਕੀਤਾ। ਮਹਾਤਮਾ ਗਾਂਧੀ ਦੇ ਸੁਦੇਸ਼ੀ ਤੇ ਬਾਈਕਾਟ ਤੋਂ ੫੦ ਸਾਲ ਪਹਿਲਾਂ ਪੰਜਾਬ ਵਿੱਚ ਅਜਿਹੀ ਤਹਿਰੀਕ ਨੂੰ ਚਲਾਇਆ।

ਰੱਬੀ ਤੇ ਨੂਰੀ ਸ਼ਖਸੀਅਤ ਹਮੇਸ਼ਾਂ ਤੋਂ ਗਊ-ਗਰੀਬ ਦੀ ਰਾਖੀ ਕਰਦੀ ਆਈ ਹੈ। ਸੰਸਾਰ ਵਿੱਚ ਕਿਸੇ ਧਰਮ ਦੇ ਸੰਸਥਾਪਕ ਨੂੰ ਲੈ ਲਵੋ ਕਿਸੇ ਮਨੁਖਤਾ ਦੇ ਹਿਤੈਸ਼ੀ ਨੂੰ ਲੈ ਲਵੋ, ਉਹ ਹਮੇਸ਼ਾ ਹੀ ਸਥਾਪਤੀ ਦਾ ਵਿਰੋਧ ਕਰਦਾ ਰਿਹਾ ਹੈ। ਲੋਕਾਂ ਖਾਤਰ, ਸੱਚੀਆਂ ਤੇ

Namdhari Elibrary NamdhariElibrary@gmail.com

ਮਨੁਖੀ ਕੀਮਤਾਂ ਲਈ ਬਲੀਦਾਨ ਦਿੰਦਾ ਆਇਆ ਹੈ। ਗਊ ਹੱਤਿਆ ਵਿਰੁਧ ੧੮੭੧ ਈ: ਵਿੱਚ ਨਾਮਧਾਰੀਆਂ ਨੇ ਬੁਚੜਾਂ ਨੂੰ ਮਾਰ ਦਿਤਾ। ਫਲਸਰੂਪ ਮਲੇਰ ਕੋਟਲੇ ਵਿਖੇ ੬੫ ਸਿੱਖਾਂ ਨੂੰ ਤੋਪਾਂ ਨਾਲ ਉਡਾ ਦਿੱਤਾ। ਕਿਸੇ ਨੇ ਸੀ ਨਹੀਂ ਕੀਤੀ, ਕਿਸੇ ਨੇ ਪਿੱਠ ਨਹੀਂ ਦਿੱਤੀ। ਸਿੱਖ ਇਤਿਹਾਸ ਦੇ ਪੁਰਾਣੇ ਸ਼ਹੀਦਾਂ ਵਾਂਗ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਸਤਿਗੁਰੂ ਰਾਮ ਸਿੰਘ ਦੀ ਕਰਾਮਾਤ ਦਾ ਕੋਈ ਇਸ ਤੋਂ ਵੱਡਾ ਸਬੂਤ ਨਹੀਂ ਮਿਲ ਸਕਦਾ। ਸਤਿਗੁਰੂ ਰਾਮ ਸਿੰਘ ਦਾ ਭਾਵੇਂ ਇਸ ਹਾਦਸੇ ਨਾਲ ਸਿੱਧਾ ਸੰਬੰਧ ਨਹੀ ਸੀ ਪਰ ਉਹਨਾਂ ਨੂੰ ਖ਼ਤਰਨਾਕ ਸਮਝਕੇ ਰੰਗੂਨ ਜਲਾਵਤਨ ਕਰ ਦਿੱਤਾ ਗਿਆ। ਏਸੇ ਤਰ੍ਹਾਂ ਇਸ ਤੋਂ ਪਹਿਲਾਂ ਉਹਨਾਂ ਨੂੰ ੧੮੬੩ ਈ: ਤੋਂ ੧੮੬੭ ਈ: ਤੱਕ ਚਾਰ ਸਾਲਾਂ ਲਈ, ਭੈਣੀ ਸਾਹਿਬ ਵਿਖੇ ਨਜ਼ਰਬੰਦ ਕਰ ਦਿੱਤਾ ਗਿਆ ਸੀ। ਪਰ ਨਾ ਸੂਰਜ ਦੀ ਰੋਸ਼ਨੀ ਨੂੰ ਡੱਕਿਆ ਜਾ ਸਕਦਾ ਹੈ, ਨਾ ਕੁੱਜੇ ਵਿੱਚ ਸਮੁੰਦਰ ਨੂੰ ਬੰਦ ਕੀਤਾ ਜਾ ਸਕਦਾ ਹੈ। ਉਹਨਾਂ ਦੀ ਕੀਰਤੀ ਨੂੰ ਨਜ਼ਰਬੰਦੀ ਕੀ ਕਰ ਸਕਦੀ ਸੀ ? ਕੁਝ ਵੀ ਨਾ।

ਰਾਜਨੀਤਕ ਪੱਖ ਤੋਂ ਸਤਿਗੁਰੂ ਰਾਮ ਸਿੰਘ ਦੀਆਂ ਸਰਗਰਮੀਆਂ ਵੀ ਹੈਰਾਨ ਕਰਨ ਵਾਲੀਆਂ ਹਨ। ਇੱਕ ਤਰ੍ਹਾਂ ਨਾਲ ਨਾਮਧਾਰੀ ਪੰਥ ਨੇ ਸਮਾਨਾਂਤਰ ਰਾਜ ਕਾਇਮ ਕੀਤਾ ਹੋਇਆ ਸੀ। ਕਚਹਿਰੀਆਂ ਦਾ ਬਾਈਕਾਟ ਕਰਕੇ ਆਪਣੀਆਂ ਪੰਚਾਇਤਾਂ ਵਿੱਚ ਫੈਸਲੇ ਕਰਨੇ, ਡਾਕ ਦਾ ਆਪਣਾ ਵੱਖਰਾ ਪ੍ਰਬੰਧ, ਕਸ਼ਮੀਰ ਵਿੱਚ ਕੂਕਾ ਪਲਟਨ ਖੜੀ ਕਰਨੀ, ਨੇਪਾਲ, ਕਾਬੁਲ ਤੇ ਰੂਸ ਨਾਲ ਸੰਬੰਧ ਕਾਇਮ ਕਰਨੇ, ਅੰਗਰੇਜ਼ੀ ਸਰਕਾਰ ਦਾ ਖਬਰਦਾਰ ਹੋਣਾ ਅਕਾਰਨ ਨਹੀਂ ਸੀ।

ਨਾਮਧਾਰੀ ਪੰਥ ਦੇ ਸਭਿਆਚਾਰਕ ਪੱਖ ਨੂੰ ਵੀ ਦ੍ਰਿਸ਼ਟੀਗੋਚਰ ਕਰਨ ਦੀ ਜ਼ਰੂਰਤ ਹੈ। ਸਭਿਆਚਾਰਕ ਖੇਤਰ ਵਿੱਚ ਵੀ ਸਤਿਗੁਰੂ ਰਾਮ ਸਿੰਘ ਦੀ ਦੇਣ ਘਟ ਮਹਾਨ ਨਹੀਂ। ਪਤਿਤ ਹੋ ਰਹੇ ਸਿੱਖਾਂ ਨੂੰ ਸਿੱਖੀ ਮਰਯਾਦਾ ਨਾਲ ਜੋੜਨਾ, ਨਾਮ ਜਪਾਉਣਾ, ਕਿਰਤ ਕਰਨੀ, ਸ਼ਰਾਬ, ਮਾਸ ਤੋਂ ਪਰੇ ਰਹਿਣਾ ਨਾਮਧਾਰੀ ਕੋਡ ਦੇ ਪ੍ਰਮੁੱਖ ਸੰਕਲਪ ਹਨ। ਰਹਿਣੀ-ਬਹਿਣੀ ਦੀ ਸੁਛਤਾ, ਕਾਰ-ਵਿਹਾਰ ਵਿੱਚ ਸੁਹਿਰਦਤਾ, ਵਿਆਹ-ਸ਼ਾਦੀਆਂ ਵਿੱਚ ਸਾਦਗੀ, ਪਖੰਡਾਂ-ਭਰਮਾਂ ਤੋਂ ਮੁਕਤੀ ਇਹ ਸਭ ਨਾਮਧਾਰੀ ਸਭਿਆਚਾਰ ਦੇ ਪਛਾਣ ਚਿੰਨ੍ਹ ਹਨ, ਤੇ ਇਸ ਸਭਿਆਚਾਰ ਦੇ ਰੂਹੇ ਰਵਾਂ ਹਨ ਸਤਿਗੁਰੂ ਰਾਮ ਸਿੰਘ ਜੀ।

ਇਨਕਲਾਬੀ ਤੇ ਧਾਰਮਕ ਪੱਖ ਤੋਂ ਵੀ ਸਤਿਗੁਰੂ ਰਾਮ ਸਿੰਘ ਜੀ ਨੇ ਕਈ ਮਾਅਰਕੇ ਮਾਰੇ। ਅੰਗਰੇਜ਼ਾਂ ਨੇ ਪੰਜਾਬ ਉਤੇ ਕਬਜ਼ਾ ਕਰਨ ਸਾਰ ਤਲਵਾਰ ਉਤੇ ਰੋਕ ਲਾ ਦਿੱਤੀ ਸੀ, ਏਸ ਲਈ ਆਪ ਜੀ ਦੀ ਹਿਦਾਇਤ ਸੀ ਕਿ ਹਰ ਸਿੱਖ ਕੋਲ ਸਫਾ-ਜੰਗ ਹੋਵੇ ਜਾਂ ਮੋਟਾ ਬਾਂਸ ਦਾ ਸੋਟਾ ਹੋਵੇ। ਇਹ ਹਥਿਆਰ ਨਾ ਕੇਵਲ ਆਪਣੇ ਲਈ ਜ਼ਰੂਰੀ ਸਨ ਸਗੋਂ ਦੂਜਿਆਂ ਦੀ ਰਾਖੀ ਦੇ ਵੀ ਜ਼ਾਮਨ ਸਨ। ਪੁਰਾਤਨ ਮਰਯਾਦਾ ਅਨੁਸਾਰ, ਰਾਗੀਆਂ-ਰਬਾਬੀਆਂ ਦਾ ਗੁਰਮਤ ਅਨੁਸਾਰ ਕੀਰਤਨ ਹੁੰਦਾ। ਸਤਿਗੁਰੂ ਰਾਮ ਸਿੰਘ ਨੇ ਅਕਾਲ ਪੁਰਖ ਉਤੇ ਵਿਸ਼ਵਾਸ ਕਰਕੇ, ਦੇਵੀ-ਦੇਵਤਿਆਂ ਤੇ ਹੋਰ ਪੀਰਾਂ-ਫਕੀਰਾਂ ਦੀਆਂ ਮਨੌਤਾਂ ਵਲੋਂ ਸਿਖਾਂ ਨੂੰ ਵਰਜਿਆ। ਖੰਡੇ ਦਾ ਅੰਮ੍ਰਿਤ ਪੁਰਾਣੀ ਰੀਤ ਅਨੁਸਾਰ ਤਿਆਰ ਕੀਤਾ ਜਿਵੇਂ ਦਸਵੇਂ ਪਾਤਸ਼ਾਹ ਨੇ ਕੀਤਾ ਸੀ। ਇਹ ਸਤਿਗੁਰੂ ਰਾਮ ਸਿੰਘ ਜੀ ਦੀ ਮਹਾਨ ਦੇਣ ਹੀ ਸੀ ਕਿ ਅਨੇਕ ਹਿੰਦੂਆਂ ਤੇ ਕੁਝ ਮੁਸਲਮਾਨਾਂ ਨੇ ਵੀ ਉਹਨਾਂ ਤੋਂ ਗੁਰਮਤ ਮਾਰਗ ਉਤੇ ਚੱਲਣ ਦੀ ਪ੍ਰੇਰਨਾ ਲਈ। ਕਿਰਤ ਕਮਾਈ ਲਈ ਉਤਸ਼ਾਹ ਦਿੱਤਾ।

ਸਤਿਗੁਰੂ ਰਾਮ ਸਿੰਘ ਜੀ ਭਾਵੇਂ ਦੇਹ ਰੂਪ ਵਿੱਚ ਸਾਡੇ ਵਿਚਕਾਰ ਨਜ਼ਰ ਨਹੀਂ ਆਉਂਦੇ ਪਰ ਉਹਨਾਂ ਦਾ ਰੱਬੀ ਰੂਪ ਹਮੇਸ਼ਾਂ ਲਈ ਚਾਨਣ-ਮੁਨਾਰੇ ਦਾ ਕੰਮ ਦਿੰਦਾ ਰਹੇਗਾ। ਇਹ ਵੱਡੀ ਸੰਤੁਸ਼ਟੀ ਦੀ ਗੱਲ ਹੈ ਕਿ ਓਸੇ ਗੱਦੀ ਉਤੇ ਬਰਾਜਮਾਨ ਸਤਿਗੁਰੂ ਜਗਜੀਤ ਸਿੰਘ ਜੀ ਸਾਨੂੰ ਨਾਮਧਾਰੀ ਪੰਥ ਦੇ ਸੰਚਾਲਕ ਨਾਲ ਜੁੜਨ ਦੀ ਪ੍ਰੇਰਨਾ ਦੇ ਰਹੇ ਹਨ। ਉਹਨਾਂ ਦੀਆਂ ਮਹਾਨ ਪ੍ਰਾਪਤੀਆਂ ਪ੍ਰਤੀ ਲੱਖਾਂ ਲੋਕਾਂ ਨੂੰ ਜਾਗਰੂਕ ਕਰੀ ਰਖਦੇ ਹਨ। ਇੱਕ ਜੋਤ ਤੋਂ ਦੂਜੀ ਜੋਤ ਤੱਕ ਪੁੱਜਣ ਦਾ ਰਾਹ ਵੀ ਸਾਨੂੰ ਉਹਨਾਂ ਤੋਂ ਮਿਲ ਸਕਦਾ ਹੈ। ਮੈਂ ਸਤਿਗੁਰੂ ਰਾਮ ਸਿੰਘ ਜੀ ਨੂੰ ਕੇਵਲ ਨਾਮਧਾਰੀਆਂ ਦਾ ਹੀ ਸਤਿਗੁਰੂ ਨਹੀਂ ਮੰਨਦਾ, ਸਗੋਂ ਸਮੁੱਚੀ ਮਨੁਖਤਾ ਦਾ ਸਤਿਗੁਰੂ ਮੰਨਦਾ ਹਾਂ। ਭਲਾ ਮਹਾਂਪੁਰਸ਼ ਵੀ ਕਦੇ ਵੰਡੇ ਜਾ ਸਕਦੇ ਹਨ? ਰੱਬੀ ਰੂਪ ਦਾ ਵਿਭਾਜਨ ਹੋ ਕਦਾ ਹੈ ? ❀ ❀ ❀

ਸਿੱਖ ਰਾਜ ਦੀ ਦੁਰਦਸ਼ਾ

ਪਿਆਰਾ ਸਿੰਘ ਪਦਮ

ਸਿਖ ਰਾਜ ਦੀ ਵਿਥਿਆ ਪੜ੍ਹ ਕੇ ਕਲੇਜ਼ੇ ਡੋਬ ਜ਼ਰੂਰ ਪੈਂਦੇ ਹਨ ਪਰ ਸਿੱਖ ਰਾਜ ਦੀ ਤਬਾਹੀ ਨੂੰ ਅਸੀਂ ਨਿਰਾ ਪੁਰਾ ਡੋਗਰਾ ਗਰਦੀ ਤੇ ਫਿਰੰਗੀ ਗਰਦੀ ਦੇ ਜ਼ਿੰਮੇ ਲਾਕੇ ਆਪਣੇ ਆਪ ਨੂੰ ਬਿਲਕੁਲ ਨਿਰਦੋਸ਼ ਤੇ ਬੇਕਸੂਰ ਸਿੱਧ ਨਹੀਂ ਕਰ ਸਕਦੇ। ਇਹ ਮੰਨਣਾ ਪਵੇਗਾ ਆਖਰ ਰਾਜਨੀਤਕ ਸੋਝੀ, ਦੂਰਅੰਦੇਸ਼ੀ, ਜ਼ਬਤ, ਕੌਮੀ ਪਿਆਰ, ਦੇਸ਼ ਭਗਤੀ ਪਵਿੱਤਰ ਬੇ ਗਰਜ਼ੀ ਅਤੇ ਈਮਾਨਦਾਰੀ ਦੀ ਘਾਟ ਨੇ ਅਜੇਹੇ ਖ਼ੂਨੀ ਕਾਰਨਾਮਿਆਂ ਲਈ ਮੈਦਾਨ ਤੇ ਮੌਕਾ ਬਣਾਇਆ। ਰਣਜੀਤ ਸਿੰਘ ਨੇ ਜਿੱਥੇ ਖ਼ਾਲਸਾਈ ਪੰਚਾਇਤੀ ਰੀਤ ਨੂੰ ਛੱਡ ਕੇ ਗੱਦੀ ਨੂੰ ਜੱਦੀ ਬਣਾਇਆ ਓਥੇ ਡੋਗਰਿਆ ਨੂੰ ਇਤਨਾ ਤਾਕਤਵਰ ਬਣਨ ਦੇਣਾ ਵੀ ਉਸ ਦੀ ਭੁਲ ਸੀ। ਸਿਖ ਸਰਦਾਰਾ ਦਾ ਸ਼ਰਾਬਾਂ ਦੇ ਛੰਨੇ ਪੀ ਕੇ ਬੇਸੁੱਧ ਰਹਿਣਾ ਵੀ ਇਸੇ ਬੇਪਰਵਾਹੀ ਦਾ ਨਤੀਜਾ ਸੀ ਜੋ ਇਨਕਲਾਬੀਆਂ ਨੂੰ ਭੋਗਾਂ ਦੀ ਨੀਂਦ ਸੁਲਾ ਕੇ ਕੌਮੀ ਆਤਮਘਾਤ ਦਾ ਕਾਰਣ ਬਣਦੀ ਹੈ।

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ: ਇਕ ਮਹਾਨ ਸ਼ਖ਼ਸੀਅਤ

ਗੁਲਵੰਤ 'ਫ਼ਾਰਿਗ'

ਕੁਝ ਮਹਾਨ ਸ਼ਖ਼ਸੀਅਤਾਂ ਅਜਿਹੀਆਂ ਹੁੰਦੀਆਂ ਹਨ ਜੋ ਨਾ ਕੇਵਲ ਆਪਣੇ ਸਮਵਰਤੀ ਕਾਲ' ਤੇ, ਸਗੋਂ ਆਉਣ ਵਾਲੇ ਯੁੱਗਾਂ ਤੇ ਵੀ ਆਪਣੀ ਅਮਿੱਟ ਮੋਹਰ-ਛਾਪ ਛੱਡ ਜਾਂਦੀਆਂ ਹਨ। ਸਤਿਗੁਰੂ ਰਾਮ ਸਿੰਘ ਜੀ ਇੱਕ ਅਜਿਹੀ ਹੀ ਮਹਾਨ ਸ਼ਖ਼ਸੀਅਤ ਸਨ। ਉਹਨਾਂ ਆਪਣੀ ਇਹ ਸ਼ਖ਼ਸੀਅਤ ਬੜੀ ਮਿਹਨਤ ਅਤੇ ਸਾਧਨਾ ਨਾਲ ਉਸਾਰੀ ਸੀ। ਇਸ ਪਿੱਛੇ ਉਹਨਾਂ ਦੀ ਵਰ੍ਹਿਆਂ-ਦਹਾਕਿਆਂ ਦੀ ਲਗਨ ਅਤੇ ਮੁਸ਼ੱਕਤ ਦਾ ਹੱਥ ਸੀ।

ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਬਾਬਾ ਜੱਸਾ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਸਦਾ ਕੌਰ ਦੀ ਕੁੱਖੋਂ, ਮਾਘ ਸੁਦੀ ੫ ਸੰਮਤ ੧੮੭੨ ਬਿਕਰਮੀ, ਮੁਤਾਬਿਕ ੩ ਫਰਵਰੀ, ੧੮੧੬ ਈਸਵੀ ਨੂੰ ਜ਼ਿਲਾ ਲੁਧਿਆਣਾ ਦੇ ਪਿੰਡ ਅਰਾਈਂ ਭੈਣੀ ਵਿਖੇ ਹੋਇਆ। ਬਾਬਾ ਜੱਸਾ ਸਿੰਘ ਇੱਕ ਸਾਧਾਰਨ ਤਰਖਾਣ ਘਰਾਣੇ ਨਾਲ ਸੰਬੰਧ ਰੱਖਦੇ ਸਨ ਅਤੇ ਗੁਰੂ ਨਾਨਕ ਦੇਵ ਜੀ ਦੇ ਕਿਰਤ-ਸਿਧਾਂਤ ਅਨੁਸਾਰ, ਆਪਣੇ ਹੱਥੀਂ ਸੱਚੀ-ਸੁੱਚੀ ਕਿਰਤ ਕਰਕੇ ਆਪਣਾ ਗੁਜ਼ਾਰਾ ਕਰਦੇ ਸਨ ਅਤੇ ਵੰਡ ਕੇ ਛਕਣ ਵਿੱਚ ਵਿਸ਼ਵਾਸ ਰੱਖਦੇ ਸਨ। ਮਾਤਾ ਸਦਾ ਕੌਰ ਉੱਚੇ ਵਿਚਾਰਾਂ ਦੀ ਲੋੜ ਅਨੁਸਾਰ ਸਾਧਾਰਨ ਪੜ੍ਹੀ-ਲਿਖੀ, ਸਾਤਵਿਕ ਖਿਆਲਾਂ ਦੀ ਆਦਰਸ਼-ਇਸਤਰੀ ਸੀ। ਬਾਲਕ ਰਾਮ ਸਿੰਘ ਨੇ ਆਪਣੇ ਮਾਤਾ ਜੀ ਪਾਸੋਂ, ਗੁਰਮੁਖੀ ਸਿੱਖੀ। ਅੱਠ ਵਰ੍ਹੇ ਦੀ ਆਯੂ ਤੱਕ, ਉਹਨਾਂ ਕਈ ਬਾਣੀਆਂ ਕੰਠ ਕਰ ਲਈਆਂ ਸਨ। ਸੱਤ ਸਾਲ ਦੀ ਉਮਰ ਵਿੱਚ ਹੀ, ਉਹਨਾਂ ਦਾ ਵਿਆਹ ਕਰ ਦਿੱਤਾ ਗਿਆ ਸੀ। ਸਰਲ-ਸਾਦਾ ਤੇ ਸਾਦਗੀ ਵਾਲਾ ਜੀਵਨ ਜੀਊਣ ਵਾਲੇ ਰਾਮ ਸਿੰਘ ਜੀ, ਛੋਟੀ ਉਮਰ ਤੋਂ ਹੀ ਘਰ ਦੇ ਕੰਮ-ਕਾਜ ਵਿੱਚ ਹੱਥ ਵਟਾਉਣ ਲੱਗ ਪਏ ਸਨ। ਉਹਨਾਂ ਗੁਰਮਤਿ ਵਾਲੀ ਜੀਵਨ-ਜਾਚ ਅਪਨਾ ਲਈ ਸੀ। ਹੱਥੀਂ ਕਿਰਤ ਕਰਨ ਤੇ ਵੰਡ ਛਕਣ ਦੀ ਵਿਸ਼ਵਾਸੀ ਇਹ ਮਹਾਨ ਸ਼ਖ਼ਸੀਅਤ ਕੁੱਝ ਸਮਾਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਵੀ ਰਹੀ। ਆਪਣੀ ਪਲਟਨ ਵਿੱਚ ਸਿਪਾਹੀ ਰਾਮ ਸਿੰਘ, ਜਾਂ ਭਾਈ ਜਾਂ ਭਗਤ ਰਾਮ ਸਿੰਘ ਕਰਕੇ ਪ੍ਰਸਿੱਧ ਸਨ। ਪਰ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ, ਰਾਜ ਦਰਬਾਰ ਵਿੱਚ ਫੈਲੀ ਜੁਗ-ਗਰਦੀ ਅਤੇ ਆਪਸੀ ਫੁਟ ਨੇ, 'ਪਾੜੋ ਤੇ ਰਾਜ ਕਰੋ' ਦੀ ਨੀਤੀ ਦੇ ਧਾਰਨੀ ਅੰਗਰੇਜ਼ ਨੂੰ, ਪੰਜਾਬ ਵਿੱਚ ਆਪਣੀ ਹਕੂਮਤ ਕਾਇਮ ਕਰਨ ਦਾ ਅਵਸਰ ਦਿੱਤਾ, ਤਾਂ ਭਾਈ ਰਾਮ ਸਿੰਘ ਨਿਰਾਸ਼-ਉਪਰਾਮ ਹੋ, ਧਰਮ, ਸਮਾਜ ਤੇ ਨੈਤਿਕ ਕਦਰਾਂ-ਕੀਮਤਾਂ ਦੇ ਸੁਧਾਰ ਦਾ ਟੀਚਾ ਲੈ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ, ਅੰਗਰੇਜ਼-



ਸਾਮਰਾਜ ਦੇ ਖਿਲਾਫ਼ ਜੂਝਣ ਲੱਗ ਪਏ।

੧੮੩੭ ਤੋਂ ੧੮੪੫ ਈ. ਤੱਕ ਦੀ ਫੌਜੀ ਮੁਲਾਜ਼ਮਤ ਦੇ ਦੌਰਾਨ ਆਪਦੀ ਮੁਲਾਕਾਤ ਹਜ਼ਰੋ ਵਿਖੇ ਗੁਰੂ ਬਾਲਕ ਸਿੰਘ ਨਾਲ ਹੋਈ ਅਤੇ ਪਿਛੋਂ ਜਾ ਕੇ ਆਪ ਉਹਨਾਂ ਦੇ ਜਾਂ-ਨਸ਼ੀਨ ਬਣੇ। ਫ਼ੌਜ ਵਿਚ ਆਪ ਦੀ ਅਜ਼ਮਤ ਦੀ ਖ਼ੁਸ਼ਬੋ ਦੂਰ-ਦੂਰ ਤਕ ਫੈਲੀ। ਆਪਦੀ ਰਜਮੈਂਟ ਦਾ ਨਾਂ ਹੀ ਭਗਤਾਂ ਜਾਂ ਭਾਈਆਂ ਦੀ ਰਜਮੈਂਟ ਮਸ਼ਹੂਰ ਹੋ ਗਿਆ ਸੀ।

ਮੁਲਾਜਮਤੀ ਛੱਡ ਕੇ ਗੁਰੂ ਰਾਮ ਸਿੰਘ ਜੀ ਪਿੰਡ ਵਾਪਸ ਆ ਗਏ। ਆਪਣੇ ਹੱਥੀਂ ਵਾਹੀ-ਖੇਤੀ ਸ਼ੁਰੂ ਕੀਤੀ। ਛੋਟੀ-ਮੋਟੀ ਦੁਕਾਨਦਾਰੀ ਵੀ ਕੀਤੀ ਅਤੇ ਠੇਕੇਦਾਰੀ ਵੀ। ਇਸ ਸਮੇਂ ਤੱਕ ਗੁਰੂ ਰਾਮ ਸਿੰਘ ਦੀ ਸ਼ਖ਼ਸੀਅਤ ਦੀ ਸ਼ੋਭਾ ਤੇ ਸ਼ੁਹਰਤ ਚੰਗੀ ਫੈਲ ਚੁੱਕੀ ਸੀ। ਭੈਣੀ ਸਾਹਿਬ, ਜਾਗਦੀ ਚੇਤਨਾ ਵਾਲੇ ਜੀਊਂਦੇ-ਜਾਗਦੇ ਲੋਕਾਂ ਦਾ ਕੇਂਦਰ ਬਣ ਚੁੱਕਾ ਸੀ। ਗਿਆਨ ਦੀ ਰੋਸ਼ਨੀ ਤੇ ਪ੍ਰੇਰਨਾ ਦੀ ਤਲਾਸ਼ ਵਿੱਚ ਲੋਕ ਦੂਰ-ਦਰਾਜ਼ ਤੋਂ ਉਥੇ ਆਉਂਦੇ ਸਨ।

ਭੈਣੀ ਸਾਹਿਬ ਵਿਖੇ ਗੁਰੂ ਰਾਮ ਸਿੰਘ ਜੀ ਨੇ ਨਵੇਂ ਖਾਲਸਾ ਦੀ ਸਿਰਜਣਾ ਕੀਤੀ ਅਤੇ ਉਸਨੂੰ 'ਸੰਤ ਖਾਲਸਾ' ਦਾ ਨਾਂ ਦਿੱਤਾ। ਇਹ ਉਹਨਾਂ ਦਾ ਉਸ ਜ਼ਮਾਨੇ ਦਾ ਇੱਕ ਅਦੁਤੀ ਚਮਤਕਾਰ ਸੀ।

ਦੇਸ਼ ਦੀ ਜੰਗੇ-ਆਜ਼ਾਦੀ ਵਿੱਚ, ਮਹਾਤਮਾ ਗਾਂਧੀ ਦੀ ਅਗਵਾਈ ਵਿੱਚ, ਅਹਿੰਸਾ ਦਾ, ਅਸਹਿਯੋਗ ਦਾ, ਜੋ ਰਾਹ ਅਪਣਾਇਆ ਗਿਆ, ਉਸ ਦਾ ਬੀਜ-ਰੂਪ ਸਤਿਗੁਰੂ ਰਾਮ ਸਿੰਘ ਦੇ ਸੱਤਿਆਗ੍ਰਹਿ ਤੇ ਨਾਮਿਲਵਰਤਨ ਦੇ ਸਿਧਾਂਤ ਵਿੱਚ ਸੀ, ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਪੈਰੋਕਾਰਾਂ-ਕੂਕਿਆਂ-ਨਾਮਧਾਰੀਆਂ ਅਮਲੀ ਰੂਪ ਵਿੱਚ ਅਪਣਾਇਆ। ਇਸ ਮਹਾਪੁਰਸ਼ ਦੀ ਇਸ ਅਦੁੱਤੀ ਦੇਣ ਨੇ, ਉਨ੍ਹੀਵੀਂ ਸਦੀ ਦੇ ਦੂਸਰੇ ਅੱਧ ਵਿਚ, ਬਰਤਾਨਵੀਂ ਸਾਮਾਰਜ ਦੀ ਗੁਲਾਮੀ ਦੀ ਘੁੱਪ-ਘੋਰ ਹਨੇਰੀ ਰਾਤ ਵਿੱਚ, ਲਟ-ਲਟ ਬਲਦੇ ਜੀਵਨ-ਲੱਕਸ਼ਾਂ ਤੇ ਆਦਰਸ਼ਾਂ ਦੀ ਨਵੀਂ ਸ਼ਮ੍ਹਾ ਰੋਸ਼ਨ ਕੀਤੀ। ਇਸ ਸਿਲਸਿਲੇ ਵਿਚ, ਆਜ਼ਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਦੇ ਨਿਮਨਲਿਖਤ ਸ਼ਬਦ ਵਰਣਨਯੋਗ ਹਨ:

"ਸਾਡੇ ਦੇਸ਼ ਵਿੱਚ ਮਹਾਤਮਾ ਗਾਂਧੀ ਨੇ, ਜੋ ਅਸਹਿਯੋਗ ਏਨੇ ਜ਼ੋਰ ਨਾਲ ਚਲਾਇਆ ਉਸ ਦਾ ਗੁਰੂ ਰਾਮ ਸਿੰਘ ਨੇ ਪੰਜਾਹ ਵਰ੍ਹੇ ਪੂਰਵ ਹੀ, ਨਾਮਧਾਰੀਆਂ ਵਿੱਚ ਪਰਚਾਰ ਕੀਤਾ ਸੀ।" ਸਤਿਗੁਰੂ ਰਾਮ

Namdhari Elibrary NamdhariElibrary@gmail.com

ਸਿੰਘ ਦੀ ਸ਼ਖ਼ਸੀਅਤ ਇੱਕ ਮਹਾਨ ਸ਼ਖ਼ਸੀਅਤ ਸੀ। ਉਹ ਸ਼ਖਸੀਅਤ ਸਿੱਖ ਧਰਮ ਦੇ ਬਾਨੀ-ਗੁਰੂ ਨਾਨਕ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਵਰੋਸਾਈ ਹੋਈ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਵਿੱਚ ਪਹਿਲੇ ਅਤੇ ਦਸਵੇਂ ਗੁਰੂ ਸਾਹਿਬਾਨ ਦੀਆਂ ਸ਼ਖਸੀਅਤਾਂ ਦੇ ਗੁਣਾਂ ਦਾ ਸੁਮੇਲ ਸੀ.....ਕਿਰਤ ਕਰਨੀ ਤੇ ਵੰਡ ਛਕਣਾ ਅਤੇ ਜ਼ੁਲਮ-ਜਬਰ ਦੀ ਅਤਿ ਦੇ ਵਿਰੁਧ ਆਵਾਜ਼ ਉਠਾਉਣੀ। ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਦੇ ਇਹ ਗੁਣ ਅਮਲੀ ਰੂਪ ਵਿੱਚ ਵੀ ਪ੍ਰਫੁਲਤ ਹੋਏ। ਨਾ ਕੇਵਲ ਉਹਨਾਂ ਦੇ ਆਪਣੇ ਜੀਵਨ ਤੇ ਕਿਰਦਾਰ ਵਿਚ ਹੀ, ਸਗੋਂ ਉਹਨਾਂ ਦੇ ਪੈਰੋਕਾਰ ਨਾਮਧਾਰੀਆਂ ਵਿੱਚ ਵੀ।

ਉਹ ਧਰਮ ਨੂੰ ਵਿਸ਼ੇਸ਼ ਅਹਿਮੀਅਤ ਦਿੰਦੇ ਸਨ, ਪਰ ਸੁਤੰਤਰਤਾ ਨੂੰ ਵੀ ਧਰਮ ਦਾ ਇੱਕ ਜਰੂਰੀ ਅੰਗ ਗਰਦਾਨਦੇ ਸਨ। ਇਹ ਸਤਿਗੁਰੂ ਰਾਮ ਸਿੰਘ ਦੀ ਸ਼ਖਸੀਅਤ ਦਾ ਹੀ ਕਮਾਲ ਸੀ ਕਿ ਉਹਨਾਂ ਦੇ ਅਨੁਯਾਈਆਂ ਵਿੱਚ ਦੇਸ਼ ਲਈ ਮਰ-ਮਿਟਣ ਦਾ ਜਜ਼ਬਾ ਉਮ੍ਹਲ-ਉਮ੍ਹਲ ਪੈਣ ਲੱਗਾ ਸੀ। ਏਥੇ ਉਸ ਨਾਮਧਾਰੀ ਸੂਰਬੀਰ ਦੀ ਯਾਦ ਸੁੱਤੇ ਹੀ ਆ ਜਾਣੀ ਸੁਭਾਵਿਕ ਹੈ ਜੋ ਉਮਰ ਤੇ ਕੱਦ ਵਿੱਚ ਸੱਭ ਤੋਂ ਛੋਟਾ ਸੀ ਅਤੇ ਜਿਸ ਨੇ ਦੇਸ਼-ਪ੍ਰੇਮ ਦੇ ਰੰਗ ਵਿੱਚ ਰੱਤੇ ਨੇ, ਅੰਗਰੇਜ਼ ਹਾਕਮਾਂ ਪਾਸੋਂ ਮੁਆਫੀ ਮੰਗ ਕੇ, ਆਪਣੀ ਜਾਨ-ਬਖਸ਼ੀ ਕਰਾਉਣ ਦੀ ਬਾਜਾਏ, ਆਪਣੇ-ਆਪ ਨੂੰ ਤੋਪ ਦੇ ਮੂੰਹ ਦੇ ਅੱਗੇ ਤੱਕ ਪਹੁੰਚਾਉਣ ਦੀ ਖਾਤਿਰ ਆਪਣੇ ਪੈਰਾਂ ਹੇਠਾਂ ਪੱਥਰ ਰੱਖ ਲਏ ਸਨ ਅਤੇ ਬਾਹਵਾਂ ਉਲਾਰ ਕੇ, ਤੋਪਚੀ ਨੂੰ ਵੰਗਾਰ ਕੇ ਆਖਿਆ ਸੀ..."ਚਲਾ ਤੋਪ! ਹੁਣ ਤਾਂ ਮੈਂ ਤੇਰੀ ਤੋਪ ਦੇ ਨਿਸ਼ਾਨੇ ਦੀ ਮਾਰ ਵਿਚ ਆਉਂਦਾ ਹਾਂ......।" ਇੰਜ ਛੋਟੀ ਉਮਰ ਤੇ ਨਿੱਕੇ ਕੱਦ ਵਾਲਾ ਉਹ ਨਾਮਧਾਰੀ ਗੱਭਰੂ ਵਰਿਆਮ ਸਿੰਘ ਸ਼ਹੀਦ ਹੋ ਕੇ ਕਿੰਨੀ ਲੰਮੀ ਉਮਰ ਤੇ ਕਿੰਨੇ ਉਚੇ ਕੱਦ ਵਾਲਾ ਹੋ ਗਿਆ ਸੀ.....!! ਇਹ ਸੱਭ ਨਾਮਧਾਰੀਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਵਲੋਂ ਫੂਕੀ ਨਵੀਂ ਰੂਹ, ਨਵੀਂ ਚੇਤਨਾ ਦਾ ਸਿਰ-ਸਦਕਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਅਣਖੀ ਸੂਰਬੀਰਾਂ ਤੇ ਯੋਧਿਆਂ ਦੀ ਇੱਕ ਸਿਰਲੱਥ ਕੌਮ ਤਿਆਰ ਕੀਤੀ ਸੀ, ਜਿਸ ਨੂੰ ਖਾਲਸਾ ਦਾ ਨਾਂ ਦਿੱਤਾ ਗਿਆ ਸੀ। ਉਹਨਾਂ ਨੇ ਆਜ਼ਾਦੀ ਦੇ ਸ਼ੈਦਾਈ ਉਹਨਾਂ ਅਣਖੀ ਯੋਧਿਆਂ ਨੂੰ ਹਥਿਆਰ ਬੰਦ ਕਰਕੇ, ਇੱਕ-ਇੱਕ ਵਿੱਚ ਸਵਾ ਸਵਾ ਲੱਖ ਨਾਲ ਲੜਨ ਦੀ ਸ਼ਕਤੀ ਦਾ ਇਹਸਾਸ ਪੈਦਾ ਕਰ ਦਿੱਤਾ ਸੀ। ਇੰਨ-ਬਿੰਨ ਇਹੋ ਕੁੱਝ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਕੀਤਾ। ਆਪ ਜੀ ਇੱਕ ਤਰ੍ਹਾਂ ਨਾਲ, ਆਜ਼ਾਦੀ ਦੀ ਤਹਿਰੀਕ ਦੇ ਬਾਨੀ ਸਨ। ਗਦਰ-ਲਹਿਰ ਦੇ ਗਦਰੀ ਬਾਬਿਆਂ ਨੇ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਕਾਰਨਾਮਿਆਂ ਤੋਂ ਪ੍ਰੇਰਨਾ ਪ੍ਰਾਪਤ ਕੀਤੀ ਸੀ। ਅਸਲ ਵਿਚ ਭਾਰਤ ਦੀ ਆਜਾਦੀ ਦੇ ਸੰਗਰਾਮ ਦੀ ਬੁਨਿਆਦ ਰੱਖਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਹੀ ਸਨ, ਜਿਹਨਾਂ ਕਾਂਗਰਸ ਦੇ ਜਨਮ ਤੋਂ ਵੀ ਬਹੁਤ ਪਹਿਲਾਂ ਜਾਬਰ ਅੰਗਰੇਜ਼ ਸਰਕਾਰ ਨਾਲ ਲੋਹਾ ਲਿਆ। ਸ਼ਾਂਤਮਈ ਦੀ ਸ਼ਾਨਦਾਰ ਜੰਗ ਲੜੀ। ਅੰਗਰੇਜ਼ਾਂ ਦੇ ਖਿਲਾਫ ਨਾ-ਮਿਲਵਰਤਣ ਦੀ ਲਹਿਰ ਚਲਾਈ। ਸਰਕਾਰੀ ਡਾਕਖਾਨਿਆਂ ਦਾ, ਰੇਲਾਂ ਦਾ ਅਤੇ ਹੋਰ ਸਰਕਾਰੀ ਦਫ਼ਤਰਾਂ ਦਾ ਬਾਈਕਾਟ ਕੀਤਾ। ਸੁਦੇਸ਼ੀ ਲਹਿਰ ਦੇ ਬਾਨੀ ਵੀ ਸਤਿਗੁਰੂ ਰਾਮ ਸਿੰਘ ਜੀ ਹੀ ਸਨ, ਜੋ ਅਖ਼ੀਰ ਜਲਾਵਤਨ ਕੀਤੇ ਗਏ.....।

ਆਪ ਜੀ ਇੱਕ ਤਰ੍ਹਾਂ ਨਾਲ, ਆਜ਼ਾਦੀ ਦੀ ਤਹਿਰੀਕ ਦੇ ਬਾਨੀ ਸਨ। ਗਦਰ-ਲਹਿਰ ਦੇ ਗਦਰੀ ਬਾਬਿਆਂ ਨੇ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਕਾਰਨਾਮਿਆਂ ਤੋਂ ਪ੍ਰੇਰਨਾ ਪ੍ਰਾਪਤ ਕੀਤੀ ਸੀ। ਅਸਲ ਵਿਚ ਭਾਰਤ ਦੀ ਆਜਾਦੀ ਦੇ ਸੰਗਰਾਮ ਦੀ ਬੁਨਿਆਦ ਰੱਖਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਹੀ ਸਨ, ਜਿਹਨਾਂ ਕਾਂਗਰਸ ਦੇ ਜਨਮ ਤੋਂ ਵੀ ਬਹੁਤ ਪਹਿਲਾਂ ਜਾਬਰ ਅੰਗਰੇਜ਼ ਸਰਕਾਰ ਨਾਲ ਲੋਹਾ ਲਿਆ। ਸ਼ਾਂਤਮਈ ਦੀ ਸ਼ਾਨਦਾਰ ਜੰਗ ਲੜੀ।

"ਸੱਚੀ ਗੱਲ ਤਾ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਸਾਲ ਦੀ ਤਾਰੀਖ਼ ਵਿਚ, ਗੁਰੂ ਗੋਬਿੰਦ ਸਿੰਘ ਤੋਂ ਬਗੈਰ ਕੋਈ ਵੀ ਇਤਿਹਾਸਕ ਵਿਅਕਤੀ ਅਜਿਹਾ ਨਹੀਂ ਹੋਇਆ, ਜਿਸ ਦਾ ਜੀਵਨ ਉਦੇਸ਼ ਏਨਾ ਬੁਲੰਦ ਅਤੇ ਹਮਾਗੀਰ ਹੋਵੇ....ਜਿਸ ਦਾ ਮੰਤਵ ਜਾਤੀ ਅਤੇ ਜਨਤਾ ਦੇ ਆਤਮਕ ਤੌਰ ਤੇ ਸਾਰੇ ਵਹਿਮਾਂ-ਭਰਮਾਂ ਅਤੇ ਬੰਧਨਾਂ ਨੂੰ ਤੋੜ ਕੇ, ਉਸ ਨੂੰ ਤਰੱਕੀ ਦੀ ਟੀਸੀ ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਮਗਰੋਂ ਇਸ ਕਿਸਮ ਦੀ ਦਲੇਰ ਆਤਮਾਵਾਲਾ ਪੁਰਸ਼ ਭਾਰਤ ਵਿੱਚ ਸਤਿਗੁਰੂ ਰਾਮ ਸਿੰਘ ਹੀ ਹੋਇਆ ਹੈ।"

ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜ-ਸੁਧਾਰ ਦੇ ਅਨੇਕਾਂ ਹੋਰ ਕਾਰਜਾਂ ਤੋਂ ਇਲਾਵਾ ਜੋ ਕਾਰਜ ਪੂਰੀ ਲਗਨ ਤੇ ਨਿਸ਼ਠਾ ਨਾਲ ਵਿੱਢਿਆ ਉਹ ਸੀ, ਇਸਤਰੀ-ਜਾਤੀ ਦੀ ਹਰ ਪਰਕਾਰ ਦੀ ਉੱਨਤੀ, ਸਮਾਜ ਵਿੱਚ, ਮਰਦ ਨਾਲ ਉਸ ਦੀ ਸਮਾਨਤਾ। ਉਹਨਾਂ "ਸਮਾਜ ਵਿੱਚ ਮਰਦ ਤੇ ਔਰਤ ਦੀ ਮੁਕੰਮਲ ਬਰਾਬਰੀ ਅਤੇ ਏਕਤਾ ਦਾ ਪਰਚਾਰ ਕੀਤਾ.....! ਜੇ ਉਹਨਾਂ ਦੇ ਦੇਸ਼ ਤੇ ਜਾਤੀ ਲਈ ਕੀਤੇ ਹੋਰ ਕੰਮ ਛੱਡ ਵੀ ਦੱਈਏ ਤਾਂ ਉਹਨਾਂ ਦਾ ਇਹ ਪਰਚਾਰ ਕਿ ਔਰਤ ਅਤੇ ਮਰਦ ਸਮਾਜ ਵਿੱਚ ਬਰਾਬਰ ਦੇ ਹੱਕਦਾਰ ਹਨ, ਉਹਨਾਂ ਨੂੰ ਦੁਨੀਆਂ ਭਰ ਦੇ ਸ਼ਰੋਮਣੀ ਸੁਧਾਰਕਾਂ ਦੀ ਸਫ਼ ਵਿੱਚ, ਖੜਾ ਕਰ ਦੇਂਦਾ ਹੈ।"

ਸਮਾਜਿਕ ਅਤੇ ਆਰਥਿਕ ਸੁਧਾਰਾਂ ਦੇ ਖੇਤਰ ਵਿੱਚ ਅਦੁਤੀ ਦੇਣ ਤੋਂ ਇਲਾਵਾ, ਸਤਿਗੁਰੂ ਰਾਮ ਸਿੰਘ ਦੀ ਚਲਾਈ ਕੂਕਾ ਲਹਿਰ ਦਾ, ਦੇਸ਼ ਦੀ ਜੰਗ-ਇ-ਆਜ਼ਾਦੀ ਵਿੱਚ ਵਿਸ਼ੇਸ਼ ਅਤੇ ਅਹਿਮ ਯੋਗਦਾਨ ਸੀ। ਵਾਸਤਵ ਵਿਚ, ਹਿੰਦੁਸਤਾਨ ਦੀ ਆਜ਼ਾਦੀ ਦੀ ਸਰਬ-ਪ੍ਰਥਮ ਜੱਥੇਹੰਦ ਤੇ ਵਿਆਪਕ ਲਹਿਰ-ਗਦਰ ਲਹਿਰ ਅਤੇ ਗਦਰੀ ਬਾਬਿਆਂ ਦੇ ਪ੍ਰੇਰਨਾ-ਸਰੋਤ ਵੀ ਕੂਕੇ ਹੀ ਸਨ। ਗਦਰ-ਤਹਿਰੀਕ ਦੇ ਮੋਢੀ ਬਾਬਾ ਸੋਹਨ ਸਿੰਘ ਭਕਨਾ ਆਪਣੇ ਸਵੈ-ਜੀਵਨੀ ਵਿਚ ਲਿਖਦੇ ਹਨ ਕਿ ਉਹਨਾਂ ਨੇ ਮੂਲ ਪ੍ਰੇਰਨਾ ਬਾਬਾ ਕੇਸਰ ਸਿੰਘ (ਕੂਕਾ) ਕੋਲੋਂ ਲਈ ਸੀ।

ਕੂਕਾ ਲਹਿਰ ਉਸ ਵੇਲੇ ਵਜੂਦ ਵਿੱਚ ਆਈ ਜਦੋਂ ਪੰਜਾਬ ਸਿਆਸੀ ਤੇ ਸੱਭਿਆਚਰਕ ਤੌਰ 'ਤੇ ਅਸਲੋਂ ਬੇਹਿੱਸ ਤੇ ਬੇਹਰਕਤ ਹੋ ਚੁੱਕਾ ਸੀ, ਅੰਗਰੇਜ਼ਾਂ ਦੀ ਰਾਜਸੀ-ਸੱਭਿਆਚਾਰਕ ਤੇ ਸੈਨਿਕ ਗੁਲਾਮੀ ਪੂਰੀ ਤਰ੍ਹਾਂ ਕਬੂਲ ਕਰ ਚੁੱਕਾ ਸੀ। ਅਤੇ ਇਸ ਲਹਿਰ ਪਿਛੇ ਸਤਿਗੁਰੂ ਰਾਮ ਸਿੰਘ ਦੀ ਮਹਾਨ ਸ਼ਖਸੀਅਤ ਦੀ ਪ੍ਰੇਰਨਾ ਕੰਮ ਕਰ ਰਹੀ ਸੀ। ਇਸ ਸਿਲਸਿਲੇ ਵਿੱਚ ਪੰਡਿਤ ਨਹਿਰੂ ਦੇ ਇਹ ਸ਼ਬਦ ਅਤਿਅੰਤ ਮਹੱਤਵਪੂਰਨ ਅਤੇ ਢੁੱਕਵੇਂ ਹਨ ਕਿ "ਸਤਿਗੁਰੂ ਰਾਮ ਸਿੰਘ ਜੀ ਨੇ ਨਾ-ਮਿਲਵਰਤਨ ਅਤੇ ਦੇਸ਼ ਲਈ ਕੁਰਬਾਨੀ ਦੀ

Namdhari Elibrary NamdhariElibrary@gmail.com

ਲਹਿਰ ਚਲਾ ਕੇ, ਦੇਸ਼-ਭਗਤਾਂ ਨੂੰ ਜੋ ਰਾਹ ਦਿਖਲਾਇਆ ਹੈ, ਜੇ ਸਾਰਾ ਦੇਸ਼ ਉਸਨੂੰ ਸਮਝ ਲਵੇ ਤਾਂ ਥੋੜ੍ਹੇ ਦਿਨਾਂ ਵਿੱਚ ਹੀ, ਆਪਣੀ ਗਿਣਤੀ ਆਜ਼ਾਦ ਮੁਲਕਾਂ ਵਿਚ ਕਰਾ ਸਕਦਾ ਹੈ।......" ਆਜ਼ਾਦ ਹਿੰਦ ਫੌਜ ਦੇ ਬਾਨੀ, ਸੁਭਾਸ਼ ਚੰਦਰ ਬੋਸ ਨੇ ਆਖਿਆ ਸੀ ਕਿ "ਗੁਰੂ ਰਾਮ ਸਿੰਘ ਜੀ ਦੇ ਝੁਲਾਏ ਹੋਏ ਆਜ਼ਾਦੀ ਦੇ ਝੰਡੇ ਹੇਠ ਨਾਮਧਾਰੀਆਂ ਨੇ ਜੋ ਕੁਰਬਾਨੀਆਂ ਕੀਤੀਆਂ ਹਨ, ਉਹਨਾਂ ਦਾ ਦੇਸ਼ ਨੂੰ ਸਦਾ ਮਾਣ ਰਹੇਗਾ......।"

ਅੰਗਰੇਜ਼ ਸਰਕਾਰ ਕੂਕਾ ਲਹਿਰ ਤੋਂ ਐਨੀ ਭੈਅ-ਭੀਤ ਹੋਈ ਕਿ ਉਸ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼-ਨਿਕਾਲਾ ਦੇ, ੧੮੭੨ ਵਿੱਚ ਬਰਮਾ ਵਿੱਚ ਕੈਦ ਕਰ ਦਿੱਤਾ ਅਤੇ ਬਾਕੀ ਸੂਬੇ ਵੀ ਵੱਖ-ਵੱਖ ਥਾਵਾਂ ਤੇ ਕੈਦ ਕਰ ਦਿੱਤੇ । ਪਰ ਇਸ ਨਜ਼ਰਬੰਦੀ ਦਾ, ਲਹਿਰ ਤੇ ਕੋਈ ਖਾਸ ਪਰਭਾਵ ਨਾ ਪਿਆ। ਪੰਜਾਬ ਦੇ ਸ਼ਹਿਰ-ਸ਼ਹਿਰ, ਪਿੰਡ-ਪਿੰਡ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕੂਕੇ ਮਰਨ-ਮਾਰਨ ਨੂੰ ਤਿਆਰ ਸਨ।

ਬੇਰਹਿਮ ਅੰਗਰੇਜ਼ ਹਕੂਮਤ ਨੇ ਦਰਜਨਾਂ ਕੂਕਿਆਂ ਨੂੰ ਤੋਪਾਂ ਦੇ ਮੂੰਹ ਦੇ ਮੂਹਰੇ ਖੜੇ ਕਰ ਕੇ ਉਡਾ ਦਿੱਤਾ ਸੀ। ਕੂਕਿਆਂ ਦੀ ਸ਼ਹੀਦੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਨਜ਼ਰਬੰਦੀ ਨੇ, ਸਮੁੱਚੇ ਪੰਜਾਬ ਨੂੰ ਅਗਰੇਜ਼ਾਂ ਦੇ ਖਿਲਾਫ ਜਗਾ ਦਿੱਤਾ।

ਸੁਤੰਤਰਤਾ-ਸੰਗਰਾਮ ਵਿੱਚ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੀ ਚਲਾਈ ਕੂਕਾ ਲਹਿਰ ਦੀ ਦੇਣ ਏਨੀ ਮਹਾਨ ਤੇ ਮੁੱਲਵਾਨ ਹੈ ਕਿ ਆਜ਼ਾਦ ਫ਼ਿਜ਼ਾ ਵਿੱਚ ਜਨਮੀ ਤੇ ਪਰਵਾਨ ਚੜ੍ਹੀ ਸਾਡੀ ਅਜੋਕੀ ਨਵੀਂ ਪੀੜ੍ਹੀ ਨੂੰ ਸਦਾ-ਸਦਾ ਲਈ ਉਸਦੀ ਰਿਣੀ ਹੋਣਾ ਚਾਹੀਦਾ ਹੈ। ਸ਼ਾਇਰ ਪਿਆਰਾ ਸਿੰਘ ਸਹਿਰਾਈ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ "ਆਜ਼ਾਦੀ ਦਾ ਸੂਰਜ" ਦੇ ਰੂਪ ਵਿੱਚ ਚਿਤਵਦਿਆਂ ਲਿਖਿਆ ਹੈ:

'ਆਜ਼ਾਦੀ ਦਾ ਸੂਰਜ ਸੈਂ ਤੂੰ,
ਚਾਨਣ ਰਿਸ਼ਮਾਂ ਕੌਣ ਖਿਲਾਰੇ?
ਕੁਰਬਾਨੀ ਦਾ ਸਬਕ ਪੜ੍ਹਾ ਕੇ,
ਸਭ ਕੁਝ ਦੇਸ਼ ਲਈ ਹੀ ਵਾਰੇ।
ਐਸਾ ਕੋਈ ਤੇਜ਼ ਸ਼ਰਾਰਾ,
ਹੈਸੀ ਆਜ਼ਾਦੀ ਦਾ ਲਾਇਆ।
ਘੂਕ ਨੀਂਦਰੇ ਸੁੱਤਾ ਹੋਇਆ ਸੀ,
ਤੈਂ ਸਾਰਾ ਦੇਸ਼ ਹਿਲਾਇਆ।
ਸਦੀਆਂ ਤੋਂ ਕਈ ਭੁੱਲੇ ਹੋਏ,
ਆਜ਼ਾਦੀ ਦੇ ਖ਼ਾਬ ਜਗਾਏ।
ਦੇਸ਼ ਪਿਆਰ ਦੇ ਜਜ਼ਬੇ,
ਸਾਡੀ ਰਗ ਰਗ ਅੰਦਰ ਸੀ ਤੜਪਾਏ।

ਙਙਙ

ਇਸਦਾ ਨਿਸ਼ਾਨਾ ਰਾਜਨੀਤਕ ਹੈ

ਇਸਦੇ ਇਰਾਦੇ ਸ਼ੁਰੂ ਵਿਚ ਭਾਵੇਂ ਕੁਝ ਵੀ ਹੋਣ, ਪਰ ਹੁਣ ਇਸਦਾ ਨਿਸ਼ਾਨਾ ਰਾਜਨੀਤਕ ਹੈ। ਉਹ ਇਕ ਅਜੇਹੇ ਪੰਥ ਦਾ ਆਗੂ ਅਤੇ ਅਦੁਤੀ ਨੇਤਾ ਹੈ, ਜੋ ਆਪਣੇ ਸੁਭਾਉ ਅਨੁਸਾਰ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਹੈਸੀਅਤ ਵਿਚ ਬਰਤਾਨਵੀ ਤਾਕਤ ਦਾ ਵੈਰੀ ਹੈ। ਪਹਿਲੋਂ ਰਾਮ ਸਿੰਘ ਨੂੰ ਸੰਤ ਸਰੂਪ ਗੁਰੂ ਨਾਨਕ ਦਾ ਰੂਪ ਸਮਝਿਆ ਜਾਂਦਾ ਸੀ, ਪਰ ਹੁਣ ਉਹ ਗੁਰੂ ਗੋਬਿੰਦ ਦਾ ਅਵਤਾਰ ਮੰਨਿਆ ਜਾਂਦਾ ਹੈ।

ਰਾਮ ਸਿੰਘ ਸਧਾਰਣ ਫਕੀਰਾਂ ਦੀ ਹੈਸੀਅਤ ਨਹੀਂ ਰਖਦਾ। ਉਹ ਤੁਹਾਨੂੰ ਅੱਧੀ ਦਰਜਨ ਸਵਾਰਾਂ ਨਾਲ ਮਿਲਦਾ ਹੈ, ਜਦਕਿ ਬੀਸੀਓਂ ਆਦਮੀ ਉਸਦੇ ਅੱਗੇ ਪਿਛੇ ਹੁੰਦੇ ਹਨ ਉਹ ਆਪਣੇ ਸੂਬਿਆਂ ਦੇ ਘੇਰੇ ਵਿਚ, ਜਿਨ੍ਹਾਂ ਨੇ ਸੋਹਣੇ ਚਿਟੇ ਬਸਤ੍ਰ ਪਹਿਨੇ ਹੁੰਦੇ ਹਨ, ਤੁਹਾਡੇ ਕੈਂਪ ਵਿਚ ਇਕ ਬਾਦਸ਼ਾਹ ਦੀ ਸ਼ਾਨ ਵਿਚ ਦਾਖਿਲ ਹੁੰਦਾ ਹੈ।

ਰਾਮ ਸਿੰਘ ਚਾਲਾਕ ਆਦਮੀਆਂ ਦੇ ਹੱਥਾਂ ਦੀ ਕਠਪੁਤਲੀ ਨਹੀਂ ਹੈ। ਜਿਸਨੇ ਉਸ ਦਾ ਦਰਸ਼ਨ ਕੀਤਾ ਤੇ ਉਸ ਨਾਲ ਗੱਲਾਂ ਕੀਤੀਆਂ ਹਨ ਉਸਨੇ ਉਸਦੀ ਬੁੱਧੀ ਦੀ ਸਥਿਰਤਾ ਅਤੇ ਆਚਰਣ ਦੀ ਅਡੋਲਤਾ ਵੇਖਣ ਵਿਚ ਉਕਾਈ ਨਹੀਂ ਕੀਤੀ ਹੋਵੇਗੀ। ਆਪਣੇ ਉਤੇ ਕਾਬੂ ਪਾਣ ਵਾਲੇ ਇਹ ਵੱਡੇ ਗੁਣ ਕਿਸੇ ਸਧਾਰਣ ਆਗੂ ਵਿਚ ਨਹੀਂ ਹੋ ਸਕਦੇ।

ਮਿਸਟਰ ਜੇ.ਡਬਲਯੂ ਮੈਕਨਬ
ਸਾਬਕਾ ਕਮਿਸ਼ਨਰ, ਅੰਬਾਲਾ ਕਮਿਸ਼ਨਰੀ

Namdhari Elibrary NamdhariElibrary@gmail.com

ਸਮਾਜ ਉਸਾਰੂ

ਬਾਬਾ ਰਾਮ ਸਿੰਘ ਜੀ

ਡਾ. ਸ੍ਰੀਮਤੀ ਸੁਰਜੀਤ ਕੌਰ ਜੌਲੀ

ਉਨੀਵੀਂ ਸਦੀ ਵਿੱਚ ਭਾਰਤ ਦੇ ਭਿੰਨ ਭਿੰਨ ਪ੍ਰਾਂਤਾਂ ਵਿੱਚ ਧਰਮ ਤੇ ਸਮਾਜ ਸੁਧਾਰਕ ਲਹਿਰਾਂ ਉਠੀਆਂ। ਪੰਜਾਬ ਤੋਂ ਬੰਗਾਲ ਤੱਕ ਵਹਿੰਦੇ ਹੋਏ ਮਨੁੱਖ, ਸਮਾਜ ਤੇ ਕਦਰਾਂ ਕੀਮਤਾਂ ਨੂੰ ਮੁੜ ਸੁਰਜੀਤ ਕਰਨ ਲਈ ਇਕ ਅਜਿਹੀ ਜਾਗ੍ਰਤੀ ਆਈ ਜਿਸ ਦਾ ਮੁੱਖ ਉਦੇਸ਼ ਸਮਾਜ ਨੂੰ ਇਕ ਐਸਾ ਨਜ਼ਰੀਆ ਦੇਣਾ ਸੀ ਜਿਸ ਨਾਲ ਉਹ ਧਰਮ ਦੇ ਅਸਲ ਅਰਥ ਨੂੰ ਸਮਝ ਸਕਣ। ਅਠਾਰਵੀ ਸਦੀ ਦਾ ਪੰਜਾਬ ਇਕ ਕਾਲੀ ਬੋਲੀ ਰਾਤ ਵਰਗਾ ਸੀ, ਸਿੱਖ ਗੁਰੂ ਸਾਹਿਬਾਨ ਦੇ ਪਾਏ ਪੂਰਨੇ ਜਿੱਸ ਵਿਚ ਉਹਨਾਂ ਇਕ ਐਸੇ ਸਮਾਜ ਦੀ ਸਿਰਜਨਾ ਕੀਤੀ ਸੀ ਜਿਹੜਾ ਸਮਾਜਕ ਪਧਰ ਤੇ ਜਾਗਰੂਕ ਤੇ ਧਾਰਮਿਕ ਪਧਰ ਤੇ ਵਿਵੇਕੀ ਸੀ। ਪਰ ਪੰਜਾਬ ਦੇ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਹਾਲਾਤ ਐਸੇ ਹੋ ਗਏ ਸਨ ਕਿ ਉਹ ਕੀਮਤਾਂ ਜਿਹੜੀਆਂ ਸਿੱਖ ਸਮਾਜ ਦੀਆਂ ਜੜ੍ਹਾਂ ਤੇ ਧੁਰਾ ਸਨ, ਕਿਤੇ ਗਵਾਚ ਚੁੱਕੀਆਂ ਸਨ। ਏਸੇ ਸਮੇਂ ਸਮਾਜ ਨੂੰ ਇਕ ਅਜਿਹੇ ਚਾਨਣ ਮੁਨਾਰੇ ਦੀ ਜਰੂਰਤ ਸੀ ਜਿਹੜਾ ਸਭ ਦਾ ਜੀਵਨ ਰੋਸ਼ਨ ਕਰ ਕੇ ਭੁੱਲੇ ਭਟਕਿਆਂ ਨੂੰ ਸਹੀ ਦਿਸ਼ਾ ਵਿਖਾ ਸਕੇ। ਬਾਬਾ ਰਾਮ ਸਿੰਘ ਜੀ ਇਕ ਅਜਿਹੀ ਪਵਿੱਤਰ, ਸੁੱਚੀ, ਪਹੁੰਚੀ ਹੋਈ ਤੇ ਅਕਾਲ ਪੁਰਖ ਨਾਲ ਇੱਕ ਮਿਕ ਹੋਈ ਹੱਸਤੀ ਸਨ ਜਿਹਨਾਂ ਨਾਮ ਨੂੰ ਧਾਰਨ ਕੀਤਾ ਤੇ ਬਾਕੀਆਂ ਨੂੰ ਨਾਮ ਧਾਰਨ ਕਰਵਾ ਕੇ ਨਾਮਧਾਰੀ ਅੰਦੋਲਨ ਚਲਾਇਆ। ਇਹ ਅੰਦੋਲਨ ਵਕਤ ਦੀ ਅਵਾਜ਼ ਸੀ।

ਬਾਬਾ ਰਾਮ ਸਿੰਘ ਜੀ ਦਾ ਜਨਮ ੩ ਫਰਵਰੀ ੧੮੧੬ ਈਸਵੀ ਵਿੱਚ ਜੱਸਾ ਸਿੰਘ ਜੀ ਰਾਮਗੜੀਆ ਦੇ ਘਰ, ਮਾਤਾ ਸਦਾ ਕੌਰ ਜੀ ਦੀ ਕੁੱਖੋਂ, ਪਿੰਡ ਭੈਣੀ ਰਾਈਆਂ ਵਿਖੇ ਹੋਇਆ। ਬੀਬੀ ਸਦਾ ਕੌਰ ਇਕ ਅਜਿਹੀ ਮਾਂ ਸੀ ਜਿਹਨਾਂ ਨੇ ਆਪਣੇ ਬੱਚਿਆਂ ਨੂੰ ਗੁਰਬਾਣੀ ਸੁਨਣੀ ਤੇ ਪੜ੍ਹਨ ਦੀਆਂ ਲੀਹਾਂ ਬਚਪਨ ਵਿੱਚ ਹੀ ਪਾ ਦਿੱਤੀਆਂ ਸਨ, ਸਿੱਖ ਵੀਰਾਂ, ਭਗਤਾਂ ਤੇ ਸ਼ਹੀਦਾਂ ਦੀਆਂ ਸਾਖੀਆਂ ਸੁਣਾ ਸੁਣਾ ਕੇ ਉਹਨਾਂ ਵਿੱਚ ਬਹਾਦੁਰੀ, ਸੂਰਬੀਰਤਾ ਤੇ ਵਕਤ ਨਾਲ ਜੂਝਣ ਦੇ ਗੁਣ ਕੁੱਟ ਕੁੱਟ ਕੇ ਭਰ ਦਿਤੇ ਸਨ। ਬਾਬਾ ਜੀ ਗੁਰਬਾਣੀ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਕਰਦੇ ਆਪ ਸਿੱਖ ਫਲਸਫੇ ਅਨੁਸਾਰ ਕਿਰਤ ਕਰਦੇ ਰਹੇ ਅਤੇ ਆਪਣੇ ਪਰਿਵਾਰ ਤੇ ਆਏ ਗਏ ਦੀ ਟਹਿਲ ਸੇਵਾ ਚੰਗੀ ਤਰ੍ਹਾਂ ਕਰਦੇ ਰਹੇ। ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਆਪ ਦੀ ਸ਼ਖਸੀਅਤ ਬਾਰੇ ਲਿਖਦਿਆਂ ਹੋਇਆਂ ਕਿਹਾ ਕਿ ਆਪ ਉੱਚ ਚਰਿੱਤਰ, ਸੋਹਣੀ ਸੂਰਤ, ਪੱਕੇ ਇਰਾਦੇ ਤੇ ਲੀਡਰਸ਼ਿਪ ਦੇ ਗੁਣਾਂ ਨਾਲ ਭਰਪੂਰ ਸਨ। ਆਪ ਦੀ ਸ਼ਖਸੀਅਤ ਵਿੱਚ ਚੁੰਬਕ ਵਾਲੀ ਸ਼ਕਤੀ ਤੇ ਖਿਚ ਪਾਉਣ ਵਾਲੀ ਤਾਕਤ ਸੀ। ਉਹ ਧਾਰਮਕ ਆਗੂ ਸਨ ਤੇ ਉਸ ਤੋਂ ਵੀ ਵੱਧ ਉਹਨਾਂ ਇਕ ਨਵੇਂ ਸਮਾਜ ਦੀ ਸਿਰਜਨਾ ਕੀਤੀ ਜੋ ਉਸ ਸਮੇਂ ਇੱਕ ਕਰਾਂਤੀਕਾਰੀ ਕੰਮ ਸੀ। ਉਸ ਵਕਤ ਦਾ ਸਮਾਜ ਜਾਤ ਪਾਂਤ, ਰੂੜੀਆਂ, ਬੰਧਨਾਂ ਤੇ ਛੋਟੀਆਂ ਛੋਟੀਆਂ ਗਲਾਂ ਤੇ ਸੋਚਾਂ ਵਿੱਚ ਵੰਡਿਆ ਹੋਇਆ ਸੀ। ਬਾਬਾ ਜੀ ਨੇ ਸਮਾਜ ਸੁਧਾਰਕ ਦੇ ਰੂਪ ਵਿੱਚ ਦੋ ਪੱਖਾਂ ਤੇ ਕੰਮ ਕੀਤਾ। ਪਹਿਲੇ ਸਥਾਨ ਤੇ ਆਪ ਨੇ ਮਨੁੱਖ ਨੂੰ ਸੁਧਾਰਨ ਦਾ ਜਤਨ ਕੀਤਾ ਕਿਉਂਕਿ ਸਮਾਜ ਮਨੁੱਖਾਂ ਨੂੰ ਮਿਲਾਕੇ ਹੀ ਤੇ ਬਣਦਾ ਹੈ। ਜੇ ਉਸ ਦੀ ਇਕਾਈ ਮਨੁੱਖ ਸੁਧਰ ਜਾਵੇ ਤਾਂ ਬਾਕੀ ਕੰਮ ਆਪੇ ਹੀ ਨੇਪਰੇ ਚੜ੍ਹ ਜਾਂਦਾ ਹੈ। ਦੂਜੀ ਥਾਂ ਤੇ ਆਪ ਨੇ ਸਮਾਜਿਕ ਰੂੜੀਆਂ ਦੇ ਵਿਰੁੱਧ ਅਵਾਜ਼ ਉਠਾਈ।

ਬਾਬਾ ਜੀ ਦਾ ਇਕ ਪੱਕਾ ਵਿਸ਼ਵਾਸ ਸੀ ਕਿ ਕਮਜ਼ੋਰ ਮਨੁੱਖ ਕਿਸੇ ਸੁਧਾਰ ਦੀ ਗਲ ਨਹੀਂ ਕਰ ਸਕਦਾ। ਤੰਦਰੁਸਤ ਦਿਮਾਗ ਤੇ ਤੰਦਰੁਸਤ ਸਰੀਰ ਹੀ ਸਮਾਜ ਨੂੰ ਸੁਧਾਰਨ ਦੀ ਗਲ ਸੋਚ ਸਕਦਾ ਹੈ। ਸ਼ਰੀਰਕ ਸਫਾਈ ਤੇ ਸੇਹਤ ਉਹਨਾਂ ਦੇ ਸਮਾਜ ਸੁਧਾਰ ਵਿੱਚ ਮੁਖ ਸਥਾਨ ਰਖਦਾ ਸੀ। ਉਸ ਵਕਤ ਦੇ ਪੋੜ੍ਹ ਸਮਾਜ ਨੂੰ ਉਹਨਾਂ ਜ਼ੋਰ ਦੇ ਕੇ ਇਹ ਸਮਝਾਇਆ ਕਿ ਰੋਜ਼ ਦੰਦ ਸਾਫ ਕਰਨੇ, ਨਹਾਉਣਾ ਤੇ ਵਾਲ ਵਾਹੁਣੇ ਕਿੰਨੇ ਜ਼ਰੂਰੀ ਹਨ। ਇਹ ਛੋਟੀਆਂ ਛੋਟੀਆਂ ਗਲਾਂ ਸਨ ਪਰ ਜਦ ਬਾਬਾ ਜੀ ਨੇ ਆਪਣੇ ਅਨੁਯਾਈਆਂ ਨੂੰ ਏਹ ਜੋਰ ਦੇ ਕੇ ਕਹਿਆ ਤੇ ਸ਼ਰੀਰਕ ਸਫਾਈ ਉਹਨਾਂ ਲਈ ਜੀਵਨ ਦੇ ਮੁਢਲੇ ਅਸੂਲ ਬਣ ਗਈਆਂ। ਬਰਤਾਨਵੀ ਸਰਕਾਰ ਦੀਆਂ ਫਾਇਲਾਂ ਇਸ ਗਲ ਦੀ ਗਵਾਹੀ ਦਿੰਦੀਆਂ ਹਨ ਕਿ ਬਾਬਾ ਜੀ ਦਾ ਹੁਕਮ ਸੀ ਕਿ ਤਿੰਨ ਵਜੇ ਸਵੇਰੇ ਉਠ ਕੇ, ਕੋਸੀ ਇਸ਼ਨਾਨ ਕਰ ਕੇ, ਗੁਰੂ ਗ੍ਰੰਥ ਸਾਹਿਬ ਜੀ ਤੋਂ ਪਾਠ ਕਰੇ ਤੇ ਇਸ ਦਾ ਪੁੰਨ ਮੋਤੀ ਦਾਨ ਕਰਨ ਦੇ ਬਰਾਬਰ ਹੋਇਗਾ।

ਮਨੁੱਖਾਂ ਦਾ ਵਿਵਹਾਰ ਕਿਸ ਤਰ੍ਹਾਂ ਦਾ ਹੋਏ ਇਸ ਲਈ ਬਾਬਾ ਜੀ ਦੀ ਜਮਾਤ ਵਿੱਚ ਜਾਣ ਤੋਂ ਪਹਿਲਾਂ ਅਤੇ ਗੁਰੂ ਮੰਤਰ ਲੈਣ ਤੋਂ ਪਹਿਲਾਂ ਇਹ ਬਚਨ ਦੇਣਾ ਹੁੰਦਾ ਸੀ ਕਿ ਉਹ ਝੂਠ, ਚੋਰੀ, ਮਿਲਾਵਟ ਅਤੇ ਬਾਕੀ ਦੁਰਗੁਣਾਂ ਤੋਂ ਬਚਣਗੇ। ਉਹਨਾਂ ਬਾਰ ਬਾਰ ਇਹ

ਬਾਬਾ ਜੀ ਨੇ ਸਮਾਜ ਸੁਧਾਰਕ ਦੇ ਰੂਪ ਵਿੱਚ ਦੋ ਪੱਖਾਂ ਤੇ ਕੰਮ ਕੀਤਾ। ਪਹਿਲੇ ਸਥਾਨ ਤੇ ਆਪ ਨੇ ਮਨੁੱਖ ਨੂੰ ਸੁਧਾਰਨ ਦਾ ਜਤਨ ਕੀਤਾ ਕਿਉਂਕਿ ਸਮਾਜ ਮਨੁੱਖਾਂ ਨੂੰ ਮਿਲਾਕੇ ਹੀ ਤੇ ਬਣਦਾ ਹੈ। ਜੇ ਉਸ ਦੀ ਇਕਾਈ ਮਨੁੱਖ ਸੁਧਰ ਜਾਵੇ ਤਾਂ ਬਾਕੀ ਕੰਮ ਆਪੇ ਹੀ ਨੇਪਰੇ ਚੜ੍ਹ ਜਾਂਦਾ ਹੈ। ਦੂਜੀ ਥਾਂ ਤੇ ਆਪ ਨੇ ਸਮਾਜਿਕ ਰੂੜੀਆਂ ਦੇ ਵਿਰੁੱਧ ਅਵਾਜ਼ ਉਠਾਈ।

Namdhari Elibrary NamdhariElibrary@gmail.com

ਹਦਾਇਤ ਕੀਤੀ ਕਿ ਜੋ ਕਿਸੇ ਦੀ ਵਸਤ ਚੋਰੀ ਕਰੇਗਾ ਉਸ ਨੂੰ ਸਿਰਫ ਨੰਗ ਅਰ ਭੁੱਖ ਹੀ ਪਰਾਪਤ ਹੋਏਗੀ। ਨਾਮਧਾਰੀਆਂ ਲਈ ਮੀਟ ਜਾਂ ਸ਼ਰਾਬ ਦੀ ਵਰਤੋਂ ਸਖ਼ਤ ਮਨਾ ਸੀ ਤੇ ਅੱਜ ਵੀ ਹੈ। ਨਾਮਧਾਰੀ ਦਇਆ, ਸੰਤੋਖ, ਖਿਮਾ ਅਤੇ ਦਾਨੀ ਗੁਣਾਂ ਦਾ ਧਾਰਨੀ ਬਣਿਆ । ਬਾਬਾ ਜੀ ਨੇ ਕਹਿਆ ਭੁਖਿਆਂ ਲਈ ਲੰਗਰ ਤੇ ਜ਼ਰੂਰਤ ਮੰਦਾਂ ਲਈ ਕਪੜਾ ਰੱਜ ਕੇ ਦਾਨ ਕਰੋ। ਸਤਿਗੁਰੂ ਬਿਲਾਸ ਇਸ ਗਲ ਦਾ ਹਵਾਲਾ ਦਿੰਦਾ ਹੈ ਕਿ ਬਾਬਾ ਜੀ ਪੂਰੇ ਤੋਲ ਤੋਂ ਵੀ ਉਪਰ ਮਿਣਿਆ ਕਰਦੇ ਸਨ ਉਹਨਾਂ ਦੀ ਸਿਖਿਆ ਦਾ ਇਕ ਆਰਥਿਕ ਪਹਿਲੂ ਕਿਤਨਾ ਅਗਾਂਹ ਵਧੂ ਸੀ ਕਿ ਅਗਰ ਤੁਸੀਂ ਮੁਨਾਫਾ ਘਟ ਰਖੋਗੇ ਤਾਂ ਲਾਭ ਵਧਣ ਲਗ ਜਾਏਗਾ ਕਿਉਂਕਿ ਵਟਕ ਵੱਧ ਜਾਏਗੀ।

ਸਰਕਾਰੀ ਕਾਗਜ਼ਾਤ ਇਸ ਗਲ ਦੀ ਗਵਾਹੀ ਦਿੰਦੇ ਹਨ ਕਿ ਬਾਬਾ ਜੀ ਨੇ ਜਾਤ ਪਾਤ, ਊਚ ਨੀਚ ਅਤੇ ਕੁਲ ਦੇ ਭੇਦਭਾਵ ਨੂੰ ਬਿਲਕੁਲ ਮਿਟਾ ਦਿਤਾ ਸੀ। ਸਮਾਜਿਕ ਖੇਤਰ ਵਿੱਚ ਬਾਬਾ ਜੀ ਨੇ ਵਿਦਿਆ ਅਤੇ ਵਿਆਹ ਸੰਬੰਧੀ ਸੁਧਾਰਾਂ ਵਿਚ ਤਾਂ ਕਮਾਲ ਹੀ ਕਰ ਦਿਤਾ ਕਿਸੇ ਵੀ ਤਰਾਂ ਦੀ ਸਮਾਜਿਕ ਜਾਗ੍ਰਤੀ ਵਿਦਿਆ ਦੇ ਨਾਲ ਜੁੜੀ ਹੋਈ ਹੈ। ਬਾਬਾ ਜੀ ਨੇ ਕਹਿਆ ਜਿਉਂ ਹੀ ਬੱਚਾ ਕੁਝ ਸਮਝਣ ਦੇ ਕਾਬਲ ਹੁੰਦਾ ਹੈ, ਉਸ ਨੂੰ ਗੁਰਮੁਖੀ ਅੱਖਰਾਂ ਦਾ ਗਿਆਨ ਦਿਉ। ਇਸ ਵਿੱਚ ਬੱਚੇ ਤੇ ਬੱਚੀ ਵਿੱਚ ਵੀ ਭੇਦਭਾਵ ਨਾ ਕੀਤਾ ਜਾਵੇ। ਉਸ ਸਮੇਂ ਦੇ ਭਾਰਤੀ ਸਮਾਜ ਵਿੱਚ ਕੁੜੀਆਂ ਦੀ ਸਿੱਖਿਆ ਤੇ ਕੋਈ ਬਹੁਤਾ ਧਿਆਨ ਨਹੀਂ ਦਿਤਾ ਜਾਂਦਾ ਸਨ ਪਰ ਬਾਬਾ ਜੀ ਜਾਣਦੇ ਸੀ ਕਿ ਕੁੜੀ ਉੱਤੇ ਤਾਂ ਪਰਿਵਾਰ ਦਾ ਬਹੁਤਾ ਭਾਰ ਹੁੰਦਾ ਹੈ ਅਰ ਅਗਰ ਉਹ ਪੜ੍ਹ ਜਾਏ ਤਾਂ ਪੂਰਾ ਪਰਿਵਾਰ ਹੀ ਪੜ੍ਹ ਜਾਏਗਾ। ਉਹ ਲਿਖਦੇ ਹਨ ਅਪਣੀਆਂ ਭੈਣਾਂ, ਬੀਬੀਆਂ, ਧੀਆਂ ਤੇ ਪੁਤਰਾਂ ਨੂੰ ਪੜ੍ਹਾਉ ਕਿਉਂ ਜੁ ਪੜ੍ਹੇ ਬਿਨਾਂ ਤਾਂ ਪ੍ਰਭੂ ਦਾ ਨਾਮ ਵੀ ਚੰਗੀ ਤਰ੍ਹਾਂ ਨਹੀ ਜਪਿਆ ਜਾ ਸਕਦਾ। ਅਪਣੀ ਪੇਂਡੂ ਸੰਗਤ ਨੂੰ ਬਾਬਾ ਜੀ ਸਧਾਰਣ ਉਦਾਹਰਣ ਦੇ ਕੇ ਸਮਝਾਉਂਦੇ ਸਨ। ਇਕ ਵਾਰ ਕਿਸੇ ਨੇ ਬੇਨਤੀ ਕੀਤੀ ਕਿ " ਬਾਬਾ ਜੀ ਮੈਥੋ ਅੱਖਰ ਨਹੀਂ ਪੜ੍ਹ ਹੁੰਦੇ ਬਾਬਾ ਜੀ ਨੇ ਕਹਿਆ ਤੂੰ ਇਥੇ ਇਕ ਪੱਥਰ ਰੋਜ ਸੁਟ ਦਿਆ ਕਰ ਕੁਝ ਦਿਨਾਂ ਵਿੱਚ ਉਹ ਢੇਰ ਹੋ ਜਾਏਗਾ ਏਦਾਂ ਹੀ ਜੇ ਤੂੰ ਰੋਜ ਇਕ ਅੱਖਰ ਵੀ ਪੜਣਾ ਸਿਖਿਆ ਤਾਂ ਕੁਝ ਦਿਨਾਂ ਵਿਚ ਸਭ ਪੜ੍ਹ ਜਾਏਂਗਾ।"

ਬਾਬਾ ਜੀ ਨੇ ਸਾਦੇ ਤੇ ਬਿਨਾਂ ਕਿਸੇ ਖਰਚ ਦੇ ਵਿਆਹ ਦੀ ਨੀਂਹ ਰੱਖੀ। ਜੂਨ ੧੮੬੩ ਵਿਚ, ਪਿੰਡ ਖੋਟੇ ਜਿਲ੍ਹਾ ਫਿਰੋਜਪੁਰ ਵਿਖੇ ਐਸੇ ਅਨੰਦ ਵਿਆਹ ਕੀਤੇ ਗਏ ਜਿਹਨਾਂ ਵਿਚ ਬ੍ਰਾਹਮਣਾਂ ਲਈ ਕੋਈ ਥਾਂ ਨਹੀਂ ਸੀ। ਇਹ ਅੰਤਰਜਾਤੀ ਵਿਆਹ ਸਨ ਜਿਹੜੇ ਸਿਰਫ ਸਵਾ ਸਵਾ ਰੁਪਏ ਨਾਲ ਕੀਤੇ ਗਏ। ਇਹ ਗਲ ਬੜੇ ਫ਼ਖ਼ਰ ਵਾਲੀ ਹੈ ਕਿ ਅੱਜ ਵੀ ਨਾਮਧਾਰੀ ਸਮਾਜ ਵਿੱਚ ਵਿਆਹ ਸਾਦੇ ਤੇ ਬਿਨਾਂ ਕਿਸੇ ਖਰਚ ਦੇ ਕਰਵਾਏ ਜਾਂਦੇ ਹਨ। ਸਾਰੇ ਸਿੱਖ ਸਮਾਜ ਨੂੰ ਇਸ ਗਲ ਤੋਂ ਸਿੱਖਿਆ ਲੈ ਕੇ ਇਹ ਪਹਿਲ ਵਧੇਰੇ ਗੁਰਸਿੱਖਾਂ ਲਈ ਕਰਨੀ ਚਾਹੀਦੀ ਹੈ।

ਬਾਬਾ ਰਾਮ ਸਿੰਘ ਜੀ ਦੀ ਇਕ ਹੋਰ ਵੱਡੀ ਦੇਣ ਬੀਬੀਆਂ ਦੀ ਹਾਲਤ ਨੂੰ ਸੁਧਾਰਨ ਲਈ ਹੈ। ਸਦੀਆਂ ਤੋਂ ਭਾਰਤੀ ਸਮਾਜ ਦੇਵੀਆਂ ਦੀ ਪੂਜਾ ਕਰਦਾ ਹੈ ਪਰ ਉਹ ਨਾਰੀ ਨੂੰ ਕਦੇ ਬਰਾਬਰੀ ਦਾ ਸਥਾਨ ਨਹੀਂ ਦੇ ਪਾਇਆ। ਏਸੇ ਕਰ ਕੇ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਸੁਟਣਾ, ਵੇਚਣਾ, ਸਤੀ ਜਾਂ ਵਿਧਵਾਪਨ ਦੇ ਸਰਾਪ ਭੋਗਣੇ ਪੈਂਦੇ ਹਨ । ਉਸ ਸਮੇਂ ਇਹ ਪ੍ਰਥਾਵਾਂ ਸਿੱਖਾਂ ਖਤਰੀਆਂ, ਬੇਦੀਆਂ ਅਤੇ ਸੋਢੀਆਂ ਵਿੱਚ ਵੀ ਸਨ ਪਰ ਬਾਬਾ ਜੀ ਨੇ ਸਖ਼ਤ ਹਦਾਇਤ ਦਿਤੀ ਕਿ ਕੋਈ ਕੁੜੀ ਮਾਰੇ ਜਾਂ ਵੇਚੇਗਾ ਨਹੀਂ। ਉਹਨਾਂ ਕਹਿਆ, "ਕੁੜੀਆਂ ਵਿੱਚ ਬੜੇ ਗੁਣ ਹਨ ਉਹ ਸਮਾਜ ਨੂੰ ਕਈ ਤਰ੍ਹਾਂ ਨਾਲ ਸੁੱਖ ਪਹੁੰਚਾਂਦੀਆਂ ਹਨ। ਮੈਂ ਉਹਨਾਂ ਦੇ ਗੁਣਾਂ ਦਾ ਵਖਾਣ ਨਹੀ ਕਰ

ਉਸ ਸਮੇਂ ਦੇ ਭਾਰਤੀ ਸਮਾਜ ਵਿੱਚ ਕੁੜੀਆਂ ਦੀ ਸਿੱਖਿਆ ਤੇ ਕੋਈ ਬਹੁਤਾ ਧਿਆਨ ਨਹੀਂ ਦਿਤਾ ਜਾਂਦਾ ਸਨ ਪਰ ਬਾਬਾ ਜੀ ਜਾਣਦੇ ਸੀ ਕਿ ਕੁੜੀ ਉੱਤੇ ਤਾਂ ਪਰਿਵਾਰ ਦਾ ਬਹੁਤਾ ਭਾਰ ਹੁੰਦਾ ਹੈ ਅਰ ਅਗਰ ਉਹ ਪੜ੍ਹ ਜਾਏ ਤਾਂ ਪੂਰਾ ਪਰਿਵਾਰ ਹੀ ਪੜ੍ਹ ਜਾਏਗਾ।

ਸਕਦਾ। ਮੇਰੀਆਂ ਨਜ਼ਰਾਂ ਵਿਚ ਕੁੜੀ ਮਾਰਨਾ ਗਊ ਮਾਰਨ ਦੇ ਬਰਾਬਰ ਹੈ। ਵਿਆਹ ਦੀ ਉਮਰ ਬਾਰੇ ਤਾਂ ਬਾਬਾ ਜੀ ਨੇ ਕਮਾਲ ਹੀ ਕਰ ਦਿਤਾ ਜਿਸ ਵਕਤ ਕੁੜੀ ਮੁੰਡੇ ਦਾ ਵਿਆਹ ਗੁੱਡੀ-ਗੁੱਡੇ ਦੀ ਖੇਡ ਦੀ ਤਰ੍ਹਾਂ ਸੀ ਲੋਕ ਕੁਛੜ ਚੁਕ ਕੇ ਹੀ ਵਿਆਹ ਲੈਂਦੇ ਸਨ ਉਸ ਵੇਲੇ ਬਾਬਾ ਜੀ ਨੇ ਕਹਿਆ ਕਿ ਮੇਰੇ ਹੁਕਮ ਅਨੁਸਾਰ ਕੋਈ ੧੬ ਵਰ੍ਹਿਆਂ ਤੋਂ ਘੱਟ ਕੁੜੀ ਤੇ ੧੮ ਵਰ੍ਹਿਆਂ ਤੋਂ ਘਟ ਮੁੰਡੇ ਦਾ ਵਿਆਹ ਨਹੀਂ ਕਰੇਗਾ। ਜਿਸ ਗਲ ਨੂੰ ਸਾਡੀ ਸਰਕਾਰ ਅਜ ਵੀ ਕੰਟਰੋਲ ਨਹੀ ਕਰ ਪਾ ਰਹੀ ਉਹ ਬਾਬਾ ਜੀ ਨੇ ਉਦੋਂ ਕਰ ਵਿਖਾਇਆ। ਵੱਟੇ ਦੇ ਸਾਕ ਜਾਂ ਕੁੜੀਆਂ ਨੂੰ ਵੇਚਣਾ ਇਕ ਐਸਾ ਗੁਨਾਹ ਸੀ ਜਿਸ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀ ਜਾ ਸਕਦਾ ਸੀ ਇਹ ਗਲ ਨਾਮਧਾਰੀ ਸਮਾਜ ਵਿੱਚ ਇਨੀ ਗਹਿਰੀ ਬੈਠ ਗਈ ਕਿ ਉਹ ਗਾਉਂਦੇ ਹੁੰਦੇ ਸਨ।

ਨ ਬੇਚ ਕੁਆਰੀ ਵੇ ਬਾਬਲਾ ਲਾਲਚੀਆ।
ਗਲ ਗਊ ਕਟਾਰੀ ਵੇ ਬਾਬਲਾ ਲਾਲਚੀਆ।
ਤੇਰੀ ਗਈ ਮੱਤ ਮਾਰੀ ਵੇ ਬਾਬਲਾ ਲਾਲਚੀਆ।
ਨ ਬਨੀ ਵਪਾਰੀ ਵੇ ਬਾਬਲਾ ਲਾਲਚੀਆ।

ਗੁਰੂ ਨਾਨਕ ਸਾਹਿਬ ਜੀ ਨੇ ਸਤੀ ਦੇ ਵਿਰੁੱਧ ਅਵਾਜ਼ ਉਠਾਈ ਸੀ ਪਰ ਬ੍ਰਾਹਮਣਵਾਦ ਦੇ ਪ੍ਰਭਾਵ ਹੇਠ ਇਹ ਸਿਖਿਆ ਦੱਬ ਗਈ ਸੀ ਬਾਬਾ ਰਾਮ ਸਿੰਘ ਜੀ ਨੇ ਇਕ ਵਾਰੀ ਫੇਰ ਇਸ ਪਰਥਾ ਦੇ ਵਿਰੁਧ ਹੁਕਮ ਜਾਰੀ ਕੀਤਾ।

ਬਾਬਾ ਜੀ ਇਸਤਰੀਆਂ ਨੂੰ ਸਿਰਫ ਦੱਬੀ ਤੇ ਘੁੱਟੀ ਹੋਈ ਜ਼ਿੰਦਗੀ ਵਿਚੋ ਬਾਹਰ ਹੀ ਨਹੀ ਕੱਢ ਰਹੇ ਸਨ ਸਗੋਂ ਉਹਨਾਂ ਨੂੰ ਖੁਸ਼ੀ ਤੇ ਸਤਿਕਾਰ ਭਰਿਆ ਜੀਵਨ ਜੀਣ ਦੇ ਅਵਸਰ ਦੇ ਰਹੇ ਸਨ। ਬਾਬਾ ਜੀ ਨੇ ਬੀਬੀਆਂ ਨੂੰ ਅੰਮ੍ਰਿਤ ਛਕਾਇਆ ਤੇ ਇਕ ਬੀਬੀ ਹੁਕਮੀ ਨੂੰ ਅਪਣਾ ਸੂਬਾ ਥਾਪ ਕੇ ਜ਼ੁੰਮੇਵਾਰੀ ਭਰਿਆ ਕੰਮ ਤੇ ਮਾਣ ਬਖਸ਼ਿਆ। ਇਸ ਤਰ੍ਹਾਂ ਬਾਬਾ ਰਾਮ ਸਿੰਘ ਜੀ ਜੋ ਨਾਮਧਾਰੀ ਸਿੱਖਾਂ ਦੇ ਸਤਿਗੁਰੂ ਹਨ ਦੇ ਕੀਤੇ ਸਮਾਜ ਉਸਾਰੂ ਕੰਮਾਂ ਦੀ ਵੀ ਬਹੁਤ ਮਹਾਨਤਾ ਹੈ।

ੴੴੴ

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਹਰੀ ਸਿੰਘ ਜੀ

ਬੀਬੀ ਸੁਕੰਤਲਾ ਭੁਟਾਨੀ

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਨਾਮ ਨੂੰ ਕਿਹੜਾ ਨਾਮਧਾਰੀ ਹੈ ਜੋ ਨਹੀਂ ਜਾਣਦਾ। ਆਪ ਜੀ ਦਾ ਅਵਤਾਰ ਬਾਬਾ ਜੱਸਾ ਸਿੰਘ ਜੀ, ਮਾਤਾ ਸਦਾ ਕੌਰ ਦੇ ਘਰ ਅਸੂ ਦਾ ਤੀਸਰਾ ਨਰਾਤਾ, ਬੁਧਵਾਰ ਸੰਮਤ ੧੮੭੬ ਪਿੰਡ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਵਿਖੇ ਹੋਇਆ।

ਸਤਿਗੁਰੂ ਜੀ ਦਾ ਪਹਿਲਾ ਨਾਮ ਬੁੱਧ ਸਿੰਘ ਸੀ। ਜਦੋਂ ਉਹ ਪ੍ਰਗਟ ਹੋਏ ਲੋਕਾਂ ਨੂੰ ਇੰਝ ਭਾਸਿਆ "ਬੁੱਧ ਮਹਾਤਮਾ ਦਾ ਅਵਤਾਰ ਆਇਆ ਹੈ। ਲੋਕਾਂ ਨੇ ਬੜੀਆਂ ਖੁਸ਼ੀਆਂ ਮਨਾਈਆਂ। ਉਹਨਾਂ ਪੰਘੂੜੇ ਵਿਚ ਪਏ ਹਸਦੇ ਮੁਸਕਰਾਉਂਦੇ ਰਹਿਣਾ। ਉਨ੍ਹਾਂ ਨੂੰ ਲੋਕੀਂ ਦੂਰੋਂ ਦੂਰੋਂ ਦੇਖਨ ਆਉਂਦੇ ਸੀ।" "ਰਾਮਧਨੀ ਸਤਿਗੁਰੂ" ਆਉਂਦੇ ਕਲਾਵੇ ਭਰਦੇ, ਜਫੀਆਂ ਪਾਉਂਦੇ, ਆਲੇ ਦੁਆਲੇ ਘੁੰਮਾਂਦੇ, ਚੁੰਮਦੇ।

ਆਪ ਜੀ ਦਾ ਕੱਦ ਕਾਠ, ਸਰੂਪ ਤੇ ਸੂਝ ਤਿੱਖਾ ਨੱਕ, ਮੋਟੇ ਨੇਤ੍ਰ, ਲੰਮ ਸਲੰਮੇ, ਪਤਲੇ, ਪਰ ਬੋਲਦੇ ਬਿਲਕੁਲ ਘਟ ਸੀ। ਪੂਰੀ ਸੁੱਚ ਸੋਧ ਵਿਚ ਰਹਿੰਦੇ। ਅਪਨੇ ਮਾਤਾ ਪਿਤਾ ਦੇ ਆਗਿਆਕਾਰੀ ਸਨ। ਕੋਈ ਵੀ ਉਹ ਕੰਮ ਕਹਿੰਦੇ "ਸਤਿ ਬਚਨ" ਕਹਿਕੇ ਟੁਰ ਪੈਂਦੇ ਭਾਵੇਂ ਦਿਨ ਹੋਵੇ ਭਾਵੇਂ ਰਾਤ। ਵੱਡਿਆਂ ਨਾਲ ਉਠਦੇ ਬੈਠਦੇ ਸੀ। ਅਪਨੀ ਉਮਰ ਵਾਲਿਆਂ ਦੇ ਲੋਕਾਂ ਵਿਚ ਨਹੀ ਸਨ ਬਹਿੰਦੇ। ਗੱਪਾਂ ਨਹੀਂ ਸਨ ਮਾਰਦੇ। ਬੱਸ ਘਰੋਂ ਖੇਤ ਤੇ ਖੇਤੋਂ ਦੁਕਾਨ ਤੇ। ਹਲ, ਪੰਜਾਲੀ, ਹਥੌੜੀ, ਸੰਨ੍ਹੀ ਇਨਾਂ ਦੇ ਯਾਰ ਸਨ। ਉਹਨਾਂ ਨੇ ਕਦੇ ਕਿਸੇ ਦੂਜੇ ਦੇ ਖੇਤ ਤੋਂ ਗੰਦਲ ਗੰਨਾ ਨਹੀਂ ਤੋੜਨਾ। ਦੂਜਿਆਂ ਦੇ ਖੇਤਾਂ ਵਿਚ ਪਸ਼ੂ ਨਹੀਂ ਜਾਣ ਦੇਣਾ। ਜਿਸ ਵੀ ਕੰਮ ਲਈ ਬਾਪੂ ਨੇ ਭੇਜਿਆ ਉਸ ਹੀ ਕੰਮ ਨੂੰ ਕਰਕੇ ਆਉਣਾ, ਕਿਸੀ ਹੋਰ ਵੱਲ ਤੱਕਣਾ ਹੀ ਨਹੀਂ।

ਗੁਰੂ ਰਾਮ ਸਿੰਘ ਜੀ ਦੋਵੇਂ ਭਰਾ ਇਕੋ ਜਿਹੇ ਸੂਰਜ ਚੰਦ੍ਰਮਾ ਵਰਗੇ। ਉਨ੍ਹਾਂ ਵਿਚ ਕੋਈ ਵੀ ਫ਼ਰਕ ਨਹੀਂ। ਗੁਰੂ ਰਾਮ ਸਿੰਘ ਜੀ ਕਈ ਵਾਰੀ ਲਾਹੌਰ ਤੋਂ ਪਿਸ਼ਾਵਰ ਚਲੇ ਜਾਂਦੇ, ਪਰ ਇਨ੍ਹਾਂ ਨੇ ਘਰੋਂ ਬਾਹਰ ਪੈਰ ਨਹੀਂ ਪਾਇਆ। ਦੋਨੋਂ ਭਰਾਵਾਂ ਦਾ ਇਤਨਾ ਪਿਆਰ ਸੀ ਜਿਵੇਂ ਰਾਮ-ਲਛਮਣ, ਕ੍ਰਿਸ਼ਨ-ਬਲਿਰਾਮ ਜੀ ਦਾ ਸੀ।

ਇਨ੍ਹਾਂ ਦੇ ਘਰ, ਦੁਧ ਘਿਉ ਦੀ ਗੰਗਾ, ਖੰਡਾਂ ਦੇ ਬੂਰੇ, ਬਦਾਮ, ਤ੍ਰੈ ਭਾਵਲੇ ਦਾ ਕੜਾਹ ਪਰਸਾਦਿ, ਸਭ ਨੂੰ ਆਪਣਿਆਂ ਤੇ ਪਰਾਇਆਂ ਵਿੱਚ, ਬਿਨਾ ਭੇਦ ਭਾਵ ਤੋਂ ਮਿਲਦਾ ਸੀ। ਲੋਕੀਂ ਝੋਲੀਆਂ ਭਰ ਭਰ ਕੇ ਲੈ ਜਾਂਦੇ ਸੀ। ਇਹਨਾਂ ਦੇ ਨੇਤਰਾਂ ਵਿਚ ਅੰਮ੍ਰਿਤ ਪਰ ਜਿਨ੍ਹਾਂ ਤੇ ਉਹ ਤਰੁੱਠ ਪਏ, ਜਨਮ ਜਨਮਾਤਰਾਂ ਦੇ ਕੋਹੜ ਦੂਰ ਹੋ ਜਾਂਦੇ ਸੀ। ਇਨ੍ਹਾਂ ਨੇ ਗੁੰਗਿਆਂ ਨੂੰ ਜੀਭਾਂ ਬਖਸ਼ੀਆਂ, ਇਨ੍ਹਾਂ ਦੇ ਚਰਨ ਪਾਰਸ ਵਰਗੇ ਸਨ ਜਿਹੜਾ ਹਥ ਲਗਾਂਦਾ ਉਹ ਸੋਨਾ ਬਣ ਜਾਂਦਾ ਸੀ।

"ਚੰਦਰਮਾ ਤੋਂ ਠੰਢਾ ਜਿਸਦਾ ਚਿਹਰਾ ਚਾਨਣ ਖਿਲਾਰੇ।
ਸਰਦ ਹਿਮਾਲੇ ਨਾਲੋਂ ਜਿਸਦਾ ਦਰਸ਼ਨ ਠਾਰੇ।"



ਚੰਦਨ ਨਾਲੋਂ ਸੀਤਲ, ਜਿਸਦੇ ਬਚਨ ਮਹਿਕਾਰ ਖਿਲਾਰਨ,
ਉਹ ਸ੍ਰੀ ਗੁਰੂ ਹਰੀ ਸਿੰਘ ਸਨ, ਸੁਖ ਸ਼ਾਂਤੀ ਦੇ ਭੰਡਾਰੇ।

ਸੰਨ ੧੯੧੮ ਬਿ: ਨੂੰ ਚੀਨੀ ਵਾਲੇ ਪਾਤਸ਼ਾਹ ਜੀ ਹਰਿਦੁਆਰ ਗਏ ਬੜੇ ਕੌਤਕ ਕੀਤੇ। ਲੋਕਾਂ ਨੂੰ ਰਾਹ ਜਾਂਦਿਆਂ ਉਪਦੇਸ਼ ਦੇਂਦੇ ਗਏ। ਸਤਿਗੁਰੂ ਜੀ ਇਕ ਦਿਨ ਗੋਲੀ ਨੂੰ ਅੱਗ ਲਗਾ ਦਿਤੀ। ਹੁਕਮ ਕੀਤਾ- ਗੰਗਾ ਵਿਚ ਵਹਾ ਦਿਉ। ਸਾਰੀ ਸੰਗਤ ਲਗੀ-ਪਰ ਨਾ ਉਠਾ ਸਕੇ। ਇਹ ਦੋਵੇਂ ਭਰਾ ਬੁੱਧ ਸਿੰਘ ਤੇ ਸਤਿਗੁਰੂ ਜੀ ਉਠੇ ਤੇ ਗੋਲੀ ਵਗਾਹ ਮਾਰੀ ਦਰਿਆ ਵਿੱਚ। ਇਸ਼ਾਰੇ ਨਾਲ ਸਮਝਾਇਆ ਕਿ ਇਹ ਕੰਮ ਮੇਰਾ ਤੇ ਮੇਰੇ ਭਰਾ ਦਾ ਕਰਨ ਦਾ ਹੀ ਹੈ। ਬਾਬਾ ਬੁੱਧ ਸਿੰਘ ਜੀ ਕਿਰਤ ਕਰਦੇ ਸੀ ਲੰਗਰ ਵਿਚ ਉਗਰਾਹੀ ਪਾਇਆ ਕਰਦੇ ਸੀ। ੧੯੨੫ ਬਿ : ਵਿਚ ਇਕ ਦਿਨ ਜਦ ਉਹ ਹਲ ਚੁੱਕੀ ਆ ਰਹੇ ਸੀ ਤਾਂ ਸਤਿਗੁਰ ਚੀਨੀ ਵਾਲੇ ਨੇ ਬਚਨ ਕੀਤਾ, "ਭਾਈ ਹਲ ਰਖਦੇ, ਪਰਸਾਦਾ ਲੰਗਰੋ ਛਕਿਆ ਕਰ" ਸਤਿ ਬਚਨ ਕਹਿ ਹਲ ਰੱਖ ਦਿਤਾ, ਤੇ ਮਾਲਾ ਫੜ ਲਈ ਤੇ ਸੇਵਾ ਵਿਚ ਜੁਟ ਪਏ। ਇੱਕ ਦਿਨ ਸਤਿਗੁਰੂ ਰਾਮ ਸਿੰਘ ਜੀ ਨੇ ਆਪ ਜੀ ਨੂੰ ਸੁੰਦਰ ਕਪੜੇ ਪਵਾ ਕੇ ਆਪਣੇ ਬਰਾਬਰ ਬਿਠਾ ਕੇ, ਸੂਬਿਆਂ ਨੂੰ ਪੁਛਿਆ ਕਿ ਵੇਖੋ ਕੋਈ ਫਰਕ ਹੈ ?

ਦੋਨੋਂ ਭਈਆ ਏਕ ਸਰੂਪ ਭਾਸੇ
ਸਤਿਗੁਰੁ ਆਪ ਮੁਖੋਂ ਪ੍ਰਕਾਸ਼ੇ।

ਫਿਰ ਸਭ ਸਿੱਖਾਂ ਨੇ ਆਪਨੂੰ ਸੀਸ ਨਿਵਾਏ। ਇਸ ਰਾਜ ਨੂੰ ਕਿਸੇ ਵਿਰਲੇ ਨੇ ਸਮਝਿਆ ਤੇ ਕੇਵਲ ਇਤਨਾ ਆਖਿਆ:

"ਧੰਨ ਧੰਨ ਤੇਰਾ ਵੀਰੜਾ"

ਅੰਗਰੇਜ਼ ਆਏ ਚਾਰੋਂ ਤਰਫ ਜ਼ੁਲਮ ਹੋਣ ਲਗੇ। ਉਨ੍ਹਾਂ ਬੁਚੜਖਾਨੇ ਖੁਲਵਾਏ। ਬਹੁਤ ਨਾਮਧਾਰੀ ਇਸ ਵੇਲੇ ਸ਼ਹੀਦ ਕੀਤੇ ਗਏ ਜਿਨ੍ਹਾਂ ਨੇ ਵਿਰੋਧ ਕੀਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ਼ ਗਮਨ ਕਰ ਗਏ ਤਾਂ ਭੈਣੀ ਸਾਹਿਬ ਡੇਰੇ ਅੱਗੇ ਪੁਲਿਸ ਦਾ ਪਹਿਰਾ ਹੋ ਗਿਆ। ਜਗ੍ਹਾ ਜਗ੍ਹਾ ਤੋਂ ਨਾਮਧਾਰੀ ਫੜੇ ਜਾਣ ਲਗੇ, ਦਿਵਾਨ ਤੇ ਮੇਲੇ ਲਗਨੇ ਬੰਦ ਹੋ ਗਏ। ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪਾਠਾਂ ਤੇ ਆਨੰਦ-ਕਾਰਜ ਕਰਨ ਵਿਚ ਵੀ ਬਹੁਤ ਪਾਬੰਦੀਆਂ ਸਨ। ਬਹੁਤ ਹੀ ਮੁਸ਼ਕਿਲ ਨਾਲ ਕੋਈ ਬੰਦਾ ਸ੍ਰੀ ਭੈਣੀ ਸਾਹਿਬ, ਪੁਜ ਸਕਦਾ ਸੀ- ਸ੍ਰੀ ਗੁਰੂ ਹਰੀ ਸਿੰਘ ਜੀ ਸ੍ਰੀ ਭੈਣੀ ਸਾਹਿਬ ਘੋਰ ਤਪੱਸਿਆ ਆਰੰਭ ਕਰ ਦਿਤੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਇਕ ਹੁਕਮਨਾਮਾ ਸੰਤ ਦਰਬਾਰਾ ਸਿੰਘ ਜੀ ਬਰ੍ਹਮਾ ਤੋਂ ੧੮੭੫ ਈ: ਵਿੱਚ ਲੈਕੇ ਆਏ। ਜਿਸ

Namdhari Elibrary NamdhariElibrary@gmail.com

ਅਨੁਸਾਰ ਚੀਨੀ ਵਾਲੇ ਪਾਤਸ਼ਾਹ ਨੇ ਹੁਕਮ ਕੀਤਾ, "ਮੇਰੇ ਧੱਕੇ ਹੋਇ ਨੂੰ ਇਹ ਬਖ਼ਸ਼ ਸਕੇਗਾ ਪਰ ਇਸਦੇ ਧੱਕੇ ਹੋਇ ਨੂੰ ਮੈਂ ਨਹੀਂ ਬਖਸ਼ਾਂਗਾ। ਇਸ ਨੂੰ ਸਿਰ ਕਰਦਾ ਜਾਨਣਾ। ਅੱਜ ਤੋਂ ਇਸਦਾ ਨਾਮ ਹਰੀ ਸਿੰਘ ਹੋਇਆ।"

ਗੁਰਗੱਦੀ ਮਿਲਨ ਤੋਂ ਬਾਦ ਆਪ ਆਮ ਲੰਗਰ ਅਤੇ ਪ੍ਰਚਾਰ ਦੇ ਕੰਮ ਨੂੰ ਜ਼ੁੰਮੇਵਾਰੀ ਨਾਲ ਨਿਭਾਉਂਦੇ ਰਹੇ। ਬੀਬੀ ਨੰਦਾ ਸਤਿਗੁਰੂ ਜੀ ਨੂੰ ਕੌੜੇ ਬਚਨ ਸੁਣਾਦੀ ਸੀ। ਆਪ ਉਸ ਦੇ ਕੌੜੇ ਬਚਨਾਂ ਨੂੰ ਅਨਸੁਣੀ ਕਰ ਦੇਂਦੇ ਸੀ ਤੇ ਲੋਹ ਦੀ ਸੇਵਾ ਤੇ ਸਿਖੀ ਦੇ ਸੰਗਠਨ ਲਈ ਜੁੱਟੇ ਰਹਿੰਦੇ ਸਨ ਅਤੇ ਕਈ ਵਾਰ ਪਰਸ਼ਾਦਾ ਵੀ, ਲੰਗਰ ਵਿਚ ਨਹੀਂ ਸਨ ਛਕਣ ਜਾਂਦੇ ਕਿਉਂਕਿ ਬੀਬੀ ਦੇ ਸਾਹਮਣਿਓ ਲੰਘਣਾ ਪੈਂਦਾ ਸੀ ਤੇ ਗੁਰੂ ਜੀ ਮਨ ਵਿਚ ਸੋਚਦੇ ਸੀ ਕਿ ਮਤੇ ਬੀਬੀ ਔਖੀ ਹੋਵੇ।

ਸ੍ਰੀ ਗੁਰੂ ਹਰੀ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਅਨੇਕਾਂ ਭੋਗ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੇ ਪਵਾਏ। ਵੈਸੇ ੧੯੩੨ ਬਿ: ਵਿਚ ੧੦੧ ਅਖੰਡ ਪਾਠ ਤੇ ੧੯੩੩ ਬਿ: ਵਿੱਚ ੧੦੧ ਪਾਠ ਕਰਵਾਏ।

ਪਿਛਲੀ ਰਾਤ ਦੋ ਵਜੇ ਉੱਠ ਕੇ ਇਸ਼ਨਾਨ ਕਰਕੇ ਚੁਬਾਰੇ ਵਿਚ ਬੰਦਗੀ ਵਿਚ ਜੁੜ ਬੈਠਦੇ ਸਨ। ਬਾਹਰ ਰਾਗੀ ਸਿੰਘ ਕੀਰਤਨ ਕਰਦੇ ਸਨ ਸੂਰਜ ਦੀ ਟਿੱਕੀ ਨਾਲ, ਚੰਡੀ ਦੀ ਵਾਰ ਦਾ ਭੋਗ ਪਾਉਂਦੇ। ਉਨ੍ਹਾਂ ਦੇ ਹਥ ਵਿਚ ਮਾਲਾ ਹਰ ਵੇਲੇ ਫਿਰਦੀ ਰਹਿੰਦੀ। ਪਿਛਲੇ ਪਹਿਰ ਕਥਾ ਹੁੰਦੀ ਉਸ ਵਿੱਚ ਵੀ ਤੇ ਫਿਰ ਕੀਰਤਨ ਵਿੱਚ ਵੀ ਸੰਗਤਾਂ ਨੂੰ ਦਰਸ਼ਨ ਦਿੰਦੇ। ਪਰ ਆਪ ਹਮੇਸ਼ਾਂ ਨਜ਼ਰ ਨੀਵੀਂ ਰੱਖਦੇ ਤੇ ਗੁਰਾਂ ਨੂੰ ਯਾਦ ਕਰਦੇ ਰਹਿੰਦੇ।

ਆਪ ਅਠਾਂ ਪਹਿਰਾਂ ਵਿੱਚ ਇਕ ਵੇਲੇ ਪਰਸ਼ਾਦਾ ਛਕਦੇ ਤੇ ਪਿਛਲੇ ਪਹਿਰ ਦਿਨ ਵੇਲੇ ਦੁਧ ਚਾਵਲ, ਅੱਧ ਸੇਰ ਕਚਾ ਘਿਉ ਜਲ ਵਿਚ ਉਬਾਲਕੇ ਛਕਦੇ। ਰਾਤ ਨੂੰ ਸੰਤਾਂ ਮਹੰਤਾਂ ਦਾ ਦਿਵਾਨ ਲਗਦਾ, ਉਸ ਵਿਚ ਵੀ ਦਰਸ਼ਨ ਦਿੰਦੇ। ਜਦ ਸੇਵਾਦਾਰ ਸੌਂ ਜਾਂਦੇ ਤਾਂ ਆਪ ਭਜਨ ਕਰਨ ਤੇ ਬੈਠ ਜਾਂਦੇ। ਰਾਤ ਢਲੀ, ਉਹ ਉਠ ਕੇ ਫਿਰ ਆਪ ਇਸ਼ਨਾਨ ਪਾਣੀ ਕਰਕੇ ਭਜਨ ਕਰਨ ਬੈਠ ਜਾਂਦੇ। ਇਹਨਾਂ ਦਾ ਨੇਮ ਸੀ ਪੰਜ ਗ੍ਰੰਥੀ ਦਾ ਸਾਰਾ ਪਾਠ ਕੰਠ ਤੋਂ ਹਰ ਰੋਜ਼ ਕਰਨਾ ਤੇ ੧੦੦ ਪੱਤਰੇ ਆਦਿ ਸ੍ਰੀ ਗ੍ਰੰਥ ਸਾਹਿਬ ਦਾ ਕਰਨਾ, ਭਗੌਤੀ ਦੀ ਮਾਲਾ ਦਾ ਵੀ ਨੇਮ ਸੀ- ਉਹ ਵੀ ਲਗਾਤਾਰ ਕਰਨੀਆਂ। ਇਹ ਸਭ ਨਿਤਾਪ੍ਰਤੀ ਕਰਦੇ ਸੀ।

ਪੁਲਿਸ ਵਾਲੇ ਉਹਨਾਂ ਦਿਨਾ ਵਿੱਚ ਇਨ੍ਹਾਂ ਨੂੰ ਬਹੁਤ ਤੰਗ ਕਰਦੇ ਸੀ। ਪਰ ਇਹ ਸਹਿਨਸ਼ੀਲਤਾ ਨਾਲ ਸਭ ਕੁਝ ਸਹਾਰਦੇ ਸਨ ਤੇ ਸਿਖੀ ਨੂੰ ਹਰਿਆ ਭਰਿਆ ਰਖਿਆ।

ਬਾਬੇ ਦਰਬਾਰਾ ਸਿੰਘ ਤੋਂ ਬਾਦ ਹੋਰ ਵੀ ਅਨੇਕਾਂ ਦਰਸਨ ਪਿਆਸੇ, ਨਾਮਧਾਰੀ ਸਿੰਘ ਆਪ ਜੀ ਦੀ ਆਗਿਆ ਨਾਲ ਚੀਨੀ ਵਾਲੇ, ਪ੍ਰਦੇਸੀ ਪ੍ਰੀਤਮ ਜੀ ਦੇ ਦਰਸ਼ਨਾਂ ਨੂੰ ਜਦ ਜਾਣ ਲਗ ਪਏ ਤਾਂ ਫਿਰ ਰੰਗੂਨ ਤੋਂ ਹੁਕਮਨਾਮਿਆਂ ਦਾ ਸਿਲਸਲਾ ਸ਼ੁਰੂ ਹੋਇਆ ਤਾਂ ਸ੍ਰੀ ਗੁਰੂ ਜੀ ਹਰ ਵੇਲੇ ਧਿਆਨ ਮਗਨ ਰਹਿੰਦੇ। ਆਪ ੧੫ ਸਾਲ ਸਖਤ ਨਜ਼ਰਬੰਦੀ ਦੀ ਹਾਲਤ ਵਿਚ ਰਹੇ। ਫਿਰ ੬ ਸਾਲ ਸ੍ਰੀ ਭੈਣੀ ਸਾਹਿਬ ਵਿਚ ਬੰਦ ਰਹੇ ਪਰ ਹੁਕਮਨਾਮਿਆਂ ਦਾ ਸਿਲਸਲਾ ਜਾਰੀ ਰਹਿਆ।

ਸੰਤ ਬਾਬਾ.ਸੰਤੋਖ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਸੰਗਾਂ ਵਾਲਾ ਵੱਡਾ ਗ੍ਰੰਥ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਲਿਖਿਆ। ਇਕ ਵਾਰੀ ਸੰਤਾਂ ਦੀ ਕੁਟੀਆ ਨੂੰ ਅੱਗ ਲਗ ਗਈ। ਸੰਤਾਂ ਨੂੰ ਉਹ ਗ੍ਰੰਥ ਸੜ ਜਾਣ ਦੇ ਖਿਆਲ ਨੇ ਬਹੁਤ ਦੁਖੀ ਕੀਤਾ ਤਾਂ ਸ੍ਰੀ ਗੁਰੂ ਹਰੀ ਸਿੰਘ ਜੀ ਨੇ ਬਚਨ ਕੀਤਾ, "ਸੰਤ ਜੀ ਚਿੰਤਾ ਨਾ ਕਰੋ, ਗ੍ਰੰਥ ਨੂੰ ਆਂਚ ਨਹੀਂ ਲੱਗਨੀ।" ਜਦ ਅੱਗ ਬੁੱਝ ਗਈ ਤਾਂ ਵੇਖਿਆ ਕਿ ਇਹ ਗ੍ਰੰਥ ਬਿਲਕੁਲ ਸੁਰਖਿਅਤ ਸੀ।

ਇਸ ਤਰ੍ਹਾਂ ਚੀਨੀ ਵਾਲੇ ਪਾਤਸ਼ਾਹ ਦੇ ਪ੍ਰਦੇਸ਼ ਗਮਨ ਤੋਂ ਬਾਦ ਅਤੀ ਕਠਨਾਈਆਂ ਦੇ ਬਾਵਜੂਦ ਨਾਮਧਾਰੀ ਸੰਗਤ ਨੂੰ ਹਰੀ ਰਖਕੇ ਨਾਮ-ਦਾਨ ਇਸ਼ਨਾਨ ਸਿਦਕ ਭਰੋਸੇ ਦੀ ਦਾਤ ਵੰਡਦੇ ਹੋਇ ਸੰਮਤ ੧੯੬੩ ਜੇਠ ਦੀ ਦਸਵੀਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਨਾਮਧਾਰੀ ਸੰਗਤ ਦੀ ਸੰਭਾਲਣਾ ਕਰਕੇ, ਸ੍ਰੀ ਭੈਣੀ ਸਾਹਿਬ ਵਿੱਚ ਜੋਤੀ ਜੋਤ ਸਮਾ ਗਏ।

"ਤਪ ਸਾਧਨਾ ਜਿਸਦੀ ਅਗੇ ਤਪੀਆਂ ਸੀਸ ਨਿਵਾਇਆ,
ਜਿਸਦੇ ਧੀਰਜ ਧਰਮ ਤੇ ਹਠ, ਤੋਂ ਧੌਲ ਵੀ ਸੀ ਸ਼ਰਮਾਇਆ,
ਦੇਸ਼ ਪੰਥ ਦੀ ਜ਼ੁੰਮੇਵਾਰੀ "ਰਾਮ ਜਿਹਦੇ ਸਿਰ ਰਖੀ,
ਸਤਿਗੁਰੂ ਹਰੀ ਸਿੰਘ ਉਹ ਜਾਨੋ ਵਿਸ਼ਨੂੰ ਆਤਮ ਆਇਆ।"

❖❖❖

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਕੁਝ ਬਚਨ

ਗੁਰੂ ਘਰ ਵਲ ਪਹੁੰਚ ਬਾਰੇ:

(ੳ) ਜੋ ਗੁਰੂ ਘਰ ਕਾ ਨੁਕਸਾਨ ਕਰੇਗਾ, ਉਸ ਦਾ ਕੀਤਾ ਕਤਰਿਆ ਵਿਅਰਥ ਜਾਵੇਗਾ। ਦੇਣਦਾਰ ਹੋਵੇਗਾ। ਉਸ ਦੀ ਘਾਲ ਸਾਰੀ ਐਮੇ ਜਾਵੇਗੀ।

(ਅ) (ਗੁਰੂ ਜੀ ਦੇ) ਮਾਮੇ ਨੇ (ਗੁਰੂ ਘਰ ਵਲ ਸੰਕੇਤ ਕਰਕੇ) ਕਿਹਾ- ਅੰਮ੍ਰਿਤ ਕਾ ਦਰਿਆ ਬਗਦਾ ਹੋਵੇ ਤਾਂ ਇਕ ਬੂੰਦ ਵਿਚੋਂ ਲੈ ਲਈ ਤਾਂ ਕੀ ਘਟਦਾ ਹੈ ? ਸ੍ਰੀ ਸਤਿਗੁਰੂ ਜੀ ਬਚਨ ਕੀਤਾ- ਜੇਕਰ ਵਿਹੁ ਦਾ ਦਰਿਆ ਬਗਦਾ ਹੋਵੇ। ਤਿਸ ਵਿਚੋਂ ਜੀਵ ਇਕ ਬੂੰਦ ਪੀ ਲਵੇ ਤਾਂ ਉਹ ਮਰ ਜਾਂਦਾ ਹੈ। ਏਹ ਗੁਰੂ ਜੀ ਦਾ ਘਰ ਹੈ। ਜਿਹੜਾ ਸੂਈ ਚੁਰਾਏਗਾ ਉਹ ਐਹਰਨ ਦੇ ਕੇ ਵੀ ਨਹੀਂ ਛੁਟੇਗਾ।

(ੲ) ਜੇਹੜਾ ਏਥੇ ਟਹਿਲ ਕਰਕੇ ਛਕੇਗਾ ਸੋ ਰਾਜੀ ਰਹੇਗਾ। ਕਿਉਂ ਕਿ ਬੰਦਗੀ ਤਾਂ ਹੁੰਦੀ ਨਹੀਂ ਹੈ। ਜੇ ਟਹਿਲ ਭੀ ਨਾ ਕੀਤੀ ਤਾਂ ਪੂਜਾ ਦੱਬ ਲੈਂਦੀ ਹੈ। ਪਾਰੇ ਵਾਗੂੰ ਜੋੜੀਂ ਉਤਰ ਜਾਏਗੀ।

(ਸ) ਕਈ ਖਰਚ ਬੰਦ ਕਰਕੇ (ਸਿੰਘ) ਪੈਸਾ ਪੈਸਾ ਬਚਾਇ ਕਰ ਲਿਆਉਂਦੇ ਹਨ ਸੋ ਰੁਪਇਆ ਏਥੇ ਮਥਾ ਟੇਕਦੇ ਹਨ। ਜੋ ਕੋਈ (ਗੁਰੂ ਘਰ ਦੀ) ਚੋਰੀ ਕਰੇਗਾ, ਉਸਨੂੰ ਖਰੀ ਮਾੜੀ ਹੈ।

(ਹ) ਕੋੜੀਆਂ ਕਾ ਧਨ ਭੀ ਆਇ ਜਾਂਦਾ ਹੈ। ਜੋੜਾ ਬੇਲ੍ਹਾ ਰਹਿਕੇ ਛਕੇਗਾ ਉਸਕੀ ਗੋਡੀਂ ਉਤਰ ਜਾਇਗਾ। ਕੰਮ ਕਰਨਾ ਚਾਹੀਏ।

Namdhari Elibrary NamdhariElibrary@gmail.com

ਨਾ ਕਵਿਤਾ ਨਾ ਵਾਰਤਿਕ ਪਰ ਜਜ਼ਬਾਤ ਨੇ ਹਾਰਦਿਕ

(ਮਾਸਟਰ) ਅਮਰੀਕ ਸਿੰਘ

ਆਓ ! ਉਸ ਮਹਾਨ ਸਤਿਗੁਰੂ ਜੀ ਨੂੰ ਯਾਦ ਕਰੀਏ।
ਕਿਓਂ ਫਜ਼ੂਲ ਗੱਲਾਂ 'ਚ ਸਮਾਂ ਬਰਬਾਦ ਕਰੀਏ।

ਜਿਨ੍ਹਾਂ ਨੇ ਇਕ ਬੇ-ਨਾਮ ਜਹੇ ਪਿੰਡ ਦੀ ਧਰਤੀ 'ਤੇ ਜਦੋਂ ਕਦਮ ਰਖੇ। ਓਸ ਵਕਤ ਏਸ ਦੁਨੀਆਂ ਦੇ ਨਕਸ਼ੇ ਤੇ ਘੁਪ ਹਨੇਰੇ ਦਾ ਰਾਜ ਸੀ। ਲੋਕਾਂ ਨੂੰ ਕਹਿੰਦੇ ਮੈਂ ਸੁਣਿਆ ਸੀ ਬਹੁਤ ਛੋਟੀ ਉਮਰੇ ਕਿ ਗੁਲਾਮੀ ਦੇ ਹਨੇਰੇ ਦੇ ਜਨਮ ਦਾਤਿਆਂ ਦੇ ਰਾਜ ਅੰਦਰ ਕਦੀ ਸੂਰਜ ਨਹੀਂ ਛਿਪਦਾ, ਪਰ ਮੈਂ ਓਦੋਂ ਵੀ ਸੋਚਿਆ ਕਰਦਾ ਸਾਂ। ਕੁਝ ਇਸ ਤਰ੍ਹਾਂ, ਕਿ ਉਹਨਾਂ ਦੇ ਰਾਜ ਵਿਚ ਤਾਂ ਗੁਲਾਮੀ ਤੇ ਹੀਣਤਾ ਦਾ ਇਤਨਾ ਘੁਪ ਹਨੇਰਾ ਹੈ ਕਿ ਆਜ਼ਾਦੀ ਦਾ ਸੂਰਜ ਕਿਤੇ ਚੜ੍ਹਦਾ ਹੀ ਨਹੀਂ। ਹਾਂ ਤੇ ਉਸ ਮਹਾਨ ਸਤਿਗੁਰੂ ਨੇ ਬੇ-ਨਾਮ ਜਹੇ ਪਿੰਡ ਭੈਣੀ ਤੋਂ ਅਜੇਹੀ ਸ਼ਮਾਂ ਜਗਾਈ ਕਿ ਉਸ ਸ਼ਮਾਂ ਦੇ ਤੇਜ ਚਾਨਣ ਨੇ ਸੰਸਾਰ ਦੇ ਹਰ ਹਨੇਰੇ ਕੋਨੇ ਨੂੰ ਅਜੇਹਾ ਮੁਨੱਵਰ ਕਰ ਸੁੱਟਿਆ, ਕਿ ਗੁਲਾਮੀ ਦਾ ਹਨੇਰਾ ਮੂੰਹ ਛੁਪਾਕੇ, ਦੁਮ ਦਬਾਕੇ, ਭੱਜਣ ਲਗਾ।

ਏਸ ਆਜ਼ਾਦੀ ਦੇ ਚਾਨਣ ਦੇ ਪਸਾਰੇ ਤੋਂ ਡਰਦਿਆਂ ਓਸ ਚਾਨਣ ਦੀ ਸ਼ਮਾਂ ਜਗਾਣ ਵਾਲੇ ਨੂੰ ਜਦੋਂ ਫੜ ਕੇ ਹਨੇਰੀ ਧਰਤੀ ਦੇ ਕਿਸੇ ਹੋਰ ਕੋਨੇ ਵਿਚ ਲਿਜਾਣ ਲਗੇ ਤਾਂ ਉਸ ਨੇ ਬਾਹਾਂ ਉਲਾਰ ਕੇ ਆਖਿਆ ਲਲਕਾਰ ਕੇ, "ਓ ਹਨੇਰਾ ਗੁਲਾਮੀ ਦਾ ਪਸਾਰਨ ਵਾਲਿਓ! ਮੈਨੂੰ ਫੜ ਕੇ ਕਿੱਥੇ ਲੈ ਜਾਓਗੇ। ਕਿਸ ਹਨੇਰੇ ਕੋਨੇ ਵਿਚ ਲੁਕਾਓਗੇ , ਮੈਂ ਤਾਂ ਇਹ ਗੁਲਾਮੀ ਦਾ ਹਨੇਰਾ ਹੁਣ ਏਸ ਦੁਨੀਆ ਤੇ ਕਿਤੇ ਰਹਿਣ ਹੀ ਨਹੀਂ ਦੇਣਾ ਚਾਹੁੰਦਾ। ਮੈਂ ਤਾਂ ਘਰ ਘਰ ਰਾਮ ਸਿੰਘ ਕਰ ਦੇਣੈ।"

ਅੱਜ ਵੇਖੋ ਘਰ ਘਰ ਰਾਮ ਸਿੰਘ ਨਹੀਂ ਹੋਇਆ? ਏਸ ਧਰਤੀ ਦਾ ਇਕ ਇਕ ਕਣ ਗੁਲਾਮੀ ਦਾ ਜੂਲਾ, ਆਪਣੀ ਧੌਣ ਤੋਂ ਲਾਹ ਦੇਣ ਲਈ ਉਤਾਵਲਾ ਹੈ। ਜੂਲਾ ਚਾਹੇ ਹੋਵੇ, ਸਮਾਜਵਾਦ ਦਾ, ਸਾਮਵਾਦ ਦਾ ਜਾਂ ਕਿਸੇ ਹੋਰ ਵਾਦ ਦਾ। ਉਸ ਨੇ ਆਪਸੀ ਪਿਆਰ ਮੁਹਬੱਤ ਦਾ ਤੇ ਸ਼ਾਂਤੀ ਸਹਿਨਸ਼ੀਲਤਾ ਦਾ ਅਜੇਹਾ ਪੈਗਾਮ ਦੁਨੀਆਂ ਨੂੰ ਦਿਤਾ, ਕਿ ਅੱਜ ਸਾਰੀ ਲੁਕਾਈ ਨਫ਼ਰਤਾਂ, ਲੜਾਈਆਂ, ਧੱਕੇਸ਼ਾਹੀਆਂ ਤੇ ਧਿੰਗੋਜ਼ੋਰੀਆਂ, ਐਟਮ ਬੰਬਾਂ ਤੇ ਅਨੂ ਬੰਬਾਂ ਦੇ ਖਾਰੇ ਸਮੁੰਦਰਾਂ ਨੂੰ ਪਾਰ ਕਰਕੇ ਸਦੀਵੀ ਸ਼ਾਂਤੀ ਦੇ ਹਰੇ ਬਾਗਾਂ ਵਿਚ ਗਲਵਕੜੀ ਪਾਣ ਨੂੰ ਕਾਹਲੀ ਪੈ ਰਹੀ ਏ।

ਉਸ ਦੇ ਅਹਿੰਸਾ ਦੇ ਸ਼ੁਭ ਸੰਦੇਸ਼ ਨੂੰ ਸੁਣ ਕੇ ਹਿੰਸਕ ਤੋਪਾਂ ਦੇ ਚੌੜੇ ਤੇ ਭਿਆਨਕ ਮੂਹਾਂ ਨੂੰ ਬੰਦ ਕਰਨ ਲਈ ਲੋਕਾਂ ਨੇ ਆਪਣੇ ਅੰਗਾਂ ਦੇ ਡੂਜੇ ਦੇ ਦਿੱਤੇ। ਸਦਾ ਲਈ ਹਮੇਸ਼ਾਂ ਲਈ ਬੰਦ ਕਰਨ ਲਈ, ਇਹ ਨਹੀਂ ਕਿ ਉਸ ਦੇ ਸੰਦੇਸ਼ ਦਾ ਅਸਰ ਕੇਵਲ ਜਵਾਨਾਂ ਜਾਂ ਬੁੱਢਿਆਂ ਤੇ



ਹੀ ਹੋਇਆ ਸਗੋਂ ਬਾਰਾਂ ਬਾਰਾਂ ਸਾਲਾਂ ਦੇ ਬੱਚਿਆਂ, ਵਰਿਆਮਾਂ ਨੇ ਢੀਮਾਂ ਜੋੜ ਕੇ ਤੋਪਾਂ ਦੇ ਮੂੰਹ ਅਗੇ ਆਪਣਾ ਕੱਦ ਪੂਰਾ ਕੀਤਾ। ਅਪਣੇ ਤੋਂ ਉਮਰੋਂ ਤੇ ਅਕਾਰੋਂ ਬਹੁਤ ਵੱਡੀ ਮੌਤ ਨੂੰ ਅੱਡੀਆਂ ਚੁੱਕ ਕੇ ਗਲਵਕੜੀ ਪਾਈ। ਬਿਸ਼ਨ ਸਿੰਘ ਦੇ ਕਰੜੇ ਹੱਥਾਂ ਨੇ ਜ਼ੁਲਮੋ, ਸਿਤਮ, ਜ਼ੋਰ ਜਬਰ ਦੀ ਲੰਮੀ ਦਾੜ੍ਹੀ ਨੂੰ ਪਕੜ ਕੇ ਅਜੇਹਾ ਝੂਣਾਂ ਮਾਰਿਆ ਕਿ ਅੰਗਰੇਜ਼ ਹਿੰਸਕ ਦੈਂਤ ਦੇ ਆਲੀਸ਼ਾਨ ਮਹਿਲਾਂ ਦੀਆ ਨੀਹਾਂ ਜੋਂ ਕਿ ਪਾਤਾਲ ਵਿਚ ਰਖੀਆਂ ਗਈਆਂ ਸਨ ਤ੍ਰੇੜੋ ਤ੍ਰੇੜ ਹੋ ਗਈਆਂ। ਜ਼ੁਲਮ ਦੀ ਤਲਵਾਰ ਨੇ ਬਿਸ਼ਨ ਸਿੰਘ ਦੇ ਹੱਥ ਤਾਂ ਕੱਟ ਦਿਤੇ ਧੌਣ ਕੱਟ ਦਿਤੀ ਪਰ ਕੀ ਰਾਮ ਸਿੰਘ ਨਿਕਲ ਗਿਆ ਉਸ ਵਿਚੋਂ। ਨਹੀਂ ਸਗੋਂ ਰਾਮ ਸਿੰਘ ਤਾਂ ਰਚ ਗਿਆ ਸਾਰੀ ਲੁਕਾਈ ਵਿਚ। ਉਸ ਦੀ ਲਲਕਾਰ ਨੂੰ ਸੁਣ ਕੇ ਹੀ ਕਈ ਹੱਸ ਹੱਸ ਕੇ ਫ਼ਾਸੀਆਂ ਤੇ ਚੜ੍ਹ ਗਏ ਤੇ ਫ਼ਾਂਸੀ ਚੜ੍ਹਣ ਲੱਗਿਆਂ ਆਖਿਆ, "ਇੰਜ ਲਗਦੈ ਓਏ ਬਿੱਲਿਆ ਕਿ ਸਾਨੂੰ ਕਈ ਵੇਰਾਂ ਜਨਮ ਲੈ ਕੇ ਏਸ ਧਰਤੀ ਤੇ ਆਉਣਾ ਪਵੇਗਾ, ਭਗਤ ਸਿੰਘਾਂ, ਊਧਮ ਸਿੰਘਾਂ, ਚੰਦਰ ਸ਼ੇਖਰਾਂ ਤੇ ਰਾਜ ਗੁਰੂਆਂ ਦਾ ਰੂਪ ਧਾਰਨਾ ਪਵੇਗਾ। ਜਦੋਂ ਤਕ ਤੂੰ ਨਹੀਂ ਜਾਂਦਾ ਅਸੀਂ ਵੀ ਜਨਮ ਮਰਨ ਦੇ ਗੇੜੋਂ ਨਹੀਂ ਨਿਕਲਣਾ" ਤੇ ਇਹ ਏਸ ਤਰ੍ਹਾਂ ਹੀ ਹੋਇਆ ਬਿਲਕੁਲ ਏਸੇ ਤਰ੍ਹਾਂ।

ਉਹ ਮਹਾਨ ਸਤਿਗੁਰੂ ਆਜ਼ਾਦੀ ਦਾ ਸੁਨੇਹਾ ਦੇ ਕੇ ਪਤਾ ਨਹੀਂ ਕਿਧਰ ਚਲੇ ਗਏ ਅਜ ਤਕ ਪਤਾ ਨਹੀਂ ਲਗਿਆ। ਕਦੋਂ ਆਉਣਗੇ ਕੌਣ ਜਾਣਦਾ ਹੈ?

ਆਓ ਆਜ਼ਾਦੀ ਮਾਨ ਰਹੇ ਤੇ ਮਾਨਣ ਦੀਆਂ ਤਿਆਰੀਆਂ ਕਰ ਰਹੇ ਭਾਰਤ ਦੇ ਮਹਾਨ ਸਪੂਤੋ ਸੋਚੀਏ ਆਪਾਂ ਸਾਰੇ ਕੀ ਕਰ ਰਹੇ ਹਾਂ ਤੇ ਕਿੱਧਰ ਨੂੰ ਜਾ ਰਹੇ ਹਾਂ। ਆਜ਼ਾਦੀ ਜਾਂ ਸੁਤੰਤਰਤਾ ਦਾ ਇਹ ਤਾਂ ਮਤਲਬ ਬਿਲਕੁਲ ਨਹੀਂ ਕਿ ਅਸੀਂ ਹਰ ਅਸੂਲ ਤੇ ਕਾਇਦੇ ਕਾਨੂੰਨ ਤੋਂ ਸੁਤੰਤਰ ਹੋ ਜਾਈਏ। ਜ਼ਰਾ ਸੋਚੀਏ ਅਸੀਂ ਜੋ ਕੁਝ ਵੀ ਕਰ ਰਹੇ ਹਾਂ ਠੀਕ ਕਰ ਰਹੇ ਹਾਂ ?

ਜੇ ਦੁਕਾਨਦਾਰ ਹਾਂ ਤਾਂ ਕੀਹ ਸਹੀ ਦੁਕਾਨਦਾਰੀ ਕਰਦੇ ਹਾਂ ਕੀ ਆਟੇ ਵਿਚ ਲੂਣ-ਜਿੰਨਾ ਹੀ ਮੁਨਾਫ਼ਾ ਲੈਂਦੇ ਹਾਂ ਜਾਂ ਗਾਹਕ ਦੀ ਹੱਡੀਆਂ ਤਕ ਡੂੰਘੀ ਛਿਲ ਲਾਹੁਣ ਲਈ ਸੁਤੰਤਰ ਹਾਂ।

ਅਸੀਂ ਜੇ ਮੁਲਾਜ਼ਮ ਹਾਂ ਤਾਂ ਕੀਹ ਆਪਣੇ ਫ਼ਰਜ਼ ਪੂਰੇ ਨਿਭਾਂਦੇ

Namdhari Elibrary NamdhariElibrary@gmail.com

ਸਿਖਾਂ ਤੋਂ ਵਖਰੀ ਰਹਿਣੀ ਬਹਿਣੀ

ਸ੍ਰ. ਖੁਸ਼ਵੰਤ ਸਿੰਘ

ਨਾਮਧਾਰੀ ਸਿੱਖਾਂ ਦਾ ਭਾਰਤ ਦੇ ਵਿਚ ਸਵਤੰਤਰਤਾ ਸੰਘਰਸ਼ ਦੇ ਇਤਿਹਾਸ ਵਿਚ ਸ਼ਾਨਦਾਰ ਥਾਂ ਹੈ। ਇਹ ਨਾਮਿਲਵਰਤਨ ਤੇ ਸਵਦੇਸ਼ੀ ਪ੍ਰਚਾਰ ਨੂੰ ਰਾਜਨੈਤਕੀ ਸ਼ਸਤਰ ਵਰਤਣ ਦੇ ਮੋਢੀ ਹਨ। ਇਹਨਾਂ ਨੇ ੧੮੬੦ ਤੋਂ ਪਹਿਲਾਂ ਬਦੇਸ਼ੀ ਮਾਲ, ਸਰਕਾਰੀ ਸਕੂਲ, ਕਚਹਿਰੀਆਂ ਤੇ ਡਾਕ ਦਾ ਬਾਈਕਾਟ ਕੀਤਾ। ਇਨ੍ਹਾਂ ਨੇ ਮਹਾਤਮਾ ਗਾਂਧੀ ਜੀ ਦੇ ਖਾਦੀ ਦੇ ਪ੍ਰਚਾਰ ਤੋਂ ੯੦ ਸਾਲ ਪਹਿਲਾਂ ਹੱਥ ਦੇ ਬਣੇ ਖਦਰ ਨੂੰ ਪਾਣ ਤੇ ਜ਼ੋਰ ਦਿੱਤਾ।

ਨਾਮਧਾਰੀ ਲੋਕ ਸਿਖ ਗੁਰੂਆਂ ਦੀਆਂ ਸਿਖਸ਼ਾ ਤੇ ਚਲਣ ਵਾਲੇ ਪੱਕੇ ਸਿਖ ਹਨ। ਇਨ੍ਹਾਂ ਦੇ ਗੁਰਦੁਆਰੇ ਅਡੰਬਰਾਂ ਤੋਂ ਉਪਰ ਹਨ ਤੇ ਨ ਹੀ ਗਰੰਥ ਸਾਹਿਬ ਤੇ ਵਧੀਆ ਕੀਮਤੀ ਰੇਸ਼ਮੀ ਚੰਦੋਆਂ ਤੇ ਖਰਚ ਕਰਦੇ ਹਨ ਤੇ ਨ ਹੀ ਬੁੱਤ ਪੂਜ ਪੁਜਾਰੀਆਂ ਵਾਂਗੂ ਮੁਠੀਆਂ ਭਰਦੇ ਹਨ। ਉਹ ਆਤਮ ਸੰਜਮੀ, ਜੀਵਨ ਬਿਤਾਂਦੇ ਹਨ। ਸਵਾਏ ਚਿੱਟੇ ਖੱਦਰ ਦੇ ਕਪੜਿਆਂ ਤੋ ਦੁਧ ਚੁਟੀ ਉਨ ਦੀ ਮਾਲਾ ਦੇ ਕੋਈ ਗਹਿਣਾ ਗੱਟਾ ਨਹੀਂ ਪਾਂਦੇ। ਇਨ੍ਹਾਂ ਦੇ ਵਿਵਾਹ ਵੀ ਵਾਜਿਆਂ ਗਾਜਿਆਂ ਵਾਲੀਆਂ ਬਰਾਤਾਂ ਤੇ ਢੁਕਾਵਾਂ ਤੋਂ ਬਿਨਾਂ ਹੁੰਦੇ ਹਨ ਤੇ ਆਨੰਦ ਕਾਰਜ ਤੇ ੧੩ ਰੁਪਿਆਂ ਤੋਂ ਵਧ ਖਰਚਾ ਨਹੀਂ ਕਰਦੇ। ਇਹ ਧਰਮ ਸਥਾਨਾਂ ਵਿਚ ਸ਼ਿਸ਼ਟਾਚਾਰੀ ਨਾਲ ਸ਼ਬਦ ਕੀਰਤਨ ਕਰਦੇ ਹਨ ਅਤੇ ਖਾਣ ਪੀਣ ਦੇ ਨਿਯਮਾਂਨੁਸਾਰ ਪੱਕੇ ਵੈਸ਼ਨੂੰ ਹਨ ਤੇ ਤੰਬਾਕੂ ਤੇ ਸ਼ਰਾਬ ਆਦਿ ਦੀ ਵਰਤੋਂ ਉੱਕਾ ਹੀ ਨਹੀਂ ਕਰਦੇ।

ਸਿਖ ਰਾਜ ਦੇ ਅੰਤਮ ਦਿਨਾਂ ਵਿਚ ਨਾਮਧਾਰੀ ਲਹਿਰ ਦਾ ਉਤਰ-ਪੱਛਮੀ ਪ੍ਰਾਂਤ ਵਿਚ ਬੇਦੀ, ਸੋਢੀ ਜਿਹੜੇ ਗੁਰੂ ਸਾਹਿਬਾਨ ਦੀ ਅੰਸ਼ ਵਿਚੋਂ ਹਨ ਉਨ੍ਹਾਂ ਦੀਆਂ ਗੁਰਗਦੀਆਂ ਤੇ ਸਿਖਾਂ ਸ਼ਾਹੀ ਦੇ ਵਲਾਇਤੀ ਜੀਵਨ ਦੇ ਵਿਰੁਧ ਆਰੰਭ ਹੋਇਆ। ਪੰਜਾਬ ਦਾ ਅੰਗਰੇਜ਼ ਰਾਜ ਵਿਚ ਸ਼ਾਮਲ ਹੋ ਜਾਣ ਉਪਰੰਤ ਨਾਮਧਾਰੀਆਂ ਦਾ ਕੇਂਦਰ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਵਿਚ ਬਦਲ ਗਿਆ। ਇਹ ਸਤਿਗੁਰੂ ਰਾਮ ਸਿੰਘ ਜੀ ਹੀ ਸਨ, ਜਿਨ੍ਹਾਂ ਸਿਖਾਂ ਤੋਂ ਵਖਰੀ ਰਹਿਣੀ, ਬਹਿਣੀ ਤੇ ਭਜਨ ਬੰਦਗੀ ਦਾ ਢੰਗ ਬਦਲਿਆ। ਨਾਮਧਾਰੀ ਸਿਖ ਸੂਫੀ ਦਰਵੇਸ਼ਾਂ ਨਿਆਈ ਸ਼ਬਦ ਪੜ੍ਹਦੇ ਪੜ੍ਹਦੇ ਮਸਤ ਹੋ ਜਾਂਦੇ ਤੇ ਕੂਕਣ ਲਗ ਪੈਂਦੇ ਹਨ, ਜਿੰਨ੍ਹਾਂ ਕਾਰਨਾਂ ਕਰਕੇ ਇਨ੍ਹਾਂ ਦਾ ਨਾਉਂ ਕੂਕੇ ਪੈ ਗਿਆ। ਇਨ੍ਹਾਂ ਨੇ ਦੁਧ ਚਿੱਟਾ ਖੱਦਰ ਪਾਣਾ ਸ਼ੁਰੂ ਕਰ ਦਿੱਤਾ ਅਤੇ ਸਿਰ ਤੇ ਉਹੋ ਅਸਲ ਸਿਖੀ ਦਸਤਾਰ ਕਾਇਮ ਰੱਖੀ।

ਨਾਮਧਾਰੀਆਂ ਦਾ ਬਦੇਸ਼ੀਆਂ ਨਾਲ ਟਕਰਾਉ ਹੋ ਗਿਆ ਅਤੇ ਕਈ ਖੂਨੀ ਝੜਪਾਂ ਹੋਈਆਂ। ੬੬ ਸਿਖਾਂ ਨੂੰ ਤੋਪਾਂ ਨਾਲ ਉਡਾ ਦਿਤਾ ਗਿਆ ਅਤੇ ਗੁਰੂ ਰਾਮ ਸਿੰਘ ਜੀ ਨੂੰ ਬਰਮਾਂ ਅੰਦਰ ੧੮੭੨ ਵਿਚ ਜਲਾਵਤਨ ਕਰ ਦਿਤਾ ਗਿਆ।

ਸਤਿਗੁਰੂ ਰਾਮ ਸਿੰਘ ਪਿਛੋਂ ਉਨ੍ਹਾਂ ਦੇ ਛੋਟੇ ਭਾਈ, ਸਤਿਗੁਰੂ ਹਰੀ ਸਿੰਘ ਜੀ ਜਿਨ੍ਹਾਂ ਨੇ ਜੀਵਨ ਦਾ ਸਾਰਾ ਸਮਾਂ ਸ੍ਰੀ ਭੈਣੀ ਸਾਹਿਬ ਵਿਚ ਨਜ਼ਰ ਬੰਦੀ ਦੀ ਹਾਲਤ ਵਿਚ ਗੁਜਾਰਿਆ ਗੱਦੀ ਤੇ ਬੈਠੇ ਤੇ ਉਨ੍ਹਾਂ ਤੋ ਉਪਰੰਤ ਸਤਿਗੁਰੂ ਪ੍ਰਤਾਪ ਸਿੰਘ ਜੀ। ਇਸ ਸਮੇਂ ਨਾਮਧਾਰੀਆਂ ਦੇ ਸਤਿਗੁਰੂ ਜਗਜੀਤ ਸਿੰਘ ਹਨ। ਇਨ੍ਹਾਂ ਦੇ ਦੋ ਕੇਂਦਰ ਹਨ। ਇਕ ਭੈਣੀ ਸਾਹਿਬ ਜਿਲ੍ਹਾ ਲੁਧਿਆਣਾ ਤੇ ਦੂਜਾ ਸ੍ਰੀ ਜੀਵਨ ਨਗਰ ਜਿਲ੍ਹਾ ਸਰਸਾ। ਇਨ੍ਹਾਂ ਦੇ ਚਾਰ ਪੱਤਰ ਛਪਦੇ ਹਨ। ਇਹ ਕਿਸਾਨਾਂ, ਦਸਤਕਾਰਾਂ, ਠੇਕੇਦਾਰਾਂ, ਪਸ਼ੂ-ਪਾਲਕਾਂ ਤੇ ਬਿਉਪਾਰੀਆਂ ਦਾ ਸੰਯੁਕਤ ਪੰਥ ਹੈ। ਜਿਹੜੇ ਦੇਸ ਦੇ ਕੋਨੇ ਕੋਨੇ ਦੂਰ ਦੂਰ ਤਕ ਫੈਲੇ ਹੋਏ ਹਨ।

ਹਾਂ? ਜਾਂ ਘਰਾਂ ਦੇ ਸਾਰੇ ਕੰਮ ਨਿਪਟਾ ਕੇ ਦਫ਼ਤਰ ਪੁਜਦੇ ਹਾਂ ਕੇਵਲ ਆਰਾਮ ਕਰਨ ਲਈ। ਲੋਕਾਂ ਦੇ ਆਪ ਹੀ ਲੇਟ ਕੀਤੇ ਕੰਮਾਂ ਨੂੰ ਫ਼ੇਤੀ ਸਿਰੇ ਚਾੜਣ ਲਈ ਭਾਰੀ ਰਿਸ਼ਵਤ ਮੰਗਣ ਲਈ ਆਜ਼ਾਦ ਹਾਂ। ਜੇਬਾਂ ਭਰਕੇ, ਲੋਕਾਂ ਦੇ ਪਲਿਓਂ, ਚਾਹਾਂ, ਕਾਫੀਆਂ, ਸ਼ਰਾਬਾਂ ਪੀਕੇ ਘਰ ਤਾਜ਼ਾ ਦਮ ਹੋਕੇ ਮੁੜਦੇ ਹਾਂ ਘਰਾਂ ਦੇ ਕੰਮ ਸਹੀ ਢੰਗ ਨਾਲ ਨਿਪਟਾਣ ਲਈ।

ਜੇ ਅਧਿਆਪਕ ਹਾਂ ਤਾਂ ਕੀਹ ਬਚਿਆਂ ਨੂੰ ਠੀਕ ਪੜਾਂਦੇ ਹਾਂ ਜਾਂ ਸਕੂਲ ਸਿਰਫ਼ ਟਿਊਸ਼ਨਾਂ ਪੱਕੀਆਂ ਕਰਨ ਜਾਂਦੇ ਹਾਂ ਜਾਂ ਤਨਖਾਹ ਲਈ ਹਾਜ਼ਰੀ ਲਾਉਣ ਲਈ ਤੇ ਇਹ ਸੱਭ ਕੁਝ ਕਰਨ ਲਈ ਆਜ਼ਾਦ ਹਾਂ।

ਐ ਮੇਰੇ ਦੇਸ਼ ਦੀ ਰੀੜ੍ਹ ਦੀ ਹੱਡੀ ਦੇ ਵੱਡੇ ਹਿਸਿਓ ਕਿਸਾਨੋ! ਤੁਸੀਂ ਵੀ ਆਜ਼ਾਦ ਹੋ? ਕਿਸੇ ਦਾ ਖਾਲ ਵੱਢਣ ਲਈ ਜਾਂ ਵਟਾਂ ਢਾਉਣ ਲਈ ਕਿਸੇ ਦਾ ਰਾਹ ਰੋਕਣ ਲਈ, ਤੇ ਨੌਜਵਾਨੋ, ਮੇਰੇ ਦੇਸ਼ ਦੇ ਭਵਿਖ ਦੇ ਵਾਰਸੋ! ਜ਼ਰਾ ਸੋਚ ਸਮਝ ਕੇ ਉਤਰ ਦਿਓ। ਆਪਾਂ ਆਪਣੇ ਫਰਜ ਕਿਥੋਂ ਤੀਕ ਨਿਭਾ ਰਹੇ ਹਾਂ ਜਾਂ ਚੰਗਾ ਖਾ ਕੇ, ਚੰਗ ਪਹਿਣ ਕੇ, ਮਾਪਿਆਂ ਦੀ ਖੂਨ ਪਸੀਨੇ ਦੀ ਕਮਾਈ ਨੂੰ ਆਪਣੀ ਐਸ਼ ਇਸ਼ਰਤ ਵਿਚ ਗਵਾ ਰਹੇ ਹਾਂ ਤੇ ਇਸ ਵਿਚ ਜ਼ਰਾ ਵੀ ਸੰਸਾ ਸਾ ਬਿਲਕੁਲ ਨਹੀਂ ਆਉਂਦੀ। ਕਿਓਂ ਪੜ੍ਹਣਾਂ ਤੇ ਪੜ੍ਹ ਕੇ ਸਮਝਣਾਂ ਕਿ ਦਾ ਮਾਨ ਸਤਕਾਰ ਕਰਨਾਂ ਅਸੀਂ ਗੁਲਾਮੀ ਦੀ ਨਿਸ਼ਾਨੀ ਸਮਝ ਬੈਠ ਹਾਂ। ਕੀ ਹੋਇਆ ਸਾਡੀ ਅਕਲ ਨੂੰ ? ਕੀ ਬਣੇਗਾ ਅਸਾਡੇ ਭਵਿ ਦਾ ? ਅਸੀਂ ਆਪਣੇ ਅਤੀਤ ਨੂੰ ਭੁਲ ਬੈਠੇ ਹਾਂ। ਸਾਡਾ ਵਰਤਮਾ ਕਿੰਨਾ ਕੁ ਉੱਜਲ ਹੋਵੇਗਾ । ਪਿਆਰਿਓ! ਆਪਣੇ ਸਭਿਆਚਾਰ ਤੋ ਕਟਿਆ ਹੋਇਆ ਮਨੁੱਖ ਤਾਂ ਡੋਰ ਤੋਂ ਕਟੀ ਪਤੰਗ ਵਰਗਾ ਹੁੰਦਾ ਹੈ

ਕੀ ਸਾਡੇ ਮਹਾਨ ਸਤਿਗੁਰੂ ਨੇ ਇਹ ਹੀ ਆਜ਼ਾਦੀ ਮੰਗੀ ਸੀ ਏਸੇ ਆਜ਼ਾਦੀ ਲਈ ਪਰਦੇਸ ਗਏ ਸਨ? ਤੇ ਸ਼ਹੀਦਾਂ ਨੇ ਤੋਪਾਂ ਅੱਗੇ ਆਪਣੇ ਸਰੀਰ ਤੂੰਬਾ ਤੂੰਬਾ ਕਰਵਾ ਸੁੱਟੇ ਸਨ? ਫਾਂਸੀਆਂ ਹੱਸ ਹੱ ਕੇ ਗਲੇ ਵਿਚ ਪਾਈਆਂ ਸਨ?

ਨਹੀਂ ਮੇਰੇ ਵੀਰੋ! ਬਿਲਕੁਲ ਨਹੀਂ!

ੴੴੴ

Namdhari Elibrary NamdhariElibrary@gmail.com

ਵਿਦੇਸ਼ਾਂ ਵਿਚ ਭਾਰਤੀ ਕੂਕਾ ਲਹਿਰ ਤੋਂ ਪ੍ਰਭਾਵਿਤ

ਪ੍ਰੀਤਮ ਸਿੰਘ ਪੰਛੀ

ਵੀਹਵੀਂ ਸਦੀ ਦੇ ਸ਼ੁਰੂ ਵਿਚ ਜਿਹਨਾਂ ਹਾਲਾਤ ਕਾਰਨ ਪੰਜਾਬੀ ਕਿਸਾਨ ਵਿਦੇਸ਼ਾਂ ਦਾ ਰੁਖ ਕਰਨ ਲਈ ਮਜਬੂਰ ਹੋਏ, ਉਹ ਆਰਥਿਕ ਸਨ। ਖੇਤੀ ਬਾੜੀ ਦੇ ਨਵੇਂ ਸਾਧਨਾਂ ਨਾਲ ਕੌਮਾਂਤਰੀ ਮੰਗ ਨਾਲ ਖੁਸ਼ਹਾਲੀ ਦਾ ਦੌਰ ਆਇਆ। ਜਿਥੇ ਇਸ ਖੁਸ਼ਹਾਲੀ ਨਾਲ ਲੋਕਾਂ ਦਾ ਜੀਵਨ ਪੱਧਰ ਉੱਚਾ ਉਠਿਆ, ਉੱਥੇ ਕਿਸਾਨਾਂ ਦੀਆਂ ਲੋੜਾਂ ਵਿਚ ਵੀ ਵਾਧਾ ਹੋਇਆ। ਇਸਦੇ ਇਲਾਵਾ ਅੰਗਰੇਜ਼ੀ ਰਾਜ ਵਿਚ ਆਬਾਦੀ ਵੀ ਖੂਬ ਵਧੀ। ਨਤੀਜੇ ਵਜੋਂ ਖੇਤੀ ਬਾੜੀ ਤੇ ਨਿਰਭਰ ਰਹਿਣ ਵਾਲਿਆਂ ਦੀ ਗਿਣਤੀ ਵੀ ਵਧ ਗਈ। ਖੇਤੀ ਬਾੜੀ ਕਰਨ ਵਾਲਿਆਂ ਦੀ ਇਹ ਬੜੋਤਰੀ ਜ਼ਿਆਦਾ ਕਰਕੇ ਪੰਜਾਬ ਦੇ ਮੈਦਾਨਾਂ ਤੋਂ ਹੀ ਹੋਣੀ ਸੀ।

ਕੈਨੇਡਾ ਅਤੇ ਅਮਰੀਕਾ ਜਾਣ ਵਾਲੇ ਕਿਸਾਨਾਂ ਵਿਚ ਜ਼ਿਆਦਾ ਗਿਣਤੀ ਕੇਂਦਰੀ ਪੰਜਾਬ ਦੇ ਕਿਸਾਨਾਂ ਦੀ ਸੀ। ਇਸਦਾ ਕਾਰਨ ਇਹ ਹੋ ਸਕਦਾ ਹੈ ਕਿ ਉਹਨਾਂ ਨੂੰ ਮੁਗਲ ਸਾਮਰਾਜ ਦੇ ਵਿਰੁਧ ਟੱਕਰ ਲੈਣ ਅਤੇ ਸਿੱਖ ਰਾਜ ਦੀਆਂ ਜੰਗੀ ਮੁੱਦਿਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਅਤੇ ਕੂਕਾ ਲਹਿਰ ਦੇ ਤਾਜ਼ਾ ਅਨੁਭਵਾਂ ਨੇ ਕੁਝ ਵਧੇਰੇ ਸਾਹਸੀ ਬਣਾ ਦਿਤਾ ਹੋਵੇ, ਕਿਉਂਕਿ ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹਨੀਂ ਦਿਨੀਂ ਅਨਪੜ੍ਹ, ਅਨਜਾਣ ਲੋਕਾਂ ਲਈ ਵਿਦੇਸ਼ਾਂ ਵਿੱਚ ਜਾਣਾ ਹਨ੍ਹੇਰੇ ਖੂਹ ਵਿਚ ਛਾਲ ਮਾਰਨ ਬਰਾਬਰ ਸੀ।

ਅਮਰੀਕੀ ਅਤੇ ਕੈਨੇਡਾ ਦੇ ਅਧਿਕਾਰੀਆਂ ਅਨੁਸਾਰ ਭਾਰਤੀ ਮਜ਼ਦੂਰਾਂ ਦੀ ਸਭ ਤੋਂ ਪਹਿਲੀ ਟੋਲੀ ੧੮੯੫ ਅਤੇ ੧੯੦੦ ਦੇ ਮੱਧ ਅਮਰੀਕਾ ਮਹਾਂਦੀਪ ਵਿਚ ਉਤਰੀ। ਇਕ ਮਨਚਲਾ ਸਿੱਖ ਜੋ ਅਸਟ੍ਰੇਲੀਆ ਜਾ ਚੁਕਿਆ ਸੀ ਅਤੇ ਅੰਗਰੇਜ਼ੀ ਬੋਲਣ ਵੀ ਜਾਣਦਾ ਸੀ, ਉਹ ਅਤੇ ਉਸਦੇ ਗਿਣਤੀ ਦੇ ਸਾਥੀ ਸਭ ਤੋਂ ਪਹਿਲਾਂ ਪ੍ਰਸ਼ਾਂਤ ਮਹਾਂ ਸਾਗਰ ਨੂੰ ਪਾਰ ਕਰਕੇ ਕੈਨੇਡਾ ਦੀ ਵੈਨਕੂਵਰ ਬੰਦਰਗਾਹ ਤੇ ਉਤਰੇ।

ਕੈਨੇਡਾ ਅਤੇ ਅਮਰੀਕਾ ਜਾਣ ਵਾਲਿਆਂ ਵਿਚ ਵਧੇਰੇ ਗਿਣਤੀ ਉਹਨਾਂ ਲੋਕਾਂ ਦੀ ਸੀ, ਜੋ ਮਲਾਇਆ, ਹਾਂਗ ਕਾਂਗ, ਸੰਘਾਈ ਅਤੇ ਚੀਨ ਦੀਆਂ ਦੂਜੀਆਂ ਬੰਦਰਗਾਹਾਂ ਤੋਂ ਫਿਲੀਪਾਈਨ, ਅਸਟ੍ਰੇਲੀਆ, ਨਿਊਜ਼ੀਲੈਂਡ ਅਤੇ ਫਿਜ਼ੀ ਗਏ। ਚੀਨ ਦੀ ਬਕਸਰ ਘਟਣਾ ਦੇ ਸਮੇਂ ਅਤੇ ਇਸ ਤੋਂ ਕੁਝ ਅਰਸਾ ਪਹਿਲਾਂ ਪੰਜਾਬੀ ਇਨਾਂ ਦੇਸ਼ਾਂ ਦੇ ਪੁਲਿਸ ਵਿਭਾਗ ਦੇ ਵਾਚਮੈਨ ਦੇ ਤੌਰ ਤੇ ਕੰਮ ਕਰਦੇ ਸਨ।

ਭਾਰਤੀ- ਦੀ ਜੋ ਪਹਿਲੀ ਟੋਲੀ ਕੈਨੇਡਾ ਗਈ ਉਸ ਨੂੰ ਨਵੇ



ਦੇਸ਼ ਵਿਚ ਜਾਣਕਾਰੀ ਨਾ ਹੋਣ ਕਾਰਨ ਕੰਮ ਦੀ ਤਲਾਸ਼ ਵਿਚ ਕਿੰਨੇ ਹੀ ਦਿਨ ਇਧਰ ਉਧਰ ਭਟਕਣਾ ਪਿਆ। ਕੈਨੇਡਾ ਨਿਵਾਸੀ ਭਾਰਤੀਆਂ ਬਾਰੇ ਕੁਝ ਵੀ ਅਨੁਭਵ ਨਹੀਂ ਸਨ ਰਖਦੇ । ਪਰ ਉਹ ਵਧੇਰੇ ਸੋਚ ਵਿਚਾਰ ਵਿਚ ਪੈਣ ਦੀ ਬਜਾਏ ਤੁਰੰਤ ਫੈਸਲਾ ਕਰਨ ਵਾਲੇ ਲੋਕ ਸਨ। ਇਸ ਲਈ ਉਹਨਾਂ ਨੇ ਭਾਰਤੀਆਂ ਦੀ ਕੰਮ ਕਰਨ ਦੀ ਸਮਰੱਥਾ ਪਰਖਣ ਲਈ ਉਹਨਾਂ ਨੂੰ ਕੁਝ ਕਰ ਦਿਖਲਾਉਣ ਦਾ ਮੌਕਾ ਦਿੱਤਾ।

ਸਭ ਤੋਂ ਪਹਿਲਾਂ ਉਹਨਾਂ ਨੂੰ ਕੰਮ ਤੇ ਲਾਉਣ ਵਾਲੇ ਕਾਰਖਾਨੇਦਾਰ ਨੇ ਉਹਨਾਂ ਦੇ ਕੰਮ ਤੋਂ ਖੁਸ਼ ਹੋ ਕੇ, ਲਕੜੀ ਚੀਰਨ ਵਾਲੇ, ਦੂਜੇ ਕਾਰਖਾਨੇਦਾਰਾਂ ਨੂੰ ਭਾਰਤੀ ਮਜ਼ਦੂਰਾਂ ਨੂੰ ਰੱਖਣ ਦੀ ਸਿਫਾਰਸ ਕੀਤੀ। ਇਸ ਤਰ੍ਹਾਂ ਉਹਨਾਂ ਦੀ ਮਜ਼ਦੂਰੀ ਢੂੰਡਣ ਦੀ ਸਮੱਸਿਆ ਕਿਸੇ ਹੱਦ ਤੱਕ ਹਲ ਹੋ ਗਈ। ਫਿਰ ਉਹਨਾਂ ਨੂੰ ਰੇਲਾਂ ਦੀਆਂ ਪਟੜੀਆਂ, ਟ੍ਰਾਮ ਲਾਇਨਾਂ ਦੀ ਮੁਰੰਮਤ, ਭਵਨ ਉਸਾਰੀ, ਦੁਧਾਰੂ ਪਸ਼ੂ ਰਖਣ ਵਾਲੀਆਂ ਕੰਪਨੀਆਂ, ਫਲ ਤੋੜਣ ਅਤੇ ਦੂਜੇ ਕਿਸਾਨੀ ਧੰਦਿਆਂ ਵਿਚ ਕੰਮ ਮਿਲਣ ਲੱਗ ਪਿਆ। ਬਰਿਟਸ਼, ਕੋਲੰਬੀਆ ਵਿਚ ਜੰਗਲ ਬਹੁਤ ਕੱਟੇ ਜਾਂਦੇ ਸਨ। ਜ਼ਮੀਨ ਵਿੱਚ ਬਿਰਛਾਂ ਦੀਆਂ ਜੋ ਜੜ੍ਹਾਂ ਰਹਿ ਜਾਂਦੀਆਂ ਸਨ, ਉਹਨਾਂ ਨੂੰ ਮਸ਼ੀਨਾਂ ਨਾਲ ਸਾਫ ਕਰਨਾ ਮਹਿੰਗਾ ਪੈਂਦਾ ਸੀ। ਭਾਰਤੀ ਮਜ਼ਦੂਰ, ਸਰੀਰਕ ਮਿਹਨਤ ਕਰ ਸਕਦੇ ਸਨ, ਇਸ ਲਈ ਜੜ੍ਹਾਂ ਪੁੱਟਣ ਦੇ ਕੰਮ ਤੇ ਉਹ ਵਿਸ਼ੇਸ਼ ਕਰਕੇ ਲਗਾਏ ਜਾਣ ਲੱਗੇ। ਹੌਲੀ ਹੌਲੀ ਕੈਨੇਡਾ ਭਾਰਤੀ ਮਜ਼ਦੂਰਾਂ ਦੀ ਗਿਣਤੀ ਵਧਣ ਲੱਗੀ ਸੀ।

ਸ੍ਰ. ਸੋਹਨ ਸਿੰਘ ਭਕਨਾ ਕੰਮ ਦੀ ਤਲਾਸ਼ ਵਿਚ ਘੁੰਮ ਰਹੇ ਇਕ ਭਾਰਤੀ ਨੂੰ ਆਪਣੀ ਜਾਣ ਪਛਾਣ ਵਾਲੇ ਕਾਰਖਾਨੇਦਾਰ ਕੋਲ ਲੈ ਗਏ। ਪਹਿਲਾਂ ਤਾਂ ਉਸ ਨੇ ਬਹੁਤ ਆਦਰ ਸਤਿਕਾਰ ਦਿਤਾ, ਜਦੋਂ ਆਉਣ ਦਾ ਕਾਰਨ ਦਸਿਆ ਗਿਆ ਤਾਂ ਉਹ ਗੁੱਸੇ ਨਾਲ ਭਰਕੇ ਬੋਲਿਆ, "ਮੇਰਾ ਦਿਲ ਕਰਦਾ ਹੈ, ਤੁਹਾਨੂੰ ਲੋਕਾਂ ਨੂੰ ਗੋਲੀ ਨਾਲ ਉਡਾ ਦਿਆਂ।"

ਕਾਰਨ ਪੁੱਛਣ ਤੇ ਉਸ ਨੇ ਦੱਸਿਆ ਕਿ ਤੁਹਾਨੂੰ ਸ਼ਰਮ ਨਹੀਂ ਆਉਂਦੀ, ਮੁੱਠੀ ਭਰ ਗੋਰਿਆਂ ਦੀ ਗੁਲਾਮੀ ਕਰਦਿਆਂ, ਮੈਂ ਤੁਹਾਨੂੰ ਅਸਲਾ ਦਿੰਦਾ ਹਾਂ, ਪਹਿਲਾਂ ਆਪਣਾ ਦੇਸ਼ ਅਜ਼ਾਦ ਕਰਾਕੇ ਆਓ,

Namdhari Elibrary NamdhariElibrary@gmail.com

ਫਿਰ ਜਿਤ ਜਾਣ ਤੇ ਤੁਹਾਡਾ ਸੁਆਗਤ ਕਰਨ ਵਾਲਾ ਪਹਿਲਾ ਵਿਅਕਤੀ ਮੈਂ ਹੋਵਾਂਗਾ।

ਵਿਦੇਸ਼ਾਂ ਦੀ ਇਸ ਅਪਮਾਨ ਭਰੀ ਗੱਲ ਨੇ ਸੋਹਨ ਸਿੰਘ ਭਕਨਾ ਦੇ ਦਿਲ ਵਿਚ ਅੱਗ ਭੜਕਾ ਦਿਤੀ। ਦੇਸ਼ ਤੋਂ ਕੁਰਬਾਨ ਹੋਣ ਵਾਲੇ ਕੂਕਾ ਯੋਧਿਆਂ ਨੇ ਉਹਨਾਂ ਦੀ ਅੰਤਰ ਆਤਮਾ ਵਿਚ ਉਹ ਭਾਵਨਾ ਪਹਿਲਾਂ ਹੀ ਜਾਗਰਿਤ ਕਰ ਦਿਤੀ ਸੀ, ਜੋ ਕੂਕਾ ਲਹਿਰ ਦੇ ਪ੍ਰਵਰਤਕ ਸਤਿਗੁਰੂ ਰਾਮ ਸਿੰਘ ਜੀ ਨੇ ਭਾਰਤੀਆਂ ਦੇ ਦਿਲ ਵਿਚ ਜਗਾਣੀ ਸੀ। ਗਦਰ ਪਾਰਟੀ ਲਹਿਰ ਦਾ ਅਰੰਭ ਕੂਕਾ ਲਹਿਰ ਦੀ ਪ੍ਰੇਰਣਾ ਤੋਂ ਹੀ ਹੋਇਆ ਕਿਉਂਕਿ ਸ੍ਰ. ਸੋਹਨ ਸਿੰਘ ਭਕਨਾ ਕੂਕਾ ਲਹਿਰ ਦਾ ਹੀ ਇਕ ਪੌਦਾ ਸਨ।

ਇਕ ਨਵੰਬਰ ੧੯੧੩ ਨੂੰ ਅਮਰੀਕਾ ਵਿਚ ਰਹਿ ਰਹੇ ਭਾਰਤੀਆਂ ਦੀਆਂ ੫ ਵੁਡ ਸਟ੍ਰੀਟ, ਸਾਨਫ੍ਰਾਂਸਿਸਕੋ, ਕੈਲੀਫੋਰਨੀਆ ਵਿਚ ਵਿਸ਼ੇਸ਼ ਮੀਟਿੰਗਾਂ ਕੀਤੀਆਂ ਗਈਆਂ। ਏਥੇ ਹੀ ਗਦਰ ਪਾਰਟੀ ਦੀ ਸਥਾਪਨਾ ਕੀਤੀ ਗਈ। ਪ੍ਰਸਿੱਧ ਨਾਮਧਾਰੀ ਸ੍ਰ. ਸੋਹਨ ਸਿੰਘ ਜੋ ਪਿੰਡ ਭਕਨਾ ਜਿਲਾ ਅੰਮ੍ਰਿਤਸਰ ਦੇ ਨਿਵਾਸੀ ਸਨ, ਉਹਨਾਂ ਨੂੰ ਗਦਰ ਪਾਰਟੀ ਦਾ ਪ੍ਰਧਾਨ ਅਤੇ ਭਾਰਤ ਤੋਂ ਜਲਾਵਤਨ ਪ੍ਰਸਿੱਧ ਬੁਧੀਜੀਵੀ ਦਿੱਲੀ ਦੇ ਲਾਲਾ ਹਰਦਿਆਲ ਐਮ.ਏ. ਪਾਰਟੀ ਦਾ ਸਕੱਤਰ ਚੁਣਿਆ ਗਿਆ।

ਸ. ਸੋਹਨ ਸਿੰਘ ਭਕਨਾ ਇਕ ਪ੍ਰਸਿੱਧ ਨਾਮਧਾਰੀ ਸੰਤ ਬਾਬਾ ਕੇਸਰ ਸਿੰਘ ਮੁਹਾਵਾ ਦੇ ਸ਼ਿਸ਼ ਸਨ। ਸ. ਸੋਹਨ ਸਿੰਘ ਇਕ ਤਕੜੇ ਜ਼ਿਮੀਦਾਰ ਘਰਾਣੇ ਨਾਲ ਸੰਬੰਧ ਰਖਦੇ ਸਨ। ਜੁਆਨੀ ਵਿਚ ਉਹ ਅਮੀਰਾਂ ਵਰਗੀਆ ਬੁਰੀਆਂ ਆਦਤਾਂ ਦਾ ਸ਼ਿਕਾਰ ਹੋ ਗਏ ਸਨ ਅਤੇ ਬਰਬਾਦੀ ਦੇ ਰਾਹ ਤੇ ਚਲ ਪਏ ਸਨ। ਬਾਬਾ ਕੇਸਰ ਸਿੰਘ ਮੁਹਾਵਾ ਦੀ ਸੰਗਤ ਵਿਚ ਆਉਂਦਿਆਂ ਹੀ ਉਹਨਾਂ ਦੀ ਕਾਇਆ ਪਲਟ ਗਈ।

ਸ. ਸੋਹਨ ਸਿੰਘ ਭਕਨਾ ਨੇ ਬਾਬਾ ਕੇਸਰ ਸਿੰਘ ਜੀ ਨਾਲ ਭੈਣੀ ਸਾਹਿਬ ਜਾ ਕੇ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕੀਤੇ ਸਨ ਅਤੇ ਆਪਣੀਆਂ ਅੱਖਾ ਨਾਲ ਅੰਗਰੇਜ਼ਾਂ ਵਲੋਂ ਨਾਮਧਾਰੀਆਂ ਤੇ ਕੀਤੀਆਂ ਜਾ ਰਹੀਆਂ ਸਖਤੀਆਂ ਨੂੰ ਦੇਖਿਆ ਸੀ। ਸਤਿਗੁਰੂ ਰਾਮ ਸਿੰਘ ਜੀ ਨੂੰ ਬਰ੍ਹਮਾ ਲਿਜਾਕੇ ਨਜ਼ਰਬੰਦ ਕੀਤਾ ਜਾ ਚੁੱਕਿਆ ਸੀ ਅਤੇ ਨਾਮਧਾਰੀਆਂ ਉਤੇ ਅੰਗਰੇਜ਼ ਨੇ ਕਹਿਰ ਢਾਉਣਾ ਸ਼ੁਰੂ ਕਰ ਦਿਤਾ ਸੀ।

ਅਮਰੀਕਾ ਵਿਚ ਗਦਰ ਪਾਰਟੀ ਦੀ ਸਥਾਪਨਾ ਪਿੱਛੇ ਅਸਲ ਵਿਚ ਕੂਕਾ ਲਹਿਰ ਦੀ ਭਾਵਨਾ ਹੀ ਕੰਮ ਕਰ ਰਹੀ ਸੀ।

ਨਾਮਧਾਰੀਆਂ ਨੂੰ ਉਪਦੇਸ਼

ਸ੍ਰ. ਸੂਰਤ ਸਿੰਘ

ਖਾਲਸਾਈ ਐਸ਼ਵਰਜ ਦਾ ਸੂਰਜ ਢਲ ਗਿਆ ਤੇ ਸਿੱਖਾਂ ਨੇ ਦੁਨੀਆਂ ਨੂੰ ਦਸ ਦਿਤਾ ਕਿ ਇਕ ਅਜ਼ਾਦ ਤੇ ਗੁਲਾਮ ਕੌਮ ਵਿਚ ਕੀ ਫਰਕ ਹੋਇਆ ਕਰਦਾ ਹੈ-ਅਰਥਾਤ ਸਿਖ ਆਪਣੀ ਪਹਿਲੀ ਸ਼ਾਨ ਨੂੰ ਭੁਲ ਕੇ ਆਪਣੇ ਨਵੇਂ ਆਏ ਹਾਕਮਾਂ ਦੇ ਗੋਲੇ ਬਣ ਕੇ ਉਨ੍ਹਾਂ ਵਾਸਤੇ ਹਰ ਥਾਂ ਆਪਣਾ ਸਿਰ ਵਾਰਨ ਵਾਸਤੇ ਤਿਆਰ ਹੋ ਗਏ- ਚੁਨਾਂਚਿ ਇਕ ਅੰਗਰੇਜ਼ ਅਫਸਰ ਉਨ੍ਹਾਂ ਦਾ ਜ਼ਿਕਰ ਕਰਦਾ ਹੋਇਆ ਵਲੈਤ ਨੂੰ ਲਿਖਦਾ ਹੈ,- "ਸਿਖਾਂ ਨੇ ਸਾਨੂੰ ਬਰਮਾ ਦੀ ਲੜਾਈ ਵਿਚ ਚੋਖੀ ਸਹਾਇਤਾ ਦਿੱਤੀ, ਸਾਨੂੰ ਉਨ੍ਹਾਂ ਤੋਂ ਡਰ ਸੀ ਕਿ ਉਹ ਆਪਣੀ ਪਹਿਲੀ ਦਸ਼ਾ ਨੂੰ ਯਾਦ ਰਖਣਗੇ ਅਤੇ ਸਾਡੇ ਲਈ ਏਨੇ ਲਾਭਦਾਇਕ ਨਹੀਂ ਸਾਬਤ ਹੋਣਗੇ, ਪਰ ਨਹੀਂ, ਉਹ ਲੰਮੀ ਯਾਦ ਦਾਸ਼ਤ ਵਾਲੇ ਬੰਦੇ ਨਹੀਂ ਤੇ ਉਨ੍ਹਾਂ ਵਿਚੋਂ ਸਾਡੀਆਂ ਫੌਜਾਂ ਲਈ ਬੜੇ ਸੋਹਣੇ ਸਿਪਾਹੀ ਮਿਲ ਸਕਦੇ ਹਨ, ਮੈਂ ਇਸ ਗੱਲ ਤੋਂ ਫਾਇਦਾ ਉਠਾ ਰਿਹਾ ਹਾਂ।"

ਬਾਬਾ ਰਾਮ ਸਿੰਘ ਜੀ ਦੇ ਦਿਲ ਵਿਚ ਸੰਗਤ ਤੇ ਖੁਦਦਾਰੀ ਉਸੇ ਤਰ੍ਹਾਂ ਹੀ ਉਬਾਲੇ ਮਾਰਦੀ ਸੀ ਜਿਸ ਤਰ੍ਹਾਂ ਕਿ ਪਹਿਲਾਂ। ਚੁਨਾਂਚਿ ਜਿਸ ਵੇਲੇ ਆਪਨੇ ਨਾਮਧਾਰੀਆਂ ਨੂੰ ਉਪਦੇਸ਼ ਦਿਤਾ ਤਾਂ ਬਾਕੀ ਗਲਾਂ ਵਿਚ ਵੀ ਆਖਿਆ-'ਚੰਡੀ ਦੀ ਵਾਰ ਜ਼ਰੂਰੀ ਪੜ੍ਹਨੀ- ਬਸਤਰ ਖੱਦਰ ਦੇ ਸਫੇਦ ਪਹਿਨਣੇ, ਵਿਦੇਸ਼ੀਆਂ ਦੀ ਨੌਕਰੀ ਨਹੀਂ ਕਰਨੀ" ਮਤਲਬ ਇਹ ਸੀ ਕਿ ਉਹ ਸਿਖਾਂ ਵਿਚ ਖੁਦਦਾਰੀ ਵਾਲੀ ਅਣਖੀਲੀ ਜੰਗਜੂ ਸਪਿਰਟ ਕਾਇਮ ਰਖਣਾ ਚਾਹੁੰਦੇ ਸਨ। ਆਪ ਸਮਝਦੇ ਸਨ ਕਿ ਵਿਦੇਸ਼ੀ ਰਾਜਾ ਹਟਵਾਣੀਆਂ ਹੈ ਅਤੇ ਉਹ ਭਾਰਤ ਵਿਚ ਆਪਣੀਆਂ ਚੀਜ਼ਾਂ ਵੇਚਣ ਵਾਸਤੇ ਅੱਡਾ ਜਮਾ ਰਿਹਾ ਹੈ- ਇਸ ਨਾਲ ਉਹ ਭਾਰਤ ਨੂੰ ਨਿਪੁੰਸਕ ਕਰ ਦੇਵੇਗਾ ਅਤੇ ਸਦਾ ਲਈ ਨਕਾਰਾ ਬਣਾ ਦੇਵੇਗਾ- ਇਸ ਲਈ ਆਪ ਨੇ ਇਸ ਦੇ ਬਰਖਿਲਾਫ ਆਵਾਜ਼ ਉਠਾਈ- ਆਪ ਇਹ ਵੀ ਚੰਗੀ ਤਰ੍ਹਾਂ ਵੇਖਦੇ ਸਨ ਕਿ ਫਰੰਗੀ ਦੀ ਵਡੀ ਤਾਕਤ ਦੇਸੀ ਬੰਦਿਆ ਵਿਚੋਂ ਹੀ ਬਣੀ ਹੋਈ ਹੈ। ਉਹ ਜਾਣਦੇ ਸਨ ਕਿ ਜੇ ਹਿੰਦੁਸਤਾਨੀ ਉਸ ਦੇ ਮਾਲ ਦਾ ਬਾਈਕਾਟ ਕਰਕੇ ਉਸ ਨਾਲ ਪੂਰਾ ਨਾ-ਮਿਲਵਰਤਨ ਕਰ ਦੇਣਗੇ ਤਾਂ ਉਸ ਲਈ ਭਾਰਤ ਵਰਸ਼ ਵਿਚ ਕੇਵਲ ਰਾਜ ਕਰਨ ਲਈ ਇਕ ਦਿਨ ਵੀ ਰਹਿਣਾ ਅਸੰਭਵ ਹੋ ਜਾਵੇਗਾ- ਆਪ ਏਹ ਵੀ ਜਾਣਦੇ ਸਨ ਕਿ ਹਿੰਦੀ ਅਜੇਹੀ ਗਿਰੀ ਹੋਈ ਦਸ਼ਾ ਵਿਚ ਜਾ ਚੁਕੇ ਹਨ, ਕਿ ਉਹ ਵਿਦੇਸ਼ੀ ਬੁਰੀ ਪਰ ਬਾਹੂ ਬਲ ਵਾਲੀ ਤਾਕਤ ਦਾ ਮੁਕਾਬਲਾ ਬਾਹੂ-ਬਲ ਨਾਲ ਕਰਨ ਦੇ ਅਸਮਰਥ ਹਨ ਇਸ ਲਈ ਆਪ ਨੇ ਸਿਖਾਂ ਵਿਚ ਐਨੀ ਜੰਗਜੂ ਸਪਿਰਟ ਕਾਇਮ ਕਰਦਿਆਂ ਹੋਇਆਂ ਵੀ ਉਨ੍ਹਾਂ ਨੂੰ ਸ਼ਾਂਤਮਈ ਰਹਿਣ ਦਾ ਪੱਕਾ ਉਪਦੇਸ਼ ਦਿਤਾ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ

ਐਸ. ਐਸ. ਮਨਧੀਰ

ਸਮੇਂ ਸਮੇਂ ਸੰਸਾਰ ਵਿਚ ਅਜੇਹੇ ਮਹਾਨ ਯੁਗ ਪੁਰਸ਼ ਆਏ ਜੋ ਆਪਣੇ ਪਿਛੇ ਬਹੁਤ ਵੱਡੀ ਛਾਪ ਛੱਡ ਗਏ। ਸ੍ਰੀ ਕ੍ਰਿਸ਼ਨ, ਸ੍ਰੀ ਰਾਮ ਚੰਦਰ, ਯਸੂ ਮਸੀਹ, ਹਜ਼ਰਤ ਮੁਹੰਮਦ, ਸ੍ਰੀ ਮਹਾਂਬੀਰ ਮਹਾਤਮਾ ਬੁੱਧ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੇ ਅੱਜ ਜਿਨ੍ਹਾਂ ਦੀ ਅਸੀਂ ਗਲ ਕਰ ਰਹੇ ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਏਨਾਂ ਦੇ ਨਾਮ ਲੇਵਾ ਏਨ੍ਹਾਂ ਯੁਗ ਪੁਰਸ਼ਾਂ ਨੂੰ ਅਕਾਲ ਪੁਰਖ ਦਾ ਰੂਪ ਮੰਨ ਕੇ ਇਹਨਾਂ ਦੀ ਪੂਜਾ ਅਰਚਨਾ ਕਰਦੇ ਹਨ। ਬੁਰਾਈ ਉਪਰ ਫਤਹਿ ਪਾਉਣ ਲਈ ਇਹਨਾਂ ਮਹਾਨ ਆਤਮਾਵਾਂ ਨੂੰ ਆਪੋ ਆਪਣੇ ਤਰੀਕੇ ਨਾਲ ਸੰਘਰਸ਼ ਕਰਨਾ ਪਿਆ। ਏਸੇ ਸੰਦਰਭ ਵਿਚ ਮਹਾਭਾਰਤ ਦਾ ਯੁੱਧ ਹੋਇਆ। ਰਾਮਾਇਣ ਦੀ ਮਹਾਨ ਰਚਨਾ ਹੋਈ। ਕੌਰਵਾਂ ਨੇ ਪਾਂਡਵਾਂ ਨੂੰ ਆਪਣੇ ਰਾਜ ਪਰਬੰਧ ਵਿਚ ਕਿਸੇ ਤਰ੍ਹਾਂ ਦਾ ਕੋਈ ਹਿੱਸਾ ਨ ਦੇਣਾ ਚਾਹਿਆ ਤੇ ਨ ਸੁਤੰਤਰ ਰੂਪ ਵਿਚ ਕੋਈ ਧਰਤੀ ਦਾ ਹਿੱਸਾ ਦੇਣਾ ਪਰਵਾਨ ਕੀਤਾ। ਸ੍ਰੀ ਕ੍ਰਿਸ਼ਨ ਨੇ ਬੜਾ ਯਤਨ ਕੀਤਾ ਕਿ ਕਿਸੇ ਨ ਕਿਸੇ ਤਰ੍ਹਾਂ ਯੁਧ ਤੋ ਬਚਿਆ ਜਾਏ। ਸਮਝੌਤੇ ਨਾਲ ਕੌਰਵ ਕੋਈ ਗੱਲ ਮੰਨ ਲੈਣ। ਦਰਯੋਧਨ ਸੂਈ ਦੇ ਨੱਕੇ ਜਿੰਨੀ ਵੀ ਥਾਂ ਦੇਣ ਵਾਸਤੇ ਤਿਆਰ ਨਾ ਹੋਇਆ। ਮਜ਼ਬੂਰ ਹੋ ਕੇ ਸ੍ਰੀ ਕ੍ਰਿਸ਼ਨ ਨੂੰ ਬੁਰਾਈ ਨੂੰ ਖਤਮ ਕਰਨ ਲਈ ਯੁਧ ਕਰਵਾਉਣਾ ਪਿਆ। ਦੂਸਰਾ ਯੁਗ ਆ ਗਿਆ ਰਾਮਚੰਦਰ ਦਾ। ਰਾਵਨ ਬੜਾ ਵਿਦਵਾਨ ਪੁਰਸ਼ ਸੀ। ਇਕ ਇਸਤ੍ਰੀ ਦੇ ਮਸਲੇ ਤੇ ਆਕੇ ਕਮਜ਼ੋਰੀ ਦਿਖਾ ਦਿੱਤੀ। ਛਲ ਕਰ ਕੇ ਇਸਤ੍ਰੀ ਜਾਤ ਉਪਰ ਇਹ ਬਹੁਤ ਵੱਡਾ ਹਮਲਾ ਸੀ। ਬੜਾ ਯਤਨ ਕੀਤਾ ਕਿ ਅਪਹਰਨ ਕਰਤਾ ਰਾਵਨ ਸੀਤਾ ਨੂੰ ਵਾਪਸ ਕਰ ਦੇਵੇ। ਮਹਾਨ ਵਿਦਵਾਨ ਹੁੰਦੇ ਹੋਏ ਵੀ ਰਾਵਨ ਦੀ ਸਮਝ ਵਿਚ ਨ ਆਇਆ। ਮਜ਼ਬੂਰਨ ਲੜਾਈ ਲੜਨੀ ਪਈ। ਬੁਰਿਆਈ ਤੋਂ ਚੰਗਿਆਈ ਨੇ ਫਿਰ ਫਤਹਿ ਪਾਈ। ਦੁਆਪਰ ਤੇ ਤ੍ਰੇਤਾ ਦੋ ਯੁਗ ਖਤਮ ਹੋਏ। ਕਲਜੁਗ ਦੀ ਵਾਰੀ ਆਈ। ਮਹਾਂਬੀਰ ਤੇ ਮਹਾਤਮਾ ਬੁਧ ਨੇ ਆਪਣੇ ਸਮੇਂ ਪਰਜਾ ਨੂੰ ਬੜੇ ਕਸ਼ਟ ਵਿਚ ਵੇਖਿਆ। ਰਾਜੇ ਉਨ੍ਹਾਂ ਦੇ ਭਲੇ ਤੇ ਕਲਿਆਣ ਵਾਸਤੇ ਕੋਈ ਕੰਮ ਨਹੀਂ ਸਨ ਕਰਦੇ। ਲੋਕਾਂ ਦਾ ਦੁਖ ਵੇਖਕੇ ਬੁੱਧ ਨੇ ਰੱਬ ਨੂੰ ਸ਼ੱਕ ਦੀ ਦ੍ਰਿਸ਼ਟੀ ਨਾਲ ਤਕਿਆ। ਏਨਾਂ ਮਹਾਂਪੁਰਸ਼ਾਂ ਨੇ ਅਹਿੰਸਾ ਨੂੰ ਰਾਜ ਧਰਮ ਬਨਾਉਣ, ਜੀਵ ਹੱਤਿਆ ਬੰਦ ਕਰਨ ਤੇ ਚੰਗੇ ਕਰਮ ਕਰਨ ਉਤੇ ਬਲ ਦਿੱਤਾ। ਯਸੂ ਮਸੀਹ ਤੇ ਹਜ਼ਰਤ ਮੁਹੰਮਦ ਨੂੰ, ਸਮੇਂ ਦੇ ਹਾਕਮਾਂ ਨੇ, ਇਹਨਾਂ ਦੋਹਾਂ ਯੁਗ ਪੁਰਸ਼ਾਂ ਦੇ ਉਪਦੇਸ਼ਾਂ ਨੂੰ, ਆਪਣੇ ਰਾਜ ਵਿਚ ਦਖਲ ਅੰਦਾਜ਼ੀ ਕਰਾਰ ਦਿੱਤਾ। ਇਹਨਾਂ ਦੇ ਸਮੇਂ ਦੇ ਬਾਦਸ਼ਾਹ ਆਪਣੇ ਆਪ ਨੂੰ ਸਾਰੀਆਂ ਤਾਕਤਾਂ ਦੇ ਮਾਲਕ ਸਮਝਦੇ ਸਨ। ਲੋਕਾਂ ਪਾਸੋਂ ਆਪਣੀ ਪੂਜਾ ਕਰਾਉਂਦੇ ਸਨ। ਏਹਨਾਂ ਯੁਗ ਪੁਰਸ਼ਾਂ ਨੇ ਸੰਸਾਰ ਦੀ ਰਚਨਹਾਰ ਸ਼ਕਤੀ ਵੱਲ ਧਿਆਨ ਦਿਵਾਇਆ। ਚੰਗੇ ਕੰਮਾਂ ਨੂੰ ਕਰਨ ਤੇ ਮੰਦੇ ਕੰਮਾਂ ਨੂੰ ਛਡਣ ਦਾ ਉਪਦੇਸ਼ ਦਿਤਾ। ਹਾਕਮਾਂ ਨੂੰ ਪਰਜਾ ਨਾਲ ਨਿਆਂ ਕਰਨ ਦੀ ਗਲ ਕੀਤੀ। ਏਨੀ ਗਲ ਕਰਨ ਨਾਲ ਆਮ ਲੋਕੀ ਏਹਨਾਂ ਦਾ ਆਦਰ ਤੇ ਸਤਿਕਾਰ ਕਰਨ ਲਗ ਪਏ। ਇਹਨਾਂ ਦਾ ਪਰਚਾਰ ਤੇ ਇਹਨਾਂ ਦੇ ਆਦਰ ਸਤਿਕਾਰ ਨੂੰ ਸਮੇਂ ਦੇ ਹਾਕਮ ਸਹਿਨ ਨ ਕਰ ਸਕੇ। ਏਹਨਾਂ ਨੂੰ ਆਪਣਾ ਦੁਸ਼ਮਣ ਸਮਝ ਕੇ ਸੂਲੀ ਤੇ ਟੰਗਿਆ ਤੇ ਤਸੀਹੇ ਦਿੱਤੇ। ਸਮਾਂ ਪਾਕੇ ਤਾਂ ਆਪਣੇ ਮੂਲ ਰਹਿਬਰਾਂ ਦੇ ਸੱਚ ਤੇ ਨਿਆਂ ਦੇ ਆਦਰਸ਼ ਨੂੰ ਛਡ ਕੇ ਆਪਣੇ ਰਾਜਾਂ ਦਾ ਵਿਸਤਾਰ ਕਰਨਾ ਤੇ ਜਨ ਸਾਧਾਰਨ ਲੋਕਾਂ ਨੂੰ ਆਪਣਾ ਗੁਲਾਮ ਬਣਾ ਕੇ ਰਖਣਾ ਚਾਹਿਆ। ਗੁਰੂ ਨਾਨਕ ਨੇ ਇਹਨਾਂ ਰਾਜਿਆਂ ਨੂੰ ਸ਼ੀਹ ਤੇ ਇਹਨਾਂ ਦੇ ਅਹਿਲਕਾਰਾਂ ਨੂੰ ਕੁੱਤੇ ਹੋਣ ਦੇ ਸ਼ਬਦ ਆਪਣੀ ਰਸਨਾ ਤੋਂ ਕੱਢਣੇ ਪਏ। ਪਰਜਾ ਨੂੰ ਏਨਾ ਸਤਾਇਆ ਜਾਂਦਾ ਸੀ ਕਿ ਰੱਬ ਨੂੰ ਵੀ ਤਾਨ੍ਹਾ ਦੇਣਾ ਪਿਆ, "ਏਤੀ ਮਾਰ ਪਈ ਕੁਰਲਾਣੇ ਤੈ ਕੀ ਦਰਦ ਨ ਆਇਆ"। ਗੁਰੂ ਗੋਬਿੰਦ ਸਿੰਘ ਜੀ ਨੂੰ ਔਰੰਗਜ਼ੇਬ ਦੇ ਜ਼ਬਰ ਨੂੰ ਖ਼ਤਮ ਕਰਨ ਲਈ ਤਲਵਾਰ ਚੁਕਣੀ ਪਈ। ਲੜਾਈ ਲੜਨ ਵਾਸਤੇ ਸ਼ੁਧ ਖਾਲਸ ਪੰਥ ਦੀ ਸਾਜਨਾ ਕੀਤੀ। ਆਪਣਾ ਆਪ ਤੇ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ। ਫਤਹਿ ਭਾਵੇਂ ਹਾਸਲ ਨਾ ਹੋਈ, ਪਰ ਮੁਗਲ ਰਾਜ ਨੂੰ ਏਨਾ ਕਮਜ਼ੋਰ ਕਰ ਦਿੱਤਾ ਕਿ ਛੇਤੀ ਹੀ ਉਸਦਾ ਖ਼ਾਤਮਾ ਹੋ ਗਿਆ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ, ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦਾ ਰਾਜ ਸਥਾਪਤ ਹੋ ਚੁੱਕਾ ਸੀ। ਮਹਾਰਾਜ ਰਣਜੀਤ ਸਿੰਘ ਦਾ ਡੰਕਾ ਉੱਤਰੀ ਤੇ ਪੱਛਮੀ ਭਾਰਤ ਵਿਚ ਵੱਜ ਰਿਹਾ ਸੀ। ਸਤਿਗੁਰੂ ਜੀ ਸਰੀਰ ਦੇ ਪੱਖੋਂ ਬੜੇ ਸੁਨਖੇ ਤੇ ਉਚੇ ਲੰਮੇ ਗਭਰੂ ਸਨ। ਆਪ ਦੇ ਜੀਜਾ ਸ. ਕਾਬਲ ਸਿੰਘ, ਮਹਾਰਾਜਾ ਦੀ ਫੌਜ ਵਿਚ ਸਨ। ਉਨ੍ਹਾ ਨੇ ਕਿਹਾ ਕਿ ਕੰਵਰ ਨੌ ਨਿਹਾਲ ਸਿੰਘ ਅਜੇਹੇ ਗਭਰੂਆਂ ਨੂੰ ਆਪਣੀ ਰਜਮੈਂਟ ਵਿਚ ਭਰਤੀ ਕਰ ਕੇ ਬੜਾ ਖੁਸ਼ ਹੁੰਦੇ ਹਨ। ਸਤਿਗੁਰੂ ਜੀ ਦੀ ਉਮਰ ਉਸ ਸਮੇਂ ਵੀਹ ਸਾਲ ਦੀ ਸੀ। ਆਪ ਫੌਜ ਵਿੱਚ ਭਰਤੀ ਹੋ ਗਏ। ਬਚਪਨ ਵਿਚ ਪੰਜਾਬੀ ਦਾ ਅੱਖਰ ਗਿਆਨ ਲੈ ਲਿਆ ਸੀ ਤੇ ਗੁਰੂਆਂ ਦੀ ਬਾਣੀ ਦਾ ਪਾਠ ਕਰਨ ਲੱਗ ਪਏ। ਮਨ ਧਾਰਮਿਕ ਪਰਵਿਰਤੀ ਵਾਲਾ ਬਣ ਗਿਆ। ਫ਼ੌਜ ਵਿਚ ਆਪ ਜੀ ਦੇ ਸੰਗੀ-ਸਾਥੀ ਆਪ ਨੂੰ ਭਾਈ ਸਾਹਿਬ ਦੇ ਸ਼ਬਦ ਨਾਲ ਸੰਬੋਧਨ ਕਰਦੇ। ਉਸ ਸਮੇਂ ਭਾਈ ਸ਼ਬਦ ਬਹੁਤ ਵੱਡੇ ਆਦਰ ਤੇ ਸਤਿਕਾਰ ਦਾ ਪਰਤੀਕ ਸੀ। ਭਰਤੀ ਹੋਣ ਤੋਂ ਕੋਈ ਤਿੰਨ ਸਾਲ ਬਾਦ ਮਹਾਰਾਜਾ ਰਣਜੀਤ ਸਿੰਘ ਜੀ ਅੱਖਾਂ ਮੀਟ ਗਏ। ਮਹਾਰਾਜੇ ਦੇ ਜਰਨੈਲ, ਆਪ ਹੁਦਰੇ ਹੋ ਗਏ। ਆਪ ਸਮਝ ਗਏ ਕਿ ਸਿਖ ਰਾਜ ਹੁਣ ਬਹੁਤੀ ਦੇਰ ਨਹੀਂ ਰਹੇਗਾ। ਮਹਾਰਾਜਾ ਦੇ ਮਗਰਲੇ ਛਿਆਂ ਸਾਲਾਂ ਵਿਚ ਛੇ ਸੱਤ ਸਰਕਾਰਾਂ ਬਣੀਆਂ। ਏਸੇ ਪੀਰੀਅਡ ਵਿਚ ਸਤਿਗੁਰੂ ਜੀ ਦੀ ਪਲਟਨ ਪਿਸ਼ੌਰ ਭੇਜੀ ਗਈ। ਓਧਰ ਇਕ ਨਗਰ ਹਜ਼ਰੋ ਵਿੱਚ ਇਕ ਮਹਾਨ ਆਤਮਾ, ਸਤਿਗੁਰੂ ਬਾਲਕ ਸਿੰਘ ਦੀ ਬੜੀ ਚਰਚਾ ਸੀ। ਆਪ ਆਪਣੇ ਸੰਗੀ ਸਾਥੀਆਂ ਨੂੰ ਨਾਲ ਲੈ ਕੇ ਉਨ੍ਹਾਂ ਦੇ ਦਰਸ਼ਨ ਕਰਨ ਗਏ। ਉਹ ਪਹਿਲਾਂ ਹੀ ਇਹਨਾਂ ਦੀ ਉਡੀਕ ਵਿਚ

Namdhari Elibrary NamdhariElibrary@gmail.com

ਸਨ। ਉਨ੍ਹਾਂ ਨੇ ਧਰਮ ਦੀਖਿਆ ਦੇ ਕੇ ਆਪਣੀ ਜ਼ਿੰਮੇਦਾਰੀ ਦੀ ਸੌਂਪਣਾ ਇਹਨਾਂ ਨੂੰ ਕੀਤੀ। ਆਪ ਨੇ ਫ਼ੌਜ ਦੀ ਡਿਊਟੀ ਛੱਡ ਕੇ, ਆਪਣੇ ਪਿੰਡ, ਸ੍ਰੀ ਭੈਣੀ ਸਾਹਿਬ, ਆ ਡੇਰਾ ਲਾਇਆ। ਆਪਣੇ ਪਿੰਡ, ਸ੍ਰੀ ਭੈਣੀ ਸਾਹਿਬ ਪਹੁੰਚ ਕੇ ਗੁਰੂ ਨਾਨਕ ਵਾਲਾ ਕਰਿਆਣੇ ਦਾ ਹੱਟ ਖੋਲਿਆ ਉਸੇ ਨਾਲ ਹੀ ਕੋਈ ਅਜੇਹੀ ਵਿਉਂਤ ਸੋਚਣੀ ਅਰੰਭ ਕੀਤੀ ਜਿਸ ਨਾਲ ਅੰਗਰੇਜ਼ ਦੀ ਗੁਲਾਮੀ ਤੋਂ ਛੁਟਕਾਰਾ ਪਾਇਆ ਜਾ ਸਕੇ। ੧੮੫੭ ਵਿਸਾਖੀ ਵਾਲੇ ਦਿਨ ਆਪ ਨੇ ਆਪਣੇ ਕੁਝ ਸਿਖਾਂ ਨੂੰ ਅੰਮ੍ਰਿਤ ਛਕਾ ਕੇ ਆਪਣੀ ਜਥੇਬੰਦੀ ਦੀ ਬਾਕਾਇਦਾ ਨੀਂਹ ਰੱਖ ਦਿੱਤੀ। ਭਾਰਤ ਦੇ ਕਈ ਹਿੱਸਿਆਂ ਵਿੱਚ ਅੰਗਰੇਜ਼ਾਂ ਦੇ ਵਿਰੁੱਧ ਗਦਰ ਅਰੰਭ ਹੋ ਚੁੱਕਾ ਸੀ। ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਗਦਰ ਬਾਰੇ ਸਤਿਗੁਰੂ ਜੀ ਦੀ ਭਾਵਨਾ ਨੂੰ ਆਪਣੇ ਸ਼ਬਦਾਂ ਵਿਚ ਇੰਵ ਲਿਖਦੇ ਹਨ, '੧੮੫੭ ਵਿਚ ਗਦਰ ਵਾਪਰ ਪਿਆ। ਬਾਬਾ ਜੀ (ਸਤਿਗੁਰੂ ਜੀ) ਨੂੰ ਏਸ ਦੀ ਸਫਲਤਾ ਵਿਚ ਭਰੋਸਾ ਨਹੀਂ ਸੀ। ਇਹ ਸਿਰਫ ਫੌਜੀ ਲੋਕਾਂ ਦੀ ਅੰਗਰੇਜ਼ ਅਫਸਰਾਂ ਦੀ ਹੈਂਕੜ ਤੇ ਹਿੰਦੂ ਧਰਮ ਦੇ ਨਿਰਾਦਰ ਦੇ ਖਿਲਾਫ਼ ਭੜਕੀ ਹੋਈ ਅਸੰਤੁਸ਼ਟਾ ਸੀ। ਬਾਬਾ ਜੀ ਦੇ ਵਿਸ਼ਵਾਸ ਅਨੁਸਾਰ ਜਦ ਤਕ ਜਨਤਾ ਵਿਚ ਰੋਸ ਦੀ ਤੜਪ ਨਹੀਂ ਉਠਦੀ, ਉਨਾਂ ਚਿਰ ਕੋਈ ਗਦਰ ਬਲਵਾਨ ਸਰਕਾਰ ਦੇ ਖਿਲਾਫ਼ ਕਾਮਯਾਬ ਨਹੀਂ ਹੋ ਸਕਦਾ। ਜਨਤਾ ਦੇ ਅੰਦਰ ਰੋਸ ਤਾਂ ਹੀ ਪਣਪ ਸਕਦਾ ਹੈ ਜੇ ਜਨਤਾ ਦੇ ਬਹੁਤੇ ਭਾਗ ਦਾ ਚਰਿੱਤਰ ਮਜ਼ਬੂਤ ਹੋਵੇ।

ਸਤਿਗੁਰੂ ਜੀ ਨੇ ਆਪਣੇ ਸਮੇਂ ਦੇ ਹਾਲਾਤਾਂ ਦਾ ਬੜੀ ਗਹਿਰਾਈ ਨਾਲ ਅਧਿਅਨ ਕੀਤਾ। ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣਾ ਇਕ ਪੁਲੀਟੀਕਲ ਪੱਖ ਸੀ। ਦੂਸਰਾ ਆਪ ਨੇ ਵੇਖਿਆ ਕਿ ਸਮਾਜ ਬਹੁਤ ਸਾਰੀਆਂ ਕੁਰੀਤੀਆਂ ਦਾ ਸ਼ਿਕਾਰ ਹੋ ਚੁੱਕਾ ਹੈ। ਮਨੁੱਖੀ ਆਚਰਨ ਵਿੱਚ ਬੜੀ ਭਾਰੀ ਗਿਰਾਵਟ ਹੈ। ਮਾਸ ਖਾਣ ਤੇ ਸ਼ਰਾਬ ਪੀਣ ਦੀ ਚੰਦਰੀ ਇੱਲਤ ਹੈ। ਬਾਲ ਵਿਵਾਹ ਦਾ ਚਲਣ ਹੈ। ਵਿਧਵਾਵਾਂ ਸਾਰੀ ਉਮਰ ਆਪਣਾ ਰੰਡੇਪਾ ਕੱਟਣ ਲਈ ਮਜਬੂਰ ਹਨ। ਸਮਾਜ ਵਿਚ ਇਸ ਤਰ੍ਹਾਂ ਦਾ ਕੋਈ ਆਦਰਯੋਗ ਸਥਾਨ ਨਹੀਂ। ਵਿਆਹਾਂ ਤੇ ਬਹੁਤ ਖਰਚ ਕੀਤਾ ਜਾਂਦਾ ਹੈ। ਦਾਜ ਲੈਣ ਦੇਣ ਦੀ ਬੜੀ ਭਾਰੀ ਬੀਮਾਰੀ ਹੈ ਜਿਸ ਕਰਕੇ ਸਾਧਾਰਨ ਲੋਕ ਭਾਰੀ ਕਰਜ਼ੇ ਹੇਠ ਦੱਬੇ ਜਾਂਦੇ ਹਨ। ਜੀਵਕਾ ਨੂੰ ਚਲਾਉਣ ਵਾਸਤੇ ਚੋਰੀ ਤੇ ਡਾਕਿਆਂ ਦੀ ਸ਼ਰਨ ਲੈਣੀ ਪੈਂਦੀ ਹੈ। ਜੀਵ ਹੱਤਿਆ ਬੜੇ ਜ਼ੋਰਾਂ ਤੇ ਹੈ। ਗਊ ਤੇ ਗਰੀਬ ਦੋਹਾਂ ਦੇ ਗਲੇ ਤੇ ਛੁਰੀ ਚੱਲ ਰਹੀ ਹੈ। ਸੱਚ ਕਿਤੇ ਹੈ, ਨਹੀਂ ਸੀ। ਚਾਰੋਂ ਤਰਫ ਝੂਠ ਦਾ ਪਸਾਰਾ ਹੈ। ਇਹ ਸਭ ਕੁਝ ਵੇਖ ਕੇ ਸਤਿਗੁਰੂ ਜੀ ਦਾ ਮਨ ਬੜਾ ਵਿਚਿਲਤ ਸੀ। ਸਤਿਗੁਰੂ ਜੀ ਦੀ ਇੱਛਾ ਸੀ ਕਿ ਸਮਾਜ ਇਹਨਾਂ ਬੁਰਾਈਆਂ ਤੋਂ ਮੁਕਤ ਹੋਵੇ। ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਸਤਿਗੁਰੂ ਜੀ ਦੇ ਉਪਦੇਸ਼ ਬਾਰੇ ਇੰਝ ਲਿਖਦੇ ਹਨ, "ਉਨ੍ਹਾਂ ਦਾ ਮਨੋਰਥ ਇਕ ਨਵਾਂ ਸਮਾਜ ਕਾਇਮ ਕਰਨਾ ਸੀ ਜਿਹਦੇ ਵਿਚ ਕੋਈ ਸਮਾਜੀ ਜ਼ਬਰ ਨ ਹੋਏ। ਨ ਕੋਈ ਵਹਿਮਪਰੱਸਤੀ ਦਾ ਵਿਖਾਲਾ ਹੋਵੇ। ਨ ਅਮੀਰ ਦਾ ਗਰੀਬ ਉਪਰ ਦਬ ਦਬਾ ਹੋਵੇ। ਹਰ ਮਨੁੱਖ ਆਪਣੀ ਕਿਰਤ ਕਮਾਈ ਨਾਲ ਜੀਵੇ। ਉਹ ਅਮੀਰ ਹੋਵੇ ਜਾਂ ਸਾਧੂ ਮਹਾਤਮਾ ਹੋਵੇ, ਬਿਨਾ ਕਿਰਤ ਉਹਦਾ ਧਰਤੀ ਦੀ ਦੌਲਤ ਉੱਤੇ ਕੋਈ ਹੱਕ ਨ ਹੋਵੇ।" ਅਜੇਹੇ ਉਦੇਸ਼ ਦੀ ਪੂਰਤੀ ਵਾਸਤੇ ਲੋਕਾਂ ਵਿੱਚ ਜਾਗ੍ਰਤੀ ਪੈਦਾ ਕਰਨੀ ਜ਼ਰੂਰੀ ਸੀ। ਪ੍ਰੋਗ੍ਰਾਮ ਬਣ ਗਿਆ। ਉਸ ਉਪਰ ਅਮਲ ਚਾਲੂ ਕਰ ਦਿੱਤਾ। ਅੰਗਰੇਜ਼ਾਂ ਨਾਲ ਨਾਮਿਲਵਰਤਨ। ਉਨ੍ਹਾਂ ਦੀ ਤਿਆਰ ਕੀਤੀ ਹਰ ਵਸਤੂ ਦਾ ਬਾਈਕਾਟ । ਉਨ੍ਹਾਂ ਦੇ ਸਕੂਲ ਕਾਲਜਾਂ ਡਾਕਖਾਨੇ ਤੇ ਕਚਹਿਰੀਆਂ ਦਾ ਬਾਈਕਾਟ। ਘਰੇਲੂ ਦਸਤਕਾਰੀ ਉਸਾਰ ਕੇ ਸਵਦੇਸ਼ੀ ਚੀਜਾਂ ਦੀ ਵਰਤੋਂ ਉਪਰ ਜ਼ੋਰ। ਏਨ੍ਹਾਂ ਸਾਰੇ ਕੰਮਾਂ ਨੂੰ ਕਰਨ ਵਾਸਤੇ ਮਨ ਨੂੰ ਸ਼ੁਧ ਤੇ ਬਲਵਾਨ ਬਨਾਉਣ ਵਾਸਤੇ ਨਾਮ ਸਿਮਰਨ ਤੇ ਕੁਝ ਬਾਣੀਆਂ ਦੇ ਪਾਠ ਕਰਨ ਤੇ ਕਰਾਉਣਾ ਜੀਵਨ ਦਾ ਇਕ ਅੰਗ ਬਣਾ ਲਿਆ। ਬਾਲ ਵਿਆਹ ਤੇ ਰੋਕ ਲਾ ਦਿੱਤੀ। ਵਿਧਵਾ ਦੇ ਵਿਆਹ ਦੀ ਖੁੱਲ ਦੇ ਦਿੱਤੀ। ੩ ਜੂਨ ੧੮੬੩ ਵਾਲੇ ਦਿਨ ਪੰਜਾਬ ਦੇ ਜ਼ਿਲਾ ਫਿਰੋਜ਼ਪੁਰ ਦੇ ਪਿੰਡ ਖੋਟਿਆਂ ਵਿਖੇ ਛੇ ਵਿਆਹ ਕਰਕੇ ਸਮੂਹਕ ਵਿਆਹ ਦੀ ਪ੍ਰਥਾ ਨੂੰ ਚਾਲੂ ਕੀਤਾ। ਇਸਤ੍ਰੀ ਨੂੰ ਅੰਮ੍ਰਿਤ ਛਕਾ ਕੇ ਆਦਰਯੋਗ ਸਥਾਨ ਦਿੱਤਾ। ਦਾਜ ਲੈਣ ਦੇਣ ਤੇ ਪੂਰੀ ਰੋਕ ਲਾ ਦਿਤੀ। ਮਾਸ ਸ਼ਰਾਬ ਤੇ ਨਸ਼ਿਆਂ ਵਾਲੀਆਂ ਚੀਜਾਂ ਦਾ ਮੁਕੰਮਲ ਤਿਆਗ ਕਰਵਾਇਆ ਗਿਆ। ਅੰਗਰੇਜ਼ ਬੜਾ ਦੂਰ ਅੰਦੇਸ਼ ਸੀ। ਏਸ ਸਾਰੇ ਪ੍ਰੋਗ੍ਰਾਮ ਚੋਂ ਉਨ੍ਹਾਂ ਨੂੰ ਆਪਣੀ ਮੌਤ ਦਾ ਸਾਮਾਨ ਨਜ਼ਰ ਆਇਆ। ਸਿਖ ਰਾਜ ਵਿਚ ਗਊ-ਬਧ ਕਰਨ ਤੇ ਪਾਬੰਦੀ ਸੀ। ਅੰਗਰੇਜ਼ਾਂ ਨੇ ਹਿੰਦੂ-ਮੁਸਲਮਾਨ ਵਿੱਚ ਫੁੱਟ ਪਾਉਣ ਵਾਸਤੇ ਗਊ-ਬਧ ਕਰਨ ਦੀ ਖੁਲ੍ਹ ਦੇ ਦਿੱਤੀ। ਕੁਝ ਨਾਮਧਾਰੀ ਸਿੱਖਾਂ ਨੂੰ ਇਹ ਗਲ ਗਵਾਰਾ ਨ ਹੋਈ। ਸਿੱਖਾਂ ਨੇ ਆਪਣਾ ਕੰਮ ਕਰ ਲਿਆ ਤੇ ਫਾਂਸੀ ਤੇ ਚੜ੍ਹ ਗਏ। ਏਸ ਤਰ੍ਹਾਂ ਦੇ ਕੁਝ ਹੋਰ ਵਾਕਿਆਤ ਰਾਏਕੋਟ ਤੇ ਮਲੇਰਕੋਟਲੇ ਵਿਖੇ ਹੋਏ। ਅੰਗਰੇਜ਼ ਨੂੰ ਬਹਾਨਾ ਮਿਲ ਗਿਆ। ਉਹਨਾਂ ਨੇ ਬਹੁਤ ਸਾਰੇ ਸਿੱਖਾਂ ਨੂੰ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰੀ ਦੇ ਤੁਰੰਤ ਬਾਦ ਬਿਨਾ ਮੁਕੱਦਮਾ ਚਲਾਏ ੬੬ ਸਿੱਖਾਂ ਨੂੰ ਤੋਪਾਂ ਨਾਲ ਉਡਾ ਦਿੱਤਾ। ਸਤਿਗੁਰੂ ਜੀ ਤੇ ਉਨ੍ਹਾਂ ਦੇ ਨਿਜੀ ਸੇਵਕਾਂ ਸੂਬਿਆਂ ਨੂੰ ਸ੍ਰੀ ਭੈਣੀ ਸਾਹਿਬ ਤੋਂ ਗ੍ਰਿਫਤਾਰ ਕਰਕੇ ਦੇਸ਼ ਨਿਕਾਲਾ ਦੇ ਦਿੱਤਾ। ਸਮੁੰਦਰੋਂ ਪਾਰ ਰੰਗੂਨ ਦੇ ਕਿਲੇ 'ਚ ਨਜ਼ਰਬੰਦ ਕਰ ਦਿੱਤਾ। ਸ੍ਰੀ ਭੈਣੀ ਸਾਹਿਬ ਵਿਖੇ ਪੁਲਿਸ ਬਿਠਾ ਦਿੱਤੀ। ਨਾਮਧਾਰੀ ਸਿਖਾਂ ਦੇ ਆਪਸੀ ਮੇਲ ਜੋਲ ਤੇ ਪੂਰੀ ਪਾਬੰਦੀ ਲਾ ਦਿੱਤੀ। ਅੰਗਰੇਜ਼ ਨੇ ਆਪਣੇ ਸਾਰੇ ਕਾਇਦੇ ਕਾਨੂੰਨ ਛਿੱਕੇ ਉੱਤੇ ਟੰਗ ਦਿੱਤੇ। ਨਾਮਧਾਰੀ ਲਹਿਰ ਨੂੰ ਪੂਰੀ ਤਾਕਤ ਨਾਲ ਖ਼ਤਮ ਕਰਨ ਦਾ ਯਤਨ ਕੀਤਾ। ਸਤਿਗੁਰੂ ਜੀ ਨੇ ਜਾਂਦੀ ਵਾਰੀ ਕਹਿ ਦਿੱਤਾ ਸੀ ਕਿ ਆਜ਼ਾਦੀ ਦੀ ਜੋ ਲੜਾਈ ਅਰੰਭ ਕਰ ਚਲੇ ਹਨ, ਇਹ ਮੱਠੀ ਨਹੀਂ ਹੋਵੇਗੀ। ੧੯੧੪-੧੫ ਦੀ ਗਦਰੀ ਬਾਬਿਆਂ ਦੀ ਲਹਿਰ, ੧੯੧੯ ਦਾ ਜਲਿਆਂ ਵਾਲੇ ਬਾਗ ਦਾ ਸਾਕਾ, ੧੯੩੧ ਵਿਚ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਫਾਂਸੀ ਦੇਣਾ, ਸੁਭਾਸ਼ ਚੰਦਰ ਬੋਸ ਦਾ ਵਿਦੇਸ਼ ਵਿਚ ਜਾ ਕੇ ਆਜ਼ਾਦ ਹਿੰਦ ਫੌਜ ਤਿਆਰ ਕਰਨਾ। ਇਹ ਸਾਰੀਆਂ ਲਹਿਰਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਹੀ ਇੱਕ ਹਿੱਸਾ ਸਨ। ਲਗਭਗ ਪੰਜਾਹ ਸਾਲ ਬਾਦ ਮਹਾਤਮਾ ਗਾਂਧੀ ਨੇ ਸਤਿਗੁਰੂ ਜੀ ਦੇ ਸਿਧਾਂਤਾਂ ਦੇ ਅਧਾਰ ਤੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਲਹਿਰ ਦੀ ਵਾਗਡੋਰ ਸੰਭਾਲੀ। ਸਮੁੱਚਾ ਨਾਮਧਾਰੀ ਸਮਾਜ ਆਜ਼ਾਦੀ ਦੀਆਂ ਲਹਿਰਾਂ ਦਾ ਸਾਥ ਦੇਂਦਾ ਰਿਹਾ। ਸਮਾਜ ਸੁਧਾਰ ਦਾ ਜੋ ਟੀਚਾ ਸਤਿਗੁਰੂ ਜੀ ਨੇ ਬਣਾਇਆ ਸੀ, ਉਨ੍ਹਾਂ ਦੇ ਜਲਾਵਤਨ ਹੋ ਜਾਣ ਤੋਂ ਬਾਦ ਨਾਮਧਾਰੀ ਸਮਾਜ ਦੇ ਸਤਿਗੁਰੂ ਹਰੀ ਸਿੰਘ, ਸਤਿਗੁਰੂ ਪਰਤਾਪ ਸਿੰਘ ਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੂਰਾ ਪਹਿਰਾ ਦਿੱਤਾ ਹੈ। ਸਾਰੀਆਂ ਸਮਾਜਕ ਕੁਰੀਤੀਆਂ ਤੋਂ ਨਾਮਧਾਰੀ ਸਮਾਜ ਨੂੰ ਮੁਕਤ ਰਖਿਆ ਹੈ।

ਫ਼ਫ਼ਫ਼

Namdhari Elibrary NamdhariElibrary@gmail.com

ਸਭਹਨ ਕੇ ਸਿਰਮੌਰ

ਤਾਰਾ ਸਿੰਘ ਅਨਜਾਣ

੧੮੫੭ ਈ : ਤੱਕ, ਸਾਰਾ ਹਿੰਦੁਸਤਾਨ ਰਾਜਨੀਤਕ ਤੌਰ ਤੇ ਅੰਗਰੇਜ਼ਾਂ ਦਾ ਗੁਲਾਮ ਹੋ ਚੁੱਕਾ ਸੀ। ਧਾਰਮਕ ਤੌਰ ਤੇ ਵੀ ਇਸਾਈ ਮਿਸ਼ਨਰੀਆਂ ਦਾ ਪ੍ਰਚਾਰ ਭਾਰਤੀਆਂ ਨੂੰ ਇਸਾਈ ਬਨਾਉਣ ਵਿਚ ਕਾਮਯਾਬ ਹੋ ਰਿਹਾ ਸੀ। ਲੋਕ ਆਪਣੇ ਅਮੀਰ ਵਿਰਸੇ, ਸਦਾਚਾਰਕ, ਸਮਾਜਕ ਅਤੇ ਧਾਰਮਕ ਕਦਰਾਂ ਕੀਮਤਾਂ ਤੋਂ ਦੂਰ ਜਾ ਰਹੇ ਸਨ। ਆਪਣੀ ਮਾਣ ਮਰਿਆਦਾ ਤੇ ਜੀਵਨ ਚੱਜ ਪ੍ਰਤੀ ਵੀ ਸੁਹਿਰਦਤਾ ਨਹੀਂ ਸੀ ਰਹੀ। ਨਿਰਾਸ ਅਤੇ ਹਤਾਸ਼ ਹੋਏ ਲੋਕਾਂ ਵਿਚ ਸਿਥਲਤਾ ਆ ਚੁਕੀ ਸੀ। ਇਸ ਦੌਰ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਨੇ ਲੋਕਾਂ ਵਿਚ ਨਵੀਂ ਰੂਹ ਫੂਕਣ ਲਈ ਕਮਰਕੱਸਾ ਕੀਤਾ।

ਆਪ ਨੇ ਨਾਮਧਾਰੀ ਪੰਥ ਦੀ ਸਥਾਪਨਾ ਕੀਤੀ। ਇਸ ਪੰਥ ਦਾ ਘਰ ਪੰਜਾਬ ਸੀ ਅਤੇ ਜੜ੍ਹਾਂ ਸਿੱਖੀ ਵਿਚ ਸਨ। ਸਿੱਖ ਆਪਣੀ ਰਹਿਤ ਮਰਿਆਦਾ ਭੁਲ ਕੇ, ਧਰਮ ਕਰਮ ਤਿਆਗ ਕੇ ਪੂਜਾ ਪਾਠ ਤੋ ਮੂੰਹ ਮੋੜ ਕੇ, ਸ਼ਰਾਬੀ ਕਬਾਬੀ ਹੋ ਕੇ, ਵਿਸ਼ੇ ਵਿਕਾਰਾਂ ਵਿਚ ਖੁਭ ਕੇ, ਨਾਮ ਦਾਨ ਇਸ਼ਨਾਨ ਤੋ ਦੂਰ ਜਾ ਕੇ ਸਿਖੀ ਸਰੂਪ ਤੋਂ ਵੀ ਪਤਤ ਹੋ ਗਏ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮੁੜ ਉਨ੍ਹਾਂ ਨੂੰ ਮਨਮਤ ਅਤੇ ਅੰਧ ਵਿਸ਼ਵਾਸ਼ ਤਿਆਗ ਕੇ ਗੁਰਮਤ ਅਪਨਾਉਣ ਲਈ ਪ੍ਰੇਰਿਆ। ਮਹਾਰਾਜ ਗੁਰਦਿਆਲ ਸਿੰਘ ਜੀ ਨੇ ਲਿਖਿਆ,

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਨੀਆਂ ਦੇ ਮਹਾਨ ਰੂਹਾਨੀ ਆਗੂਆਂ ਦੀ ਗੁਰਗੱਦੀ ਤੇ ਬਿਰਾਜ ਮਾਨ ਹੋਏ ਆਪ ਦੀ ਗਿਣਤੀ ਦੁਨੀਆਂ ਦੇ ਮਹਾਨ ਰੂਹਾਨੀ ਪੇਸ਼ਵਾਵਾਂ ਵਿਚ ਹੁੰਦੀ ਹੈ ਤੇ ਆਪਦੀ ਆਤਮਕ ਸ਼ਕਤੀ, ਆਪ ਦੇ ਕਰਮ ਯੋਗ (ਅਮਲੀ ਜੀਵਨ) ਅਤੇ ਬਲੀਦਾਨ ਸਦਕਾ ਮੂਰਤੀਮਾਨ ਹੋਈ। ਸਿੱਖ ਰਾਜ ਦੇ ਪਤਨ ਤੋ ਬਾਅਦ ਜਦੋ ਸਿੱਖਾਂ ਵਿਚ ਮੁਕੰਮਲ ਗਿਰਾਵਟ ਤੇ ਬਦਇਖਲਾਕੀ ਆ ਚੁੱਕੀ ਸੀ ਤਾਂ ਉਸ ਸਮੇ ਸ੍ਰੀ ਸਤਿਗੁਰੂ ਰਾਮ ਸਿੰਘ ਨੇ ਸਿੱਖਾਂ ਵਿਚ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਲਾਸਾਨੀ ਸਿਪਿਰਟ ਭਰੀ।"

ਆਪ ਨੇ ਲੋਕਾਂ ਨੂੰ ਇਨਸਾਨੀਅਤ ਦੇ ਗੁਣਾਂ ਨਾਲ ਭਰਪੂਰ, ਚੰਗੇ ਚਾਲਚਲਣ ਵਾਲੇ ਮਨੁੱਖ ਬਣਾਇਆ ਕਿਉਂਕਿ ਮਨੁੱਖੀ ਕਦਰਾਂ ਕੀਮਤਾਂ ਵਾਲਾ ਮਨੁੱਖ ਹੀ ਕਿਸੇ ਲਈ ਕੁਰਬਾਨੀ ਦੇ ਸਕਦਾ ਹੈ, ਧਰਮਯੁਧ ਕਰ ਸਕਦਾ ਹੈ। ਹੁਮਾਯੂ ਕਬੀਰ ਦੇ ਸ਼ਬਦਾਂ ਵਿਚ।

"ਮਨੁਖੀ ਚਾਲ ਚਲਣ ਦੇ ਧੁਰ ਅੰਦਰ ਦੀਆ ਡੂੰਘਾਈਆਂ ਵਿਚ ਝਾਕਣ ਪਿਛੋਂ ਉਸ ਨੇ ਮਹਿਸੂਸ ਕੀਤਾ ਕਿ ਮਨੁੱਖ ਦੇ ਸ਼ਖਸ਼ੀ ਗੁਣਾਂ ਦੀ ਬਿਹਤਰੀ ਤੋਂ ਬਿਨਾ ਨਾ ਹੀ ਰਾਜਨੀਤਕ ਮੁਕਤੀ ਤੇ ਨਾ ਹੀ ਸਮਾਜਕ ਤੇ ਪਦਾਰਥਕ ਉਨਤੀ ਸੰਭਵ ਹੋਵੇਗੀ। ਇਸ ਕਰਕੇ ਉਸ ਨੇ ਇਖ਼ਲਾਕੀ ਖ਼ੂਬੀਆਂ ਤੇ ਬਹੁਤ ਜ਼ੋਰ ਦਿੱਤਾ ਅਤੇ ਆਪਣੇ



ਸੇਵਕਾਂ ਵਿਚ ਧਾਰਮਕ ਤੌਰ ਉਤੇ ਉਪਾਸ਼ਨਾ ਅਤੇ ਸੇਵਾ ਦੀ ਭਾਵਨਾ ਭਰੀ।"

ਸਿਖਾਂ ਵਿਚ ਬਹੁਤ ਸਾਰੇ ਰਾਜੇ ਮਹਾਰਾਜੇ, ਸੋਢੀ, ਬੇਦੀ, ਗੁਰਦੁਆਰਿਆਂ ਦੇ ਮਹੰਤ ਆਦਿ ਜਨ ਸਾਧਾਰਨ ਨੂੰ ਆਪਣੇ ਮਗਰ ਲਾਈ ਫਿਰਦੇ ਸਨ ਪਰ ਕਿਸੇ ਨੇ ਉਨ੍ਹਾਂ ਅੰਦਰਲੇ ਮਨੁੱਖ ਨੂੰ ਨਹੀ ਟੁੰਬਿਆ। ਉਨ੍ਹਾਂ ਅੰਦਰ ਸੁਤੀ ਅਣਖ ਜਗਾਉਣ ਦਾ ਸਿਹਰਾ ਸਤਿਗੁਰੂ ਰਾਮ ਸਿੰਘ ਸਿਰ ਹੀ ਸੀ।

ਸਤਿਗੁਰਾਂ ਦੀ ਕੂਕਾ ਲਹਿਰ ਕੇਵਲ ਧਾਰਮਕ ਲਹਿਰ ਹੀ ਨਹੀ ਸੀ ਸਗੋ ਸਮਾਜ ਸੁਧਾਰਕ ਅਤੇ ਇਸ ਤੋ ਵੀ ਵੱਧ ਰਾਜਨੀਤਕ ਜਥੇਬੰਦੀ ਸੀ। ਉਸ ਸਮੇ ਹੀ, ਬ੍ਰਹਮ ਸਮਾਜ, ਪ੍ਰਾਰਥਨਾ ਸਮਾਜ, ਰਾਮ ਕ੍ਰਿਸ਼ਨ ਮਿਸ਼ਨ, ਥਿਓਸੋਫੀਕਲ ਮੂਵਮੈਂਟ, ਰਾਧਾ ਸੁਆਮੀ, ਨਿਰੰਕਾਰੀ ਆਦਿ ਲਹਿਰਾਂ ਚਲੀਆਂ ਪਰ ਇਨ੍ਹਾਂ ਦਾ ਕਾਰਜ ਖੇਤਰ ਕੁਝ ਧਾਰਮਕ ਤੇ ਸਮਾਜਕ ਹੀ ਸੀ ਰਾਜਨੀਤਕ ਬਿਲਕੁਲ ਨਹੀ ਸੀ। ਦੂਜੇ ਪਾਸੇ ਵਹਾਬੀ ਮੁਸਲਮਾਨਾਂ ਦੀ ਇਕ ਜਮਾਤ ਸੀ ਜੋ ੧੮੪੯ ਈ. ਤੱਕ ਸਿੱਖ ਰਾਜ ਦੇ ਖਿਲਾਫ ਅਤੇ ਬਾਅਦ ਵਿਚ ਬਰਤਾਨਵੀ ਸ਼ਾਸਨ ਦੇ ਖਾਤਮੇ ਲਈ ਅਤੇ ਮੁਸਲਮਾਨ ਰਾਜ ਦੀਆਂ ਜੜ੍ਹਾਂ ਲਾਉਣ ਲਈ ਲੜਦੀ ਰਹੀ। ਇਸ ਸਮੇਂ ਹੀ ਮਹਾਰਾਸ਼ਟਰ ਵਿਚ ਵਾਸਦੇਵ ਬਲਵੰਤ ਨੇ ਵੀ ਅਜ਼ਾਦੀ ਦਾ ਝੰਡਾ ਚੁਕਿਆ ਅਤੇ ਨਾਅਰਾ ਦਿਤਾ, "ਹਥਿਆਰ ਬੰਦ ਲੜਾਈ ਬਿਨਾ ਆਜ਼ਾਦੀ ਨਹੀ " ਇਨ੍ਹਾਂ ਵਿਚੋ ਕਿਸੇ ਨੇ ਵੀ ਬਹੁਪਖੀ ਉਦੇਸ਼ ਨਾਲ ਲੋਕਾਂ ਨੂੰ ਜਥੇਬੰਦ ਨਹੀ ਕੀਤਾ ਜੋ ਸਤਿਗੁਰਾਂ ਨੇ ਕੀਤਾ। ਆਪ ਬਾਰੇ ਮੁਹੰਮਦ ਲਤੀਫ ਨੇ ਵੀ ਲਿਖਿਆ,

"(ਗੁਰੂ) ਰਾਮ ਸਿੰਘ ਅਤੇ ਉਸ ਦੇ ਮੁਰੀਦਾ ਦੇ ਮੁਦੇ ਮਹਿਜ਼ ਧਾਰਮਕ ਹੀ ਨਹੀਂ ਸਨ ਸਗੋ ਇਕ ਧਾਰਮਕ, ਸੁਧਾਰਕ ਅਤੇ ਸਦਾਚਾਰਕ ਨਸੀਹਤਾਂ ਦੇ ਬਾਣੇ ਵਿਚ ਉਸ ਨੇ ਡੂੰਘੇ ਰਾਜਨੀਤਕ ਮਨਸੂਬੇ ਬਣਾਏ।"

ਇਸ ਗਲ ਦੀ ਹੀ ਪ੍ਰੋੜਤਾ ਡਾਕਟਰ ਗੁਪਾਲ ਸਿੰਘ ਨੇ ਇਨ੍ਹਾਂ ਸ਼ਬਦਾਂ ਵਿਚ ਕੀਤੀ :

"ਪਰ ਉਸ ਦੀ ਅਕਾਲ ਪੁਰਖ ਨਾਲ ਅਡੋਲ ਲਿਵ, ਉਸ ਦੀ ਜਹਾਦ ਦੀ ਦਲੇਰੀ ਅਤੇ ਉਸ ਦੇ ਪੈਰੋਕਾਰਾਂ ਦੀ ਸੂਰਮਿਆ ਵਾਲੀ ਕੁਰਬਾਨੀ (ਭਾਵੇਂ ਕਿਸੇ ਸਬਬ) ਨੇ ਉਨ੍ਹੀ ਦਿਨੀ ਆਪ ਦੀ ਮੂਲ ਰੂਪ ਵਿਚ ਸਮਾਜਕ-ਧਾਰਮਕ ਲਹਿਰ ਨੂੰ ਇਕ ਬਲਕਾਰੀ ਰਾਜਨੀਤਕ ਸ਼ਕਤੀ ਬਣਾਇਆ।"

ਆਪਣੇ ਧਰਮ ਵਿਚ ਪਰਪਕ ਵਿਅਕਤੀ ਹੀ ਸੱਚਾ ਸੁੱਚਾ

Namdhari Elibrary NamdhariElibrary@gmail.com

ਦੇਸ਼ ਭਗਤ ਹੋ ਸਕਦਾ ਹੈ, ਦੀ ਧਾਰਨਾ ਲੈ ਕੇ ਹੀ, ਬੈਂਕਿਮ ਚੰਦਰ ਚੈਟਰਜੀ, ਵਿਵੇਕਾ ਨੰਦ, ਅਰਬਿੰਦੂ ਘੋਸ਼ ਅਤੇ ਲੋਕਮਾਨਿਆ ਤਿਲਕ ਨੇ ਧਰਮ ਦਾ ਆਸਰਾ ਲੈ ਕੇ ਆਜ਼ਾਦੀ ਦੀ ਲੜਾਈ ਲੜੀ।

ਨਿਰਸੰਦੇਹ ਧਰਮ ਦੇ ਆਸਰੇ ਅਜ਼ਾਦੀ ਦੀ ਲੜਾਈ ਲੜਨ ਦੀ ਪਹਿਲ ਸਤਿਗੁਰੂ ਰਾਮ ਸਿੰਘ ਨੇ ਹੀ ਕੀਤੀ।

ਆਪ ਭਾਰਤੀ ਸੁਤੰਤਰਤਾ ਸੰਗਰਾਮ ਦੇ ਮੋਢੀ ਤਾਂ ਸਨ ਹੀ, ਇਸ ਤੋਂ ਇਲਾਵਾ ਆਪ ਆਜ਼ਾਦੀ ਦੀ ਲੜਾਈ ਲਈ ਨਵੀ ਪੈਂਤੜੇ ਬਾਜ਼ੀ ਦੇ ਵੀ ਪਥ ਪ੍ਰਦਰਸ਼ਕ ਸਨ। ਆਪ ਨੂੰ ਪਤਾ ਸੀ ਕਿ ਅੰਗਰੇਜ਼ਾਂ ਨਾਲ ਜੰਗੀ ਹਥਿਆਰਾਂ ਦੀ ਵਰਤੋਂ ਨਾਲ ਲੜਨ ਲਈ ਹਿੰਦੀਆਂ ਦਾ ਛੇਤੀ ਤਿਆਰ ਹੋਣਾ ਔਖਾ ਸੀ। ਆਪ ਨੇ ਲੜਾਈ ਦਾ ਢੰਗ ਹੀ ਬਦਲ ਦਿਤਾ। ਆਪ ਨੇ, ਬਰਤਾਨਵੀ ਸਰਕਾਰ ਅਤੇ ਵਪਾਰ ਨੂੰ ਢਾਹ ਲਾਉਣ ਲਈ, ਨਾਮਿਲਵਰਤਨ ਅਤੇ ਬਾਈਕਾਟ ਦਾ ਮਾਰੂ ਹਥਿਆਰ ਆਪਣੇ ਪੈਰੋਕਾਰਾ ਨੂੰ ਫੜਾ ਦਿੱਤਾ। ਐਨਸਾਈਕਲੋ ਪੀਡੀਆ ਬ੍ਰਿਟੈਨਿਕਾ ਵਿਚ ਵੀ ਲਿਖਿਆ ਹੈ,

" (ਗੁਰੂ) ਰਾਮ ਸਿੰਘ ਸਿੱਖ ਫਿਲਾਸਫਰ ਤੇ ਸੁਧਾਰਕ ਅਤੇ ਅੰਗਰੇਜ਼ੀ ਵਪਾਰੀ ਮਾਲ ਅਤੇ ਨੌਕਰੀਆਂ ਪ੍ਰਤੀ ਨਾ-ਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਨ ਵਾਲਾ ਪਹਿਲਾ ਭਾਰਤੀ ਹੈ।"

> *ਐਨਸਾਈਕਲੋ ਪੀਡੀਆ ਬ੍ਰਿਟੈਨਿਕਾ ਵਿਚ ਵੀ ਲਿਖਿਆ ਹੈ, "(ਗੁਰੂ) ਰਾਮ ਸਿੰਘ ਸਿੱਖ ਫਿਲਾਸਫਰ ਤੇ ਸੁਧਾਰਕ ਅਤੇ ਅੰਗਰੇਜ਼ੀ ਵਪਾਰੀ ਮਾਲ ਅਤੇ ਨੌਕਰੀਆਂ ਪ੍ਰਤੀ ਨਾ-ਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਨ ਵਾਲਾ ਪਹਿਲਾ ਭਾਰਤੀ ਹੈ।"*

ਡਾਕਟਰ ਰਾਜਿੰਦਰ ਪ੍ਰਸ਼ਾਦ ਦੇ ਵਿਚਾਰ ਵੀ ਇਸ ਤੋਂ ਭਿੰਨ ਨਹੀ, "ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਇਤਲੇ ਜ਼ੋਰ ਸੇ ਚਲਾਇਆ ਉਸ ਕਾ ਗੁਰੂ ਰਾਮ ਸਿੰਘ ਨੇ ਪ੍ਰਾਯ ਪਚਾਸ ਵਰਸ਼ ਪੂਰਵ ਹੀ ਨਾਮਧਾਰੀਓਂ ਮੇਂ ਪ੍ਰਚਾਰ ਕੀਆ ਥਾ ਉਨ ਕੇ ਸਿਧਾਂਤੋ ਮੇਂ ਪਾਂਚ ਚੀਜ਼ੇ ਹੈ। ੧. ਸਰਕਾਰੀ ਨੌਕਰੀ ਦਾ ਬਹਿਸ਼ਕਾਰ ੨. ਸਰਕਾਰੀ ਅਦਾਲਤੋਂ ਕਾ ਬਹਿਸ਼ਕਾਰ ੩. ਸਰਕਾਰੀ ਸਕੂਲੋਂ ਕਾ ਬਹਿਸ਼ਕਾਰ ੪. ਬਦੇਸ਼ੀ ਵਸਤਰੋਂ ਕਾ ਬਹਿਸ਼ਕਾਰ ੫. ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਆਪਣੀ ਆਤਮਾ ਦੇ ਵਿਰੁਧ ਹੈਂ ।"

ਇਸ ਤੋਂ ਇਲਾਵਾ ਸਤਿਗੁਰਾਂ ਨੇ ਕੂਕਿਆਂ ਨੂੰ ਗੱਡੀ ਵਿਚ ਚੜ੍ਹਨੋਂ ਅਤੇ ਡਾਕਖਾਨੇ ਵਿਚ ਚਿੱਠੀਆਂ ਪਾਉਣੋ ਵੀ ਵਰਜ ਦਿਤਾ।

ਆਪ ਨੇ ਸਵਦੇਸ਼ੀ ਦਾ ਭਰਪੂਰ ਪਰਚਾਰ ਕੀਤਾ।

ਆਪ ਪਹਿਲੇ ਭਾਰਤੀ ਸਨ ਜਿਨ੍ਹਾਂ ਨੇ ਸਮਾਨਾਂਤਰ ਸਰਕਾਰ ਕਾਇਮ ਕੀਤੀ। ਅੰਗਰੇਜ਼ ਰਾਜ ਵਿਚ ਵੀ ਆਪਦਾ ਆਪਣਾ ਰਾਜਪ੍ਰਬੰਧ ਸੀ ਜਿਸ ਦਾ ਰਾਜਨੀਤਕ, ਧਾਰਮਕ, ਸਮਾਜਕ, ਸਦਾਚਾਰਕ ਅਤੇ ਆਰਥਕ ਮੁਲ ਸੀ।

ਇਹ ਰਾਜ ਪ੍ਰਬੰਧ ਆਪ ਨੇ ੨੨ ਸੂਬਿਆਂ ਦੇ ਹੱਥ ਸੌਂਪ ਰੱਖਿਆ ਸੀ। ਇਹ ਸਾਰੇ ਸੂਬੇ ਉਚੇ ਸੁੱਚੇ ਚਾਲਚਲਣ ਵਾਲੇ ਸਨ, ਸੁਘੜ ਸੁਜਾਨ ਸਨ। ਉਨ੍ਹਾਂ ਨੂੰ ਇਲਾਕੇ ਵੰਡੇ ਹੋਏ ਸਨ। ਉਨ੍ਹਾਂ ਦੇ ਨਾਲ ਨਾਇਬ ਸੂਬੇ ਅਤੇ ਜਥੇਦਾਰ ਵੀ ਸਨ। ਉਹ ਕੂਕਿਆਂ ਦੇ ਗੁਣਾਤਮਕ ਅਤੇ ਗਿਣਾਤਮਕ ਵਾਧੇ ਲਈ ਪਰਚਾਰ ਕਰਦੇ ਸਨ।

ਆਪ ਦਾ ਨਿਆਂ ਪ੍ਰਬੰਧ ਵੱਖਰਾ ਸੀ ਜਿਸ ਦਾ ਮੁਖੀ ਸੂਬਾ ਰਤਨ ਸਿੰਘ ਸੀ ਜੋ ਕੋਈ ਲੜਾਈ ਝਗੜਾ, ਪਰ੍ਹੇ ਪੰਚਾਇਤ ਵਿਚ ਜਾਂ ਇਲਾਕੇ ਦੇ ਮੁਖੀ ਕੋਲੋਂ ਨਾ ਨਿਬੜਦਾ ਤਾਂ ਸੂਬਾ ਦੋਹਾਂ ਧਿਰਾਂ ਦੀ ਗਲ ਸੁਣ ਕੇ ਆਪਣਾ ਫੈਸਲਾ ਸੁਣਾ ਦੇਂਦਾ ਜਿਹੜਾ ਮੰਨਿਆ ਜਾਂਦਾ।

ਆਪ ਦੇ ਵਿਦੇਸ਼ਾਂ ਨਾਲ ਵੀ ਸੰਬੰਧ ਸਨ : ਨੇਪਾਲ ਵਿਚ ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ, ਅਫ਼ਗਾਨਿਸਤਾਨ, ਕਾਬਲ ਵਿਚ ਬਿਸ਼ਨ ਸਿੰਘ, ਰੂਸ ਵਿਚ ਗੁਰਚਰਨ ਸਿੰਘ, ਕਸ਼ਮੀਰ ਵਿਚ ਹੇਮਾ ਸਿੰਘ ਮਿਤਰਤਾ ਭਰੇ ਸੰਬੰਧ ਕਾਇਮ ਕਰ ਰਹੇ ਸਨ। ਉਹ ਤੋਹਫਿਆਂ ਦਾ ਅਦਾਨ ਪ੍ਰਦਾਨ ਕਰ ਰਹੇ ਸਨ ਅਤੇ ਦੇਸ਼ ਆਜ਼ਾਦ ਕਰਾਉਣ ਲਈ ਮਦਦ ਮੰਗ ਰਹੇ ਸਨ। ਪੰਜਾਬ ਤੋਂ ਬਾਹਰ ਗਵਾਲੀਅਰ ਵਿਚ ਨਾਰਾਇਣ ਸਿੰਘ ਅਤੇ ਬਨਾਰਸ ਵਿਚ ਕਾਨ੍ਹ ਸਿੰਘ ਸਤਿਗੁਰਾਂ ਦੇ ਹੁਕਮ ਅਨੁਸਾਰ ਕੰਮ ਕਰਦੇ ਸਨ।

ਆਪ ਦਾ ਗੁਪਤਚਰ ਵਿਭਾਗ ਵੀ ਆਪਣਾ ਹੀ ਸੀ। ਜਿਹੜਾ ਵੀ ਸੁਨੇਹਾ ਕਿਤੇ ਪਹੁੰਚਾਉਣਾ ਹੁੰਦਾ ਬਿਨਾ ਕਿਸੇ ਨੂੰ ਸੂਹ ਲੱਗੇ ਪਹੁੰਚ ਜਾਂਦਾ। ਇਹ ਸੁਨੇਹੇ ਕਈ ਵਾਰ ਸੰਕੇਤਾਂ ਵਿਚ, ਜ਼ਬਾਨੀ ਜਾਂ ਲਿਖਤੀ ਭੇਜੇ ਜਾਂਦੇ। ਇਹ ਵਿਭਾਗ ਡਾਕ ਪ੍ਰਬੰਧ ਨਾਲ ਜੁੜਿਆ ਹੋਇਆ ਸੀ ਜਿਸ ਦਾ ਮੁਖੀ ਸੂਬਾ ਸਾਹਿਬ ਸਿੰਘ ਸੀ।

ਉਜ ਤਾਂ ਅਕਬਰ ਨੇ ਵੀ ਆਪਣਾ ਰਾਜ ਪ੍ਰਬੰਧ ੨੨ ਸੂਬਿਆਂ ਵਿਚ ਵੰਡਿਆ ਹੋਇਆ ਸੀ ਅਤੇ ਗੁਰੂ ਅਮਰਦਾਸ ਜੀ ਨੇ ਵੀ ੨੨ ਮੰਜੀਆਂ ਸਥਾਪਤ ਕੀਤੀਆਂ ਹੋਈਆਂ ਸਨ। ਪਰ ਪਹਿਲੀ ਵੰਡ ਰਾਜਨੀਤਕ ਸੀ ਤੇ ਦੂਜੀ ਨਿਰੋਲ ਧਾਰਮਕ, ਧਰਮ ਅਤੇ ਰਾਜਨੀਤੀ ਦੋਹਾਂ ਖੇਤਰਾਂ ਵਿਚ ਸਾਂਝੇ ਤੌਰ ਤੇ ਕੰਮ ਕਰਨ ਦੀ ਜਾਚ ਆਪ ਨੇ ਹੀ ਦੱਸੀ।

ਇਸਾਈ ਮਿਸ਼ਨਰੀ ਦਾ ਕੇਂਦਰ ਲੁਧਿਆਣੇ ਸੀ। ਆਪ ਉਸ ਦੇ ਪ੍ਰਭਾਵ ਤੋਂ ਬਿਲਕੁਲ ਅਣਭਿਜ ਰਹੇ ਹਾਲਾਂਕਿ ਲੁਧਿਆਣਾ ਭੈਣੀ ਸਾਹਿਬ ਤੋਂ ਮਸਾਂ ਪੰਦਰਾਂ ਕੁ ਮੀਲ ਹੀ ਦੂਰ ਸੀ। ਕਈ ਸਰਦੇ ਪੁਜਦੇ ਸਿੱਖ ਵੀ ਸੁਰਾ ਸੁੰਦਰੀ ਦੇ ਸੈਦਾਈ ਹੋ ਕੇ, ਪੱਛਮੀ ਤੜਕ ਭੜਕ ਤੋਂ ਪ੍ਰਭਾਵਤ ਹੋ ਕੇ ਇਸਾਈ ਬਣੇ । ਆਪ ਨੇ ਇਸਾਈ ਧਰਮ ਦੀ ਥਾਂ ਹਿੰਦੀਆਂ ਦਾ ਮੂੰਹ ਆਪਣੇ ਧਰਮ ਵਲ ਮੋੜਨ ਦਾ ਯਤਨ ਕੀਤਾ।

ਸਭ ਤੋਂ ਪਹਿਲੇ ਸਤਿਆਗ੍ਰਹਿ ਦਾ ਮਾਰਗ ਵੀ ਆਪ ਨੇ ਹੀ ਅਪਨਾਇਆ। ੧੮੬੩ ਈ. ਵਿਚ ਆਪ ਨੂੰ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿਤਾ ਗਿਆ, ਅਣਮਿੱਥੇ ਸਮੇਂ ਲਈ। ਪਰ ਆਪ ੧੮੬੭ ਈ. ਵਿਚ ਸਰਕਾਰੀ ਹੁਕਮ ਦੀ ਉਲੰਘਣਾ ਕਰਕੇ ਸਤਿਆਗ੍ਰਹਿ ਕਰਦੇ ਹੋਏ ਹੋਲਾ ਮਨਾਉਣ ਲਈ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ। ਏਸੇ ਸਾਲ ਦੀ ਦਿਵਾਲੀ ਉਤੇ ਅੰਮ੍ਰਿਤਸਰ ਵੀ ਆਪ ਬਿਨਾ ਸਰਕਾਰ ਦੀ ਇਜਾਜ਼ਤ ਲਿਆਂ ਹੀ ਗਏ। ਦੋਹਾਂ ਥਾਵਾਂ ਤੇ ਆਪ

Namdhari Elibrary NamdhariElibrary@gmail.com

ਨੇ ਨਾਮਧਾਰੀ ਲਹਿਰ ਦਾ ਪ੍ਰਭਾਵਸ਼ਾਲੀ ਪ੍ਰਚਾਰ ਵੀ ਕੀਤਾ।

ਆਪ ਪਹਿਲੇ ਰਾਹਨੁਮਾ ਸਨ ਜਿਨ੍ਹਾਂ ਸੁਤੰਤਰਤਾ ਸੰਗ੍ਰਾਮ ਦਾ ਮੁੱਢ ਪਿੰਡਾਂ ਵਿਚ ਬੱਧਾ। ਆਪ ਨੇ ਨਾਮਧਾਰੀ ਲਹਿਰ ਦਾ ਕੇਂਦਰ ਵੀ ਪਿੰਡ ਨੂੰ ਹੀ ਬਣਾਇਆ। ਪਿੰਡਾ ਦੇ ਲੋਕਾਂ ਵਲੋਂ ਵੀ ਆਪ ਨੂੰ ਭਰਪੂਰ ਹੁੰਗਾਰਾ ਮਿਲਿਆ। ਆਪ ਨੇ ਇਨ੍ਹਾਂ ਸਾਦ ਮੁਰਾਦੇ ਪੇਂਡੂ ਲੋਕਾਂ ਦੇ ਦਿਲਾਂ ਦੀ ਕੋਰੀ ਸਲੇਟ ਉਤੇ ਜੋ ਵੀ ਲਿਖਿਆ ਵਾਚਿਆ ਗਿਆ।

ਸਤਿਗੁਰੂ ਰਾਮ ਸਿੰਘ ਨੇ ਮਾਂ-ਬੋਲੀ ਪੰਜਾਬੀ ਦੀ ਸਿਖਿਆ ਦੀ ਤਾਕੀਦ ਕੀਤੀ। ਹਰ ਕੂਕੇ ਲਈ ਆਪਣੇ ਬੱਚੇ, ਬੱਚੀ ਨੂੰ ਗੁਰਮੁਖੀ ਅੱਖਰ ਪੜ੍ਹਾਉਣੇ ਲਾਜ਼ਮੀ ਸਨ। ਗੁਰਬਾਣੀ ਪੜ੍ਹਨ, ਪਾਠ ਕਰਨ ਅਤੇ ਨਿਤਨੇਮ ਲਈ ਵੀ ਪੰਜਾਬੀ ਦਾ ਗਿਆਨ ਲੋੜੀਂਦਾ ਸੀ।

ਇਨ੍ਹਾਂ ਲੋਕਾਂ ਨੇ ਹੀ ਰਹਿਤ ਮਰਿਆਦਾ ਨੂੰ ਵੀ ਅਪਨਾਇਆ, ਕੁਰਬਾਨੀਆਂ ਵੀ ਦਿਤੀਆਂ ਅਤੇ ਆਪ ਦੇ ਦਰਸ਼ਨ ਪਰਸਨ ਲਈ ਖਾਰਾ ਸਮੁੰਦਰ ਪਾਰ ਕਰਕੇ ਰੰਗੂਨ ਅਤੇ ਮਰਗੋਈ ਵੀ ਗਏ ।

ਕੂਕਾ ਲਹਿਰ ਦੀਆਂ ਜੜ੍ਹਾਂ ਪਿੰਡਾਂ ਵਿਚ ਹੋਣ ਕਰਕੇ ਹੀ ਚਤੁਰ ਬਰਤਾਨਵੀ ਹਾਕਮ ਵੀ ਇਸ ਦੀ ਰਾਜਨੀਤਕ ਚਾਲ ਨੂੰ ਕਈ ਸਾਲਾਂ ਬਾਅਦ ਹੀ ਸਮਝ ਸਕਿਆ।

ਸਤਿਗੁਰੂ ਰਾਮ ਸਿੰਘ ਨੇ ਮਾਂ-ਬੋਲੀ ਪੰਜਾਬੀ ਦੀ ਸਿਖਿਆ ਦੀ ਤਾਕੀਦ ਕੀਤੀ। ਹਰ ਕੂਕੇ ਲਈ ਆਪਣੇ ਬੱਚੇ, ਬੱਚੀ ਨੂੰ ਗੁਰਮੁਖੀ ਅੱਖਰ ਪੜ੍ਹਾਉਣੇ ਲਾਜ਼ਮੀ ਸਨ। ਗੁਰਬਾਣੀ ਪੜ੍ਹਨ, ਪਾਠ ਕਰਨ ਅਤੇ ਨਿਤਨੇਮ ਲਈ ਵੀ ਪੰਜਾਬੀ ਦਾ ਗਿਆਨ ਲੋੜੀਂਦਾ ਸੀ।

ਆਪ ਨੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਦਾ ਦਰਜਾ ਦੇਣ ਦਾ ਵੀ ਮਹਾਨ ਕਾਰਜ ਕੀਤਾ। ਆਪ ਨੇ ਉਨ੍ਹਾਂ ਨੂੰ ਪੰਜ ਕਕਾਰ ਪੁਆਏ , ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਅਤੇ ਪੁਰਸ਼ਾਂ ਜਿੰਨੀ ਉਚੀ ਸੁੱਚੀ ਮਰਿਆਦਾ ਦਿੱਤੀ। ਆਪ ਨੇ ਕੁੜੀਆਂ ਮਾਰਨ, ਵੇਚਨ ਜਾਂ ਵੱਟਾ ਕਰਨ ਤੋਂ ਵਰਜਿਆ, ਵਿਧਵਾ ਵਿਆਹ ਦੀ ਖੁਲ੍ਹ ਦਿਤੀ ਅਤੇ ਘੁੰਡ ਕਢਣ ਦੀ ਮਨਾਹੀ ਕੀਤੀ। ਆਪ ਨੇ ਸਮਾਜ ਵਿਚ ਔਰਤ ਦਾ ਸਨਮਾਨ ਵਧਾਇਆ।

ਸ੍ਰੀ ਸਤਿਗੁਰੂ ਜੀ ਇਕ ਅੱਦੁਤੀ ਸ਼ਖਸੀਅਤ ਵਾਲੇ, ਵਿਲਖਣ ਸ਼ਕਤੀਆਂ ਦੇ ਮਾਲਕ ਤੀਖਣ ਬੁਧ, ਜ਼ਹੀਨ ਵਿਅਕਤੀ ਸਨ। ਕੂਕਿਆਂ ਦੀ ਤਾਂ ਉਨ੍ਹਾਂ ਉਤੇ ਅਸੀਮ ਸਰਧਾ ਸੀ ਹੀ, ਗ਼ੈਰ ਨਾਮਧਾਰੀ ਅਤੇ ਖਾਸ ਕਰਕੇ ਨਾਮਧਾਰੀਆਂ ਦੇ ਵਿਰੋਧੀ ਵੀ ਮੂੰਹ ਵਿਚ ਉਂਗਲਾਂ ਪਾਉਂਦੇ ਸਨ ਕਿ ਕਿਸੇ ਅਮੀਰ ਵਜ਼ੀਰ, ਸਰਦਾਰ ਸ਼ਾਹੂਕਾਰ ਜਾਂ ਰਾਜੇ ਮਹਾਰਾਜੇ ਦੇ ਘਰ ਨਹੀਂ ਸਗੋਂ ਇਕ ਸਰਬ ਸਾਧਾਰਨ ਸਾਊ, ਸੁਹਿਰਦ, ਪੇਂਡੂ ਕਿਰਤੀ ਘਰ ਜਨਮ ਲੈ ਕੇ ਵੱਡੇ ਸਾਧਨ ਨਾ ਹੋਣ ਦੇ ਬਾਵਜੂਦ ਵੀ ਆਸਾਧਾਰਣ ਰੂਪ ਵਿਚ ਲੱਖਾਂ ਡਰੇ ਸਹਿਮੇ ਲੋਕਾਂ ਨੂੰ ਜਥੇਬੰਦ ਕਰਨਾ, ਉਨ੍ਹਾਂ ਨੂੰ ਸੇਧ ਦੇ ਕੇ ਬਰਤਾਨਵੀ ਸਾਮਰਾਜ ਦੇ ਟਾਕਰੇ ਤੇ ਖੜਾ ਕਰਨਾ, ਅਤੇ ਸਰਕਾਰ ਨੂੰ ਵਖਤ ਪਾ ਦੇਣਾ ਕਿਸੇ ਦਿਬ ਦ੍ਰਿਸ਼ਟੀ ਵਾਲੇ ਦੀ ਸੰਗਠਨਾਤਮਕ ਸੂਝ ਦਾ ਹੀ ਸਿਟਾ ਹੋ ਸਕਦਾ ਸੀ। ਇਹ ਜ਼ਾਹਰਾ ਕਰਾਮਾਤ ਸੀ।

ਵਵਵ

ਭੈਣੀ ਸਾਹਿਬ ਵਿਚ ਨਵਾਂ ਤਖਤ

ਜਦ ਛੇਵੇਂ ਪਾਤਸ਼ਾਹ ਨੇ ਸਿਖਾਂ ਨੂੰ ਮੁਗਲ ਗਰਦੀ ਦੇ ਬਰਖਲਾਫ ਖੜਾ ਕੀਤਾ, ਤਾਂ ਪਹਿਲੀ ਗੱਲ ਜੋ ਉਨ੍ਹਾਂ ਕੀਤੀ ਉਹ ਅਕਾਲ ਤਖਤ ਦੀ ਸਾਜਨਾ ਸੀ, ਜਿਸਦਾ ਸਾਫ ਮਤਲਬ ਇਹ ਸੀ ਕਿ ਮੁਗਲਾਂ ਦੀ ਹਕੂਮਤ ਨੂੰ ਤੋੜਨ ਵਾਸਤੇ ਇਕ ਨਵੀਂ ਹਕੂਮਤ ਖੜੀ ਕਰ ਲਈ ਜਾਵੇ। ਇਸੇ ਗੱਲ ਨੂੰ ਅੱਗੇ ਰਖ ਕੇ ਜਦ ਬਾਬਾ ਰਾਮ ਸਿੰਘ ਜੀ ਨੇ ਦੇਖਿਆ ਕਿ ਹਿੰਦੀ ਕਮਜੋਰ ਹਨ ਤੇ ਵੇਲੇ ਦੀ ਹਕੂਮਤ ਹਿੰਦੁਸਤਾਨੀਆਂ ਦੇ ਜਜ਼ਬਾਤ ਦਾ ਖਿਆਲ ਨਹੀਂ ਕਰਦੀ ਤਾਂ ਹਿੰਦੁਸਤਾਨ ਵਿਚ ਸਵੈ-ਵਿਸ਼ਵਾਸ ਪੈਦਾ ਕਰਨ ਵਾਸਤੇ ਭੈਣੀ ਸਾਹਿਬ ਵਿਚ ਨਵਾਂ ਤਖਤ ਰਚ ਦਿਤਾ। ਨ ਸਿਰਫ ਨੌਕਰੀ ਆਦਿ ਤੋਂ ਹੀ ਰੋਕ ਦਿਤੇ ਗਏ ਸਗੋਂ ਥਾਂ-ਥਾਂ ਇਲਾਕਿਆਂ ਨੂੰ ਜੋੜਨ ਤੇ ਪਰੋਣ ਦੀ ਖਾਤਰ ਸੂਬੇ ਕਾਇਮ ਕਰ ਦਿਤੇ ਅਤੇ ਨਾਮਧਾਰੀਆਂ ਨੂੰ ਹੁਕਮ ਹੋਇਆ ਕਿ ਆਪਣੇ ਝਗੜੇ ਇਨ੍ਹਾਂ ਸੂਬਿਆਂ ਦੀ ਮਾਰਫਤ ਆਪਣੀਆਂ ਅਦਾਲਤਾਂ ਵਿਚ ਹੀ ਫੈਸਲੇ ਕਰਵਾਣ। ਇਸਦੇ ਨਾਲ ਹੀ ਨਾਮਧਾਰੀ ਸਿੰਘ ਭਾਵੇਂ ਅਜੇ ਮਾਮਲਾ ਤਾਂ ਦੇਂਦੇ ਸਨ, ਪਰ ਇਹ ਮਾਮਲਾ ਬਰਾਏ ਨਾਮ ਸੀ। ਅਸਲ ਵਿਚ ਉਹ ਆਪਣੀ ਆਮਦਨ, ਆਪਣੀ ਉਪਜੀਵਕਾ ਕਢ ਬਾਬਾ ਜੀ ਦੇ ਹਜ਼ੂਰ ਦੇਸ਼ ਕੌਮ ਦੀ ਆਜ਼ਾਦੀ ਹਾਸਲ ਕਰਨ ਵਾਸਤੇ ਭੇਜ ਦੇਂਦੇ ਸਨ।

ਬਾਬਾ ਰਾਮ ਸਿੰਘ ਜੀ ਦਾ ਕਾਇਮ ਕੀਤਾ ਹੋਇਆ ਇਹ ਬਰਾਬਰ ਦੀ ਹਕੂਮਤ ਦਾ ਤਰੀਕਾ ਏਨਾ ਕਾਮਯਾਬ ਸਾਬਤ ਹੋ ਰਿਹਾ ਸੀ ਕਿ ਬਦੇਸ਼ੀ ਸਰਕਾਰ ਇਸਨੂੰ ਦੇਖ ਕੇ ਅਤੀ ਭੈਭੀਤ ਹੋ ਗਈ। ਦੇਸ਼ ਨੇ ਬਾਬਾ ਜੀ ਦਾ ਸਾਥ ਨਾ ਦਿਤਾ। ਅਕਸਰ ਪਤਵੰਤਿਆਂ ਨੇ ਬਾਬਾ ਜੀ ਨਾਲ ਗਦਾਰੀ ਕੀਤੀ। ਜੇ ਅਜਕਲ੍ਹ ਦਾ ਸਮਾ ਹੁੰਦਾ ਤਾਂ ਬਾਬਾ ਜੀ ਦੇਰ ਦੇ ਕਾਮਯਾਬ ਹੁੰਦੇ।

ਸ੍ਰ. ਸਰਦੂਲ ਸਿੰਘ ਕਵੀਸਰ

Namdhari Elibrary NamdhariElibrary@gmail.com

ਮਹਾਨ ਆਤਮਾਂ ਦਾ ਪ੍ਰਕਾਸ਼!

ਭਾਈ ਮੋਹਨ ਸਿੰਘ ਵੈਦ

ਜਦ ਤੋਂ ਭੀ ਸੰਸਾਰ ਦਾ ਇਤਿਹਾਸ ਮਿਲਦਾ ਹੈ ਤਦ ਤੋਂ ਹੀ ਪ੍ਰਤਖ ਪ੍ਰਮਾਣ ਦੀ ਤਰ੍ਹਾਂ ਇਹ ਸਿੱਧ ਹੈ ਅਰ ਸਾਰੇ ਹੀ ਮਤ ਮਤਾਂਤ੍ਰਾਂ ਵਿਚ ਮੰਨਿਆ ਪ੍ਰਮੰਨਿਆ ਹੈ ਜੋ ਜਦ ਭੀ ਕਿਸੇ ਦੇਸ਼ ਦੇਸ਼ਾਂਤ੍ਰ ਜਾਂ ਕੌਮ ਤੇ ਜੁਲਮ ਹੋਣੇ ਸ਼ੁਰੂ ਹੋਏ ਤਾਂ ਉਸ ਦੇਸ਼ ਜਾਂ ਕੌਮ ਵਿਚ ਭ੍ਰਿਸਟਾਚਾਰ ਦਾ ਵਾਧਾ ਹੋਇਆ ਤਦ ਹੀ ਅਕਾਲ ਪੁਰਖ ਸਿਰਜਨ ਹਾਰ ਦਾਤਾਰ ਵਲੋਂ ਦੁਸ਼ਟ ਦੋਖੀਆਂ ਦੇ ਸੁਧਾਰਨ ਤੇ ਅਨਾਥ, ਗਰੀਬ ਭਲੇ ਪੁਰਸ਼ਾਂ, ਦੁਖੀ ਜੀਵਾਂ ਦੇ ਨਿਸਤਾਰਨ ਵਾਸਤੇ ਮਹਾਨ ਆਤਮਾਂ ਦਾ ਪ੍ਰਕਾਸ਼ ਹੁੰਦਾ ਰਿਹਾ ਤੇ ਹੁੰਦਾ ਰਹੇਗਾ।

ਇਸੇ ਤਰ੍ਹਾਂ ਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਲਗਾਈ ਤੇ ਦਸਵੇਂ ਸ੍ਰੀ ਗੁਰੂ ਨਾਨਕ ਕਲਗੀਧਰ ਮਹਾਰਾਜ ਜੀ ਤਕ ਫਲ ਫੁਲ ਸੰਯੁਕਤ ਸ਼ੁਭਾਇਮਾਨ ਹੋਈ ਖਾਲਸਾ ਪੰਥ ਰੂਪੀ ਫੁਲਵਾੜੀ ਫਲਦੀ ਫੁਲਦੀ ਜੱਥੇਬੰਦ ਹੋ ਰਾਜ ਭਾਗ ਤਕ ਪਹੁੰਚੀ। ਤੇ ਦੁਸ਼ਟ ਦੋਖੀਆਂ ਜ਼ਾਲਮਾਂ ਦਾ ਜੋਰ ਘਟ ਕੇ ਗੁਰ ਬਾਣੀ ਗੁਰਮਤ ਤੇ ਸਿੱਖ ਮੱਤ ਦਾ ਚੰਗਾ ਸੁਖਦਾਈ ਪ੍ਰਚਾਰ ਹੋਇਆ ਤੇ ਪੰਜਾਬ ਵਾਸੀ ਪ੍ਰਜਾ ਨੂੰ ਸੁਖ ਦਾ ਸਾਹ ਔਣ ਲੱਗਾ।

ਅਜੇ ਬਹੁਤ ਚਿਰ ਰਾਜ ਭਾਗ ਮਾਣਦਿਆਂ ਨਹੀਂ ਹੋਇਆ ਸੀ ਜੋ ਰਾਜਮਦ, ਆਪਸ ਦੀ ਬੇਇਤਬਾਰੀ, ਪਾਪਣ ਫੁੱਟ, ਅਰ ਵੈਰੀਆਂ ਨੇ ਮਿੱਤਰਾਂ ਦੇ ਰੂਪ ਧਾਰ ਕੇ ਖਾਲਸਾ ਪੰਥ ਵਿੱਚ ਆਣ ਪ੍ਰਵੇਸ਼ ਕੀਤਾ ਜਿਸ ਦੇ ਕਾਰਨ ਗੁਰਮਤ ਵਲੋਂ ਢਿਲਾਈ ਤੇ ਮਨਮਤ ਦਾ ਵਾਧਾ ਹੋ ਕੇ ਆਪਾਧਾਪ, ਲੋਭ ਲਾਲਚ ਦੀ ਖਵਾਰੀ ਤੇ ਆਪਣੇ ਹੀ, ਆਪਣੇ ਵੈਰੀ ਤੇ ਘਾਤਕ ਹੋ ਗਏ, ਗੁਰਮੁਖਾਂ ਧਰਮਾਤਮਾਂ ਸਿਖੀ ਸਿਦਕ ਭਰੋਸੇ ਵਾਲਿਆਂ ਵਾਸਤੇ ਸਮਾਂ ਨ੍ਰਿਬਾਹ ਕਰਨਾਂ ਕਠਨ ਹੋ ਚੁੱਕਿਆ, ਏਥੋਂ ਤਕ ਕਿ ਸ੍ਰੀ ਮਾਨ ਬਾਬਾ ਵੀਰ ਸਿੰਘ ਜੀ ਜੇਹੇ ਮਹਾਨ ਆਤਮਾਂ ਮਹਾ ਪੁਰਸ਼ਾਂ ਦੇ ਸਤਸੰਗ ਵਿਚ ਗੋਲੇ ਬਰਸਨ ਤਕ ਬਿਕਰਾਲ ਭਯਾਨਕ ਸਮਾਂ ਆ ਵਾਪਰਯਾ ਇਸੇ ਆਪਸ ਦੀ ਮਾਰ ਧਾੜ, ਵੀਰ ਵੀਰਾਂ ਦੇ ਵੈਰ, ਵਿਸਾਹ ਘਾਤ, ਤੇ ਸਿੱਖ ਸ਼ਕਲ ਵਿਚ ਵੈਰੀਆਂ ਦੇ ਨੀਚ ਕਾਰਿਆਂ ਨਾਲ ਸਿੱਖਾਂ ਦਾ ਰਾਜ ਭਾਗ ਨਸ਼ਟ ਹੋ ਗਿਆ, ਤੇ ਗੁਲਾਮੀ ਦੇ ਸੰਗਲਾਂ ਨਾਲ ਅਚਾਨਕ ਹੀ ਸਾਰਾ ਪੰਥ ਜਕੜਿਆ ਗਿਆ ਤੇ ਦੀਨੀ, ਦੁਨਿਆਵੀ ਸਾਰੀਆਂ ਬਰਕਤਾਂ ਤੋਂ ਵਾਂਜਯਾ ਗਿਆ। ਏਸ ਥੋਥੇ ਪਨ ਵਿੱਚ ਹੀ ਧਾਰਮਕ ਗਲਾਨੀ ਹੋ ਕੇ ਗੁਰਬਾਣੀ, ਕੀਰਤਨ, ਨਿੱਤ ਨੇਮ, ਨਿੱਤ ਦੇ ਸਤਸੰਗ, ਭਰਾਤ੍ਰੀ ਭਾਵ, ਆਦਿਕ ਵਲੋਂ ਭੀ ਮੂੰਹ ਮੋੜ ਗੁਲਾਮੀ, ਕੂੜ, ਕੁਸੱਤ ਮਾਇਆ ਦੇ ਮੋਹ ਵਿਚ ਫਾਥੇ ਗਏ।

ਅਜੇਹੇ ਭਯਾਨਕ ਸਮੇਂ ਵਿਚ ਸ੍ਰੀਮਾਨ ਪੂਜਨੀਯ ਮਹਾਨ



ਆਤਮਾ ਬਾਬਾ ਰਾਮ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਜਿਨਾਂ ਦੇ ਪ੍ਰਚਾਰ ਦੀ ਬਰਕਤ ਗੁਰ੍ਹਸਿਖਾਂ ਵਿਚ ਫਿਰ ਨਾਮ ਜਪੁ ਦੇ ਪ੍ਰਵਾਹ ਦੀ ਰੌਂ, ਤੇ ਗੁਰਸਿੱਖੀ ਦੇ ਗੁਣਾਂ ਨੇ ਮੁੜ ਪਲਟਾ ਖਾਧਾ, ਤੇ ਸਿੱਖਾਂ ਵਿਚੋਂ ਸਤਿਗੁਰੂ ਜੀ ਦੀ ਬਖਸ਼ਸ਼ ਦੀਨੀ ਦੁਨਿਆਵੀ ਬਰਕਤਾਂ ਜੋ ਆਪਾ ਧਾਪੀ ਮਨਮਤ ਆਦਿ ਦੇ ਪ੍ਰਵੇਸ਼ ਕਰਕੇ ਨਸ਼ਟ ਹੋ ਰਹੀਆਂ ਸਨ ਸੋ ਫੇਰ ਪਲਟਾ ਖਾਣ ਲਗੀਆਂ। ਅਤੇ ਅਤੀ ਗੌਰਵਤਾ ਭਰੇ ਸਤਸੰਗ ਤੇ ਦੀਵਾਨ ਹੋਣ ਲਗੇ ਅਰ ਗੁਰਮਤ ਦਾ ਪ੍ਰਚਾਰ ਗੁਰ ਸਿੱਖਾਂ ਵਿਚ ਚੰਗੇ ਜੋਰ ਨਾਲ ਚੜ੍ਹਦੀਆਂ ਕਲਾਂ ਵਿਚ ਹੋਣ ਲਗਾ! ਅਤੇ ਸੱਚ, ਸੁੱਚ, ਸੰਜਮ, ਸਾਦਗੀ, ਭਜਨ, ਕੀਰਤਨ ਆਦਿ ਦਾ ਪ੍ਰਵਾਹ ਚਲ ਪਿਆ।

ਗੁਰਸਿੱਖਾਂ ਦੀ ਏਸ ਜਥੇਬੰਦੀ ਨੂੰ ਵੇਖਕੇ ਵਿਰੋਧੀਆਂ ਦੇ ਹਿਰਦੇ ਕੰਬ ਉੱਠੇ ਅਤੇ ਏਹਨਾਂ ਧਾਰਮਕ ਭਾਵਾਂ ਤੇ ਵਰਤਾਰਿਆਂ ਵਿਚੋਂ ਭੀ ਵਿਰੋਧੀਆਂ ਨੂੰ ਰਾਜ ਵਿਦ੍ਰੋਹ ਦੀ ਗੰਧ ਔਣ ਲਗ ਪਈ ਤੇ ਸਿੱਖ ਸ਼ਕਲ ਵਾਲੇ ਹੀ ਚੁਗਲ ਪੈਦਾ ਹੋ ਗਏ।

ਜੋਰਾਵਰਾਂ ਦਾ ਸੱਤੀ ਵੀਂਹ ਸੌ, ਰਾਜ ਵਿਦ੍ਰੋਹ ਦੇ ਸੰਦੇਹ ਅਤੇ ਪਾਪ ਆਤਮਾਂ ਸਿੱਖ ਸ਼ਕਲ ਵਾਲੇ ਪਾਪੀਆਂ ਦੀਆ ਚੁਗਲੀਆਂ ਦੇ ਕਾਰਨ, ਸ੍ਰਕਾਰ ਅੰਗ੍ਰੇਜ਼ੀ ਵਲੋਂ ਮਹਾਨ ਆਤਮਾ ਸ਼ਾਂਤਿ ਸਵਰੂਪ, ਗੁਰਮਤਿ ਦੇ ਅਦੁੱਤੀ ਪ੍ਰਚਾਰਕ, ਹਰੀ ਰੂਪ, ਸ੍ਰੀ ੧੦੮ ਮਾਨ ਮਹਾਰਾਜ ਬਾਬਾ ਰਾਮ ਸਿੰਘ ਜੀ ਨੂੰ ਸੰਨ ੧੮੧੮ ਦੇ ਤੀਸਰੇ ਰੈਗੂਲੇਸ਼ਨ ਦੇ ਅਧੀਨ ਸੰਨ ੧੮੭੨ ਵਿਚ ਰੰਗੂਨ ਵਲ ਭੇਜ ਦਿੱਤਾ ਗਿਆ। ਭਾਵੇਂ ਸਥੂਲ ਸਰੀਰ ਕਰਕੇ ਤਾਂ ਬਾਬਾ ਜੀ ਨੂੰ ਦੁਰਾਡੇ ਭੇਜ ਦਿਤਾ ਗਿਆ ਪਰ ਓਨਾਂ ਦੀ ਮਹਾਨ ਆਤਮਾ ਪੂਜਨੀਯ ਜਯੋਤਿ ਉਨ੍ਹਾਂ ਦੇ ਪ੍ਰੇਮੀ ਗੁਰਸਿੱਖਾਂ ਵਿਚ ਜਿਉਂ ਦੀ ਤਿਉਂ ਪ੍ਰਕਾਸ਼ ਮਾਨ ਰਹੀ ਤੇ ਹੈ। ਅਨੇਕਾਂ ਕਸ਼ਟਾਂ ਦਾ ਸਾਹਮਣਾ ਹੋਵਨ ਪਰ ਭੀ ਨਾਮਧਾਰੀ ਵੀਰਾਂ ਵਲੋਂ ਅੱਜ ਤਕ ਅਦੁੱਤੀ ਨਾ ਮਿਲਵਰਤਨ, ਬਿਦੇਸ਼ੀ ਦਾ ਬਾਈਕਾਟ, ਗੁਲਾਮੀ ਦਾ ਤਿਆਗ, ਸੱਚ, ਸੁੱਚ ਸੰਜਮ, ਬੀਰਤਾ, ਸ੍ਵੈਤੰਤ੍ਰਤਾ, ਪ੍ਰੇਮ, ਤਯਾਗ, ਕੁਰਬਾਨੀ, ਦ੍ਰਿੜ੍ਹ ਨਿਸਚਯ, ਪ੍ਰੇਮ ਭਰੀ ਜਥੇਬੰਦੀ ਵਾਧੇ ਵਿਚ ਹੀ ਸ਼ੁਭਾਇਮਾਨ ਹੋ ਰਹੀ ਹੈ ਜਿਸ ਵਾਸਤੇ ਹਰ ਇੱਕ ਗੁਰਸਿੱਖ ਨੂੰ ਗੁਣ ਗ੍ਰਾਹੀ ਹੋਣ ਦੀ ਲੋੜ ਹੈ। ਅੱਜ ਓਨਾਂ ਪੂਜਨੀਯ ਮਹਾਂ ਪੁਰਸ਼ਾਂ ਦੇ ਪ੍ਰਕਾਸ਼ ਦਾ ਦਿਨ ਹੈ ਜਿਨ੍ਹਾਂ ਦੀਆਂ ਬਖਸ਼ਸ਼ਾਂ ਤੇ ਬਰਕਤਾਂ ਤੋਂ ਲਾਭ ਉਠਾ ਕੇ ਅਸੀਂ ਲੋਕ ਉਨਤੀ ਦੇ ਮਾਰਗ ਪੈ ਸਕਦੇ ਹਾਂ।

Namdhari Elibrary NamdhariElibrary@gmail.com

ਨਾਮਧਾਰੀਆਂ ਦੀਆਂ ਕੁਰਬਾਨੀਆਂ

ਸ੍ਰ. ਚਰਨ ਸਿੰਘ ਜੀ 'ਸ਼ਹੀਦ'

ਸਾਰੀ ਦੁਨੀਆਂ ਦੇ ਫਿਰਕਿਆਂ ਵਿਚੋਂ ਸ਼ਾਇਦ ਨਾਮਧਾਰੀ ਸਿੱਖਾਂ ਦਾ ਪੰਥ ਹੀ ਇਕ ਅਜੇਹਾ ਫ਼ਿਰਕਾ ਹੈ, ਜੋ ਸ਼ਾਂਤ-ਮਈ ਤਾਂ ਇਨਾਂ ਹੈ ਕਿ ਕੂਲੇ ਕੂਲੇ ਸੂਤ ਦੀ ਮਾਲਾ ਤੋਂ ਬਿਨਾਂ ਕਿਸੇ ਪ੍ਰਕਾਰ ਦਾ ਸ਼ਸਤ੍ਰ ਆਪਣੇ ਪਾਸ ਨਹੀਂ ਰੱਖਦਾ, ਪਰ ਇਸਦਾ ਰੋਬ-ਦਾਬ ਤੇ ਭੈ ਏਨਾਂ ਹੈ ਕਿ ਏਹਨਾਂ ਸੂਤ ਦੀ ਮਾਲਾ ਵਾਲਿਆਂ ਪਾਸੋਂ ਅੰਗ੍ਰੇਜ਼ੀ ਸਰਕਾਰ ਵਰਗੀ ਲੱਖਾਂ ਤੋਪਾਂ ਤੇ ਕਿਲਿਆਂ ਜਹਾਜ਼ਾਂ ਵਾਲੀ ਸਰਕਾਰ ਇਸ ਪੰਥ ਦੇ ਜਨਮ ਦਿਨ ਤੋਂ ਹੀ ਡਰਦੀ ਚਲੀ ਆ ਰਹੀ ਹੈ। ਇਸ ਤੋਂ ਬਿਨਾਂ ਏਹਨਾਂ ਸੂਤੀ ਮਾਲਾ ਵਾਲੇ ਸਿਦਕੀ ਤੇ ਨਾਮ ਜਪਣ ਵਾਲੇ ਸਿੱਖਾਂ ਨੇ ਕੁਰਬਾਨੀਆਂ ਭੀ ਅਜੇਹੀਆਂ ਕਰਕੇ ਦਿਖਾਈਆਂ ਹਨ ਕਿ ਜਿੰਨ੍ਹਾ ਨੂੰ ਪੜ੍ਹ ਕੇ ਲੂੰ ਕੰਡੇ ਹੋ ਜਾਂਦੇ ਹਨ, ਤੇ ਮੂੰਹੋਂ ਇਕ ਦਮ ਧੰਨ ਧੰਨ ਨਿਕਲ ਜਾਂਦਾ ਹੈ।

ਸੱਚ ਪੁੱਛੋ ਤਾਂ ਸਮੇਂ ਦੀ ਸਰਕਾਰ ਜਿਸ ਫ਼ਿਰਕੇ, ਜਿਸ ਪੰਥ ਯਾ ਜਿਸ ਕੌਮ ਨੂੰ ਅਕਾਰਨ ਵਹਿਮ ਤੇ ਸ਼ੱਕ ਦੀ ਨਜ਼ਰ ਨਾਲ ਵੇਖਣ ਲਗ ਪਏ, ਜੇ ਉਸ ਫ਼ਿਰਕੇ ਯਾ ਪੰਥ ਦੇ ਅੰਦਰ ਕੋਈ ਜੀਵਣ ਜ੍ਵਾਲਾ ਸੱਚੀਂ ਮੁਚੀਂ ਬਲਦੀ ਹੋਵੇ ਤਾਂ ਸਰਕਾਰੀ ਬੰਬ ਤੇ ਸਖ਼ਤੀ ਉਸ ਉਤੇ ਤੇਲ ਪਾਉਣ ਤੇ ਪੱਖਾ ਕਰਨ ਵਾਲੀ ਸਾਬਤ ਹੁੰਦੀ ਹੈ। ਨਾਮਧਾਰੀ ਪੰਥ ਉਤੇ ਭੀ ਜਦ ਅਕਾਰਨ ਸਰਕਾਰੀ ਵਹਿਮਾਂ ਪਾਬੰਦੀਆਂ ਤੇ ਕਰੜੀਆਂ ਨਜ਼ਰਾਂ ਨੇ ਓਹਨਾਂ ਨੂੰ ਘੇਰ ਲਿਆ ਤਾਂ ਓਹਨਾਂ ਨੇ ਓਹ ਓਹ ਕੁਰਬਾਨੀਆਂ ਕਰ ਦਿਖਾਈਆਂ, ਜੋ ਕਿਸੇ ਕੌਮ ਦਾ ਨਾਮ ਦੁਨੀਆਂ ਦੇ ਇਤਿਹਾਸ ਵਿਚ ਹਮੇਸ਼ਾਂ ਲਈ ਅਟੱਲ ਕਰਨ ਵਾਸਤੇ ਕਾਫੀ ਹੁੰਦੀਆਂ ਹਨ।

ਸਰਕਾਰੀ ਰਪੋਟਾਂ ਵਿਚ ਭਾਵੇਂ ਨਾਮਧਾਰੀਆਂ ਨੂੰ ਬਾਗੀ, ਰਾਜ ਧਰੋਹੀ, ਖੌਫਨਾਕ ਹਸਤੀਆਂ ਯਾ ਐਜੀਟੇਟਰ ਆਦਿ ਕਿਸੇ ਭੀ ਉਪਮਾ ਨਾਲ ਯਾਦ ਕੀਤਾ ਗਿਆ ਹੋਵੇ, ਪਰ ਮੈਂ ਤਾਂ ਏਹੋ ਕਹਾਂਗਾ ਕਿ ਨਾਮਧਾਰੀ ਪੰਥ ਉਤੇ ਅਕਾਰਣ ਵਹਿਮ ਕਰਕੇ ਓਹਨਾਂ ਸਿਦਕੀ ਤੇ ਧਰਮੀ ਭਜਨੀਕ ਸਿੱਖਾਂ ਨੂੰ ਸਖਤੀ ਦਾ ਸ਼ਕਾਰ ਬਣਾਇਆ ਗਿਆ ਅਤੇ ਓਹਨਾਂ ਦੇ ਪਵਿਤ੍ਰ ਆਤਮਾਂ ਪੂਜਯ ਆਗੂ ਨੂੰ ਨਜਰ ਬੰਦ ਕਰਕੇ ਤੇ ਫਿਰ ਰੰਗੂਨ ਆਦਿ ਲਿਜਾਕੇ ਇਕ ਅਜੇਹੀ ਨਰਾਜਗੀ ਦੀ ਲਾਟ ਬਾਲੀ ਗਈ ਜੋ ਕਦੇ ਭੀ ਬੁਝ ਨਹੀਂ ਸਕਦੀ। ਕਿਉਂਕਿ ਨਾਮਧਾਰੀ ਸਿੱਖ ਆਪਣੇ ਪਯਾਰੇ ਤੇ ਪਵਿਤ੍ਰ ਆਗੂ ਦੇ ਵਿਛੋੜੇ ਨੂੰ ਅਜੇ ਤਕ ਨਹੀਂ ਭੁਲੇ, ਤੇ ਨਾ ਹੀ ਕਦੀ ਭੁਲਣਗੇ।

ਆਮ ਤੌਰ ਤੇ ਲੋਕ ਏਹੋ ਸਮਝਦੇ ਹਨ ਕਿ ਨਾਮਧਾਰੀਆਂ ਨੇ ਬੁੱਚੜ ਵੱਢ ਦਿੱਤੇ ਸਨ ਜਿਸ ਕਰਕੇ ਕੁਝ ਨਾਮਧਾਰੀ ਫਾਂਸੀ ਹੋ ਗਏ ਤੇ ਗੁਰਨਮੈਂਟ ਨੇ ਨਾਮਧਾਰੀ ਫਿਰਕੇ ਦੀ ਨਿਗਰਾਨੀ ਰੱਖਣੀ ਸ਼ੁਰੂ ਕਰ ਦਿਤੀ ਪਰ ਅਸਲ ਗਲ ਦਾ ਪਤਾ ਤਦ ਲਗਦਾ ਹੈ ਜੇ ਨਾਮਧਾਰੀਆਂ ਦੇ ਤਿੰਨਾਂ ਚਹੁੰ ਮਸ਼ਹੂਰ ਸਾਕਿਆਂ ਦੇ ਅਸਲੀ ਕਾਰਨ ਦੇਖੀਏ। ਉਨ੍ਹਾਂ ਸਾਰਿਆਂ ਵਿਚ ਸ਼ਾਮਲ ਹੋਣ ਵਾਲੇ ਫਾਂਸੀ ਪਾਉਣ ਵਾਲੇ ਤੇ ਤੋਪਾਂ ਨਾਲ ਉਡਾਏ ਜਾਣ ਵਾਲੇ ਨਾਮਧਾਰੀ ਸਿਖਾਂ ਦੇ ਦਿਲਾਂ ਨੂੰ ਟਟੋਲਕੇ ਓਹਨਾਂ ਦੇ ਜਜ਼ਬਾਤ ਦਾ ਪਤਾ ਲਾਈਏ, ਤੇ ਫਿਰ ਉਸ ਦ੍ਰਿੜਤਾ, ਇਸਤਕਲਾਲ ਤੇ ਬੇਖੌਫ ਸਿਖੀ ਦੀ ਸਪਿਰਿਟ ਨੂੰ ਮਹਿਸੂਸ ਕਰੀਏ, ,ਜੋ ਓਹਨਾਂ ਸੂਤੀ ਮਾਲਾ ਵਾਲੇ, ਭਜਨੀਕ ਬੰਦਿਆਂ ਨੇ ਦਿਖਾਈ।

ਨਾਮਧਾਰੀ ਸਿਖਾਂ ਨੂੰ ਵਾਹਿਗੁਰੂ ਨੇ "ਨਾਮ" ਜਪਣ ਤੇ "ਨਾਮ" ਦਾ ਪ੍ਰਚਾਰ ਕਰਨ ਦੀ ਏਨੀ ਮਸਤੀ ਤੇ ਲਗਨ ਬਖਸ਼ੀ ਕਿ ਓਹ ਸ਼ਸਤ੍ਰਾਂ ਦੀ ਥਾਂ ਸੂਤੀ ਮਾਲਾ ਪਕੜ ਕੇ ਕੇਵਲ "ਨਾਮ" ਦੇ ਹੀ ਅਧਾਰ ਤੇ ਜਿਉਂਣ ਲਗ ਪਏ। ਇਸ ਮਸਤੀ ਵਿਚ ਓਹਨਾਂ ਨੇ ਕੁਝ ਮਸ਼ਹੂਰ ਗੋਰ, ਮੜ੍ਹੀਆਂ ਆਦਿ ਭੀ ਢਾਹੀਆਂ, ਸ਼ਾਂਤਮਈ ਤੇ ਦਯਾ ਦਾ ਅਸੂਲ ਓਹਨਾਂ ਦੇ ਹਿਰਦੇ ਵਿਚ ਏਨਾ ਘਰ ਕਰ ਗਿਆ ਕਿ ਓਹ ਖੁਦ ਤਾਂ ਕਿਸੇ ਜੀਵ ਨੂੰ ਦੁਖਾਉਣਾ ਇਕ ਪਾਸੇ ਰਿਹਾ, ਏਹ ਭੀ ਨਹੀਂ ਦੇਖ ਸਕਦੇ ਸਨ ਕਿ ਕੋਈ ਜ਼ੋਰਾਵਰ ਯਾ ਜ਼ਾਲਮ ਕਿਸੇ ਜੀਵ ਨੂੰ ਦੁੱਖ ਦੇਵੇ।

ਇਸੇ ਜਜ਼ਬੇ ਦੇ ਜੋਸ਼ ਵਿਚ ਕੁਝ ਨਾਮਧਾਰੀਆਂ ਨੇ ਪਹਿਲਾਂ ਅੰਮ੍ਰਿਤਸਰ ਵਿੱਚ ਕੁਝ ਬੁੱਚੜਾਂ ਨੂੰ ਮਾਰਿਆ ਤੇ ਆਪ ਤਿਲਕ ਗਏ। ਓਹਨਾਂ ਦੀ ਥਾਂ ਅੰਮ੍ਰਿਤਸਰ ਦੇ ਕੁਝ ਸਿੱਖ ਫੜੇ ਗਏ ਜਿਨ੍ਹਾਂ ਨੇ ਪੁਲਸ ਦੀ ਮਾਰ ਤੋਂ ਦੁਖੀ ਹੋਕੇ ਨਿਰਦੋਸ਼ ਹੁੰਦਿਆਂ ਹੋਇਆਂ ਭੀ ਜੁਰਮਾਂ ਦੇ ਇਕਬਾਲ ਕਰ ਲਏ। ਪੁਲਸ ਨੇ ਭੀ ਓਹਨਾਂ ਦੇ ਵਿਰੁਧ ਪੱਕੀਆਂ ਸ਼ਹਾਦਤਾਂ ਪੇਸ਼ ਕੀਤੀਆਂ, ਪਰ ਇਕ ਦਮ ਅਸਲ ਨਾਮਧਾਰੀ ਜਿਨ੍ਹਾਂ ਨੇ ਬੁੱਚੜਾਂ ਨੂੰ ਮਾਰਿਆ ਸੀ, ਅਦਾਲਤ ਜ਼ਿਸ਼ਨ ਵਿਚ ਆ ਪੁੱਜੇ ਤੇ ਆਖਿਆ ਕਿ 'ਅਸਲ ਕਾਤਿਲ' ਤਾਂ ਅਸੀਂ ਹਾਂ ਏਹਨਾਂ ਬੇ ਗੁਨਾਹਾਂ ਨੂੰ ਛੱਡ ਦਿਓ! ਇਸ ਉੱਚੀ ਸਪਿਰਿਟ ਨੂੰ ਦੇਖ ਕੇ ਤਮਾਮ ਲੋਕ ਹੈਰਾਨ ਹੋ ਗਏ। ਓਹਨਾਂ ਨੂੰ ਕਾਨੂੰਨ ਨੇ ਫਾਂਸੀਆਂ ਬੇਸ਼ਕ ਦੇ ਦਿੱਤੀਆਂ, ਪਰ ਕੀ ਦੁਨੀਆਂ ਓਹਨਾਂ ਦੀ ਦਲੇਰੀ ਤੇ ਉੱਚੀ ਸਪਿਰਿਟ ਭਰੀ ਕੁਰਬਾਨੀ ਨੂੰ ਕਦੀ ਭੁੱਲ ਸਕਦੀ ਹੈ?

ਉਸ ਤੋਂ ਬਾਦ ਨਾਮਧਾਰੀਆਂ ਨੇ ਰਾਇਕੋਟ ਵਿਚ ਏਹੋ ਜਿਹਾ ਹੀ ਸਾਕਾ ਵਰਤਾਇਆ ਤੇ ਤੀਜੀ ਵਾਰੀ ਮਾਲੇਰ ਕੋਟਲੇ ਦਾ ਮਹਾਨ ਸਾਕਾ ਹੋ ਗਿਆ। ਗੱਲ ਬਿਲਕੁਲ ਮਾਮੂਲੀ ਸੀ। ਇਕ ਮੁਸਲਮਾਨ ਇਕ ਬੈਲ ਉੱਤੇ ਬੇਹੱਦ ਭਾਰ ਲੱਦ ਕੇ ਆਪ ਭੀ ਉਸਦੇ ਉਤੇ ਚੜ੍ਹਿਆ ਜ਼ਾਂਦਾ ਸੀ। ਇਕ ਨਾਮਧਾਰੀ ਸਿੱਖ ਨੇ ਆਪਣੇ ਸ਼ਾਂਤਮਈ ਤੇ ਦਾਇਆਂ ਦੇ ਅਸੂਲ ਅਨੁਸਾਰ ਉਸਨੂੰ ਵਰਜਿਆ। ਉਸਨੇ ਅੱਗੋਂ ਲੜਨਾ ਸ਼ੁਰੂ ਕਰ ਦਿੱਤਾ ਤੇ ਨਾਮਧਾਰੀ ਸਿੱਖ (ਸਰਦਾਰ ਗੁਰਮੁਖ ਸਿੰਘ ਜੀ) ਨੂੰ

Namdhari Elibrary NamdhariElibrary@gmail.com

ਫੜਕੇ ਠਾਣੇ ਲੈ ਗਿਆ। ਠਾਣੇਦਾਰ ਨੇ ਹੋਰ ਭੀ ਆਕੜ ਵਿਚ ਆਕੇ ਨਾਮਧਾਰੀ ਸ੍ਰਦਾਰ ਨੂੰ ਬਹੁਤ ਕਰੜੇ ਵਾਕ ਕਹੇ ਤੇ ਕਿਹਾ ਕਿ 'ਜਿਸ ਬਲਦ ਨੂੰ ਆਪਣਾ ਕੁਝ ਲਗਦਾ ਸਮਝਕੇ ਉਸਤੇ ਤਰਸ ਕਰਦਾ ਹੈਂ ਉਸੇ ਬਲਦ ਨੂੰ ਤੇਰੇ ਸਾਮ੍ਹਣੇ ਜ਼ਿਬਹਾ ਕਰਦੇ ਹਾਂ!' ਤੇ ਉਸ ਪਾਪੀ ਨੇ ਸੱਚ ਮੁੱਚ ਉਸ ਬਲਦ ਨੂੰ ਨਾਮਧਾਰੀ ਦੀਆਂ ਅੱਖਾਂ ਦੇ ਸਾਮ੍ਹਣੇ ਜ਼ਿਬਹ ਕਰਵਾ ਦਿੱਤਾ। ਆਹ! ਕਿਸੇ ਦੇ ਦਿਲੀ ਜਜ਼ਬੇ ਨੂੰ ਕੁਚਲਨ ਲਈ ਇਸ ਤੋਂ ਕਰੜਾ ਜ਼ੁਲਮ ਹੋਰ ਕੀ ਹੋ ਸਕਦਾ ਹੈ। ਸਵਾਲ ਕਿਸੇ ਬਲਦ, ਗਊ ਯਾ ਆਦਮੀ, ਪਸ਼ੂ ਦਾ ਨਹੀਂ। ਸਵਾਲ ਇਕ ਇਨਸਾਨ ਦੇ ਦਿਲੀ ਜਜ਼ਬੇ ਦਾ ਹੈ। ਜੋ ਆਦਮੀ ਇਕ ਪਸ਼ੂ ਉੱਤੇ ਬਹੁਤਾ ਭਾਰ ਲੱਦਿਆ ਵੇਖਕੇ ਭੀ ਝੱਲ ਨਹੀਂ ਸਕਦਾ, ਉਸਦੇ ਹਿਰਦੇ ਨੂੰ ਜਾਣ ਬੁੱਝਕੇ ਕੁਚਲਨ, ਚਿੜਾਉਣ ਤੇ ਜਲੀਲ ਕਰਨ ਲਈ ਉਸ ਪਸ਼ੂ ਨੂੰ ਉਸਦੇ ਸਾਮ੍ਹਣੇ ਹਲਾਲ ਕੀਤਾ ਗਿਆ! ਉਫ! ਅਜੇਹੀ ਪੱਥਰਦਿਲੀ ਦੀ ਮਸਾਲ ਮੁਹੱਜ਼ਬ ਦੁਨੀਆਂ ਵਿਚ ਮਿਲਨੀ ਮੁਸ਼ਕਲ ਹੈ! ਗੋਇਆ ਉਸ ਥਾਣੇਦਾਰ ਨੇ ਨਾਮਧਾਰੀਆਂ ਨੂੰ ਸਖਤ ਹਤੱਕ ਭਰਿਆ ਚੈਲੰਜ ਦਿੱਤਾ ਕਿ ਅਸੀਂ ਤੁਹਾਨੂੰ ਖ਼ਾਕ ਬਰਾਬਰ ਭੀ ਨਹੀਂ ਸਮਝਦੇ ਤੇ ਤੁਹਾਡੇ ਦਿਲੀ ਜਜ਼ਬੇ ਦੀ ਕੋਈ ਪ੍ਰਵਾਹ ਨਹੀਂ ਕਰਦੇ।

ਨਤੀਜਾ ਓਹੋ ਹੋਇਆ, ਜੋ ਏਹੋ ਜੇਹੀਆਂ ਭੜਕਾਊ ਗੱਲਾਂ ਦਾ ਹੋਇਆ ਕਰਦਾ ਹੈ, ਸੌ ਡੇਢ ਸੌ ਨਾਮਧਾਰੀ ਇਸ ਘਟਨਾ ਦਾ ਹਾਲ ਸੁਣਕੇ ਭੜਕ ਪਏ। ਅਤਿਸੰਹਰਸ ਕਰੇ ਜੇ ਕੋਈ। ਅਨਲ ਪ੍ਰਗਟ ਚੰਦਨ ਤੇ ਹੋਈ! ਬਹੁਤ ਰਗੜੀਏ, ਤਾਂ ਚੰਦਨ ਵਿਚੋਂ ਭੀ ਅੱਗ ਨਿਕਲ ਪੈਂਦੀ ਹੈ। ਓਹਨਾਂ ਸੌ ਡੇਢ ਸੌ ਨਾਮਧਾਰੀਆਂ ਦੇ ਜੋਸ਼ ਨੂੰ 'ਕੂਕਾ ਬਗਾਵਤ' ਦਾ ਨਾਮ ਦਿੱਤਾ ਗਿਆ ਤੇ ਸਰਕਾਰ ਅੰਗ੍ਰੇਜ਼ੀ ਅਰ ਪੰਜਾਬ ਦੀਆਂ ਰਿਆਸਤਾਂ ਦੀਆਂ ਫੌਜਾਂ ਤੋਪਖਾਨਿਆਂ ਦੇ ਮੁਕਾਬਲੇ ਲਈ ਜਾ ਪੁਜੀਆਂ।

ਓਸਤੋਂ ਬਾਦ ਜਦ ਨਾਮਧਾਰੀਆਂ ਨੂੰ ਤੋਪਾਂ ਅਗੇ ਉਡਾਉਣ ਦਾ ਦਿਨ ਆਇਆ ਤਾਂ ਦੁਨੀਆਂ ਨੂੰ ਓਹਨਾਂ ਦੀ ਅਸਲ ਕੁਰਬਾਨੀ ਭਰੀ ਸਪਿਰਿਟ ਦਾ ਪਤਾ ਲੱਗਾ ਜਦ ਕਿ ਹਰੇਕ ਨਾਮਧਾਰੀ ਇਕ ਦੂਜੇ ਤੋਂ ਅਗੇ ਹੋਕੇ ਤੋਪ ਦੇ ਗੋਲੇ ਨਾਲ ਉਡਦਾ ਸੀ। ਏਥੋਂ ਤਕ ਕਿ ਇਕ ਸਿੱਖ ਦਾ ਕੱਦ ਛੋਟਾ ਸੀ ਤੇ ਤੋਪ ਉੱਚੀ ਸੀ। ਉਸ ਨੂੰ ਕਹਿਨ ਲਗੇ ਕਿ 'ਜਾਹ ਤੈਨੂੰ ਛਡਿਆ। ਕਿਉਂਕਿ ਉੱਚੀ ਤੋਪ ਦਾ ਗੋਲਾ ਤੇਰੇ ਤੇ ਮਾਰ ਨਹੀਂ ਕਰ ਸਕਦਾ!' ਉਸ ਨੇ ਕਿਹਾ "ਏਹ ਭੀ ਕੋਈ ਔਖੀ ਗੱਲ ਹੈ ?" ਤੇ ਓਹ ਪੈਰਾਂ ਹੇਠਾਂ ਇੱਟਾਂ ਰਖ ਕੇ ਉੱਚਾ ਹੋ ਗਿਆ ਤੇ ਤੋਪ ਦਾ ਗੋਲਾ ਖਾਕੇ ਸ਼ਹੀਦ ਹੋ ਗਿਆ। ਧੰਨ ਸਪਿਰਿਟ! ਧੰਨ ਸਿਦਕ! ਤੇ ਧੰਨ ਕੁਰਬਾਨੀ!

ਏਹਨਾਂ ਸਾਰੇ ਸਾਕਿਆਂ ਵਿਚ ਬਹਿਸ ਇਸ ਗਲਦੀ ਨਹੀਂ ਕਿ ਗਊਆਂ ਯਾ ਬਲਦ ਪਿੱਛੇ ਓਹਨਾਂ ਨੂੰ ਏਹ ਸਾਕੇ ਕਰਨੇ ਚਾਹੀਦੇ ਸਨ ਯਾ ਨਹੀਂ। ਸਵਾਲ ਤਾਂ ਸ੍ਵੈਮਾਨ ਤੇ ਦਿਲੀ ਜਜ਼ਬਾਤ ਦਾ ਹੈ। ਕਿਸੇ ਨੂੰ ਕੀ ਹੱਕ ਹੈ ਕਿ ਕਿਸੇ ਦੇ ਦਿਲੀ ਜਜ਼ਬਾਤ ਕੁਚਲਨ ਲਈ ਉਸਨੂੰ ਜ਼ਲੀਲ ਤੇ ਦੁਖੀ ਕਰਨ ਵਾਲਾ ਕੰਮ ਉਸ ਦੀਆਂ ਅੱਖਾਂ ਦੇ ਸਾਮ੍ਹਣੇ ਆਪਣੀ ਹੈਂਕੜ ਵਿਚ ਆਕੇ ਕਰੇ? ਇਸ ਲੇਖ ਵਿਚ ਮੇਰਾ ਭਾਵ ਹੋਰ ਸਾਰੇ ਪਹਿਲੂਆਂ ਨੂੰ ਛੱਡ ਕੇ ਕੇਵਲ ਨਾਮਧਾਰੀਆਂ ਦੀ ਕੁਰਬਾਨੀ, ਦ੍ਰਿੜਤਾ, ਅਡੋਲਤਾ ਨਿਰਭੈਤਾ ਤੇ ਸਿੱਖੀ ਸਪਿਰਿਟ ਦੀ ਉਪਮਾ ਕਰਨ ਤੋਂ ਹੈ।

ਵਵਵ

ਨਾਮਧਾਰੀ ਇਤਿਹਾਸ

ਡਾ. ਗੰਡਾ ਸਿੰਘ

ਇਤਿਹਾਸ ਕੌਮਾਂ ਦੀ ਜਿੰਦ ਜਾਨ ਹੈ ਇਤਿਹਾਸ ਨਾਲ ਹੀ ਕੌਮਾਂ ਦਾ ਜੀਵਨ ਬਣਦਾ ਤੇ ਉੱਚਾ ਹੁੰਦਾ ਹੈ ਤੇ ਇਤਿਹਾਸ ਦੇ ਮਿਟ ਜਾਣ ਨਾਲ ਕੌਮਾਂ ਦੀ ਜ਼ਿੰਦਗੀ ਦਾ ਭੀ ਖਾਤਮਾ ਹੋ ਜਾਂਦਾ ਹੈ। ਇਤਿਹਾਸ ਜਿੱਥੇ ਕੌਮ ਦੇ ਗੁਜ਼ਰ ਚੁੱਕੇ ਬਜ਼ੁਰਗਾਂ ਦੇ ਜੀਵਨ ਉਨ੍ਹਾਂ ਦੇ ਸਾਮ੍ਹਣੇ ਲਿਆ ਕੇ ਉਨ੍ਹਾਂ ਨੂੰ ਸੁਰਜੀਤ ਕਰਦਾ ਤੇ ਇਕ ਨਵੀਂ ਰੂਹ ਪਾਉਂਦਾ ਹੈ ਓਥੇ ਉਨ੍ਹਾਂ ਨੂੰ ਭੂਤ ਕਾਲ ਵਿੱਚ ਹੋ ਚੁੱਕੀਆਂ ਭੁੱਲਾਂ ਦੱਸ ਕੇ ਉਨਾਂ ਤੋ ਬਚਣ ਲਈ ਸੁਚੇਤ ਕਰਦਾ ਹੈ। ਗੱਲ ਕੀ ਇਤਿਹਾਸ ਕੇਵਲ ਅੰਨ੍ਹੇਰੇ ਘਰ ਦਾ ਚਾਨਣਾ ਹੀ ਨਹੀਂ ਬਲਕਿ ਚਾਨਣ ਵਿਚ ਵੀ ਓਹਲੇ ਹੋ ਗਈਆਂ ਵਸਤਾਂ ਨੂੰ ਸਾਮ੍ਹਣੇ ਲਿਆ ਦਿਖਾਉਂਦਾ ਹੈ।

ਜਿੱਥੇ ਸੰਸਾਰ ਵਿਚ ਸਿਖ ਇਤਿਹਾਸ ਅਦੁੱਤੀ ਹੈ ਓਥੇ ਸਿਖ ਇਤਿਹਾਸ ਵਿਚ ਨਾਮਧਾਰੀ ਇਤਿਹਾਸ ਭੀ ਅਪਣੀ ਉਦਾਹਰਣ ਆਪ ਹੈ। ਜਦ ਮਹਾਰਾਜ ਰਣਜੀਤ ਸਿੰਘ ਜੀ ਦੀ ਮੌਤ ਪਿਛੋਂ ਸਿਖ ਜੱਥੇਬੰਦੀ ਤੇ ਧਾਰਮਕ ਜੀਵਨ ਭੀ ਅਲੋਪ ਹੋ ਗਏ ਅਤੇ ਖਾਲਸਾ ਜੀ ਦੀ ਦਸ਼ਾ ਬੜੀ ਡਾਵਾਂ ਡੋਲ ਹੋ ਰਹੀ ਸੀ ਉਸ ਵੇਲੇ ਸ੍ਰੀ ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਜਥਾ ਸਾਜਕੇ ਕੌਮ ਵਿਚ ਮੁੜ ਇਕ ਨਵੀਂ ਰੂਹ ਪੈਦਾ ਕੀਤੀ ਤੇ ਇਕ ਆਦਰਸ਼ ਸੰਤ-ਸਿਪਾਹੀਆਂ ਤੇ ਸ਼ਸਤਰਧਾਰ ਮਹਾਤਮਾਵਾਂ ਦਾ ਸੰਘ ਸਥਾਪਨ ਕਰਕੇ ਪੁਰਾਤਨ ਸਿੱਖਾਂ ਵਾਲਾ ਭਜਨ ਬੰਦਗੀ ਤੇ ਸੂਰਬੀਰ ਜੀਵਨ ਕੌਮ ਵਿਚ ਭਰਿਆ ਜਿਸਨੇ ਇਕ ਵਾਰੀ ਫੇਰ ਸਤਾਰ੍ਹਵੀਂ ਤੇ ਅਠਾਰ੍ਹਵੀਂ ਸਦੀ ਦੇ ਖਾਲਸਾ ਜੀ ਦੀਆਂ ਧਰਮ ਤੇ ਕੌਮ ਹਿਤ ਕੁਰਬਾਨੀਆਂ ਦਾ ਜੀਓਂਦਾ ਜਾਗਦਾ ਨਕਸ਼ਾ ਲਿਆ ਵਖਾਇਆ ਜਿਸ ਵੇਲੇ ਅਸੀਂ ਨਾਮਧਾਰੀ ਵੀਰਾਂ ਦੇ ਹਸੂੰ ਹਸੂੰ ਕਰਦੇ ਦਗਦੀਆਂ ਤੋਪਾਂ ਦੇ ਸਾਮ੍ਹਣੇ

ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।

ਸ਼ਬਦ ਪੜ੍ਹਦੇ ਮੌਤ ਰਾਣੀ ਨੂੰ ਵਰਨ ਲਈ ਸ਼ਹੀਦੀ ਗਾਨੇ ਬੰਨ੍ਹ ਕੇ ਜਾਂਦੇ ਵੇਖਦੇ ਹਾਂ ਤੇ ਸ਼ਹੀਦੀਆਂ ਪ੍ਰਾਪਤ ਕਰਨ ਵਾਸਤੇ ਇਕ ਦੂਸਰੇ ਤੋਂ ਅੱਗੇ ਵਧਣ ਲਈ ਦੌੜਦੇ ਤਕਦੇ ਹਾਂ, ਤਾਂ ਸਾਡੇ ਅੰਦਰ ਭੀ ਧਰਮ ਤੇ ਕੌਮ ਹਿੱਤ ਸੇਵਾ ਅਤੇ ਕੁਰਬਾਨੀ ਲਈ ਜੋਸ਼ ਠਾਠਾਂ ਮਾਰਨ ਲਗ ਪੈਂਦਾ ਹੈ ਅਤੇ ਹੁੰਦੇ ਭਾਵੇਂ ਅਸੀਂ ਇਸੀ ਧਰਤੀ ਤੇ ਬੈਠੇ ਪੜ੍ਹਦੇ ਹਾਂ ਪਰ ਜਾਪਦੇ ਅਸੀਂ ਆਕਾਸ਼ਾਂ ਵਿਚ ਉਡਦੇ ਹਾਂ ਇਹ ਹੈ ਜਾਦੂ- ਇਤਿਹਾਸ ਦਾ ਜਾਦੂ- ਜੋ ਸਾਨੂੰ ਕਿਥੇ ਤੋਂ ਕਿਥੇ ਲੈ ਜਾਂਦਾ ਹੈ।

ਵਵਵ

Namdhari Elibrary NamdhariElibrary@gmail.com

"ਸਿਧ ਪੁਰਖ"
ਸ੍ਰੀ ਬਾਬਾ ਰਾਮ ਸਿੰਘ ਜੀ

ਸੇਵਾ ਸਿੰਘ ਐਡੀਟਰ ਖਾਲਸਾ ਸਮਾਚਾਰ

ਆਦਿ ਆਦਿ ਪ੍ਰੇਮ ਹੈ, ਮਧ ਪ੍ਰੇਮ ਹੈ, ਅੰਤ ਪ੍ਰੇਮ ਹੈ ਤੇ ਹਾਂ! ਆਦਿ ਮਧ ਤੇ ਅੰਤ ਵਾਹਿਗੁਰੂ 'ਪ੍ਰੇਮ' ਹੀ ਪ੍ਰੇਮ ਹੈ,

ਪ੍ਰੇਮ ਆਖਣ ਤੇ ਲਿਖਣ ਵਿਚ ਇਕ ਸ਼ਬਦ ਹੈ, ਪ੍ਰੰਤੂ ਅਸਲ ਵਿਚ ਇਕ ਇਕ ਸ਼ਬਦ ਇੰਨਾ ਮਹਾਂ ਗ੍ਰੰਥ ਹੈ ਕਿ ਇਹ ਵਿਸ਼ਹਲ ਜਗਤ ਇਹਦੇ ਇਕ ਅਖਰ ਦੀ ਵੀ ਪੂਰੀ ਟੀਕਾ ਨਹੀਂ। ਇਸ ਅਸਾਰ ਸੰਸਾਰ ਵਿਚ ਸਾਰ ਵਸਤੂ ਹੈ 'ਪ੍ਰੇਮ'।

ਪ੍ਰੇਮ 'ਅਲਭਯ' ਹੈ ਇਸ ਕਰਕੇ ਕਿ ਇਹ ਹੱਟਾਂ ਵਿਚ ਨਹੀ ਵਿਕਾਂਦਾ, ਤੇ 'ਅਮੁਲਯ' ਹੈ ਇਸ ਕਰਕੇ ਕਿ ਇਹ ਖ੍ਰੀਦਿਆ ਨਹੀ ਜਾ ਸਕਦਾ, ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜੇ 'ਪ੍ਰੇਮ' ਦੇ ਮਿਲਣ ਦਾ ਕੋਈ ਟਿਕਾਣਾ ਹੋਵੇ ਤੇ ਉਸ ਰਾਹ ਵਿਚ ਆਉਣ ਵਾਲੇ:-

ਸਾਗਰ ਮੇਰ ਉਦਿਆਨ ਬਨ ਨਵ ਖੰਡ ਬਸੁਧਾ ਭਰਮ।
ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ।

(ਪੰਨਾ ੧੩੬੪)

ਕਾਸ਼ ਇਹ ਪ੍ਰੇਮ ਹਟਾਂ ਤੇ ਵਿਕਦਾ ਹੋਂਦਾ ਤੇ ਇਹ ਖ੍ਰੀਦਿਆ ਜਾ ਸਕਦਾ:-

ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ।
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ"

(ਪੰਨਾ ੧੩੬੪)

ਇਹ ਹੀ ਕਾਰਨ ਹੈ ਕਿ ਪ੍ਰੇਮੀ ਪ੍ਰੇਮ ਦੇ ਬਦਲੇ ਇਸ ਲੋਕ ਦੀ, ਪ੍ਰਲੋਕ ਦੀ, ਮਾਨ ਈਸ ਤੇ ਅਪਮਾਨ ਦੀ ਕਿਸੇ ਚੀਜ ਦੀ ਪ੍ਰਵਾਹ ਨਹੀਂ ਕਰਦਾ ਉਹ ਆਪਣੀ ਲਗਨ ਵਿਚ ਮਗਨ ਹੈ, ਤਨ ਜਾਏ, ਧਨ ਜਾਏ, ਤੇ ਜਾਣਾ ਚਾਹੁੰਣ ਤਾਂ ਪ੍ਰਾਣ ਵੀ ਚਲੇ ਜਾਣ ਪਰ ਪ੍ਰੇਮੀ ਆਪਣੇ ਰਾਹ ਤੋਂ ਨਹੀ ਹਟੇਗਾ।

ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ।
ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ।

(ਪੰਨਾ ੧੩੬੪)

ਪ੍ਰੇਮ ਤੇ ਜੀਵਨ ਇਕ ਚੀਜ਼ ਦੇ ਦੋ ਨਾਮ ਹਨ, ਪ੍ਰੇਮ ਕਹਿੰਦੇ ਹੀ ਅਨੰਤ ਜੀਵਨ ਨੂੰ ਹਨ, ਪ੍ਰੇਮ ਕੀ ਤੇ ਮੌਤ ਕੀ?

ਖਾਕੇ ਪ੍ਰਵਾਨਾ ਸੇ ਆਤੀ ਹੈ ਸਦਾਏ ਪੈਹਮ।
ਜਿੰਦਗੀ ਹੈ ਗੁਮੇ ਦਿਲ ਬਰ ਮੇ ਫਨਾਹ ਹੋ ਜਾਨਾ।

ਉਹ ਉਚ ਲੋਕ ਜਿਨਾਂ ਦੇ ਅੰਦਰ ਪ੍ਰੇਮ ਦੀ ਚਿੰਗਾਰੀ ਰਖੀ ਗਈ ਸੁਲਗੀ ਤੇ ਭੜਕੀ। ਉਹ ਮਹਾਨ ਪੁਰਸ਼ ਜਿੰਨਾਂ ਆਪਣਾ ਜੀਵਨ ਆਧਾਰ ਪ੍ਰੇਮ ਨੂੰ ਬਣਾ ਜਿਸ ਚੀਜ ਨੂੰ 'ਮੇਰੀ' ਕਿਹਾ ਜਾ ਸਕਦਾ ਹੈ ਨਿਛਾਵਰ ਕਰ ਦਿਤੀ, ਇਹ ਉਹ ਜਿਨਾਂ ਨੂੰ ਇਸ ਮਰੂ ਸੰਸਾਰ ਵਿਚੋਂ ਪ੍ਰੇਮ ਨੇ ਅਮਰ ਕੀਤਾ, ਹਾਂ! ਜਿਨਾਂ ਨੇ ਇਸ ਫਾਨੀ ਜਗਤ ਵਿਚੋਂ ਸੈਂਕੜੇ ਤੇ ਹਜਾਰਾਂ ਨੂੰ ਨਹੀਂ, ਲੱਖਾਂ ਨੂੰ ਪ੍ਰੇਮ ਦੇ ਨਾਲ ਜੀਅ ਦਾਨ ਦਿੱਤਾ ਉਨ੍ਹਾਂ ਖਾਸ ਵਯਕਤੀਆਂ ਵਿਚੋਂ ਇਕ ਮਹਾਨ ਵਯਕਤੀ ਬਾਬਾ ਰਾਮ ਸਿੰਘ ਜੀ ਹਨ।

ਆਪ ਸਿੱਖ ਸੈਨਾਂ ਦੇ ਸਿਪਾਹੀ ਸਨ, ਲਾਹੌਰ ਦਰਬਾਰ ਨੇ ਸਰਹੱਦੀ ਇਲਾਕੇ ਦੀ ਸੁਧਾਈ ਲਈ ਚੜ੍ਹਾਈ ਕੀਤੀ, ਇਹ ਵੀ ਨਾਲ ਸਨ। ਹਜਰੋਂ ਦੇ ਮੁਕਾਮ ਤੇ ਆਪ ਦੀ ਬਾਬਾ ਬਾਲਕ ਸਿੰਘ ਜੀ ਨਾਲ ਭੇਟ ਹੋਈ, ਬਾਬਾ ਜੀ ਆਪਣੇ ਸਮੇ ਦੇ ਸਿਧ ਤੇ ਪੂਰਨ ਪੁਰਖ ਸੀ, ਵੇਖਦੇ ਹੀ ਸਮਝ ਗਏ ਕਿ ਇਹ ਸਪਾਹੀ ਕਲਗੀਧਰ ਜੀ ਦੀ ਮੁਕਤੀ ਫੌਜ ਦਾ ਜਰਨੈਲ ਬਣੇਗਾ, ਇਨਾਂ ਨੂੰ ਆਪਣੇ ਪਾਸ ਬਿਠਾਇਆ ਤੇ 'ਨਾਮ' ਦਿਤਾ।

ਲਹਿਰਾਂ ਵਿਚ ਤਰਦੀ, ਛੱਲਾਂ ਦੇ ਹਲੂਣਿਆਂ ਦੇ ਝੂਲੇ ਝੂਲਦੀ, ਜ੍ਵਾਰ ਭਾਟਾ ਦੇ ਉਥਲ ਪੁਥਲ ਵੇਖਦੀ 'ਸਿੱਪ' ਨੂੰ ਜਦ ਸ੍ਵਾਂਤੀ ਬੂੰਦ ਮਿਲ ਜਾਏ ਤਦ ਉਹ ਉਸਨੂੰ ਲੈਕੇ ਸ਼ਾਂਤ ਹੋ ਸਮੁੰਦਰ ਦੀ ਤਹਿ ਹੇਠ ਇਕਾਂਤ ਵਿਚ ਜਾ ਬੈਠਦੀ ਹੈ, ਤੇ ਉਹ ਦੁਰਲਭ ਮੋਤੀ ਬਨ ਜਾਂਦਾ ਹੈ।

ਬਾਬਾ ਬਾਲਕ ਸਿੰਘ ਜੀ ਦੀ ਦਿੱਤੀ ਨਾਮ ਕਣੀ, ਅਫਲ ਜਾਣ ਵਾਲੀ ਨਹੀਂ ਸੀ, ਉਨ੍ਹਾਂ ਭੌਂ ਵੇਖਕੇ ਬੀਜ ਪਾਇਆ ਸੀ, ਥੋੜੇ ਚਿਰ ਵਿਚ ਹੀ ਬਾਬਾ ਰਾਮ ਸਿੰਘ ਜੀ ਦੇ ਅੰਦਰ ਪ੍ਰੇਮ ਦੀਆਂ ਕਾਂਗਾਂ ਆ ਗਈਆਂ, ਕਲਗੀਆਂ ਵਾਲੇ ਦਾ ਪ੍ਰੇਮ ਰੋਮ ਰੋਮ ਵਿਚ ਸਮਾ ਗਿਆ, ਚੇਹਰੇ ਤੇ ਜਲਾਲ ਛਾ ਗਿਆ, ਮੱਥੇ ਤੇ ਨੂਰ ਚਮਕਣ ਲਗਾ, ਅੱਖਾਂ ਸਰੂਰ ਵਿਚ ਹੋ ਗਈਆਂ, ਨਾਮ ਵਿਹੂਣੇ ਜਗਤ ਨੂੰ ਵਾਹਿਗੁਰੂ ਨਾਲ ਜੋੜਨ ਦੀ ਅਕਾਂਖਯਾ ਸੀਨੇ ਵਿਚ ਪ੍ਰਬਲ ਹੋ ਉਠੀ, ਤੇ ਆਪਨੇ ਸਿੱਖੀ ਦੇ ਪ੍ਰਚਾਰ ਨੂੰ ਆਪਣਾ ਮੁਖ ਪ੍ਰਯੋਜਨ ਬਣਾ ਲਿਆ, ਪਿੰਡ ਪਿੰਡ ਦੀਵਾਨ ਸਜਣ ਲਗੇ, ਐਮ੍ਰਿਤ ਦੇ ਬਾਟੇ ਤਯਾਰ ਹੋਣ ਲਗੇ, ਜਿਸਨੇ ਆਪ ਦੀ ਪਵਿਤ੍ਰ ਰਸਨਾ ਤੋਂ ਉਪਦੇਸ਼ ਸੁਣਿਆ ਮੋਹਤ ਹੋ ਗਿਆ, ਜੋ ਇਨਾਂ ਦੀ ਸੰਗਤ ਵਿਚ ਆਇਆ ਸਿਦਕ ਨਾਲ ਭਰ ਗਿਆ ਜਿਸਨੇ ਇਨਾਂ ਦੀ ਰਹਿਣੀ ਵੇਖੀ ਚਲੂਲੇ ਰੰਗ ਵਿਚ ਰੰਗਿਆ ਗਿਆ, ਇਤਿਹਾਸ ਦਸਦਾ ਹੈ, ਨਾਂ ਕੇਵਲ ਇਤਿਹਾਸ ਦਸਦਾ ਹੈ ਬਲਕੇ ਇਸ ਅਲੌਕਿਕ ਦ੍ਰਿਸ਼ਯ ਨੂੰ ਅਖੀਂ ਵੇਖਣ ਵਾਲੇ ਦਸਦੇ ਹਨ ਕਿ ਸੈਂਕੜੇ ਤੇ ਹਜ਼ਾਰਾਂ ਨਹੀਂ ਲੱਖਾਂ ਆਦਮੀ ਆਪਦੇ ਗਿਰਦ ਜਮਾਂ ਹੋਣ ਲਗੇ ਜਿਨ੍ਹਾਂ ਨੇ ਨਾਮ ਨੂੰ ਆਪਣਾ ਆਧਾਰ ਬਨਾ ਲਿਆ ਤੇ ਨਾਮ ਦੇ ਰਸ ਵਿਚ ਸੁਰਸਾਰ ਹੋ ਗਏ। ਹੁਣ ਵੀ ਵੇਖਣ ਵਿਚ ਆਉਂਦਾ ਹੈ, ਕਿ ਗੁਰਬਾਣੀ ਸੁਣਦੇ

Namdhari Elibrary NamdhariElibrary@gmail.com

ਨਾਮਧਾਰੀ ਬਿਹਿਬਲ ਹੋ ਉਠਦੇ ਹਨ। ਇਸ ਗਏ ਗੁਜ਼ਰੇ ਜ਼ਮਾਨੇ ਵਿਚ ਵੀ ਨਾਮਧਾਰੀ ਵੀਰਾਂ ਦੀ ਸਾਦਗੀ, ਗੁਰਬਾਣੀ ਨਾਲ ਪਯਾਰ, ਗੁਰ ਮਰਯਾਦਾ ਵਿਚ ਪਰਪੱਕਤਾ ਤੇ ਰਹਿਤ ਬਹਿਤ ਦੀ ਦ੍ਰਿੜ੍ਹਤਾ ਅਜਿਹੇ ਗੁਣ ਹਨ ਜਿਨਾਂ ਤੋਂ ਅੱਜ ਵੀ ਰਾਹਨੁਮਾਈ ਲਈ ਜਾ ਸਕਦੀ ਹੈ।

ਅੱਜ ਬਾਬਾ ਰਾਮ ਸਿੰਘ ਜੀ ਦਾ ਜਨਮ ਦਿਨ ਹੈ, ਨਾਮਧਾਰੀ ਵੀਰ ਬਾਬਾ ਜੀ ਦੇ ਜਨਮ ਉਤਸਵ ਨੂੰ ਖੁਸ਼ੀਆਂ ਨਾਲ ਮਨਾ ਰਹੇ ਹਨ, ਸਿਖ ਮਾਤ੍ਰ ਨੂੰ ਇਨਾਂ ਦੇ ਨਾਲ ਇਸ ਖੁਸ਼ੀ ਵਿਚ ਸ਼ਾਮਲ ਹੋਣਾ ਚਾਹੀਦਾ ਹੈ।

ਬਾਬਾ ਰਾਮ ਸਿੰਘ ਜੀ ਉਹ ਮਹਾਨ ਵਯਕਤੀ ਸਨ ਜਿਨਾਂ ਦੀ ਰਾਹੀਂ ਸੈਂਕੜੇ ਨਹੀਂ ਹਜਾਰਾਂ ਰੂਹਾਂ ਸਿੱਖੀ ਮੰਡਲ ਵਿਚ ਆਈਆਂ, ਕਲਗੀਆਂ ਵਾਲੇ ਦੇ ਜਹਾਜ਼ ਚੜ੍ਹੀਆਂ ਤੇ ਸੁਖੀ ਹੋਈਆਂ। ਮੈਨੂੰ ਇਹ ਗਲ ਲਿਖਦਿਆਂ ਰਤਾ ਜਿੰਨਾ ਵੀ ਸੰਕੋਚ ਨਹੀਂ ਕਿ ਲਾਹੌਰ ਸਿਖ ਦਰਬਾਰ ਦਾ ਸੂਰਜ ਅਸਤ ਹੋਣ ਦੇ ਦਿਨ ਤੋਂ ਲੈ ਕੇ ਅਜ ਤਕ ਕੋਈ ਵੀ ਅਜੇਹਾ ਵਯਕਤੀ ਵੇਖਣ ਵਿਚ ਨਹੀਂ ਆਇਆਂ, ਜਿਸ ਨੇ ਗੁਰਬਾਣੀ, ਗੁਰਮਤ, ਤੇ ਅੰਮ੍ਰਿਤ ਦਾ ਇਨਾਂ ਪ੍ਰਚਾਰ ਕੀਤਾ ਹੋਵੇ ਜਿੰਨਾਂ ਕਿ ਬਾਬਾ ਰਾਮ ਸਿੰਘ ਜੀ ਨੇ ਕੀਤਾ ਸੀ। ਕੀ ਅਜੇਹੀ ਸੂਰਤ ਵਿਚ ਇਸ ਨਾਮ ਰਸੀਏ ਕਲਗੀਆਂ ਵਾਲੇ ਦੇ ਧਰਮ ਪ੍ਰਚਾਰਕ ਜਰਨੈਲ, ਤੇ ਗੁਰਮੁਖ ਪਯਾਰੇ ਬਾਬਾ ਰਾਮ ਸਿੰਘ ਜੀ ਜੇਹੇ ਕਥਨੀ ਦੇ ਪੂਰੇ, ਤੇ ਰਹਿਣੀ ਦੇ ਸੂਰੇ, ਮਹਾਂ ਪੁਰਖ ਦੇ ਜਨਮ ਉਤਸਵ ਦੀ ਖੁਸ਼ੀ ਵਿਚ ਸ਼ਾਮਲ ਹੋਣਾ ਸਿਖ ਮਾਤ੍ਰ ਲਈ ਜਰੂਰੀ ਨਹੀ? ਅਗਰ ਸਿੱਖ ਬਾਬਾ ਜੀ ਦੇ ਸਤਿਕਾਰ ਤੇ ਸਨਮਾਨ ਵਿਚ ਹਿੱਸਾ ਨਹੀ ਲੈਣਗੇ ਤਦ ਉਹ ਆਪਣੇ ਫਰਜ਼ ਦੇ ਪੂਰਾ ਕਰਨ ਤੋਂ ਕੋਸੋਂ ਰਹਿਣਗੇ।

ੴੴੴ

"ਜਦ ਉਹ ਹਜਰੋਂ ਦੇ ਗੁਰੂ ਬਾਲਕ ਸਿੰਘ ਦਾ ਚੇਲਾ ਬਣਕੇ ਡੇਰੇ ਦਾ ਮਾਲਕ ਬਣਿਆ ਤਦ ਉਹ ਮਹੰਤ ਰਾਮ ਸਿੰਘ ਸੀ। ਇਸ ਤੋਂ ਪਿਛੋਂ ਸਤਿਗੁਰੂ ਕਹਿਣ ਲਗੇ। ਉਪਰੰਤ ਉਸ ਨੂੰ ਗੁਰੂ ਰਾਮ ਸਿੰਘ ਦੇ ਨਾਮ ਨਾਲ ਯਾਦ ਕਰਦੇ ਸਨ ਅਤੇ ਹੁਣ ਸਤਿਗੁਰੂ ਸੱਚਾ ਪਾਤਸ਼ਾਹ ਕਹਿ ਕੇ ਸਤਿਕਾਰਦੇ ਹਨ।"

ਮਿਸਟਰ ਮੈਕ ਔਂਡਰੀਊ

ਯੁਗ ਪੁਰਸ਼ ਦੀ ਅਗੰਮੀ ਨੀਝ

ਡਾ. ਕਰਮ ਸਿੰਘ ਕਪੂਰ

ਸਿਖ ਰਾਜ ਦੀਆਂ ਸ਼ਾਮਾਂ ਢਲਣ ਤੇ, ਅੰਗਰੇਜ ਸਾਮਰਾਜ ਦਾ ਸੂਰਜ ਉਦੈ ਹੋਇਆ। ਉਸ ਦੀ ਅੱਖ ਚੁੰਧਿਆਊ ਰੌਸ਼ਨੀ ਨੇ ਮਨੁਖਤਾ ਦੀਆਂ ਅੱਖਾਂ ਚੁੰਧਿਆ ਦਿੱਤੀਆਂ। ਭਾਰਤ ਦਾ ਅਜ਼ਾਦ ਪੰਛੀ ਹੁਣ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜਿਆ ਬੇਬਸ ਫੜਕ ਰਿਹਾ ਸੀ। ਸਿਖ ਜਜਬਾ ਜੋ ਪੂਰੀ ਤਰ੍ਹਾਂ ਨਹੀਂ ਸੀ ਮਰਿਆ ਤਾਂ ਆਖਰੀ ਸਾਹਾਂ ਤੇ ਸੀ। ਹੌਲੀ ਹੌਲੀ ਟੱਕਰ ਲੈਣ ਦੀ ਥਾਂ ਹਾਲਾਤ ਨਾਲ ਸਮਝੌਤਾ ਕਰ ਲੈਣ ਤੇ ਆ ਟਿਕੀ ਸੀ, ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ।

ਜਦੋਂ ਯੁਗ ਪਲਟਾਊ ਯੁਗ ਪੁਰਸ਼ ਦੀ ਅਗੰਮੀ ਨੀਝ ਨੇ ਇਸ ਫੜਫੜਾਉਂਦੇ ਪੰਛੀ ਨੂੰ ਨਿਹਾਰਿਆ ਤਾਂ ਉਸ ਨੂੰ ਚੁੱਕ ਕੇ ਉਸਦੇ ਕੰਬਦੇ ਖੰਬਾਂ ਤੇ ਹੱਥ ਫੇਰਿਆ, ਪਿਆਰ ਤੇ ਦਲਾਸਾ ਦਿਤਾ ਅਤੇ ਉਸਨੂੰ ਅਜ਼ਾਦੀ ਦੇ ਭੁਲੇ ਵਿਸਰੇ ਲਮ੍ਹਿਆਂ ਦੀ ਯਾਦ ਦਵਾਈ। ਚੀਨੀ ਵਾਲੇ ਸ਼ਹਿਨਸ਼ਾਹ ਨੇ ਆਪ ਪਿਆਰੀ ਮਾਤ ਭੂਮੀ ਨੂੰ ਅਜ਼ਾਦ ਕਰਾਉਣ ਦੀ ਪਰਤਿਗਿਆ ਕੀਤੀ। ਇਸ ਪਾਸੇ ਵਲ ਪਹਿਲਾ ਕਦਮ ਸੀ, ਅੰਗਰੇਜ਼ਾਂ ਦਾ ਸੰਪੂਰਨ ਬਾਈਕਾਟ। ਅੰਗਰੇਜ਼ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਨੇ ਜਦੋਂ ਬੁਚੜ ਖਾਨੇ ਖੁਲ੍ਹਵਾਏ ਤਾਂ ਹਜ਼ੂਰ ਦੇ ਸਿਦੰਕੀ ਸੇਵਕਾਂ ਤੋਂ ਗਊ ਗਰੀਬ ਦੇ ਗਲੇ ਤੇ ਰੱਖੀ ਛੁਰੀ ਵੇਖ, ਜਰ ਨਾ ਹੋਇਆ। ਉਨ੍ਹਾਂ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰ ਕੋਟਲੇ ਵਿਚ ਬੁਚੜਾਂ ਨੂੰ ਸੋਧਿਆ। ਜਿਸਦੇ ਦੋਸ਼ ਵਿਚ ਉਹਨਾਂ ਨੇ ਹੱਸੂ ਹੱਸੂ ਕਰਦੇ ਫਾਸੀਆਂ ਦੇ ਰੱਸੇ ਚੁੰਮੇ ਅਤੇ ਤੋਪਾਂ ਨਾਲ ਉਡਾਏ ਗਏ। ਸੁਤੰਤਰਤਾ ਸੰਗ੍ਰਾਮ ਦੇ ਬਾਨੀ ਚੀਨੀ ਵਾਲੇ ਪਾਤਸ਼ਾਹ ਨੂੰ ਜਲਾਵਤਨ ਕਰ ਦਿਤਾ ਗਿਆ ਅਤੇ ਭੈਣੀ ਸਾਹਿਬ ਤੇ ਪੁਲਸ ਚੌਕੀ ਬਿਠਾ ਦਿਤੀ ਗਈ। ਭੁਲੇ ਅੰਗਰੇਜ਼ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ, ਕਿ ਚੜ੍ਹੇ ਚੰਨ ਨੂੰ ਕੁਠਾਲੀਆਂ ਨਾਲ ਨਹੀਂ ਛਪਾਇਆ ਜਾ ਸਕਦਾ। ਉਸਦੀਆ ਲੋਕ ਲਹਿਰਾਂ ਦੇ ਕੀਤੇ ਤਸ਼ੱਦਦ ਨਾਲ ਉਸ ਸਮੇਂ ਭਾਵੇਂ ਉਹ ਦਬ ਜਾਣ ਪਰ ਵਕਤ ਔਣ ਤੇ ਉਹ ਜਵਾਲਾ ਮੁਖੀ ਅਜਿਹਾ ਲਾਵਾ ਉਗਲਦਾ ਹੈ ਕਿ ਵਡੇ ਵਡੇ ਸਾਮਰਾਜਾਂ ਦੇ ਨਾਉਂ ਸੰਸਾਰ ਦੀ ਤਖਤੀ ਤੋਂ ਪੋਚ ਦੇਂਦਾ ਹੈ।

Namdhari Elibrary NamdhariElibrary@gmail.com

ਆਜ਼ਾਦੀ ਦੀ ਕੂਕ

ਜਿਸਨੇ ਸਾਰੇ ਦੇਸ਼ ਨੂੰ ਹਲੂਣ ਕੇ ਕੂਕਾ ਬਣਾ ਦਿਤਾ

ਸੰਤ ਨਿਧਾਨ ਸਿੰਘ ਆਲਿਮ

ਲਹੌਰ ਦੇ ਪਾਤਸ਼ਾਹੀ ਕਿਲੇ ਉਤੇ ਮਸਤਾਨੀ ਅਦਾ ਨਾਲ ਝੂਲ ਰਿਹਾ ਕੇਸਰੀ ਨਿਸ਼ਾਨ ਪੰਜਾਬ ਦੀ ਸੁਤੰਤਰਤਾ ਦਾ ਪ੍ਰਮਾਣ ਪੇਸ਼ ਕਰ ਰਿਹਾ ਸੀ, ਜਿਸਦੇ ਸਾਮ੍ਹਣੇ ਔਂਦਿਆਂ ਹੀ ਐਂਗ੍ਰੇਜ਼ ਅਤੇ ਫਰਾਂਸੀਸੀ ਜਰਨੈਲਾਂ ਦੇ ਹੈਟ ਲਹਿਕੇ ਇਸ ਦੀ ਵਡਿਆਈ ਦੇ ਸਨਮਾਨ ਦਾ ਕਲਮਾਂ ਪੜਨ ਵਿਚ ਹੀ ਆਪਣਾ ਲਾਭ ਅਰ ਭਲਿਆਈ ਮਹਿਸੂਸ ਕਰਦੇ ਸਨ। ਜੇ ਸੱਚ ਪੁਛੋ ਤਾਂ ਇਹ ਝੰਡਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਜੇ ਹੋਏ ਖਾਲਸਾ ਜੀ ਦੀਆਂ ਬੇਅੰਤ ਘਾਲਾਂ ਤੇ ਕੁਰਬਾਨੀਆਂ ਦਾ ਨਤੀਜਾ ਸੀ। ਇਸਦੇ ਖੜੇ ਕਰਨ ਤੇ ਲਹਿਰਾਣ ਹਿਤ ਮਾਤਾ ਸੁੰਦਰੀ ਅਤੇ ਸਾਹਿਬਦੇਵਾਂ ਨੇ ਅਪਣੇ ਲਾਡਲੇ ਜਿਗਰ-ਟੁਕੜਿਆਂ ਦਾ ਪਰਮ ਪਵਿਤ੍ਰ ਲਹੂ ਭੇਟ ਕੀਤਾ ਸੀ। ਇਹ ਪੰਜਾਬ ਦੇ ਸ਼ੇਰ ਮਹਾਰਾਜਾ ਰਣਜੀਤ ਸਿੰਘ, ਉਸਦੇ ਸਿਰਲੱਥ ਜੋਧਿਆਂ ਅਕਾਲੀ ਫੂਲਾ ਸਿੰਘ ਤੇ ਸਰਦਾਰ ਹਰੀ ਸਿੰਘ ਜੇਹੇ ਜਰਨੈਲਾਂ ਅਤੇ ਵਤਨ ਤੋਂ ਕੁਰਬਾਨ ਹੋਣ ਵਾਲੇ ਪੰਜਾਬੀ ਸੂਰਬੀਰਾਂ ਦੀ ਵਧ ਰਹੀ ਸ਼ਾਨ ਦਾ ਪ੍ਰਤੱਖ ਪ੍ਰਮਾਣ ਸੀ। ਪਰ ਕਾਲ ਦਾ ਚੱਕਰ ਵੀ ਆਪਣੇ ਪਿਛੇ ਇਕ ਨਿਰਾਲਾ ਤੇ ਅਨੋਖਾ ਇਤਹਾਸ ਰਖਦਾ ਹੈ, ਜੋ ਕਿਤੇ ਵੱਡੇ ਤੋਂ ਵੱਡੇ ਨਾਢੂ ਖਾਂ ਦਾ ਵੀ ਲਿਹਾਜ ਨਾ ਕਰਦਾ ਹੋਯਾ ਆਪਣਾਂ ਕੰਮ ਜਾਰੀ ਰਖਦਾ ਹੈ। ਉਹ ਆਪਣੀ ਅੱਖ ਹੇਠਾਂ ਨਾਂ ਤਾਂ ਲਿਔਂਦਾ ਹੈ ਦੁਰਾਨੀਆਂ ਨੂੰ ਤੇ ਨਾ ਅਬਦਾਲੀਆਂ ਨੂੰ ਗਿਲਜਿਆਂ ਤੇ ਮੁਗਲਾਂ ਦੇ ਮਾਨ ਨੂੰ ਚਕਨਾਂ ਚੂਰ ਕਰਦਾ ਹੋਇਆ ਸਮੇ ਸਮੇ ਅਨੁਸਾਰ ਉਹ ਪੁਰਾਣਿਆਂ ਨੂੰ ਡਾਊਨ (ਹੇਠਾਂ) ਤੇ ਨਵਿਆਂ ਨੂੰ ਅੱਪ (ਉਤੇ) ਕਰਦੇ ਰਹਿਣ ਦਾ ਆਦੀ ਹੈ। ਸਿਕੰਦਰ ਨਾਮੇ ਦੇ ਕਰਤਾ ਨੇ ਐਵੇਂ ਤਾਂ ਨਹੀਂ ਲਿਖ ਦਿਤਾ ਸੀ ਕਿ ਆਦਮ ਦੀ ਕੌਮ ਵਿਚ ਹੋਏ ਸ਼ਦਦਾਦ ਜੈਸੇ ਬਾਦਸ਼ਾਹ ਵੀ ਇਸ ਦਾ ਸ਼ਿਕਾਰ ਹੋਣੋਂ ਨਾਂ ਬਚ ਸਕੇ ਜਿਨਾਂ ਆਪਣੀ ਵਿਭਤੀ ਦੇ ਬਲ ਨਾਲ ਖੁਦਾ ਬਣਨ ਦਾ ਜਤਨ ਕੀਤਾ ਸੀ:-

"ਕਜ਼ੋ ਖ਼ਿਸ਼ਤਿ ਜ਼ਰਰੀਨ ਸ਼ਦਦਾਦਿ ਆਦ।
ਚਿਹ ਆਮਦ ਬਜੁਜ਼ ਮੁਰਦਨੇ ਨਾ ਮੁਰਾਦ।"

ਏਸ ਚੱਕਰ ਦੀ ਗਰਦਸ਼ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸਦਾ ਦੀ ਨੀਂਦੇ ਸੁਆ ਦਿਤਾ। ਸਿਪਾਹੀ ਤੋਂ ਲੈਕੇ ਸਰਦਾਰ ਤਕ ਤੋਂ ਕੰਟ੍ਰੋਲ ਉਠ ਗਿਆ। ਸਿਖ ਚਲਨ ਬਿਗੜ ਗਿਆ। ਇਖਲਾਕ ਤੇ ਇਤਫਾਕ ਦਾ ਕੀਰਤਨ ਸੋਹਿਲਾ ਪੜ੍ਹਿਆ ਗਿਆ। ਵਿਸਾਹਘਾਤ ਦਗੇਬਾਜ਼ੀ, ਅਤੇ ਗਦਾਰੀ ਦੀ ਤ੍ਰਿਬੇਣੀ ਵਗਨ ਲਗ ਪਈ। ਜਿਵੇ 'ਗੰਗਾ ਜਮਨਾਂ ਅਤੇ ਸੁਰਸਤੀ ਦੀ ਤ੍ਰਿਬੇਣੀ ਵਿਚ ਇਸ਼ਨਾਨ ਕਰਨ ਵਾਲਿਆਂ ਦੇ ਪਾਪ ਨਸ਼ਟ ਹੋ ਜਾਂਦੇ ਸੁਣੀਦੇ ਹਨ ਤਿਵੇਂ ਹੀ ਏਸ ਤ੍ਰਿਬੇਣੀ ਵਹਿਣ ਵਿਚ ਟੁਭੀ ਲੈਣ ਵਾਲੇ ਸਿਖ ਅਰ ਪੰਜਾਬੀ ਸਰਦਾਰਾਂ ਦੇ ਮਨ ਅਤੇ ਬੁਧੀਆਂ ਨਸ਼ਟ ਭ੍ਰਸ਼ਟ ਹੋਣ ਲਗੀਆਂ ਜਿਸਦਾ ਸਿੱਟਾ ਖਾਲਸਾ ਰਾਜ ਦੇ ਆਨ ਸ਼ਾਨ ਨਾਲ ਝੁਲਣ ਵਾਲੇ ਸੁਤੰਤਰ ਝੰਡੇ ਦੀ ਗਿਰਾਵਟ ਦੇ ਰੂਪ ਵਿਚ ਪਰਗਟ ਹੋਯਾ।

ਲਹੌਰ ਦੇ ਕਿਲੇ ਤੇ ਹੁਣ ਐਂਗ੍ਰੇਜ਼ਾਂ ਦਾ ਯੂਨੀਅਨ ਜੈਕ ਲਹਿਰਾ ਰਿਹਾ ਸੀ। ਸਿਖ ਰਾਜ ਦਾ ਭੋਗ ਪੈ ਚੁੱਕਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ੇਖਾਨੇ ਦਾ ਕੀਮਤੀ ਤੋਂ ਕੀਮਤੀ ਸਮਾਨ ਨਿਲਾਮ ਹੋ ਚੁਕਾ ਸੀ। ਕੌਮਘਾਤਕ ਤੇ ਗਦਾਰ ਲੋਕ ਐਂਗ੍ਰੇਜ਼ ਪਾਸੋਂ ਜਗੀਰਾਂ ਤੇ ਇਨਾਮ ਲੈਣ ਵਿਚ ਰੁਝੇ ਪਏ ਸਨ।

ਅਣਖੀਲੇ ਜਥੇਦਾਰ ਤੇ ਸਰਦਾਰ ਜੋ ਜੁਧਾਂ ਜੰਗਾਂ ਵਿਚੋਂ ਬਚ ਰਹੇ ਸਨ ਐਂਗ੍ਰੇਜ਼ ਨੇ ਕੈਦੀ ਬਣਾ ਲਏ। ਰਾਜਮਾਤਾ ਮਹਾਰਾਣੀ ਜਿੰਦਾਂ ਅਤੇ ਪੰਜਾਬ ਦੇ ਅਣਖੀਲੇ ਸ਼ੇਰ ਦੀ ਇਕੋ ਇਕ ਜੀਉਂਦੀ ਜਾਗਦੀ ਨਿਸ਼ਾਨੀ ਮਹਾਰਾਜਾ ਦਲੀਪ ਸਿੰਘ ਜੀ ਨੂੰ ਐਂਗ੍ਰੇਜ਼ ਨੀਤੀਵਾਨਾਂ ਨੇ ਪਹਿਲੋਂ ਹੀ ਕਾਬੂ ਕਰ ਲਿਆ ਸੀ।

੧੮੫੭ ਈ: ਦੇ ਮਧ ਵਿਚ ਐਂਗ੍ਰੇਜ਼ੀ ਰਾਜ ਦੇ ਬੇੜੇ ਨੂੰ ਨੇਸਤੀ ਦੇ ਸਮੁੰਦਰ ਵਿਚ ਗਰਕ ਕਰ ਦੇਣ ਵਾਲੀ ਇਕ ਕਾਂਗ ਉਠੀ ਪਰ ਦੇਸ਼ ਦੀ ਨਿਰਭਾਗਤਾ ਨੇ ਉਸਨੂੰ ਫੇਹਲ ਕਰ ਦਿਤਾ। ਯੂਪੀ ਤੇ ਸੀਪੀ ਵਗੈਰਾ ਦੇ ਸਰਦਾਰਾਂ ਅਤੇ ਰਾਈਸਾਂ ਨੇ ਇਸ ਪਾਪ ਭਰਪੂਰ ਬੇੜੇ ਨੂੰ ਸਲਾਮਤੀ ਦੇ ਕਿਨਾਰੇ ਲੈਣ ਵਾਲੇ ਮਲਾਹਾਂ ਦੀ ਖੇਡ ਖੇਡੀ ਜਿਸ ਨਾਲ ਕੁਛ ਸਿੱਖ ਸਰਦਾਰ ਵੀ ਸ਼ਾਮਿਲ ਹੋ ਗਏ ਜਿਨ੍ਹਾਂ ਨੇ ਐਂਗ੍ਰੇਜ਼ ਹਕੂਮਤ ਦੇ ਡੁਬ ਰਹੇ ਬੇੜੇ ਨੂੰ ਬਚਾ ਲੈਣ ਦਾ ਮਹਾਨ ਪਾਪ ਕੀਤਾ। ਜਿਸਦਾ ਨਤੀਜਾ ਇਹ ਹੋਇਆ ਕਿ ਪੰਜਾਬ ਐਂਗਰੇਜ਼ ਰਾਜ ਦੇ ਬੰਧਨਾਂ ਵਿਚ ਜਕੜਿਆ ਗਿਆ। ਸਿਖ ਫੌਜਾਂ ਤੋੜਕੇ ਉਹਨਾਂ ਤੋਂ ਹਥਿਆਰ ਖੋਹ ਲੈ ਗਏ। ਏਸ ਤਰਾਂ ਸਮੇਂ ਦੇ ਚੱਕਰ ਨੇ ਬੜੀ ਤੇਜੀ ਨਾਲ ਪੰਜਾਬ ਦੇ ਮਾਲਕ ਨੂੰ ਗੈਰਾਂ ਦੇ ਅਧੀਨ ਕਰਕੇ ਰਾਜਾ ਤੋਂ ਕੰਗਾਲ ਅਰ ਦਾਤਾ ਤੋਂ ਭਿਖਾਰੀ ਬਨਾ ਕੇ ਰਖ ਦਿਤਾ।

ਦੇਸ਼ ਦੀ ਇਸ ਰਾਜਨੀਤਕ, ਸਮਾਜਕ, ਆਤਮਕ ਅਰ ਆਰਥਕ ਦੁਰਦਸ਼ਾ ਨੂੰ ਦਿਆਲਤਾ ਦਾ ਮਹਾਨ ਸਾਗਰ ਕਦ ਸਹਾਰ ਸਕਦਾ ਸੀ, ਉਸਦਾ ਹਿਰਦਾ ਦ੍ਰਵਿਆ, ਤੇ ਉਸਨੇ ਆਪਣੀ ਕਰੁਣਾ ਦਾ ਤੱਤ ਇਕ ਤੇਜਮਈ ਵਿਅਕਤੀ ਦੇ ਰੂਪ ਵਿਚ ਪ੍ਰਗਟ ਕੀਤਾ,

Namdhari Elibrary NamdhariElibrary@gmail.com

ਜਿਸਨੂੰ ਅਸੀਂ ਅਜ "ਸਤਿਗੁਰੂ ਰਾਮ ਸਿੰਘ ਜੀ" ਦੇ ਨਾਉਂ ਨਾਲ ਸਤਕਾਰ ਰਹੇ ਹਾਂ। ਅਸੀਂ ਹੀ ਨਹੀਂ ਬਲਕੇ ਉਸ ਸਮੇਂ ਦੀ ਆਮ ਜੰਤਾ ਨੇ ਵੀ ਉਸਨੂੰ ਪਹਿਲੋਂ ਗੁਰੂ ਨਾਨਕ ਅਤੇ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਮੰਨਿਆ ਇਸਦੇ ਸਬੂਤ ਵਾਸਤੇ ਮਿਸਟਰ ਜੇ ਡਬਲਯੂ ਮੈਕੇਨਬ ਕਾਇਮ ਮੁਕਾਮ ਡਿਪਟੀ ਕਮਿਸ਼ਨਰ ਅੰਬਾਲਾ ਦੀ ੪ ਨਵੰਬਰ ੧੮੭੧ ਈ: ਦੀ ਰਪੋਟ ਵਿਚੋਂ ਹੇਠ ਲਿਖੀਆਂ ਸਤਰਾਂ ਪੜ੍ਹਨ ਯੋਗ ਹਨ:-

"ਪੁਰਾਣੇ ਕਾਗਤਾਂ ਵਿਚੋਂ ਮੈਨੂੰ ਪਤਾ ਲਗਾ ਸੀ ਕਿ ਰਾਮ ਸਿੰਘ ਨੂੰ ਸੰਤ ਸਰੂਪ ਗੁਰੂ ਨਾਨਕ ਦਾ ਜਾ ਨਸ਼ੀਨ ਯਾ ਅਵਤਾਰ ਸਮਝਿਆ ਜਾਂਦਾ ਸੀ, ਪਰ ਹੁਣ ਉਸਨੂੰ ਯੋਧੇ ਗੁਰੂ ਗੋਬਿੰਦ ਸਿੰਘ ਦਾ ਰੂਪ ਸਮਝਿਆ ਜਾਂਦਾ ਹੈ"

(ਪੰਜਾਬ ਸਰਕਾਰ ਦਾ ਕਾਨਫੀਡੈਨਸ਼ਲ ਰੀਕਾਰਡ)

ਏਹੀ ਮਹਾਨ ਆਤਮਾਂ ਜ਼ਿਲਾ ਲੁਧਿਆਣੇ ਦੇ ਭੈਣੀਆਲਾ ਪਿੰਡ ਵਿੱਚ ਇਕ ਰਾਮਗੜ੍ਹੀਆ ਘਰਾਣੇ ਦੇ ਬਾਬਾ ਜੱਸਾ ਸਿੰਘ ਮਾਈ ਸਦਾ ਕੌਰ ਦੇ ਘਰ ਮਾਘ ਸੁਦੀ ਪੰਚਮੀਂ ਸੰਮਤ ੧੮੭੨ ਨੂੰ ਵੀਰਵਾਰ ਦੇ ਦਿਨ ਪ੍ਰਗਟ ਹੋਈ ਸੀ ਜਿਸ ਦੀ ਇਕ ਕੂਕ ਨੇ ਇਕ ਬੰਨੇ ਅਪਣੇ ਆਚਰਣ ਤੇ ਧਰਮ ਵਲੋਂ ਸੁਤੀ ਪਈ ਸਿਖ ਜੰਤਾ ਦੀਆਂ ਅਖਾ ਖੋਹਲ ਦਿੱਤੀਆ ਤੇ ਦੂਜੇ ਬੰਨੇ ਅੰਗਰੇਜ਼ ਹਕੂਮਤ ਨੂੰ ਕਾਂਬਾ ਚਾੜ ਦਿਤਾ। ਏਸ ਕੂਕ ਵਿਚ ਗਜ਼ਬ ਦੀ ਤਾਕਤ ਸੀ ਜਿਸਦੇ ਹੈਰਾਨ ਕੁਨ ਅਸਰ ਨੇ ਇਕ ਪਾਸੇ ਰਾਜਿਆਂ ਜਗੀਰਦਾਰਾਂ, ਸ੍ਰਦਾਰਾਂ, ਸਰਕਾਰੀ ਕਰਮਚਾਰੀਆਂ, ਗੁਰਦਵਾਰਿਆਂ ਤੇ ਮੰਦਰਾਂ ਦੇ ਪੁਜਾਰੀਆਂ ਦੇ ਹਿਰਦਿਆਂ ਵਿਚ ਭੁਚਾਲ ਲਿਆਂਦਾ ਤੇ ਦੂਜੇ ਪਾਸੇ ਲੰਡਨ ਪਾਰਲੀਮੈਂਟ ਦੀਆ ਕੰਧਾਂ ਨੂੰ ਝੂਣ ਕੇ ਰਖ ਦਿਤਾ। ਏਸ ਕੂਕ ਦੇ ਅਧਾਰ ਤੇ ਹੀ ਅੰਗ੍ਰੇਜ਼ਾਂ ਨੇ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਲੱਖਾਂ ਹੀ ਪੈਰੋਕਾਰਾਂ ਨੂੰ 'ਕੂਕੇ' ਕਹਿਣਾਂ ਸ਼ੁਰੂ ਕਰ ਦਿਤਾ, ਜਿਸ ਕਰਕੇ ਇਹ ਲਹਿਰ 'ਕੂਕਾ ਲਹਿਰ' ਦੇ ਨਾਉਂ ਨਾਲ ਪ੍ਰਸਿੱਧ ਹੋਈ, ੧੮੫੭ ਈਸਵੀ ਤੋਂ ਪਿਛੋਂ ਅਤੇ ਕਾਂਗਰਸ ਦੇ ਜਨਮ ਤੋਂ ਪਹਿਲੇ ਅੰਗ੍ਰੇਜ਼ੀ ਰਾਜ ਦੀਆਂ ਜੜ੍ਹਾਂ ਨੂੰ ਖੋਖਲਾ ਕਰਨ ਵਾਲੀ ਇਹ ਆਦਰਸ਼ਕ ਲਹਿਰ ਸੀ। ਮਹਾਤਮਾਂ ਗਾਂਧੀ ਜੀ ਦਾ ਨਾਮਿਲਵਰਤਨ ਅਤੇ ਸਤਿਆਗ੍ਰਹਿ ਏਸੇ ਤਹਿਰੀਕ ਦੀ ਇਕ ਸ਼ਾਨਦਾਰ ਪੈਦਾਵਾਰ ਹਨ। ਕਾਂਗਰਸ ਮੂਵਮੈਂਟ ਦਾ ਅਰੰਭ ੧੮੮੫ ਈਸਵੀ ਵਿਚ ਹੋਇਆ, ਤੇ ੧੯੨੦ ਈਸਵੀ ਵਿਚ ਇਸਨੇ ਮਹਾਤਮਾਂ ਜੀ ਦੀ ਅਗਵਾਈ ਵਿਚ ਕੂਕਾ ਇਜ਼ਮ ਦੇ ਨਾਮਿਲਵਰਤਨ ਤੇ ਸਤਿਆਗ੍ਰਹਿ ਦੇ ਅਸੂਲਾਂ ਦੀ ਪੈਰਵੀ ਅਰੰਭੀ, ੧੯੪੨ ਈਸਵੀ ਵਿਚ ਕੁਇਟ-ਇੰਡਿਆ (ਅੰਗ੍ਰੇਜ਼ਾਂ ਦੇ ਵਿਰੁਧ ਹਿੰਦੁਸਤਾਨ ਛੱਡਕੇ ਤੁਰ ਜਾਓ) ਦਾ ਨਾਅਰਾ ਮਹਾਤਮਾਂ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਨੇ ਲਾਇਆ ਪਰ ਏਹ ਨਾਅਰਾ ਕੂਕਾ ਲਹਿਰ ਦੇ ਬਾਨੀ ਨੇ ਕਾਂਗਰਸ ਦੇ ਜਨਮ ਤੋਂ ਲਗ ਪਗ ੮੫ ਸਾਲ ਪਹਿਲੋਂ ਲਾਇਆ ਸੀ, ਜਿਸਦੇ ਕਾਰਨ ਕੂਕੇ ਤੋਪਾਂ ਅਗੇ ਉਡਾਏ ਗਏ, ਫਾਂਸੀ ਚੜ੍ਹਾਏ ਗਏ, ਜਲਾਵਤਨ ਕੀਤੇ ਗਏ, ਭੈਣੀ ਆਲੇ (ਸ੍ਰੀ ਭੈਣੀ ਸਾਹਿਬ) ਨੂੰ ਫੌਜਾਂ ਭੇਜਕੇ ਲੁਟਿਆ ਗਿਆ, ਮੰਦਰ ਢਾਹ ਦਿਤੇ ਗਏ, ਜਾਇਦਾਦਾਂ ਜ਼ਬਤ ਕੀਤੀਆਂ ਗਈਆਂ, ਲਹਿਰ ਦੇ ਸੰਚਾਲਕ ਨੂੰ ਉਸਦੇ ਸੂਬਿਆਂ ਸਮੇਤ ਬਿਨਾ ਮੁਕੱਦਮਾ ਚਲਾਣ ਤੋਂ ਜਲਾਵਤਨ ਕੀਤਾ ਗਿਆ। ਹਰ ਕੂਕਾ ਬਾਗੀ ਕਰਾਰ ਦਿਤਾ ਗਿਆ। ਜਰਾਇਮ ਪੇਸ਼ਾ ਕੌਮਾਂ ਵਾਂਗ ਉਨ੍ਹਾਂ ਤੇ ਕਰੜੀ ਤੋਂ ਕਰੜੀ ਨਿਗਰਾਨੀ ਰੱਖੀ ਗਈ, ਇਹ ਸਿਲਸਲਾ ਬਰਾਬਰ ਅੱਧੀ ਸਦੀ (ਸੰਨ ੧੮੭੨ ਈ: ਤੋਂ ੧੯੨੩) ਤਕ ਜਾਰੀ ਰਿਹਾ। ਅਜ ਦੇਸ਼ ਸੁਤੰਤਰ ਹੋ ਚੁੱਕਾ ਹੈ, ਅੰਗੇਜ਼ ਜਾ ਚੁੱਕਾ ਹੈ, ਕੂਕਿਆਂ ਨੂੰ ਉਡਾਣ ਵਾਸਤੇ ਮਲੇਰ ਕੋਟਲੇ ਵਿਚ ਤੋਪਾਂ ਭੇਜਣ ਵਾਲੇ ਪਟਿਆਲੀਆਂ ਤੇ ਫਰੀਦ ਕੋਟੀਆਂ ਦੇ ਰਾਜ ਖੁਸ ਚੁੱਕੇ ਹਨ, ਜੋ ਉਸੰ ਕੂਕ ਦਾ ਨਤੀਜਾ ਹੈ, ਜੋ ਭੈਣੀ ਆਲੇ ਤੋਂ ਉਠਕੇ ਸਾਰੇ ਦੇਸ਼ ਵਿਚ ਫੈਲੀ ਸੀ,

ਪਰ ਕਿੰਨੇ ਦੁਖ ਦੀ ਗੱਲ ਹੈ ਕਿ ੧੮੫੭ ਤੋਂ ਪਿਛੋਂ ਸੁਤੰਤ੍ਰਤਾ ਦਾ ਬੀਜ ਬੀਜਣ ਅਤੇ ਸੁਤੰਤਰਤਾ ਦੇ ਬੂਟੇ ਨੂੰ ਆਪਣਾ ਲਹੂ ਵੀਟ ਕੇ ਪਾਲਣ ਵਾਲੇ ਇਸ ਨਾਮਧਾਰੀ ਯਾ ਕੂਕਾ ਸਮਾਜ ਅਰ ਉਸਦੇ ਸੰਚਾਲਕ ਦੀਆਂ ਕੁਰਬਾਨੀਆਂ ਦਾ ਵਰਨਨ ਆਪਣੀਆਂ ਤਕਰੀਰਾਂ ਅੰਦਰ ਨਾ ਕਦੇ ਭਾਰਤ ਦੇ ਪ੍ਰਧਾਨ ਅਤੇ ਨਾਂ ਹੀ ਪ੍ਰਧਾਨ ਮੰਤਰੀ ਨੇ ਕੀਤਾ ਹੈ, ਕਾਂਗਰਸ ਦਾ ਹਰ ਨੇਤਾ ਅਤੇ ਤਵਾਰੀਖ਼ ਦਾ ਹਰ ਮੁਸੰਨਫ ਜਦ ਵੀ ਰਾਜਨੀਤਕ ਲਹਿਰਾਂ ਦਾ ਜ਼ਿਕਰ ਕਰਦਾ ਹੈ ਉਹ ੧੮੫੭ ਈ: ਦੀ ਲਹਿਰ ਤੋਂ ਟਪਾ ਖਾਕੇ ਕਾਂਗਰਸ ਦਾ ਹੀ ਨਾਮ ਜਾ ਲੈਂਦਾ ਹੈ। ਕੀ ਇਹ ਸੁਤੰਤ੍ਰਤਾ ਦਾ ਬੀਜ ਬੀਜਣਾਂ ਅਤੇ ਉਸ ਹਿਤ ਅਪਣੇ ਜੀਵਨ ਦੀ ਬਾਜੀ ਲਾ ਦੇਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਅਤੇ ਉਸਦੇ ਸ਼ਹੀਦ ਕੂਕਿਆਂ ਨਾਲ ਅਜਾਦੀ ਦੇ ਇਤਿਹਾਸ ਲੇਖਕਾਂ ਦਾ ਅਨਿਆਂ ਨਹੀਂ ਹੈ ?

ਦਲੇਰ ਆਤਮਾ ਵਾਲਾ ਪੁਰਸ਼

ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਿਚ ਹਜ਼ਾਰਾਂ ਵਰ੍ਹਿਆਂ ਦੀ ਤਾਰੀਖ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਐਸਾ ਨਹੀਂ ਹੋਇਆ ਜਿਸਨੇ ਆਪਣੇ ਮਨੋਰਥ ਜੀਵਨ ਦਾ ਨਿਸ਼ਾਨਾ ਇੰਨਾਂ ਉਚਾ ਤੇ ਹਮਾਗੀਰ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ ਸਮਾਜਿਕ ਤੌਰ ਤੇ ਰਾਜਸੀ ਤੌਰ ਤੇ ਸਾਰੇ ਭਰਮਾਂ ਦੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉਨਤੀ ਦੀ ਸਿਖਰ ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਹੋਇਆ ਹੈ, ਇਸ ਲਈ ਸ਼ਰਧਾਲੂਆਂ ਦੇ ਮਨ ਉਤੇ ਬਾਬਾ ਰਾਮ ਸਿੰਘ ਦੇ ਸਰੂਪ ਦਾ ਇਉਂ ਝਲਕਾਰਾ ਪੈਣਾ ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣੰ, ਇਕ ਕੁਦਰਤੀ ਜੇਹੀ ਗੱਲ ਸੀ।"

ਸ੍ਰ. ਕਪੂਰ ਸਿੰਘ

Namdhari Elibrary NamdhariElibrary@gmail.com

ਨਾਮਧਾਰੀ ਸਿੱਖ

ਪ੍ਰਿੰਸੀਪਲ ਤੇਜਾ ਸਿੰਘ

ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ ।।
ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ।

ਮੌਜੂਦਾ ਸਮੇਂ ਦੇ ਧਾਰਮਕ ਸੁਧਾਰ ਦਾ ਮੁਢ ਨਾਮਧਾਰੀ ਲਹਿਰ ਨੇ ਬੱਧਾ। ਸ੍ਰੀ ਬਾਬਾ ਰਾਮ ਸਿੰਘ ਜੀ ਨੇ ਸਿੱਖਾਂ ਦੇ ਰਾਜ ਸਮੇਂ ਫੌਜੀ ਨੌਕਰੀ ਵਿਚ ਰਹਿਕੇ ਵੇਖ ਲਿਆ ਸੀ ਕਿ ਸਿੱਖ ਲੋਕ 'ਨਾਮ' ਤੋਂ ਸੱਖਣੇ ਹੋਣ ਕਰਕੇ ਆਚਰਨ ਦੇ ਥੋਥੇ ਹੋ ਗਏ ਹਨ। ਸਿਖਾਂ ਦਾ ਧਰਮ ਹੀ ਪਾਲੀਟਿਕਸ ਹੋ ਗਿਆ ਸੀ, ਨਾ ਬਾਣੀ ਦਾ ਅਭਿਆਸ, ਨਾ ਧਾਰਮਕ ਵਿਦਿਆ ਦਾ ਸ਼ੌਕ ਸੀ, ਨਿਰੇ ਮੁਲਕੀ ਮਾਮਲਿਆਂ ਵਿਚ ਗੋਂਦਾਂ ਗੁੰਦਣ ਤੇ ਧੜੇ ਬਾਜ਼ੀ ਦਾ ਜ਼ੋਰ ਸੀ। ਧਾਰਮਕ ਮਾਮਲਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ ਲੈਂਦਾ। ਸੋਹਣੀ ਪਗੜੀ ਬੰਨ੍ਹਣਾਂ ਤੇ ਦਾੜ੍ਹੇ ਕੱਸ ਕੇ ਮੁੱਛਾਂ ਤੇ ਤਾ ਦੇਂਦੇ ਰਹਿਣਾ ਹੀ ਸਿਖੀ ਦਾ ਨਿਸ਼ਾਨ ਰਹਿ ਗਿਆ ਸੀ। ਰਹਿਣੀ ਬਹਿਣੀ ਵਿਚ ਉਹੋ ਪੁਰਾਣੇ ਹਿੰਦੂਆਂ ਵਾਲੇ ਭਰਮ ਭਰੇ ਪਏ ਸਨ। ਇਹੋ ਜਹੇ ਸਿਖਾਂ ਕੋਲ ਰਾਜ ਕਿਵੇਂ ਕਾਇਮ ਰਹਿੰਦਾ। ਜਦ ੧੮੪੯ ਵਿਚ ਸਿੱਖ ਰਾਜ ਤੋਂ ਵਿਹਲੇ ਕੀਤੇ ਗਏ, ਤਦ ਤਾਂ ਹੋਰ ਭੀ ਢਹਿੰਦੀਆਂ ਕਲਾਂ ਵਿਚ ਹੋ ਗਏ। ਅੰਮ੍ਰਿਤ ਛਕਣਾ ਭਾਰੂ ਦਿਸਣ ਲਗ ਪਿਆ ਅਤੇ ਪਛਮੀ ਤਹਜ਼ੀਬ ਦੀ ਸ਼ੁਕੀਨੀ ਵਿਚ ਗ੍ਰਸੇ ਜਾ ਕੇ ਸ਼ਰਾਬਾਂ ਕਬਾਬਾਂ ਵਿਚ ਮਨ ਲਾ ਲਿਆ।

ਬਾਬਾ ਰਾਮ ਸਿੰਘ ਜੀ ਨੇ ਪਿੰਡਾਂ ਤੇ ਸ਼ਹਿਰਾਂ ਵਿਚ ਫਿਰ ਕੇ ਇਸ ਮੁਰਦਾ ਕੌਮ ਨੂੰ ਹਲੂਣ ਕੇ ਜਗਾਣ ਦਾ ਬੀੜਾ ਚੁੱਕਿਆ। ਉਨ੍ਹਾਂ ਨੇ ਦੱਸਿਆ ਕਿ ਸਿੱਖਾਂ ਦਾ ਅਸਲੀ ਪ੍ਰਤਾਪ ਉਨ੍ਹਾਂ ਦੇ ਨਾਮ ਸਿਮਰਨ ਤੇ ਸੇਵਾ ਵਿਚ ਹੀ ਹੋਂਦਾ ਆਇਆ ਹੈ। ਜੇ ਕੌਮ ਨੇ ਉਠਣਾ ਹੈ ਤਾਂ ਕੇਵਲ ਇਸੇ ਸਾਧਨ ਦੇ ਆਸਰੇ ਉਠਣਾ ਹੈ। ਉਨ੍ਹਾਂ ਨੇ ਸਿਖਾਂ ਨੂੰ ਦੀਵਾਨ ਲਾ ਕੇ ਬਾਣੀ ਤੇ ਕੀਰਤਨ ਦੇ ਅਭਿਆਸ ਵਿਚ ਲਾਇਆ। ਗੁਰਦੁਆਰਿਆਂ ਵਿਚੋਂ ਪੁਜਾਰੀਆਂ ਦੇ ਭਰਮਾਂ ਤੇ ਪਖੰਡਾਂ ਦੇ ਵਿਰੁਧ ਅਵਾਜ਼ ਉਠਾਈ, ਜਿਸ ਕਰਕੇ ਉਹ ਲੋਕ ਬਾਬਾ ਜੀ ਦੇ ਵਿਰੁਧ ਹੋ ਗਏ, ਪਰ ਬਾਬਾ ਜੀ ਆਪਣੇ ਪ੍ਰਚਾਰ ਤੇ ਡਟੇ ਰਹੇ। ਉਨਾਂ ਨੇ ਸਿੱਖਾਂ ਨੂੰ ਸਾਦੀ ਜਿੰਦਗੀ ਬਸਰ ਕਰਨਾ ਸਿਖਾਇਆ। ਪੱਛਮੀ ਫੈਸ਼ਨਾਂ ਦੇ ਵਿਰੁਧ ਇਕ ਤਕੜਾ ਜ਼ਹਾਦ ਖੜਾ ਕਰ ਦਿਤਾ, ਜਿਸ ਕਰਕੇ ਸਰਕਾਰ ਦਰਬਾਰ ਵਿਚ ਉਨ੍ਹਾਂ ਦੇ ਵਿਰੁਧ ਗਲਤ ਫਹਿਮੀਆਂ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ ਪਰ ਬਾਬਾ ਜੀ ਆਪਣੀ ਧੁਨ ਦੇ ਪਕੇ ਸਨ, ਉਹ ਆਪਣਾ ਕੰਮ ਕਰੀ ਗਏ। ਉਨ੍ਹਾਂ ਦੇ ਦਿਲ ਵਿਚ ਕਿਸੇ ਕੌਮ ਲਈ ਘ੍ਰਿਣਾ ਨਹੀਂ ਸੀ। ਉਹ ਪ੍ਰੇਮ ਦੇ ਪੁਤਲੇ ਸਨ। ਇਹ ਗਲ ਸੁਣਕੇ ਕਈ ਸਜਣ ਹੈਰਾਨ ਹੋਣਗੇ , ਪਰ ਹੈ ਇਹ ਸੱਚ ਕਿ ਬਾਬਾ ਰਾਮ ਸਿੰਘ ਜੀ ਸਚਾਈ, ਅਹਿੰਸਾ ਅਤੇ ਰਵਾਦਾਰੀ ਦੇ ਪੁਤਲੇ ਸਨ। ਉਹ ਕੋਈ ਗਲ ਭੜਕਾਵੀਂ ਨਹੀਂ ਕਰਦੇ ਸਨ। ਉਨ੍ਹਾਂ ਵਿਚ ਪਰਲੇ ਦਰਜੇ ਦੀ ਸ਼ਾਂਤੀ ਤੇ ਸਚਾਈ ਭਰੀ ਪਈ ਸੀ। ਉਨ੍ਹਾਂ ਦੇ ਦਰਸ਼ਨ ਕਰਕੇ ਲੋਕਾਂ ਦੇ ਹਿਰਦੇ ਠੰਢੇ ਠਾਰ ਹੋ ਜਾਂਦੇ ਸਨ। ਉਨ੍ਹਾਂ ਦੀ ਸ਼ਖਸੀਅਤ ਦਾ ਇੰਨਾਂ ਅਸਰ ਸੀ ਕਿ ਕਈ ਵੇਰ ਉਨ੍ਹਾਂ ਦੇ ਸਰਧਾਲੂ ਕੋਈ ਬੱਜਰ ਭੁਲ ਭੀ ਕਰ ਆਉਣ ਤਾਂ ਆਕੇ ਸੱਚੋ ਸੱਚ ਸਭ ਕੁਝ ਦੱਸ ਦਿੰਦੇ ਸਨ। ੧੮੭੧ ਵਿਚ ਕਈ ਨਾਮਧਾਰੀ ਸਿਖਾਂ ਨੇ ਅੰਮ੍ਰਿਤਸਰ ਦੇ ਬੁਚੜਾਂ ਨੂੰ ਸਰਕਾਰੀ ਹੁਕਮ ਦੇ ਵਿਰੁਧ ਗਊ ਹੱਤਿਆ ਕਰਨ ਕਰਕੇ ਮਾਰ ਦਿਤਾ, ਪਰ ਉਨਾਂ ਦੀ ਥਾਂ ਅਕਾਲੀ ਫੜੇ ਗਏ। ਜਦ ਬਾਬਾ ਜੀ ਨੂੰ ਇਸ ਗਲ ਦਾ ਪਤਾ ਲੱਗਾ, ਤਾਂ ਉਨਾਂ ਨੇ ਪੁੱਛ ਕੀਤੀ। ਜਿਨਾਂ ਨੇ ਇਹ ਕਾਰਾ ਕੀਤਾ ਸੀ ਉਹ ਸੱਚੋ ਸੱਚ ਮੰਨ ਗਏ। ਬਾਬਾ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਅੰਮ੍ਰਿਤਸਰ ਜਾਓ ਤੇ ਮੈਜਿਸਟ੍ਰੇਟ ਪਾਸ ਸਾਰੀ ਗਲ ਠੀਕ ਠੀਕ ਦਸ ਦਿਓ। ਉਨ੍ਹਾਂ ਨੇ ਐਸਾ ਹੀ ਕੀਤਾ ਅਤੇ ਫੜੇ ਹੋਏ ਅਕਾਲੀਆਂ ਨੂੰ ਛੁੜਾ ਕੇ ਆਪ ਫਾਂਸੀ ਤੇ ਚੜ੍ਹ ਗਏ।

ਜੇਕਰ ਅਸੀਂ ਗਹੁ ਨਾਲ ਨਾਮਧਾਰੀ ਲਹਿਰ ਦਾ ਮੁਤਾਲਿਆ ਕਰੀਏ, ਤਾਂ ਪਤਾ ਲਗਦਾ ਹੈ ਕਿ ਇਹ ਲਹਿਰ ਸਿੰਘ ਸਭਾ ਸੁਧਾਰ ਦਾ ਮੁੱਢ ਸੀ, ਅਤੇ ਹੁਣ ਭੀ ਕਈ ਕਮਜੋਰੀਆਂ ਜੋ ਸਿੰਘ ਸਭਾ ਮੂਵਮੇਂਟ ਵਿਚ ਰਹਿ ਗਈਆਂ ਹਨ, ਉਹ ਨਾਮਧਾਰੀਆਂ ਨੇ ਦਲੇਰੀ ਨਾਲ ਕਢਕੇ ਬਾਹਰ ਕਰ ਦਿਤੀਆਂ ਹਨ। ਸਿੰਘ ਸਭਾ ਵਾਲਿਆਂ ਅਤੇ ਨਾਮਧਾਰੀਆਂ ਵਿਚ ਮਤ ਭੇਦ ਬਹੁਤ ਥੋੜਾ ਹੈ। ਉਹ ਭੀ ਮੇਲ ਜੋਲ ਘਟ ਹੋਣ ਕਰਕੇ ਪੈ ਗਿਆ ਹੈ।

ਨਹੀਂ ਤਾਂ ਜੇ ਆਪਸ ਵਿਚ ਪਿਆਰ ਤੇ ਮੇਲ ਜੋਲ ਵਧੇ, ਤਾਂ ਦੋਵੇਂ ਧਿਰਾਂ ਛੇਤੀ ਹੀ ਇਕ ਹੋ ਸਕਦੀਆਂ ਹਨ। ਜਿਹੜਾ ਗੁਣ ਨਾਮਧਾਰੀਆਂ ਦੇ ਅੰਦਰ ਨਾਮ ਦਾ ਪਿਆਰ ਤੇ ਪੁਰਾਣੇ ਸਿੱਖਾਂ ਵਾਲੀ ਸਾਦਗੀ ਪਾਈ ਜਾਂਦੀ ਹੈ, ਉਹਦੀ ਕੌਮ ਨੂੰ ਡਾਢੀ ਲੋੜ ਹੈ। ਨਾਮਧਾਰੀਆਂ ਨੂੰ ਭੀ ਉਨਾਂ ਕਈ ਗਲਾਂ ਦੀ ਲੋੜ ਹੈ ਜਿਹੜੀਆਂ ਸਿੰਘ ਸਭਾਂ ਵਾਲਿਆਂ ਨੇ ਜਤਨਾਂ ਨਾਲ ਆਪਣੇ ਵਿਚ ਲਿਆਂਦੀਆਂ ਹਨ। ਜਿਵੇਂ ਵਿਦਿਆ, ਅਤੇ ਭਰਮ ਨਿਵਿਰਤੀ। ਭਰਮ ਨਵਿਰਤੀ ਦੀ ਨੀਂਹ ਤਾਂ ਨਾਮਧਾਰੀਆਂ ਨੇ ਆਪ ਰਖੀ ਸੀ, ਪਰ ਆਮ ਵਿਦਿਆ ਦੇ ਘਾਟੇ ਕਰਕੇ ਇਸ ਕੰਮ ਨੂੰ ਸਿਰੇ ਨਾਂ ਚਾੜ੍ਹ ਸਕੇ। ਇਸ ਲਈ ਜੇਕਰ ਦੋਵੇਂ ਧਿਰਾਂ ਆਪਸ ਵਿਚ ਵਧੇਰੇ ਮਿਲਣ, ਇਕ ਦੂਜੇ ਦੇ ਦੀਵਾਨਾਂ ਵਿਚ ਹਾਜ਼ਰ ਹੋਣ ਧਾਰਮਕ ਮਾਮਲਿਆਂ ਵਿਚ ਮਿਲ ਕੇ ਕੰਮ ਕਰਨ, ਤਾਂ ਥੋੜੇ ਚਿਰ ਵਿਚ ਦੋਵੇਂ ਇਕ ਮਿਕ ਹੋ ਸਕਦੇ ਹਨ। ਆਸ਼ਾ ਹੈ ਮੇਰੀ ਇਹ ਵਿਚਾਰ ਵਿਅਰਥ ਨਹੀਂ ਜਾਵੇਗੀ।

Namdhari Elibrary NamdhariElibrary@gmail.com

ਸਿੱਖਾਂ ਦੀ ਨਾਮਧਾਰੀ ਸੰਪਰਦਾ

ਇਤਿਹਾਸ ਦਾ ਇਕ ਭੁੱਲਿਆ ਵਿਸਰਿਆ ਪੰਨਾ

ਪੰਡਤ ਸੁੰਦਰ ਲਾਲ

ਇਕ ਮਸ਼ਹੂਰ ਅੰਗਰੇਜ਼ੀ ਕਹਾਵਤ ਹੈ- ਦੁਨੀਆਂ ਆਪਣੇ ਵੱਡੇ ਤੋਂ ਵੱਡੇ ਆਦਮੀਆਂ ਨੂੰ ਬਿਲਕੁਲ ਨਹੀਂ ਜਾਣਦੀ। ਜਿਵੇਂ ਸੈਂਕੜੇ ਤੇ ਹਜ਼ਾਰਾਂ ਸੁੰਦਰ ਤੋਂ ਸੁੰਦਰ ਫੁੱਲ ਸਿਰਫ ਜੰਗਲ ਦੀਆਂ ਚਿੜੀਆਂ ਨੂੰ ਆਪਣਾ ਸੁਹਪਣ ਵਿਖਾਕੇ ਹਵਾ ਵਿੱਚ ਆਪਣੀ ਖ਼ੁਸ਼ਬੂ ਖਲਾਰ ਕੇ ਖ਼ਤਮ ਹੋ ਜਾਂਦੇ ਹਨ, ਜਿਵੇਂ ਸੈਂਕੜੇ ਅਣਮੋਲ ਜਵਾਹਰ ਸਦਾ ਲਈ ਸਮੁੰਦਰ ਦੀ ਤਹਿ ਵਿੱਚ ਪਏ ਰਹਿੰਦੇ ਹਨ ਠੀਕ ਉਸੇ ਤਰ੍ਹਾਂ ਦੁਨੀਆਂ ਦੀਆਂ ਅਨੇਕ ਵੱਡੀਆਂ ਤੋ ਵੱਡੀਆਂ ਆਤਮਾਵਾਂ ਸਦਾ ਲਈ ਲੋਕਾਂ ਦੀਆਂ ਅੱਖਾਂ ਤੋਂ ਓਹਲੇ ਰਹਿੰਦੀਆਂ ਹਨ। ਏਸੇ ਤਰ੍ਹਾਂ ਇਤਿਹਾਸ ਦੇ ਅਨੇਕ ਮਾਅਰਕੇ ਦੇ ਪੰਨੇ ਸਦਾ ਲਈ ਦੁਨੀਆਂ ਦੀਆਂ ਅੱਖਾਂ ਤੋਂ ਓਹਲੇ ਰਹਿੰਦੇ ਹਨ। ਭਾਰਤ ਦੇ ਇਤਿਹਾਸ ਦੇ ਉਸ ਤਰ੍ਹਾਂ ਦੇ ਕੁਝ ਪੰਨਿਆਂ ਵੱਲ ਅੱਜ ਪਾਠਕਾਂ ਦਾ ਧਿਆਨ ਦਿਵਾਉਣਾ ਚਾਹੁੰਦੇ ਹਾਂ।

ਮਜ਼੍ਹਬ ਦੀ ਇਸ ਦੇਸ ਵਿੱਚ ਕਾਫੀ ਬਹੁਤਾਤ ਹੈ। ਇੱਕ ਇੱਕ ਮਜ਼੍ਹਬ ਦੇ ਅੰਦਰ ਵੀ ਕਾਫ਼ੀ ਫਿਰਕੇ ਤੇ ਸੰਪਰਦਾਵਾਂ ਹਨ। ਇਸ ਦੇਸ ਦਾ ਇਹ ਸਰਾਪ ਰਿਹਾ ਹੈ ਕਿ ਜਿਸ ਕਿਸੇ ਸੁਧਾਰਕ ਨੇ ਦੇਸ ਦੇ ਭਲੇ ਲਈ ਕੋਈ ਗੱਲ ਆਖੀ ਹੈ ਤਾਂ ਬਜਾਏ ਉਸਦੇ ਕਿ ਸਾਰੇ ਲੋਕ ਉਸ ਤੋਂ ਲਾਭ ਉਠਾਉਣ ਅਤੇ ਉਹ ਗੱਲ ਸਾਰੇ ਦੇਸ ਦੀ ਜਾਇਦਾਦ ਬਣ ਜਾਵੇ ਉਸ ਨਵੀਂ ਗੱਲ ਦੇ ਸਹਾਰੇ ਇੱਕ ਹੋਰ ਨਵੀਂ ਸੰਪਰਦਾ ਖੜੀ ਹੋ ਜਾਂਦੀ ਹੈ ਅਤੇ ਸੁਧਾਰਕ ਦੇ ਅਨਮੋਲ ਉਪਦੇਸ਼ਾਂ ਦਾ ਬਾਕੀ ਦੇਸ ਦੇ ਲੋਕਾਂ ਨਾਲ ਕੋਈ ਵਾਸਤਾ ਨਹੀਂ ਰਹਿ ਜਾਂਦਾ। ਮਿਸਾਲ ਦੇ ਤੌਰ ਤੇ ਸਿੱਖ ਧਰਮ, ਇਸ ਦੇਸ ਵਿੱਚ ਹਿੰਦੂ ਅਤੇ ਮੁਸਲਮਾਨ ਦੋਹਾਂ ਦੀਆਂ ਤੰਗ ਖਿਆਲੀਆਂ ਨੂੰ ਦੂਰ ਕਰਨ ਦੇ ਉਹਨਾਂ ਨੂੰ ਮਿਲਾਉਣ ਲਈ ਆਇਆ ਸੀ। ਗੁਰੂ ਨਾਨਕ ਤੋ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਹਰ ਗੁਰੂ ਦੇ ਉਪਦੇਸ਼ਾਂ ਵਿੱਚ ਇਹ ਚੀਜ਼ ਭਰੀ ਪਈ ਹੈ। ਆਪਣੇ ਜ਼ਮਾਨੇ ਦੇ ਹਿੰਦੂ ਤੇ ਮੁਸਲਮਾਨ ਹਠ ਧਰਮੀਆਂ ਤੋਂ ਦੁਖੀ ਹੋਕੇ ਗੁਰੂ ਨਾਨਕ ਨੇ ਕਿਹਾ ਸੀ,

ਤਗ ਨਾ ਹਿੰਦੂ ਪਾਇਆ ਤਗ ਨਾ ਮੁਸਲਮਾਨ।
ਦਾਂਵਾ ਰਾਮ ਰਹੀਮ ਦਾ ਕਰਦੇ ਬੇਈਮਾਨ।
ਨਾ ਹਮ ਹਿੰਦੂ ਨਾ ਮੁਸਲਮਾਨ਼ ਦੋਨੋਂ ਮੇ ਬਸੇ ਸ਼ੈਤਾਨ।

ਅੰਮ੍ਰਿਤਸਰ ਦੇ ਸਿੱਖ ਗੁਰਦੁਆਰੇ ਦੀ ਨੀਂਹ, ਪੰਜਵੇਂ ਗੁਰੂ ਗੁਰੂ ਅਰਜਨ ਦੇਵ ਜੀ ਦੇ ਜ਼ਮਾਨੇ ਵਿੱਚ ਰੱਖੀ ਗਈ। ਜਦੋਂ ਨੀਂਹ ਦੀ ਇੱਟ ਰੱਖਣ ਦਾ ਸੁਆਲ ਆਇਆ ਤਾਂ ਗੁਰੂ ਰਾਮ ਦਾਸ ਜੀ ਨੇ ਇਸ ਸ਼ੁਭ ਕਾਰਜ ਲਈ, ਪੰਜਾਬ ਦੇ, ਮਸ਼ਹੂਰ ਮੁਸਲਮਾਨ ਫ਼ਕੀਰ ਸਾਂਈ ਮੀਆਂ ਮੀਰ ਨੂੰ ਆਗਿਆ ਕੀਤੀ। ਸਾਂਈਂ ਮੀਆਂ ਮੀਰ ਦੇ ਹੱਥ ਦੀ ਰੱਖੀ ਹੋਈ ਨੀਂਹ ਉੱਤੇ ਹੀ ਅੰਮ੍ਰਿਤਸਰ ਦਾ ਸੁੰਦਰ ਗੁਰਦੁਆਰਾ (ਹਰਿਮੰਦਰ ਸਾਹਿਬ) ਖੜ੍ਹਾ ਹੈ। ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਵੀ ਏਧਰ ਤੋਂ ਓਧਰ ਤਕ ਮਿਲਵਰਤਨ ਦੀ ਲਹਿਰ ਦਿਖਾਈ ਦੇਂਦੀ ਹੈ। ਉਹਨਾਂ ਦੇ ਕੁਝ ਪਦ ਇਹ ਹਨ:

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਆਨਮਾਨਬੋ।
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ।
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਏਕੈ ਜੋਤ ਜਾਨ ਬੋ।

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਵ ਹੈ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ।
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।

ਲੇਕਿਨ ਜੋ ਤਾਕਤ ਹਿੰਦੂ ਧਰਮ ਅਤੇ ਇਸਲਾਮ ਦੀ ਗੰਗਾ ਜਮਨਾ ਮਿਲਣ ਨਾਲ ਆਈ ਸੀ ਉਹ ਇਸ ਦੇਸ਼ ਦੀ ਅਜੀਬ ਹਵਾ ਵਿੱਚ ਆਪਣੀ ਹੀ ਵੱਖਰੀ ਪਛਾਣ ਬਣ ਕੇ ਰਹਿ ਗਈ ਸਿੱਖਾਂ ਵਿੱਚ ਵੀ ਕਈ ਸੰਪਰਦਾਵਾਂ ਹਨ, ਜਿਨ੍ਹਾਂ ਵਿੱਚ ਕਦੀ ਕਦੀ ਕਾਫੀ ਮਨ-ਮੁਟਾ ਦਿਖਾਈ ਦੇਂਦਾ ਹੈ। ਇਸ ਵਿੱਚ ਇਕ ਖ਼ਾਸ ਸੰਪਰਦਾ ਨਾਮਧਾਰੀ ਸਿੱਖਾਂ ਦੀ ਹੈ।

ਨਾਮਧਾਰੀ ਅਤੇ ਬਾਕੀ ਸਿੱਖਾਂ ਵਿੱਚ ਇਕ ਦਰਜੇ ਤੱਕ ਐਸਾ ਫ਼ਰਕ ਹੈ ਜਿਹੋ ਜਿਹਾ ਕਾਦੀਆਨੀਆਂ ਅਤੇ ਬਾਕੀ ਮੁਸਲਮਾਨਾਂ ਵਿੱਚ। ਆਮ ਤੌਰ ਤੇ ਸਿੱਖ ਇਹ ਮੰਨਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਹੀ ਗੁਰੂਆਂ ਦਾ ਸਿਲਸਿਲਾ ਖ਼ਤਮ ਹੋ ਗਿਆ ਅਤੇ ਇਸ ਤੋ ਬਾਅਦ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਗੁਰੂ ਹਨ। ਇਸ ਲਈ ਗ੍ਰੰਥ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਭੀ ਕਿਹਾ ਜਾਂਦਾ ਹੈ। ਪਰ ਨਾਮਧਾਰੀ

Namdhari Elibrary NamdhariElibrary@gmail.com

ਮੰਨਦੇ ਹਨ ਕਿ ਗੁਰੂ ਗੋਬਿੰਦ ਸਿੰਘ ਦੇ ਬਾਅਦ ਵੀ ਗੁਰੂਆਂ ਦਾ ਸਿਲਸਿਲਾ ਜਾਰੀ ਰਿਹਾ ਅਤੇ ਅਜੇ ਤਕ ਜਾਰੀ ਹੈ। ਉਹ ਗੁਰੂ ਗ੍ਰੰਥ ਸਾਹਿਬ ਨੂੰ ਬੜੇ ਆਦਰ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ ਪਰ ਗੁਰੂ ਦੀ ਪਦਵੀ ਨਹੀਂ ਦੇਂਦੇ। ਗੁਰੂ ਉਹ ਜੀਵਿਤ ਗੁਰੂ ਨੂੰ ਹੀ ਮੰਨਦੇ ਹਨ।

ਨਾਮਧਾਰੀ, ਉਹ ਇਸ ਲਈ ਅਖਵਾਉਂਦੇ ਹਨ ਕਿਉਂਕਿ ਉਹ ਈਸ਼ਵਰ ਜਾਂ ਵਾਹਿਗੁਰੂ ਦਾ ਨਾਂ ਜਪਦੇ ਹਨ, ਨਾਮ ਹੀ ਉਹਨਾਂ ਧਾਰਨ ਕਰ ਰੱਖਿਆ ਹੈ। ਜਿਸ ਤਰ੍ਹਾਂ ਸਿੱਖਾਂ ਵਿੱਚ ਨਾਮਧਾਰੀ ਹਨ ਉਸੇ ਤਰ੍ਹਾਂ ਸਹਿਜਧਾਰੀ ਅਤੇ ਕੇਸਧਾਰੀ ਵੀ ਹਨ। ਜਿਹੜੇ ਕੇਸ ਰੱਖਦੇ ਹਨ ਕੇਸਧਾਰੀ ਕਹਿਲਾਉਂਦੇ ਹਨ। ਆਮ ਤੌਰ ਤੇ ਸਿੱਖ ਕੇਸਧਾਰੀ ਹੀ ਹਨ। ਪਰ ਲੱਖਾਂ ਐਹੋ ਜਿਹੇ ਵੀ ਹਨ ਜਿਹੜੇ ਗੁਰੂ ਨਾਨਕ ਅਤੇ ਦੂਸਰੇ ਗੁਰੂਆਂ ਨੂੰ ਗੁਰੂ ਮੰਨਦੇ ਹਨ ਨਿੱਤ ਗ੍ਰੰਥ ਸਾਹਿਬ ਦਾ ਪਾਠ ਕਰਦੇ ਹੋਏ ਆਪਣੇ ਆਪ ਨੂੰ ਸਿੱਖ ਕਹਿੰਦੇ ਹੋਏ ਵੀ ਕੇਸ ਨਹੀਂ ਰਖਦੇ। ਇਸ ਲਈ ਇਹ ਲੋਕ ਸਹਿਜਧਾਰੀ ਕਹਾਉਂਦੇ ਹਨ। ਨਾਮਧਾਰੀ ਸੰਪਰਦਾ ਵਿੱਚ ਕੇਸਧਾਰੀ ਤੇ ਸਹਿਜਧਾਰੀ ਦੋਹਾਂ ਤਰ੍ਹਾਂ ਦੇ ਲੋਕ ਸ਼ਾਮਲ ਹਨ।

ਨਾਮਧਾਰੀਆਂ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਪਿੱਛੋਂ ਗੁਰੂ ਬਾਲਕ ਸਿੰਘ ਜੀ ਗਿਆਰਵੇਂ ਗੁਰੂ ਸਨ। ਉਹਨਾਂ ਪਿਛੋਂ ਬਾਰ੍ਹਵੇਂ ਗੁਰੂ ਗੁਰੂ ਰਾਮ ਸਿੰਘ ਜੀ ਹੋਏ। (ਗੁਰੂ) ਰਾਮ ਸਿੰਘ ਜੀ ਸੰਨ ੧੮੧੬ ਈ: ਦੇ ਕਰੀਬ ਭੈਣੀ ਸਾਹਿਬ (ਰਾਈਆਂ) ਜ਼ਿਲ੍ਹਾ ਲੁਧਿਆਣਾ ਵਿੱਚ ਇਕ ਗਰੀਬ ਕਾਰੀਗਰ ਦੇ ਘਰ ਪੈਦਾ ਹੋਏ।

ਸ਼ੁਰੂ ਵਿੱਚ ਉਹ ਮਹਾਰਾਜਾ ਰਣਜੀਤ ਸਿੰਘ ਜੀ ਦੀ ਫ਼ੌਜ ਵਿੱਚ ਭਰਤੀ ਹੋ ਗਏ। ਸੰਨ ੧੮੫੦ ਦੇ ਕਰੀਬ (੧੮੪੯ ਈ:) ਪੰਜਾਬ, ਅੰਗਰੇਜ਼ਾਂ ਦੇ ਕਬਜ਼ੇ ਵਿੱਚ ਆ ਗਿਆ। ਇਸ ਤੋਂ ਬਾਅਦ ਗੁਰੂ ਬਾਲਕ ਸਿੰਘ ਜੀ ਨਾਲ ਗੁਰੂ ਰਾਮ ਸਿੰਘ ਜੀ ਦਾ ਮੇਲ ਹੋਇਆ। *(ਇਹ ਮੇਲ ਅਸਲ ਵਿਚ ਉਸ ਤੋਂ ਪਹਿਲਾਂ ੧੮੪੧ ਈ: ਵਿਚ ਹੋਇਆ ਸੀ — ਅਨੁਵਾਦਕ)* ਗੁਰੂ ਬਾਲਕ ਸਿੰਘ ਜੀ ਨੇ (ਗੁਰੂ) ਰਾਮ ਸਿੰਘ ਜੀ ਨੂੰ ਉਪਦੇਸ਼ ਦਿੱਤਾ ਕਿ ਤੁਹਾਡੇ ਤਲਵਾਰ ਫੜਨ ਨਾਲ ਕੰਮ ਨਹੀਂ ਚਲੇ ਗਾ। ਤੁਸਾਂ ਦੇਸ ਨੂੰ ਵਿਦੇਸ਼ੀਆਂ ਦੇ ਪੰਜੇ ਤੋਂ ਅਜ਼ਾਦ ਕਰਨਾ ਹੈ ਅਤੇ ਇਹ ਕੰਮ ਹੁਣ ਤਲਵਾਰ ਦਾ ਨਹੀਂ ਹੈ। (ਗੁਰੂ) ਰਾਮ ਸਿੰਘ ਜੀ ਨੇ ਨੌਕਰੀ ਛੱਡ ਕੇ ਭੈਣੀ ਸਾਹਿਬ ਕਪੜੇ ਤੇ ਲੋਹੇ ਦੀ ਦੁਕਾਨ ਪਾਈ। ਥੋੜ੍ਹੇ ਦਿਨਾਂ ਬਾਅਦ ਉਹ ਦੁਕਾਨ ਸਿਰਫ ਲੋਹੇ ਦੀ ਰਹਿ ਗਈ। ਫਿਰ ਉਸਨੂੰ ਵੀ ਛੱਡ ਕੇ ਉਹਨਾਂ ਨੇ ਖੇਤੀ ਕਰਨੀ ਸ਼ੁਰੂ ਕੀਤੀ। ਖੇਤੀ ਕਰਨ ਦੇ ਨਾਲ ਉਹ ਅਕਾਲ ਪੁਰਖ ਦਾ ਸਿਮਰਨ ਕਰਦੇ ਰਹੇ। ਜਿਹੜੇ ਲੋਕ ਉਹਨਾਂ ਨੂੰ ਮਿਲਣ ਆਉਂਦੇ, ਉਹਨਾਂ ਨੂੰ ਉਹ ਸਿੱਖ-ਧਰਮ ਦੀ ਦੀਖਿਆ ਦੇਂਦੇ ਅਤੇ ਨਾਮ ਦਾ ਜਾਪ ਸਿਖਾਉਂਦੇ।

ਨਾਮਧਾਰੀ ਸੰਪਰਦਾ ਕਾਇਮ ਕਰਨ ਵਾਲੇ ਗੁਰੂ ਰਾਮ ਸਿੰਘ ਜੀ ਨੂੰ ਹੀ ਮੰਨਣਾ ਚਾਹੀਦਾ ਹੈ। ਉਹਨਾਂ ਦੇ ਉਪਦੇਸ਼ਾਂ ਵਿੱਚ ਧਰਮ ਤੇ ਰਾਜਨੀਤੀ ਦੋਵੇਂ ਮਿਲੇ ਹੋਏ ਸਨ। ਉਹਨਾਂ ਦੀ ਹਰ ਆਗਿਆ ਦਾ ਪਾਲਣ ਕਰਨਾ ਹਰ ਆਦਮੀ ਦਾ ਫ਼ਰਜ ਹੈ। ਗੁਰੂ ਰਾਮ ਸਿੰਘ ਜੀ ਦੇ ਉਪਦੇਸ਼ਾਂ ਵਿੱਚ ਅੰਗਰੇਜ਼ੀ ਸਰਕਾਰ, ਉਸਦੀਆਂ ਨੌਕਰੀਆਂ, ਅਦਾਲਤਾਂ, ਸਕੂਲਾਂ ਆਦਿ ਦਾ ਓਸੇ ਤਰ੍ਹਾਂ ਬਾਈਕਾਟ ਮਿਲਦਾ ਹੈ, ਜਿਸ ਤਰ੍ਹਾਂ ਦਾ ਸੰਨ ੧੮੫੭ ਅਤੇ ਉਸ ਤੋਂ ਬਾਅਦ ਦੇ ਅਕਸਰ ਮੁਸਲਮਾਨ ਮੌਲਵੀਆਂ ਦੇ ਫ਼ਤਵਿਆਂ ਵਿੱਚ। ਪਤਾ ਲਗਦਾ ਹੈ ਕਿ ਪੰਜਾਬ ਦੇ ਲੋਕਾਂ ਤੇ ਉਹਨਾਂ ਦਾ ਖ਼ਾਸਾ ਅਸਰ ਪਿਆ ਸੀ। ਅੰਗਰੇਜ਼ ਸਰਕਾਰ ਨੇ ਉਹਨਾਂ ਦੇ ਖ਼ਿਲਾਫ ਕਾਰਵਾਈ ਕਰਨਾ ਜ਼ਰੂਰੀ ਸਮਝਿਆ। ਪਹਿਲਾਂ ਉਹਨਾਂ ਨੂੰ ਭੈਣੀ ਸਾਹਿਬ ਦੇ ਨਾਂ ਦੇ ਪਿੰਡ ਅੰਦਰ ਨਜ਼ਰਬੰਦ ਕਰ ਦਿੱਤਾ ਗਿਆ। ਇਸ ਸਮੇਂ ਗੁਰੂ ਰਾਮ ਸਿੰਘ ਜੀ ਨੇ ਆਪਣੇ ਪੰਜ ਸਿੱਖਾਂ ਨੂੰ ਆਪਣੇ ਸੂਬੇ ਮੁਕਰਰ ਕਰਕੇ ਉਹਨਾਂ ਨੂੰ ਪੰਜਾਬ ਭਰ ਵਿੱਚ ਪ੍ਰਚਾਰ ਲਈ ਘੱਲਿਆ। ਕਿਹਾ ਜਾਂਦਾ ਹੈ ਕਿ ਇਹਨਾਂ ਲੋਕਾਂ ਦੀ ਜ਼ਬਾਨ ਵਿੱਚ ਕਾਫੀ ਅਸਰ ਸੀ। ਸਰਕਾਰ ਨੇ ਇਹਨਾਂ ਪੰਜਾਂ ਨੂੰ ਵੀ ਫੜ ਕੇ ਭੈਣੀ ਸਾਹਿਬ ਲਿਆ ਕੇ ਨਜ਼ਰਬੰਦ ਕਰ ਦਿੱਤਾ। ਤਾਂ ਫਿਰ ਗੁਰੂ ਰਾਮ ਸਿੰਘ ਜੀ ਨੇ ੧੭ ਹੋਰ ਨਵੇਂ ਆਦਮੀਆਂ ਨੂੰ ਸੂਬੇ ਮੁਕਰਰ ਕਰਕੇ ਸਾਰੇ ਪੰਜਾਬ ਵਿੱਚ ਪ੍ਰਚਾਰ ਕਰਨ ਲਈ ਭੇਜਿਆ। ਸਰਕਾਰ ਨੇ ਇਹਨਾਂ ੧੭ ਨੂੰ ਵੀ ਫੜ ਕੇ ਭੈਣੀ ਸਾਹਿਬ ਲਿਆ ਕੇ ਨਜ਼ਰਬੰਦ ਕਰ ਦਿੱਤਾ। ਜਿਸ ਦਿਨ ਇਹਨਾਂ ੧੭ ਨੂੰ ਭੈਣੀ ਸਾਹਿਬ ਲਿਆਂਦਾ ਗਿਆ ਉਸ ਦਿਨ ਅੰਗਰੇਜ਼ ਕਮਿਸ਼ਨਰ, ਖ਼ੁਦ ਭੈਣੀ ਸਾਹਿਬ ਪਹੁੰਚਿਆ। ਲਿਖਿਆ ਹੈ ਕਿ ਗੁਰੂ ਰਾਮ ਸਿੰਘ ਨਾਲ ਉਸਦੀ ਗੱਲਬਾਤ ਹੋਈ। ਕਮਿਸ਼ਨਰ ਨੇ ਗੁਰੂ ਰਾਮ ਸਿੰਘ ਜੀ ਨੂੰ ਪੁੱਛਿਆ ਕਿ ਇਸ ਤੋਂ ਬਾਅਦ ਕੀ ਕਰੋਗੇ? ਉਹਨਾਂ ਜਵਾਬ ਦਿੱਤਾ ਕਿ, "ਇਸ ਦਮਨ ਨਾਲ ਘਰ ਘਰ ਰਾਮ ਸਿੰਘ ਪੈਦਾ ਹੋ ਜਾਏਗਾ, ਅਤੇ ਜਿਹੜੀ ਅਜ਼ਾਦੀ ਦੀ ਅੱਗ ਮੈਂ ਲਗਾ ਦਿੱਤੀ ਹੈ ਉਹ ਦਿਨ ਪ੍ਰਤੀ ਦਿਨ ਭੜਕੇਗੀ, ਬੁੱਝੇਗੀ ਨਹੀਂ।"

ਉੱਚ ਅਧਿਕਾਰੀ ਨੇ ਗੁਰੂ ਰਾਮ ਸਿੰਘ ਜੀ ਨੂੰ ਪੁੱਛਿਆ, "ਤੁਹਾਡੇ ਏਥੇ ਤੋਪਾਂ ਕਿਥੇ ਬਣਦੀਆਂ ਹਨ?" ਗੁਰੂ ਜੀ ਨੇ ਆਪਣੀ ੧੦੮ ਮਣਕਿਆਂ ਦੀ ਮਾਲਾ ਦਿਖਾਕੇ ਕਿਹਾ, "ਇਹੀ ਸਾਡੇ ਕਾਰਖਾਨੇ ਦੀ ਤੋਪ ਹੈ। ਇਸਦੇ ੧੦੮ ਗੋਲੇ ਹਨ। ਇਹਨਾਂ ਦਾ ਵਾਰ ਕਦੀ ਖਾਲੀ ਨਹੀਂ ਜਾਂਦਾ।"

ਪੰਜਾਬ ਵਿੱਚ ਗੁਰੂ ਰਾਮ ਸਿੰਘ ਦਾ ਅਸਰ ਵਧਦਾ ਜਾ ਰਿਹਾ ਸੀ। ਕੁਝ ਦਿਨ ਭੈਣੀ ਸਾਹਿਬ ਗੁਰਦੁਆਰੇ ਦੀ ਤਲਾਸ਼ੀ ਲਈ ਗਈ। ਪੰਜਾਬ ਦਾ ਇਕ ਉੱਚ ਅਧਿਕਾਰੀ ਖ਼ੁਦ ਪੁਲਿਸ ਨਾਲ ਤਲਾਸ਼ੀ ਲੈਣ ਲਈ ਭੈਣੀ ਸਾਹਿਬ ਪੁੱਜਾ। ਸਰਕਾਰ ਨੂੰ ਸ਼ੱਕ ਸੀ ਕਿ ਭੈਣੀ ਸਾਹਿਬ ਵਿੱਚ ਕਿਤੇ ਤੋਪਾਂ ਬਣਦੀਆਂ ਹਨ। ਜਦੋਂ ਤਲਾਸ਼ੀ ਵਿਚ ਕੁਝ ਨਾ ਮਿਲ ਸਕਿਆ ਤਾਂ ਉੱਚ ਅਧਿਕਾਰੀ ਨੇ ਗੁਰੂ ਰਾਮ ਸਿੰਘ ਜੀ ਨੂੰ ਪੁੱਛਿਆ, "ਤੁਹਾਡੇ ਏਥੇ ਤੋਪਾਂ ਕਿਥੇ ਬਣਦੀਆਂ ਹਨ?" ਗੁਰੂ ਜੀ ਨੇ ਆਪਣੀ ੧੦੮ ਮਣਕਿਆਂ ਦੀ ਮਾਲਾ ਦਿਖਾਕੇ ਕਿਹਾ, "ਇਹੀ ਸਾਡੇ ਕਾਰਖਾਨੇ ਦੀ ਤੋਪ ਹੈ। ਇਸਦੇ ੧੦੮ ਗੋਲੇ ਹਨ। ਇਹਨਾਂ ਦਾ ਵਾਰ ਕਦੀ ਖਾਲੀ ਨਹੀਂ ਜਾਂਦਾ।"

ਪੁਲਿਸ ਨਿਰਾਸ ਹੋ ਕੇ ਵਾਪਸ ਮੁੜ ਗਈ।

ਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਤੋਂ ਬਾਹਰ ਜਾਣ ਦੀ

Namdhari Elibrary NamdhariElibrary@gmail.com

ਇਜਾਜ਼ਤ ਨਹੀਂ ਸੀ। ਘੱਟ ਤੋਂ ਘੱਟ ਚਾਰ ਵਾਰ ਉਹਨਾਂ ਨੇ ਇਸ ਆਗਿਆ ਦਾ ਉਲੰਘਨ ਕੀਤਾ ਜਿਸ ਵਿੱਚ ਦੋ ਵਾਰ ਉਹਨਾਂ ਅੰਮ੍ਰਿਤਸਰ ਜਾਣ ਦੀ ਕੋਸ਼ਸ਼ ਕੀਤੀ ਅਤੇ ਇੱਕ ਵਾਰ ਸਿੱਖਾਂ ਦੇ ਦੂਸਰੇ ਤੀਰਥ ਅਨੰਦਪੁਰ ਜਾਣ ਦੀ।

ਇੱਕ ਵਾਰ ਗੁਰ ਸਿੱਖਾਂ ਦਾ ਅਨੰਦ ਕਰਾਉਣ ਲਈ ਗੁਰੂ ਰਾਮ ਸਿੰਘ ਜੀ ਜ਼ਿਲ੍ਹਾ ਫ਼ਿਰੋਜਪੁਰ ਗਏ (ਖੋਟਿਆਂ ਦੇ ਮੇਲੇ) ਉਥੇ ਉਹਨਾਂ ਨੂੰ ਗਰਿਫ਼ਤਾਰ ਕਰ ਲਿਆ ਗਿਆ ਅਤੇ ਬਤੌਰ ਕੈਦੀ ਇੱਕ ਥਾਣੇ ਤੋਂ ਦੂਜੇ ਥਾਣੇ ਵਾਪਸ ਭੈਣੀ ਸਾਹਿਬ ਪਹੁੰਚਾ ਦਿੱਤਾ ਗਿਆ।

ਗੁਰੂ ਰਾਮ ਸਿੰਘ ਜੀ ਗਊ ਰੱਖਿਆ ਨੂੰ ਮੰਨਣ ਵਾਲੇ ਸਨ, ਪਰ ਓਨੇ ਹੀ ਸਤਿ ਤੇ ਅੰਹਿਸਾ ਨੂੰ ਮੰਨਣ ਵਾਲੇ ਸਨ। ਨਾਮਧਾਰੀਆਂ ਦੇ ਨਾਂ ਉਹਨਾਂ ਦੀ ਇਹ ਨਸੀਹਤ ਮਸ਼ਹੂਰ ਸੀ ਕਿ:

"ਜੇ ਕੋਈ ਕਸਾਈ ਗਊ ਘਾਤ ਕਰਨ ਬਾਅਦ ਤੁਹਾਡੇ ਬੂਹੇ ਤੇ ਆਵੇ ਅਤੇ ਉਸਦੇ ਹੱਥ ਦੀ ਛੁਰੀ ਵਿੱਚੋਂ ਲਹੂ ਟਪਕ ਰਿਹਾ ਹੋਵੇ, ਪਰ ਉਹ ਤਿਹਾਇਆ ਹੋਵੇ ਅਤੇ ਪਾਣੀ ਮੰਗੇ ਤਾਂ ਤੁਹਾਡੇ ਦਰ ਤੋਂ ਤਿਹਾਇਆ ਨਾ ਮੁੜੇ।"

ਅੰਮ੍ਰਿਤਸਰ ਦੇ ਅੰਦਰ ਜਿੱਥੇ ਅਜ ਕਲ੍ਹ (੧੯੪੨ ਈ: - ਸੰਪਾਦਕ) ਘੰਟਾ ਘਰ ਬਣਿਆ ਹੋਇਆ ਹੈ। ਉਥੇ ਉਸ ਜ਼ਮਾਨੇ ਵਿੱਚ ਖੁਲ੍ਹਾ ਮੈਦਾਨ ਸੀ। ਨਵੀਂ ਸਰਕਾਰ ਨੇ ਉਸ ਜਗ੍ਹਾ ਇਕ ਬੁੱਚੜ ਖਾਨਾ ਖੁਲ੍ਹਵਾਇਆ। ਲੋਕਾਂ ਨੇ ਇਤਰਾਜ਼ ਕੀਤਾ, ਕੋਈ ਸੁਣਵਾਈ ਨਾ ਹੋਈ। ਇਸ ਤੇ ਕੁਝ ਸਿੱਖਾਂ ਨੇ ਕੁਝ ਕਸਾਈਆਂ ਨੂੰ ਮਾਰ ਕੇ ਉਹਨਾਂ ਤੋਂ ਜ਼ਬਰਦਸਤੀ ਗਊਆਂ ਛੁਡਾ ਲਈਆਂ ਅਤੇ ਖੁਦ ਸ਼ਹਿਰ ਤੋਂ ਪੱਤਰਾ ਵਾਚ ਗਏ। ਸ਼ਹਿਰ ਦੇ ਕੁਝ ਦੂਸਰੇ ਹਿੰਦੂ ਅਤੇ ਸਿੱਖ ਫੜ ਲਏ ਗਏ। ਪੁਲਿਸ ਨੇ ਉਹਨਾਂ ਨੂੰ ਤਸੀਹੇ ਦੇ ਕੇ ਉਹਨਾਂ ਤੋਂ ਜ਼ਬਰਦਸਤੀ ਜ਼ੁਲਮ ਦਾ ਇਕਬਾਲ ਕਰਵਾ ਲਿਆ। ਕੁਝ ਨੂੰ ਫਾਂਸੀ ਦਾ ਹੁਕਮ ਹੋ ਗਿਆ। ਜਦੋਂ ਗੁਰੂ ਰਾਮ ਸਿੰਘ ਜੀ ਨੂੰ ਪਤਾ ਲੱਗਾ ਕਿ ਇਹ ਕੰਮ ਉਹਨਾਂ ਦੇ ਕੁਝ ਸਿੱਖਾਂ ਨੇ ਕੀਤਾ ਹੈ ਤਾਂ ਆਪ ਨੇ ਉਹਨਾਂ ਨੂੰ ਬੁਲਾਇਆ ਝਿੜਕਿਆ ਤੇ ਹੁਕਮ ਦਿੱਤਾ ਕਿ, "ਤੁਸੀਂ ਖ਼ੁਦ ਪੁਲਿਸ ਦੇ ਸਾਹਮਣੇ ਜਾਕੇ ਆਪਣਾ ਕਰਮ ਕਬੂਲ ਕਰੋ ਅਤੇ ਬੇਗੁਨਾਹਾਂ ਨੂੰ ਛੁਡਾਓ, ਉਹਨਾਂ ਆਗਿਆ ਦਾ ਪਾਲਣ ਕੀਤਾ। ਨਾਮਧਾਰੀ ਫਾਂਸੀ ਤੇ ਲਟਕਾ ਦਿਤੇ ਗਏ ਅਤੇ ਹੋਰ ਬੇਕਸੂਰ ਛੱਡ ਦਿੱਤੇ ਗਏ।

ਪੰਜਾਬ ਵਿਚ ਇਕ ਰਿਵਾਜ਼ ਅਜੇ ਤੱਕ ਹੈ ਕਿ ਆਮ ਤੌਰ ਤੇ ਲੋਕ ਕੁਝ ਗਊਆਂ ਦੇ ਗਲੋਂ ਰੱਸੇ ਲਾਹ ਦੇਂਦੇ ਹਨ। ਉਹ ਗਊਆਂ, ਰਾਮ ਗਊਆਂ, ਕਹਾਉਂਦੀਆਂ ਹਨ ਅਤੇ ਅਜ਼ਾਦ ਜਿਥੇ ਚਾਹੁਣ ਘੁੰਮਦੀਆਂ ਫਿਰਦੀਆਂ ਹਨ। ਮਲੇਰ ਕੋਟਲੇ ਦੀ ਰਿਆਸਤ ਵਿਚ ਉਹਨੀਂ ਦਿਨੀਂ ਬਹੁਤ ਸਾਰੀਆਂ ਰਾਮ ਗਊਆਂ ਫਿਰਦੀਆਂ ਸਨ। ਮਲੇਰ ਕੋਟਲੇ ਦਾ ਨਵਾਬ ਨਬਾਲਿਗ ਸੀ। ਰਿਆਸਤ ਦੇ ਸ਼ਾਸਨ ਦੀ ਵਾਗਡੋਰ ਅੰਗਰੇਜ਼ਾਂ ਦੇ ਹੱਥ ਵਿੱਚ ਸੀ। ਕਹਿੰਦੇ ਹਨ ਕਿ ਰਿਆਸਤ ਦੇ ਰਾਵਤ ਪਠਾਣਾਂ ਨੇ ਰਾਮ ਗਊ ਨੂੰ ਮਾਰ ਦਿਤਾ। ਹਿੰਦੂਆਂ ਤੇ ਪਠਾਣਾਂ ਦਾ ਇਸ ਗੱਲ ਤੇ ਬਹੁਤ ਝਗੜਾ ਹੋਇਆ। ਕੁਝ ਹਿੰਦੂ ਗੁਰੂ ਰਾਮ ਸਿੰਘ ਜੀ ਕੋਲ ਗਏ। ਗੁਰੂ ਜੀ ਨੇ ਉਹਨਾਂ ਨੂੰ ਸਲਾਹ ਦਿੱਤੀ ਕਿ ਪਠਾਣਾਂ ਨਾਲ ਇਸ ਗਲ ਤੇ ਲੜਨਾ ਨਹੀ ਚਾਹੀਦਾ। ਸਗੋਂ ਸ਼ਾਂਤੀ ਤੇ ਪ੍ਰੇਮ ਨਾਲ ਸਮਝਾ-ਬੁਝਾ ਕੇ ਨਿਪਟਾਰਾ ਕਰ ਦੇਣਾ ਚਾਹੀਦਾ ਹੈ।

ਇਸ ਪਿਛੋਂ ਮਲੇਰ ਕੋਟਲੇ ਇਕ ਹੋਰ ਘਟਨਾ ਹੋਈ। ਓਥੋਂ ਦੇ ਇੱਕ ਨਾਮਧਾਰੀ ਸਿੱਖ ਸਰਦਾਰ ਗੁਰਮੁਖ ਸਿੰਘ ਨੰਬਰਦਾਰ ਅਤੇ ਇਕ ਮੁਸਲਮਾਨ ਕਰੂੰਜੜੇ ਵਿੱਚ ਇਸ ਗੱਲ ਤੇ ਬਹੁਤ ਝਗੜਾ ਹੋ ਗਿਆ ਕਿ ਉਹ ਕਰੂੰਜੜਾ ਆਪਣੇ ਬਲਦ ਤੇ ਬਹੁਤ ਭਾਰ ਲੱਦੀ ਜਾ ਰਿਹਾ ਸੀ। ਮਾਮਲਾ ਕੋਤਵਾਲੀ ਤੱਕ ਪਹੁੰਚਾ। ਕੋਤਵਾਲ ਇਕ ਮੁਸਲਮਾਨ ਸੀ। ਕਿਹਾ ਜਾਂਦਾ ਹੈ ਕਿ ਉਸਨੇ ਬਲਦ ਨੂੰ ਕੁਤਵਾਲੀ ਵਿੱਚ ਹੀ, ਹੁਕਮ ਦੇ ਕੇ ਜ਼ਿਬਹ ਕਰਵਾ ਦਿੱਤਾ।

ਗੁਰਮੁਖ ਸਿੰਘ ਭੈਣੀ ਸਾਹਿਬ ਆਇਆ। ਉਸਨੇ ਗੁਰੂ ਰਾਮ ਸਿੰਘ ਜੀ ਨੂੰ ਸ਼ਿਕਾਇਤ ਕੀਤੀ। ਉਹਨਾਂ ਫਿਰ ਸ਼ਾਂਤੀ ਤੇ ਅਹਿੰਸਾ ਪਾਲਣ ਕਰਨ ਦਾ ਉਪਦੇਸ਼ ਦਿੱਤਾ। ਪਰ ਗੁਰੂ ਰਾਮ ਸਿੰਘ ਜੀ ਦੇ ਕੁਝ ਸਿੱਖ ਜੋਸ਼ ਵਿੱਚ ਆ ਗਏ। ਇਕ ਨਾਮਧਾਰੀ ਸਰਦਾਰ ਹੀਰਾ ਸਿੰਘ ਨੇ ਆਪਣੇ ਨਾਲ ੧੪੦ ਸਿੱਖ ਲੈ ਕੇ ਗੁਰੂ ਰਾਮ ਸਿੰਘ ਜੀ ਦੀ ਆਗਿਆ ਦੇ ਉਲਟ, ਮਲੇਰਕੋਟਲੇ ਜਾਣ ਲਈ ਕਮਰਕਸੇ ਕਰ ਲਏ। ਸਤਿਗੁਰੂ ਜੀ ਨੇ ਉਹਨਾਂ ਨੂੰ ਰੋਕਣ ਦੀ ਪੂਰੀ ਵਾਹ ਲਾਈ। ਸਰਦਾਰ ਹੀਰਾ ਸਿੰਘ ਨੇ ਕਿਹਾ, ਮੈਨੂੰ ਸੁਪਨੇ ਵਿਚ ਗੁਰੂ ਤੇਗ ਬਹਾਦਰ ਨੇ ਕਿਹਾ ਹੈ ਕਿ ਤੁਸੀਂ ਗਊ ਰੱਖਿਆ ਲਈ ਸਿਰ ਦਿਓ। ਗੁਰੂ ਰਾਮ ਸਿੰਘ ਜੀ ਨੇ ਫਿਰ ਜ਼ੋਰ ਦਿਤਾ ਕਿ ਗਊ ਰੱਖਿਆ ਲਈ ਵੀ ਕਿਸੇ ਤੇ ਹੱਥ ਚਲਾਉਣਾ ਜਾਂ ਕਿਸੇ ਦੀ ਹਿੰਸਾਕਰਨੀ ਠੀਕ ਨਹੀਂ। ਪਰ ਇਹ ਲੋਕ ਨਾ ਮੰਨੇ। ਮਲੌਦ ਪਹੁੰਚ ਕੇ ਉਹਨਾਂ ਕੁਝ ਘੋੜੇ ਤੇ ਤਲਵਾਰਾਂ ਲਈਆਂ ਅਤੇ ਫਿਰ ਮਲੇਰ ਕੋਟਲੇ ਤੇ ਚੜ੍ਹਾਈ ਕੀਤੀ।

ਗੁਰੂ ਰਾਮ ਸਿੰਘ ਜੀ ਨੇ ਜਦੋਂ ਦੇਖਿਆ ਕਿ ਉਹ ਲੋਕ ਉਹਨਾਂ ਦੀ ਆਗਿਆ ਦੇ ਖਿਲਾਫ ਅਗੇ ਵਧ ਰਹੇ ਸਨ ਅਤੇ ਮਲੇਰ ਕੋਟਲੇ ਬੜਾ ਖੂਨ ਖ਼ਰਾਬਾ ਹੋਣ ਦਾ ਡਰ ਸੀ। ਤਾਂ ਉਹਨਾਂ ਨੇ ਆਪਣੇ ਇਕ ਸੂਬੇ ਲੱਖਾ ਸਿੰਘ ਨੂੰ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿਸਟਰ ਐਲ. ਕਾਵਨ ਕੋਲ ਇਹ ਸੁਨੇਹਾ ਦੇ ਕੇ ਭੇਜਿਆ ਕਿ ਉਹ ੧੪੦ ਸਿੱਖ ਮੇਰੇ ਹੁਕਮ ਤੋਂ ਬਾਹਰ ਸਨ। ਉਹ ਮਲੇਰ ਕੋਟਲੇ ਦੇ ਅਮਨ ਚੈਨ ਲਈ ਉਹਨਾਂ ਨੂੰ ਅੱਗੇ ਵਧਨੋ ਰੋਕ ਦੇਵੇ। ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਉਹਨਾਂ ੧੪੦ ਆਦਮੀਆਂ ਨੂੰ ਰੋਕਣ ਦੀ ਥਾਂ, ਜਾਣਕੇ ਉਹਨਾਂ ਨੂੰ ਮਲੇਰ ਕੋਟਲੇ ਵਲ ਵਧਣ ਦਿੱਤਾ ਅਤੇ ਉਲਟਾ ਲੱਖਾ ਸਿੰਘ ਜੀ ਨੂੰ ਕੈਦ ਕਰ ਲਿਆ।

"ਜੇ ਕੋਈ ਕਸਾਈ ਗਊ ਘਾਤ ਕਰਨ ਬਾਅਦ ਤੁਹਾਡੇ ਬੂਹੇ ਤੇ ਆਵੇ ਅਤੇ ਉਸਦੇ ਹੱਥ ਦੀ ਛੁਰੀ ਵਿੱਚੋਂ ਲਹੂ ਟਪਕ ਰਿਹਾ ਹੋਵੇ, ਪਰ ਉਹ ਤਿਹਾਇਆ ਹੋਵੇ ਅਤੇ ਪਾਣੀ ਮੰਗੇ ਤਾਂ ਤੁਹਾਡੇ ਦਰ ਤੋਂ ਤਿਹਾਇਆ ਨਾ ਮੁੜੇ।"

ਮਲੇਰ ਕੋਟਲੇ ਪਹੁੰਚ ਕੇ ਉਹਨਾਂ ਸਿੱਖਾਂ ਨੇ ਮੁਸਲਮਾਨ ਕੋਤਵਾਲ ਨੂੰ, ਕੁਝ ਕਸਾਈਆਂ ਤੇ ਕੁਝ ਰਾਵਤ ਪਠਾਣਾਂ, ਕੁੱਲ ੨੫ ਆਦਮੀਆਂ ਨੂੰ, ਮਾਰ ਦਿੱਤਾ। ਇਸ ਤੋਂ ਬਾਅਦ ਉਹ ਮਲੇਰ ਕੋਟਲੇ ਤੋਂ ਨਿਕਲ ਗਏ। ਇਹਨਾਂ ਵਿਚੋਂ ੭ ਉਥੇ ਮਾਰੇ ਗਏ, ਕੁਝ ਆਪਣੇ ਪਿੰਡਾਂ ਨੂੰ ਚਲੇ ਗਏ ਅਤੇ ਬਾਕੀ ਲਗਭਗ ੬੮ ਵਿਅਕਤੀ ਰੜ ਪਿੰਡ (ਪਟਿਆਲਾ) ਦੀ ਜੂਹ ਵਿੱਚ ਪਹੁੰਚੇ। ਰਸਤੇ ਵਿੱਚ ਸ਼ੇਰਪੁਰ ਪਿੰਡ ਦੇ ਸਿੱਖ ਥਾਣੇਦਾਰ ਨੇ ਇਹਨਾਂ ੬੮ ਨੂੰ ਧੋਖੇ ਨਾਲ ਗਰਿਫ਼ਤਾਰ ਕਰਵਾ ਲਿਆ ਅਤੇ ਪਟਿਆਲੇ ਦੀ ਫ਼ੌਜ ਨਾਲ ਫਿਰ ਮਲੇਰ ਕੋਟਲੇ ਭੇਜ ਦਿੱਤਾ।

Namdhari Elibrary NamdhariElibrary@gmail.com

(ਅਸਲ ਵਿੱਚ ਉਹਨਾਂ ਨੇ ਆਤਮ ਸਮਰਪਨ ਕੀਤਾ ਸੀ।—ਸੰਪਾਦਕ)

ਲੁਧਿਆਣੇ ਦਾ ਓਹੀ ਡਿਪਟੀ ਕਮਿਸ਼ਨਰ, ਜਿਸਨੇ ਗੁਰੂ ਰਾਮ ਸਿੰਘ ਦੇ ਕਹਿਣ ਦੇ ਬਾਵਜੂਦ ਇਹਨਾਂ ਲੋਕਾਂ ਨੂੰ ਕੋਟਲੇ ਵਲ ਵਧਣ ਦਿਤਾ ਸੀ ਹੁਣ ਮਲੇਰ ਕੋਟਲੇ ਪਹੁੰਚਿਆ। ਉਥੋਂ ਉਸਨੇ ਅੰਬਾਲੇ ਦੇ ਕਮਿਸ਼ਨਰ ਸਰ ਡਗਲਸ ਫੋਰਸਾਈਥ ਨੂੰ ਤਾਰ ਦੇ ਕੇ ਪੁੱਛਿਆ ਕਿ ਇਹਨਾਂ ੬੮ ਬਾਗੀਆਂ ਦਾ ਕੀ ਕੀਤਾ ਜਾਵੇ। ਕਮਿਸ਼ਨਰ ਨੇ ਜਵਾਬ ਦਿੱਤਾ ਕਿ ਜਦੋਂ ਤਕ ਮੈਂ ਮਲੇਰ ਕੋਟਲੇ ਨਾ ਆ ਜਾਵਾਂ ਕਿਸੇ ਨੂੰ ਕੋਈ ਸਜਾ ਨਾ ਦਿੱਤੀ ਜਾਵੇ। ਇਸ ਜਵਾਬ ਦੇ ਆ ਜਾਣ ਦੇ ਬਾਵਜੂਦ ਵੀ ਡਿਪਟੀ ਕਮਿਸ਼ਨਰ ਨੇ ਇਹਨਾਂ ੬੮ ਵਿੱਚੋਂ ੪੯ ਨੂੰ ਓਸੇ ਦਿਨ ਤੋਪਾਂ ਨਾਲ ਉਡਵਾ ਦਿੱਤਾ ਤੇ ਇੱਕ ਨੂੰ ਤਲਵਾਰ ਨਾਲ ਕਤਲ ਕਰ ਦਿੱਤਾ।

ਅਗਲੇ ਦਿਨ ਕਮਿਸ਼ਨਰ ਸਰ ਡਗਲਸ ਫੋਰਸਾਈਥ ਦੇ ਪੁੱਛਣ ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੈ ਇਹਨਾਂ ੪੯ ਨੂੰ ਤੋਪਾਂ ਨਾਲ ਨਾ ਉਡਵਾਉਂਦਾ ਤਾਂ ਅੰਗਰੇਜ਼ ਸਰਕਾਰ ਦਾ ਦਬਦਬਾ ਇਸ ਦੇਸ਼ ਵਿਚੋਂ ਉਠ ਜਾਂਦਾ। ਬਾਕੀ ੧੬ ਨੂੰ ਕਮਿਸ਼ਨਰ ਨੇ ਫਾਂਸੀ ਤੇ ਲਟਕਾ ਦਿਤਾ। *(ਉਹਨਾਂ ੧੬ ਨੂੰ ਵੀ ਤੋਪਾਂ ਨਾਲ ਹੀ ਉਡਾਇਆ ਗਿਆ ਸੀ—ਸੰਪਾਦਕ)*

ਗੁਰੂ ਰਾਮ ਸਿੰਘ ਜੀ ਦਾ ਪ੍ਰਭਾਵ ਹੁਣ ਪੰਜਾਬ ਵਿਚ ਜੋਰਾਂ ਨਾਲ ਵਧ ਰਿਹਾ ਸੀ। ਮਲੇਰ ਕੋਟਲੇ ਦੀ ਇਸ ਘਟਨਾ ਦੇ ਬਾਅਦ ਹੀ ੭ ਮਾਘ ਸੰਮਤ ੧੯੨੮ ਭਾਵ ੧੮ ਜਨਵਰੀ ੧੮੭੨ ਈ: ਨੂੰ ਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਤੋਂ ਗਰਿਫ਼ਤਾਰ ਕਰਕੇ ਲੁਧਿਆਣੇ ਲਿਆਇਆ ਗਿਆ। ਉਹਨਾਂ ਦੇ ਕੁਝ ਸੂਬਿਆਂ ਤੇ ਇਕ ਸੇਵਕ ਨਾਨੂੰ ਸਿੰਘ ਨੂੰ ਵੀ ਉਹਨਾਂ ਨਾਲ ਹੀ ਗਰਿਫ਼ਤਾਰ ਕਰ ਲਿਆ ਗਿਆ। ਉਹਨਾਂ ਨੂੰ ਸਪੈਸ਼ਲ ਗੱਡੀ ਰਾਹੀਂ ਲੁਧਿਆਣੇ ਤੋਂ ਅਲਾਹਾਬਾਦ ਲਿਜਾਇਆ ਗਿਆ। ਕਰੀਬ ਦੋ ਮਹੀਨੇ ਇਹ ਲੋਕ ਅਲਾਹਾਬਾਦ ਦੇ ਕਿਲੇ ਵਿੱਚ ਨਜ਼ਰਬੰਦ ਰੱਖੇ ਗਏ। ਓਥੋਂ ਗੁਰੂ ਰਾਮ ਸਿੰਘ ਜੀ ਨੂੰ ਬਰ੍ਹਮਾ ਪਹੁੰਚਾ ਦਿੱਤਾ ਗਿਆ। ਉਹਨਾਂ ਦੇ ਸੂਬਿਆਂ ਵਿੱਚੋਂ ਕਿਸੇ ਨੂੰ ਚੁਨਾਰ ਦੇ ਕਿਲੇ, ਕਿਸੇ ਨੂੰ ਅਦਨ ਅਤੇ ਕਿਸੇ ਨੂੰ ਮੋਲਮੀਨ (ਬਰ੍ਹਮਾ) ਵਿੱਚ ਅੱਡ ਅੱਡ ਕੈਦ ਕਰ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਇਹਨਾਂ ਨੂੰ ਕਾਫੀ ਤਕਲੀਫ਼ ਦਿੱਤੀ ਗਈ। ਇਹਨਾਂ ਵਿਚੋਂ ਕੁਝ ਨੂੰ ਬਾਅਦ ਵਿੱਚ ਛੱਡ ਦਿਤਾ ਗਿਆ।

ਗੁਰੂ ਰਾਮ ਸਿੰਘ ਤੇ ਉਹਨਾਂ ਦੇ ਸੇਵਕ ਨਾਨੂੰ ਸਿੰਘ ਨੂੰ ਲੈ ਜਾ ਕੇ ਪਹਿਲਾਂ ੫ ਮਹੀਨੇ ਰੰਗੂਨ ਜ਼ੇਲ੍ਹ ਵਿਚ ਰਖਿਆ ਗਿਆ ਅਤੇ ਅਖ਼ੀਰ ਵਿੱਚ ਠੀਕ ਉਸ ਬੰਗਲੇ ਵਿੱਚ ਨਜ਼ਰਬੰਦ ਕਰ ਦਿਤਾ ਗਿਆ ਜਿਸ ਵਿਚ ਸੰਨ ੧੮੫੭ ਦੀ ਅਸਫਲਤਾ ਪਿੱਛੋਂ ਦਿੱਲੀ ਦੇ ਆਖ਼ਰੀ ਬਾਦਸ਼ਾਹ ਬਹਾਦਰ ਸ਼ਾਹ ਨੂੰ ਨਜ਼ਰਬੰਦ ਰੱਖਿਆ ਗਿਆ ਸੀ।

ਇਸ ਗਰਿਫ਼ਤਾਰੀ ਦੇ ਦਿਨ ਕਿਹਾ ਜਾਂਦਾ ਹੈ ਕਿ ਭੈਣੀ ਸਾਹਿਬ ਦੇ ਗੁਰਦੁਆਰੇ ਦੀ ਬਾਰਾਂ–ਬਾਰਾਂ ਫੁੱਟ ਜ਼ਮੀਨ ਪੁੱਟੀ ਗਈ– ਇਸ ਉਮੀਦ ਨਾਲ ਕਿ ਕਿਤੇਂ ਹਥਿਆਰ ਲੁਕਾਏ ਹੋਏ ਮਿਲਣ। ਗੁਰਦੁਆਰੇ ਦਾ ਕਰੀਬ ਕਰੀਬ ਸਾਰਾ ਮਾਲ ਜ਼ਬਤ ਕਰ ਲਿਆ ਗਿਆ। ਗੁਰਦੁਆਰੇ ਦੇ ਦਰਵਾਜੇ ਅਗੇ ਪੁਲਿਸ ਦੀ ਚੌਂਕੀ ਬਿਠਾ ਦਿਤੀ ਗਈ। ਉਸ ਚੌਂਕੀ ਕਾਰਨ ਠੀਕ ੫੦ ਸਾਲਾਂ ਤਕ ਭੈਣੀ ਸਾਹਿਬ ਕੈਦ ਖਾਨਾ ਰਿਹਾ ਸੀ। ਨਾਮਧਾਰੀਆਂ ਦੇ ਅਜ ਕਲ੍ਹ ਦੇ *(੧੯੪੨ ਈ :– ਸੰਪਾਦਕ)* ਗੁਰੂ ਮਹਾਰਾਜ ਸਤਿਗੁਰੂ ਪਰਤਾਪ ਸਿੰਘ ਦਾ ਜਨਮ ਸੰਨ ੧੮੯੦ ਈਸਵੀ ਨੂੰ ਏਸੇ ਕੈਦ ਖਾਨੇ ਅੰਦਰ ਹੋਇਆ। ਉਹਨਾਂ ਦੇ ਮਾਤਾ ਜੀ ਕਰੀਬ ੮੦ ਸਾਲ ਦੀ ਉਮਰ ਦੇ ਅਜੇ ਤੱਕ *(੧੯੪੨ ਈ : —ਸੰਪਾਦਕ)* ਮੌਜੂਦ ਹਨ। ਮਾਤਾ ਜੀਨੇ ਜ਼ਿੰਦਗੀ ਭਰ ਸਿਵਾਏ ਹੱਥ ਦੇ ਕੱਤੇ ਹੋਏ ਖੱਦਰ ਦੇ ਕੋਈ ਦੂਸਰਾ ਕਪੜਾ ਨਹੀਂ ਪਹਿਨਿਆ।

ਸੰਨ ੧੮੭੨ ਤੋਂ ੧੯੨੩ ਈ: ਤੱਕ ਹਰ ਨਾਮਧਾਰੀ ਬਾਗੀ ਸਮਝਿਆ ਜਾਂਦਾ ਸੀ। ਹਰ ਇੱਕ ਤੇ ਪੁਲਿਸ ਨਿਗਰਾਨੀ ਰੱਖਦੀ ਸੀ। ਰਾਤ ਨੂੰ ਵੀ ਪੁਲਿਸ ਵਾਲਾ ਆ ਕੇ ਜਗਾਂਦਾ ਸੀ। ਕੋਈ ਨਾਮਧਾਰੀ ਬਗੈਰ ਪੁਲਿਸ ਨੂੰ ਇਤਲਾਹ ਦਿੱਤੇ ਇੱਕ ਥਾਂ ਤੋਂ ਦੂਜੀ ਥਾਂ ਨਹੀਂ ਸੀ ਜਾ ਸਕਦਾ। ਪਰ ਇਹਨਾਂ ਸਭ ਅਜ਼ਮਾਇਸ਼ਾਂ ਦੇ ਬਾਵਜੂਦ ਵੀ ਲੱਖਾਂ ਨਾਮਧਾਰੀ ਬਰਾਬਰ ਆਪਣੇ ਅਸੂਲਾਂ ਤੇ ਕਾਇਮ ਰਹੇ। ਉਸ ਵਕਤ

ਇਸ ਗਰਿਫ਼ਤਾਰੀ ਦੇ ਦਿਨ ਕਿਹਾ ਜਾਂਦਾ ਹੈ ਕਿ ਭੈਣੀ ਸਾਹਿਬ ਦੇ ਗੁਰਦੁਆਰੇ ਦੀ ਬਾਰਾਂ–ਬਾਰਾਂ ਫੁੱਟ ਜ਼ਮੀਨ ਪੁੱਟੀ ਗਈ– ਇਸ ਉਮੀਦ ਨਾਲ ਕਿ ਕਿਤੋਂ ਹਥਿਆਰ ਲੁਕਾਏ ਹੋਏ ਮਿਲਣ। ਗੁਰਦੁਆਰੇ ਦਾ ਕਰੀਬ ਕਰੀਬ ਸਾਰਾ ਮਾਲ ਜ਼ਬਤ ਕਰ ਲਿਆ ਗਿਆ। ਗੁਰਦੁਆਰੇ ਦੇ ਦਰਵਾਜੇ ਅਗੇ ਪੁਲਿਸ ਦੀ ਚੌਂਕੀ ਬਿਠਾ ਦਿਤੀ ਗਈ। ਉਸ ਚੌਂਕੀ ਕਾਰਨ ਠੀਕ ੫੦ ਸਾਲਾਂ ਤਕ ਭੈਣੀ ਸਾਹਿਬ ਕੈਦ ਖਾਨਾ ਰਿਹਾ ਸੀ।

ਪੰਜਾਬ ਵਿੱਚ ਕੁਲ ਨਾਮਧਾਰੀਆਂ ਦੀ ਗਿਣਤੀ ਸੱਤ ਲੱਖ ਸਮਝੀ ਜਾਂਦੀ ਹੈ। ਜਿਸ ਵਿੱਚ ਸਹਿਜਧਾਰੀ ਤੇ ਕੇਸਾਧਾਰੀ ਦੋਵੇਂ ਸ਼ਾਮਲ ਹਨ।

ਸੰਨ ੧੮੭੨ ਤੋਂ ੧੮੮੦ ਤੱਕ ਗੁਰੂ ਰਾਮ ਸਿੰਘ ਜੀ ਨੂੰ ਬਰ੍ਹਮਾ ਨਜ਼ਰਬੰਦ ਰੱਖਣ ਦਾ ਪਤਾ ਚਲਦਾ ਹੈ। ਇਸ ਸਮੇਂ ਵਿੱਚ ਬਰ੍ਹਮਾ ਵਿੱਚ ਉਹਨਾਂ ਦੇ ਚੁਫੇਰੇ ਸਖ਼ਤ ਪਹਿਰਾ ਸੀ। ਕੋਈ ਬਿਨਾ ਇਜਾਜ਼ਤ ਉਹਨਾਂ ਨੂੰ ਮਿਲਣ ਨਹੀਂ ਸੀ ਜਾ ਸਕਦਾ। ਫਿਰ ਵੀ ਸਮੇਂ ਸਮੇਂ ਬਹੁਤ ਸਾਰੇ ਨਾਮਧਾਰੀ ਸਿੱਖ ਕਾਫ਼ੀ ਖ਼ਰਚ ਕਰਕੇ ਅਤੇ ਤਕਲੀਫ਼ਾਂ ਉਠਾਕੇ ਉਹਨਾਂ ਨੂੰ ਮਿਲਣ ਲਈ ਜਾਂਦੇ ਰਹੇ। ਇਹਨਾਂ ਵਿਚੋਂ ਕੋਈ ਅੰਗਰੇਜ਼ੀ ਪੜ੍ਹਿਆ ਹੋਇਆ ਨਹੀਂ ਸੀ। ਜ਼ਿਆਦਾਤਰ ਕੇਵਲ ਪੰਜਾਬੀ ਹੀ ਜਾਣਦੇ ਸਨ। ਬਹੁਤ ਸਾਰੇ ਤਾਂ ਇਸੇ ਕਰਕੇ ਗਰਿਫ਼ਤਾਰ ਕਰ ਲਏ ਗਏ। ਕੁਝ ਨੂੰ ਸੱਤ ਸੱਤ ਸਾਲਾਂ ਦੀਆਂ ਸਜਾਵਾਂ ਹੋਈਆਂ। ਕੁਝ ਕਾਲੇ ਪਾਣੀ ਭੇਜ ਦਿੱਤੇ ਗਏ, ਕੁਝ ਨੂੰ ਮੌਤ ਦੀ ਸਜਾ ਵੀ ਦਿੱਤੀ ਗਈ। ਕਿਹਾ ਜਾਂਦਾ ਹੈ, ਕੁਝ ਨੂੰ ਸਮੁੰਦਰ ਵਿੱਚ ਡੁਬੋ ਦਿਤਾ ਗਿਆ। ਜਿਨ੍ਹਾਂ ਸਿੱਖਾ ਨੂੰ ਰੰਗੂਨ ਤੱਕ ਪਹੁੰਚ ਕੇ ਗੁਰੂ ਰਾਮ ਸਿੰਘ ਜੀ ਨੂੰ ਮਿਲਣ ਵਿੱਚ ਕਾਮਯਾਬੀ ਮਿਲੀ, ਉਹਨਾ ਵਿੱਚੋਂ ਕੁਝ ਦੇ ਹੱਥੀਂ, ਗੁਰੂ ਰਾਮ ਸਿੰਘ ਜੀ ਦੇ ਪੰਜਾਬੀ ਵਿੱਚ ਲਿਖੇ ਕੁਝ ਖ਼ਤ (ਹੁਕਮਨਾਮਿਆਂ) ਵਿੱਚੋਂ ਕੁਝ ਸਰਕਾਰ ਦੇ ਹੱਥੀ ਆ ਗਏ ਅਤੇ ਜ਼ਬਤ ਕਰ ਲਏ ਗਏ। ਕੁਝ ਅਜੇ ਤੱਕ ਨਾਮਧਾਰੀਆਂ ਦੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਪੁਸਤਕਾਲੇ ਵਿੱਚ ਸੰਭਾਲੇ ਪਏ ਹਨ।

ਇਹਨਾਂ ਖ਼ਤਾਂ (ਹੁਕਮਨਾਮਿਆਂ) ਤੋਂ ਗੁਰੂ ਰਾਮ ਸਿੰਘ ਜੀ ਦੇ ਵਿਚਾਰਾਂ ਤੇ ਅਸੂਲਾਂ ਅਤੇ ਹੋਰ ਗੱਲਾਂ ਦਾ ਖ਼ਾਸਾ ਪਤਾ ਲੱਗਦਾ ਹੈ। ਇਹਨਾਂ ਵਿਚੋਂ ਥੋੜ੍ਹੇ ਜਿਹੇ ਫਿਕਰੇ ਪਹਿਲਾਂ ਗੁਰੂ ਰਾਮ ਸਿੰਘ ਜੀ ਦੇ ਆਪਣੇ ਸ਼ਬਦ ਮੂਲ ਪੰਜਾਬੀ ਭਾਸ਼ਾ ਵਿੱਚ ਹੇਠਾਂ ਦਿੱਤੇ ਗਏ ਹਨ।

੧. ਸਾਰੀ ਸੰਗਤ ਨੇ ਸ਼ਾਂਤੀ ਏਹੋ ਜਿਹੀ ਕਰਨੀ ਕੋਈ ਕਿਸੇ ਤਰ੍ਹਾਂ ਦੀ ਨਿੰਦਿਆ ਕਰੇ, ਉਸਦੇ ਵੱਲ ਧਿਆਨ ਨਹੀਂ ਕਰਨਾ।

Namdhari Elibrary NamdhariElibrary@gmail.com

ਸਬ ਬੁਢੇ ਬਾਲੇ ਭਾਈ ਬੀਬੀ ਨੇ ਇਸ਼ਨਾਨ ਪਿਛਲੀ ਰਾਤ ਦਾ ਕਰਨਾ ਬਾਜ਼ਰੂਰ। ਗੁਰੂ ਜੀ ਦਾ ਹੁਕਮ ਸਵਾ ਪਹਿਰ ਦਾ ਹੈ। ਫੇਰ ਜਿਤਨੀ ਰਾਤ ਤੇ ਪੁੱਜ ਆਵੇ ਚਾਰ ਘੜੀ ਰਹਿੰਦੇ ਕਰਨਾ.....ਬਾਣੀ ਪੜ੍ਹਨੀ ਦਿਨ ਨੂੰ ਭਜਨ ਕਰਨਾ, ਫੇਰ ਤੁਰਦੇ ਫਿਰਦੇ ਕੰਮ ਕਿਰਤ ਕਰਦੇ। ਫੇਰ ਕੰਮ ਤੇ ਵੇਲ੍ਹ, ਸਬਬ ਲੱਗੇ ਤਾਂ ਇੱਕਲੇ ਬੈਠ ਕੇ ਭਜਨ ਬਾਣੀ ਕਰਨਾ।

ਚਾਹੇ ਕੋਈ ਕਿਸੇ ਨੂੰ ਮਾਰੇ ਤਾਂ ਵੀ ਸਬਰ ਕਰ ਜਾਣਾ। ਪ੍ਰਮੇਸ਼ਰ ਖਿਮਾ ਧੀਰਜ ਵਾਲਿਆਂ ਦੇ ਸਦਾ ਅੰਗ ਸੰਗ ਹੈ। ਗੁਰੂ ਜੀ ਦੀ ਸਿਖਿਆ ਹੈ ਹੀ, ਹੋਹ ਸਭਨਾ ਕੀ ਰੇਣਕਾ ਤਉ ਆਉ ਹਮਾਰੈ ਪਾਸਿ। ਜੋ ਕਈ ਐਸਾ ਧਰਮ ਵਿੱਚ ਚਲੂਗਾ ਤਾਂ ਉਸਨੂੰ ਸਭ ਸੁਖ ਪ੍ਰਾਪਤ ਹੋ ਜਾਣਗੇ। ਸਤ ਕਰਕੇ ਮੰਨਣਾ। ਕੰਮ ਖਿਮਾ ਦਾ ਬਹੁਤ ਹੈ ਬੜਾ.....

੨. ਭੁੱਖੇ ਨੂੰ ਰੋਟੀ, ਕਪੜਾ , ਜੋੜਾ ਕਿਸੇ ਭੇਖ ਦਾ ਹੋਵੇ ਭਾਵੇਂ ਨਿੰਦਿਆ ਭੀ ਕਰਦਾ ਹੋਵੇ ਪਰ ਲੋੜਮੰਦ ਦੇਖਕੇ ਉਸਨੂੰ ਭੀ ਦੇਣਾ।

੩. ਭਾਵੇਂ ਕਿਸੇ ਭੇਖ ਦਾ ਹੋਵੇ ਕਿਸੇ ਨੂੰ ਫਿੱਕਾ ਨਹੀਂ ਬੋਲਣਾ।

੪. ਵੰਡ ਛਕਣਾ।

੫. ਸਬ ਬੁਢੇ ਬਾਲੇ ਭਾਈ ਬੀਬੀ ਨੇ ਇਸ਼ਨਾਨ ਪਿਛਲੀ ਰਾਤ ਦਾ ਕਰਨਾ ਬਾਜ਼ਰੂਰ। ਗੁਰੂ ਜੀ ਦਾ ਹੁਕਮ ਸਵਾ ਪਹਿਰ ਦਾ ਹੈ। ਫੇਰ ਜਿਤਨੀ ਰਾਤ ਤੇ ਪੁੱਜ ਆਵੇ ਚਾਰ ਘੜੀ ਰਹਿੰਦੇ ਕਰਨਾ.....ਬਾਣੀ ਪੜ੍ਹਨੀ ਦਿਨ ਨੂੰ ਭਜਨ ਕਰਨਾ, ਫੇਰ ਤੁਰਦੇ ਫਿਰਦੇ ਕੰਮ ਕਿਰਤ ਕਰਦੇ। ਫੇਰ ਕੰਮ ਤੇ ਵੇਲ੍ਹ, ਸਬਬ ਲੱਗੇ ਤਾਂ ਇੱਕਲੇ ਬੈਠ ਕੇ ਭਜਨ ਬਾਣੀ ਕਰਨਾ। ਹੋਰ ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾ ਦੇਣੇ। ਹੋਰ ਲੜਕੀ ਨਾ ਕਿਸੇ ਮਾਰਨੀ। ਨਾ ਕਿਸੇ ਵੱਟਾ ਕਰਨਾ। ਨਾ ਲੜਕੀ ਦੇ ਦਾਮ ਲੈਣੇ। ਜੋੜਾ ਲੜਕੀ ਮਾਰੇ, ਬੇਚੇ, ਬੱਟਾ ਕਰੇ ਉਸ ਦੇ ਹੱਥ ਦਾ ਅੰਨ ਪਾਣੀ ਨਹੀਂ ਵਰਤਨਾ। ਉਸਨੂੰ ਸੰਗਤ ਵਿੱਚ ਨਹੀਂ ਵੜਨ ਦੇਣਾ। ਹੁਣ ਤੇ ਪਿੱਛੇ ਭਾਵੇਂ ਕੁਝ ਕੀਤਾ ਹੋਵੇ ਅਗੇ ਸਮਝ ਕੇ ਵਰਤਣਾ। ਕਿਸੇ ਦਾ ਧਨ ਪਦਾਰਥ ਨਹੀਂ ਲੈਣਾ। ਨਾ ਧੱਕਾ ਕਰਕੇ, ਨ ਚੋਰੀ ਕਰਕੇ, ਨ ਠਗੀ ਕਰਕੇ, ਕੱਖ ਆਦਿਕ ਭੀ ਨਹੀਂ ਲੈਣਾ। ਗੁਰੂ ਜੀ ਦਾ ਹੁਕਮ ਹੈ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।.....

੬. ਅਠਾਰਾਂ ਬਰਸ ਦੀ ਲੜਕੀ ਦਾ ਅੰਨਦ ਪੜਾਵਨਾ ਘਟ ਨਹੀਂ ਪੜਾਵਨਾ। ਜੇ ਕੋਈ ਵੱਟਾ ਕਰੂਗਾ, ਵਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ, ਉਸਦੇ ਨਾਲੇ ਨਹੀ ਵਰਤਨਾ।

੭. ਬਿਗਾਨੀ ਅੰਸ ਕਿਸੇ ਤਰਾਂ ਭੀ ਨਾ ਲੈਣੀ ਨਾ ਚੁਰਾਕੇ , ਨ ਖੋਹ ਕੇ, ਨਾ ਠਗੀ ਕਰਕੇ, ਜੇ ਡਿੱਗੀ ਪਈ ਭੀ ਮਿਲੇ ਤਾਂ ਜਿਸ ਦੀ ਹੋਵੇ ਉਸਨੂੰ ਦੇ ਦੇਣੀ ਲਭ ਕੇ। ਪਰ ਕਰਜਾ ਲੈ ਕੇ ਨਾ ਦੇਣਾ ਇਹ ਚੋਰੀ ਧਾੜੇ ਤੋਂ ਭੀ ਵੱਡਾ ਪਾਪ ਹੈ।....ਬਾਣੀ ਭੀ ਭਾਵੇਂ ਪੜ੍ਹੇ ਸਬ ਨਿਹਫਲ ਜਾਵੇਗਾ ਭਾਵੇਂ ਪੂਜਾ ਕਰੇ ਭਾਵੇਂ ਨਮਾਜ਼ ਪੜ੍ਹੇ।

੮. ਮਾਸ ਖਾਣ ਦੀ ਤਾਂ ਗੁਰੂ ਜੀ ਨੇ ਲਿਖਿਆ ਹੈ ਮੱਕੇ ਦੀ ਗੋਸਟ ਵਿੱਚ ਜੋ ਮਾਸ ਸੋ ਖਾਏ, ਜਿਸ ਨੂੰ ਖਾਏ, ਉਸਨੂੰ ਜਿਉਂਦਾ ਕਰ ਸਕੇ।......ਏ ਦੋਵੇ ਨਹੀਂ ਵਰਤਨੇ ਮਾਸ ਤੇ ਸ਼ਰਾਬ।

੯. ੧੯੯੦ ਈ: ਦੇ ਕਰੀਬ ਦੀ ਗੁਰੂ ਰਾਮ ਸਿੰਘ ਜੀ ਦੀ ਇਕ ਪੇਸ਼ੀਨਗੋਈ ਹੈ: ਸੌ ਹੋਇ ਤਾਂ ਆਟਾ ਸਨੇ ਰਾਜਾ ਪਰਜਾ ਦਾ, ਨਹੀਂ ਦਲੀਆਂ ਤਾਂ ਜ਼ਰੂਰ ਹੋਊਗਾ। ਹੋਰ ਆਪਣੇ ਸੰਤ ਖਾਲਸੇ ਦੀ ਰੱਖਿਆ ਦੇ ਵਾਸਤੇ ਪੱਛਮ ਦਿਸਾ ਤੋਂ ਬੰਦਾ ਆਵੇਗਾ-ਬੁਲਾਇਆ ਹੋਇਆ।

ਗੁਰੂ ਰਾਮ ਸਿੰਘ ਜੀ ਦੇ ਖ਼ਤਾਂ (ਹੁਕਮਨਾਮਿਆਂ) ਅਤੇ ਉਪਦੇਸ਼ਾਂ ਵਿੱਚ ਬਹੁਤ ਸਾਰੀਆਂ ਚੀਜ਼ਾਂ ਐਸੀਆਂ ਹਨ ਜਿਹੜੀਆਂ ਅੱਜ ਕਲ ਦੇ ਕਾਇਦੇ ਕਾਨੂੰਨ ਦੇ ਰਹਿੰਦੇ ਪ੍ਰਕਾਸ਼ਿਤ ਨਹੀਂ ਕੀਤੀਆਂ ਜਾ ਸਕਦੀਆਂ। ਪਰ ਜਿਸ ਦਾ ਸਾਡੇ ਕੌਮੀ ਵਿਕਾਸ ਦੇ ਇਤਿਹਾਸ ਵਿੱਚ ਖ਼ਾਸ ਮੁੱਲ ਹੈ। ਅਜੇ ਕੁਝ ਦਿਨ ਹੋਰ ਇਹਨਾਂ ਚੀਜ਼ਾਂ ਨੂੰ ਦੇਸ਼ ਵਾਸੀਆਂ ਦੀਆਂ ਅੱਖਾਂ ਤੋਂ ਦੂਰ ਰਹਿਣਾ ਹੈ।

ਸ਼ਾਦੀਆਂ ਦੇ ਖਰਚ ਨੂੰ ਘਟ ਕਰਨ ਲਈ ਗੁਰੂ ਰਾਮ ਸਿੰਘ ਜੀ ਨੇ ਹੁਕਮ ਦਿੱਤਾ ਸੀ ਕਿ ਕੋਈ ਨਾਮਧਾਰੀ ਆਪਣੀ ਲੜਕੀ ਜਾਂ ਲੜਕੇ ਦੀ ਸ਼ਾਦੀ ਵਿੱਚ ਸਵਾ ਰੁਪਏ ਤੋਂ ਵੱਧ ਖਰਚ ਨਾ ਕਰੇ। ਅੱਜ ਤੱਕ ਸਭ ਨਾਮਧਾਰੀ ਇਸ ਆਗਿਆ ਦਾ ਪਾਲਣ ਕਰਦੇ ਹਨ। ਹੁਣ ਸਤਿਗੁਰੂ ਪਰਤਾਪ ਸਿਘ ਜੀ ਨੇ ਹੁਕਮ ਦੇ ਰੱਖਿਆ ਹੈ ਕਿ ਸਭ ਅਨੰਦ ਕਾਰਜ ਗੁਰੂ ਜੀ ਦੇ ਸਾਹਮਣੇ ਦਿਵਾਨ ਵਿਚ ਹੋਣ। ਜਿਸ ਵਿੱਚ ਹੁਣ ਸਵਾ ਰੁਪਈਏ ਦਾ ਕੜਾਹ ਪਰਸ਼ਾਦ ਵੀ ਜ਼ਰੂਰੀ ਨਹੀਂ ਰੱਖਿਆ ਗਿਆ।

ਅਹਿੰਸਾ ਤੇ ਓਸੇ ਰਾਹੀ ਸਵਰਾਜ ਪ੍ਰਾਪਤੀ ਦੇ ਬਾਣੇ ਵਿੱਚ ਵੀ ਗੁਰੂ ਰਾਮ ਸਿੰਘ ਜੀ ਦੇ ਵਿਚਾਰ ਬਿਲਕੁਲ ਸਪਸ਼ਟ ਹਨ। ਜਿਸ ਸਮੇ 'ਪੰਜਾਬ ਵਿਚੋਂ ਗਰਿਫ਼ਤਾਰ ਹੋ ਕੇ ਜਾ ਰਹੇ ਸਨ, ਗੁਰੂ ਜੀ ਦੇ ਸੂਬਾ ਜਵਾਹਰ ਸਿੰਘ ਨੇ ਕਿਹਾ ਸੀ:

"ਮਹਾਰਾਜ ਸਾਨੂੰ ਇਹ ਲੋਕ ਉਂਜ ਹੀ ਫੜ ਲਿਆਏ । ਜੇ ਆਪ ਹੁਕਮ ਦੇਂਦੇ ਤਾਂ ਦੋ ਦੋ ਹੱਥ ਵਿਖਾਉਂਦੇ।"

ਗੁਰੂ ਰਾਮ ਸਿੰਘ ਜੀ ਨੇ ਜਵਾਬ ਦਿੱਤਾ:

"ਹੁਣ ਫਿਰੰਗੀ ਦੀ ਜੜ ਪੱਟੀ ਗਈ ਹੈ, ਜੇ ਹੱਥ ਚੱਕ ਲੈਂਦੇ ਤਾਂ ਪਤਾਲ ਵਿੱਚ ਚਲੀ ਜਾਣੀ ਸੀ।"

ਜਿਸ ਸਮੇਂ ਰੇਲ ਵਿਚ ਬੈਠੇ ਹੋਏ ਲੁਧਿਆਣੇ ਤੋਂ ਅਲਾਹਾਬਾਦ ਜਾ ਰਹੇ ਸਨ ਏਸੇ ਤਰ੍ਹਾਂ ਦੀ ਸ਼ੰਕਾ ਗੁਰੂ ਜੀ ਨਾਲ ਬਾਬਾ ਸਾਹਿਬ ਸਿੰਘ ਨੇ ਪ੍ਰਗਟ ਕੀਤੀ। ਗੁਰੂ ਜੀ ਨੇ ਜਵਾਬ ਦਿੱਤਾ,

"ਅੰਗਰੇਜ਼ ਦੀ ਜੜ੍ਹ ਪੁੱਟ ਕੇ ਹਥੇਲੀ ਉੱਤੇ ਰੱਖੀ ਹੋਈ ਹੈ। ਜੇ ਤੁਸੀਂ ਲੜਾਈ ਕਰਦੇ ਤਾਂ ਪਤਾਲ ਵਿੱਚ ਚਲੀ ਜਾਣੀ ਸੀ।"

ਅਹਿੰਸਾ ਲਈ ਗੁਰੂ ਰਾਮ ਸਿੰਘ ਜੀ ਦਾ ਖ਼ਾਸ ਸ਼ਬਦ ਖਿਮਾ ਸੀ। ਗੁਰੂ ਰਾਮ ਸਿੰਘ ਜੀ ਦੇ ਸੇਵਕ ਨਾਨੂੰ ਸਿੰਘ ਉਹਨਾਂ ਨਾਲ ਬਹੁਤ ਦਿਨ ਬਰ੍ਹਮਾ ਰਹੇ। ਬਾਅਦ ਵਿੱਚ ਉਹ ਪੰਜਾਬ ਮੁੜ ਆਏ। ਉਹਨਾਂ ਨੂੰ ਇਕ ਵਾਰ ਗੁਰੂ ਰਾਮ ਸਿੰਘ ਜੀ ਨੇ ਕਿਹਾ ਸੀ,

"ਨਾਨੂੰ ਸਿੰਘ ਤੁਸੀਂ ਨਹੀਂ ਜਾਣਦੇ ਤਲਵਾਰ ਨਾਲ ਪ੍ਰਾਪਤ ਕੀਤੀ ਹੋਈ ਸ਼ੈ ਤਲਵਾਰ ਨਾਲ ਖੁੱਸ ਭੀ ਸਕਦੀ ਹੈ। ਖਿਮਾ ਦਾ ਸਿਧਾਂਤ ਹੀ ਏਹ ਹੈ ਕਿ ਜ਼ੋਰ ਹੁੰਦਾ ਹੋਇਆ ਭੀ ਉਸਨੂੰ ਜ਼ਬਤ ਕਰਕੇ ਰੱਖਿਆ ਜਾਵੇ। ਬਲਵਾਨ ਹੁੰਦੇ ਹੋਏ ਭੀ ਉਸਦੀ ਵਰਤੋਂ ਨਾ ਕੀਤੀ ਜਾਏ।"

Namdhari Elibrary NamdhariElibrary@gmail.com

ਇਕ ਦੂਸਰੀ ਵਾਰ ਗੁਰੂ ਰਾਮ ਸਿੰਘ ਜੀ ਨੇ ਨਾਨੂੰ ਸਿੰਘ ਨੂੰ ਕਿਹਾ ਸੀ,

"ਹੋਰ ਤੇ ਹੋਰ ਮੈਂ ਤੇ ਅਜ਼ਾਦੀ ਲਈ ਭੀ ਖੂਨ ਵਹਾਉਣਾ ਪਸੰਦ ਨਹੀਂ ਕਰਦਾ। ਮੈਂ ਦੁਸ਼ਮਨ ਨੂੰ ਵੀ ਪਿਆਰ ਦੀ ਤਲਵਾਰ ਨਾਲ ਬਿਸਮਿਲ ਕਰਨਾ ਚਾਹੁੰਦਾ ਹਾਂ।"

ਸੰਨ ੧੮੮੫ ਤੋਂ ਪਿੱਛੋਂ ਗੁਰੂ ਰਾਮ ਸਿੰਘ ਜੀ ਘਟੋ ਘਟ ਅੰਗਰੇਜ਼ਾਂ ਦੀ ਕੈਦ ਵਿਚ ਨਹੀਂ ਰਹੇ। ਅੰਗਰੇਜ਼ ਸਰਕਾਰ ਦਾ ਕਹਿਣਾ ਹੈ ਕਿ ਸੰਨ ੧੮੮੫ ਵਿੱਚ ਪਰਲੋਕ ਸਿਧਾਰ ਗਏ। ਪਰ ਕਿਸੇ ਸਿੱਖ ਨੂੰ ਨਾ ਸਮੇਂ ਤੇ ਇਸਦੀ ਖ਼ਬਰ ਕੀਤੀ ਗਈ ਅਤੇ ਨਾ ਕਿਸੇ ਨੂੰ ਉਹਨਾਂ ਦੀ ਮਿਰਤਕ ਦੇਹ ਸਪੁਰਦ ਕੀਤੀ ਗਈ। ਸੰਨ ੧੮੮੬ ਈ: ਦੇ ਨੇੜੇ ਤੇੜੇ ਇੱਕ ਸਿੱਖ ਸਰਦਾਰ ਆਲਿਮ ਸਿੰਘ ਜੋ ਬਰ੍ਹਮਾ ਵਿਚ ਮੋਲਮੀਨ ਵਿੱਚ ਡਿਸਟ੍ਰਿਕ ਇੰਜੀਨੀਅਰ ਸਨ। ਉਹਨਾਂ ਤੇ ਉਹਨਾਂ ਦੇ ਸਾਥੀਆਂ ਨੇ ਗੁਰੂ ਰਾਮ ਸਿੰਘ ਜੀ ਦੇ ਕਿਤੇ ਦਰਸ਼ਨ ਕੀਤੇ ਸਨ। ਪੰਜਾਬ ਆਕੇ ਉਹਨਾਂ ਨੇ ਸਰਕਾਰ ਨੂੰ ਨੋਟਿਸ ਵੀ ਦਿੱਤਾ ਅਤੇ ਲਿਖਿਆ ਕਿ ਗੁਰੂ ਰਾਮ ਸਿੰਘ ਜੀ ਅੱਜੇ ਤੱਕ ਪੰਜ ਭੂਤਕ ਸਰੀਰ ਵਿੱਚ ਹਨ ਬਿਦੇਹ ਨਹੀਂ ਹੋਏ। ਕਿਹਾ ਜਾਂਦਾ ਹੈ ਕਿ ਆਲਿਮ ਸਿੰਘ ਦਾ ਇਹ ਨੋਟਿਸ ਅਖ਼ਬਾਰ ਵਿੱਚ ਵੀ ਛਪਿਆ ਪਰ ਸਰਕਾਰ ਨੇ ਇਸਦਾ ਕੋਈ ਜਵਾਬ ਨਾ ਦਿੱਤਾ।

ਪੰਜਾਬ ਵਿੱਚ ਹਰ ਜ਼ਿਲੇ ਵਿੱਚ ਨਾਮਧਾਰੀਆਂ ਦੇ ਸੂਬੇ ਮੁਕਰਰ ਹਨ। ਨਾਮਧਾਰੀ ਆਪਣੇ ਮੁਕਦਮੇ ਉਹਨਾਂ ਸੂਬਿਆਂ ਸਾਹਮਣੇ ਲੈ ਕੇ ਜਾਂਦੇ ਹਨ। ਕਿਤੇ ਕਿਸੇ ਤਰ੍ਹਾਂ ਕੋਈ ਕੋਰਟ ਫੀਸ ਨਹੀਂ ਲਗਦੀ, ਨਾ ਕਿਸੇ ਵਕੀਲ ਦੀ ਲੋੜ ਪੈਂਦੀ ਹੈ। ਮੁਕਦਮੇ ਦਾ ਫੈਸਲਾ ਆਮ ਤੌਰ ਤੇ ਹੱਥੋ ਹੱਥ ਹੁੰਦਾ ਹੈ। ਸਮਝਿਆ ਜਾਂਦਾ ਹੈ ਕਿ ਕੋਈ ਨਾਮਧਾਰੀ ਆਪਣੀ ਅਦਾਲਤ ਅਗੇ ਝੂਠ ਨਹੀਂ ਬੋਲਦਾ।

ਸੰਤ ਇੰਦਰ ਸਿਘ ਚਕਰਵਰਤੀ ਜੋ ਇਸ ਸਮੇਂ *(੧੯੪੨ ਈ : -ਸੰਪਾਦਕ)* ਨਾਮਧਾਰੀ ਦਰਬਾਰ ਦੇ ਮੀਤ ਪ੍ਰਧਾਨ ਹਨ, ਸੰਨ ੧੯੩੫ ਵਿੱਚ ਖੁਦ ਬਰ੍ਹਮਾ ਗਏ ਸਨ। ਉਹਨਾਂ ਓਥੇ ਵੇਖਿਆ, ਰੰਗੂਨ ਪਹੁੰਚਾਏ ਜਾਣ ਤੋਂ ਪਹਿਲਾਂ ਮੋਲਮੀਨ ਦੇ ਕੋਲ ਮਰਗੋਈ ਵਿੱਚ ਜਿਸ ਪਿਪਲ ਦੇ ਦਰਖਤ ਥੱਲੇ ਗੁਰੂ ਰਾਮ ਸਿੰਘ ਜੀ ਬਹਿੰਦੇ ਸਨ ਓਥੇ ਬਰ੍ਹਮੀ ਲੋਗ ਅੱਜ ਤੱਕ ਰੋਜ ਮੋਮ ਬਤੀਆਂ ਜਗਾਉਂਦੇ ਹਨ ਅਤੇ ਕੋਈ ਓਥੇ ਜੁੱਤੀ ਪਾਕੇ ਨਹੀਂ ਜਾ ਸਕਦਾ। ਓਥੇ ਇੱਕ ਬਰ੍ਹਮੀ ਨੇ ਸੰਤ ਇੰਦਰ ਸਿੰਘ ਨੂੰ ਦੱਸਿਆ ਕਿ ਗੁਰੂ ਰਾਮ ਸਿੰਘ ਜੀ ਗੁਜ਼ਰੇ ਨਹੀਂ ਸਗੋਂ ਕਿਤੇ ਚਲੇ ਗਏ ਹਨ।

ਗੁਰੂ ਜੀ ਦਾ ਜਨਮ ੧੮੧੬ ਈ: ਦੇ ਕਰੀਬ ਹੋਇਆ ਸੀ ਨਾਮਧਾਰੀ ਪੰਥ ਦੇ ਲੱਖਾਂ ਆਦਮੀਆਂ ਨੂੰ ਇਸ ਗੱਲ ਤੇ ਪੂਰਾ ਭਰੋਸਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਦੇਹ ਦਾ ਤਿਆਗ ਨਹੀਂ ਕੀਤਾ, ਉਹ ਅਜੇ ਤਕ ਮਾਤ ਲੋਕ ਵਿਚ ਹਨ।

ਅੱਜ ਤੱਕ ਕੋਈ ਨਾਮਧਾਰੀ ਸਿੱਖ, ਮੁੱਦਈ ਦੇ ਤੌਰ ਤੇ ਆਪਣਾ ਮੁਕਦਮਾ ਕਿਸੇ ਸਰਕਾਰੀ ਅਦਾਲਤ ਵਿੱਚ ਨਹੀਂ ਲੈ ਕੇ ਜਾਂਦਾ। ਕਿਸੇ .ਗੈਰਨਾਮਧਾਰੀ ਦਾ ਮੁਦਾਲੈ ਹੋ ਕੇ ਕਿਸੇ ਫ਼ੌਜਦਾਰੀ ਦੇ ਮੁਕਦਮੇ ਵਿਚ, ਮੁਲਜ਼ਿਮ ਹੋ ਕੇ ਜਾਣਾ ਪਵੇ ਤਾ ਵੱਖਰੀ ਗੱਲ ਹੈ। ਪੰਜਾਬ ਵਿੱਚ ਹਰ ਜ਼ਿਲੇ ਵਿੱਚ ਨਾਮਧਾਰੀਆਂ ਦੇ ਸੂਬੇ ਮੁਕਰਰ ਹਨ। ਨਾਮਧਾਰੀ ਆਪਣੇ ਮੁਕਦਮੇ ਉਹਨਾਂ ਸੂਬਿਆਂ ਸਾਹਮਣੇ ਲੈ ਕੇ ਜਾਂਦੇ ਹਨ। ਕਿਤੇ ਕਿਸੇ ਤਰ੍ਹਾਂ ਕੋਈ ਕੋਰਟ ਫੀਸ ਨਹੀਂ ਲਗਦੀ, ਨਾ ਕਿਸੇ ਵਕੀਲ ਦੀ ਲੋੜ ਪੈਂਦੀ ਹੈ। ਮੁਕਦਮੇ ਦਾ ਫੈਸਲਾ ਆਮ ਤੌਰ ਤੇ ਹੱਥੋ ਹੱਥ ਹੁੰਦਾ ਹੈ। ਸਮਝਿਆ ਜਾਂਦਾ ਹੈ ਕਿ ਕੋਈ ਨਾਮਧਾਰੀ ਆਪਣੀ ਅਦਾਲਤ ਅਗੇ ਝੂਠ ਨਹੀਂ ਬੋਲਦਾ। ਬਹੁਤ ਸਾਲਾਂ ਤੱਕ ਕੋਈ ਨਾਮਧਾਰੀ ਸਰਕਾਰੀ ਡਾਕਖਾਨਿਆਂ ਜਾਂ ਰੇਲ ਗੱਡੀ ਦੀ ਵਰਤੋਂ ਵੀ ਨਹੀਂ ਸੀ ਕਰਦਾ। ਡਾਕ ਭੇਜਣ ਦਾ ਉਹਨਾਂ ਦਾ ਨਿਜੀ ਇੰਤਜਾਮ ਸੀ। ਪਰ ਇਹ ਗੱਲ ਹੁਣ ਕਾਇਮ ਨਹੀਂ ਰਹੀ।

ਕੋਈ ਨਾਮਧਾਰੀ ਸਰਕਾਰੀ ਫ਼ੌਜ ਵਿੱਚ ਭਰਤੀ ਨਹੀਂ ਹੈ ਅਤੇ ਨਾ ਅੰਗਰੇਜ਼ ਸਰਕਾਰ ਨੇ ਉਹਨਾਂ ਬਾਰੇ ਕੋਈ ਜ਼ਬਰਦਸਤੀ ਕੀਤੀ ਹੈ।

ਕਿਰਪਾਨ ਸਿੱਖਾਂ ਦੇ ਪੰਜ ਕੱਕਿਆਂ ਵਿੱਚ ਸ਼ਾਮਲ ਹੈ। ਨਾਮਧਾਰੀ ਆਮ ਤੌਰ ਤੇ ਕਿਰਪਾਨ ਨਹੀਂ ਰੱਖਦੇ। ਇਹਨਾਂ ਵਿੱਚੋਂ ਕੋਈ ਕੋਈ (ਨਹੀ ਸਾਰੇ) ਇੱਕ ਛੋਟੀ ਜਹੀ ਇੰਚ ਕੁ ਲੰਮੀ ਕਿਰਪਾਨ ਨਿਸ਼ਾਨੀ ਵਜੋਂ ਆਪਣੇ ਕੰਘੇ ਨਾਲ ਬੰਨ੍ਹ ਕੇ ਰੱਖਦੇ ਹਨ।

ਸਤਿਗੁਰੂ ਪਰਤਾਪ ਸਿੰਘ ਜੀ ਜਾਂ ਉਹਨਾਂ ਦਾ ਕੋਈ ਸਿੱਖ ਕਿਸੇ ਐਸੇ ਕੰਮ ਜਾਂ ਜਲਸੇ ਵਿੱਚ ਸ਼ਰੀਕ ਨਹੀਂ ਹੁੰਦਾ ਜਿਸ ਵਿੱਚ ਸਿੱਖਾਂ ਦੇ ਕਿਸੇ ਹੱਕ ਲਈ ਜਾਂ ਏਸੇ ਤਰ੍ਹਾਂ ਦੀ ਕਿਸੇ ਚੀਜ਼ ਲਈ ਸਰਕਾਰ ਨੂੰ ਕਿਸੇ ਤਰ੍ਹਾਂ ਦੀ ਬੇਨਤੀ ਕੀਤੀ ਜਾਵੇ। ਕੋਈ ਨਾਮਧਾਰੀ ਵਿਦੇਸ਼ੀ ਕਪੜਾ ਨਹੀਂ ਪਹਿਨ ਸਕਦਾ, ਜ਼ਿਆਦਾਤਰ ਕੇਵਲ ਸ਼ੁੱਧ ਖਦਰ ਪਹਿਨਦੇ ਹਨ।

ਕੋਈ ਨਾਮਧਾਰੀ ਸਿੱਖ ਕਿਸੇ ਤਰ੍ਹਾਂ ਦਾ ਮਾਸ ਨਹੀਂ ਖਾਂਦਾ, ਨਾ ਸ਼ਰਾਬ ਜਾਂ ਕਿਸੇ ਨਸ਼ੇ ਦੀ ਚੀਜ਼ ਦਾ ਇਸਤੇਮਾਲ ਕਰਦਾ ਹੈ।

ਨਾਮਧਾਰੀ ਆਮ ਤੌਰ ਤੇ ਈਸ਼ਵਰ ਭਗਤ ਹੁੰਦੇ ਹਨ। ਸੇਵਾ ਭਾਵ ਉਹਨਾਂ ਵਿੱਚ ਬਹੁਤ ਜ਼ਿਆਦਾ ਹੁੰਦਾ ਹੈ। ਗੁਰਦੁਆਰਾ ਭੈਣੀ ਸਾਹਿਬ ਵਿਚ ਹਮੇਸ਼ਾਂ ਕਈ ਸੌ ਆਦਮੀ ਰਹਿੰਦੇ ਹਨ। ਰੋਜ ਅੰਮ੍ਰਿਤ ਵੇਲੇ ਤਿੰਨ ਵਜੇ ਉਠ ਕੇ ਇਹ ਲੋਕ ਜੰਗਲ-ਮੈਦਾਨ ਤੋਂ ਵਿਹਲੇ ਹੋਕੇ ਸਣੇ ਕੇਸੀ ਇਸ਼ਨਾਨ ਕਰਕੇ ਦੀਵਾਨ (ਆਸਾ ਦੀ ਵਾਰ) ਵਿੱਚ ਪਹੁੰਚ ਜਾਂਦੇ ਹਨ।

ਅੰਮ੍ਰਿਤ ਵੇਲੇ ੪ ਵਜੇ ਤੋਂ ਦਿਨੇ ੭ ਵਜੇ ਤੱਕ ਦੀਵਾਨ ਲਗਦਾ ਹੈ ਜਿਸ ਵਿੱਚ ਬੜੇ ਪ੍ਰੇਮ ਨਾਲ ਵਾਜਿਆਂ ਤੇ ਲੈ-ਤਾਲ ਨਾਲ ਗੁਰਬਾਣੀ ਗਾਇਨ ਕੀਤੀ ਜਾਂਦੀ ਹੈ। ਤਿੰਨ ਘੰਟੇ ਤਕ ਦੀਵਾਨ ਵਿੱਚ ਇਕ ਸਮਾਂ ਬੱਝ ਜਾਂਦਾ ਹੈ। ਨਜ਼ਾਰਾ ਬਹੁਤ ਹੱਦ ਤੱਕ ਵੱਡੇ ਵੱਡੇ ਸੂਫ਼ੀ ਮਜਾਰਾਂ ਦੀਆ ਕਵਾਲੀਆਂ ਨਾਲ ਮਿਲਦਾ ਹੈ। ਗਉਣ ਵਿੱਚ ਫ਼ਾਰਸੀ ਦੀਆਂ ਲਿਖਤਾਂ ਵੀ ਕਾਫੀ ਗਾਈਆਂ ਜਾਂਦੀਆਂ ਹਨ। ਜਿਸ ਤਰ੍ਹਾਂ ਕਵਾਲੀਆਂ ਵਿੱਚ ਕਦੇ ਕਦੇ ਕਿਸੇ ਸੁਣਨ ਵਾਲੇ ਨੂੰ ਵੱਜਦ ਜਾਂ ਹਾਲ ਪੈ ਜਾਂਦਾ ਹੈ ਤੇ ਉਹ ਉੱਠ ਕੇ ਨੱਚਣ ਲਗਦਾ ਹੈ ਜਾਂ ਕੂਕਣ ਲੱਗਦਾ ਹੈ, ਠੀਕ ਓਸੇ ਤਰ੍ਹਾਂ ਦੀਵਾਨ ਵਿਚ ਕੋਈ ਨਾਮਧਾਰੀ ਕੂਕਣ ਲਗਦਾ ਹੈ, ਉਸਨੂੰ ਸੁਤਰ ਪੈ ਜਾਂਦਾ ਹੈ, ਉਹ ਮਸਤਾਨਾ ਹੋਇਆ ਨੱਚਣ ਲੱਗਦਾ ਹੈ। ਚੀਕ ਮਾਰਨ ਨੂੰ ਹੀ ਪੰਜਾਬੀ ਵਿੱਚ ਕੂਕ ਮਾਰਨਾ ਕਹਿੰਦੇ ਹਨ। ਏਸੇ ਲਈ ਨਾਮਧਾਰੀਆਂ ਨੂੰ ਆਮ ਤੌਰ ਤੇ ਕੂਕੇ ਭੀ ਕਿਹਾ ਜਾਂਦਾ ਹੈ।

ਦੀਵਾਨ ਖ਼ਤਮ ਹੋਣ ਪਿੱਛੋਂ ਸੈਂਕੜੇ ਨਹੀਂ, ਹਜ਼ਾਰਾਂ ਨਾਮਧਾਰੀ

Namdhari Elibrary NamdhariElibrary@gmail.com

ਨਾਮ ਸਿਮਰਨ ਕਰਦੇ ਹਨ, ਇਕਠੇ ਚੁੱਪ ਚਾਪ ਬੈਠ ਕੇ। ਉਸਤੋਂ ਬਾਅਦ ਕੜਾਹ ਪਰਸ਼ਾਦ ਵਰਤਾਇਆ ਜਾਂਦਾ ਹੈ। ਦਿਨ ਦਾ ਬਾਕੀ ਹਿੱਸਾ ਵੀ ਇਹਨਾਂ ਦਾ ਜਿਆਦਾਤਰ ਮਿਹਨਤ, ਸੇਵਾ ਅਤੇ ਹਰੀ ਭਜਨ ਵਿੱਚ ਬੀਤਦਾ ਹੈ। ਸ਼ਾਮ ਨੂੰ ਫਿਰ ਏਸੇ ਤਰ੍ਹਾ ਦੀਵਾਨ ਲਗਦਾ ਹੈ।

ਬਹੁਤ ਸਾਰੀਆਂ ਮਾਵਾਂ-ਭੈਣਾਂ ਨੇ ਆਪਣੇ ਹੱਥ ਨਾਲ ਸੂਤ ਕੱਤ ਕੇ ਨਾਮਧਾਰੀ ਦਰਬਾਰ ਨੂੰ ਭੇਜਿਆ। ਦੀਵਾਨ ਸਮੇਂ ਕੱਤੇ ਹੋਏ ਸੂਤ ਦਾ ਢੇਰ ਇੱਕ ਛੋਟਾ ਜਿਹਾ ਟਿੱਬਾ ਨਜ਼ਰ ਆ ਰਿਹਾ ਸੀ। ਸਾਰਿਆਂ ਦਾ ਸੂਤ ਪਰਖਿਆ ਗਿਆ। ਤਿੰਨ ਸਭ ਤੋਂ ਵਧੀਆ ਕੱਤਣ ਵਾਲੀਆਂ ਬੀਬੀਆਂ ਨੂੰ ਇਨਾਮ ਦਿੱਤੇ ਗਏ।

ਸਤਿਗੁਰੂ ਪ੍ਰਤਾਪ ਸਿੰਘ ਜੀ, ਬੜੇ ਸਰਲ ਸੁਭਾ, ਈਸ਼ਵਰ ਭਗਤ ਅਤੇ ਪ੍ਰੇਮੀ ਸੱਜਣ ਹਨ। ਦੇਸ਼-ਭਗਤੀ ਦੀ ਭਾਵਨਾ ਵੀ ਉਹਨਾਂ ਵਿੱਚ ਬੜੀ ਗਹਿਰੀ ਹੈ। ਅਹਿੰਸਾ ਦੇ ਉਹ ਜ਼ਬਰਦਸਤ ਕਾਇਲ ਹਨ। ਦੂਜੇ ਧਰਮਾਂ ਅਤੇ ਸੰਪਰਦਾਵਾਂ ਵਾਂਗ ਨਾਮਧਾਰੀਆਂ ਅਤੇ ਅਕਾਲੀਆਂ ਵਿੱਚ ਕੁਝ ਵਿੱਕ ਜਿਹਾ ਪਿਆ ਹੋਇਆ ਹੈ। ਕੁਝ ਵਰ੍ਹੇ ਪਹਿਲਾਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਾਰੀਆਂ ਸਿੱਖ ਸੰਪਰਦਾਵਾਂ ਵਿਚ ਪ੍ਰੇਮ ਪੈਦਾ ਕਰਨ ਲਈ, ਉਹਨਾਂ ਦੀ ਇਕ ਕਾਨਫ੍ਰੰਸ ਸੱਦੀ। ਸਾਰੀਆਂ ਸੰਪਰਦਾਵਾਂ ਦੇ ਪ੍ਰਤੀਨਿਧ ਕਾਨਫ੍ਰੰਸ ਵਿੱਚ ਆਏ। ਸਿੱਟਾ ਬਹੁਤ ਹੀ ਸੁਖਾਵਾਂ ਨਿਕਲਿਆ।

ਸੰਨ ੧੯੪੨ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਨੇ ਇੱਕ ਕਦਮ ਹੋਰ ਵਧਾਇਆ। ਸਲਾਨਾ ਦੀਵਾਨ ਦੇ ਮੌਕੇ ਤੇ ਪਹਿਲੀ ਅਪਰੈਲ ੧੯੪੨ ਨੂੰ ਉਹਨਾਂ ਨੇ ਭੈਣੀ ਸਾਹਿਬ ਵਿੱਚ ਇੱਕ ਹਿੰਦੂ ਮੁਸਲਿਮ ਸਿੱਖ ਸਭ ਦੀ ਏਕਤਾ, ਕਾਨਫ੍ਰੰਸ ਕੀਤੀ। ਨਾਮਧਾਰੀ ਤੇ ਅਕਾਲੀ, ਹਰ ਸੰਪਰਦਾ ਦੇ ਸਿੱਖ ਪ੍ਰਤੀਨਿਧ ਹਿੰਦੂ, ਮੁਸਲਮਾਨ ਅਤੇ ਕਾਂਗਰਸੀ, ਕਾਦੀਆਨੀ, ਅਹਿਰਾਨੀ ਵਗੈਰਾ ਸਭ ਕਾਨਫ੍ਰੰਸ ਵਿੱਚ ਮੌਜੂਦ ਸਨ। ਪੰਜਾਬ ਦੇ ਰਾਜਿਆਂ ਨੂੰ ਵੀ ਸਦਾ ਪੱਤਰ ਘੱਲਿਆ ਗਿਆ ਸੀ। ਜਿਨ੍ਹਾਂ ਵਿਚੋਂ ਮਹਾਰਾਜਾ ਪਟਿਆਲਾ, ਮਹਾਰਾਜਾ ਫ਼ਰੀਦਕੋਟ, ਮਹਾਰਾਜਾ ਕਪੂਰਥਲਾ ਦੇ ਖ਼ਾਸ ਖ਼ਾਸ ਸਰਦਾਰ ਆਪਣੇ ਆਪਣੇ ਮਹਾਰਾਜਿਆਂ ਦੇ ਪ੍ਰਤੀਨਿਧ ਦੇ ਰੂਪ ਵਿੱਚ ਕਾਨਫ੍ਰੰਸ ਵਿੱਚ ਮੌਜੂਦ ਸਨ। ਵਿਆਸ ਦੇ ਮਸ਼ਹੂਰ ਬਜ਼ੁਰਗ ਗੁਰੂ ਬਾਬਾ ਸਾਵਨ ਸਿੰਘ ਜੀ ਨੇ ਭੀ ਦਰਸ਼ਨ ਦਿੱਤੇ। ਕਾਨਫ੍ਰੰਸ ਵਿੱਚ ਘੱਟ ਤੋ ਘੱਟ ੫੦,੦੦੦ ਦੀ ਹਾਜ਼ਰੀ ਸੀ। ਇਹਨਾਂ ਸਤਰਾਂ ਦੇ ਲੇਖਕ ਨੂੰ ਵੀ ਕਾਨਫ੍ਰੰਸ ਵਿੱਚ ਹਾਜ਼ਰ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਸਭ ਧਰਮਾਂ ਦੀ ਏਕਤਾ ਤੇ ਸੰਪਰਦਾਇਕ ਮੇਲ ਮਿਲਾਪ ਤੋਂ ਉਤੇ ਹਿੰਦੂ, ਮੁਸਲਮਾਨ ਅਤੇ ਸਿੱਖ ਆਗੂਆਂ ਦੀਆਂ ਜੋ ਤਕਰੀਰਾਂ ਉਸ ਕਾਨਫ੍ਰੰਸ ਵਿੱਚ ਹੋਈਆਂ ਉਹ ਇੱਕ ਵਾਰ ਗਹਿਰੀ ਤੋਂ ਗਹਿਰੀ ਨਿਰਾਸ਼ਾ ਵਿੱਚ ਡੁੱਬੇ ਹੋਏ ਹਿੰਦੁਸਤਾਨੀ ਦੇ ਦਿਲ ਨੂੰ ਵੀ ਤੱਸਲੀ ਦੇਣ ਵਾਲੀਆਂ ਸਨ। ਇਹ ਇਸ ਗਲ ਦਾ ਚਮਕਦਾ ਹੋਇਆ ਸਬੂਤ ਸੀ ਕਿ ਭਾਰਤੀ ਸਮਾਜ ਦੀ ਆਤਮਾ ਅਜੇ ਤਕ ਅੰਦਰੋਂ ਤੰਦਰੁਸਤ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਘਟੋ ਘਟ ਪੰਜਾਹ ਹਜ਼ਾਰ ਆਦਮੀ ਪੰਜਾਬ ਦੇ ਅੱਡੋ ਅੱਡ ਜ਼ਿਲਿਆਂ ਵਿਚੋਂ ਆਏ ਹੋਏ, ਉਸ ਕਾਨਫ੍ਰੰਸ ਵਿਚੋਂ, ਪ੍ਰੇਮ ਤੇ ਏਕਤਾ ਦਾ ਸੁਨੇਹਾ ਲੈ ਕੇ ਵਾਪਸ ਪਰਤੇ।

ਕਾਨਫ੍ਰੰਸ ਦੇ ਨਾਲ ਇਕ ਪਸ਼ੂਆਂ ਦੀ ਨੁਮਾਇਸ਼ ਸੀ। ਸਤਿਗੁਰੂ ਪਰਤਾਪ ਸਿੰਘ ਜੀ ਨੂੰ ਪਸ਼ੂ ਰੱਖਣ ਦਾ ਖਾਸ ਸ਼ੌਕ ਹੈ। ਉਹ ਇਸ ਕੰਮ ਦੇ ਬੜੇ ਜਾਣਕਾਰ ਵੀ ਹਨ। ਉਹਨਾਂ ਦੇ ਘੋੜੇ ਦੇਖਣ ਲਾਇਕ ਹਨ ਤੇ ਉਹਨਾਂ ਦੀ ਕੋਈ ਗਾਂ ਇੱਕਲੀ ਸਵੇਰੇ ਸ਼ਾਮ ਦੋਹਾਂ ਵੇਲਿਆਂ ਦਾ ੩੨ ਸੇਰ ਦੁੱਧ ਦੇਂਦੀ ਹੈ । ਨੁਮਾਇਸ਼ ਵਿੱਚ ਚੰਗੇ ਪਸ਼ੂਆਂ ਲਈ ਇਨਾਮ ਦਿਤੇ ਗਏ।

ਕਾਨਫ੍ਰੰਸ ਵਿੱਚ ਸਰਬ ਭਾਰਤੀ ਚਰਖਾ ਸੰਘ ਅਤੇ ਆਲ ਇੰਡੀਆ ਗਰਾਮ ਉਦਯੋਗ ਸੰਘ ਨੂੰ ਵੀ ਸੱਦਾ-ਪੱਤਰ ਭੇਜਿਆ ਗਿਆ। ਉਹਨਾਂ ਨੇ ਵੀ ਆਪਣੇ ਵਲੋਂ, ਆਪਣੀਆਂ ਆਪਣੀਆਂ ਨੁਮਾਇਸ਼ਾਂ ਲਾਈਆਂ, ਜਿਨ੍ਹਾਂ ਵਿੱਚ ਖੱਦਰ ਅਤੇ ਪੰਜਾਬ ਭਰ ਦੀਆਂ ਭਿੰਨ ਭਿੰਨ ਪ੍ਰਕਾਰ ਦੀਆ ਪੇਂਡੂ ਦਸਤਕਾਰੀਆਂ ਦੇ ਨਮੂਨੇ ਦਿਖਾਏ ਗਏ। ਇਹ ਨੁਮਾਇਸ਼ਾਂ ਤਿੰਨ ਦਿਨ ਤੱਕ ਰਹੀਆਂ। ਇਸ ਸੰਮੁਚ ਮੇਲੇ ਵਿੱਚ ਘਟੋ ਘਟ ਇਕ ਲਖ ਮਰਦ, ਔਰਤ ਤੇ ਬੱਚਿਆਂ ਨੇ ਹਿੱਸਾ ਲਿਆ ਹੋਵੇਗਾ। ਜਰਾ ਛੋਟੇ ਪੱਧਰ ਤੇ ਤਿੰਨ ਦਿਨ ਸਰਬ ਭਾਰਤੀ ਕਾਂਗਰਸ ਵਰਗਾ ਹੀ ਨਜ਼ਾਰਾ ਨਜ਼ਰ ਆ ਰਿਹਾ ਸੀ। ਫ਼ਰਕ ਸਿਰਫ਼ ਏਨਾ ਸੀ ਕਿ ਕਾਂਗਰਸ ਦੇ ਜਲਸੇ ਨਾਲੋਂ ਵਧ ਪ੍ਰੇਮ, ਵੱਧ ਮੇਲ ਮਿਲਾਪ, ਜ਼ਿਆਦਾ ਸਾਦਗੀ, ਅਧਿਕ ਪਵਿੱਤਰਤਾ ਤੇ ਸ਼ਾਇਦ ਚੌਤਰਫੀ ਖੱਦਰ ਹੀ ਖੱਦਰ ਨਜ਼ਰ ਆ ਰਿਹਾ ਸੀ।

ਇਸ ਮੌਕੇ ਤੇ ਹੀ ਇਕ ਬਹੁਤ ਵੱਡਾ ਕਵੀ ਦਰਬਾਰ ਕੀਤਾ ਗਿਆ। ਜਿਸ ਵਿੱਚ ਮੇਲ ਮਿਲਾਪ ਬਾਰੇ ਉੱਤਮ ਕਵਿਤਾਵਾਂ ਨੂੰ ਵੀ ਇਨਾਮ ਦਿੱਤੇ ਗਏ। ਉਹਨਾਂ ਵਿੱਚੋਂ ਪਹਿਲਾ ਇਨਾਮ ਇਕ ਮੁਸਲਮਾਨ ਕਵੀ ਨੂੰ ਮਿਲਿਆ।

ਬਹੁਤ ਸਾਰੀਆਂ ਮਾਵਾਂ-ਭੈਣਾਂ ਨੇ ਆਪਣੇ ਹੱਥ ਨਾਲ ਸੂਤ ਕੱਤ ਕੇ ਨਾਮਧਾਰੀ ਦਰਬਾਰ ਨੂੰ ਭੇਜਿਆ। ਦੀਵਾਨ ਸਮੇਂ ਕੱਤੇ ਹੋਏ ਸੂਤ ਦਾ ਢੇਰ ਇੱਕ ਛੋਟਾ ਜਿਹਾ ਟਿੱਬਾ ਨਜ਼ਰ ਆ ਰਿਹਾ ਸੀ। ਸਾਰਿਆਂ ਦਾ ਸੂਤ ਪਰਖਿਆ ਗਿਆ। ਤਿੰਨ ਸਭ ਤੋਂ ਵਧੀਆ ਕੱਤਣ ਵਾਲੀਆਂ ਬੀਬੀਆਂ ਨੂੰ ਇਨਾਮ ਦਿੱਤੇ ਗਏ। ਇਹਨਾਂ ਵਿੱਚੋਂ ਸਭ ਤੋਂ ਚੰਗਾ ਸੂਤ ਕਰੀਬ ੬੦ ਨੰਬਰ ਦਾ ਚਕਸਾਂ ਸੁੰਦਰ ਅਤੇ ਮਜ਼ਬੂਤ ਸੂਤ ਸੀ। ਪਰ ਜਿੰਨ੍ਹਾਂ ਬੀਬੀਆਂ ਨੇ ਕੇਵਲ ਅੱਧਾ ਪਾ ਸੂਤ ਕੱਤ ਕੇ ਭੇਜਿਆ ਸੀ ਉਹਨਾਂ ਦਾ ਸੂਤ ਭਾਵੇਂ ਕਿੰਨਾ ਚੰਗਾ ਸੀ, ਮੁਕਾਬਲੇ ਵਿੱਚ ਸ਼ਾਮਲ ਨਹੀਂ ਕੀਤਾ ਗਿਆ।

ਕਾਨਫ੍ਰੰਸ ਦੇ ਦਿਨਾਂ ਵਿੱਚ ਇੱਕ ਇੱਕ ਵਕਤ ਵਿਚ ੧੭-੧੭ ਹਜ਼ਾਰ ਆਦਮੀਆਂ ਨੇ ਇੱਕ ਪੰਗਤ ਵਿੱਚ ਬੈਠਕੇ ਲੰਗਰ ਛਕਿਆ।

ਨਾਮਧਾਰੀਆਂ ਵਿੱਚ ਕੁਝ ਲੋਕ ਸੋਧੀ ਕਹਾਉਂਦੇ ਹਨ। ਇਹ ਲੋਕ ਇੱਕ ਤਰ੍ਹਾਂ ਦੇ ਸਾਧਕ ਹਨ। ਇਹਨਾਂ ਦਾ ਬਹੁਤਾ ਸਮਾਂ ਭਜਨ ਪਾਠ ਵਿਚ ਬੀਤਦਾ ਹੈ। ਸੋਧੀ ਜਿੰਨੀ ਵਾਰ ਮੈਦਾਨ ਜਾਂਦੇ ਹਨ ਓਨੀ ਹੀ ਵਾਰ ਸਣੇ ਕੇਸੀ ਇਸ਼ਨਾਨ ਕਰਦੇ ਹਨ। ਕੋਈ ਸੋਧੀ ਕਿਸੇ ਗ਼ੈਰ ਸੋਧੀ ਦੇ ਹੱਥ ਦਾ ਵੀ ਪਾਣੀ ਨਹੀਂ ਪੀਂਦਾ। ਇਹਨਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਸੋਧੀਆਂ ਤੋਂ ਬਿਨਾ ਹੋਰ ਨਾਮਧਾਰੀ ਆਮ ਤੌਰ ਤੇ ਕਿਸੇ ਪ੍ਰਕਾਰ ਦੀ ਛੂਆ ਛੂਤ ਨਹੀਂ ਮੰਨਦੇ।

ਕਾਨਫ੍ਰੰਸ ਦੇ ਦਿਨਾਂ ਵਿੱਚ, ਹਿੰਦੂ, ਮੁਸਲਮਾਨ ਅਤੇ ਸਿੱਖ ਇੱਕ ਹੀ ਫਰਸ਼ ਤੇ, ਇੱਕ ਹੀ ਪੰਗਤ ਵਿੱਚ ਬੈਠ ਕੇ ਬਿਨਾ ਕਿਸੇ ਭੇਦ ਭਾਵ ਤੋਂ ਲੰਗਰ ਛਕਦੇ ਸਨ। ਭੈਣੀ ਸਾਹਿਬ ਵਿੱਚ ਕੋਈ ਨੌਕਰ ਨਹੀਂ ਹੈ। ਲੰਗਰ ਪਕਾਉਣਾ, ਭਾਂਡੇ ਮਾਂਜਣਾ ਅਤੇ ਹੋਰ ਸਾਰੇ ਕੰਮ ਲੋਕ ਆਪਣੇ ਹਥੀਂ ਸੇਵਾ ਭਾਵਨਾ ਨਾਲ ਕਰਦੇ ਹਨ।

ਸੇਵਾ ਭਾਵ ਦੀ ਗੱਲ ਇਹ ਹੈ ਕਿ ਇੱਕ ਵਾਰ ਪੰਜਾਬ ਦੇ ਇਕ

Namdhari Elibrary NamdhariElibrary@gmail.com

ਕਾਂਗਰਸੀ ਕਾਰਜ ਕਰਤਾ ਭੈਣੀ ਸਾਹਿਬ ਗਏ। ਉਹਨਾਂ ਨੂੰ ਸਵੇਰੇ ਕੁਝ ਨਾਸ਼ਤਾ ਦਿੱਤਾ ਗਿਆ ਜਦੋਂ ਉਹ ਨਾਸ਼ਤਾ ਕਰ ਚੁੱਕੇ ਤਾਂ ਗੁਰੂ ਘਰ ਦੀ ਇਕ ਦੇਵੀ ਨੇ ਉਹਨਾਂ ਦੇ ਜੂਠੇ ਬਰਤਨ ਲੈ ਕੇ ਮਾਂਜਣੇ ਸ਼ੁਰੂ ਕੀਤੇ। ਉਹ ਕੁਝ ਸੰਗਿਆ, ਉਸ ਨੇ ਭਾਂਡੇ ਮਾਂਜਣੇ ਚਾਹੇ ਪਰ ਉਸ ਦੇਵੀ ਨੇ ਕਿਹਾ, "ਬੀਰਾ ਤੁਸੀਂ ਤਾਂ ਖਾਕੇ ਚਲੇ ਜਾਓਗੇ, ਮੇਰੇ ਪਲੇ ਕੀ ਪਏਗਾ।"

ਨਾਮਧਾਰੀ ਗੁਰਦੁਆਰੇ ਦੇ ਅੰਦਰ ਹੋਣ ਵੀ ਚਾਹੇ ਹਿੰਦੂ, ਮੁਸਲਮਾਨ, ਇਸਾਈ ਆਪਣੇ ਤਰੀਕੇ ਨਾਲ ਜਾ ਕੇ ਪੂਜਾ ਨਮਾਜ਼ ਜਾਂ ਦੁਆ ਕਰ ਸਕਦੇ ਹੈ। ਪਹਿਲੀ ਅਪਰੈਲ ੧੯੪੨ ਨੂੰ ਉਥੇ ਅਜਾਨ ਸੁਣਾਈ ਦੇ ਰਹੀ ਸੀ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਖ਼ੁਦ, ਉਹਨਾਂ ਦੇ ਦੋਵੇਂ ਨੌਜਵਾਨ ਸਾਹਿਬਜ਼ਾਦੇ, ਸਜੱਣਤਾ ਤੇ ਮਹਿਮਾਨ ਨਿਵਾਜ਼ੀ ਦੀ ਸਾਖਿਆਤ ਮੂਰਤ ਸਨ। ਹੋਰ ਸਿੱਖ ਗੁਰਦੁਆਰਿਆਂ ਵਾਂਗ, ਭੈਣੀ ਸਾਹਿਬ ਵਿੱਚ, ਗੁਰੂ ਕਾ ਲੰਗਰ-ਸਦਾ ਵਰਤ ਲਗਾ ਰਹਿੰਦਾ ਹੈ, ਜਿਹੜਾ ਜਦੋਂ ਚਾਹੇ ਆ ਕੇ ਭੋਜਨ ਕਰ ਸਕਦਾ ਹੈ। ਸਿੱਖਾਂ ਤੇ ਹਿੰਦੂਆਂ ਤੋਂ ਬਿਨਾ ਨੇੜੇ ਤੇੜੇ ਦੇ ਕਈ ਕਈ ਸੌ ਮੁਸਲਮਾਨ ਆ ਕੇ ਉਥੇ ਪ੍ਰੇਮ ਨਾਲ ਭੋਜਨ ਕਰ ਜਾਂਦੇ ਹਨ।

ਕੁਝ ਵੈਦਿਕ ਵਿਦਵਾਨਾਂ ਦੀ ਰਾਏ ਹੈ ਕਿ ਅੰਬਾਲੇ ਜ਼ਿਲ੍ਹੇ ਵਿੱਚ ਜਾਂ ਉਸਦੇ ਨੇੜੇ ਤੇੜੇ ਕਿਸੇ ਪ੍ਰਾਚੀਨਕਾਲ ਵਿੱਚ ਹਰ ਦੋ ਸੌ ਵਰ੍ਹੇ ਜਾਂ ਉਸਤੋਂ ਕੁਝ ਘਟ ਜਾਂ ਜ਼ਿਆਦਾ ਮਿਆਦ ਪਿੱਛੋਂ ਇਕ ਬਹੁਤ ਵੱਡਾ ਯਗ ਹੋਇਆ ਕਰਦਾ ਸੀ। ਹਰ ਯਗ ਲਈ ਨਵੀਆਂ ਰਿਚਾਵਾਂ ਲਿਖੀਆਂ ਜਾਂਦੀਆਂ ਸਨ। ਇਹਨਾਂ ਵਿੱਚੋਂ ਬਹੁਤ ਸਾਰੀਆਂ ਰਿਚਾਵਾਂ ਰਿਗ ਵੇਦ ਵਿੱਚ ਮੌਜੂਦ ਹਨ। ਭੈਣੀ ਸਾਹਿਬ ਅੰਬਾਲੇ ਤੇ ਲੁਧਿਆਣੇ ਜਿਲ੍ਹੇ ਦੀ ਸਰਹੱਦ ਉੱਤੇ ਹੈ।

ਗੁਰਦੁਆਰੇ ਵਿੱਚ ਇਕ ਥਾਂ ਇਕ ਬਹੁਤ ਵੱਡੀ ਅਤੇ ਡੂੰਘੀ ਬਾਉਲੀ ਹੈ। ਬਉਲੀ ਦੇ ਸਿਰਫ ਇਕ ਪਾਸੇ ਥੋੜ੍ਹੀ ਜਿਹੀ ਇੱਟਾਂ ਦੀ ਇੱਕ ਪੌੜੀ ਹੈ। ਬਾਕੀ ਤਿੰਨੇ ਪਾਸੇ ਕੱਚੀ ਕੰਧ ਹੈ। ਇਸ ਬਾਉਲੀ ਨੂੰ ਰਾਮ ਸਰ ਆਖਦੇ ਹਨ। ਲੋਕਾਂ ਦਾ ਕਹਿਣਾ ਹੈ ਕਿ ਇਹ ਬਾਉਲੀ ਰਾਮ ਚੰਦਰ ਜੀ ਦੇ ਵੇਲੇ ਤੋਂ ਚੱਲੀ ਆਉਂਦੀ ਹੈ। ਅੱਜ ਕੱਲ੍ਹ ਵੀ ਉਸਦਾ ਪਾਣੀ ਕਦੀ ਨਹੀਂ ਸੁੱਕਦਾ।

ਕਿਸੇ ਵੇਲੇ ਜਦੋਂ ਸਤਿਗੁਰੂ ਪਰਤਾਪ ਸਿੰਘ ਜੀ ਬਾਲ ਅਵਸਥਾ ਵਿੱਚ ਸਨ ਉਸ ਬਾਉਲੀ ਕੰਢੇ ਇੱਕ ਪੁਰਾਣਾ ਦਰਖ਼ਤ ਵੀ ਸੀ। ਕਿਸੇ ਜ਼ਰੂਰਤ ਕਾਰਨ ਉਹ ਦਰਖ਼ਤ ਪੁੱਟਿਆ ਗਿਆ ਤਾਂ ਉਸ ਦੇ ਥਲੇ ਕਾਫ਼ੀ ਵੱਡਾ ਤਿਕੋਨਾ ਹਵਨ ਕੁੰਡ ਨਜ਼ਰ ਆਇਆ, ਜਿਸ ਦੀਆਂ ਤਿੰਨਾਂ ਪਾਸਿਆਂ ਦੀਆ ਕੰਧਾਂ ਅੱਗ ਨਾਲ ਤਪੀਆਂ ਹੋਈਆਂ ਸਨ ਅਤੇ ਉਸ ਅੰਦਰ ਹਵਨ ਦੇ ਕੋਇਲੇ ਤੇ ਸੁਆਹ ਅਜੇ ਤੱਕ ਮੌਜੂਦ ਸੀ। ਕੁਝ ਲੋਕ ਕਹਿੰਦੇ ਹਨ ਕਿ ਕੋਲਿਆਂ ਉੱਤੇ ਘਿਓ ਦੇ ਨਿਸ਼ਾਨ ਵੀ ਮੌਜੂਦ ਸਨ। ਉਹ ਚਿੱਟੇ ਸਨ। ਸਾਰੇ ਲੋਕਾਂ ਦਾ ਅੰਦਾਜ਼ਾ ਹੈ ਕਿ ਇਹ ਸ਼ਾਇਦ ਠੀਕ ਉਹ ਹੀ ਥਾਂ ਹੈ ਜਿਥੇ ਵੈਦਿਕ ਕਾਲ ਵਿੱਚ ਰਾਜਸੂ ਯਗ ਹੋਇਆ ਕਰਦਾ ਸੀ। ਰਿਗਵੇਦ ਤੋਂ ਪਤਾ ਲਗਦਾ ਹੈ ਕਿ ਉਸ ਜ਼ਮਾਨੇ ਦੇ ਆਰੀਆ ਲੋਕ ਕਾਫੀ ਉਚੇ ਲੰਮੇ ਹੁੰਦੇ ਸਨ ਅਤੇ ਆਮ ਤੌਰ ਤੇ ਦਾੜ੍ਹੀਆਂ ਭੀ ਰੱਖਦੇ ਸਨ। ਭੈਣੀ ਸਾਹਿਬ ਦੇ ਦੀਵਾਨ, ਉਥੇ ਦੇ ਸਿਧੇ ਸਾਦੇ ਵਾਯੂਮੰਡਲ ਉੱਚੇ ਉੱਚੇ ਦਰਖਤਾਂ ਅਤੇ ਕਾਫੀ ਸੁਹਣੇ ਸਾਫ਼ ਕੱਚੇ ਮਕਾਨਾਂ ਨੂੰ ਦੇਖ ਕੇ ਅਨੇਕ ਯਾਤਰੀਆਂ ਨੂੰ ਉਸ ਪ੍ਰਾਚੀਨ ਵੈਦਿਕ ਸਮੇਂ ਦੀ ਯਾਦ ਆ ਜਾਂਦੀ ਹੈ।

-ਅਨੁਵਾਦਕ: ਤਾਰਾ ਸਿੰਘ ਅਨਜਾਣ

ਬਾਬਾ ਰਾਮ ਸਿੰਘ ਵਿਚ ਸਿਖੀ

ਮਾ: ਤਾਰਾ ਸਿੰਘ ਜੀ

ਜਿਸ ਵੇਲੇ ਸਿਖ ਰਾਜ ਗਿਆ ਤੇ ਸਿਖਾਂ ਨੂੰ ਸਖਤੀ ਨਾਲ ਦਬਾਇਆ ਗਿਆ, ਉਸ ਸਮੇਂ ਲੱਖਾਂ ਸਿਖ ਪਤਿਤ ਹੋ ਗਏ ਸਨ ਤੇ ਸਿਖਾਂ ਵਿਚ ਬਹੁਤ ਉਦਾਸੀ ਛਾ ਗਈ ਸੀ। ਇਉਂ ਪ੍ਰਤੀਤ ਹੋਣ ਲਗ ਪਿਆ ਸੀ ਕਿ ਸਿਖੀ ਆਖਰੀ ਦਮਾਂ ਤੇ ਹੈ। ਸਿਖ ਧਰਮ ਨੂੰ ਕਾਇਮ ਰਖਣ ਲਈ, ਸਿਖੀ ਜਜ਼ਬਾ, ਸਿਖੀ ਅਣਖ ਤੇ ਸਿਖ ਧਰਮ ਉਤੇ ਨਿਸਚਾ ਹੋਣਾ ਜ਼ਰੂਰੀ ਹੈ। ਇਹ ਗੱਲਾਂ ਸਿਖ ਰਾਜ ਮਗਰੋਂ ਬੜੀ ਛੇਤੀ ਹੀ ਘਟ ਰਹੀਆਂ ਸਨ ਤੇ ਸਿੱਖ ਧਰਮ ਡਾਵੇ ਖਤਰੇ ਵਿਚ ਸੀ। ਸਿਖ ਮਹਾਤਮਾ ਪ੍ਰਚਾਰ ਕਰਦੇ ਸਨ, ਪਰ ਉਹ ਸਿਖੀ ਨੂੰ ਸੁਰਜੀਤ ਨਹੀਂ ਕਰ ਸਕਦੇ ਸਨ। ਬਾਬਾ ਰਾਮ ਸਿੰਘ ਵਿਚ ਉਹ ਸਿਖੀ ਪੂਰੀ ਸੀ, ਜਿਸਨੇ ਸਾਰੇ ਪੰਥ ਵਿਚ ਮੁੜ ਉਤਸ਼ਾਹ ਪੈਦਾ ਕਰ ਦਿਤਾ। ਬਾਬਾ ਜੀ ਦੇ ਪ੍ਰਚਾਰ ਦਾ ਨਤੀਜਾ ਇਹ ਨਿਕਲਿਆ ਕਿ ਸਾਰੇ ਪੰਜਾਬ ਵਿਚ ਸਿਖੀ ਅਣਖ ਦੀ ਲਹਿਰ ਦੌੜ ਗਈ ਅਰ ਹਰ ਪਾਸੇ ਨਾਮ ਦੇ ਸ਼ਬਦ ਦੀ ਗੂੰਜ ਉਠਣ ਲਗ ਪਈ।

ਇਸ ਗੱਲ ਤੋਂ ਮੈਂ ਇਨਕਾਰ ਨਹੀਂ ਕਰ ਸਕਦਾ ਕਿ ਉਨ੍ਹਾਂ ਨੇ ਸਿਖਾਂ ਵਿਚ ਗੁਰਮਤਿ ਨੂੰ ਪ੍ਰਵਿਰਤ ਕੀਤਾ ਅਤੇ ਬਦੇਸ਼ੀ ਸਰਕਾਰ ਦੇ ਵਿਰੁਧ ਨਾ-ਮਿਲਵਰਤਨ ਦੀ ਲਹਿਰ ਚਲਾ ਕੇ ਸਿਖਾਂ ਨੂੰ ਦੇਸ਼ ਭਗਤੀ ਦੀ ਸੰਥਾ ਪੜ੍ਹਾਈ। ਆਪਣੇ ਪਿਆਰੇ ਦੇਸ਼ ਨੂੰ ਆਜ਼ਾਦ ਦੇਖਣ ਦੇ ਅਪਰਾਧ ਵਿਚ ਆਪਣੇ ਕਈ ਮਸ਼ਹੂਰ ਸੂਬਿਆਂ ਸਮੇਤ ਜਲਾਵਤਨ ਕਰਕੇ ਨਜ਼ਰਬੰਦ ਕਰ ਦਿਤੇ ਗਏ, ਅਤੇ ਸਿਖ ਜਿਨ੍ਹਾਂ ਦੀ ਆਨ ਸ਼ਾਨ ਕਾਇਮ ਕਰਨ ਲਈ ਉਨ੍ਹਾਂ ਨੇ ਇਹ ਭਾਰੀ ਕੁਰਬਾਨੀ ਕੀਤੀ ਸੀ, ਸਵਾਰਥ ਵਸ ਹੋਕੇ ਆਪ ਨੂੰ ਉਕਾ ਹੀ ਵਿਸਰ ਗਏ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਦੇ ਕਾਰਨ

ਲਾਲਾ ਹਰਦੇਵ ਸਹਾਇ

ਭਗਵਾਨ ਦਾ ਕੋਈ ਕੰਮ ਕਿਸੇ ਕਾਰਣ ਬਿਨਾਂ ਨਹੀਂ ਹੁੰਦਾ। ਭਗਵਾਨ ਸ੍ਰੀ ਕ੍ਰਿਸ਼ਨ ਚੰਦਰ ਜੀ ਨੇ ਅਰਜਨ ਨੂੰ ਉਪਦੇਸ਼ ਦਿੰਦਿਆਂ ਹੋਇਆਂ ਕਿਹਾ ਸੀ-

ਯਦਾ ਯਦਾ ਹਿ ਧਰਮਸਯ ਗਲਾਨਿਰਭਵਤੀ ਭਾਰਤ
ਅਭਿਉਤਥਾਨਮਧਰਮਸਯ ਤਦਾਤਮਾਨੰ ਸ੍ਰਿਜਾਮਯਹਮ।੭।
ਪਰਿਤ੍ਰਣਾਯ ਸਾਧੂਨਾਂ ਵਿਨਾਸ਼ਾਯ ਚ ਦੁਸ਼ਕ੍ਰਿਤਾਮ
ਧਰਮ ਸੰਸਥਾਪਨਾਰਥਾਯ ਸੰਭਵਾਮੀ ਯੁਗੇ ਯੁਗੇ।੮।

ਅਰਥਾਤ ਜਦੋਂ ਜਦੋਂ ਧਰਮ ਦੀ ਹਾਨੀ ਹੁੰਦੀ ਹੈ ਓਦੋਂ ਓਦੋਂ ਹੀ ਮੈਂ ਸਾਧੂ ਪੁਰਸ਼ਾਂ ਦੀ ਰਖਿਆ ਅਤੇ ਬੁਰੇ ਲੋਕਾਂ ਦੇ ਵਿਨਾਸ਼ ਲਈ ਅਤੇ ਧਰਮ ਕਾਇਮ ਕਰਨ ਲਈ ਜੁਗ ਜੁਗ ਵਿਚ ਪਰਗਟ ਹੁੰਦਾ ਹਾਂ। ਜਿਸ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ ਹੋਇਆ ਉਹਨੀਂ ਦਿਨੀ ਦੇਸ਼ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਖਰਾਬੀਆਂ ਆ ਗਈਆਂ ਸਨ। ਧਰਮੀ ਲੋਕਾਂ ਦੀ ਰਖਿਆ ਦਾ ਕੋਈ ਸਾਧਨ ਨਹੀਂ ਸੀ, ਪਾਪ ਵਧਦਾ ਜਾ ਰਿਹਾ ਸੀ, ਕਿਸੇ ਵੀ ਭਲੇ ਆਦਮੀ ਦੀ ਜ਼ਿੰਦਗੀ ਸੁਰਖਿਅਤ ਨਹੀਂ ਸੀ। ਜਨਤਾ ਦਾ ਬਹੁਤਾ ਹਿੱਸਾ ਅੰਗਰੇਜ਼ੀ ਰਾਜ ਦੇ ਭੈ ਅਤੇ ਜ਼ੁਲਮ ਦੇ ਸਾਹਮਣੇ ਇਕ ਲਫਜ਼ ਵੀ ਨਹੀਂ ਸੀ ਬੋਲ ਸਕਦਾ। ਸਭ ਭੈ ਭੀਤ ਸਨ। ਅੰਗਰੇਜ਼ੀ ਰਾਜ ਦਾ ਪੰਜਾ ਡੂੰਘਾ ਖੁਭਦਾ ਜਾ ਰਿਹਾ ਸੀ, ਲੋਕਾਂ ਦਾ ਚਰਿੱਤਰ ਡਿਗ ਚੁੱਕਾ ਸੀ। ਅਜੇਹੇ ਸੰਕਟ ਸਮੇਂ ਕਿਸੇ ਮਹਾਨ ਪੁਰਸ਼ ਦੀ ਅਤਿਅੰਤ ਅਵਸ਼ਕਤਾ ਸੀ। ਬਸੰਤ ਪੰਚਮੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਹੋਇਆ। ਉਹਨਾਂ ਦਾ ਜਨਮ ਕਿਸੇ ਰਾਜੇ ਮਹਾਰਾਜੇ ਦੇ ਘਰ ਨਹੀਂ ਸਧਾਰਨ ਕਿਰਤੀ ਘਰ ਵਿਚ ਹੋਇਆ। ਸ੍ਰੀ ਸਤਿਗੁਰੂ ਜੀ ਮਹਾਰਾਜ ਦਾ ਜੀਵਨ ਸ਼ੁਰੂ ਤੋਂ ਹੀ ਮੁਸ਼ਕਤੀ ਰਿਹਾ। ਸ੍ਰੀ ਸਤਿਗੁਰੂ ਜੀ ਮਹਾਰਾਜ ਨੂੰ ਜਦੋ ਇਹ ਅਨੁਭਵ ਹੋਇਆ ਕਿ ਜਦੋਂ ਤੱਕ ਲੋਕਾਂ ਦਾ ਜੀਵਨ ਅੱਛਾ ਨਹੀਂ ਹੋਵੇਗਾ ਤਦ ਤਕ ਕੋਈ ਸੁਧਾਰ ਨਹੀਂ ਹੋ ਸਕਣਾ, ਤਾਂ ਸਤਿਗੁਰੂ ਜੀ ਨੇ ਭਾਰਤੀ ਧਰਮ ਅਤੇ ਸਭਿਅਤਾ ਦੀ ਪਰੰਪਰਾ ਅਨੁਸਾਰ ਇਸ਼ਨਾਨ, ਧਿਆਨ, ਭਜਨ ਅਤੇ ਸ਼ੁਭ ਗ੍ਰੰਥਾਂ ਦੇ ਪਾਠ ਨੂੰ ਵਿਸ਼ੇਸ਼ ਮਹਾਨਤਾ ਦਿਤੀ। ਮਾਸ ਸ਼ਰਾਬ ਆਦਿ ਨਾ ਖਾਣ ਯੋਗ ਚੀਜ਼ਾਂ ਨੂੰ ਬੰਦ ਕੀਤਾ ਕਰਵਾਇਆ। ਸਮਾਜਿਕ ਉਨਤੀ ਲਈ ਵਿਆਹ ਸ਼ਾਦੀਆਂ ਦੇ ਅਡੰਬਰ ਬੰਦ ਕਰਵਾਏ। ਸਾਂਝੇ ਵਿਆਹਾਂ ਨੂੰ ਉਤਸ਼ਾਹਤ ਕੀਤਾ।

ਅੰਗਰੇਜ਼ੀ ਰਾਜ ਦੇ ਬੁਰੇ ਪ੍ਰਭਾਵ ਤੋਂ ਬਚਨ ਖਾਤਰ ਅੰਗਰੇਜ਼ੀ ਰਾਜ ਨਾਲ ਨਾ-ਮਿਲਵਰਤਣ ਕਰਨ ਦਾ ਐਲਾਨ ਕੀਤਾ। ਅੰਗਰੇਜ਼ੀ ਰਾਜ ਦੇ ਸਕੂਲਾਂ ਵਿਚ ਪੜ੍ਹਨ, ਮਿੱਲ ਦੇ ਬਣੇ ਬਸਤਰਾਂ ਦਾ ਹੀ ਨਹੀਂ, ਅੰਗਰੇਜ਼ੀ ਅਦਾਲਤਾਂ, ਡਾਕਘਰਾਂ ਅਤੇ ਖੇਤ ਸਿੰਚਾਈ ਆਦਿ ਲਈ ਨਹਿਰੀ ਪਾਣੀ ਤੱਕ ਨੂੰ ਬਾਈਕਾਟ ਕੀਤਾ। ਇਸ ਬਾਈਕਾਟ ਦੇ ਕਾਰਨ ਜਨਤਾ ਵਿੱਚ ਅੰਗਰੇਜ਼ੀ ਰਾਜ ਵਲੋਂ ਨਫਰਤ ਵਧੀ। ਅੰਗਰੇਜ਼ਾਂ ਦੀ ਗਊ-ਬਧ ਦੀ ਨੀਤੀ ਨੇ ਜਨਤਾ ਵਿਚ ਹੋਰ ਰੋਸ ਪੈਦਾ ਕਰ ਦਿਤਾ।

ਜਦੋਂ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਦੇ ਨੇੜੇ ਬੁਚੱੜਖਾਨਾ ਖੋਲ੍ਹਕੇ ਗਊ ਹਤਿਆ ਅਰੰਭ ਹੋਈ ਤਾਂ ਨਾਮਧਾਰੀ ਗਊ-ਭਗਤਾਂ ਨੇ ਬੁਚੱੜਖਾਨਿਆਂ ਨੂੰ ਤੋੜ ਦਿਤਾ, ਗਊ ਹਤਿਆਰੇ ਮਾਰ ਦਿਤੇ। ਇਸ ਅਪਰਾਧ ਵਿੱਚ ਅੰਗਰੇਜ਼ਾਂ ਨੇ ਅੰਮ੍ਰਿਤਸਰ ਦੇ ਹਿੰਦੂਆਂ ਅਤੇ ਸਿੱਖਾਂ ਤੇ ਤਰ੍ਹਾਂ ਤਰ੍ਹਾਂ ਦੇ ਅਤਿਆਚਾਰ ਕੀਤੇ। ਕੁਝ ਨਿਰਪਰਾਧ ਲੋਕਾਂ ਤੇ ਕਤਲ ਦਾ ਕੇਸ ਚਲਿਆ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਇਸ ਸੱਚੀ ਘਟਨਾ ਦਾ ਪਤਾ ਲਗਾ ਤਾਂ ਉਹਨਾਂ ਨੇ ਆਪਣੇ ਨਾਮਧਾਰੀਆਂ ਨੂੰ ਆਗਿਆ ਦਿਤੀ ਕਿ ਜਿਨ੍ਹਾਂ ਲੋਕਾਂ ਨੇ ਏਹ ਕੰਮ ਕੀਤਾ ਹੈ ਉਹ ਖੁਦ ਅਦਾਲਤ ਵਿਚ ਹਾਜ਼ਰ ਹੋਕੇ ਆਪਣਾ ਅਪਰਾਧ ਮੰਨਣ। ਨਾਮਧਾਰੀ ਵੀਰਾਂ ਨੇ ਖੁਦ ਅੰਮ੍ਰਿਤਸਰ ਦੀ ਅਦਾਲਤ ਵਿਚ ਹਾਜ਼ਰ ਹੋਕੇ ਅਪਰਾਧ ਮਨਜ਼ੂਰ ਕੀਤਾ ਤੇ ਫਾਂਸੀ ਦੇ ਤਖਤੇ ਤੇ ਚੜ੍ਹੇ। ਅੱਜ ਦੇ ਜੁਗ ਵਿਚ ਗਊ ਰਖਿਆ ਅਤੇ ਸਚਾਈ ਦੀ ਰਖਿਆ ਲਈ ਨਾਮਧਾਰੀਆਂ ਨੇ ਏਹ ਬਹੁਤ ਵਡਾ ਬਲੀਦਾਨ ਕੀਤਾ।

ਅੰਗਰੇਜ਼ੀ ਰਾਜ ਨਾਮਧਾਰੀਆਂ ਦੇ ਧਾਰਮਿਕ ਕੰਮਾਂ ਨੂੰ ਸਹਿਨ ਨ ਕਰ ਸਕਿਆ। ਰਾਇਕੋਟ, ਮਲੇਰਕੋਟਲਾ ਆਦਿ ਵਿੱਚ ਗਊ ਹਤਿਆ ਰੋਕਣ ਦੇ ਕਾਰਜ ਨੇ ਨਾਮਧਾਰੀਆਂ ਦੇ ਮਹੱਤਵ ਨੂੰ ਹੋਰ ਵੀ ਵਧਾ ਦਿੱਤਾ। ਅੰਗਰੇਜ਼ਾਂ ਨੇ ਨਾਭਾ, ਜੀਂਦ ਅਤੇ ਪਟਿਆਲਾ ਰਾਜ ਦੀਆਂ ਤੋਪਾਂ ਨਾਲ ੬੫ ਨਾਮਧਾਰੀਆਂ ਨੂੰ ਮਲੇਰਕੋਟਲਾ ਦੇ ਨੇੜੇ ਤੋਪਾਂ ਨਾਲ ਉਡਾਇਆ। ਰਾਜਿਆ ਅਤੇ ਵਡੇ ਵਡੇ ਸਿਖ ਸਰਦਾਰਾਂ ਧਰਮ ਦਾ ਨਹੀਂ ਅੰਗਰੇਜ਼ੀ ਰਾਜ ਦਾ ਸਾਥ ਦਿਤਾ। ੧੭ ਜਨਵਰੀ ੧੮੭੨ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਮੁੱਖ ਸੂਬਿਆਂ ਨੂੰ ਦੇਸ਼ ਨਿਕਾਲੇ ਦਾ ਡੰਨ ਦੇਕੇ ਬਰਮਾ ਤੇ ਹੋਰ ਥਾਈਂ ਭੇਜ ਦਿਤਾ। ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਦੇ ਪਿਛੋਂ ਨਾਮਧਾਰੀ ਸਿਖਾਂ ਤੇ ਅੰਗਰੇਜ਼ੀ ਰਾਜ ਨੇ ਰਾਕਸ਼ੀ ਜ਼ੁਲਮ ਢਾਹੇ। ਦੇਸ਼ ਦੀ ਸੁਤੰਤਰਤਾ ਵਿਚ ਨਾਮਧਾਰੀ ਸਿਖਾਂ ਨੇ ਜੋ ਤਿਆਗ ਅਤੇ ਕੰਮ ਕੀਤਾ ਹੈ ਉਹ ਦੇਸ਼ ਤੇ ਬਹੁਤ ਵਡਾ ਰਿਣ ਹੈ।

ਅਜ ਕਿੰਨੇ ਹੀ ਲੋਕ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਵਿੱਚ ਥੋੜਾ ਜਿੰਨਾ ਕੰਮ ਵੀ ਨਹੀਂ ਕੀਤਾ, ਅੱਜ ਦੀ ਸਰਕਾਰ ਤੋਂ ਉਸਦੇ ਬਦਲੇ ਕੁਝ ਲੈਣ ਦੀ ਕੋਸ਼ਸ਼ ਕਰਦੇ ਹਨ। ਪਰ ਨਾਮਧਾਰੀਆਂ ਨੇ ਅੱਜ ਤਕ ਕੋਈ ਵੀ ਕੰਮ ਆਪਣੇ ਸੁਆਰਥ ਲਈ ਨਹੀਂ ਦੇਸ਼ ਅਤੇ ਧਰਮ ਦੇ ਹਿਤ ਲਈ ਗਊ ਹੱਤਿਆ ਬੰਦ ਕਰਨ ਤੇ ਜ਼ੋਰ ਦਿਤਾ ਪਰ ਕਾਂਗਰਸੀ ਸਰਕਾਰ ਨੇ ਕੇਵਲ ਮੁਸਲਮਾਨਾਂ ਨੂੰ ਖੁਸ਼ ਰਖਣ ਲਈ ਇਸ ਮੰਗ ਦੀ ਪਰਵਾਹ ਨਹੀਂ ਕੀਤੀ।

ਨਾਮਧਾਰੀਆਂ ਨੂੰ ਏਹ ਵਿਸ਼ਵਾਸ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਮਰ ਹਨ ਜਦੋਂ ਭੀ ਗਊ ਹੱਤਿਆ ਪੂਰੀ ਤਰ੍ਹਾਂ ਬੰਦ ਹੋ ਗਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਰਗਟ ਹੋਣਗੇ।

Namdhari Elibrary NamdhariElibrary@gmail.com

ਰਾਜਨੀਤਕ ਸਰਗਰਮੀਆਂ

ਸੰਤ ਇੰਦਰ ਸਿੰਘ ਜੀ 'ਚਕ੍ਰਵਰਤੀ'

ਇਹ ਸਮਾਂ ਪੰਥਕ ਅਰੂਜ ਦਾ ਤੇ ਤੇਜ ਪ੍ਰਤਾਪ ਦਾ ਸਮਾਂ ਸੀ। ਸਿਖੀ ਦਾ ਸੂਰਜ ਸਿਖਰ ਦੁਪਹਿਰ ਪ੍ਰਚੰਡ ਕਿਰਣਾਂ ਛਡ ਰਿਹਾ ਸੀ। ਇਕ ਪਾਸੇ ਸ੍ਰ. ਹੀਰਾ ਸਿੰਘ ਸਢੌਰਾ ਤੇ ਸ੍ਰ. ਕਿਸ਼ਨ ਸਿੰਘ ਗੁੰਥ ਗੜ੍ਹ ਕਸ਼ਮੀਰ ਵਿਚ ਕੂਕਿਆਂ ਦੀ ਪਲਟਨ ਕਾਇਮ ਕਰਕੇ ਗਿਲਗਿਤ ਦੇ ਨਾਕੇ ਜਾ ਬੰਦ ਕੀਤੇ ਜਿਥੇ ਕੂਕੇ ਸੈਨਕਾਂ ਨੂੰ ਡੋਗਰਾ ਫੌਜ ਤੌਂ ਤੇ ਹੋਰ ਸੈਨਕਾਂ ਨਾਲੋਂ ੧) ਵਧੀਕ ਤਨਖਾਹ ਦੇਕੇ ਸਤਿਕਾਰਿਆ ਜਾ ਰਿਹਾ ਸੀ, ਦੂਜੇ ਪਾਸੇ ਭਾਈ ਬਿਸ਼ਨ ਸਿੰਘ ਜੀ ਨੂੰ ਕਾਬਲ ਨਾਲ ਸੰਧੀ ਕਰਕੇ ਫਿਰ ਰੂਸ ਵਿਚ ਜਾਕੇ ਅੰਗ੍ਰੇਜ਼ਾਂ ਨੂੰ ਭਾਰਤ ਵਿਚੋਂ ਕਢਣ ਦੀ ਯੋਜਨਾ ਤਿਆਰ ਕੀਤੀ ਜਾ ਰਹੀ ਸੀ, ਜਿਸਦੀ ਸ਼ਹਾਦਤ ਅਜ ਵੀ "ਬਾਕੂ" ਦੇ ਮਹਾਂ ਜੁਆਲਾ ਜੀ ਦੇ ਮੰਦਰ ਦੀਆਂ ਕੰਧਾਂ ਤੇ ਸੰਤ ਬਿਸ਼ਨ ਸਿੰਘ ਜੀ ਦਾ ਲਿਖਿਆ ਮੂਲ ਮੰਤ੍ਰ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਦੇ ਲਿਖੇ ਗੁਰਮੁਖੀ ਅਖਰ ਪੁਕਾਰ-ਪੁਕਾਰ ਕੇ ਦੇ ਰਹੇ ਹਨ। ਜਿਨਾਂ ਨੂੰ ਵੇਖ ਰੂਸੀ ਭਾਸ਼ਾ ਵਿਗਿਆਨੀ ਹੈਰਾਨ ਹੋ ਰਹੇ ਹਨ। ਸੰਤ ਬਿਸ਼ਨ ਸਿੰਘ ਜੀ ਦਾ ਰੂਸ ਜਾਣਾ ਤੇ ਓਥੇ ਜਾਕੇ ਉਸ ਸਮੇਂ ਦੀ ਰੂਸੀ ਹਕੂਮਤ ਨਾਲ ਸੰਧੀ ਕਰਨੀ ਇਹ ਗਲਾਂ ਪੁਰਾਤਨ ਨਾਮਧਾਰੀ ਸਾਹਿਤ ਪੁਕਾਰ-ਪੁਕਾਰ ਦੇ ਦਸ ਰਿਹਾ ਹੈ। ਸੰਤ ਝੱਬਰਾਂ ਵਾਲੇ ਜੀ ਚੰਦਾ ਸਿੰਘ ਲਿਖਦੇ ਹਨ:-

"ਸਤਿਗੁਰ ਬੋਲੇ ਮੁਖ ਤੇ ਬੈਣ
ਘਲੇ ਸ਼ਹੀਦ ਰੂਸ ਨੂੰ ਲੈਣ
ਉਸਦੇ ਜਾਇ ਪਲੰਗ ਤੇ ਬਹਿਣ
ਲਿਖੇ ਹੁਕਮ ਨਾਮੇ ਹਥ ਦੇਣ,
ਜੋ ਆਪ ਅਕਾਲ ਦੇ।
ਹੁਕਮ ਨਾਮਾ ਹੱਥ ਦੇਕੇ, ਬਚਨ ਸੁਣਾਇਆ ਇਹ।
ਤੈਨੂੰ ਹੁਕਮ ਅਕਾਲ ਦਾ ਚੜ੍ਹ ਲਹੌਰ ਲੈ ਦਿਹ।

ਇਸ ਦਾ ਜਿਕਰ ਸੰਤ ਚੰਦਾ ਸਿੰਘ ਜੀ ਝੱਬਰ ਜਿਲਾ ਸ਼ੇਖੂ ਪੁਰਾ ਨਿਵਾਸੀ ਨੇ ਬਾਰਾਂ ਮਹਾਂ ਨਾਮੀ ਆਪਣੀ ਰਚਨਾ ਵਿਚ ਕੀਤਾ ਹੈ। ਇਸਦਾ ਰਚਨਾਂ ਕਾਲ ੧੯੩੨-੩੩ ਬਿਕ੍ਰਮੀ ਦੇ ਨੇੜੇ ਤੇੜੇ ਦਾ ਹੈ ਜਦ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪ੍ਰਦੇਸ ਗਵਨ ਕੀਤਿਆਂ ਮਸਾ ੪-੫ ਸਾਲ ਹੀ ਹੋਏ ਸਨ। ਰਸ਼ੀਆ ਨੇ ਜੇਹੂ ਨਦੀ ਦਾ ਆਸ-ਪਾਸ ਦਾ ਇਲਾਕਾ ਜਿਤ ਕੇ ਆਪਣੇ ਨਾਲ ਮਿਲਾ ਲਿਆ ਸੀ। ਕਾਬਲ ਦੇ ਅਮੀਰ ਸ਼ੇਰਅਲੀ ਨੇ ਆਪਣਾ ਏਲਚੀ ਅੰਗਰੇਜ਼ਾਂ ਕੋਲ ਸ਼ਿਮਲੇ (੭੦-੭੧ ਈ:) ਭੇਜਿਆ ਸੀ। ਓਧਰ ਆਪਣੀ ਸ਼ਾਨ ਸ਼ੌਕਤ ਦਸਣ ਤੇ ਧਾਂਕ ਜਮਾਉਣ ਮਲਕਾ ਵਿਕਟੋਰੀਆ ਦਾ ਪੁਤ ਡਿਯੂਕ ਆਫ ਐਡਨ ਬਰਾ ਨੇ ਦਿਲੀ ਵਿੱਚ ਬੜਾ ਭਾਰੀ ਦਰਬਾਰ ਕੀਤਾ ਗਿਆ, ਇਹੀ ਸ਼ਹਿਜਾਦਾ ਪਿਛੋਂ ਐਡਵਰਡ ਦੇ ਨਾਂ ਨਾਲ ਪ੍ਰਸਿਧ ਹੋਇਆ। ਇਧਰ ਅੰਗਰੇਜ਼ ਆਪਣਾ ਰਾਜ ਪੱਕਾ ਹੋ ਜਾਣ ਦੀ ਖੁਸ਼ੀ ਵਿਚ, ਦਿਲੀ ਵਿਚ ਰੰਗ ਰਲੀਆਂ ਮਨਾ ਰਿਹਾ ਸੀ ਓਧਰ ਕੂਕੇ ਆਪਣੇ ਰੰਗ ਤੇ ਮਸਤੀ ਵਿਚ ਗਾ ਰਹੇ ਸਨ:

'ਜਦੋਂ ਰੂਸ ਕਚੈਹਰੀ ਆਇਆ।
ਪਾਸ ਵਜੀਰ ਸਦ ਬਹਾਇਆ।
ਸਾਨੂੰ ਨਜਰ ਖਾਲਸਾ ਆਇਆ।
ਉਸਨੇ ਭਵਜਲ ਬੁਰਾ ਦਿਖਾਇਆ।
ਮੁਖ ਤੌਂ ਕਰੜਾ ਬਚਨ ਸੁਣਾਇਆ।
ਚੜ੍ਹੋ ਲਹੌਰ ਤੇ।
ਵਜੀਰ ਨੇ ਸੁਣੀ ਹਕੀਕਤ ਸਾਰੀ,
ਆਪਣੇ ਦਿਲ ਦੇ ਵਿਚ ਵਿਚਾਰੀ।
ਪੈਂਡੇ ਦੂਰ ਤੇ ਮੁਸ਼ਕਲ ਕਾਰੀ।
ਕੀਤੀ ਫੌਜਾ ਦੀ ਤਿਆਰੀ।
ਵਧੇ ਧੌਂਸੇ ਤੁਰੀ ਨਕਾਰੀ।
ਚੜੇ ਪੰਜਾਬ ਤੇ।
ਫੌਜਾਂ ਚੜ ਕੇ ਰੂਸ ਦੀਆਂ ਧਾਈਆਂ।
ਪੈ ਗਈਆਂ ਨੰਦਣ ਵਿਚ ਦੁਹਾਈਆਂ।
ਓਧਰ ਗੋਰੇ ਕਰਨ ਸਲਾਹੀਆਂ।
ਮਰਸਨ ਬੇਟੇ ਜਾਏ ਮਾਈਆਂ।
ਬਹਿ ਬਹਿ ਰੋਵਨ ਧੀਆਂ ਪ੍ਰਾਈਆਂ।
ਪਲੂ ਪਾਇਕੇ।

ਇਸੇ ਸਮੇਂ ਇਹ ਸਤਰਾਂ ਗਾਉਂਦੇ ਸਾਡੇ ਪ੍ਰਸਿਧ ਸਾਹਿਤਕਾਰ ਅਪ੍ਰਕਾਸ਼ਤ ਇਤਿਹਾਸਕ ਪੁਸਤਕ ਸ੍ਰੀ ਸਤਿਗੁਰੂ ਬਿਲਾਸ ਦੇ ਲੇਖਕ ਸ੍ਰੀ ਮਾਨ ਸੰਤ ਸੰਤੋਖ ਸਿੰਘ ਜੀ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਹੁਕਮ ਨਾਲ ਡੀ.ਸੀ. ਦੀ ਕਚਹਿਰੀ ਲੁਧਿਆਣੇ ਦਿਨੇ ਮਸਾਲ ਜਗਾ ਕੇ ਇੰਨਸਾਫ ਢੂੰਡਦੇ ਹੋਏ ਡੇਢ ਸਾਲ ਸਖਤ ਕੈਦ ਭੁਗਤ ਰਹੇ ਸਨ:

ਬਿਸ਼ਨ ਸਿੰਘ ਗੁਰੂ ਕਾ ਲਾਲ ਫੌਜਾਂ ਰਹਿਣ ਸ਼ਹੀਦੀ ਨਾਲ
ਕੀਤੇ ਸਤਿਗੁਰ ਨਾਲ ਕਰਾਰ ਅਗੇ ਜੋ ਭਾਵੇ ਕਰਤਾਰ
ਓਹ ਭੀ ਹੋਇ ਆਨ ਤਿਆਰ ਹੁਕਮ ਅਕਾਲ ਦਾ।

ਰੂਸ ਦੀਆਂ ਫੌਜਾਂ ਜੇਹੂ ਨਦੀ ਦਾ ਉਰਲਾ ਪਰਲਾ ਪਾਸਾ ਪਠਾਣਾਂ ਤੋਂ ਖੋਹਕੇ ਆਪਣੇ ਕਾਬੂ ਕਰ ਰਹੀਆਂ ਸੀ। ਇਧਰ ਸੰਤ ਚੰਦਾ ਸਿੰਘ ਜੀ ਤੇ ਸੰਤ ਸੰਤੋਖ ਸਿੰਘ ਜੀ ਆਦਿ ਨਾਮਧਾਰੀ ਇਸਨੂੰ ਆਪਣੀ ਦਿਬ-ਦ੍ਰਿਸ਼ਟੀ ਨਾਲ ਇਉਂ ਬਿਆਨ ਕਰ ਰਹੇ ਹਨ ਜਿਵੇ 'ਮਹਾਂ ਭਾਰਤ ਦਾ ਜੰਗ ਸੰਜਯ ਧ੍ਰਿਤਰਾਸ਼ਟਰ ਨੂੰ ਦਸ ਰਹੇ ਸਨ-

ਪਠਾਨ ਨਿਤ ਉਠ ਕਰਦੇ ਸ਼ੋਰ। ਗੋਰੇ ਹਟ ਆ ਲਥੇ ਪਸ਼ੌਰ।
ਪਿਛੇ ਰਖ ਲਿਆ ਲਹੌਰ। ਦਿਲ ਵਿਚ ਕਰਨ ਸਲਾਹੀਂ ਹੋਰ।
ਭਾਣਾ ਕੋਈ ਨ ਸਕਦਾ ਮੋੜ। ਜੋ ਆਪ ਅਕਾਲ ਦਾ।
ਜਦੋਂ ਰੂਸ ਪੰਜਾਬੇ ਆਵੇ। ਪਏ ਕਾਲ ਮੁਲਕ ਰੁਲ ਜਾਵੇ।
ਦੁਨੀਆਂ ਮਰੇ ਅੰਨ ਦੇ ਹਾਵੇ। ਸੇਰ ਰੁਪਈਏ ਅੰਨ ਵਿਕਾਵੇ।

Namdhari Elibrary NamdhariElibrary@gmail.com

ਓਹ ਵੀ ਢੂੰਡਿਆ ਹਥ ਨ ਆਵੇ। ਮੇਰਾ ਸਿਖ ਭੁਖਾ ਨ ਜਾਵੇ।
ਬਚੇ ਸੋ ਜੋ ਗੁਰ ਸਰਨੀ ਆਵੇ। ਇਕ ਮਨ ਹੋਕੇ ਨਾਮ ਧਿਆਵੇ।
ਓਸ ਅਕਾਲ ਦਾ।

ਇਹ ਉਦਾਹਰਣ ਦੇਕੇ ਦਸਣ ਦਾ ਭਾਵ ਉਸ ਸਮੇਂ ਦੀ ਕੂਕਿਆਂ ਦੀ ਰਾਜਨੀਤੀ ਦਾ ਦਿਗ ਦਰਸ਼ਨ ਕਰਾਉਣ ਮਾਤ੍ਰ ਹੈ ਤਾਂਕਿ ਇਤਿਹਾਸ ਦਾ ਪਾਠਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਰਾਜਨੀਤਕ ਸਰਗਰਮੀਆਂ ਦਾ ਅਧਿਐਨ ਭਲੀ ਭਾਂਤਿ ਕਰ ਸਕੇ।

ਜਦ ਅਮੀਰ ਕਾਬਲ ਦਾ ਪੁਤ੍ਰ ਅਬਦੁੱਲਾ ਜਾਨ ਅਤੇ ਭਤੀਜਾ ਸਮੱਦ ਖਾਨ ਸ੍ਰੀ ਭੈਣੀ ਸਾਹਿਬ ਆਏ ਤਦੋਂ ਅੰਗ੍ਰੇਜ਼ ਸਾਮਰਾਜ ਵਿਚ ਹਲ ਚਲ ਮਚ ਗਈ ਸੀ। ਕੂਕਾ ਰੀਕਾਰਡ ਵਿਚ ਕੈਪਟਨ ਬੇਲੀ ਹੈਰਾਨੀ ਨਾਲ ਲਿਖਦਾ ਹੈ ਕਿ – "ਪਠਾਣਾਂ ਦੇ ਇਸ ਸਫਰ ਸਬੰਧੀ ਸਹੀ ਮੰਤਵ ਦਾ ਪਤਾ ਨਹੀਂ ਲੱਗ ਸਕਿਆ ਪਰ ਇਹ ਗਲ ਡਾਢੀ ਦਿਲਚਸਪੀ ਵਾਲੀ ਹੈ ਕਿ ਇਕ ਪੇਂਡੂ ਤ੍ਰਿਖਾਣ ਦੀ ਸ਼ੋਹਰਤ ਦਾ ਡੰਕਾ ਕਿਥੋਂ ਤੀਕਰ ਵਜ ਚੁੱਕਾ ਹੈ।"

ਕਸ਼ਮੀਰ ਵਿੱਚ ਇਕ ਪੂਰੀ ਪਲਟਨ ਕੂਕਿਆਂ ਦੀ ਕਾਇਮ ਹੋਈ ਜਿਸਦੇ ਅਫਸਰ ਸ੍ਰ. ਹੀਰਾ ਸਿੰਘ ਜੀ ਲੰਮ੍ਹ ਸਢੌਰੇ ਦੇ ਰਾਈਸੇ ਆਜ਼ਮ ਸਨ ਅਤੇ ਦੂਜੇ ਸਨ ਇਨ੍ਹਾਂ ਦੇ ਸਹਿਯੋਗੀ ਤੇ ਸਾਥੀ ਸਰਦਾਰ ਕਿਸ਼ਨ ਸਿੰਘ ਜੀ ਗ੍ਰੰਥ ਗੜ੍ਹ। ਇਨ੍ਹਾਂ ਨਾਮਧਾਰੀ ਸੈਨਕਾਂ ਨੂੰ ਆਮ ਡੋਗਰਾ ਤੇ ਹੋਰ ਕਸ਼ਮੀਰੀ ਸੈਨਕਾਂ ਨਾਲੋਂ ਇਕ ਰੁਪਈਆ ਵਧੀਕ ਤਨਖਾਹ ਤੇ ਰਾਸ਼ਨ ਸਰਕਾਰੀ ਸੀ। ਲੰਗਰ ਇਹ ਆਪ ਸਜਾਉਂਦੇ ਸਨ। ਇਨ੍ਹਾਂ ਗਿਲਗਿਡ ਦੇ ਰਸਤੇ ਕਸ਼ਮੀਰ ਵਿਚ ਦਾਖਲ ਹੋਣ ਵਾਲੇ ਲੁਟੇਰਿਆਂ ਦੇ ਨਾਕੇ ਬੰਦ ਕਰ ਦਿਤੇ। ਜਦ ਅੰਗਰੇਜ਼ ਨੂੰ ਇਹ ਪਤਾ ਲਗਾ ਉਸ ਪਲਟਣ ਤੁੜਵਾ ਦਿਤੀ । ਸਰਦਾਰ ਹੀਰਾ ਸਿੰਘ ਤੇ ਕਿਸ਼ਨ ਸਿੰਘ ਆਪੋ ਆਪਣੇ ਘਰ ਆ ਰਹੇ। ਭਾਵੇਂ ਸਰਦਾਰ ਹੀਰਾ ਸਿੰਘ ਜੀ ਨੂੰ ਅੰਗਰੇਜ਼ ਚੰਗਾ ਨਹੀਂ ਸੀ ਸਮਝਦਾ ਪਰ ਉਸਨੂੰ ਸਤਿਲੁਜ ਪਾਰ ਦੇ ਰਈਸਾਂ ਦੇ ਘਰ ਤੋਂ ਕੁਝ ਨਾ ਕਿਹਾ। ਸਰਦਾਰ ਕਿਸ਼ਨ ਸਿੰਘ ਦੇ ਵਾਰੰਟ ਗ੍ਰਿਫਤਾਰੀ, ਗ੍ਰੰਥ ਗੜ੍ਹ ਵਿਚ ਹੋਏ ਇਕ ਕਤਲ ਦੇ ਮੁਕਦਮੇ ਵਿਚ ਫਸਾਉਣ ਲਈ ਕਢ ਦਿਤੇ। ਸਰਦਾਰ ਕਿਸ਼ਨ ਸਿੰਘ ਨਸ ਕੇ ਨੈਪਾਲ ਜਾ ਰਹੇ। ਨੈਪਾਲ ਤਦੋਂ ਬਾਗੀਆਂ ਦਾ ਗੜ੍ਹ ਸੀ।

ਕਿਸ਼ਨ ਸਿੰਘ ਜੀ ਦਾ ਆਚਰਣ, ਲਿਆਕਤ ਸਿਆਣਪ ਤੇ ਇਖਲਾਕ ਵੇਖਕੇ ਰਾਣਾ ਜੰਗ ਬਹਾਦਰ ਬਹੁਤ ਹੀ ਪ੍ਰਸੰਨ ਹੋਏ, ਓਹਨਾਂ, ਰਾਣਾ ਜੰਗ ਬਹਾਦਰ ਜੀ ਨੇ ਨਾਮਧਾਰੀ ਦਰਬਾਰ ਨਾਲ ਸਬੰਧ ਸਥਾਪਤ ਕਰਨ ਲਈ, ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਅਰਜੀ ਭੇਜੀ ਸੀ ਕਿ ਸਾਡੇ ਲਈ ਦੋ ਮੱਝਾਂ ਦੋ ਖੱਚਰਾਂ, ਆਪਣੇ ਇਤਬਾਰੀ ਹਥ ਭੇਜ ਦਿਓ। ਖੱਚਰਾਂ ਤੇ ਮੱਝਾਂ ਸਰਦਾਰ ਕਾਨ੍ਹ ਸਿੰਘ ਜੀ ਨਿਹੰਗ ਸੂਬਾ ਤੇ ਸਾਹਿਬ ਸਿੰਘ ਜੀ ਲੈਕੇ ਗਏ।

ਬਾਬਾ ਕਾਨ੍ਹ ਸਿੰਘ ਜੀ ਤੇ ਸਾਹਿਬ ਸਿੰਘ ਨਾਲ।
ਭੇਜਿਆ ਸਤਿਗੁਰੂ ਰਾਮ ਸਿੰਘ ਜੀ ਰਾਣੇ ਨੂੰ ਮਾਲ।
ਧਰਤਿ ਹਵਾਨਾ ਲਗਿਆ ਗਿਠ ਗਿਠ ਲੰਮੇ ਥਣ।
ਨੀਲੀ ਦੀਆਂ ਸੀ ਜੰਮੀਆਂ ਦੁਧ ਦੇਣ ਮਣ-ਮਣ।
ਹੱਥ ਪਿੰਡਿਓ ਤਿਲਕਦਾ ਹਾਥੀ ਜੇਹੇ ਕੱਦ।
ਨਸਲੋਂ ਰਵਾ ਸੀ ਆ ਰਿਹਾ ਖੰਧਾ ਚੁਚਕ ਵੱਗ।
ਖੱਚਰਾਂ ਡਾਢੀਆਂ ਸੋਹਣੀਆਂ ਥਕਨ ਚੁਕ ਨ ਭਾਰ।
ਪਲੀਆਂ ਖਾ ਨਿਹਾਰੀਆਂ ਲੈ ਲੈ ਬਹੁਤ ਪਿਆਰ।
ਚਾਪੜ ਜਿਉਂ ਚੌੜੇ ਪੁੜੇ ਅਗੋਂ ਉਚੇ ਮੋਰ।
ਲਕ ਤੇ ਨਿੰਬੂ ਟਿਕਦਾ ਮਟਕਾਂ ਵਾਲਾ ਤੋਰ।
ਪਰਬਤ ਵੇਖ ਨ ਰੁਕਦੀਆਂ ਉਚੀ ਲੰਮੀ ਧਾਰ।
ਰਵਾਂ ਰਵੀਂ ਚੜ੍ਹ ਜਾਂਦੀਆਂ ਮਣੀ ਮੂੰਹੀਂ ਚਕ ਭਾਰ।
ਜੰਗ ਬਹਾਦਰ ਵੇਖਕੇ ਅਤੀ ਹੋਏ ਪ੍ਰਸੰਨ।
ਵੇਖ ਮਾਲ ਨੂੰ ਚੜ੍ਹ ਗਿਆ ਪੂਰਨਮਾ ਦਾ ਚੰਨ।

ਸ੍ਰੀ ਰਾਣਾ ਜ਼ੰਗ ਬਹਾਦਰ ਮਾਲ ਵੇਖ ਤੇ ਸਿੰਘਾਂ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਏ। ਸੂਬਿਆਂ ਦੀ ਗੱਲ ਕੱਥ ਸਿਆਣੀ ਦਿਲ ਖਿਚਵੀਂ, ਭਗਤੀ ਪ੍ਰਧਾਨ ਦ੍ਰਿੜਤਾ ਵਾਲੀ ਸੀ। ਇਕ ਮਹੀਨਾ ਸਿੰਘ ਕਾਠਮਾਂਡੂ (ਨੈਪਾਲ ਦੀ ਰਾਜਧਾਨੀ) ਵਿੱਚ ਰਹੇ। ਰੋਜ ਮੁਲਾਕਾਤਾਂ ਹੁੰਦੀਆਂ ਜਿੰਨ੍ਹਾਂ ਵਿੱਚ ਭਾਰਤ ਨੂੰ ਵਿਦੇਸ਼ੀਆਂ ਦੇ ਪੰਜੇ ਵਿਚੋਂ ਛੁਡਾਉਣ ਦੀਆਂ ਤਜਵੀਜਾਂ ਸੋਚੀਆਂ ਜਾਂਦੀਆਂ:-

"ਰਖੇ ਸਿੰਘ ਸਤਿਕਾਰ ਨਾਲ, ਜਿਉ ਸ਼ਾਹੀ ਮਹਿਮਾਨ।
ਰਾਣੇ ਦਿਤੀ ਵਿਦਿਆ, ਕਰ ਡਾਢਾ ਸਨਮਾਨ।
ਨਾਪੇ ਲੈ ਕੇ ਮੁਸ਼ਕ ਦੇ, ਮਣਕੇ ਇਕ ਸੌ ਅੱਠ।
ਸੋਨੇ ਵਿੱਚ ਮੜ੍ਹਾਇਕੇ, ਮਾਲਾ ਦਿਤੀ ਸੱਠ।
ਮੇਰੂ ਥਾਂ ਟਿਕਾਇਆ, ਹੀਰਾ ਇਕ ਤਰਾਸ਼।
ਰਾਤੀਂ ਹੁੰਦਾ ਚੰਨ ਜਿਉਂ, ਉਸ ਵਿੱਚ ਪ੍ਰਕਾਸ਼।
ਰਤਨ ਜੜੀ ਦੋ ਖੋਖਰੀ, ਸੋਨਾ ਲਗੀਆਂ ਮੁਠ।
ਥਾ-ਥਾਂ ਮੋਤੀ ਚਮਕ ਦੇ, ਖਾਲੀ ਕੋਈ ਨ ਗੁਠ।
ਇਕ ਦੁਸ਼ਾਲਾ ਆਹਲਾ, ਪੰਜਾਹ ਗਜ ਲਾਲ ਬਨਾਤ।
ਪਹਿਨ ਸਪੇਦੀ ਲਾਲ ਹੋਇ, ਚਿਹਰੇ ਦੀ ਕ੍ਰਾਂਤ।
ਕਿਸੇ ਵੀ ਕੀਮਤ ਦਿੱਤਿਆਂ, ਮਿਲ ਨਾ ਸਕਣ ਗੁਟ।
ਮੁਢੋਂ ਤੁਰਦੀ ਆ ਰਹੀ, ਸ਼ਾਹੀ ਨਸਲ ਅਖੁਣ।
ਚੀਨੇ ਕਲ ਬੂਤ੍ਰ ਜਿਹੇ, ਇਕੋ ਜਿਹੇ ਸਪੇਦ।
ਮਚਲ ਮਚੰਲ ਕੇ ਤੁਰਨ ਜਿਉ, ਗੋਰੇ ਕਰਨ ਕਵੈਦ।
ਸੋਨੇ ਦੀਆਂ ਹਮੇਲ ਗਲ, ਜੁਗਨੀਆਂ ਵਿਚ ਨੱਗ।
ਕਾਠੀਆਂ ਜਿਹੀਆਂ ਚਮਕਦਾਰ, ਦਿਸੇ ਵਿਚੋਂ ਪੱਗ।
ਵਾਗਾਂ ਸੁੱਚੀਆਂ ਰੇਸ਼ਮੀਂ, ਮੜ੍ਹੀਆਂ ਤਿਲੇ ਨਾਲ।
ਮੂੰਹ ਲਗਾਮ ਫੌਲਾਦ ਦੇ ਨਰਮੀਂ ਭਰੀ ਕਮਾਲ।
ਜੰਗ ਬਹਾਦਰ ਭੇਟ ਇਹ, ਭੇਜੀ ਗੁਰ ਦਰਬਾਰ।
ਮਾਲ ਦੀ ਕੀਮਤ ਵਖਰੀ, ਨਗਦੀ ਕਈ ਹਜਾਰ।
ਭੇਜਿਆ ਇਕ ਮੁਰਾਸਲਾ, ਜੋ ਸ਼ਾਹੀ ਦਸਤੂਰ।
ਧਰਿਆ ਸਿੰਘਾਂ ਆਣ ਓਹ, ਸ੍ਰੀ ਗੁਰੂ ਦੇਵ ਹਜੂਰ।

ਇਸ ਤੋਂ ਬਿਨਾਂ ਆਫਤਾਬ ਪ੍ਰੈਸ ਦੇ ਮਾਲਕ, ਲਹੌਰ ਦੇ ਦੀਵਾਨ ਬੂਟਾ ਸਿੰਘ ਜੀ, ਬਹੁਤ ਚਿਰ ਪਹਿਲਾਂ ਹੀ ਹਜ਼ੂਰ ਦੀ ਸਰਨ ਵਿੱਚ ਆ ਗਏ ਸਨ। ਇਸਦੇ ਪ੍ਰੈਸ ਵਿੱਚ ਬਹੁਤ ਸਾਰਾ ਨਾਮਧਾਰੀ ਸਾਹਿਤ ਤੇ ਦਰਬਾਰ ਸਾਹਿਬ ਦੀ ਬੀੜ ਪ੍ਰਕਾਸ਼ਤ ਕਰਾਈ ਗਈ ਸੀ ਜਿਸਦਾ ਹਿਸਾਬ ਅੱਜ ਵੀ ਸ੍ਰੀ ਗੁਰਦੁਆਰਾ ਸਾਹਿਬ ਦੀਆਂ ਓਦੋਂ ਦੀਆਂ ਵਹੀਆਂ ਵਿੱਚ ਮਿਲਦਾ ਹੈ। ਇਹ ਦਿਗ ਦਰਸਨ ਹੈ ਕੁਝ ਰਾਜਨੀਤਕ ਸਰਗਰਮੀਆਂ ਦਾ।

ੴੴੴ

Namdhari Elibrary NamdhariElibrary@gmail.com

ਸ੍ਰੀ ਬਾਬਾ ਰਾਮ ਸਿੰਘ ਜੀ ਦੀ ਯਾਦਗਾਰ ਸਾਰਾ ਪੰਥ ਮਨਾਵੇ

ਹੀਰਾ ਸਿੰਘ 'ਦਰਦ'

ਮੇਰੇ ਹਿਰਦੇ ਵਿਚ ਦਿਨੋਂ ਦਿਨ ਸ੍ਰੀ ਬਾਬਾ ਰਾਮ ਸਿੰਘ ਜੀ ਲਈ ਪਿਆਰ ਤੇ ਸ਼ਰਧਾ ਵਧ ਰਹੀ ਹੈ। ਮੈਂ ਇਉਂ ਮਹਿਸੂਸ ਕਰ ਰਿਹਾ ਹਾਂ ਕਿ ਬਾਬਾ ਰਾਮ ਸਿੰਘ ਜੀ ਨਾਲ ਪੰਥ ਨੇ ਇਨਸਾਫ ਨਹੀਂ ਕੀਤਾ ਅਤੇ ਉਨ੍ਹਾਂ ਨੇ ਪੰਥ ਵਿਚ ਜਾਗਰਤੀ ਲਿਆਉਣ ਲਈ, ਨਵੇਂ ਸਿਰੇ ਜਥੇਬੰਦੀ ਕਰਨ ਲਈ ਅਤੇ ਪੰਥ ਦੀ ਗਿਰੀ ਹੋਈ ਅਵਸਥਾ ਨੂੰ ਉੱਚਾ ਕਰਨ ਲਈ ਭਾਰੀ ਕੁਰਬਾਨੀ ਕੀਤੀ ਹੈ ਉਸ ਦੀ ਯੋਗ ਕਦਰ ਨਹੀਂ ਹੋਈ।

ਮੇਰੀ ਨਜ਼ਰ ਵਿੱਚ ਬਾਬਾ ਰਾਮ ਸਿੰਘ ਜੀ ਇਕ ਮਹਾਂਪੁਰਸ਼ ਸਨ। ਸਚਾਈ ਤੇ ਧਰਮ ਦੀ ਰੂਹ ਸਨ। ਉਨਾਂ ਦੇ ਲੂੰ ਲੂੰ ਵਿਚ ਪੰਥ ਦਾ ਪਿਆਰ ਰਚਿਆ ਹੋਇਆ ਸੀ। ਜਦ ਉਹ ਦਸ਼ਮੇਸ਼ ਪਿਤਾ ਜੀ ਦੇ ਸ਼ੇਰ ਖਾਲਸੇ ਨੂੰ ਗੁਲਾਮੀ ਦੇ ਸੰਗਲਾਂ ਵਿੱਚ ਬਧਾ ਵੇਖਦੇ ਸਨ ਤਾਂ ਉਨ੍ਹਾਂ ਦਾ ਖੂਨ ਉਬਲ ਉਠਦਾ ਸੀ। ਉਹ ਇਹ ਬਰਦਾਸ਼ਤ ਨਹੀਂ ਸਨ ਕਰ ਸਕਦੇ ਕਿ ਗੁਰੂ ਕਲਗੀਧਰ ਜੀ ਦਾ ਸਦਾਣ ਵਾਲਾ ਕੋਈ ਸਿੱਖ ੧੨, ੧੫ ਰੁਪਏ ਮਹੀਨੇ ਤੋਂ ਆਪਣਾ ਸਿਰ ਵੇਚ ਦੇਵੇ ਅਤੇ ਸ਼ਰਾਬ ਨਾਲ ਆਪਣੀ ਅਕਲ ਨੂੰ ਜੰਦਰੇ ਲਾ ਕੇ ਵਹਿਸ਼ੀ ਪੁਣੇ ਦੇ ਕੰਮ ਪਿਆ ਕਰੇ ਅਰਥਾਤ ਆਂਢੀ ਗੁਆਂਢੀ ਭਰਾਵਾਂ ਨੂੰ ਕਤਲ ਕਰੇ ਤੇ ਉਨ੍ਹਾਂ ਦੇ ਬਾਲ ਬੱਚਿਆਂ ਨੂੰ ਕਿਸੇ ਹੋਰ ਦਾ ਗੁਲਾਮ ਬਣਾਵੇ।

ਬਾਬਾ ਜੀ ਦਾ ਪਵਿੱਤ੍ਰ ਜਨਮ ਬਸੰਤ ਪੰਚਮੀ ਵਾਲੇ ਦਿਨ ੧੮੭੨ ਬਿ: ਨੂੰ ਭੈਣੀ ਸਾਹਿਬ ਜਿਲੇ ਲੁਧਿਆਣਾ ਵਿਚ ਹੋਇਆ ਸੀ ਪਰ ਵੱਡੇ ਹੋਕੇ ਉਨ੍ਹਾਂ ਵੇਖਿਆ ਕਿ ਖਾਲਸਾ ਪੰਥ ਉਤੇ ਤਾਂ ਪਤਿਝੜ ਆਈ ਹੋਈ ਹੈ। ਉਹ ਖਾਲਸਾ ਪੰਥ ਰੂਪੀ ਬਾਗ ਉਤੇ ਬਸੰਤ ਲਿਆਵਣਾ ਚਾਹੁੰਦੇ ਸਨ ਏਹ ਉਨ੍ਹਾਂ ਦਾ ਉਦੇਸ਼ ਸੀ ਤੇ ਏਹੋ ਹੀ ਉਨ੍ਹਾਂ ਨੂੰ ਲਗਨ ਸੀ।

ਇਸੇ ਗੁਨਾਹ ਬਦਲੇ ਉਹ ਸਦਾ ਲਈ ਜਲਾਵਤਨ ਕੀਤੇ ਗਏ। ਬਾਬਾ ਜੀ ਦਾ ਜੀਵਨ ਪੜ੍ਹਨ ਅਤੇ ਸੁਣਨ ਤੋਂ ਪੂਰੀ ਤਰਾਂ ਨਿਸਚਾ ਹੋ ਜਾਂਦਾ ਹੈ ਕਿ ਓਹ ਨਾਮ ਦੇ ਰਸੀਏ ਧਰਮ ਦੀ ਮੂਰਤ, ਸਚਾਈ ਦੇ ਪੁਤਲੇ, ਕੋਮਲ ਹਿਰਦੇ ਵਾਲੇ, ਪੂਰਨ ਗੁਰਸਿਖ ਸਨ ਅਤੇ ਝੂਠ, ਫਰੇਬ ਜ਼ੁਲਮ, ਚੋਰੀ ਵਿਭਚਾਰੀ, ਸ਼ਰਾਬ ਆਦਿਕ ਬੁਰਾਈਆਂ ਤੋਂ ਉਨ੍ਹਾਂ ਨੂੰ ਸਖਤ ਨਫ਼ਰਤ ਸੀ। ਉਹ ਸਿੱਖ-ਰਾਜ ਦੇ ਸਮੇਂ ਤੋਂ ਪੰਥ ਵਿੱਚ ਆਈਆਂ ਬੁਰਾਈਆਂ ਨੂੰ ਦੂਰ ਕਰਕੇ ਪੰਥ ਨੂੰ ਪਹਿਲੇ ਵਰਗਾ ਪਵਿੱਤਰ ਤੇ ਸੱਚਾ ਬੀਰ ਬਨਾਣਾਂ ਚਾਹੁੰਦੇ ਸਨ ਅਤੇ ਅੰਗ੍ਰੇਜ਼ੀ ਰਾਜ ਦੀ ਨਵੀਂ ਹਾਨੀਕਾਰਕ ਤਹਿਜੀਬ ਤੋਂ ਵੀ ਪੰਥ ਨੂੰ ਖਾਲਸ ਰਖਣਾ ਚਾਹੁੰਦੇ ਸਨ। ਉਨ੍ਹਾਂ ਦੇ ਪਵਿੱਤ੍ਰ ਜੀਵਨ ਨੇ ਕਈਆਂ ਦੀਆਂ ਜਿੰਦਗੀਆਂ ਪਲਟਾਈਆਂ। ਇਹ ਉਨ੍ਹਾਂ ਦੇ ਉਪਦੇਸ਼ਾਂ ਤੇ ਪਵਿੱਤਰ ਜੀਵਨ ਦਾ ਹੀ ਅਸਰ ਸੀ ਕਿ ਕਾਤਲ ਸਿਖ ਆਪਣੇ ਆਪ ਅਦਾਲਤਾਂ ਵਿਚ ਜਾ ਹਾਜ਼ਰ ਹੁੰਦੇ ਸਨ ਤੇ ਕਹਿੰਦੇ ਸਨ ਕਿ ਫਲਾਣੇ ਆਦਮੀ ਨੂੰ ਅਸਾਂ ਕਤਲ ਕੀਤਾ ਹੈ, ਬੇਗੁਨਾਹਾਂ ਨੂੰ ਛੱਡ ਦਿਓ। ੧੮੭੧ ਈ: ਵਿਚ ਕੁਝ ਨਾਮਧਾਰੀ ਅੰਮ੍ਰਿਤਸਰ ਦੇ ਲਹੌਰੀ ਦਰਵਾਜਿਓ ਲੰਘੇ। ਉਥੇ ਇਕ ਬੁੱਚੜ ਖਾਨਾ ਖੁਲਿਆ ਹੋਇਆ ਸੀ।

ਅੰਮ੍ਰਿਤਸਰ ਵਿਚ ਮੁੱਢ ਤੋਂ ਗਊ ਹਤਿਆ ਬੰਦ ਸੀ। ਜਦ ਅੰਗ੍ਰੇਜ਼ ਆਇਆ ਤਾਂ ਵੀ ਬੰਦ ਰਹੀ। ਸਰ ਜੋਹਨ ਲਾਰੰਸ ਨੇ ੧੮੪੭ ਈ: ਵਿਚ ਇਕ ਲਿਖਤੀ ਹੁਕਮ ਦਰਬਾਰ ਸਾਹਿਬ ਦੇ ਬਾਹਰ ਲਟਕਾ ਰਖਿਆ ਸੀ। ਕਿ ਅੰਮ੍ਰਿਤਸਰ ਵਿਚ ਗਊ ਹਤਿਆ ਨਾ ਕੀਤੀ ਜਾਵੇ। ਇਨ੍ਹਾਂ ਨਾਮਧਾਰੀ ਸਿਖਾਂ ਨੇ ਜਦ ਵੇਖਿਆ ਕਿ ਪਿਛਲੇ ਰਵਾਜ ਅਤੇ ਹੁਕਮਾਂ ਦੇ ਵਿਰੁਧ ਇਥੇ ਗਊ-ਹਤਿਆ ਹੋ ਰਹੀ ਹੈ ਤਾਂ ਉਨ੍ਹਾਂ ਨੂੰ ਸਖਤ ਜੋਸ਼ ਆ ਗਿਆ।

ਸ਼ਹਿਰ ਵਿੱਚ ਏਹ ਅਫਵਾਹ ਸੀ ਕਿ ਇਥੇ ਹੋਰ ਵੀ ਗਊ-ਮਾਸ ਵੇਚਣ ਦੀਆਂ ਦੁਕਾਨਾਂ ਖੁਲ੍ਹਣੀਆਂ ਹਨ। ਜੋਸ਼ ਵਿੱਚ ਆਕੇ ਉਨ੍ਹਾਂ ਨੇ ਕੁਝ ਕਸਾਈਆਂ ਨੂੰ ਕਤਲ ਕਰ ਦਿੱਤਾ ਤੇ ਨਸ ਗਏ। ਉਨ੍ਹਾਂ ਦੀ ਬਜਾਏ ਕੁਝ ਨਿਹੰਗ ਸਿੰਘ ਫੜੇ ਗਏ ਤੇ ਉਨ੍ਹਾਂ ਉਤੇ ਮੁਕਦਮਾਂ ਚਲਾਇਆ ਗਿਆ। ਜਦ ਉਹ ਸਿੱਖ ਬਾਬਾ ਰਾਮ ਸਿੰਘ ਜੀ ਪਾਸ ਗਏ ਤਾਂ ਉਨ੍ਹਾਂ ਨੇ ਅਗੋਂ ਤਾੜਕੇ ਆਖਿਆ:

'ਤੁਸੀਂ ਕਤਲ ਕਰਕੇ ਨੱਠੇ ਫਿਰਦੇ ਹੋ ਅਤੇ ਤੁਹਾਡੀ ਥਾਂ ਬੇਗੁਨਾਹ ਨਿਹੰਗ ਸਿੰਘ ਫੜੇ ਗਏ ਹਨ, ਕੀ ਏਹ ਸਿੰਘਾਂ ਦਾ ਕੰਮ ਹੈ ਕਿ ਆਪਣੀ ਜਾਨ ਬਚਾਕੇ ਦੂਜਿਆਂ ਨੂੰ ਫਾਂਸੀ ਦੇਣਾ ? ਜਾਓ ਅਤੇ ਅਦਾਲਤ ਵਿਚ ਜਾਕੇ ਆਪਣੇ ਕਸੂਰ ਨੂੰ ਮੰਨੋ ਤੇ ਉਨ੍ਹਾਂ ਬੇਗੁਨਾਹਾਂ ਨੂੰ ਛਡਾਓ" ਇਹ ਸੁਣਦੇ ਸਾਰ ਉਹ ਸਿੰਘ ਅੰਮ੍ਰਿਤਸਰ ਆ ਗਏ। ਹਾਕਮਾਂ ਦੇ ਪੇਸ਼ ਹੋਕੇ ਸਭ ਕੁਝ ਸੱਚੋ ਸੱਚ ਦਸ ਦਿਤਾ।

ਹਸਦਿਆਂ ੨ ਆਪਣੇ ਕੀਤੇ ਦੀ ਸਜ਼ਾ ਪਾਈ ਤੇ ਬੇਗੁਨਾਹਾਂ ਨੂੰ ਬਚਾ ਲਿਆ। ਇਹ ਹੈ ਸਿੱਖੀ ਸ਼ਾਨ। ਬਾਬਾ ਜੀ ਸਿੱਖਾਂ ਨੂੰ ਇਸ ਤਰ੍ਹਾਂ ਸਚਾਈ ਤੇ ਚਲਣ ਵਾਲੇ ਤੇ ਹਸ ਹਸ ਕੇ ਮਰਨ ਵਾਲੇ ਬਣਾਉਣਾ ਚਾਹੁੰਦੇ ਸਨ।

ਇਸ ਸਮੇਂ ਦੇ ਨਾਮਧਾਰੀ ਵੀਰਾਂ ਦੀ ਰਹਿਣੀ ਬਹਿਣੀ ਜਾਂ ਧਾਰਮਕ ਖਿਆਲਾਂ ਨਾਲ ਭਾਵੇਂ ਸਾਡਾ ਕਿਤਨਾ ਹੀ ਵਿਰੋਧ ਹੋਵੇ, ਪਰ ਸਾਨੂੰ ਸ੍ਰੀ ਬਾਬਾ ਰਾਮ ਸਿੰਘ ਜੀ ਦੀ ਜਰੂਰ ਯੋਗ ਇਜ਼ਤ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਯਾਦਗਾਰ ਹਰ ਇਕ ਸਿੱਖ ਨੂੰ ਉਸੇ ਤਰ੍ਹਾਂ ਮਨਾਣੀ ਚਾਹੀਦੀ ਹੈ ਜਿਸ ਤਰ੍ਹਾਂ ਹੋਰ ਸ਼ਹੀਦ ਸਿੰਘਾਂ ਦੀ ਮਨਾਈ ਜਾਂਦੀ ਹੈ।

ਜੇ ਨਾਮਧਾਰੀ ਵੀਰ ਬਾਬਾ ਰਾਮ ਸਿੰਘ ਜੀ ਨੂੰ ਗੁਰੂ ਮੰਨਦੇ ਹਨ ਤਾਂ ਅਸੀਂ ਕਿਉਂ ਨਾਰਾਜ ਹੋਈਏ ? ਅਤੇ ਜੇ ਅਸੀਂ ਉਨ੍ਹਾਂ ਨੂੰ ਗੁਰੂ ਨਹੀਂ ਮੰਨਦੇ ਤਾਂ ਨਾਮਧਾਰੀ ਭਰਾ ਕਿਉਂ ਗੁੱਸੇ ਹੋਣ ? ਜਦ ਇਹ ਸਚਾਈ ਹੈ ਕਿ ਬਾਬਾ ਜੀ ਪੂਰਨ ਗੁਰਸਿਖ ਤੇ ਮਹਾਂਪੁਰਸ਼ ਹੋਏ ਹਨ। ਉਨ੍ਹਾਂ ਨੇ ਨਵੇਂ ਸਿਰੇ ਪੰਥ ਦੀ ਖਾਤਰ ਹੀ ਉਨ੍ਹਾਂ ਨੇ ਸਭ ਕੁਝ ਕੁਰਬਾਨ ਕੀਤਾ ਤਾਂ ਅਸੀਂ ਕਿਉਂ ਨਾ ਸਚੇ ਸ਼ਹੀਦਾਂ ਵਾਂਙੂ ਉਨ੍ਹਾਂ ਦੀ ਯਾਦਗਾਰ

Namdhari Elibrary NamdhariElibrary@gmail.com

ਮਨਾਈਏ ? ਮੇਰੀ ਰਾਇ ਹੈ ਕਿ ਬਸੰਤ ਪੰਚਮੀ ਵਾਲੇ ਦਿਨ ਹਰ ਇਕ ਗੁਰਦੁਆਰੇ ਵਿਚ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਜੀਵਨ ਉਤੇ ਲੈਕਚਰ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਯਾਦਗਾਰ ਮਨਾਈ ਜਾਣੀ ਚਾਹੀਦੀ ਹੈ।

ਇਸ ਵੇਲੇ ੧੯੩੦ ਈ : ਖਾਲਸਾ ਪੰਥ ਦੀ ਜਥੇਬੰਦੀ ਪਹਿਲੇ

ਬਾਬਾ ਰਾਮ ਸਿੰਘ ਜੀ ਦੀ ਯਾਦਗਾਰ ਮਨਾਣੀ ਸਾਡਾ ਫਰਜ਼ ਹੈ। ਲੋਕੀਂ ਦੂਜੇ ਮਜ਼ਹਬਾਂ ਦੇ ਬਜ਼ੁਰਗਾਂ ਤੇ ਸ਼ਹੀਦਾਂ ਨੂੰ ਆਪਣਾ ਬਣਾ ਰਹੇ ਹਨ ਪਰ ਅਸੀਂ ਆਪਣੇ ਮਹਾਂਪੁਰਸ਼ਾਂ ਤੇ ਸੂਰਬੀਰਾਂ ਨੂੰ ਤਿਆਗ ਰਹੇ ਹਾਂ। ਜੇ ਅਸੀਂ ਬਾਬਾ ਰਾਮ ਸਿੰਘ ਜੀ ਦੀ ਯਾਦਗਾਰ ਮਨਾਈਏ ਤਾਂ ਇਕ ਤਾਂ ਅਸੀਂ ਆਪਣੇ ਸ਼ੁਕਰਗੁਜ਼ਾਰੀ ਦੇ ਫਰਜ਼ ਨੂੰ ਪੂਰਾ ਕਰਾਂਗੇ, ਦੂਜੇ ਨਾਮਧਾਰੀ ਵੀਰਾਂ ਨਾਲ ਪਿਆਰ ਦਾ ਸਬੰਧ ਵਧੇਰੇ ਮਜ਼ਬੂਤ ਕਰਾਂਗੇ

ਵਰਗੀ ਨਹੀਂ। ਗਰਜ਼ਮੰਦ ਲੋਕਾਂ ਨੇ ਫਿਰਕਿਆਂ ਵਿਚ ਅਜਿਹੀ ਦੁਫੇੜ ਪਾਈ ਹੈ ਕਿ ਇਹ ਦਿਨੋਂ ਦਿਨ ਵਧਦੀ ਹੀ ਜਾਂਦੀ ਹੈ। ਨਾਮਧਾਰੀ ਵੀਰਾਂ ਨਾਲ ਵੀ ਪੰਥ ਦਾ ਅਜਿਹਾ ਪਿਆਰ ਨਹੀਂ ਜਿਹਾ ਕਿ ਹੋਣਾ ਚਾਹੀਦਾ ਹੇ। ਇਸ ਦਾ ਕਾਰਨ ਕੀ ਹੈ ? ਕਈ ਕਹਿਣਗੇ ਕਿ ਉਨ੍ਹਾਂ ਦੇ ਧਾਰਮਕ ਖਿਆਲ ਸਾਡੇ ਨਾਲ ਨਹੀਂ ਮਿਲਦੇ ਪਰ ਅਸਲ ਗਲ ਇਹ ਨਹੀਂ ਹੈ । ਧਾਰਮਕ ਖਿਆਲਾਂ ਦਾ ਆਪੋ ਵਿਚ ਵਿਰੋਧ ਅਕਾਲੀਆਂ ਦਾ ਭੀ ਹੈ। ਇਸ ਦੁਫੇੜ ਦੀ ਨੀਂਹ ਵਿਚ ਪੰਥ ਦੇ ਦੁਸ਼ਮਨਾਂ ਦੀ ਬੜੀ ਡੂੰਘੀ ਚਾਲ ਹੈ। ਜਿਸਨੂੰ ਸਮਝਣਾ ਸੌਖਾ ਕੰਮ ਨਹੀਂ।

ਸਮਾਂ ਬੜਾ ਭਿਆਨਕ ਆ ਰਿਹਾ ਹੈ ਦੁਸ਼ਮਣ ਦਾ ਫਾਇਦਾ ਇਸੇ ਵਿਚ ਹੈ ਕਿ ਖਾਲਸਾ ਪੰਥ ਖੇਰੂੰ ਖੇਰੂੰ ਰਹੇ ਤੇ ਆਪੋ ਵਿਚ ਖਹਿ ਖਹਿ ਹੁੰਦੀ ਰਹੇ। ਸਾਨੂੰ ਸੁਚੇਤ ਹੋਣਾ ਚਾਹੀਦਾ ਹੈ ਤੇ ਵੈਰੀਆਂ ਦੀ ਚਾਲ ਨੂੰ ਸਮਝਣਾ ਚਾਹੀਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂਆਂ ਨੂੰ ਮੰਨਣ ਵਾਲੇ ਸਾਰੇ ਭਰਾ ਹਨ ਉਨ੍ਹਾਂ ਨੂੰ ਆਪੋ ਵਿਚ ਭਰਾਵਾਂ ਵਰਗੀ ਪਿਆਰ ਨਾਲ ਰਹਿਣਾ ਤੇ ਵਰਤਨਾ ਚਾਹੀਦਾ ਹੈ। ਧਾਰਮਕ ਖਿਆਲਾਂ ਵਿਚ ਜਾਂ ਰਹਿਣੀ ਬਹਿਣੀ ਵਿਚ ਰਾਇ ਦਾ ਵਿਰੋਧ ਹੋਣਾ ਕੋਈ ਵੱਡੀ ਗੱਲ ਨਹੀ। ਸਾਨੂੰ ਖੁਲ੍ਹੇ ਦਿਲ ਨਾਲ ਆਪਣੇ ਵਿਰੁਧ ਰਾਇ ਨੂੰ ਸੁਣਨਾ ਤੇ ਸਹਾਰਨਾ ਚਾਹੀਦਾ ਹੈ, ਅਤੇ ਪੂਰਨ ਪਿਆਰ ਦੀ ਵਰਤੋਂ ਕਰਨੀ ਚਾਹੀਦੀ ਹੈ। ਪੰਥ ਉਤੇ ਜੇ ਕੋਈ ਸਾਂਝੀ ਮੁਸੀਬਤ ਆਵੇ ਤਾਂ ਉਸਦਾ ਰਲਕੇ ਮੁਕਾਬਲਾ ਕਰਨਾ ਚਾਹੀਦਾ ਹੈ।

ਬਾਬਾ ਰਾਮ ਸਿੰਘ ਜੀ ਦੀ ਯਾਦਗਾਰ ਮਨਾਣੀ ਸਾਡਾ ਫਰਜ਼ ਹੈ। ਲੋਕੀਂ ਦੂਜੇ ਮਜ਼ਹਬਾਂ ਦੇ ਬਜ਼ੁਰਗਾਂ ਤੇ ਸ਼ਹੀਦਾਂ ਨੂੰ ਆਪਣਾ ਬਣਾ ਰਹੇ ਹਨ ਪਰ ਅਸੀਂ ਆਪਣੇ ਮਹਾਂਪੁਰਸ਼ਾਂ ਤੇ ਸੂਰਬੀਰਾਂ ਨੂੰ ਤਿਆਗ ਰਹੇ ਹਾਂ। ਜੇ ਅਸੀਂ ਬਾਬਾ ਰਾਮ ਸਿੰਘ ਜੀ ਦੀ ਯਾਦਗਾਰ ਮਨਾਈਏ ਤਾਂ ਇਕ ਤਾਂ ਅਸੀਂ ਆਪਣੇ ਸ਼ੁਕਰਗੁਜ਼ਾਰੀ ਦੇ ਫਰਜ਼ ਨੂੰ ਪੂਰਾ ਕਰਾਂਗੇ, ਦੂਜੇ ਨਾਮਧਾਰੀ ਵੀਰਾਂ ਨਾਲ ਪਿਆਰ ਦਾ ਸਬੰਧ ਵਧੇਰੇ ਮਜ਼ਬੂਤ ਕਰਾਂਗੇ ਤੇ ਇਸ ਤਰ੍ਹਾਂ ਕਰਨ ਨਾਲ ਅਸੀਂ ਪੰਥਕ ਜਥੇਬੰਦੀ ਨੂੰ ਪਕਿਆਂ ਕਰਨ ਵਿੱਚ ਮਦਦਗਾਰ ਸਾਬਤ ਹੋਵਾਂਗੇ।

ਸੁਤੰਤਰਤਾ ਧਰਮ ਕਾ ਅੰਗ

ਡਾ: ਰਾਜਿੰਦਰ ਪ੍ਰਸ਼ਾਦ

ਗੁਰੂ ਰਾਮ ਸਿੰਘ ਜੀ ਸੁਤੰਤਰਤਾ ਕੋ ਭੀ ਧਰਮ ਕਾ ਅੰਗ ਸਮਝਤੇ ਥੇ। ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਇਆ ਹੈ ਉਸਕਾ ਗੁਰੂ ਰਾਮ ਸਿੰਘ ਨੇ ਪ੍ਰਾਯ ਪਚਾਸ ਵਰਸ਼ ਪੂਰਵ ਹੀ ਨਾਮਧਾਰੀਉਂ ਮੇਂ ਪ੍ਰਚਾਰ ਕੀਆ ਥਾ। ਉਨਕੇ ਸਿਧਾਂਤੋਂ ਮੇਂ ਪਾਂਚ ਚੀਜ਼ੇਂ ਥੀਂ।

(੧) ਸੂਕਾਰੀ ਨੌਕਰੀ ਕਾ ਵਹਿਸ਼ਕਾਰ।
(੨) ਸੂਕਾਰੀ ਅਦਾਲਤੋਂ ਕਾ ਵਹਿਸ਼ਕਾਰ।
(੩) ਸੂਕਾਰੀ ਸਕੂਲੋਂ ਕਾ ਵਹਿਸ਼ਕਾਰ।
(੪) ਬਦੇਸ਼ੀ ਬਸਤਰੋਂ ਕਾ ਵਹਿਸ਼ਕਾਰ।
(੫) ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਆਪਣੀ ਆਤਮਾ ਕੇ ਵਿਰੁਧ ਹੈਂ।

ਗੁਰੂ ਜੀ ਤੋਂ ਸਦਾ ਅਹਿੰਸਾ ਪਰ ਹੀ ਜ਼ੋਰ ਦੇਤੇ ਥੇ। ਪਰੰਤੂ ਇਨ ਕੇ ਅਨੁਯਾਈਓਂ ਨੇ ਏਕ ਬਾਰ ਗਊ ਕੀ ਰਕਸ਼ਾ ਕੇ ਲੀਏ ਕੁਛ ਬੂਚੜੋਂ ਕੋ ਕਤਲ ਕਰ ਡਾਲਾ। ਇਸ ਪਰ ਬਹੁਤ ਲੋਗ ਪਕੜੇ ਜਾਨੇ ਲਗੇ। ਔਰ ਲੋਗੋਂ ਪਰ ਸਖਤੀ ਹੋਣੇ ਲਗੀ। ਤਬ ਗੁਰੂ ਜੀ ਨੇ ਸਿਖੋਂ ਕੋ ਬੁਲਾ ਕਰ ਕਹਾ, ਕਿ ਤੁਮ ਨੇ ਹਤਿਆ ਕੀ, ਔਰ ਦੂਸਰੇ ਬੇਕਸੂਰ ਲੋਗੋਂ ਪਰ ਸਖਤੀ ਹੋ ਰਹੀ ਹੈ। ਤੁਮਹੇ ਅਪਨਾ ਕਸੂਰ ਮਾਨ ਲੇਨਾ ਚਾਹੀਏ। ਜਿਨਹੋਂ ਨੇ ਕਤਲ ਕਿਆ ਥਾ, ਉਨਹੋਂ ਨੇ ਅਦਾਲਤ ਮੇਂ ਜਾਕਰ ਕਸੂਰ ਮਾਨ ਲੀਆ, ਔਰ ਉਨ੍ਹੇ ਫਾਂਸੀ ਹੋ ਗਈ। ਜਿਸੇ ਉਨਹੋਂ ਨੇ ਹੰਸਤੇ ਹੰਸਤੇ ਸਵੀਕਾਰ ਕੀਆ।

Namdhari Elibrary NamdhariElibrary@gmail.com

ਸਤਿਗੁਰਾਂ ਦਾ ਸਮੇਂ ਅਨੁਸਾਰ ਦਰਿਸ਼ਟੀਕੋਣ

ਮੰਗਲ ਸਿੰਘ ਲਾਇਲਪੁਰੀ

ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਸਮਾਚਾਰ ਲਿਖਣ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹਨਾਂ ਦੇ ਸਮੇਂ ਦੇ ਹਰ ਪਹਿਲੂ ਨੂੰ ਚੰਗੀ ਤਰ੍ਹਾਂ ਵਾਚਿਆ ਜਾਵੇ ਤਾ ਕਿ ਏਹ ਠੀਕ ਠੀਕ ਪਤਾ ਲੱਗ ਸਕੇ ਕਿ ਓਹ ਕੇਹੜੇ ਕਾਰਨ ਸਨ ਜਿਨਾਂ ਨੇ ਆਪ ਨੂੰ ਅਜੇਹਾ ਦਰਿਸ਼ਟੀਕੋਨ ਬਨਾਣ ਲਈ ਮਜਬੂਰ ਕਰ ਦਿਤਾ ਕਿ ਆਪ ਨੂੰ ਦੇਸ਼ ਛੱਡ ਪ੍ਰਦੇਸ ਜਾਣਾਂ ਪਿਆ।

ਹਿੰਦੋਸਤਾਨ ਮੁੱਢ ਤੋਂ ਹੀ ਧਾਰਮਿਕ ਦਰਿਸ਼ਟੀਕੋਨ ਨੂੰ ਅਪਨਾਂਦਾ ਰਿਹਾ ਹੈ, ਭਾਰਤ ਦੇ ਅਨੇਕਾਂ ਮਹਾਂ ਪੁਰਸ਼ਾਂ ਨੇ ਏਥੋਂ ਦੇ ਲੋਕਾਂ ਨੂੰ ਧਰਮ ਦਾ ਹੀ ਪਾਠ ਪੜ੍ਹਾਇਆ ਤੇ ਏਸੇ ਵਿਚ ਹੀ ਉਨ੍ਹਾਂ ਦੀ ਕਲਿਆਣ ਦੱਸੀ। ਭਾਵੇਂ ਕਈ ਵਾਰੀ ਹਿੰਦੋਸਤਾਨ ਵਿਚ ਅਜੇਹੇ ਮਹਾਂ-ਪੁਰਸ਼ ਵੀ ਪੈਦਾ ਹੋਏ ਜਿਨ੍ਹਾਂ ਨੇ ਰੱਬ ਦੀ ਭਗਤੀ ਤੋਂ ਬਿਨਾਂ ਵੀ ਸ਼ਾਂਤੀ ਮਿਲਣ ਦਾ ਉਪਦੇਸ਼ ਦਿਤਾ। ਪਰ ਹਿੰਦੋਸਤਾਨ ਦੀ ਆਤਮਾ ਨੇ ਅਜੇਹਾ ਗਿਆਨ ਕਬੂਲਣ ਤੋਂ ਇਨਕਾਰ ਕਰ ਦਿਤਾ, ਤੇ ਆਖ਼ਰ ਈਸ਼ਵਰ ਪੂਜਾ ਦਾ ਹੀ ਸਹਾਰਾ ਲਿਆ।

ਸਤਿਗੁਰਾਂ ਦੇ ਸਮੇ ਦੀ ਧਾਰਮਕ ਦਸ਼ਾ ਬੜੀ ਡਾਵਾਂ ਡੋਲ ਸੀ, ਆਪਣੇ ਧਰਮ ਕਰਮ ਨੂੰ ਸਿੱਖ ਹੀ ਨਹੀਂ ਬਲਕਿ ਉਸ ਸਮੇਂ ਦੇ ਤਕਰੀਬਨ ਸਾਰੇ ਮਜ਼ਹਬ ਭੁਲ ਚੁੱਕੇ ਸਨ। ਭਾਰਤੀ ਧਰਮ ਅਵਲੰਬੀਆਂ ਦੇ ਸਾਹਮਣੇ ਭਾਰਤ ਦੀ ਮਾਂ "ਗਊ ਮਾਤਾ" ਦਾ ਬਧ ਹੋਣ ਲੱਗ ਪਿਆ ਸੀ, ਸਿਖ ਮਾਸ ਮਦਰਾ, ਤੇ ਕੰਜਰੀਆਂ ਦੇ ਪੁਜਾਰੀ ਬਨ ਚੁਕੇ ਸਨ। ਹਿੰਦੂ ਤੇ ਸਿਖ ਘਰਾਂ ਵਿਚ ਕੁੜੀਆਂ ਮਾਰਨ ਦਾ ਰਿਵਾਜ ਆਮ ਹੁੰਦਾ ਜਾ ਰਿਹਾ ਸੀ, ਬਰਹਿਮਣ ਤੇ ਖਤ੍ਰੀ ਅਪਣੇ ਸੁਆਰਥ ਹਿਤ ਆਪਣੀ ਪ੍ਰੰਪਰਾ ਨੂੰ ਛੱਡ ਬੈਠੇ ਸਨ। ਰਾਜੇ ਮਹਾਰਾਜੇ ਪਰਜਾ ਦਾ ਖ਼ੂਨ ਪੀ ਕੇ ਵੀ ਧਰਮੀ ਬਨਣ ਦਾ ਦਾਹਵਾ ਕਰ ਰਹੇ ਸਨ। ਸ੍ਰੇਸ਼ਟ ਥਾਵਾਂ ਦੇ ਧਰਮੀ ਮਨੁਖ, ਭਰਿਸ਼ਟਤਾ ਦੇ ਸ਼ਿਕਾਰ ਹੋ ਕੇ ਆਪਣੇ ਫਰਜ਼ ਨੂੰ ਉੱਕਾ ਵਿਸਾਰ ਬੈਠੇ ਸਨ। ਤੇ ਸਭ ਤੋਂ ਵੱਡਾ ਕਲੰਕ ਜੋ ਕਿਸੇ ਦੇਸ਼ ਤੇ ਕੌਮ ਨੂੰ ਬਲ ਹੀਣ-ਬੁਧ ਹੀਣ ਤੇ ਕਰਮ ਹੀਣ ਬਣਾਂਦਾ ਹੈ ਉਹ ਸੀ ਭਾਰਤ ਤੇ ਖਾਸ ਕਰ ਪੰਜਾਬ ਦਾ ਬਦੇਸ਼ੀਆਂ ਦੇ ਅਗੇ ਸਿਰ ਨਿਵਾਕੇ ਗੁਲਾਮੀ ਨੂੰ ਕਬੂਲ ਕਰ ਲੈਣਾ।

ਸਤਿਗੁਰਾਂ ਸਾਹਮਣੇ ਐਸ ਵੇਲੇ ਸੱਮੁਚੇ ਭਾਰਤ ਦਾ ਨਕਸ਼ਾ ਘੁੰਮ ਰਿਹਾ ਸੀ, ਸਿਖ ਰਾਜ ਦੀ ਨੌਕਰੀ ਸਮੇਂ ਹੀ ਆਪ ਉਪਰੋਕਤ ਸਭ ਕੁਝ ਤੋਂ ਚੰਗੀ ਤਰ੍ਹਾਂ ਜਾਣੂ ਹੋ ਚੁੱਕੇ ਸਨ, ਕਈ ਲਿਖਾਰੀਆਂ ਨੇ ਇਹ ਲਿਖਿਆ ਹੈ ਕਿ- "ਏਸ ਗੱਲ ਦਾ ਪਤਾ ਨਹੀਂ ਲੱਗ ਸਕਿਆ, ਕਿ ਆਪ ਨੇ ਫੌਜ ਦੀ ਨੌਕਰੀ ਕਿਉਂ ਤਿਆਗ ਦਿਤੀ।"



ਜਿਸ ਦਰਦੀ ਦਿਲ ਦੇ ਸਾਹਮਣੇ ਇਕ ਨਹੀਂ, ਅਨੇਕਾਂ ਹੀ ਸਮੱਸਿਆਵਾਂ ਹੋਣ, ਤੇ ਜੇਹੜਾ ਹਰ ਸਮੱਸਿਆ ਦੀ ਨਾੜ-ਨਾੜ ਤੋਂ ਭਲੀ ਭਾਂਤ ਵਾਕਫ਼ ਹੋਵੇ, ਉਹ ਭਲਾ ਕਿਨਾਂ ਕੁ ਚਿਰ ਕਿਸੇ ਦੀ ਨੌਕਰੀ ਕਰ ਸਕਦਾ ਹੈ ? ਗੁਰੂ ਜੀ ਤਾਂ ਫੋਜ ਵਿਚ ਗਏ ਹੀ ਪੰਜਾਬ ਦਾ ਤੇ ਹੋਰ ਦੇਸ਼-ਪ੍ਰਦੇਸ਼ ਦੇ ਹਾਲਾਤਾਂ ਦਾ ਨਿਰੀਖਸ਼ਣ ਕਰਨ ਸਨ ਤੇ ਜਿਸ ਮਹਾਰਾਜਾ ਰਣਜੀਤ ਸਿੰਘ ਬਾਬਤ ਕਈ ਤਰ੍ਹਾਂ ਦੀਆਂ ਰਚਨਾਵਾਂ ਤੇ ਸੁੰਦਰ ਕਹਾਣੀਆਂ ਪਾਈਆਂ ਜਾਂਦੀਆਂ ਸਨ ਉਸਦੀ ਸਹੀ ਤਸਵੀਰ ਨੂੰ ਆਪਣੀਆਂ ਅੱਖਾਂ ਨਾਲ ਵੇਖਣ ਤੇ ਜਾਚਨ।

ਨਾਮ ਸਿਮਰਣ

ਜਿਵੇਂ ਪੁਰਾਤਨ ਰਿਸ਼ੀਆਂ ਤੇ ਸਾਡੇ ਸਿਖ ਗੁਰੂਆਂ ਨੇ ਸਾਰੇ ਦੁਖਾਂ ਕਲੇਸ਼ਾਂ ਤੇ ਅਪੱਤੀਆਂ ਦਾ ਵੱਡਾ ਕਾਰਨ ਪਰਮੇਸ਼ਰ ਤੋਂ ਬੇਮੁਖਤਾ ਦੱਸੀ ਹੈ ਤਿਵੇਂ ਏਸੇ ਪਰੰਪਰਾ ਦੇ ਅਧੀਨ ਬਾਰ੍ਹਵੇਂ ਪਾਤਸ਼ਾਹ ਨੇ ਵੀ ਦੇਸ਼ ਦੇ ਹਰ ਪਹਿਲੂ ਨੂੰ ਸਾਹਮਣੇ ਰਖਦਿਆਂ ਸਭ ਤੋਂ ਪਹਿਲੋਂ ਨਾਮ ਸਿਮਰਣ ਨੂੰ ਹੀ ਪਹਿਲਾ ਦਰਜਾ ਦਿਤਾ। ਭਾਵੇਂ ਇਸ ਨਾਮ ਸਿਮਰਣ ਨਾਲ ਸ੍ਰੀਰਕ, ਮਾਨਸਕ, ਭਾਈ ਚਾਰਕ ਤੇ ਆਚਾਰ (ਕਰੈਕਟਰ) ਦੀ ਸ਼ੁਧਤਾ ਵੀ ਹੁੰਦੀ ਹੈ ਪਰ ਸਿਆਸੀ ਅਖਾੜੇ ਵਿਚ ਤਾਕਤ ਹਾਸਲ ਕਰਨ ਲਈ ਵੀ ਧਾਰਮਕ ਤੌਰ ਤੇ ਬਹੁਤ ਕੁਝ ਕੀਤਾ ਜਾ ਸਕਦਾ ਹੈ। ਸਤਿਗੁਰਾਂ ਨੇ ਜੋ ਫੌਜ ਵਿਚ ਰਹਿੰਦਿਆਂ ਠੀਕ ਠੀਕ ਅਨੁਭਵ ਕੀਤਾ ਉਹ ਸੀ ਰਾਜੇ ਤੇ ਪ੍ਰਜਾ ਵਿਚ- "ਆਤਮਿਕ ਸ਼ਕਤੀ ਦੀ ਘਾਟ ਤੇ ਮਾਦਾ ਪ੍ਰਸਤੀ ਦਾ ਬੋਲ ਬਾਲਾ।

ਆਪਨੇ ਵੇਖ ਲਿਆ ਸੀ ਕਿ ਸਿੱਖ ਕਿਵੇਂ ਡੋਗਰਿਆਂ ਦੇ ਹਥਾਂ ਤੇ ਚੜ੍ਹਕੇ ਨੱਚ ਰਹੇ ਸਨ। ਹੁਣ ਰਣਜੀਤ ਸਿੰਘ ਵੀ ਓਹ ਰਣਜੀਤ ਸਿੰਘ ਨਹੀਂ ਸੀ ਰਿਹਾ, ਉਹਦਾ ਅੰਗਰੇਜ਼ ਨਾਲ ਮੇਲ ਜੋਲ ਤੇ ਉਹਨਾਂ ਨੂੰ ਪਾਰਟੀਆਂ ਦੇਂਦਿਆਂ ਵੇਖ ਆਪ ਇਸ ਵਿਚੋਂ ਵੀ ਕੁਝ ਹੋਰ ਹੀ ਵੇਖ ਰਹੇ ਸਨ, ਤਾਹੀਓਂ ਇਕ ਵਾਰ ਆਪਨੇ ਬੋਲੇ ਛਡੇ ਸਨ "ਏਥੇ ਵੀ (ਲਾਹੌਰ ਵਿਚ) ਹੁਣ ਅੰਗਰੇਜ਼ੀ ਵਾਜੇ ਵਜਣਗੇ।"

ਇਕ ਦਿਨ ਹਿੰਦੋਸਤਾਨ ਦਾ ਨਕਸ਼ਾ ਵੇਖ ਕੇ ਰਣਜੀਤ ਸਿੰਘ ਵੀ ਰੋ ਪਿਆ ਸੀ,-ਓਦੋਂ ਜਦੋਂ ਅਜ਼ੀਜ਼ਉਦੀਨ ਨੇ ਦੱਸਿਆ ਕਿ ਐਸ ਲਾਲ ਲਕੀਰ ਤਕ ਅੰਗਰੇਜ਼ ਕਾਬਜ਼ ਹੋ ਚੁਕੇ ਹਨ- ਇਹ ਲਾਲ ਲਕੀਰ ਸਤਿਲੁਜ ਤਕ ਅੰਗਰੇਜ਼ ਅਧਿਕਾਰ ਦੱਸ ਰਹੀ ਸੀ। ਮਹਾਰਾਜੇ ਨੇ

Namdhari Elibrary NamdhariElibrary@gmail.com

ਹਾਉਕਾ ਲੈ ਕੇ ਤੇ ਰੋ ਕੇ ਆਖਿਆ ਸੀ– ਕਿ ਮਤਾਂ ਮਸਤਾਨੇ ਦੇ ਬੋਲੇ ਠੀਕ ਹੀ ਹੋ ਜਾਣ? ਮੰਗਵਾਓ ਵਲਾਇਤੀ ਬੈਂਡ ਤੇ ਫੇਰੋ ਸਾਰੇ ਲਾਹੌਰ ਵਿਚ– ਓਹ ਭੋਲਾ ਕੀ ਜਾਣਦਾ ਸੀ ਕਿ ਮਸਤਾਨੇ ਦਾ ਮਤਲਬ ਇਹ ਨਹੀਂ ਜੋ ਉਹ ਸਮਝ ਰਿਹਾ ਹੈ-ਆਖਰ ਆਪ ਕੋਈ ਪਰੋਗਰਾਮ ਨਾਲ ਲੈ ਕੇ ਆਪਣੇ ਨਗਰ ਸ੍ਰੀ ਭੈਣੀ ਸਾਹਿਬ ਆ ਗਏ।

ਅੰਨ ਦੀ ਮਹਾਨਤਾ

ਆਤਮਿਕ ਤੌਰ ਤੇ "ਨਾਮ ਸਿਮਰਣ" ਨਾਲ ਹੀ ਭਾਵੇਂ ਮਨੁਖ ਬਲਵਾਨ ਹੁੰਦਾ ਹੈ ਪਰ ਸ਼ਰੀਰਕ ਤੌਰ ਤੇ ਅੰਨ ਤੋਂ ਬਿਨਾਂ ਕਦੀ ਮਨੁੱਖ ਬਲ ਪਰਾਪਤ ਨਹੀਂ ਕਰ ਸਕਦਾ। ਸਤਿਗੁਰਾਂ ਨੇ ਨਾਮ ਦਾਨ ਦੇ ਨਾਲ ਅੰਨ ਦਾਨ ਦੀ ਲੋਹ ਵੀ ਲਾ ਦਿਤੀ—ਤੇ ਹਰੇਕ ਨੂੰ ਬਿਨਾਂ ਜਾਤ ਪਾਤ ਪਾਪੀ-ਪੁੰਨੀ ਆਦਿ ਨੂੰ ਰੋਟੀ ਦੇਣ ਦਾ ਸਦਾ ਵਰਤ ਜਾਰੀ ਕਰ ਦਿਤਾ।

ਮੈਂ ਏਹ ਨਹੀਂ ਆਖਦਾ ਕਿ ਸਾਡੇ ਪਿਛਲੇ ਗੁਰੂਆਂ ਨੇ ਲੰਗਰ ਨਹੀਂ ਲਾਏ, ਪਰ ਜੇ ਚੰਗੀ ਤਰ੍ਹਾਂ ਸਾਰੇ ਸਿੱਖ ਇਤਿਹਾਸ ਦਾ ਮੁਤਾਲਿਆ ਕੀਤਾ ਜਾਵੇ ਤਾਂ ਅਜੇਹਾ ੨੪ ਘੰਟੇ ਦਾ ਅਤੁੱਟ ਲੰਗਰ ਨਾ ਪਿਛਲੇ ਸਮੇਂ ਤੇ ਨਾ ਅੱਜ ਦੁਨੀਆਂ ਦੇ ਤਖ਼ਤੇ ਤੇ ਮਿਲ ਸਕਦਾ ਹੈ। ਹਾਂ ਜੇ ਕਿਸੇ ਸੱਜਨ ਦੀ ਜਾਣਕਾਰੀ ਵਿਚ ਅਜੇਹੀ ਕੋਈ ਥਾਂ ਹੋਵੇ ਤਾਂ ਓਹ ਬੜੇ ਸ਼ੌਕ ਨਾਲ ਸਾਨੂੰ ਵੀ ਜਾਨਕਾਰੀ ਦੇ ਸਕਦਾ ਹੈ ਅਸੀਂ ਉਸ ਸੱਜਨ ਦੇ ਮਸ਼ਕੂਰ ਹੋਵਾਂਗੇ। ਹੁਣ ਅਸੀਂ ਵੇਖਣਾਂ ਹੈ ਕਿ ਅਜੇਹੇ ਜ਼ਬਰ ਦਸਤ ਲੰਗਰ ਚਲਾਣ ਲਈ ਕਿਉਂ ਆਪ ਤਿਆਰ ਹੋਏ।

ਅਜੇ ਆਪ ਕੇਵਲ ਦਸਾਂ ਵਰਿਹਾਂ ਦੇ ਹੀ ਸਨ ਜਦੋਂ ੧੮੨੫ ਵਿਚ ਇਕ ਬੜਾ ਭਾਰੀ ਕਾਲ ਪਿਆ ਜਿਸ ਵਿਚ ੧੦ ਲੱਖ ਆਦਮੀ ਭੁਖ ਨਾਲ ਵਿਲਕ ਵਿਲਕ ਕੇ ਮਰ ਗਏ। ਦੂਜੀ ਵਾਰ ਜਦੋਂ ਆਪ ਤ੍ਰੀਹਾਂ ਵਰਿਹਾਂ ਦੇ ਹੋਏ ੧੮੪੫ ਵਿਚ ਫੇਰ ਕਾਲ ਪੈ ਗਿਆ। ਇਸ ਵਿਚ ਵੀ ੪ ਲੱਖ ਬੰਦੇ ਭੁਖ ਨਾਲ ਤੜਪ ਤੜਪ ਕੇ ਮਰ ਗਏ।

ਜੇਹੜੇ ਕਾਲ ੧੮੫੦ ਤੋਂ ੧੮੭੨ ਦੇ ਸਮੇਂ ਵਿਚ ਪਏ ਉਹਨਾਂ ਨੇ ਆਪਦੇ ਦਿਲ ਦਿਮਾਗ ਉਤੇ ਬਹੁਤ ਵੱਡਾ ਅਸਰ ਕੀਤਾ। ਭਾਵ ਆਪਦੇ ਪ੍ਰਗਟ ਹੋਣ ਤੋਂ ੧੮੭੨ ਤਕ ੨੪ ਕਾਲ ਪੈ ਚੁਕੇ ਸਨ ਜਿਹਨਾਂ ਵਿਚ ਭਾਰਤ ਦੇ ੬੪ ਲੱਖ ਬੰਦੇ ਭੁਖ ਨਾਲ ਤਬਾਹ ਹੋ ਚੁਕੇ ਸਨ।

ਆਪ ਏਹ ਜਾਣਕੇ ਹੋਰ ਹੈਰਾਨ ਹੋਵੋਗੇ ਕਿ ਜੇਹੜੇ ਕਾਲ ਸਤਿਗੁਰੂ ਹਰੀ ਸਿੰਘ ਸਮੇ ਪਏ ਓਹਨਾਂ ਵਿਚ ੧ ਕਰੋੜ ੫੦ ਲੱਖ ਬੰਦੇ ਭੁਖ ਨਾਲ ਮਰ ਗਏ ਸਨ।

ਹੁਣ ਪਾਠਕ ਅੰਦਾਜ਼ਾ ਲਾ ਲੈਣ ਕਿ ਏਡੀ ਜ਼ਬਰਦਸਤ ਲੋਹ ਚਲਾਣ ਦਾ ਕੀ ਭਾਵ ਸੀ, ਦੁਨੀਆਂ ਦੇ ਤਖਤੇ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਭਾਵ ਸ੍ਰੀ ਭੈਣੀ ਸਾਹਿਬ ਦੀ ਹੀ ਇਕ ਲੋਹ ਲੰਗਰ ਸੀ ਜਿਥੇ ਇਕ ਇਕ ਹਜ਼ਾਰ ਕਾਲ ਪੀੜਤਾਂ ਦੀ ਪੰਗਤ ਹਰ ਰੋਜ਼ ਇਕ ਵਾਰ ਲਗਦੀ ਸੀ, ਪਰ ਅੰਨ ਕਦੀ ਖ਼ਤਮ ਨਹੀਂ ਸੀ ਹੋਇਆ।

ਅੰਨ ਦੀ ਪੂਰੀ ਪੂਰੀ ਵਰਤੋਂ ਕਰਨ ਵਾਸਤੇ ਹੀ ਆਪਨੇ- 'ਥਾਲੀ ਧੋਕੇ ਪੀਣ' ਦੀ ਪਰੰਪਰਾ ਚਲਾਈ। ਏਹੋ ਵਜ੍ਹਾ ਸੀ ਕਿ ਆਪ ਨੇ ਲੰਗਰ ਵਾਸਤੇ ਪੈਸੇ ਤੇ ਰੁਪੈਆਂ ਨਾਲੋਂ ਮੁਠੀ ਭਰ ਦਾਣਿਆਂ ਨੂੰ ਜ਼ਿਆਦਾ ਮਹਾਨਤਾ ਦਿਤੀ। ਏਹੋ ਕਾਰਨ ਸੀ ਕਿ ਦਾਣਿਆਂ ਦੇ ਬੋਹਲ ਕੋਲ ਜੁਤੀ ਲਾਹ ਕੇ ਜਾਣ ਦਾ ਆਪ ਨੇ ਸੰਦੇਸ਼ ਦਿਤਾ ਤੇ ਅੰਨ ਨੂੰ ਪਵਿੱਤ੍ਰ ਹੋ ਕੇ ਤਿਆਰ ਕਰਨਾ ਦੱਸਿਆ, ਏਹੋ ਕਾਰਨ ਸੀ ਕਿ ਗਊ ਘਾਤਕ ਨੂੰ ਵੀ ਰੋਟੀ ਖਵਾਨ ਦੀ ਕਰੜੀ ਪ੍ਰੇਰਨਾ ਕੀਤੀ।

ਆਪ ਇਹ ਚੰਗੀ ਤਰ੍ਹਾਂ ਜਾਣ ਚੁੱਕੇ ਸਨ ਕਿ ਏਡੇ ਏਡੇ ਕਾਲ ਸਾਡੇ ਦੇਸ਼ ਵਿਚ ਕਿਉਂ ਪੈ ਰਹੇ ਸਨ, ਆਪ ਨੇ ਇਸ ਅੰਨ ਸੰਕਟ ਦੇ ਮਸਲੇ ਨੂੰ ਵੀ ਅੰਗਰੇਜ਼ ਦੀ ਡੂੰਘੀ ਚਾਲ ਸਮਝਿਆ ਸੀ।

ਅੰਗਰੇਜ਼ ਹਿੰਦੋਸਤਾਨ ਵਿਚੋਂ ਅੰਨ ਇੰਗਲੈਂਡ ਭੇਜ ਰਿਹਾ ਸੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਹੇਠ ਲਿਖੇ ਅਨੁਸਾਰ ਅੰਨ ਏਥੋਂ ਇੰਗਲੈਂਡ ਜਾ ਚੁਕਾ ਸੀ-੧੮੪੯ ਵਿਚ- ੮ ਲੱਖ ੫੮ ਹਜ਼ਾਰ ਪੌਂਡ ਭਾਵ ੮੫ ਲੱਖ ੮੦ ਹਜ਼ਾਰ ਰੁਪਏ ਦਾ।

੧੮੫੮ ਵਿਚ- ੩੮ ਲੱਖ ਪੌਂਡ-ਭਾਵ ੩ ਕਰੋੜ ੯੦ ਲੱਖ ਰੁਪੈ ਦਾ।

ਸ੍ਰੀ ਗੁਰੂ ਹਰੀ ਸਿੰਘ ਜੀ ਦੇ ਸਮੇਂ

੧੮੭੭ ਵਿਚ-੭੯ ਲਖ ਪੌਂਡ-ਭਾਵ ੭ ਕਰੋੜ ੯੦ ਲੱਖ ਰੁਪਏ ਦਾ।

੧੯੦੧ ਵਿਚ-੪੩ ਲੱਖ ਪੌਂਡ-ਭਾਵ ੧੩ ਕਰੋੜ ੯੫ ਲੱਖ ਰੁਪਏ ਦਾ।

੧੯੧੪ ਵਿਚ- ੧ ਕਰੋੜ ੯੩ ਲੱਖ ਪੌਂਡ ਭਾਵ ੨੮ ਕਰੋੜ ੯੫ ਲੱਖ ਰੁਪਏ ਦਾ।

੧੮੪੯ ਨਾਲੋਂ ੧੯੧੪ ਵਿਚ ਬਾਈ ਗੁਣਾਂ ਵਧੀਕ ਅੰਨ ਭਾਰਤ ਵਿਚੋਂ ਵਿਲਾਇਤ ਭੇਜਿਆ ਗਿਆ। (ਓਦੋਂ ਦੇ ਮਣ ਕੱਚਾ ੧ ਰੁਪੈ ਦਾ ਅੰਨ ਵਿਕਦਾ ਸੀ) ਕੀ ਏਹ ਕੋਈ ਛੋਟਾ ਮੋਟਾ ਪ੍ਰੀਵਰਤਨ ਸੀ ਜੇਹੜਾ ਅੰਗ੍ਰੇਜ਼ਾ ਦੇ ਰਾਜ-ਨਾਲ ਭਾਰਤ ਵਿਚ ਆਇਆ? ਪੰਜਾਬ ਅੰਨ ਦੇ ਲਿਹਾਜ਼ ਨਾਲ ਬੜੀ ਵਡੀ ਮਹਾਨਤਾ ਰਖਦਾ ਸੀ। ਏਥੇ ਵੀ ਅੰਨ ਦੀ ਤੋਟ ਆ ਗਈ, ਕਿਉਂਕਿ ਏਥੋਂ ਵੀ ਅੰਨ ਦਾ ਨਿਕਾਸ ਜਾਰੀ ਸੀ। ਲੋਕੀਂ ਆਪਣੀਆਂ ਲੋੜਾਂ ਨੂੰ ਮੁੱਖ ਰਖਕੇ ਬੱਚੇ ਬੱਚੀਆਂ ਨੂੰ ਭੁਖੇ ਰਖਕੇ ਵੀ ਅੰਨ ਵੇਚਣ ਲਈ ਮਜਬੂਰ ਸਨ। ਏਹੋ ਵਜ੍ਹਾ ਸੀ ਕਿ ਦੀਨ ਦਿਆਲ ਨੇ ਲੋੜਾਂ ਘਟਾਨ ਤੇ ਅੰਨ ਬਚਾਣ ਦਾ ਸੰਦੇਸ਼ ਘਰ ਘਰ ਦਿੱਤਾ ਸੀ। ਨਾਮਧਾਰੀਆਂ ਨੂੰ ਏਹ ਵੀ ਦਸਿਆ ਕਿ -'ਮੋਟਾ ਠੁਲ੍ਹਾ ਤੇ ਥੋੜਾ ਖਾ ਕੇ ਲੋੜ-ਵੰਦਾਂ ਲਈ ਅੰਨ ਬਚਾ ਕੇ ਸਮਾਜ ਉੱਤਮ ਨਿਯਮਾਂ ਦੀ ਪਾਲਣਾ ਕਰੋ।

ਨਹਿਰਾਂ ਤੇ ਰੇਲਾਂ ਦਾ ਬਾਈਕਾਟ

ਬਹੁਤ ਸਿਆਣੇ ਲੋਕ ਵੀ ਕਈ ਵਾਰੀ ਅੰਗਰੇਜ਼ ਤੋਂ ਕੁਰਬਾਨ ਜਾਂਦੇ ਸੁਣੇ ਗਏ ਹਨ। ਉਹਨਾਂ ਦੇ ਵਿਚਾਰ ਅਨੁਸਾਰ ਉਸ ਨੇ ਸਾਡੇ ਦੇਸ਼ ਵਿਚ ਨਹਿਰਾਂ ਤੇ ਮੁਰੱਬੇ ਲੋਕਾਂ ਨੂੰ ਦੇ ਕੇ ਸਾਡੀ ਆਰਥਕਤਾ (ਪੈਸੇ) ਵਿਚ ਵਾਧਾ ਕੀਤਾ ਸੀ। ਪਰ ਸ੍ਰੀ ਸਤਿਗੁਰੂ ਰਾਮ ਸਿੰਘ ਤੇ ਆਪਦੇ ਸਿਖਾਂ ਨੇ ਨਹਿਰਾਂ ਤੇ ਮੁਰੱਬਿਆਂ ਦਾ ਵੀ ਬਾਈਕਾਟ ਕੀਤਾ, ਕਿਉਂਕਿ ਇਸ ਵਿਚ ਵੀ ਬੜਾ ਭਾਰੀ ਰਾਜ਼ ਸੀ।

ਸੱਚੇ ਪਾਤਸ਼ਾਹ ਅੰਗਰੇਜ਼ ਦੀ ਕੁਟਲ ਨੀਤੀ ਨੂੰ ਚੰਗੀ ਤਰ੍ਹਾਂ ਜਾਨ ਗਏ ਸਨ। ਆਪ ਇਹ ਅਨੁਭਵ ਕਰ ਚੁੱਕੇ ਸਨ ਕਿ ਅੰਗਰੇਜ਼ ਭਾਰਤੀਆਂ ਦਾ ਯਾਰ ਬਣਕੇ ਭਾਰਤ ਵਿਚ ਨਹੀਂ ਆਇਆ। ਸਗੋਂ ਇਹ ਈਸਟ ਇੰਡੀਆ ਕੰਪਨੀ ਜੋ ਕੁਝ ਕਰ ਰਹੀ ਹੈ, ਨਿਰੋਲ ਆਪਣੇ ਮੁਨਾਫੇ ਵਾਸਤੇ ਕਰ ਰਹੀ ਹੈ।

ਆਪ ਬਾਰ ਬਾਰ ਭਾਰਤੀਆਂ ਨੂੰ ਵੰਗਾਰਕੇ ਆਖਦੇ ਸਨ—'ਕਿ ਓਹ ਲੋਕ ਭੁਲਦੇ ਹਨ, ਜੇਹੜੇ ਨਹਿਰਾਂ ਰੇਲਾਂ ਤਾਰਾਂ ਆਦਿ ਨੂੰ ਬੜੇ ਸ਼ੁਕਰੀਏ ਸਹਿਤ ਅੰਗਰੇਜ਼ ਦੀ ਦਾਤ ਮੰਨਦੇ ਹਨ, ਕੀ ਆਪ ਡਾਕ ਦੀ ਵਰਤੋਂ ਕਰਨੀ ਨਹੀ ਸਨ ਜਾਣਦੇ? ਉਹ ਨਹੀ ਸਨ ਦੂਰ ਦੁਰਾਡੇ ਸਿਖਾਂ ਨੂੰ ਸੰਦੇਸ਼ ਭੇਜ ਸਕਦੇ ? ਸਗੋਂ ਆਪਦੇ ਸਿਖਾਂ ਨੇ ਤਾਂ ਔਖਿਆਂ ਹੋਕੇ ਕਈ ਕਈ ਮੀਲਾਂ ਪੈਦਲ ਯਾਤ੍ਰਾ ਕਰਕੇ ਡਾਕ ਦਾ ਆਪਣਾ ਪ੍ਰਬੰਧ ਕੀਤਾ ਹੋਇਆ ਸੀ, ਜਿਸ ਪ੍ਰਬੰਧ ਤੋਂ ਅੰਗ੍ਰੇਜ਼ ਵੀ ਹੈਰਾਨ ਸੀ। ਅਸਲ ਵਿਚ ਭਾਰਤੀ ਲੋਕ ਅੰਗ੍ਰੇਜ਼ ਦੇ ਸ਼ੈਦਾਈ ਬਣਦੇ ਜਾ ਰਹੇ ਸਨ ਤੇ ਗੁਣ ਗਾਉਂਦੇ ਨਹੀਂ ਸੀ ਥੱਕਦੇ। ਦੀਨ ਦਿਆਲ ਤੋਂ ਬਿਨਾਂ ਕਿਸੇ ਭਾਰਤ ਵਾਸੀ ਨੇ ਵੀ

Namdhari Elibrary NamdhariElibrary@gmail.com

ਅੰਗ੍ਰੇਜ਼ ਦੀ ਕੁਟਲ ਨੀਤੀ ਨੂੰ ਨਹੀਂ ਸੀ ਜਾਣਿਆ।

ਆਓ ਆਪਾਂ ਉਸ ਵੇਲੇ ਦੇ ਹਾਲਾਤ ਸਾਹਮਣੇ ਰਖਕੇ ਅੰਗ੍ਰੇਜ਼ ਦੀ ਨੀਤੀ ਨੂੰ ਜਾਣੀਏ।

ਹਿੰਦੋਸਤਾਨ ਦੀ ਉਪਜਾਊ ਧਰਤੀ ਨੂੰ ਵੇਖਕੇ ਅੰਗ੍ਰੇਜ਼ ਦੇ ਮੂੰਹ ਵਿਚ ਪਾਣੀ ਭਰ ਆਇਆ। ਉਸਨੇ ਇਹ ਪੱਕਾ ਫੈਸਲਾ ਕਰ ਲਿਆ ਕਿ ਏਥੇ (ਭਾਰਤ ਵਿਚ) ਵਧ ਤੋਂ ਵਧ ਕੱਚੇ ਮਾਲ ਦੀ ਉਪਜ ਕੀਤੀ ਜਾਵੇ, ਤੇ ਪੱਕਾ ਮਾਲ ਵਿਲਾਇਤ ਵਿਚ ਤਿਆਰ ਕਰਕੇ ਫੇਰ ਏਥੇ ਵੇਚਿਆ ਜਾਵੇ। ਧਰਤੀ ਨੂੰ ਉਪਜਾਊ ਬਨਾਣ ਲਈ ਅੰਗ੍ਰੇਜ਼ ਨੇ ਪਹਿਲੋਂ ਦੋ ਕੰਮ ਕੀਤੇ।

ਪਹਿਲਾ– ਨਹਿਰਾਂ ਦਾ ਜਾਲ ਵਿਛਾਣਾ।

ਦੂਜਾ– ਬਾਰਾਂ ਨੂੰ ਆਬਾਦ ਕਰਾਣ ਦਾ।

ਭਾਵੇਂ ਏਨ੍ਹਾਂ ਦੋ ਕੰਮਾਂ ਤੋਂ ਲੋਕਾਂ ਨੂੰ ਵੀ ਸਹੂਲਤਾਂ ਪੁਜੀਆਂ, ਖਾਸ ਕਰਕੇ ਸਿਖ ਤਬਕਾ ਤਾਂ ਆਪਣੇ ਆਪ ਨੂੰ ਮਾਲਾ ਮਾਲ ਹੋਇਆ ਮੰਨਣ ਲੱਗ ਪਿਆ ਤੇ ਅੰਗ੍ਰੇਜ਼ ਨੂੰ ਹਰ ਪਾਸੇ ਤੋਂ ਅਸੀਸਾਂ ਮਿਲਣ ਲਗ ਪਈਆਂ, ਪਰ ਨਾਮਧਾਰੀਆਂ ਨੇ ਏਸ ਜਾਲ ਵਿਚ ਫਸਣ ਤੋਂ ਇਨਕਾਰ ਕਰ ਦਿਤਾ। ਗੁਰੂ ਹਰੀ ਸਿੰਘ ਜੀ ਨੇ ਭੈਣੀ ਸਾਹਿਬ ਦੇ ਲੰਗਰ ਨੂੰ ਕਾਲ ਪੀੜਤਾਂ ਦੀ ਸੇਵਾ ਬਦਲੇ ਜੋ ਅੰਗ੍ਰੇਜ਼ ਵੱਲੋਂ ੧੦੦ ਮੁਰਬੇ ਦੀ ਦਾਤ ਮਿਲ ਰਹੀ ਸੀ–ਉਸ ਨੂੰ ਕੌਡੀ ਜਿੰਨੀ ਮਹਾਨਤਾ ਵੀ ਨਾ ਦਿੱਤੀ ਤੇ ਹੋਰ ਵੀ ਕਈ ਨਾਮਧਾਰੀਆਂ ਨੇ ਸਰਕਾਰ ਦੇ ਦਿਤੇ ਮੁਰਬੇ ਕਬੂਲ ਨਾ ਕੀਤੇ ਜਿਵੇਂ ਸੰਤ ਨਿਹਾਲ ਸਿੰਘ ਪਿੰਡ, ਔਲੜ ਜ਼ਿਲਾ ਲੁਦਿਹਾਣਾ ਵਾਲਿਆਂ ਮੁਰੱਬਿਆਂ ਦੀਆਂ ਮਿਲੀਆਂ ਪਰਚੀਆਂ ਨੂੰ ਵੀ ਦਬਾ ਛਡਿਆ ਤੇ ਕਿਹਾ ਅਸਾਂ ਬਿੱਲੇ ਵੱਲੋਂ ਮਿਲੀ ਕੋਈ ਭੇਟਾ ਕਬੂਲ ਨਹੀਂ ਕਰਨੀ "ਮੇਰੇ ਚੀਨੀ ਵਾਲੇ ਦਾ ਹੁਕਮ ਨਹੀਂ।"

ਲੋਕਾਂ ਨੂੰ ਜ਼ਮੀਨਾਂ ਦੇਣ ਤੇ ਨਹਿਰਾਂ ਕਢਣ ਦਾ ਉਸ ਵੇਲੇ ਇਕੋ ਇਕ ਮਕਸਦ ਸੀ ਕਿ ਲੋਕਾਂ ਦੀਆਂ ਅੱਖਾਂ ਵਿਚ ਘਟਾ ਪਾਕੇ ਅਪਣੇ ਦੇਸ ਦੀਆਂ ਮਿੱਲਾਂ ਦਾ ਕੱਚੇ ਮਾਲ ਨਾਲ ਢਿਡ ਭਰਿਆ ਜਾਵੇ ਤੇ ਇਥੋਂ ਦੇ ਵਸਨੀਕਾਂ ਦੇ ਦਿਲਾਂ ਵਿਚ ਅਪਣੀ ਕਦਰ ਵਧਾਈ ਜਾਵੇ। ਸਚੇ ਪਾਤਸ਼ਾਹ ਚੂੰਕਿ ਏਸ ਚਾਲ ਨੂੰ ਸਮਝ ਚੁਕੇ ਸਨ ਏਸ ਲਈ ਆਪ ਅਤੇ ਆਪਦੇ ਸਿਖਾਂ ਨੇ ਜ਼ਮੀਨਾ ਤੇ ਨਹਿਰਾਂ ਦੇ ਖਿਲਾਫ ਨਾਹਰਾ ਲਾ ਦਿਤਾ।

ਹੁਣ ਕੱਚੇ ਮਾਲ ਦੀ ਪੈਦਾ ਵਾਰ ਵਧਾਣ ਲਈ ਏਹ ਜ਼ਰੂਰੀ ਸੀ ਅੰਗ੍ਰੇਜ਼ ਕਿ ਇਥੇ ਨਹਿਰਾਂ, ਰੇਲਾਂ ਤੇ ਸੜਕਾਂ ਦਾ ਇੰਤਜ਼ਾਮ ਕਰੇ।

> ***'ਮਾਰਕਸ' ਨੇ (੧੮੫੩) ਓਦੋਂ ਏਹ ਲਿਖਿਆ ਸੀ ਕਿ– "ਮੈਂ ਜਾਨਦਾ ਹਾਂ ਕਿ ਅੰਗ੍ਰੇਜ਼ ਮਿਲ ਮਾਲਕ ਹਿੰਦੋਸਤਾਨ ਵਿਚ ਸਿਰਫ ਏਸ ਲਈ ਰੇਲਾਂ ਚਲਾਉਣਾ ਚਾਹੁੰਦਾ ਹੈ ਕਿ ਉਹ ਅਪਣੀਆਂ ਮਿਲਾਂ ਵਾਸਤੇ ਥੋੜੇ ਤੋਂ ਥੋੜੇ ਖਰਚ ਵਿਚ ਅਪਣੇ ਦੇਸ਼ ਨੂੰ ਕੱਚਾ ਮਾਲ ਭੇਜ ਸਕੇ।"***

ਸਤਿਗੁਰੂ ਰਾਮ ਸਿੰਘ ਜੀ ਤੋਂ ਬਿਨਾਂ ਅਪਣੇ ਦੇਸ਼ ਵਿਚ ਅੰਗ੍ਰੇਜ਼ ਦੀ ਨੀਤੀ ਨੂੰ ਕਿਸੇ ਵੀ ਨਾ ਜਾਣਿਆਂ। ਹਾਂ ਜਰਮਨੀ ਦੇ ਪ੍ਰਸਿਧ ਵਿਅਕਤੀ ਕਮਿਊਨਿਜ਼ਮ ਸਿਧਾਂਤ ਦੇ ਮੋਢੀ 'ਮਾਰਕਸ' ਨੇ (੧੮੫੩) ਓਦੋਂ ਏਹ ਲਿਖਿਆ ਸੀ ਕਿ– "ਮੈਂ ਜਾਨਦਾ ਹਾਂ ਕਿ ਅੰਗ੍ਰੇਜ਼ ਮਿਲ ਮਾਲਕ ਹਿੰਦੋਸਤਾਨ ਵਿਚ ਸਿਰਫ ਏਸ ਲਈ ਰੇਲਾਂ ਚਲਾਉਣਾ ਚਾਹੁੰਦਾ ਹੈ ਕਿ ਉਹ ਅਪਣੀਆਂ ਮਿਲਾਂ ਵਾਸਤੇ ਥੋੜੇ ਤੋਂ ਥੋੜੇ ਖਰਚ ਵਿਚ ਅਪਣੇ ਦੇਸ਼ ਨੂੰ ਕੱਚਾ ਮਾਲ ਭੇਜ ਸਕੇ।" ਅਗੇ ਚਲਕੇ 'ਮਾਰਕਸ' ਨੇ ਕਿਹਾ ਹੈ ਕਿ "ਰੇਲਾਂ ਦੇ ਚਾਲੂ ਹੋਣ ਨਾਲ ਇਹ ਵੀ ਹੋਵੇਗਾ ਕਿ ਅੰਗ੍ਰੇਜ਼ ਏਥੇ ਵੀ ਕਈ ਨਵੇਂ ਕਾਰਖਾਨੇ ਖੋਹਲ ਸਕੇਗਾ। ਪਰ ਵਲਾਇਤੀ ਮਾਲ ਅਤੇ ਏਥੇ ਲਗੇ ਕਾਰਖਾਨਿਆਂ ਦੇ ਮਾਲ ਨਾਲ ਹਿੰਦੋਸਤਾਨ ਦੇ ਪੁਰਾਣੇ ਧੰਧੇ ਸਭ ਨਸ਼ਟ ਹੋ ਜਾਣਗੇ।"

ਮਾਰਕਸ ਨੇ ਅਗਸਤ ੧੮੫੩ ਈ: ਵਿਚ ਕਿਹਾ ਸੀ ਕਿ।

'ਮੁਗਲ ਬਾਦਸ਼ਾਹ ਨਾਲੋਂ ਅੰਗ੍ਰੇਜ਼ ਦੀ ਰਾਜਨੀਤਕ ਏਕਤਾ ਬਹੁਤ ਵਧੇਰੇ ਹੈ ਤੇ ਤਾਰ ਦੇ ਖੰਭਿਆਂ ਨਾਲ ਹੋਰ ਏਕਤਾ ਵਧੇਗੀ।" (ਆਜ ਕਾ ਭਾਰਤ)

੧੮੫੩ ਵਿਚ ਲਾਰਡ ਡਲਹੌਜ਼ੀ ਅੰਗ੍ਰੇਜ਼ ਨੇ ਰੇਲਾਂ ਬਾਰੇ ਕਿਹਾ ਸੀ ਕਿ–

ਹਿੰਦੋਸਤਾਨ ਵਿਚ ਵਲੈਤੀ ਮਾਲ ਦੀ ਖਪਤ ਤੇ ਕੱਚਾ ਮਾਲ ਵਿਲੈਤ ਭੇਜਣ ਲਈ ਬੜੇ ਵਡੇ ਪੈਮਾਨੇ ਤੇ ਰੇਲਾਂ ਬਨਾਣਾਂ ਜ਼ਰੂਰੀ ਹੈ ਇਸ ਨਾਲ ਜੋ ਫਾਇਦਾ ਇੰਗਲਿਸਤਾਨ ਨੂੰ ਪਹੁੰਚੇਗਾ ਉਹ ਮੇਰੀ ਸਮਝ ਵਿਚ ਅਕੱਥਨੀਯ ਹੈ। ਵਲਾਇਤ ਵਿਚ ਰੂੰ ਦੀ ਮੰਗ ਬਰਾਬਰ ਵਧਦੀ ਜਾ ਰਹੀ ਹੈ ਹਿੰਦੋਸਤਾਨ ਵਿਚ ਰੂੰ ਬੀ ਪੈਦਾ ਹੁੰਦੀ ਹੈ ਏਥੋਂ ਹਰ ਕੰਮ ਵਸਤੇ ਵਧੀਆ ਰੂਈ ਮਿਲ ਸਕਦੀ ਹੈ ਪਰ ਸ਼ਰਤ ਇਹ ਹੈ ਕਿ ਬੜੇ ਬੜੇ ਮੈਦਾਨ ਪਾਰ ਕਰਕੇ ਬੰਦਰ ਗਾਹਾਂ ਦੇ ਜਹਾਜ਼ਾਂ ਤਕ ਮਾਲ ਲੈ ਜਾਣ ਲਈ ਜੇ ਚੰਗੇ ਸਾਧਨ ਹੋਣ ਤਾਂ ਦੁਨੀਆਂ ਦੇ ਏਸ ਹਿਸੇ (ਭਾਰਤ) ਵਿਚ ਸਾਨੂੰ ਨਵੀਂ ਮੰਡੀ ਮਿਲ ਰਹੀ ਹੈ ਤੇ ਅਜੇਹੀ ਹਾਲਤ ਵਿਚ ਮਿਲ ਰਹੀ ਹੈ ਕਿ ਦੁਨੀਆਂ ਦੇ ਬੜੇ ਵੱਡੇ ਵੱਡੇ ਦਿਮਾਗ ਵੀ ਇਹ ਅੰਦਾਜ਼ਾ ਨਹੀ ਲਾ ਸਕਦੇ ਕਿ ਅੱਗੋਂ ਚਲਕੇ ਇਸਤੋਂ ਸਾਨੂੰ ਕਿੰਨਾ ਕੁ ਮੁਨਾਫਾ ਹੋਵੇਗਾ ਅਤੇ ਏਥੇ ਕਿਨਾਂ ਮਾਲ ਖਪੇਗਾ–"

"ਜਾਦੂ ਉਹ ਜੋ ਸਿਰ ਚੜ ਚੋਲੇ" ਇਹ ਇਕ ਅੰਗ੍ਰੇਜ਼ ਲਾਟ ਦੀ ਲਿਖਤੀ ਗੱਲ ਹੈ ਜੋ ਇਛਾਵਾਂ ਰੇਲਾਂ ਤੇ ਸੜਕਾਂ ਬਾਰੇ ਉਸ ਵੇਲੇ ਅੰਗ੍ਰੇਜ਼ ਦੀਆਂ ਸਨ ਉਹ ਏਸ ਅੰਗ੍ਰੇਜ਼ ਨੇ ਸਾਫ ਸਾਫ ਪ੍ਰਗਟ ਕਰ ਦਿਤੀਆਂ ਸਨ, ਹੁਣ ਪਾਠਕ ਅੰਦਾਜ਼ਾ ਲਾ ਲੈਣ ਕਿ ਰੇਲਾਂ ਸੜਕਾਂ ਤਾਰ ਖੰਭਿਆਂ ਤੇ ਹੋਰ ਵਕਤੀ ਕਾਢਾਂ ਭਾਰਤੀ ਲਾਭ ਹਿਤ ਸਨ ਜਾਂ ਅੰਗ੍ਰੇਜ਼ ਦੇ ਆਪਣੇ ਲਾਭ ਲਈ। ਉਸ ਵੇਲੇ ਸਤਿਗੁਰਾਂ ਨੇ ਕਿਸੇ ਕਾਰਨ ਵਸ ਹੀ ਏਨ੍ਹਾਂ ਚੀਜ਼ਾਂ ਦੀ ਵਰਤੋਂ ਬੰਦ ਕੀਤੀ ਸੀ ਐਵੇਂ ਅਕਾਰਨ ਬੇ ਸੋਚੇ ਸਮਝੇ ਨਹੀਂ।

ਵਦੇਸ਼ੀ ਕਪੜੇ ਦਾ ਬਾਈਕਾਟ

ਗਾਂਧੀ ਜੀ ਤੋਂ ਪਹਿਲਾਂ ਜੇ ਕਿਸੇ ਬਦੇਸੀ ਕਪੜੇ ਨੂੰ ਘਿਰਣਤ ਅੱਖਾਂ ਨਾਲ ਵੇਖਿਆ ਤਾਂ ਉਹ ਸਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜੋ ਭਾਰਤ ਦੇ ਮਸਲੇ ਵਿਚ ਤੇ ਦੇਸ਼ ਦੇ ਕਾਰੀਗਰਾਂ ਦੇ ਅਹਿਤਾਂ ਵਿਚ ਭਾਰਤੀ ਦੀ ਦੁਰਦਸ਼ਾ ਦੀਨ ਦਿਆਲ ਜੀ ਦੇ ਸਮੇਂ ਵਿਚ ਹੋਈ ਉਹ ਕਿੱਸਾ ਬਹੁਤ ਲੰਮਾ ਹੈ ਪਰ ਫੇਰ ਵੀ ਪਾਠਕਾਂ ਨੂੰ ਵੰਨਗੀ ਮਾਤ੍ਰ ਪੇਸ਼ ਕਰਨਾ ਆਪਣਾ ਫਰਜ਼ ਸਮਝਦਾ ਹਾਂ ਤਾਕਿ ਪਾਠਕਾਂ ਨੂੰ ਸਤਿਗੁਰਾਂ ਦੀ ਸੁਦੇਸ਼ੀ ਕਪੜਾ ਵਰਤਣ ਤੇ ਵਿਦੇਸ਼ੀ ਕਪੜੇ ਦੇ ਬਾਈਕਾਟ ਦੀ

Namdhari Elibrary NamdhariElibrary@gmail.com

ਫਿਲਾਸਫੀ ਚੰਗੀ ਤਰ੍ਹਾਂ ਸਮਝ ਵਿਚ ਆ ਸਕੇ।

ਸਤਿਗੁਰਾਂ ਤਾਂ ਅੰਗਰੇਜ਼ ਨੀਤੀ ਨੂੰ ਭੰਡਣਾ ਹੀ ਸੀ, ਪਰ ਤੁਸੀਂ ਵੇਖੋ ਕਈ ਅੰਗਰੇਜ਼ ਲਿਖਾਰੀਆਂ ਨੇ ਵੀ ਉਸ ਸਮੇਂ ਦੀ ਬ੍ਰਿਟਿਸ਼ ਨੀਤੀ ਨੂੰ ਕਿਵੇਂ ਕੋਸਿਆ ਜਾਵੇ।

ਕੁਝ ਅੰਗ੍ਰੇਜ਼ਾਂ ਦੀਆਂ ਰਪੋਟਾਂ

੧. ਸਰਚਾਰਲਸ ਟ੍ਰੇਬੇਲੀਅਨ

ਪਾਰਲੀਮੈਂਟ ਦੀ ਜਾਂਚ ਦਾ ਉਤ੍ਰ ਦੇਂਦਿਆਂ 'ਸਰ ਚਾਰਲਸ ਟ੍ਰੇਬੇਲੀਅਨ' ਨੇ ਕਿਹਾ ਸੀ 'ਢਾਕਾ' ਦੀ ਆਬਾਦੀ ਡੇਢ ਲੱਖ ਤੋਂ ਘਟਕੇ ੩੦ ਜਾਂ ੪੦ ਹਜ਼ਾਰ ਰਹਿ ਗਈ ਹੈ, ਜੰਗਲ ਤੇ ਮਲੇਰੀਆ ਬੁਖਾਰ ਬਹੁਤ ਛੇਤੀ ਸ਼ਹਿਰ ਨੂੰ ਤਬਾਹ ਕਰ ਦੇਣਗੇ।

ਢਾਕਾ ਹਿੰਦੋਸਤਾਨ ਦਾ 'ਮਾਨਚੈਸਟਰ' ਸੀ ਇਕ ਫਲਦੇ ਫੁਲਦੇ ਤਾਕਤਵਰ ਸ਼ਹਿਰ ਤੋਂ ਹੁਣ ਓਹ ਬਹੁਤ ਹੀ ਗਰੀਬ ਤੇ ਛੋਟਾ ਜੇਹਾ ਨਗਰ ਬਨ ਗਿਆ ਹੈ, ਉਸਨੂੰ ਬਹੁਤ ਹੀ ਤਬਾਹੀ ਦਾ ਸਾਮਣਾ ਕਰਨਾ ਪਿਆ ਹੈ ।

੨. ਲਾਰਡ ਮਾਂਟ ਗੁਮਰੀ

ਸੂਰਤ– ਢਾਕਾ-ਮੁਰਸ਼ਦਾਬਾਦ ਆਦਿ ਸ਼ਹਿਰ ਜਿਥੇ ਹਿੰਦੋਸਤਾਨੀ ਮਾਲ ਤਿਆਰ ਹੁੰਦਾ ਸੀ, ਏਸ ਤਰ੍ਹਾਂ ਤਬਾਹ ਹੋਏ ਹਨ ਕਿ ਏਨ੍ਹਾਂ ਦਾ ਜ਼ਿਕਰ ਕਰਨਾ ਨਹੀਂ ਬਣਦਾ। ਮੇਰੀ ਸਮਝ ਵਿਚ ਈਮਾਨਦਾਰੀ ਨਾਲ ਵਪਾਰ ਕਰਨ ਬਦਲੇ ਉਹਨਾਂ ਦੀ ਏਹ ਹਾਲਤ ਨਹੀਂ ਹੋਈ। ਮੈਂ ਕਹਾਂਗਾ ਕਿ ਸ਼ਾਹ ਜ਼ੋਰ ਨੇ ਆਪਣੀ ਤਾਕਤ ਨਾਲ ਕਮਜ਼ੋਰ ਨੂੰ ਕੁਚਲ ਦਿੱਤਾ ਹੈ।

੩. ਹੈਨਰੀ ਕਾਟਨ

ਇਸ ਅੰਗਰੇਜ਼ ਨੇ ਇਕ ਲੇਖ ਵਿਚ ਦਸਿਆ ਹੈ ਕਿ ਅਜੇ ੧੦੦ ਸਾਲ ਵੀ ਨਹੀਂ ਹੋਏ ਜਦੋਂ ਢਾਕੇ ਵਿੱਚੋਂ ੧ ਕਰੋੜ ਰੁਪਏ ਦਾ ਮਾਲ ਬਾਹਰ ਜਾਂਦਾ ਸੀ ਤੇ ਸ਼ਹਿਰ ਵਿਚ ਦੋ ਲੱਖ ਬੰਦੇ ਵਸਦੇ ਸਨ। ੩੦ ਲੱਖ ਦੀ ਸਿਰਫ ਮਲਮਲ ਇਕੱਲੇ ਇੰਗਲੈਂਡ ਵਿਚ ਵਿਕਦੀ ਸੀ ਪਰ ਉਸਦਾ ਵਿਕਣਾ ਉਨ੍ਹਵੀਂ ਸਦੀ ਦੇ ਮੁਢ ਵਿੱਚ ਬਿਲਕੁਲ ਬੰਦ ਹੋ ਗਿਆ। ਕਤਾਈ ਤੇ ਬੁਨਾਈ ਕਲਾ ਜਾਨਣ ਵਾਲੇ ਸੈਆਂ ਵਰਿਹਾਂ ਤੋਂ ਏਸ ਧੰਧੇ ਰੁਜ਼ਗਾਰ ਵਿਚ ਲਗੇ ਹੋਏ ਸਨ, ਇਹ ਕਲਾ ਹੁਣ ਖਤਮ ਹੋ ਗਈ ਹੈ ਤੇ ਹਜ਼ਾਰਾਂ ਆਦਮੀ ਜੋ ਇਸ ਪੇਸ਼ੇ ਨਾਲ ਪਲਦੇ ਸਨ ਬੇਕਾਰ ਹੋ ਗਏ ਹਨ। ਜੋਹੜੇ ਪਰਵਾਰ ਖਾਂਦੇ, ਪੀਂਦੇ ਮੌਜ ਨਾਲ ਦਿਨ ਬਿਤਾ ਰਹੇ ਸਨ ਓਹ ਹੁਣ ਮਜਬੂਰ ਹੋਕੇ ਰੋਟੀ ਦੀ ਤਲਾਸ਼ ਵਿਚ ਸ਼ਹਿਰ ਛੱਡਕੇ ਪਿੰਡਾਂ ਨੂੰ ਭੱਜ ਗਏ ਹਨ ਏਹ ਤਬਾਹੀ ਢਾਕੇ ਵਿਚ ਹੀ ਨਹੀਂ ਸਗੋਂ ਸਭ ਜ਼ਿਲਿਆਂ ਵਿਚ ਵੇਖੀ ਜਾ ਰਹੀ ਹੈ। ਕੋਈ ਵੀ ਐਸਾ ਸਾਲ ਨਹੀਂ ਬੀਤਦਾ ਜਦੋਂ ਕਮਿਸ਼ਨਰ ਜਾਂ ਜ਼ਿਲੇ ਦੀ ਸੂਚਨਾਂ ਨਹੀਂ ਦੇਂਦੇ ਕਿ ਹਰ ਬੰਨੇ ਹੱਥ-ਕਾਰੀਗਰ ਲੋਕ ਚੌਪਟ (ਤਬਾਹ) ਹੋ ਰਹੇ ਹਨ।

੪. ਮਿਸਟਰ ਬੋਚਰ

'ਇਹ ਜਾਣਕੇ ਅੰਗਰੇਜ਼ਾਂ ਨੂੰ ਦੁਖ ਹੋਵੇਗਾ ਕਿ ਜਦੋਂ ਦਾ ਭਾਰਤ "ਈਸਟ ਇੰਡੀਆ ਕੰਪਨੀ" ਦੇ ਹੱਥ ਆਇਆ ਹੈ ਓਦੋਂ ਦੀ ਏਸ ਦੇਸ਼ ਦੇ ਲੋਕਾਂ ਦੀ ਹਾਲਤ ਪਹਿਲੇ ਨਾਲੋਂ ਖਰਾਬ ਹੋ ਗਈ ਹੈ।

ਏਹ ਸੁੰਦਰ ਦੇਸ਼ ਆਪਣੀ ਇਛਾ ਨਾਲ ਰਾਜ ਕਰਨ ਵਾਲੇ (ਮੁਗਲ) ਰਾਜ ਵਿਚ ਵੀ ਵਸਦਾ ਫੁਲਦਾ ਰਿਹਾ ਹੈ, ਹੁਣ ਹਕੂਮਤ ਵਿਚ ਅੰਗ੍ਰੇਜ਼ਾਂ ਦਾ ਸ਼ਾਸਨ ਹੋਣ ਨਾਲ ਤਬਾਹੀ ਦੀ ਹਾਲਤ ਨੂੰ ਪਹੁੰਚ ਰਿਹਾ ਹੈ।

੫. ਵਿਲਯਮ ਫੁਲਰਟਨ ਐਮ.ਪੀ.

ਏਸ ਅੰਗਰੇਜ਼ ਨੇ ਇਕ ਬਿਆਨ ਵਿਚ ਕਿਹਾ ਹੈ-'ਪਹਿਲਾਂ ਏਹ ਦੇਸ਼, ਤਿਆਰ ਮਾਲ ਵਪਾਰ ਅਤੇ ਦੌਲਤ ਦਾ ਖਜ਼ਾਨਾ ਸੀ, ਪਰ ਸਾਡੇ ਬੁਰੇ ਢੰਗ ਨੇ ਏਸ ਜ਼ੋਰ ਸ਼ੋਰ ਨਾਲ ਕੰਮ ਕੀਤਾ ਹੈ ਕਿ ਥੋੜ੍ਹੇ ਸਮੇਂ ਵਿਚ ਹੀ ਬਹੁਤ ਸਾਰੇ ਇਲਾਕੇ ਵੀਰਾਨ ਹੋ ਗਏ ਹਨ. ਖੇਤਾਂ ਵਿਚ ਹਲ ਨਹੀਂ ਜੋਏ ਜਾਂਦੇ ਜਾਂ ਬਹੁਤ ਸਾਰੀ ਜ਼ਮੀਨ ਉਤੇ ਜੰਗਲੀ ਝਾੜੀਆਂ ਉਗ ਪਈਆਂ ਹਨ। ਬਹੁਤ ਕਿਸਾਨਾਂ ਨੂੰ ਲੁਟਿਆ ਜਾ ਰਿਹਾ ਹੈ, ਕਾਰੀਗਰਾਂ ਨੂੰ ਸਤਾਇਆ ਜਾ ਰਿਹਾ ਹੈ, ਲੋਕਾਂ ਨੂੰ ਬਾਰ ਬਾਰ ਕਾਲ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ, ਜਿਸ ਨਾਲ ਆਬਾਦੀ ਦਾ ਮਿਟਣਾ ਸ਼ੁਰੂ ਹੋ ਗਿਆ ਹੈ।

ਮਿ: ਬਰਕ— ਜੇ ਅਸੀ ਅੱਜ ਹਿੰਦੋਸਤਾਨ ਵਿਚੋਂ ਕੱਢ ਦਿਤੇ ਜਾਈਏ ਤਾਂ ਓਥੇ ਕੋਈ ਵੀ ਅਜਿਹੀ ਚੀਜ਼ ਨਾ ਰਹਿ ਜਾਵੇਗੀ ਜਿਸ ਤੋਂ ਮਲੂਮ ਹੋਵੇ ਕਿ "ਏਥੇ ਸਾਡੀ ਹਕੂਮਤ ਦੇ ਮਨਹੂਸ ਜ਼ਮਾਨੇ ਵਿਚ ਚੀਤੇ ਜਾਂ ਗੁਰੀਲਿਆਂ ਤੋਂ ਬਿਨਾਂ ਮਨੁਖਾਂ ਨੇ ਵੀ ਰਾਜ ਕੀਤਾ ਹੈ।"

ਲਾਰਡ ਕਾਰਨਵਾਲਿਸ — ਏਸ ਅੰਗਰੇਜ਼ ਗਵਰਨਰ ਨੇ ਇਕ ਸੱਚੀ ਗੱਲ ਇਹ ਕਹੀ ਹੈ ਕਿ 'ਮੈਂ ਵਿਸ਼ਵਾਸ ਸਹਿਤ ਕਹਿ ਸਕਦਾ ਹਾਂ ਕਿ ਕੰਪਨੀ ਦੇ ਰਾਜ ਦਾ ਤੀਸਰਾ ਹਿੱਸਾ ਜੰਗਲ ਹੈ, ਜਿਥੇ ਡਰਾਉਣੇ ਪਸ਼ੂ ਹੀ ਰਹਿੰਦੇ ਹਨ।

ਇਹ ਉਪਰੋਕਤ ਹਵਾਲੇ ਆਜ ਕਾ ਭਾਰਤ ਵਿਚੋਂ ਧੰਨਵਾਦ ਸਹਿਤ ਪ੍ਰਾਪਤ ਕੀਤੇ ਹਨ। ਇਹ ਸ਼ਹਾਦਤਾਂ ਖਾਸ ਜ਼ਿੰਮੇਵਾਰ ਅੰਗਰੇਜ਼ਾਂ ਦੀਆਂ ਹਨ ਜਿਨ੍ਹਾਂ ਨੇ ਹਿੰਦੋਸਤਾਨ ਦੇ ਕੁਝ ਸ਼ਹਿਰਾਂ ਦੀ ਹਾਲਤ ਵੇਖਕੇ ਸਚਾਈ ਪ੍ਰਗਟ ਕਰਨ ਤੋਂ ਸੰਕੋਚ ਨਹੀਂ ਕੀਤਾ।

ਕੀ ਸਤਿਗੁਰੂ ਰਾਮ ਸਿੰਘ ਜੀ ਦੇਸ਼ ਦੇ ਲੱਖਾਂ ਕਾਰੀਗਰਾਂ ਨੂੰ ਬਰਬਾਦ ਹੁੰਦੇ ਵੇਖ ਸਕਦੇ ਸਨ ? ਕਦੀ ਨਹੀਂ। ਅਸਲ ਵਿਚ ਆਪ ਦੇ ਸਮੇ ਦਾ ਹਿੰਦੋਸਤਾਨ ਮਹਾਨ ਕਸ਼ਟਾਂ ਭਰਪੂਰ ਭਾਰਤ ਸੀ. ਅੰਗਰੇਜ਼ ਲੋਕਾਂ ਨੂੰ ਦਸਤਕਾਰੀ ਵੱਲੋਂ ਜ਼ਬਰਦਸਤੀ ਹਟਾ ਰਿਹਾ ਸੀ. ਉਸਨੇ ਸਾਧਨ ਹੀ ਅਜੇਹੇ ਪੈਦਾ ਕਰ ਦਿਤੇ ਸੀ. ਜਿਸ ਨਾਲ ਕੋਈ ਦਸਤਕਾਰ ਭਾਈਚਾਰਾ ਰਹਿ ਹੀ ਨਾ ਜਾਏ, ਸ਼ਹਿਰਾਂ ਚੋਂ ਕਾਰੀਗਰ ਨਿਕਲ ਨਿਕਲ ਪਿੰਡਾਂ ਨੂੰ ਭੱਜ ਰਹੇ ਸਨ। ਹਿੰਦੁਸਤਾਨੀ ਕਾਰੀਗਰਾਂ ਨੂੰ ਅੱਤ ਦੀਆਂ ਤਕਲੀਫਾਂ ਦੇਕੇ ਕਈਆਂ ਨੂੰ ਅੰਗਹੀਣ ਬਨਾਇਆ ਜਾ ਰਿਹਾ ਸੀ। ਭਾਰਤੀ ਮਾਲ ਤੇ ੫੦ ਫੀਸਦੀ ਚੁੰਗੀ ਲਾਕੇ ਵਿਦੇਸ਼ਾਂ ਵਿਚ ਵਿਕਣਾਂ ਬੰਦ ਕੀਤਾ ਗਿਆ ਸੀ। ਅੰਗਰੇਜ਼ੀ ਮਾਲ ਨੂੰ ਕੇਵਲ ੩ ਫੀਸਦੀ ਟੈਕਸ ਲਾਕੇ ਭਾਰਤ ਵਿਚ ਸੁਟਿਆ ਜਾ ਰਿਹਾ ਸੀ। ਘਰੇਲੂ ਧੰਧੇ (ਦਸਤਕਾਰੀ) ਛੱਡ ਕੇ ਲੋਕਾਂ ਨੂੰ ਮੁਜਾਰੇ ਬਣਕੇ ਵਾਹੀ ਕਰਨੀ ਪੈ ਰਹੀ ਸੀ।

ਅੰਗਰੇਜ਼ ਵੀ ਕੇਵਲ ਏਹੋ ਚਾਹੁੰਦਾ ਸੀ ਕਿ ਕਾਰੀਗਰ, ਕਪੜਾ ਭਾਂਡੇ ਲੋਹੇ ਦਾ ਸਮਾਨ ਬਨਾਣਾਂ ਛੱਡ ਕੇ ਉਹਨਾਂ ਵਾਸਤੇ ਕਪਾਹ ਤਿਲ ਜੂਟ ਤੇ ਹੋਰ ਅਜੇਹਾ ਕੱਚਾ ਮਾਲ ਤਿਅਰ ਕਰਨ ਜਿਸ ਨਾਲ ਉਹਨਾਂ ਦੀਆਂ ਮਿਲਾਂ ਚਲਦੀਆਂ ਰਹਿਕੇ ਭਾਰਤ ਦੀ ਮੰਡੀ ਵਿਚ ਫੇਰ ਪੱਕਾ ਮਾਲ ਸੁਟ ਸਕਣ।

ਅੰਗ੍ਰੇਜ਼ ਦੀਆਂ ਇਹਨਾਂ ਨੀਤੀਆਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸਮਝਿਆ ਸੀ ਤੇ ਆਜ਼ਾਦੀ ਦੀ ਜੰਗ ਵਿਚ ਅੰਗ੍ਰੇਜ਼ੀ ਮਾਲ ਦੇ ਬਾਈਕਾਟ ਦਾ ਅਮਲੀ ਤਰੀਕਾ ਅਪਨਾ ਕੇ ਅੰਗ੍ਰੇਜ਼ੀ ਹਕੂਮਤ ਨੂੰ ਇਕ ਤਰ੍ਹਾਂ ਨਾਲ ਨਿਹੱਥਿਆਂ ਕਰਕੇ ਭਜਾਉਣ ਦਾ ਬੰਦੋਬਸਤ ਕੀਤਾ ਸੀ।

Namdhari Elibrary NamdhariElibrary@gmail.com

ਗੁਰ ਨਾਨਕ-ਫੁਲਵਾੜੀ ਵਿਚ ਬਸੰਤ ਲਿਆਉਣ ਵਾਲਾ

ਸੂ: ਅਵਤਾਰ ਸਿੰਘ ਜੀ 'ਅਜ਼ਾਦ'

ਘਟ ਹੀ ਧਿਆਨ ਦਿਤਾ ਹੈ ਕਿਸੇ ਨੇ ਉਸ ਗਿਰਾਉ ਵੱਲ, ਜਿਸਦੇ ਕਾਰਨ ਖਾਲਸੇ ਦੀ ਸਿੰਘਸੱਤਾ ਦਾ ਵਿਨਾਸ਼ ਹੋਇਆ ਸੀ। ਪੱਤ-ਝੜ ਦੀਆਂ ਘੋਰ-ਤਬਾਹੀਆਂ ਨੇ ਗੁਰੂ ਨਾਨਕ ਦੇਵ ਜੀ ਦੀ ਫੁਲਵਾੜੀ ਨੂੰ ਭਿਆਨਕ ਤਰ੍ਹਾਂ ਨਾਲ ਤਰੁੰਡ ਮਰੁੰਡ ਦਿਤਾ ਸੀ। ਸਾਡੀ ਧਾਰਮਿਕ, ਸਮਾਜਿਕ ਤੇ ਰਾਜਸੀ ਗਿਰਾਵਟ ਨੇ ਹੇਠਲੇ ਤਲ ਨੂੰ ਜਾ ਛੁਹਿਆ ਸੀ ਅਤੇ ਅਜੇ ਸਿਖ-ਰਾਜ ਦਾ ਸੂਰਜ ਨਹੀਂ ਸੀ ਅਸਤਿਆ, ਜਦ ਜਿਲਾ ਲੁਧਿਆਣਾ ਦੇ ਇਕ ਪਸਿਤੇ ਪਰ ਨਿਕੇ ਜਹੇ ਗਿਰਾਂ ਵਿਚ ਇਕ ਮਹਾਂ ਪੁਰਸ਼ ਨੇ ਜਨਮ ਲਇਆ। ਇਕ ਸਾਧਾਰਣ ਜਿਹਾ ਕਿਰਤੀ ਬਾਬਾ ਜੱਸਾ ਸਿੰਘ , ਜਿਸਨੂੰ ਉਸ ਮਾਨਵਤਾ ਦੇ ਆਦਰਸ਼-ਪੁਰਸ਼ ਦੇ ਪਿਤਾ ਹੋਣ ਦਾ ਮਾਣ ਮਿਲਿਆ, ਉਸਨੇ ਕਦੇ ਸੁਫਨੇ ਵਿਚ ਵੀ ਇਹ ਕਿਆਸ-ਅਨੁਮਾਨ ਨਹੀਂ ਕੀਤਾ ਹੋਵੇਗਾ ਕਿ ਉਸਦੀ ਵੰਸ਼ ਵਿਚ ਕਲਿਜੁਗ ਵਿਚ ਸਤਿਜੁਗ ਵਰਤਾਣ ਵਾਲਾ-ਪ੍ਰਭੂ ਦਾ ਆਪਣਾ, ਠਾਕਰ ਅਕਾਲ ਪੁਰਖ ਦਾ ਮਾਨਵੀ-ਆਕਾਰ ਰੂਪ ਮਾਨ ਹੋ ਪਰਗਟਿਆ ਹੈ।

ਦਸਵੇਂ ਸਤਿਗੁਰਾਂ ਦਾ ਬਚਨ ਹੈ:

"ਜਬ ਜਬ ਹੋਤ ਅਰਿਸਟ ਅਪਾਰਾ।
ਤਬ ਤਬ ਦੇਹ ਧਰਤ ਅਵਤਾਰਾ।"

ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨੇ ਵੀ ਕਹਿਆ ਹੈ- "ਜਦੋਂ ਜਦੋਂ ਵੀ ਧਰਮ ਵਿਚ ਗਿਲਾਨੀ ਔਂਦੀ ਹੈ, ਓਦੋਂ ਓਦੋਂ ਹੀ ਮੈਂ ਧਰਮ ਨੂੰ ਉਬਾਰਨ, ਸੰਤਾਂ-ਸਾਧੂਆਂ ਦੀ ਰਖਿਆ ਕਰਨ ਅਤੇ ਦੁਸ਼ਟਾਂ ਨੂੰ ਸੰਘਾਰਨ-ਨਾਸ਼ ਕਰਨ ਲਈ ਮੈਂ ਆਉਂਦਾ ਹਾਂ।"

ਗੀਤਾ ਦੇ ਇਸ ਸ਼ਲੋਕ ਨੂੰ ਕਿਸੇ ਨੇ ਇੰਜ ਵੀ ਅਨੁਵਾਦਿਆ ਹੈ-

"ਜਬ ਜਬ ਹੋਤ ਧਰਮ ਕੀ ਹਾਨੀ।
ਤਬ ਤਬ ਆਵਤ ਸਾਰੰਗ ਪਾਣੀ।"

ਕੁਰਾਨ ਵਿਚ ਵੀ ਆਇਤ ਆਉਂਦੀ ਹੈ ਕਿ- "ਮੈਂ, ਪ੍ਰਭੂ, ਹਰ ਕੌਮ ਤੇ ਹਰ ਦੇਸ ਵਿਚ ਲੋਕਾਂ ਨੂੰ ਸੁਮਾਰਗ ਦਿਖਾਉਣ ਲਈ ਆਪਣੇ ਪੈਗੰਬਰਾਂ-ਰੱਬੀ ਸੰਦੇਸਾ ਪੁਚਾਉਣ ਵਾਲੇ ਮਹਾਂ ਪੁਰਸ਼ਾਂ ਨੂੰ ਭੇਜਦਾ ਹਾਂ। ਰਸੂਲ ਦਾ ਅਰਥ ਹੈ, ਜੋ ਰਬ ਜੀ ਦਾ ਧੁਰੋਂ ਉਸਦੀ ਸੱਚ-ਦਰਗਾਹੋਂ ਸਨੇਹਾ ਲੈ ਕੇ ਆਵੇ। ਜਿਵੇਂ ਅਗਿਆਨ-ਅੰਧਕਾਰ ਨੂੰ ਨਾਸ਼ ਕਰਨ ਵਾਲੇ ਨੂੰ ਗੁਰੂ ਕਹਿਆ ਜਾਂਦਾ ਹੈ, ਏਸ ਤਰ੍ਹਾਂ ਅਰਬੀ ਵਿਚ ਉਸ ਮਹਾਂ-ਪੁਰਸ਼ ਨੂੰ ਜਿਸ ਉਤੇ ਧੁਰ ਦੀ ਬਾਣੀ ਕਲਾਮ ਇਲਾਹੀ-ਉਤਰਦੀ ਹੈ ਅਤੇ ਜਿਹੜਾ ਭੁਲੇ ਭਟਕੇ ਮਨੁਖਾਂ ਨੂੰ ਸੱਚ ਦੀ ਟੇਕ ਲੈਣ ਦੀ ਪ੍ਰੇਰਨਾ ਦੇਂਦਾ ਹੈ, ਉਹ ਰਸੂਲ ਪੈਗੰਬਰ ਜਾਂ ਹਾਦੀ ਅਖਵਾਉਂਦਾ ਹੈ। ਕੁਰਾਨ ਵਿਚ ਇਬਰਾਨੀ ਪੈਗੰਬਰਾਂ ਤੇ ਉਹਨਾਂ ਦੀਆਂ ਧਰਮ-ਪੁਸਤਕਾਂ ਦੇ ਥਾਂ-ਥਾਂ ਤੇ ਹਵਾਲੇ ਹਨ, ਪੁਰਾਣਾਂ ਵਿਚ ਹਿੰਦੂ ਦੇਵੀ-ਦੇਵਤਿਆਂ ਅਤੇ ਅਵਤਾਰਾਂ ਜਾਂ ਰਿਸ਼ੀਆਂ ਮੁਨੀਆਂ ਦੇ ਪ੍ਰਸੰਗ ਆਉਂਦੇ ਹਨ, ਪਰ ਚਾਹੇ ਕੁਰਾਨੀ ਪ੍ਰਸੰਗ-ਕਥਾਵਾਂ ਹਨ, ਜਾਂ ਪੌਰਾਣਿਕ, ਉਹਨਾਂ ਰਾਹੀਂ ਸੱਚ, ਨੇਕੀ ਅਤੇ ਸਦਾਚਾਰ ਦ੍ਰਿੜ ਕਰਾਇਆ ਗਇਆ ਹੈ। ਸਭ ਦਾ ਇਕ ਹੀ ਮੱਤ ਹੈ ਕਿ ਸਮੇਂ ਸਮੇਂ ਸਿਰ ਸੱਚ ਆਚਾਰ ਤੋਂ ਥਿੜਕੇ ਲੋਕਾਂ ਦੇ ਉਧਾਰ ਲਈ ਮਹਾਨ-ਵਿਅਕਤੀਆਂ ਜਨਮ ਲੈਂਦੀਆਂ ਅਤੇ ਪਲ ਕੇ ਪਰਵਾਨ ਚੜ੍ਹਦੀਆਂ ਹਨ।

ਸਿਖ ਰਾਜ ਦੀ ਬਰਬਾਦੀ ਅਤੇ ਸਿਖ-ਸਮਾਜ ਦੀ ਹੈਰਾਨ ਕਰ ਦੇਣ ਵਾਲੀ ਗਿਰਾਵਟ ਦਾ ਪ੍ਰਤੀ ਕਰਮ ਹੋਣਾ ਹੀ ਸੀ ਅਤੇ ਉਹ ਪ੍ਰਤੱਖ ਹੋਇਆ। ਮਾਤਾ ਸਦਾ ਕੌਰ ਦੀ ਕੁਖ ਕਿੰਨੀ ਸੁਲਖਣੀ ਸੀ, ਜਿਸ ਵਿਚੋਂ ਭਗਤ-ਅਵਤਾਰ, ਰਾਮ ਰੂਪ ਅਤਿ ਸੋਹਣੇਰੇ ਤੇ ਦਿੱਬ-ਜੋਤਿ ਬਾਲਕ ਨੇ ਜਨਮ ਲਿਆ। ਕੱਲਰ ਵਿੱਚ ਕੰਵਲ ਪੈਦਾ ਹੋਣਾ ਇਸੇ ਨੂੰ ਆਖਦੇ ਹਨ। ਸ੍ਰੀ ਮਾਤਾ ਸਦਾ ਕੌਰ ਜੀ ਸੂਝਵਾਨ ਸਨ। ਉਹਨਾਂ ਨੇ ਆਪਣੇ ਨੈਣਾਂ ਦੇ ਨੂਰ ਨੂੰ ਗੁਰਮੁਖੀ ਅੱਖਰ ਪੜ੍ਹਾਏ। ਅੱਠ ਸਾਲ ਦੇ ਛੈਲ ਨੱਢੇ ਹੀ ਸਨ ਕਿ ਕਈ ਬਾਣੀਆਂ ਕੰਠ ਹੋ ਗਈਆਂ। ਹੋਨ ਹਾਰ ਬਰੂਟੇ ਦੇ ਪੱਤੇ ਜ਼ਰੂਰ ਚੀਕਨੇ ਅਤੇ ਵਿਲੱਖਣ ਹੁੰਦੇ ਹਨ, ਅਤੇ ਜਦੋਂ ਆਪ ਦੇ ਹਾਣੀ ਮੁੰਡੇ ਦੋਹੜੇ ਲਾਉਂਦੇ, ਮਿਰਜ਼ੇ ਦੀਆਂ ਸੱਦਾਂ ਹੇਕਦੇ ਅਤੇ ਜਵਾਨ ਹੀਰ ਦੀਆਂ ਕਲੀਆਂ ਗਾਉਂਦੇ, ਬਾਬਾ ਜੱਸਾ ਸਿਘ ਜੀ ਦੇ ਇਹ ਨੌ ਨਿਹਾਲ ਆਪਣੀ ਮਧੁਰ ਰਸੀਲੀ ਲੈਅ ਵਿੱਚ ਖੂੰਡੀਉਤੇ ਰੰਬਾ ਮਾਰਕੇ ਅਤੇ ਰਾਗ-ਤਾਲ ਕੱਢਕੇ ਸ਼ਬਦ ਪੜ੍ਹਕੇ ਆਲੇ ਦੁਆਲੇ ਵਿਚ ਕੋਈ ਅਨੋਖਾ ਅਤੇ ਅਨੁਪਮ ਰਸ ਭੱਰ ਦੇਂਦੇ।

ਉਹਨਾਂ ਦਿਆਂ ਨੈਣਾਂ ਵਿਚੋਂ ਓਸੇ ਤਰਸ-ਹਮਦਰਦੀ ਦੀਆਂ ਸ਼ੁਆਵਾਂ ਆਪਣੇ ਹਾਣੀਆਂ ਉਤੇ ਅਤੇ ਹੋਰ ਸੁਣਨ ਵੇਖਣ ਵਾਲਿਆਂ ਉਤੇ ਪੈਂਦੀਆਂ ਸਨ, ਜੋ ਕਦੇ ਮਹਾਂ ਬੁਧ, ਗੁਰੂ ਨਾਨਕ ਦੇਵ ਅਤੇ ਸ੍ਰੀ ਈਸਾ ਜੀ ਆਦਿ ਮਾਨਵ-ਹਿਤਕਾਰੀ ਮਹਾਂ ਪੁਰਸ਼ਾਂ ਦੇ ਨੈਣਾਂ ਵਿਚੋਂ ਪਈਆਂ ਹੋਣਗੀਆਂ।

ਆਪਣੇ ਜੀਵਨ ਦੇ ਕਈ ਪੜਾਅ ਲੰਘਕੇ ਉਹ ਉਸ ਸਮੇਂ ਖਾਲਸਾ ਫੌਜ ਵਿਚ ਭਰਤੀ ਹੋਏ, ਜਦੋਂ ਸਿਖਾਂ ਵਿਚ ਨਾ ਆਪਣੇ ਵਡਿਆਂ ਵਾਲੀ ਪਵਿੱਤਰ ਸੂਰਮਗਤੀ ਬਾਕੀ ਰਹੀ ਸੀ ਅਤੇ ਨਾ ਹੀ ਉਹ ਸਦਾਚਾਰਿਕ ਪਵਿੱਤ੍ਰਤਾ, ਜਿਸਦੀ ਗਵਾਹੀ ਕਾਜ਼ੀ ਨੂਰ ਮੁਹੰਮਦ ਵਰਗੇ ਉਹਨਾਂ ਮੁਸਲਮਾਨ ਇਤਿਹਾਸਕਾਰਾਂ ਨੇ ਵੀ ਦਿਤੀ ਹੈ,

Namdhari Elibrary NamdhariElibrary@gmail.com

ਜਿਹੜੇ ਤਅੱਸਬ, ਈਰਖਾ ਅਤੇ ਸਾੜੇ ਦੀ ਅੱਗ ਵਿੱਚ ਦਝਨ ਹੋ ਕੇ ਸਿੰਘ ਨੂੰ ਸਗ-(ਕੁਤੇ) ਲਿਖਣੋਂ ਵੀ ਸ਼ਰਮ ਮਹਿਸੂਸ ਨਹੀਂ ਕਰਦੇ। ਰਾਜ, ਭਾਗ, ਸਰਦਾਰੀਆਂ, ਜਾਗੀਰਾਂ ਅਤੇ ਧਨ ਦੀ ਪ੍ਰਾਪਤੀ ਨੇ ਨਿਰੀ ਸਿੱਖ-ਸਰਦਾਰਾਂ ਵਿਚ ਹੀ ਨਹੀਂ, ਆਮ ਸਿੱਖਾਂ ਵਿੱਚ ਵੀ ਗਿਰਾਵਟ ਲੈ ਆਂਦੀ ਸੀ ਧਰਮ-ਪ੍ਰਚਾਰ ਹੋਣਾ ਬੰਦ ਹੋ ਗਿਆ ਸੀ। ਪੁਜਾਰੀ ਅਤੇ ਮਹੰਤ ਧਾਰਮਿਕ ਰਹੁ-ਰੀਤ ਵਲੋਂ ਵੀ ਕੁਰਾਹੇ ਪਏ ਹੋਏ ਸਨ ਅਤੇ ਉਹਨਾਂ ਦੇ ਜੀਵਨ ਵਿੱਚ ਵੀ ਪਵਿੱਤ੍ਰਤਾ ਦੀ ਅੰਸ਼ ਬਾਕੀ ਨਹੀਂ ਸੀ ਰਹੀ। ਸਿੱਖ ਮਿਸਲਾਂ ਦੇ ਸਰਦਾਰਾਂ ਦਾ ਆਚਰਨ ਹੀ ਏਨਾ ਡਿਗ ਚੁੱਕਾ ਸੀ ਕਿ ਭੰਗੀ ਸਰਦਾਰ ਗੁਲਾਬ ਸਿੰਘ ਬਾਹਲੀ ਸ਼ਰਾਬ ਪੀ ਕੇ ਹੀ ਚਿੱਤ ਹੋ ਗਿਆ ਇਸ ਤੋਂ ਪਿਛੋਂ ਤਾਂ ਸਿੱਖ ਰਈਸਾਂ, ਰਾਜਿਆਂ, ਰਜਵਾੜਿਆਂ, ਸਰਦਾਰਾਂ ਤੇ ਜਾਗੀਰਦਾਰਾਂ ਵਿਚ ਉਹ ਸੱਭ ਕੁਝ ਆ ਗਿਆ, ਜਿਸਦੇ ਕਾਰਨ ਮੁਗਲਾਂ ਦਾ ਰਾਜ ਨਸ਼ਟ ਹੋਇਆ ਸੀ। ਮਹਾਂ ਕਵੀ ਇਕਬਾਲ ਨੇ ਕਿੰਨਾਂ ਸੋਹਣਾ ਕਿਹਾ ਹੈ:

ਆ ਤੁਝ ਕੋ ਬਤਾਊਂ ਮੈਂ,
ਤਕਦੀਰਿ ਅਮਮ ਕਿਆ ਹੈ ?
ਸ਼ਮਸ਼ੀਰੋ-ਸਿਨਾਂ ਅੱਵਲ,
ਤਾਊਸੋ ਰੁਬਾਬ ਆਖਿਰ।

ਪੰਜਾਬੀ ਵਿੱਚ ਇਸ ਕੱਥਨ ਨੂੰ ਅਸੀਂ ਇੰਜ ਆਖਾਂਗੇ:

ਆ ਤੈਨੂੰ ਦਸਾਂ ਮੈਂ, ਕੌਮਾਂ ਦੀ ਹੈ ਕੀ ਤਕਦੀਰ,
ਤਲਵਾਰ ਤਫੰਗ ਪਹਿਲਾ, ਤਾਊਸ ਰੁਬਾਬ ਅਖੀਰ।

ਸਿਖ ਵਡਕਿਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਬੰਦ ਬੰਦ ਵਖ ਕਰਵਾਏ, ਖੋਪਰੀਆਂ ਲੁਹਾਈਆਂ, ਆਰਿਆਂ ਨਾਲ ਤਨ ਚਿਰਵਾਏ, ਲਾਹੌਰ ਦੇ ਨਖਾਸ-ਬਾਜ਼ਾਰ ਵਿਚ ਫੀਤਾ ਫੀਤਾ ਹੋਕੇ ਉਡੇ , ਜਿਉਂਦੇ ਸਾੜੇ ਗਏ ਅਤੇ ਦੋ ਮਹਾਨ ਘਲੂ-ਘਾਰਿਆਂ ਵਿਚੋਂ ਹੋ ਕੇ ਲੰਘੇ, ਪਰ ਰਾਜ ਭਾਗ ਪ੍ਰਾਪਤ ਕਰਕੇ ਇਹ ਸਭ ਕੁਝ ਸੁਫਨਾ ਹੋ ਗਿਆ। ਬਾਣੀ ਪੜ੍ਹਨ ਵਾਲਿਆਂ ਅਤੇ ਨਾਮ ਜਪਣ ਵਾਲਿਆਂ ਦੀ ਸੰਖਿਆ ਘਟਦੀ ਘਟਦੀ ਬਹੁਤ ਹੀ ਘਟ ਗਈ। ਗੁਰਦਵਾਰਿਆਂ ਵਿੱਚ ਭੰਗਾਂ ਘੁਟਦੀਆਂ, ਡੇਡੇ ਮਲੇ ਜਾਂਦੇ ਤੇ ਛਤਰ-ਧਾਰਾ ਖਾਕੇ ਤਰਾਰੇ ਲਾਏ ਜਾਂਦੇ। ਨਾ ਕਥਾ ਹੁੰਦੀ ਨਾ ਪਾਠ ਹੁੰਦਾ ਅਤੇ ਨਾ ਹੀ ਕੀਰਤਨ ਕੀਤਾ ਜਾਂਦਾ। ਪਿੰਡਾਂ ਵਿੱਚ ਕੰਜਰੀਆਂ, ਭੰਡਾਂ ਨਾਚਿਆਂ, ਰਾਸਧਾਰੀਆਂ ਦੇ ਡੇਰੇ ਆਉਂਦੇ ਅਤੇ ਲੋਕ ਇਹਨਾਂ ਰੰਗ-ਤਮਾਸ਼ਿਆਂ ਵਿਚ ਪਾਣੀ ਵਾਂਗ ਰੁਪਇਆ ਰੋਹੜਦੇ। ਮਹੰਤ, ਪੁਜਾਰੀ, ਸੋਢੀ, ਬੇਦੀ, ਤ੍ਰੇਣ ਅਤੇ ਭੱਲੇ ਸਾਹਿਬਜ਼ਾਦੇ ਉਪਰੋਂ ਧਰਮ ਦਾ ਪਖੰਡ ਤਾਂ ਰਚਾਈ ਰਖਦੇ, ਪਰ ਉਹਨਾਂ ਦੇ ਅੰਦਰ ਜੀਵਨ-ਕਣੀ ਉਕੀ ਹੀ ਨਾ ਰਹੀ। ਸਿਖ ਰਾਜ ਬਰਬਾਦੀ ਦੇ ਨਾਲ ਮਾਨਸਿਕ ਗਿਰਾਵਟ ਦੀ ਵੀ ਕੋਈ ਧੁਰ-ਧਜ ਨਾ ਰਹੀ। ਹਰ ਪਾਸੇ ਗਿਲਾਨਤਾ ਅਤੇ ਮਲੀਨਤਾ ਦੀ ਦੁਰਗੰਧੀ ਉਠ ਖਲੋਤੀ ਸੀ ਕਿ ਭੈਣੀ ਸਾਹਿਬ ਤੋਂ ਸੂਰਜ ਰੂਪ ਮਹਾਂ ਸਰੂਪ ਪਰਦਿਪਤ ਹੋਇਆ। ਜਿਵੇਂ ਬਸੰਤ ਨਵ-ਰੰਗਣਾਂ ਦਾ ਕਾਫਲਾ ਨਾਲ ਲਈ ਆਉਂਦੀ ਹੈ, ਇਸ ਤਰ੍ਹਾਂ ਭੈਣੀ ਤੋਂ ਪ੍ਰਕਾਸ਼ ਮਾਨ ਹੋਏ ਗੁਰਦੇਵ ਦੇ ਪ੍ਰਗਟ ਹੋਕੇ ਸਾਮ੍ਹਣੇ ਆਉਣ ਨਾਲ ਕੋਈ ਨਵਾਂ ਨਿੱਘ-ਸਰੂਰ ਆਉਂਦਾ ਪ੍ਰਤੀਤ ਹੋਇਆ, ਧਰਤੀ ਨੂੰ ਸ਼ਾਦਾਬੀਆਂ ਮਿਲੀਆਂ, ਅਤੇ ਦੇਸ਼ ਨੂੰ ਮਹਾਨ ਆਗੂ, ਜਿਸ ਦੀ ਵਿਅਕਤੀ ਵਿਚੋਂ ਮਾਨਵਤਾ ਦਾ ਸਾਰਾ ਉਚਤਮ ਲਸ਼ ਲਸ਼ ਕਰ ਰਹਿਆ ਸੀ।

ਇਸ ਨੂਰੀ ਵਿਅਕਤੀ ਵਿਚ ਕਟਕਾਂ ਦੀ ਆਕਰਸ਼ਣ-ਸ਼ਕਤੀ ਸੀ ਜੇ ਉਹ ਫੌਜ ਵਿਚ ਭਰਤੀ ਹੋਇਆ, ਤਾਂ ਅਨੇਕ ਉਸਦੇ ਫੌਜੀ ਸਾਥੀ ਉਸਦੇ ਨੇੜੇ ਆਕੇ ਸਤਿ ਮਾਰਗ ਦੇ ਪਾਂਧੀ ਬਣੇ ਅਤੇ ਫੇਰ ਜਦ ਉਸ ਨੇ ਫੌਜ ਦੀ ਨੌਕਰੀ ਛਡਕੇ ਆਪਣੇ ਸੱਚੇ ਕਰਤਾਰ ਦੀ ਆਗਿਆ ਨਾਲ ਧਰਮ ਦਾ ਨਾਦ ਪੂਰਨਾ ਅਰੰਭ ਕੀਤਾ, ਤਾਂ ਦਿਨਾਂ ਵਿੱਚ ਪੰਜਾਬ ਦੀ ਹਰ ਨੁਕਰ ਵਿਚੋਂ ਅਕਾਲ ਅਕਾਲ ਦੀ ਗੁੰਜਾਰ ਆਉਣ ਲੱਗ ਪਈ। ਫੇਰ ਧਰਮ ਸਾਲਾਂ ਵਿੱਚ ਬਾਣੀ ਦੀ ਗੁੰਜਾਰ ਸ਼ੁਰੂ ਹੋ ਗਈ। ਥਾਂ ਥਾਂ ਹੱਲੇ ਦੇ ਸ਼ਬਦ ਪੜ੍ਹੇ ਜਾਣ ਲਗੇ। ਅੰਮ੍ਰਿਤ ਵੇਲੇ ਜਾਗਣ ਵਾਲੇ ਸਿੰਘ ਗੜਵੇ ਲੈਕੇ ਖੂਹਾਂ, ਸਰਾਂ ਉਤੇ ਪਹੁੰਚਦੇ ਅਤੇ ਉਹਨਾਂ ਦੀਆਂ ਰਸਨਾਂ ਬਾਣੀ ਦੇ ਪਾਠ ਨਾਲ ਪਵਿਤ੍ਰ ਹੁੰਦੀਆਂ। ਸਾਦਾ ਪਰ ਸਾਫ, ਸੁੱਛ ਬਾਣੇ ਪਾਕੇ ਗੁਰੂ ਜੀ ਦੇ ਉਹ ਸਤਿਕਾਰੇ ਪਿਆਰੇ ਸੰਤ ਭਗਤ ਜਿਥੇ ਬੈਠਦੇ, ਵਾਤਾਵਰਨ ਪਵਿਤ੍ਰ ਹੋ ਜਾਂਦਾ ਅਤੇ ਕੁਮਾਰਗ ਪਏ ਉਹਨਾਂ ਦੀ ਪ੍ਰੇਰਨਾ ਨਾਲ ਸੁਮਾਰਗ ਦੇ ਪਾਂਧੀ ਹੋ ਜਾਂਦੇ।

ਉਹਨਾਂ ਨੇ ਕੇਵਲ ਧਾਰਮਿਕ ਅਤੇ ਸਮਾਜਿਕ ਜਾਗ੍ਰਤਿ ਹੀ ਨਾ ਲਿਆਂਦੀ, ਸਗੋਂ ਪੰਜਾਬ ਦੀ ਮਿਹਨਤੀ ਸ੍ਰੇਣੀ ਵਿਚ ਵਿਸ਼ੇਸ਼ ਕਰਕੇ ਮਹਾਨ ਰਾਜਸੀ ਅੰਦੋਲਨ ਕਰਨ ਦਾ ਅਮਿਟ ਬਲ-ਪ੍ਰਾਕ੍ਰਮ ਅਤੇ ਅਜ਼ਾਦੀ ਲਈ ਮਰ ਮਿਟਣ ਦਾ ਵਲਵਲਾ ਪੈਦਾ ਕੀਤਾ। ਉਹਨਾਂ ਦੇ ਦਰਸ਼ਨਾਂ ਵਿਚ ਪਰਮ ਰਿਸ਼ੀਆਂ ਵਾਲਾ ਅਲੌਕਿਕ ਠੰਢਾ ਸੁਆਉ ਸੀ। ਮੁਖ-ਮੰਡਲ ਤੋਂ ਨੂਰਾਂ ਦੀ ਵਰਖਾ ਹੁੰਦੀ ਪਰਤੱਖ ਸਹੀ ਹੁੰਦੀ ਸੀ। ਜਿਸਨੇ ਵੀ ਦਰਸ਼ਨ ਕੀਤਾ, ਉਸ ਦਾ ਤਨ, ਮਨ ਸੀਤਲ ਹੋ ਗਿਆ। ਉਸ ਦਾ ਜੀਵਨ ਦੇਵਤਿਆਂ ਸਤਿ-ਪੁਰਖ ਸੰਤਾਂ ਵਾਲਾ ਹੋ ਗਿਆ। ਉਹਨਾਂ ਨੇ ਅਮਲ ਦੇ ਰੂਪ ਵਿਚ ਸੰਤ-ਖਾਲਸਾ ਦੀ ਮਰਯਾਦਾ ਆਪਣੇ ਸਰੂਪ ਤੋਂ ਪਰਚਲਤ ਕੀਤੀ। ਉਹ ਮਹਾਨ ਸੰਤ ਸਤਿਗੁਰੂ ਸਨ। ਉਹਨਾਂ ਨੇ ਸਿਖਾਂ ਦੇ ਜੀਵਨ ਵਿਚ ਪਲਟਾ ਲਿਆਂਦਾ, ਗੁਰਮਤ ਨੂੰ, ਹਾਂ ਉਸ ਗੁਰਮਤ ਦਾ ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਦੀ ਤਲਵਾਰ ਦੀ ਧਾਰ ਉਤੇ ਪਰਖ ਕਰਨ ਪਿਛੋਂ ਪ੍ਰਕਾਸ਼ਮਾਨ ਕੀਤਾ ਸੀ, ਨਵੇਂ ਸਿਰੇ ਪਰਦਿਪੱਤ ਕੀਤਾ। ਮੜ੍ਹੀ ਕਬਰ, ਪੱਥਰ, ਪੀਰ ਫਕੀਰ ਤੇ ਬੁੱਤ ਪੂਜਾ ਵਲੋਂ ਹੋੜ ਕੇ ਸਿੰਘਾਂ ਨੂੰ ਇਕ ਅਕਾਲ ਪੁਰਖ ਦਾ ਸ਼ਰਨਾਗਤ ਬਣਾਇਆ। ਅਕਾਲ ਪੁਰਖ ਹੀ ਨਿਰਭਉ ਤੇ ਨਿਰਵੈਰ ਹੈ ਅਤੇ ਜਿਹੜਾ ਉਸ ਨਿਰਭੈ ਤੇ ਨਿਰਵੈਰ ਨੂੰ ਆਪਣੇ ਮਨ ਮੰਦਰ ਵਿਚ ਸਥਾਪਤ ਕਰ ਲੈਂਦਾ ਹੈ, ਉਹ ਫੇਰ ਨਾ ਕਿਸੇ ਦਾ ਭੈ ਮੰਨਦਾ ਹੈ ਨਾ ਆਪ ਕਿਸੇ ਨੂੰ ਭੈ ਦੇਂਦਾ ਹੈ। ਪੰਜਵੇ ' ਸਤਿਗੁਰਾਂ ਦਾ ਬਚਨ ਵੀ ਹੈ:

ਨਿਰਭਉ ਜਪੈ, ਸਗਲ ਭਉ ਮਿਟੈ।

ਆਪਣੇ ਸਾਮ੍ਹਣੇ ਲਿਆਓ ਉਸ ਮਹਾਨ ਘਟਨਾ ਨੂੰ, ਜਿਹੜੀ ਮਲੇਰ ਕੋਟਲੇ ਦੇ ਰੱਕੜ ਵਿਚ ੧੭ ਜਨਵਰੀ ੧੮੭੨ ਨੂੰ ਵਾਪਰੀ। ਸ਼ਹੀਦ ਸਰਦਾਰ ਹੀਰਾ ਸਿੰਘ

ਬਾਣੀ ਪੜ੍ਹਨ ਵਾਲਿਆਂ ਅਤੇ ਨਾਮ ਜਪਣ ਵਾਲਿਆਂ ਦੀ ਸੰਖਿਆ ਘਟਦੀ ਘਟਦੀ ਬਹੁਤ ਹੀ ਘਟ ਗਈ। ਗੁਰਦਵਾਰਿਆਂ ਵਿੱਚ ਭੰਗਾਂ ਘੁਟਦੀਆਂ, ਡੇਡੇ ਮਲੇ ਜਾਂਦੇ ਤੇ ਛਤਰ-ਧਾਰਾ ਖਾਕੇ ਤਰਾਰੇ ਲਾਏ ਜਾਂਦੇ। ਨਾ ਕਥਾ ਹੁੰਦੀ ਨਾ ਪਾਠ ਹੁੰਦਾ ਅਤੇ ਨਾ ਹੀ ਕੀਰਤਨ ਕੀਤਾ ਜਾਂਦਾ। ਪਿੰਡਾਂ ਵਿੱਚ ਕੰਜਰੀਆਂ, ਭੰਡਾਂ ਨਾਚਿਆਂ, ਰਾਸਧਾਰੀਆਂ ਦੇ ਡੇਰੇ ਆਉਂਦੇ ਅਤੇ ਲੋਕ ਇਹਨਾਂ ਰੰਗ-ਤਮਾਸ਼ਿਆਂ ਵਿਚ ਪਾਣੀ ਵਾਂਗ ਰੁਪਇਆ ਰੋਹੜਦੇ। ਮਹੰਤ, ਪੁਜਾਰੀ, ਸੋਢੀ, ਬੇਦੀ, ਤ੍ਰੇਣ ਅਤੇ ਭੱਲੇ ਸਾਹਿਬਜ਼ਾਦੇ ਉਪਰੋਂ ਧਰਮ ਦਾ ਪਖੰਡ ਤਾਂ ਰਚਾਈ ਰਖਦੇ, ਪਰ ਉਹਨਾਂ ਦੇ ਅੰਦਰ ਜੀਵਨ-ਕਣੀ ਉਕੀ ਹੀ ਨਾ ਰਹੀ।

Namdhari Elibrary NamdhariElibrary@gmail.com

ਜੀ ਅਤੇ ਉਹਨਾਂ ਨਾਮਧਾਰੀ ਸਾਥੀਆਂ ਨੇ ਕਿਵੇਂ ਅਜਗਰੀ-ਤੋਪਾਂ ਦੇ ਦਹਾਨਿਆਂ ਅਗੇ ਸੀਨੇ ਤਾਣੇ ਸਨ। ਉਹਨਾਂ ਨੂੰ ਤੋਪਾਂ ਅਗੇ ਨੂੜਿਆ ਨਹੀਂ ਸੀ ਗਇਆ, ਉਹ ਉਸੇ ਤਰਾਂ, ਜਿਵੇਂ ਪਤੰਗੇ ਦੀਪਕ ਦੀ ਜੋਤਿ ਉਤੋਂ ਸਦਕੜੇ ਹੁੰਦੇ ਹਨ ਆਪਣੀਆਂ ਜਿੰਦੜੀਆਂ ਘੋਲ ਘੁਮਾਉਂਦੇ ਹਨ, ਆਪਣੇ ਕਰਤੱਵ ਤੋ ਨਿਛਾਵਰ ਹੋਏ। ਉਹਨਾਂ ਨੇ ਮੌਤ ਦਾ ਮੁਸਕਰਾਉਂਦੇ- ਹਸੂੰ-ਹਸੂੰ ਕਰਦੇ ਚਿਹਰਿਆਂ ਤੇ ਪ੍ਰੀਤਮ ਮਿਲਣੀ ਵਿਚ ਬੌਰਾਨੇ ਮਸਤਾਨੇ ਹੋਏ ਨੈਣਾਂ ਨਾਲ ਸਵਾਗਤ ਕੀਤਾ। ਉਹਨਾਂ ਵਿਚੋਂ ਕਿਸੇ ਦੇ ਚਿਹਰੇ ਉਤੇ ਵੀ ਚਿੰਤਾ, ਤੇ ਜਾਂ ਮੌਤ ਦੇ ਤ੍ਰਾਸ ਦਾ ਕੋਈ ਚਿੰਨ ਨਹੀਂ ਸੀ। ਉਹ ਇੰਜ ਸਮਝ ਰਹੇ ਸਨ ਜਿਵੇਂ ਤੋਪ ਨਾਲ ਉਡਣ ਸਾਰ ਉਹਨਾਂ ਦੀਆਂ ਆਤਮਾਵਾਂ ਸ਼ਹੀਦਾਂ ਦੀ ਅਮਰ ਪਦਵੀਂ ਪ੍ਰਾਪਤ ਕਰ ਜਾਣਗੀਆਂ ਪੁਲਿਸ ਕਪਤਾਨ ਪਰਕਿਨਜ਼ ਗਵਾਹੀ ਦੇਂਦਾ ਹੈ- "ਹੀਰਾ ਸਿੰਘ ਅਤੇ ਲਹਿਣਾ ਸਿੰਘ ਨੇ ਬਹੁਤ ਵਧੀਆ ਪੁਸ਼ਾਕਾਂ ਪਹਿਨੀਆਂ ਹੋਈਆਂ ਹਨ। ਉਹ ਅਮੀਰ ਆਦਮੀ ਹਨ। ਉਹਨਾਂ ਦੇ ਮੁੜ੍ਹੰਗਿਆਂ ਤੋਂ ਪ੍ਰਤੀਤ ਹੁੰਦਾ ਹੈ ਕਿ ਦ੍ਰਿੜ੍ਹ ਵਿਸ਼ਵਾਸੀ ਵੀਰ-ਪੁਰਸ਼ ਹਨ।"

ਆਪਣੀ ਡਾਇਰੀ ਵਿਚ ਉਹ ਦੂਜੇ ਨਾਮਧਾਰੀਆਂ ਦੀ ਨਿਰਭੈਤਾ ਦਾ ਜ਼ਿਕਰ ਇਹਨਾਂ ਸਬਦਾਂ ਵਿਚ ਕਰਦਾ ਹੈ-"ਕੈਦੀਆਂ ਵਿਚੋਂ ਬਾਹਲੇ ਹਨ, ਜੋ ਗਾਲੀਆਂ ਦੇਂਦੇ ਹਨ। ਉਹ ਖੁਲੇ ਡੁਲੇ ਸ਼ਬਦਾਂ ਵਿਚ ਆਖਦੇ ਹਨ ਕਿ ਅਸਾਂ ਇਹ (ਗੋਰਾ) ਸਰਕਾਰ ਨਹੀਂ ਰਹਿਣ ਦੇਣੀ। ਅਸੀਂ ਹੁਣ ਆਪਣੀ ਸਰਕਾਰ ਬਣਾਵਾਂਗੇ।"

ਇਹ ਨਿਰਭੈਤਾ ਉਹਨਾਂ ਸਿੰਘਾਂ ਨੂੰ ਕਿਸ ਨੇ ਦਿਤੀ ਸੀ ? ਮਹਾਨ ਸ਼ਕਤੀਸ਼ਾਲੀ ਅੰਗਰੇਜ਼-ਸਾਮਰਾਜ ਸ਼ਾਹੀ ਸੀਨਾ ਡਾਹਕੇ ਸੰਗਰਾਮ ਕਰਨ ਦਾ ਸਾਹਸ ਉਹਨਾਂ ਨੂੰ ਕਿਥੋਂ ਅਤੇ ਕਿਹੜੇ ਸਤਿ ਪੁਰਸ਼ ਪਾਸੋਂ ਮਿਲਿਆ, ਕਿਹੜਾ ਉਹ ਮਹਾਨ ਦੇਸ਼ ਉਧਾਰਕ ਸੀ ਜਿਸਨੇ ਉਹਨਾਂ ਵਿਚ ਮਰ ਮਿਟਣ ਦੀ ਇਹ ਇੱਛਾ ਉਪਜਾ ਦਿਤੀ ਸੀ? ਇਤਿਹਾਸ ਇਕ ਹੀ ਜਵਾਬ ਦੇਂਦਾ ਹੈ ਕਿ ਉਹ ਮਹਾਨ ਵਿਅਕਤੀ ਉਹੋ ਸੀ, ਜਿਸ ਨੂੰ ਨਾਮਧਾਰੀ ਚੀਨੀ ਵਾਲਾ ਸਤਿਗੁਰੂ ਆਖਕੇ ਸੀਸ ਨਿਵਾਉਂਦਾ ਹੈ।

ਜਦੋਂ ਪਰਦੇਸ ਗਮਨ ਕੀਤਾ ਸੀ ਹਜ਼ੂਰ ਨੇ, ਤਾਂ ਸ੍ਰੀ ਮੁਖ ਤੋਂ ਇਹ ਬਚਨ ਵੀ ਕਰ ਗਏ ਸਨ ਕਿ ਮੈਂ ਇਸ ਸਰੀਰ ਵਿਚ ਵਾਪਸ ਆਪਣੇ ਦੇਸ ਦੀਆਂ ਸੋਹਣੀਆਂ ਮਲ-ਗੁਜਾਰਾਂ ਵਿਚ ਆਵਾਂਗਾ। ਆਪਣੀ ਨਜ਼ਰ ਬੰਦੀ ਸਮੇਂ ਉਹਨਾਂ ਨੇ ਕੋਈ ਅਸਚਰਜ ਕੌਤਕ ਕੀਤਾ ਅਤੇ ਫਰੰਗੀ ਦੀ ਪਕੜ ਵਿਚੋਂ ਨਿਕਲਕੇ ਸੁਤੰਤਰ ਵਿਚਰਨ ਲਗ ਪਏ।

ਸਿੱਖੀ ਮੰਡਲ ਨੂੰ ਉਹਨਾਂ ਦੀ ਮਹਾਨ ਉਚੀ ਸੁੱਚੀ ਨਾਮ ਰਸ ਪਾਗੀ ਵਿਅਕਤੀ ਉਤੇ ਬਹੁਤ ਵਧੇਰੇ ਮਾਣ ਹੈ। ਉਹਨਾਂ ਨੇ ਸਿੱਖਾਂ ਨੂੰ ਉਹਨਾਂ ਹੀ ਪੂਰਨਿਆਂ ਉਤੇ ਤੋਰਿਆ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾ ਗਏ ਸਨ। ਦੇਸ ਦੀ ਗੁਲਾਮੀ ਨੂੰ ਉਹਨਾਂ ਨੇ ਹੀ ੧੮੪੯ ਦੀ ਪੰਜਾਬ ਦੀ ਨਸ਼ਟ ਹੋਈ ਆਜ਼ਾਦੀ ਪਿਛੋਂ ਮਹਿਸੂਸ ਕੀਤਾ। ੧੮੫੭ ਦੇ ਗੱਦਰ ਨੂੰ ਦਬਾਉਣ ਸਮੇਂ ਅੰਗਰੇਜ਼ ਨੇ ਨਵਾਬਾਂ ਨੂੰ ਤੇ ਰਾਜਿਆਂ ਨੂੰ ਲੋਕਾਂ ਦੀਆਂ ਭੀੜਾਂ ਸਾਹਮਣੇ ਫਾਹੇ ਲਾਇਆ ਸੀ। ਇਕ ਇਕ ਰੁੱਖ ਦੇ ਝੁਕੇ ਹੋਏ ਟਾਹਣਾਂ ਨਾਲ ਦਰਜਨ ਦਰਜਨ ਭਾਰਤੀਆਂ ਨੂੰ ਫਾਂਸੀ ਟੰਗ ਦਿਤਾ ਸੀ। ਬਹਾਦਰ ਸ਼ਾਹ ਦੇ ਪੁਤਰਾਂ ਦਾ ਜ਼ਾਲਮ ਹਡਸਨ ਨੇ ਚੁਲੀਆਂ ਨਾਲ ਲਹੂ ਪੀਤਾ ਅਤੇ ਆਖਿਆ ਸੀ ਕਿ ਜੇ ਮੈਂ ਇਹਨਾਂ ਦੇ ਸੀਨੇ ਵਿਚੋਂ ਉਬਲਦਾ ਲਹੂ ਨਾਂ ਪੀਂਦਾ ਤਾਂ ਪਾਗਲ ਹੋ ਜਾਂਦਾ। ਉਹਨਾਂ ਨੂੰ ਨਿਰਦਈ ਹਡਸਨ ਨੇ ਹੁਮਾਯੂ ਦੇ ਮਕਬਰੇ ਵਿਚੋਂ ਗ੍ਰਿਫਤਾਰ ਕੀਤਾ ਸੀ ਤੇ ਰਥ ਉਤੇ ਬਿਠਾਕੇ ਦਿਲੀ ਵਲ ਲਿਆਂਦਾ ਜਾ ਰਿਹਾ ਸੀ ਕਿ ਹਡਸਨ ਨੇ ਉਹਨਾਂ ਨੂੰ ਰਥ ਤੋਂ ਉਤਰ ਕੇ ਖੜੇ ਹੋਣੇ ਦਾ ਹੁਕਮ ਦਿਤਾ। ਫੇਰ ਉਹਨਾਂ ਦੀਆਂ ਸ਼ਾਹੀ ਪੁਸ਼ਾਕਾਂ ਉਤਰਵਾਈਆਂ ਗਈਆਂ। ਇੰਜ ਉਹਨਾਂ ਦੀਆਂ ਛਾਤੀਆਂ ਨੰਗੀਆਂ ਕਰਵਾਕੇ ਹਡਸਨ ਨੇ ਗੋਲੀਆਂ ਨਾਲ ਉਹਨਾਂ ਨੂੰ ਵਿੰਨ ਦਿੱਤਾ।

ਇਹ ਕਹਿਰ ਇਸ ਲਈ ਤੋੜਿਆ ਗਇਆ ਸੀ ਕਿ ਭਾਰਤ ਦੇ ਲੋਕਾਂ ਵਿਚ ਫਿਰ ਅੰਗਰੇਜ਼ ਦੇ ਸਾਮ੍ਹਣੇ ਖੜੇ ਹੋਣ ਦਾ ਹੀਆ ਕਦੇ

ਮਹਾਨ ਸ਼ਕਤੀਸ਼ਾਲੀ ਅੰਗਰੇਜ਼-ਸਾਮਰਾਜ ਸ਼ਾਹੀ ਸੀਨਾ ਡਾਹਕੇ ਸੰਗਰਾਮ ਕਰਨ ਦਾ ਸਾਹਸ ਉਹਨਾਂ ਨੂੰ ਕਿਥੋਂ ਅਤੇ ਕਿਹੜੇ ਸਤਿ ਪੁਰਸ਼ ਪਾਸੋਂ ਮਿਲਿਆ, ਕਿਹੜਾ ਉਹ ਮਹਾਨ ਦੇਸ਼ ਉਧਾਰਕ ਸੀ ਜਿਸਨੇ ਉਹਨਾਂ ਵਿਚ ਮਰ ਮਿਟਣ ਦੀ ਇਹ ਇੱਛਾ ਉਪਜਾ ਦਿਤੀ ਸੀ? ਇਤਿਹਾਸ ਇਕ ਹੀ ਜਵਾਬ ਦੇਂਦਾ ਹੈ ਕਿ ਉਹ ਮਹਾਨ ਵਿਅਕਤੀ ਉਹੋ ਸੀ, ਜਿਸ ਨੂੰ ਨਾਮਧਾਰੀ ਚੀਨੀ ਵਾਲਾ ਸਤਿਗੁਰੂ ਆਖਕੇ ਸੀਸ ਨਿਵਾਉਂਦਾ ਹੈ।

ਪੈਦਾ ਹੀ ਨਾ ਹੋ ਸਕੇ। ਸਿਖ ਉਸ ਸਮੇਂ ਪੈਰਾਂ ਤੋਂ ਥਿੜਕੇ ਹੋਏ ਸਨ ਤੇ ਉਹ ਸਿਖ-ਰਾਜੇ, ਜਿਨਾਂ ਨੇ ਸ਼ੇਰਿ-ਪੰਜਾਬ ਵਲ ਪਿਠ ਕਰਕੇ ਅੰਗ੍ਰੇਜ਼ ਨਾਲ ਧਮੇਕ ਪਾ ਲਇਆ ਸੀ, ਗਦਰ ਸਮੇਂ ਅੰਗਰੇਜ਼ ਦੀ ਸੱਜੀ ਬਾਂਹ ਬਣੇ ਹੋਏ ਸਨ ਨਿਕਲਸਨ ਨੇ ਸਿਖ ਫੌਜਾਂ ਨਾਲ ਹੀ ਕਾਲਿਆਂ ਪਾਸੋਂ ਦਿਲੀ ਖੋਹੀ ਸੀ। ਉਹਨਾਂ ਸਿਖਾਂ ਨੂੰ ਹੀ ਅਸੀਂ ਵੇਖਦੇ ਹਾਂ ਕਿ ਚੀਨੀ ਵਾਲੇ ਦੀ ਕਮਾਨ ਥੱਲੇ ਉਹ ਅਜ਼ਾਦੀ ਦੇ ਮੰਦਰ ਵਲ ਸਿਰਾਂ ਨੂੰ ਤਲੀਆਂ ਤੇ ਟਿਕਾਈ ਮਾਰਚ ਕਰ ਰਹੇ ਸਨ। ੧੮੬੨ ਤੀਕ ਨਾਮਧਾਰੀ ਲਹਿਰ ਦਾ ਪਸਾਰ ਖਿਲਾਰ ਢੇਰ ਵਿਸ਼ਾਲ ਹੋ ਚੁਕਿਆ ਸੀ ਅਤੇ ਸਿਖ ਜਗਤ ਵਿਚ ਲੋਕਾਂ ਨੇ ਹੈਰਾਨ ਹੋਕੇ ਵੇਖਿਆ ਸੀ ਕਿ ਇਕ ਅਸਚਰਜ ਹਲੂਣਾ ਆ ਗਇਆ ਸੀ।

ਉਹਨਾਂ ਨੇ ਅਲਮਾਰੀਆਂ ਆਲਿਆਂ, ਝਰੋਖਿਆਂ ਬਸਤਿਆਂ ਬੰਦ ਧਰਮਸਾਲਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਰਮ-ਪਵਿੱਤਰ ਬੀੜਾਂ ਦਾ ਪ੍ਰਕਾਸ਼ ਕੀਤਾ। ਉਹਨਾਂ ਬੀੜਾਂ ਨੂੰ ਸਜਲ ਨੇਤਰਾਂ ਨਾਲ, ਆਪਣੇ ਦਸਤਾਰੇ ਨਾਲ ਝਾੜਿਆ ਅਤੇ ਸਾਫ ਕੀਤਾ। ਸਿੱਖਾਂ ਨੂੰ ਜੋ ਕੁਰਾਹੇ ਤੁਰੇ ਜਾ ਰਹੇ ਸਨ, ਗੁਰਮਤ ਗਾਡੀ ਰਾਹ ਦੀ ਸੂਝ ਬਖਸ਼ੀ। ਦੂਜੇ ਅਰਥਾਂ ਵਿਚ ਉਹਨਾਂ ਨੇ ਸਿਖੀ ਦੀ ਪੁਨਰ ਸਥਾਪਣਾ ਕੀਤੀ। ਕਿੰਨਾ ਮਹਾਨ ਕੰਮ ਕੀਤਾ ਹੈ ਉਹਨਾਂ ਨੇ ਅਤੇ ਕੌਣ ਕ੍ਰਿਤਘਣ ਹੈ ਜਿਹੜਾ ਉਹਨਾਂ ਦਾ ਕ੍ਰਿਤੱਗ ਨਹੀਂ ਹੋਵੇਗਾ ? ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜਿਹੜੀ ਗਿਰਾਵਟ ਸਿੱਖਾਂ ਵਿਚ ਆਈ ਸੀ, ਉਸਨੂੰ ਉਹਨਾਂ ਨੇ ਦੂਰ ਕੀਤਾ। ਸਿੱਖਾਂ ਨੂੰ ਦਸਿਆ ਕਿ ਗੁਰੂ ਦੇ ਸਿੰਘ ਦਾ ਕਰਤੱਵ ਨਿਸ਼ਾਨਾ ਕੀ ਹੁੰਦਾ ਹੈ । ਮੈਂ ਉਹਨਾਂ ਦੇ ਪਰਮ ਸਰੂਪ ਨੂੰ ਅਸੰਖ ਪਰਨਾਮ ਕਰਦਾ ਹਾਂ। ਉਹ ਸਿਖ ਇਤਿਹਾਸ ਦਾ ਹੀ ਨਹੀਂ, ਭਾਰਤ ਦੇ ਇਤਿਹਾਸ ਦਾ ਗੌਰਵ ਹਨ। ਉਹਨਾਂ ਦੀ ਉਚ ਕਰਣੀ ਨੂੰ ਮੇਰੀ ਅਸੰਖ ਨਮਸਕਾਰ ਹੈ।

Namdhari Elibrary NamdhariElibrary@gmail.com

ਨਾਮਧਾਰੀ ਲਹਿਰ ਦਾ ਦੇਸ਼ ਭਗਤਕ ਇਤਿਹਾਸ

ਸਾਥੀ ਅਰਜਣ ਸਿੰਘ "ਗੜਗੱਜ"

ਦੇਸ ਨੂੰ ਅਜ਼ਾਦ ਵੇਖਣ ਦੀਆਂ ਚਾਹਵਾਨ ਤੇ ਸਾਮਰਾਜ ਵਿਰੁਧ ਜਜ਼ਬਾ ਰਖਣ ਵਾਲੀਆਂ ਲਹਿਰਾਂ ਵਿਚ ਨਾਮਧਾਰੀ ਲਹਿਰ ਵੀ ਇਕ ਖਾਸ ਥਾਂ ਰਖਦੀ ਹੈ। ਇਹ ਲਹਿਰ ੧੮੫੭ ਵਿਚ ਹੀ ਅਰੰਭ ਹੋ ਗਈ ਸੀ- ਅਪ੍ਰੈਲ ੧੮੫੭ ਦੀ ਵੈਸਾਖੀ ਵਾਲੇ ਦਿਨ ਇਸਦਾ ਮੁੱਢ ਬੱਝਾ ਸਮਝਣਾ ਚਾਹੀਦਾ ਹੈ । ਪਰ ਅੰਗਰੇਜ਼ ਸਾਮਰਾਜ ਨੂੰ ਇਸਦਾ ਸ਼ੱਕ ਓਦੋਂ ਪਿਆ ਜਦ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮਿ: ਮੇਕਨਬ ਨੇ ੫ ਅਪ੍ਰੈਲ ੧੮੬੩ ਨੂੰ ਪੰਜਾਬ ਦੇ ਗਵਰਨਰ ਵਲ ਲਿਖਿਆ- "ਰਾਮ ਸਿੰਘ ਨਾਮੀ ਇਕ ਸਿਖ ਸਿਆਲਕੋਟ ਜ਼ਿਲੇ ਦਾ ਦੌਰਾ ਕਰ ਰਿਹਾ ਹੈ। ਉਸਦੇ ਹਜ਼ਾਰਾਂ ਸੇਵਕ ਹਨ, ਉਹ ਆਪਣੇ ਨਾਲਦਿਆਂ ਨੂੰ ਬੰਦੂਕਾਂ ਦੀ ਥਾਂ ਸੋਟਿਆਂ ਨਾਲ ਕਵਾਇਦ ਕਰਵੌਂਦਾ ਹੈ ਅਤੇ ਉਹ ਕਿਸੇ ਦੁਨਿਆਵੀ ਹਾਕਮ ਦੀ ਈਨ ਨਹੀਂ ਮੰਨਦਾ।"

ਨਾਮਧਾਰੀ ਲਹਿਰ ਭਾਵੇਂ ਮਜ਼ਹਬੀ ਰੰਗਣ ਵਿਚ ਸੀ ਪਰ ਇਸਦਾ ਖਾਸਾ (ਐਂਟੀ ਇੰਪਰੀਅਰਲਿਸਟ) ਸਾਮਰਾਜ ਵਿਰੋਧੀ ਸੀ। ਜਿਵੇਂ ਉਸ ਸਮੇਂ ਦੀਆਂ ਜਾਂ ਉਸਤੋਂ ਪਿਛੋਂ ਵੀਹਵੀ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਹੋਰ ਵੀ ਕੁਝ ਲਹਿਰਾ ਉਠੀਆਂ, ਜਿੰਨਾਂ ਦਾ ਖਾਸਾ ਸਾਮਰਾਜ ਵਿਰੋਧੀ ਸੀ। ਤੇ ਉਹ ਆਪਣੇ ਦੇਸ਼ ਨੂੰ ਅੰਗਰੇਜ਼ ਤੋਂ ਅਜ਼ਾਦ ਕਰੌਣ ਦਾ ਜਜ਼ਬਾ ਰਖਦੀਆਂ ਸਨ। ਪਰ ਉਨ੍ਹਾਂ ਸਾਰੀਆਂ ਲਹਿਰਾਂ ਤੇ ਥੋੜਾ ਬਹੁਤ ਮਜ਼ਹਬੀ ਰੰਗ ਚੜ੍ਹਿਆ ਹੋਇਆ ਸੀ। ਆਰੀਆ ਸਮਾਜ ਲਹਿਰ, ਸਿੰਘ ਸਭਾ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਅਹਿਰਾਰ ਲਹਿਰ, ਦੇਵ ਬੰਦ ਲਹਿਰ, ਖਿਲਾਫਤ ਲਹਿਰ ਆਦ ਇਜੇਹੀਆਂ ਲਹਿਰਾਂ ਸਨ। ੧੮੫੭ ਈਸਵੀ ਦਾ ਗਦਰ ਵੀ ਗਊ ਤੇ ਸੂਰ ਦੀ ਚਰਬੀ ਵਾਲੇ ਕਾਰਤੂਸਾਂ ਦੀ ਚਰਚਾ ਤੋਂ ਛੇਤੀ ਭੜਕ ਉਠਿਆ ਸੀ। ੧੯੦੫ ਤੇ ੧੯੦੭ ਤੋਂ ਲੈਕੇ ੧੯੨੨-੨੩ ਤਕ ਉਹ ਟੈਰੋਰਿਸਟ ਨੌਜਵਾਨ ਜੇਹੜੇ ਦੇਸ਼ ਦੀ ਅਜ਼ਾਦੀ ਲਈ ਫਾਸੀਆਂ ਤੇ ਝੂਲ ਜਾਣਾ ਆਪਣੇ ਖੱਬੇ ਹੱਥ ਦਾ ਕਰਤਬ ਸਮਝਦੇ ਸਨ, ਉਹ ਵੀ ਇਨਕਲਾਬੀ ਪਾਰਟੀ ਵਿਚ ਮੈਂਬਰ ਬਣਨ ਲਗਿਆਂ ਜਾਂ ਦੇਸ਼ ਲਈ ਕੋਈ ਪਰਣ ਲੈਣ ਲਗਿਆਂ ਤਿਲਕ, ਹਵਨ ਤੇ ਗਣੇਸ਼ ਪੂਜਾ ਆਦ ਮਜ਼ਹਬੀ ਰਸਮਾਂ ਅਦਾ ਕਰਕੇ ਪਰਣ ਲੈਂਦੇ ਸਨ, ਉਸ ਵੇਲੇ ਦੇ ਕਰਾਂਤਕਾਰੀ ਨਾਵਲਾਂ ਵਿਚ ਅਨੰਦ ਮਠ ਦੀਆਂ ਕਹਾਣੀਆਂ ਤੇ ਹੋਰ ਵਾਕਿਆਤ ਇਸ ਗਲ ਦੇ ਗਵਾਹ ਹਨ। ਨਾਮਧਾਰੀ ਲਹਿਰ ਵੀ ਧਾਰਮਕ ਰੂਪ ਵਿਚ ਇਕ ਰਾਜਸੀ ਲਹਿਰ ਸੀ, ਨਾਮਧਾਰੀ ਲਹਿਰ ਦੇ ਮੋਢੀ ਗੁਰੂ ਰਾਮ ਸਿੰਘ ਜੀ ਦੇ ਦਿਲ ਵਿਚ ਅੰਗਰੇਜ਼ ਸਾਮਰਾਜੀਆਂ ਵਿਰੁਧ ਜਜ਼ਬਾ ਕੁਟ ਕੁਟ ਕੇ ਭਰਿਆ ਗਿਆ ਸੀ।

ਗੁਰੂ ਰਾਮ ਸਿੰਘ ਜੀ ਦੇ ਸਾਮਰਾਜ ਵਿਰੋਧੀ ਜਜ਼ਬੇ ਦਾ ਜ਼ਿਕਰ ਉਨਾਂ ਦੇ ਇਕ ਪੁਰਾਣੇ ਪਰੇਮੀ ਬਾਬਾ ਦਲੀਪ ਸਿੰਘ ਜੀ ਪਿੰਡ ਸਾਧੜਾ ਜ਼ਿਲਾ ਹੁਸ਼ਿਆਰਪੁਰ ਨੇ, ਜਿਨਾਂ ਦੀ ਉਮਰ ਇਸ ਵੇਲੇ ੧੧੬ ਸਾਲਾਂ ਦੀ ਹੈ ਤੇ ਉਹ ਗੁਰੂ ਰਾਮ ਸਿੰਘ ਜੀ ਦੇ ਕਈ ਵਾਰ ਦਰਸ਼ਨ ਕਰ ਚੁੱਕੇ ਹਨ, ਕਿਉਂਕਿ ਉਨ੍ਹਾਂ ਦਸਿਆ ਹੈ ਕਿ ਮੈਂ ਭੈਣੀ ਸਾਹਿਬ ਜਾਕੇ, ਕਈ ਵੇਰ ਉਨ੍ਹਾਂ ਦੇ ਦਰਸ਼ਨ ਕੀਤੇ ਸਨ। ਉਨ੍ਹਾਂ ਨੂੰ ਅਜੇ ਤਕ ਉਸ ਵੇਲੇ ਦੀਆਂ ਕਈ ਘਟਨਾਵਾਂ ਵੀ ਯਾਦ ਹਨ। ਉਨ੍ਹਾਂ ਨੇ ਦਸਿਆ ਹੈ-

"ਮੈਨੂੰ ਸ੍ਰ. ਦੁੱਲਾ ਸਿੰਘ ਹਯਾਤਪੁਰ ਜ਼ਿਲਾ ਹੁਸ਼ਿਆਰਪੁਰ ਨੇ ਬਾਬਾ ਰਾਮ ਸਿੰਘ ਜੀ ਬਾਰੇ ਕਈ ਗਲਾਂ ਦਸੀਆਂ। ਸ੍ਰ. ਦੁਲਾ ਸਿੰਘ ਆਪ ਮਹਾਰਾਜਾ ਸ਼ੇਰ ਸਿੰਘ ਦੀ ਫੌਜ ਵਿਚ ਸੀ। ਉਸੇ ਫੌਜ ਵਿਚ ਹੀ ਬਾਬਾ ਰਾਮ ਸਿੰਘ ਜੀ ਵੀ ਸਨ। ਸਿੱਖਾਂ ਨਾਲ ਅੰਗਰੇਜ਼ਾਂ ਦੀ ਪਹਿਲੀ ਲੜਾਈ ਸਮੇਂ ਸਿੱਖ ਸਰਦਾਰਾਂ ਦੀਆਂ ਗਦਾਰੀਆਂ ਵੇਖਕੇ ਬਾਬਾ ਰਾਮ ਸਿੰਘ ਜੀ ਪਹਿਲਾਂ ਹੀ ਨੌਕਰੀ ਛਡ ਆਏ ਸਨ।"

ਸਾਫ ਹੈ ਕਿ ਗੁਰੂ ਰਾਮ ਸਿੰਘ ਜੀ ਦੇ ਦਿਲ ਵਿਚ ਪਹਿਲਾਂ ਪਹਿਲ ਅੰਗ੍ਰੇਜ਼ ਵਿਰੋਧੀ ਜਜ਼ਬਾ ਸਿੱਖ ਅੰਗਰੇਜ਼ ਲੜਾਈ ਤੋਂ ਤੇ ਫੇਰ ਸਿਖ ਸਰਦਾਰਾਂ ਦੀਆਂ ਅੰਗ੍ਰੇਜ਼ ਹਮੈਤੀ ਕਾਰਵਾਈਆਂ ਤੋਂ ਵਧਿਆ ।

ਇਕ ਹੋਰ ਥਾਂ ਆਪਣੇ ਬਿਆਨ ਵਿਚ ਬਾਬਾ ਦਲੀਪ ਸਿੰਘ ਜੀ ਇਸ ਗਲ ਦੀ ਤਾਈਦ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ-

"ਸਿਖ ਰਾਜ ਦੇ ਚਲੇ ਜਾਣ ਤੇ ਜਦ ਪੰਜਾਬ ਵਿਚ ਅੰਗਰੇਜ਼ੀ ਰਾਜ ਕਾਇਮ ਹੋ ਗਿਆ ਤਾਂ ਅੰਗਰੇਜ਼ਾਂ ਵਿਰੁਧ ਇਕ ਤਾਂ ਇਹ ਸ਼ਕੈਤ ਬੜੀ ਸੀ ਕਿ ਉਹ ਗਊ ਬਧ ਕਰਦੇ ਹਨ। ਅੰਮ੍ਰਿਤਸਰ ਜਿਥੇ ਪਹਿਲਾਂ ਗਊ ਬਧ ਨਹੀਂ ਸੀ ਹੁੰਦੀ ਅੰਗ੍ਰੇਜ਼ਾਂ ਦੇ ਹੁਕਮ ਨਾਲ ਓਥੇ ਵੀ ਗਊ ਬਧ ਹੋਣ ਲਗ ਪਿਆ ਸੀ, ਦੂਜੇ ਸ੍ਰੀ ਦਰਬਾਰ ਸਾਹਿਬ ਦੀ ਬਹੁਮੁਲੀ ਚਾਨਣੀ ਅੰਗ੍ਰੇਜ਼ ਲੰਡਨ ਲੈ ਗਏ ਸਨ। ਇਨ੍ਹਾਂ ਦੋਹਾਂ ਗਲਾਂ ਕਰਕੇ ਆਮ ਸਿਖਾਂ ਵਿਚ ਅੰਗਰੇਜ਼ ਵਿਰੋਧੀ ਜਜ਼ਬਾ ਉਭਰ ਰਿਹਾ ਜਿਸਨੂੰ ਨਾਮਧਾਰੀ ਲਹਿਰ ਜਥੇਬੰਦ ਕਰਨਾ ਚਹੁੰਦੀ ਸੀ।"

ਅਗੇ ਜਾਕੇ ਬਾਬਾ ਜੀ ਦਸਦੇ ਹਨ ਕਿ:

ਇਕ ਵੇਰ ਸ੍ਰੀ ਅੰਮ੍ਰਿਤਸਰ ਵਿਖੇ ਬੁੰਗਾ ਬਾਬਾ ਦੀਪ ਸਿੰਘ ਜੀ ਸ਼ਹੀਦ ਵਿਚ ਬਹੁਤ ਸਾਰੇ ਸਿੱਖਾਂ ਦਾ ਇਕਠ ਹੋਇਆ ਦਰਬਾਰ ਸਾਹਿਬ ਦੀ ਚਾਨਣੀ ਚਲੇ ਜਾਣ ਤੇ ਬੜਾ ਰੋਸ ਪ੍ਰਗਟ ਕੀਤਾ ਗਿਆ। ਅੰਮ੍ਰਿਤਸਰ ਵਿਚ ਗਊ ਬਧ ਦੇ ਸ਼ੁਰੂ ਹੋ ਜਾਣ ਤੇ ਹੀ ਰੋਸ ਪ੍ਰਗਟ ਕੀਤਾ ਗਿਆ ਇਥੇ ਹੀ ਇਕ ਜਥਾ ਕਾਇਮ ਕੀਤਾ ਗਿਆ ਜਿਸਦਾ ਨਾਮ "ਨਿਰਵੈਰ ਸੇਵਕ ਸ਼ਹੀਦ ਜਥਾ ਪੰਜਾਬ" ਰਖਿਆ ਗਿਆ ਮੈਂ

Namdhari Elibrary NamdhariElibrary@gmail.com

ਆਪ ਵੀ ਇਸ ਜਥੇ ਦਾ ਮੈਂਬਰ ਸਾਂ। ਨਾਮਧਾਰੀ ਪ੍ਰਚਾਰ ਨੇ ਲੋਕਾਂ ਵਿਚ ਬੜੀ ਖਿਚ ਪਾ ਲਈ ਸੀ।

ਮੁਕਦੀ ਗਲ ਇਹ ਹੈ ਕਿ ਨਾਮਧਾਰੀ ਲਹਿਰ ਵੀ ਧਾਰਮਕ ਰੰਗ ਵਿਚ ਰਾਜਸੀ ਤੇ ਦੇਸ਼ ਭਗਤਕ ਲਹਿਰ ਸੀ।

ਇਨਾਂ ਸਾਰੀਆਂ ਸਾਮਰਾਜ ਵਿਰੋਧੀ ਖਾਨੇ ਵਾਲੀਆਂ ਲਹਿਰਾਂ ਦਾ ਮਜ਼ਹਬੀ ਰੂਪ ਲੈਣਾ ਕੋਈ ਅਣਹੋਣੀ ਗਲ ਨਹੀਂ ਸੀ ਕਿਉਂਕਿ ਉਸ ਵੇਲੇ ਦੇ ਜਗੀਰਦਾਰੀ ਢਾਂਚੇ ਅਤੇ ਹਰ ਪਹਿਲੂ ਤੋਂ ਜਗੀਰਦਾਰੀ ਦੀ ਪਕੀ ਜਕੜ ਦੇ ਦੌਰ ਵਿਚ ਇਹੋ ਕੁਝ ਹੋ ਸਕਦਾ ਸੀ। ਅਠਾਰਵੀਂ ਸਦੀ ਦੇ ਪਿਛਲੇ ਅੱਧ ਜਾਂ ਇਸਤੋਂ ਪਿਛੋਂ ਤਕ ਅਜੇ ਸਰਮਾਏਦਾਰੀ ਨੇ ਇੰਨੀ ਤਰਕੀ ਨਹੀਂ ਕੀਤੀ ਸੀ ਕਿ ਲੋਕ ਸਾਇੰਟਫਿਕ ਤੌਰ ਤੇ ਨੈਸ਼ਨਲਿਜ਼ਮ ਦੇ ਸੈਦਾਈ ਬਣ ਜਾਂਦੇ। ਸਮਾਜ ਦੇ ਪਿਛੇ ਖਿਚੂ ਜਗੀਰਦਾਰੀ ਢਾਂਚੇ ਵਿਚ ਮਜ਼ਹਬੀ ਰੰਗ ਵਿਚ ਨੈਸ਼ਨਲਿਜ਼ਮ ਦਾ ਸਿਰ ਚੁਕਣਾ ਹੀ ਉਸ ਵੇਲੇ ਵਡੀ ਗਲ ਸੀ।

ਨਾਮਧਾਰੀ ਲਹਿਰ ਵੀ ਭਾਰਤੀ ਲੋਕਾਂ ਤੇ ਖਾਸ ਕਰਕੇ ਪੰਜਾਬੀਆ ਦੇ ਉਸ ਅੰਗਰੇਜ਼ ਵਿਰੋਧੀ ਨਫਰਤ ਦੀ ਪੈਦਾਵਾਰ ਸੀ ਜੋਹੜੀ ਨਫਰਤ ਪੰਜਾਬ ਦੇ ਸਿੱਖਾਂ ਹਥੋਂ ਅੰਗਰੇਜ਼ ਕੋਲ ਚਲੇ ਜਾਣ ਅੰਗਰੇਜ਼ ਹਥੋਂ ਇਥੇ ਦੇ ਆਪ ਨਿਰਭਰ ਸਮਾਜਕ ਢਾਂਚੇ ਦੇ ਤੋੜੇ ਮਰੋੜੇ ਜਾਣ ਅਤੇ ਦੇਸੀ ਕਾਰੀਗਰੀ ਨੂੰ ਦਬਾਕੇ ਅੰਗਰੇਜ਼ਾਂ ਵਲੋਂ ਆਪਣਾ ਮਾਲ ਇਥੇ ਠੋਸਣ ਨੇ ਲੋਕਾਂ ਵਿਚ ਭਰ ਦਿਤੀ ਸੀ, ੧੮੫੭ ਦੇ ਗਦਰ ਵਿਚ ਅੰਗਰੇਜ਼ਾਂ ਦੇ ਹਿੰਦੁਸਤਾਨੀਆਂ ਉਤੇ ਅਤਿਆਚਾਰਾਂ ਨੇ ਵੀ ਇਸ ਲਹਿਰ ਨੂੰ ਹੋਰ ਭਖਾਇਆ ਸੀ।

ਨਾਮਧਾਰੀ ਲਹਿਰ ਵੀ ਭਾਰਤੀ ਲੋਕਾਂ ਤੇ ਖਾਸ ਕਰਕੇ ਪੰਜਾਬੀਆ ਦੇ ਉਸ ਅੰਗਰੇਜ਼ ਵਿਰੋਧੀ ਨਫਰਤ ਦੀ ਪੈਦਾਵਾਰ ਸੀ ਜੋਹੜੀ ਨਫਰਤ ਪੰਜਾਬ ਦੇ ਸਿੱਖਾਂ ਹਥੋਂ ਅੰਗਰੇਜ਼ ਕੋਲ ਚਲੇ ਜਾਣ ਅੰਗਰੇਜ਼ ਹਥੋਂ ਇਥੇ ਦੇ ਆਪ ਨਿਰਭਰ ਸਮਾਜਕ ਢਾਂਚੇ ਦੇ ਤੋੜੇ ਮਰੋੜੇ ਜਾਣ ਅਤੇ ਦੇਸੀ ਕਾਰੀਗਰੀ ਨੂੰ ਦਬਾਕੇ ਅੰਗਰੇਜ਼ਾਂ ਵਲੋਂ ਆਪਣਾ ਮਾਲ ਇਥੇ ਠੋਸਣ ਨੇ ਲੋਕਾਂ ਵਿਚ ਭਰ ਦਿਤੀ ਸੀ,

ਨਾਮਧਾਰੀ ਲਹਿਰ ਹੀ ਨ ਸਿਰਫ ਪੰਜਾਬ ਵਿਚ ਸਗੋਂ ਭਾਰਤ ਭਰ ਵਿਚ ਸਭ ਤੋਂ ਪਹਿਲੀ ਲਹਿਰ ਸੀ ਜਿਸਨੇ ਅੰਗਰੇਜ਼ ਸਰਕਾਰ ਨਾਲ ਪੂਰੀ ਤੇ ਮੁਕੰਮਲ ਨਾ ਮਿਲ-ਵਰਤਨ ਕੀਤੀ ਸੀ। ਇਹ ਨਾ ਮਿਲਵਰਤਣ ੧੯੨੦-੨੯ ਦੇ ਗਾਂਧੀ ਜੀ ਦੇ ਨਾ ਮਿਲਵਰਤਣ ਤੋਂ ਕਿਤੇ ਮਜਬੂਤ ਤੇ ਅਗੇ ਸੀ ਮਿਸਾਲ ਦੇ ਤੌਰ ਤੇ ਨਾਮਧਾਰੀਆਂ ਦੇ ਹੋਰ ਧਾਰਮਕ ਤੇ ਸਭਿਆਚਾਰਕ ਤੋਂ ਇਲਾਵਾ, ਉਨ੍ਹਾਂ ਦੇ ਰਾਜਸੀ ਨਿਯਮਾਂ ਵਿਚ ਇਹ ਦਰਜ ਸੀ।

(ੳ) ਸਰਕਾਰੀ ਨੌਕਰੀ ਨਹੀਂ ਕਰਨੀ।
(ਅ) ਸਰਕਾਰੀ ਸਕੂਲਾਂ ਵਿਚ ਬੱਚੇ ਨਹੀਂ ਪੜ੍ਹੌਣੇ।
(ੲ) ਮੁਕਦਮੇ ਅੰਗਰੇਜ਼ੀ ਅਦਾਲਤਾਂ ਵਿਚ ਨਹੀਂ ਲਿਜਾਣੇ।
(ਸ) ਸੁਦੇਸ਼ੀ ਚੀਜ਼ਾਂ ਵਰਤਣੀਆਂ।
(ਹ) ਚਿਠੀ ਡਾਕਖਾਨੇ ਰਾਹੀਂ ਨਹੀਂ ਘਲਣੀ।
(ਕ) ਵਾਹ ਲਗਦੀ ਅੰਗਰੇਜ਼ ਦੀ ਰੇਲ ਤੇ ਨਹੀਂ ਚੜਨਾਂ।

ਇਨਾਂ ਸਾਰੀਆਂ ਗੱਲਾਂ ਤੇ ਨਾਮਧਾਰੀ ਵੀਰ ਵੀਹਵੀਂ ਸਦੀ ਦੇ ਦੂਜੇ ਤੀਜੇ ਦਹਾਕੇ ਤੱਕ ਪੂਰੀ ਤਰਾਂ ਅਮਲ ਕਰਦੇ ਰਹੇ। ਇਹੋ ਹੀ ਨਹੀਂ ਨਾਮਧਾਰੀ ਲਹਿਰ ਨੇ ਜਥੇਬੰਦੀ ਨੂੰ ਵੀ ਉਤੋਂ ਉਸਾਰਨਾਂ ਸ਼ੁਰੂ ਕੀਤਾ ਸੀ ਜਿਹ ਹਕੂਮਤ ਨੂੰ ਆਪਣੇ ਮੁਕਾਬਲੇ ਦੀ ਇਕ ਹਕੂਮਤ ਜਾਪਣ ਲਗ ਪਈ।

ਨਾਮਧਾਰੀ ਜਥੇਬੰਦੀ ਅਨੁਸਾਰ ਪੰਜਾਬ ਨੂੰ ੨੨ ਹਿਸਿਆਂ ਵਿਚ ਵੰਡਿਆ ਗਿਆ ਸੀ। ਹਰ ਹਿਸੇ ਦਾ ਇਕ ਗਵਰਨਰ ਸੀ ਜਿਸਨੂੰ ਸੂਬਾ ਆਖਦੇ ਸਨ। ਇਹ ਸੂਬੇ ਅਦਾਲਤਾਂ ਕਰਦੇ ਸਨ। ਹਰ ਤਹਸੀਲ ਤੇ ਹਰ ਪਿੰਡ ਵਿਚ ਜਥੇਦਾਰ ਨੀਅਤ ਸਨ ਹਰ ਧਰਮਸਾਲਾ ਵਿਚ ਗ੍ਰੰਥੀ ਦਾ ਕੰਮ ਵਿਦਿਆ ਦੇਣੀ ਸੀ। ਡਾਕ ਦਾ ਮਹਿਕਮਾਂ ਵੀ ਇਨਾਂ ਦਾ ਆਪਣਾ ਹੀ ਸੀ ਜਿਸਨੂੰ ਸਰਕਾਰੀ ਕਾਗਜ਼ਾਂ ਵਿਚ "ਕੂਕਾ ਪੋਸਟਲ ਸਰਵਿਸ" ਕਰਕੇ ਲਿਖਿਆ ਗਿਆ ਹੈ।

ਇਹਨਾਂ ਸਾਰੀਆਂ ਗਲਾਂ ਤੋਂ ਅੰਗਰੇਜ਼ ਸਰਕਾਰ ਦਹਿਲ ਗਈ ਤੇ ਉਸਨੇ ਗੁਰੂ ਰਾਮ ਸਿੰਘ ਜੀ ਤੇ ਸਮੁੱਚੀ ਨਾਮਧਾਰੀ ਲਹਿਰ ਦੀ ਨਿਗਰਾਨੀ ਸ਼ੁਰੂ ਕਰ ਦਿਤੀ ਤੇ ਕੋਈ ਨ ਕੋਈ ਬਹਾਨਾ ਲਭਿਆ ਜਾਣ ਲਗਾ ਜਿਸ ਨਾਲ ਇਸ ਲਹਿਰ ਨੂੰ ਕੁਚਲਿਆ ਜਾ ਸਕੇ।

ਨਾਮਧਾਰੀ ਲਹਿਰ ਨਾਲ ਬੁੱਚੜਾਂ ਨੂੰ ਕਤਲ ਕਰਨ ਦੀ ਘਟਨਾ ਆਮ ਤੌਰ ਤੇ ਜੋੜੀ ਜਾਂਦੀ ਹੈ ਤੇ ਅੰਗ੍ਰੇਜ਼ੀ-ਭਗਤ ਇਤਿਹਾਸਕਾਰਾਂ ਨੇ ਇਸ ਘਟਨਾ ਨੂੰ ਫਿਰਕੂ ਰੰਗ ਦੇਣ ਦੇ ਯਤਨ ਕੀਤੇ ਪਰ ਮੇਰੀ ਨਜ਼ਰ ਵਿਚ ਬੁਚੱੜਾਂ ਦੇ ਕਤਲ ਦੀ ਵਾਰਦਾਤ ਫਿਰਕੂ ਨਹੀਂ ਸੀ ਕਿਉਂਕਿ ਨਾਮਧਾਰੀ ਬੁੱਚੜਾਂ ਨੂੰ ਨਹੀਂ ਬੁੱਚੜ ਖਾਨਿਆਂ ਨੂੰ ਖਤਮ ਕਰਨਾਂ ਚਾਹੁੰਦੇ ਸਨ ਓਹ ਬੁੱਚੜ ਖਾਨਿਆਂ ਨੂੰ ਅੰਗਰੇਜ਼ਾਂ ਵਲੋਂ ਹਮੇਸ਼ਾ ਲਈ ਫਿਰਕੂ ਭੜਕਾਹਟ ਲਈ ਕਾਇਮ ਕੀਤਾ ਗਿਆ ਅੱਡਾ ਸਮਝਦੇ ਸਨ। ਜਿਹੜਾ ਹਿੰਦੂ ਮੁਸਲਿਮ ਫਸਾਦ ਦਾ ਕਾਰਨ ਬਣ ਸਕਦਾ ਸੀ ਤੇ ਜਿਹੜਾ ਪਿਛੋਂ ਬਣਿਆ ਵੀ।

ਨਾਮਧਾਰੀ ਲਹਿਰ ਅੰਗ੍ਰੇਜ਼ ਵਿਰੋਧੀ ਕਿੰਨਾਂ ਜਜ਼ਬਾ ਰਖਦੀ ਸੀ ਉਹ ਇਸ ਗਲੋਂ ਵੀ ਪ੍ਰਗਟ ਹੈ ਕਿ ਕਈ ਨਾਮਧਾਰੀ ਬੀਰਾਂ ਨੇ ਅੰਗ੍ਰੇਜ਼ ਨਾਲ ਲੜਨ ਲਈ ਹਥਿਆਰ ਇੱਕਠੇ ਕਰਨ ਦੇ ਵੀ ਯਤਨ ਕੀਤੇ ਤਾਂ ਕਿ ਸੱਤ ਸਮੁੰਦਰੋਂ ਪਾਰੋਂ ਆਏ ਬਦੇਸ਼ੀਆਂ ਕੋਲੋਂ ਆਪਣਾਂ ਵਤਨ ਅਜ਼ਾਦ ਕਰਵਾਇਆ ਜਾ ਸਕੇ। ਇਸ ਸਬੰਧ ਵਿੱਚ ਬਾਬਾ ਦਲੀਪ ਸਿੰਘ ਜੀ ਸਾਧੜਾ ਨੇ ਦਸਿਆ ਹੈ:

"ਜਨਵਰੀ ਸੰਨ ੧੮੭੨ ਵਿੱਚ ਭੈਣੀ ਸਾਹਿਬ ਵਿਖੇ ਮਾਘੀ ਦੇ ਮੇਲੇ ਤੇ ਇਕ ਵੱਡਾ ਇਕੱਠ ਹੋਇਆ ਨਾਮਧਾਰੀ ਵੀਰ ਭਾਈ ਹੀਰਾ ਸਿੰਘ ਨੇ ਅੰਗ੍ਰੇਜ਼ ਜ਼ਾਲਮਾਂ ਵਿਰੁਧ ਬੜੀ ਧੂਆਂ ਧਾਰ ਤਕਰੀਰ ਕੀਤੀ ਤੇ ਆਖਿਆ: ਸਾਨੂੰ ਮਲੇਰ ਕੋਟਲੇ ਤੇ ਹੱਲਾ ਬੋਲਕੇ ਹਥਿਆਰ ਲੁੱਟ ਲੈਣੇ ਚਾਹੀਦੇ ਹਨ। ਗਊ-ਬੱਧ ਰੋਕਣਾ ਚਾਹੀਦਾ ਹੈ ਤੇ ਅੰਗਰੇਜ਼ ਵਿਰੁਧ ਗਦਰ ਮਚੌਣ ਦੀ ਤਿਆਰੀ ਕਰਨੀ ਚਾਹੀਦੀ ਹੈ।"

ਅਗੇ ਬਿਆਨ ਕਰਦੇ ਹੋਏ ਬਾਬਾ ਜੀ ਨੇ ਕਿਹਾ: "ਹੀਰਾ ਸਿੰਘ ਦੀ ਅਗਵਾਈ ਵਿੱਚ ਇਕ ਜਥਾ ਪਹਿਲਾਂ ਮਲੌਦ ਗਿਆ। ਇਸ ਜੱਥੇ ਵਿੱਚ ਦੋ ਕੁ ਸੋ ਬੰਦੇ ਹੋਣਗੇ। ਮੈਂ ਵੀ ਇਸ ਜਥੇ ਨਾਲ ਸ਼ਾਮਲ ਸਾਂ। ਸਾਡੇ ਕੋਲ ਟਕੂਏ, ਬਰਛੇ ਤੇ ਕ੍ਰਿਪਾਨਾਂ ਹੀ ਸਨ। ਅਸਾਂ ਸ੍ਦਾਰਾਂ ਤੋਂ ਹਥਿਆਰ ਮੰਗੇ। ਓਨ੍ਹਾਂ ਇਨਕਾਰ ਕਰ ਦਿਤਾ ਤੇ ਲੜਾਈ ਹੋ ਪਈ ਦੋਹਾਂ ਪਾਸਿਆਂ ਤੋਂ ਕੁਝ ਮਰੇ ਤੇ ਕੁਝ ਫੱਟੜ ਹੋਏ। ਕੁਝ ਹਥਿਆਰ

Namdhari Elibrary NamdhariElibrary@gmail.com

ਤੇ ਕੁਝ ਘੋੜੀਆਂ ਸਾਡੇ ਹੱਥ ਲਗੀਆਂ। ਫੇਰ ਅਸਾਂ ਅਚਨਚੇਤ ਮਲੇਰ ਕੋਟਲੇ ਜਾ ਧਾਵਾ ਬੋਲਿਆ ਬਾਹਰੋਂ ਫੌਜ ਆ ਗਈ ਤੇ ਸਾਨੂੰ ਨੱਸਣਾਂ ਪਿਆ।

ਬਾਬਾ ਜੀ ਦਸਦੇ ਹਨ ਕਿ ਇਥੇ ਉਨ੍ਹਾਂ ਬੁਚੜ ਨਹੀਂ ਮਾਰੇ ਸਗੋਂ ਹਥਿਆਰਾਂ ਲਈ ਹੀ ਧਾਵਾ ਬੋਲਿਆ ਸੀ।

ਹਕੂਮਤ ਨੇ ਆਪਣੇ ਪਿਠੂਆਂ ਤੋਂ ਰਪੋਰਟਾਂ ਕਰਵਾਈਆਂ ਕਿ ਨਾਮਧਾਰੀ ਲਹਿਰ ਖ਼ਤਰਨਾਕ ਲਹਿਰ ਹੈ ਤੇ ਇਸਨੂੰ ਦਬਾ ਦੇਣਾ ਚਾਹੀਦਾ ਹੈ।

ਸਭ ਤੋਂ ਪਹਿਲਾਂ ੧੮੬੩ ਵਿੱਚ ਫੀਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਨੇ ਆਪਣੇ ਜ਼ਿਲੇ ਵਿੱਚ ਨਾਮਧਾਰੀ ਦੀਵਾਨਾਂ ਤੇ ਪਾਬੰਦੀ ਲਾ ਦਿਤੀ, ਤੇ ਗੁਰੂ ਰਾਮ ਸਿੰਘ ਜੀ ਨੂੰ ਉਨ੍ਹਾਂ ਦੇ ਸੇਵਕਾਂ ਸਣੇ ਨਜ਼ਰਬੰਦ ਕਰ ਦਿਤਾ। ਤੇ ਲਗਾਤਾਰ ੨੮ ਦਿਨ ਲੁਧਿਆਣੇ ਡੀ.ਸੀ. ਕੋਲ ਹਾਜ਼ਰੀ ਦੇ ਜਾਣਾ ਪਿਆ। ਪੰਜਾਬ ਦੇ ਗਵਰਨਰ ਨੇ ਜ਼ਿਲਾ ਅਟਕ ਦੇ ਐਸਿਸਟੈਂਟ ਸੁਪ੍ਰਟੰਡੰਟ ਪੁਲਸ ਨੂੰ ਬੁਲਾਕੇ ਹਜ਼ਰੋਂ ਦੇ ਕੂਕਿਆਂ ਦੀ ਨਿਗਰਾਨੀ ਕਰਨ ਦਾ ਹੁਕਮ ਦਿਤਾ। ਅੰਮ੍ਰਿਤਸਰ ਕਮਿਸ਼ਨਰੀ ਦੇ ਕਮਿਸ਼ਨਰ ਮੇਜਰ ਫਹਿੰਗਟਨ ਨੇ ੩੧ ਮਈ ੧੮੬੩ ਦੀ ਆਪਣੀ ਰਪੋਰਟ ਵਿੱਚ ਅਤੇ ਅੰਮ੍ਰਿਤਸਰ ਦੇ ਡੀ.ਐਸ.ਪੀ. ਮੈਜੀਜ਼ ਨੇ ੭ ਅਤੇ ੨੨ ਜੂਨ ਦੀਆਂ ਆਪਣੀਆਂ ਰਪੋਰਟਾਂ ਵਿੱਚ ਨਾਮਧਾਰੀਆਂ ਵਲੋਂ ਬਗਾਵਤ ਦਾ ਡਰ ਦਸਿਆ। ੩੦ ਜੂਨ ੧੮੬੩ ਨੂੰ ਪੰਜਾਬ ਸ੍ਰਕਾਰ ਨੇ ਗੁਰੂ ਰਾਮ ਸਿੰਘ ਜੀ ਨੂੰ ਪੱਕੀ ਤਰਾਂ ਭੈਣੀ ਸਾਹਿਬ ਵਿੱਚ ਨਜ਼ਰਬੰਦ ਕਰ ਦਿਤਾ ਪਰ ਨਾਮਧਾਰੀਆਂ ਵਿੱਚ ਗੁੱਸਾ ਵਧਦਾ ਵੇਖਕੇ ੧੮੬੬ ਵਿੱਚ ਪਾਬੰਦੀਆਂ ਚੁਕ ਲਈਆਂ ਗਈਆਂ । ਪਰ ਇਹ ਗੱਲ ਆਰਜ਼ੀ ਹੀ ਸੀ।

ਬੁੱਚੜ ਖਾਨਿਆਂ ਦੀ ਵਾਰਦਾਤ ਨਾਲ ਸਬੰਧ ਜੋੜਕੇ ੧੮੭੨ ਨੂੰ ਮਲੇਰ ਕੋਟਲੇ ਵਿੱਚ ਕਈ ਨਾਮਧਾਰੀ ਤੋਪਾਂ ਅਗੇ ਉਡਾਏ ਗਏ। ਬਾਬਾ ਦਲੀਪ ਸਿੰਘ ਜੀ ਦਸਦੇ ਹਨ:

"ਭਾਈ ਹੀਰਾ ਸਿੰਘ ਸਣੇ ੫੦-੬੦ (ਅਸਲ ਗਿਣਤੀ ੬੫ ਹੈ- ਸੰਪਾਦਕ) ਨਾਮਧਾਰੀ ਵੀਰ ਤੋਪਾਂ ਅਗੇ ਉਡਾ ਦਿਤੇ ਗਏ। ਉਪ੍ਰੰਤ ਲੁਧਿਆਣੇ ਤੋਂ ੫੨ ਨਾਮਧਾਰੀ ਗ੍ਰਿਫਤਾਰ ਕੀਤੇ ਗਏ ਜਿਨਾਂ ਵਿਚ ਮੈਂ ਆਪ ਵੀ ਸਾਂ ਕਈ ਚਿਰ ਜੇਲਾਂ ਵਿਚ ਤਸੀਹੇ ਭੋਗਦਾ ਰਿਹਾ। ਕੁਝ ਬੰਦੇ ਮਲੌਦ ਲਿਆਕੇ ਫਾਹੇ ਦਿਤੇ ਗਏ। ਇਨਾਂ ਵਿਚ ਭਾਈ ਰਤਨ ਸਿੰਘ ਰਾਣੀ ਵਾਲ ਤੇ ਭਾਈ ਰਤਨ ਸਿੰਘ ਮੰਡੀ ਵਾਲਾ ਵੀ ਫਾਹੇ ਲਾਏ ਗਏ।

ਜਿਹੜੇ ਨਾਮਧਾਰੀ ਤੋਪਾਂ ਅਗੇ ਉਡਣੋਂ ਤੇ ਫਾਹੇ ਚੜਨੋਂ ਬਚ ਰਹੇ ਉਨ੍ਹਾਂ ਦੇ ਪਿੰਡਾਂ ਵਿਚ ਨਜ਼ਰਬੰਦ ਕਰ ਦਿਤਾ ਗਿਆ ਤੇ ਉਨ੍ਹਾਂ ਉਤੇ ਹੋਰ ਕਈ ਪਾਬੰਦੀਆਂ ਲਾ ਦਿਤੀਆਂ ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿਤਾ ਗਿਆ।

ਗਲ ਕੀ ੧੮੭੧-੭੨ ਤੋਂ ਲੈਕੇ ੧੯੨੦ ਤਕ, ਲਗ ਪਗ ਅੱਧੀ ਸਦੀ ਤਕ ਨਾਮਧਾਰੀ ਵੀਰਾਂ ਉਤੇ ਅੰਗਰੇਜ਼ ਸਾਮਰਾਜ ਵਲੋਂ ਸਖਤੀ ਦਾ ਦੌਰ ਜਾਰੀ ਰਿਹਾ ਤੇ ਹਿੰਦ ਦੀ ਕੌਮੀ ਲਹਿਰ ਦੇ ਚੜ੍ਹਾਅ ਨੇ ਉਨ੍ਹਾਂ ਤੋਂ ਇਹ ਪਾਬੰਦੀਆਂ ਨਰਮ ਕਰਵਾਈਆਂ।

ਇਹ ਸਾਰੀ ਵਿਥਿਆ ਇਹ ਗਲ ਸਪਸ਼ਟ ਤੌਰ ਤੇ ਪ੍ਰਗਟ ਕਰਦੀ ਹੈ ਕਿ ਨਾਮਧਾਰੀ ਲਹਿਰ ਦਾ ਖਾਸਾ ਅੰਗ੍ਰੇਜ਼ ਸਾਮਰਾਜ ਵਿਰੋਧੀ ਖਾਸਾ ਸੀ ਤੇ ਇਹ ਨਾਮਧਾਰੀ ਵੀਰ ਭਾਰਤ ਵਰਸ਼ ਨੂੰ ਅੰਗਰੇਜ਼ ਦੇ ਪੰਜੇ ਤੋਂ ਆਜ਼ਾਦ ਕਰਵੌਣ ਲਈ ਹੀ ਕੰਮ ਕਰ ਰਹੇ ਸਨ।

❖❖❖

ਬਾਈਕਾਟ ਦਾ ਸਵਾਲ

"ਆਪ (ਗੁਰੂ ਰਾਮ ਸਿੰਘ) ਜੀ ਨੇ ਸਿੰਘਾਂ ਦੇ ਰਾਜਸੀ ਸ੍ਵੈਮਾਨ ਨੂੰ ਟੁੰਬਿਆ ਤੇ ਅੰਗਰੇਜ਼ ਸਰਕਾਰ ਨਾਲ ਨਾ-ਮਿਲਵਰਤਨ ਦੇ ਸਾਧਨਾਂ ਨੂੰ ਅਮਲ ਵਿਚ ਲਿਆਂਦਾ। ਬਦੇਸ਼ੀ ਕਪੜੇ ਤੇ ਹੋਰ ਸਾਮਾਨ ਵਰਤਨ ਦੀ ਮਨਾਹੀ ਕੀਤੀ ਗਈ, ਸਰਕਾਰੀ ਡਾਕਖਾਨੇ ਦੀ ਥਾਂ ਹਰਕਾਰਿਆਂ ਰਾਹੀਂ ਚਿੱਠੀ-ਪੱਤਰ ਭੇਜਣ ਦਾ ਯਥਾਸ਼ਕਤ ਪ੍ਰਬੰਧ ਕੀਤਾ ਗਿਆ, ਸਰਕਾਰੀ ਨੌਕਰੀ ਕਰਨ ਤੋਂ ਪਰਹੇਜ਼ ਕੀਤਾ ਗਿਆ। ਰੇਲ ਦੀ ਸਵਾਰੀ ਵੀ ਨਾ ਕੀਤੀ ਜਾਂਦੀ ਅਤੇ ਕਚਹਿਰੀਆਂ ਵਿਚ ਮੁਕੱਦਮਾ ਲਿਜਾਣ ਦੀ ਥਾਂ ਪੰਚਾਇਤਾਂ ਹੀ ਝਗੜੇ ਨਬੇੜ ਦੇਂਦੀਆਂ। ਇਹ ਅਜੇਹੀਆਂ ਗੱਲਾਂ ਸਨ ਜਿਸ ਨਾਲ ਨਾਮਧਾਰੀ ਸਿਖਾਂ ਵਿਚ ਤਸੱਲੀ ਆ ਗਈ ਕਿ ਅੱਧਾ ਸੁਰਾਜ ਤਾਂ ਉਨ੍ਹਾਂ ਹਾਸਿਲ ਕਰ ਲਿਆ ਹੈ ਤੇ ਬਾਕੀ ਛੇਤੀ ਹੀ ਪ੍ਰਾਪਤ ਕਰ ਲਿਆ ਜਾਏਗਾ।"

ਪਿਆਰਾ ਸਿੰਘ ਪਦਮ

Namdhari Elibrary NamdhariElibrary@gmail.com

ਮਹਾਰਾਜਾ ਦਲੀਪ ਸਿੰਘ ਤੇ ਕੂਕਿਆਂ ਦੇ ਪਰਸਪਰ ਸੰਬੰਧ

ਡਾਕਟਰ ਫੌਜਾ ਸਿੰਘ

ਮਹਾਰਾਜਾ ਦਲੀਪ ਸਿੰਘ ਉਤੇ ਅਜੇ ਤੀਕ ਚੰਗੀ ਪੁਸਤਕ ਨਹੀ ਲਿਖੀ ਗਈ। ਇਕ ਦੋ ਪੰਜਾਬੀ ਦੀਆਂ ਪੁਸਤਕਾਂ ਹਨ,ਪਰ ਉਹ ਵੀ ਕੁਝ ਨਹੀਂ। ਫਿਰ ਵੀ ਇਹ ਬਹੁਤ ਲੋਕਾਂ ਨੂੰ ਪਤਾ ਹੈ ਕਿ ਮਹਾਰਾਜਾ ਨੇ ਆਪਣੀ ਉਮਰ ਦੇ ਪਿਛਲੇ ਸਾਲਾਂ ਵਿਚ ਅੰਗਰੇਜ਼ਾਂ ਦੇ ਵਿਰੁਧ ਬਗਾਵਤ ਕਰ ਦਿਤੀ ਸੀ। ਇਸੇ ਤਰ੍ਹਾਂ ਇਸ ਦਾ ਵੀ ਲੋਕਾਂ ਨੂੰ ਗਿਆਨ ਹੈ ਕਿ ਪਿਛਲੀ ਸਦੀ ਵਿਚ ਬਾਬਾ ਰਾਮ ਸਿੰਘ ਜੀ ਦੀ ਚਲਾਈ ਕੂਕਾ ਲਹਿਰ ਨੇ ਅੰਗਰੇਜ਼ਾਂ ਨੂੰ ਵੰਗਾਰਿਆ ਸੀ। ਪਰੰਤੂ ਜਿਸ ਦਾ ਹਾਲਾਂ ਤਕ ਗਿਆਨ ਨਹੀਂ – ਜੇ ਹੈ ਤਾਂ ਉਹ ਬਹੁਤ ਧੁੰਦਲਾ ਗਿਆਨ ਹੈ- ਉਹ ਹਨ ਕੂਕਾ ਨੇਤਾਵਾਂ ਤੇ ਮਹਾਰਾਜਾ ਦੇ ਆਪਸੀ ਸੰਬੰਧ । ਮੈਨੂੰ ਤਾਂ ਯਾਦ ਨਹੀਂ, ਪਰ ਏਸ ਵਿਸ਼ੇ ਤੇ ਸ਼ਾਇਦ ਹੀ ਕਿਸੇ ਨੇ ਕੁਝ ਲਿਖਿਆ ਹੋਵੇ।

ਮੈਂ ਹੁਣੇ ਹੁਣੇ (੧੯੭੬ ਈ :) ਕੂਕਾ ਅੰਦੋਲਨ ਉਤੇ ਅੰਗਰੇਜ਼ੀ ਭਾਸ਼ਾ ਵਿਚ ਇਕ ਕਿਤਾਬ ਲਿਖੀ ਹੈ, ਜਿਹੜੀ ਥੋੜੇ ਦਿਨਾਂ ਤਕ ਛਪ ਕੇ ਤਿਆਰ ਹੋ ਜਾਏਗੀ। ਜਦ ਮੈਂ ਇਸ ਪੁਸਤਕ ਤੇ ਕੰਮ ਕਰ ਰਿਹਾ ਸੀ। ਮੈਨੂੰ ਦਲੀਪ ਸਿੰਘ ਤੇ ਕੂਕਿਆਂ ਦੇ ਸੰਬੰਧਾਂ ਬਾਰੇ ਕੁਝ ਝਲਕਾਂ ਨਜ਼ਰੀਂ ਪਈਆਂ। ਇਨ੍ਹਾਂ ਝਲਕਾਂ ਦੀ ਪੈਰਵੀ ਕਰਦਿਆਂ ਹੋਇਆਂ ਮੇਰੀ ਦਿਲਚਸਪੀ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਬਰਤਾਂਤ ਦੀ ਖੋਜ ਵਿਚ ਪੈਦਾ ਹੋ ਗਈ। ਚੁਨਾਂਚਿ ਮੈਂ ਇਸ ਵਿਸ਼ੇ ਤੇ ਮਸਾਲਾ ਇਕੱਠਾ ਕਰਨ ਲਗ ਪਿਆ। ਇਸ ਸਿਲਸਿਲੇ ਵਿਚ ਕੰਮ ਕਰਦਿਆਂ ਕਈ ਹੋਰ ਚੀਜ਼ਾਂ ਮਿਲ ਗਈਆਂ ਜਿਨ੍ਹਾਂ ਦੇ ਆਧਾਰ ਤੇ ਇਹ ਲੇਖ ਲਿਖਿਆ ਗਿਆ ਹੈ। ਉਮੀਦ ਹੈ ਕਿ ਵਾਹਿਗੁਰੂ ਦੀ ਕਿਰਪਾ ਨਾਲ ਮੈਂ ਛੇਤੀ ਹੀ ਦਲੀਪ ਸਿੰਘ ਉਤੇ ਇਕ ਪੂਰੀ ਕਿਤਾਬ ਲਿਖ ਸਕਾਂਗਾ ਜਿਸ ਵਿਚ ਇਸ ਵਿਸ਼ੇ ਦਾ ਅਧਿਐਨ ਵੇਰਵੇ ਸਹਿਤ ਕੀਤਾ ਜਾ ਸਕੇਗਾ।

ਦਲੀਪ ਸਿੰਘ ਤੇ ਕੂਕਿਆਂ ਦੇ ਸੰਬੰਧਾਂ ਦਾ ਜ਼ਿਕਰ ਬਹੁਤਾ ੧੯ਵੀਂ ਸਦੀ ਦੇ ਅਠਵੇਂ ਦਹਾਕੇ ਵਿਚ ਆਉਂਦਾ ਹੈ। ਏਸੇ ਵੇਲੇ ਦੋਹਾਂ ਦੇ ਦਿਲਾਂ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਦੀ ਤੀਬਰ ਇੱਛਾ ਕੰਮ ਕਰ ਰਹੀ ਸੀ। ਕੂਕਾ ਨੇਤਾਵਾਂ ਦੇ ਇਸ ਬਾਰੇ ਜਤਨ ਢੇਰ ਚਿਰਾਂ ਪਹਿਲਾਂ ਸ਼ੁਰੂ ਹੋ ਚੁੱਕੇ ਸਨ। ਅੰਗਰੇਜ਼ੀ ਹਕੂਮਤ ਨੂੰ ਕੁਦਰਤੀ ਤੌਰ ਤੇ ਡਰ ਲਗਾ ਤੇ ਉਸਨੇ ਇਸ ਲਹਿਰ ਨੂੰ ਕੁਚਲਣ ਲਈ ਪੂਰਾ ਪੂਰਾ ਟਿਲ ਲਾਇਆ। ੧੮੭੧ ਤੇ ੧੮੭੨ ਦੇ ਜ਼ੁਲਮ ਇੰਨੇ ਸਖਤ ਸਨ ਕਿ ਕਈ ਅੰਗਰੇਜ਼ ਦੇ ਦਿਲ ਵੀ ਦਹਿਲ ਗਏ। ਇਕ ਅੰਗਰੇਜ਼ ਸਰ ਹੈਨਰੀ ਕਾਟਨ ਨੇ ਆਪਣੀ ਜੀਵਨ ਕਥਾ ਵਿਚ ਲਿਖਿਆ ਹੈ ਕਿ ਮੈਂ ਆਪਣੀ ਸਾਰੀ ਉਮਰ ਵਿਚ ਕਦੇ ਕੋਈ ਏਹੋ ਜਿਹਾ ਜ਼ੁਲਮ ਨਹੀਂ ਤਕਿਆ। ਪਰੰਤੂ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਕੂਕਾ ਲਹਿਰ ਨਾ ਕੁਚਲੀ ਗਈ। ਸਗੋਂ ਕੁਝ ਹੀ ਵਰ੍ਹਿਆਂ ਮਗਰੋਂ ਇਹ ਫਿਰ ਠਾਠਾਂ ਮਾਰਨ ਲਗ ਪਈ। ਮਹਾਰਾਜਾ ਦਲੀਪ ਸਿੰਘ ਪਹਿਲੇ ਵਾਕਿਆਤ ਦੇ ਵੇਲੇ ਹਾਲੀ ਅੰਗਰੇਜ਼ਾਂ ਦੇ ਅਸਰ ਰਸੂਖ ਥਲੇ ਸੀ। ਉਸਨੂੰ ਉਨ੍ਹਾਂ ਨਾਲ ਹੋਲੀ ਹੋਲੀ ਨਫਰਤ ਤਾਂ ਹੋ ਰਹੀ ਸੀ, ਪਰ ਪੂਰੀ ਜਾਗ ਉਸਨੂੰ ਓਦੋਂ ਆਈ ਜਦੋਂ ਲੰਡਨ ਦੀ ਪਾਰਲੀਮੈਂਟ ਨੇ ਕਾਨੂੰਨ ਪਾਸ ਕਰ ਦਿਤਾ ਕਿ ਉਸਦੀ ਜ਼ਮੀਨ ਜਾਏਦਾਦ ਉਸਦੀ ਮੌਤ ਪਿਛੋਂ ਉਸਦੀ ਉਲਾਦ ਨੂੰ ਨਹੀਂ ਮਿਲੇਗੀ। ਇਸ ਤੋਂ ਬਾਅਦ ਦਲੀਪ ਸਿੰਘ ਨੇ ਮਨ ਵਿਚ ਠਾਨ ਲਈ ਕਿ ਮੈਂ ਇੰਗਲੈਂਡ ਵਿਚ ਨਹੀਂ ਰਵ੍ਹਾਂਗਾ ਤੇ ਭਾਰਤ ਜਾਕੇ ਆਪਣੇ ਭਰਾਵਾਂ ਵਿਚ ਬਾਕੀ ਦੀ ਜ਼ਿੰਦਗੀ ਗੁਜ਼ਾਰਾਂਗਾ। ਅੰਗਰੇਜ਼ਾਂ ਨੇ ਪਟੂ ਪਾਣੇ ਸ਼ੁਰੂ ਕੀਤੇ ਤੇ ਧਮਕੀਆਂ ਦੇਣੀਆਂ ਅਰੰਭੀਆਂ, ਤਾਂ ਜੋ ਮਹਾਰਾਜਾ ਮੁੜ ਕੇ ਦੇਸ ਜਾਣ ਦਾ ਖਿਆਲ ਛਡ ਦੇਵੇ। ਇਨ੍ਹਾਂ ਚੀਜ਼ਾਂ ਦਾ ਮਹਾਰਾਜੇ ਤੇ ਅਸਰ ਉਲਟਾ ਹੋਇਆ। ਉਸਦਾ ਵਾਪਸੀ ਦਾ ਇਰਾਦਾ ਹੋਰ ਵੀ ਦ੍ਰਿੜ੍ਹ ਹੁੰਦਾ ਗਿਆ। ਉਸਦੇ ਮਨ ਵਿਚ ਦੇਸ ਦੀ ਆਜ਼ਾਦੀ ਦੇ ਸੁਪਨੇ ਮਚਲਣ ਲਗੇ। ਓਧਰ ਕੂਕਿਆਂ ਨੂੰ ਇਹ ਸਭ ਕੁਝ ਵੇਖ ਵੇਖ ਚਾ ਚੜ੍ਹਣ ਲਗਾ। ਉਨ੍ਹਾਂ ਨੂੰ ਇਉਂ ਭਾਸਿਆ ਕਿ ਮਹਾਰਾਜੇ ਦੇ ਦੇਸ਼ ਵਿਚ ਆ ਲੈਣ, ਨਾਲ ਆਜ਼ਾਦੀ ਦਾ ਸੰਗਰਾਮ ਸੌਖਾ ਹੋ ਜਾਏਗਾ। ਚੂੰਕਿ ਦੋਹਾਂ ਧਿਰਾਂ ਦੇ ਉਦੇਸ਼ ਇਕੋ ਜਿਹੇ ਸਨ, ਇਸ ਲਈ ਉਨ੍ਹਾਂ ਦਾ ਇਕ ਦੂਜੇ ਦੇ ਨੇੜੇ ਆਉਣਾ ਇਕ ਬਿਲਕੁਲ ਕੁਦਰਤੀ ਗਲ ਸੀ। ਮਹਾਰਾਜੇ ਨੂੰ ਕੂਕਿਆਂ ਨਾਲ ਸਾਂਝ ਪਾਉਣ ਦੀ ਲੋੜ ਭਾਸੀ ਤੇ ਕੂਕਿਆਂ ਨੂੰ ਮਹਾਰਾਜੇ ਨਾਲ ਰਿਸ਼ਤਾ ਜੋੜਣ ਦੀ ਅਵਸ਼ਕਤਾ ਮਹਿਸੂਸ ਹੋਈ।

ਅੰਗਰੇਜ਼ਾਂ ਵਰਗੀ ਚੌਕੰਨੀ ਸਰਕਾਰ ਵੀ ਕੋਈ ਵਿਰਲੀ ਹੀ ਹੋਵੇਗੀ। ਅਜੇ ਮਹਾਰਾਜਾ ਨੇ ਕਹਿਣਾ ਹੀ ਸ਼ੁਰੂ ਕੀਤਾ ਸੀ ਕਿ ਮੈਂ ਵਾਪਸ ਭਾਰਤ ਜਾਣਾ ਚਾਹੁੰਦਾ ਹੈ ਕਿ ਪੰਜਾਬ ਤੇ ਭਾਰਤ ਦੀਆਂ ਸਰਕਾਰਾਂ ਵਲੋਂ ਸ਼ੋਰ ਪਾ ਦਿਤਾ ਗਿਆ ਕਿ ਦਲੀਪ ਸਿੰਘ ਦੀ ਵਾਪਸੀ ਨੂੰ ਜ਼ਰੂਰ ਬਰਜ਼ਰੂਰ ਰੋਕਣਾ ਚਾਹੀਦਾ ਹੈ, ਨਹੀਂ ਤਾਂ ਉਹ ਤੇ ਕੂਕੇ ਮਿਲਕੇ ਗੜਬੜ ਕਰਨਗੇ। ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਐਚਸਨ ਨੇ ਸਰਕਾਰ ਹਿੰਦ ਨੂੰ ਆਪਣੀ ੭ ਅਗਸਤ ੧੮੮੩ ਦੀ ਚਿਠੀ ਵਿਚ ਇਉਂ ਲਿਖਿਆ ਹੈ: "ਪੋਲੀਸ ਦੇ ਖੁਫੀਆ ਮਹਿਕਮੇ ਦੇ ਕਾਗਜ਼ਾਂ ਤੋਂ ਤੁਹਾਨੂੰ ਜ਼ਰੂਰ ਪਤਾ ਲਗਾ ਹੋਵੇਗਾ ਕਿ ਇਸ ਸਾਲ ਕੂਕਿਆਂ ਵਿਚ ਇਕ ਅਨੋਖਾ ਹੀ ਜੋਸ਼ ਹੈ। ਉਨ੍ਹਾਂ ਦੀਆਂ ਧਾਰਮਕ ਪੁਸਤਕਾਂ ਦੀਆਂ ਪੇਸ਼ੀਨ ਗੋਈਆਂ ਤੋਂ ਪਤਾ ਲਗਦਾ ਹੈ ਕਿ ਏਸ ਸਾਲ ਜ਼ਰੂਰ ਕੋਈ ਗੜਬੜ ਹੋਵੇਗੀ। ਕੂਕੇ ਉਹੋ ਜਿਹੇ ਸਮਾਗਮ ਕਰ ਰਹੇ

Namdhari Elibrary NamdhariElibrary@gmail.com

ਹਨ ਜਿਹੇ ਜਿਹੇ ਗੁਰੂ ਗੋਬਿੰਦ ਸਿੰਘ ਨੇ ਮੁਸਲਮਾਨਾਂ ਦੇ ਰਾਜ ਦੇ ਵਿਰੁਧ ਬਗਾਵਤ ਕਰਨ ਤੋਂ ਪਹਿਲਾਂ ਕੀਤੇ ਸਨ.......ਇਨ੍ਹਾਂ ਕਾਰਨਾਂ ਕਰਕੇ ਮੈਂ ਬਿਲਕੁਲ ਪਸੰਦ ਨਹੀਂ ਕਰਦਾ ਕਿ ਮਹਾਰਾਜਾ ਦਲੀਪ ਸਿੰਘ, ਪੰਜਾਬ ਦੀ ਧਰਤੀ ਤੇ ਕਿਸੇ ਥਾਂ ਵੀ ਪੈਰ ਰਖੇ।"

ਸਰ ਐਚਸਨ ਨੇ ਆਪਣੀ ਚਿਠੀ ਦੇ ਨਾਲ ਦੋ ਚਿਠੀਆਂ ਹੋਰ ਸਰਕਾਰ ਹਿੰਦ ਨੂੰ ਭੇਜੀਆਂ। ਉਨਾਂ ਵਿਚੋਂ ਇਕ ਜਾਲੰਧਰ ਦੇ ਕਮਿਸ਼ਨਰ ਕਰਨਲ ਯੰਗ ਦੀ ਸੀ ਤੇ ਦੂਜੀ ਭਦੌੜ ਦੇ ਸਰਦਾਰ ਅਤਰ ਸਿੰਘ ਦੀ ਸੀ। ਕਰਨਲ ਯੰਗ ਦੀ ਰਾਏ ਵਿਚ ਦਲੀਪ ਸਿੰਘ ਨੂੰ ਮੁੜਕੇ ਪੰਜਾਬ ਆਉਣ ਦੀ ਇਜਾਜ਼ਤ ਦੇਣਾ ਹੱਦ ਦਰਜੇ ਦੀ ਮੂਰਖਤਾ ਦੇ ਬਰਾਬਰ ਸੀ। ਉਸਨੇ ਵੀ ਇਸਦਾ ਸਭ ਤੋ ਵਡਾ ਕਾਰਨ ਕੂਕਿਆਂ ਦੀ ਆਸਾਂ ਭਰੀ ਦਸ਼ਾ ਦਸਿਆ ਹੈ। ਅਤਰ ਸਿੰਘ ਦੀ ਚਿਠੀ ਵਿਚ ਕੂਕਿਆਂ ਵਿਚ ਪਰਚਲਤ ਸੌ ਸਾਖੀ ਦੀਆਂ ਉਨ੍ਹਾਂ ਭਵਿਖ ਬਾਣੀਆਂ ਦਾ ਵਰਨਣ ਹੈ ਜਿਨ੍ਹਾਂ ਵਿਚ ਦਸਿਆ ਹੋਇਆ ਸੀ ਕਿ ਦਲੀਪ ਸਿੰਘ ਮਲੇਛ ਅੰਗਰੇਜ਼ ਹਕੂਮਤ ਨੂੰ ਕਢ ਕੇ ਦੇਸ਼ ਨੂੰ ਆਜ਼ਾਦ ਕਰੇਗਾ।

੧੫ ਅਗਸਤ ੧੮੮੩ ਨੂੰ ਵਾਈਸਰਾਏ ਲਾਰਡ ਰਿਪਨ ਨੇ ਸ਼ਿਮਲੇ ਤੋਂ ਸੈਕਟਰੀ ਆਫ ਸਟੇਟ ਲੰਡਨ ਨੂੰ ਇਕ ਤਾਰ ਦਿਤੀ ਜਿਸ

> ***ਸੰਨ ੧੮੮੬ ਦੇ ਸ਼ੁਰੂ ਵਿਚ ਮਹਾਰਾਜਾ ਦਲੀਪ ਸਿੰਘ ਨੇ ਭਾਰਤ ਵਾਪਸ ਆਉਣ ਦਾ ਸਫਰ ਸ਼ੁਰੂ ਕੀਤਾ। ਚਲਣ ਵੇਲੇ ਉਸਨੇ ਐਲਾਨ ਕੀਤਾ ਕਿ ਉਹ ਆਪਣੇ ਦੇਸ ਜਾਕੇ ਪਹਿਲਾ ਕੰਮ ਖਾਲਸਾ ਸਜਣ ਦਾ ਕਰੇਗਾ***

ਵਿਚ ਇਹ ਲਿਖਿਆ ਸੀ: " ਪੰਜਾਬ ਸਰਕਾਰ ਦਾ ਮਸ਼ਵਰਾ ਲੈਣ ਤੋਂ ਮਗਰੋਂ ਅਸੀਂ ਸਮਝਦੇ ਹਾਂ ਕਿ ਮਹਾਰਾਜੇ ਨੂੰ ਪੰਜਾਬ ਜਾਂ ਅਲਾਹਾਬਾਦ ਤੋਂ ਉਤਰ ਵਲ ਜਾਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਰਣਜੀਤ ਸਿੰਘ ਦੇ ਪਕੇ ਖੈਰਖਾਹੀਆਂ ਵਿਚੋਂ ਅਜੇ ਬਹੁਤ ਸਾਰੇ ਜ਼ਿੰਦਾ ਹਨ। ਇਨ੍ਹਾਂ ਉਤੇ ਰਣਜੀਤ ਸਿੰਘ ਦੇ ਪੁਤਰ ਦੇ ਮੁੜਕੇ ਵਾਪਸ ਆਉਣ ਦਾ ਅਤੀ ਬੁਰਾ ਅਸਰ ਪਏਗਾ। ਇਹ ਸਾਲ ਵਿਸ਼ੇਸ਼ ਤੌਰ ਤੇ ਠੀਕ ਨਹੀਂ ਹੈ, ਕਿਉਂਕਿ ਹਿੰਦੂਆਂ, ਖਾਸ ਕਰਕੇ ਕੂਕਿਆਂ ਤੇ ਮੁਸਲਮਾਨਾਂ ਵਿਚ ਭਵਿਖਬਾਣੀਆਂ ਅਨੁਸਾਰ ਇਹ ਸਖਤ ਗੜਬੜ ਦਾ ਸਾਲ ਹੈ।" ੧੭ ਅਗਸਤ ੧੮੮੩ ਨੂੰ ਸਰਕਾਰ ਹਿੰਦ ਨੇ ਸੈਕਟਰੀ ਆਫ ਸਟੇਟ ਲਾਰਡ ਕਿੰਬਰਲੇ ਨੂੰ ਇਕ ਵਿਸਤਾਰ ਪੂਰਬਕ ਚਿਠੀ ਲਿਖੀ, ਜਿਸ ਵਿਚ ਕੂਕਿਆਂ ਦੇ ਜੋਸ਼ ਤੇ ਉਨ੍ਹਾਂ ਦੀਆਂ ਆਸਾਂ ਦਾ ਵਧੇਰੇ ਨਾਲ ਜ਼ਿਕਰ ਹੈ।

ਏਥੇ ਇਹ ਦਸਣਾ ਬੇ-ਮੌਕਾ ਨਹੀਂ ਹੋਵੇਗਾ ਕਿ ਕੂਕਿਆਂ ਦਾ ਜੋਸ਼ ਕੇਵਲ ੧੮੮੩ ਦੇ ਸਾਲ ਵਿਚ ਹੀ ਨਹੀਂ ਸੀ ਇਹੋ ਜਿਹਾ ਹੀ ਜੋਸ਼ ਸਾਨੂੰ ੧੮੭੮ ਤੋਂ ਮਗਰੋਂ ਦੇ ਸਭਨਾਂ ਸਾਲਾਂ ਵਿਚ ਮਿਲਦਾ ਹੈ ਜੋ ੧੮੮੩ ਤੋਂ ਪਿਛੋਂ ਵੀ ਕਈ ਸਾਲਾਂ ਤਕ ਉਵੇਂ ਹੀ ਠਾਠਾਂ ਮਾਰਦਾ ਰਿਹਾ। ਅਜੇ ਦਲੀਪ ਸਿੰਘ ਇੰਗਲੈਂਡ ਵਿਚ ਹੀ ਸੀ ਕਿ ਇਕ ਕੂਕਾ ਲੀਡਰ ਉਸਨੂੰ ਓਥੇ ਹੀ ਜਾ ਮਿਲਿਆ। ਸਰਕਾਰੀ ਰਪੋਰਟ ਵਿਚ ਉਸਦਾ ਨਾਉਂ ਬਨਾਰਸੀ ਦਾਸ ਜਾਂ ਬਨਾਰਸੀ ਬਾਬੂ ਲਿਖਿਆ ਮਿਲਦਾ ਹੈ। ਮਲੂਮ ਹੁੰਦਾ ਹੈ ਇਹ ਉਸ ਦਾ ਅਸਲੀ ਨਾਉਂ ਨਹੀਂ ਸੀ। ਜਿਸ ਤਰ੍ਹਾਂ ਭਗਵਾਨ ਸਿੰਘ, ਜਿਸਨੇ ਭੈਣੀ ਸਾਹਿਬ ਦੀ ਪੋਲੀਸ ਚੌਕੀ ਦੇ ਇਕ ਸਿਪਾਹੀ ਨੂੰ ਮਾਰਿਆ ਸੀ, ਅੜਬੰਗੀ ਦਾਸ ਬਣ ਗਿਆ ਸੀ, ਇਸੇ ਤਰ੍ਹਾਂ ਹੋ ਸਕਦਾ ਹੈ ਕਿ ਇਸਨੇ ਵੀ ਕਿਸੇ ਕਾਰਨ (ਜਿਹੜਾ ਸਾਨੂੰ ਹਾਲੀਂ ਪਤਾ ਨਹੀਂ) ਆਪਣਾ ਨਾਉਂ ਵਟਾ ਲਿਆ ਹੋਵੇ। ਇਸ ਗਲ ਦਾ ਇਸ਼ਾਰਾ ਇਥੋਂ ਵੀ ਮਿਲਦਾ ਹੈ ਕਿ ਇਹ ਆਦਮੀ ਜਿਥੇ ਜਾਂਦਾ ਸੀ, ਓਥੋਂ ਨਾਲ ਰਲਦਾ ਮਿਲਦਾ ਨਾਉਂ ਬਣਾ ਲੈਂਦਾ ਸੀ। ਜਦੋਂ ਆਗਰਾ, ਮਥਰਾ, ਮੇਰਠ ਵਰਗਿਆਂ ਸ਼ਹਿਰਾਂ ਵਿਚ ਫਿਰਦਾ ਹੈ, ਉਸਦਾ ਨਾਉਂ ਬਨਾਰਸੀ ਦਾਸ ਹੁੰਦਾ ਹੈ, ਪਰ ਜਦੋਂ ਬੰਗਾਲ ਜਾਂਦਾ ਹੈ, ਉਸ ਦਾ ਨਾਉਂ ਬਦਲਕੇ ਬਨਾਰਸੀ ਬਾਬੂ ਬਣ ਜਾਂਦਾ ਹੈ। ਸਰਕਾਰੀ ਰਪੋਰਟ ਦੇ ਮੁਤਾਬਕ ਇਹ ਕੋਈ ਅਸਰ ਰਸੂਖ ਤੇ ਮਾਨ ਪਰਤਿਸ਼ਟਾ ਵਾਲਾ ਬੰਦਾ ਸੀ, ਜਿਸਨੂੰ ਉਤਰੀ ਭਾਰਤ ਦੀ ਸ਼ਹਿਰੀ ਵਸੋਂ ਬਹੁਤ ਚੰਗੀ ਤਰ੍ਹਾਂ ਜਾਣਦੀ ਸੀ। ਇਹ ਆਦਮੀ ਜਦ ਦਲੀਪ ਸਿੰਘ ਨੂੰ ਉਸਦੇ ਭਾਰਤ ਨੂੰ ਚਲਣ ਤੋਂ ਥੋੜੀ ਦੇਰ ਪਹਿਲਾਂ ਇੰਗਲੈਂਡ ਵਿਚ ਮਿਲਿਆ, ਤਾਂ ਇਸਦਾ ਇੰਨਾਂ ਪਰਭਾਵ ਉਸ ਉਤੇ ਪਿਆ ਕਿ ਮਹਾਰਾਜੇ ਨੇ ਉਸਨੂੰ ਆਪਣਾ ਗੁਰੂ ਤੇ ਨੇਤਾ ਮੰਨ ਲਿਆ। ਬਨਾਰਸੀ ਦਾਸ ਨੇ ਹਿੰਦੁਸਤਾਨ ਵਾਪਸ ਆਕੇ ਮਹਾਰਾਜੇ ਵਾਸਤੇ ਜ਼ਮੀਨ ਤਿਆਰ ਕਰਨੀ ਸ਼ੁਰੂ ਕਰ ਦਿਤੀ। ਸਰਕਾਰ ਨੂੰ ਉਸਦੀਆਂ ਕਾਰਵਾਈਆਂ ਦਾ ੧੮੮੭ ਵਿਚ ਕਲਕਤਿਉਂ ਪਤਾ ਲਗਾ। ਇਹ ਉਸ ਵੇਲੇ ਮਹਾਰਾਜੇ ਲਈ ਰੁਪਿਆ ਇਕੱਠਾ ਕਰ ਰਿਹਾ ਸੀ ਤੇ ਨਾਲੇ ਪਰਚਾਰ ਕਰ ਰਿਹਾ ਸੀ ਕਿ ਦਲੀਪ ਸਿੰਘ ਆਉਣ ਹੀ ਵਾਲਾ ਹੈ ਤੇ ਉਸਦੇ ਆਉਣ ਨਾਲ ਦੇਸ ਦਾ ਕਲਿਆਨ ਹੋ ਜਾਵੇਗਾ।

ਸੰਨ ੧੮੮੬ ਦੇ ਸ਼ੁਰੂ ਵਿਚ ਮਹਾਰਾਜਾ ਦਲੀਪ ਸਿੰਘ ਨੇ ਭਾਰਤ ਵਾਪਸ ਆਉਣ ਦਾ ਸਫਰ ਸ਼ੁਰੂ ਕੀਤਾ। ਚਲਣ ਵੇਲੇ ਉਸਨੇ ਐਲਾਨ ਕੀਤਾ ਕਿ ਉਹ ਆਪਣੇ ਦੇਸ ਜਾਕੇ ਪਹਿਲਾ ਕੰਮ ਖਾਲਸਾ ਸਜਣ ਦਾ ਕਰੇਗਾ। ਇਸਤੇ ਸਾਰੇ ਪੰਜਾਬ ਵਿਚ ਇਕ ਨਵਾਂ ਉਤਸ਼ਾਹ ਪੈਦਾ ਹੋ ਗਿਆ। ਕੇਵਲ ਉਨ੍ਹਾਂ ਦੇ ਦਿਲ ਨਾ ਪੰਘਰੇ ਜਿਨ੍ਹਾਂ ਦੀਆਂ ਜ਼ਮੀਰਾਂ ਵਿਦੇਸ਼ੀ ਸਰਕਾਰ ਅਗੇ ਕਿਸੇ ਨਾ ਕਿਸੇ ਸਵਾਰਥ ਲਈ ਵਿਕ ਚੁੱਕੀਆਂ ਸਨ ਅਤੇ ਜੋ ਕੌਮੀ ਮੁਫਾਦ ਨੂੰ ਆਪਣੇ ਸਵਾਰਥ ਤੋਂ ਵਾਰਨ ਲਈ ਹਰ ਸਮੇਂ ਤਤਪਰ ਰਹਿੰਦੇ ਸਨ। ਮਹਾਰਾਜੇ ਦੇ ਆਉਣ ਦੀਆਂ ਖਬਰਾਂ ਸੁਣਕੇ ਕੂਕਿਆਂ ਦਾ ਇਕ ਵਫਦ ਬੰਬਈ ਨੂੰ ਚਲ ਪਿਆ ਕਿਉਂਕਿ ਮਹਾਰਾਜੇ ਨੇ ਓਥੇ ਹੀ ਜਹਾਜ਼ੋਂ ਉਤਰਨਾ ਸੀ। ਪਰੰਤੂ ਇਹ ਗੱਲ ਨਾ ਹੋਣੀ ਸੀ ਅਤੇ ਨਾ ਹੋਈ। ਸਰਕਾਰ ਡਰ ਗਈ ਕਿ ਮਤਾਂ ਦਲੀਪ ਸਿੰਘ ਦੇ ਭਾਰਤ ਆਉਣ ਤੇ ਕੋਈ ਗੜਬੜ ਹੋ ਜਾਏ। ਵਜ਼ਾ ਵੀ ਕੁਝ ਇਸ ਤਰ੍ਹਾਂ ਦੀ ਮਲੂਮ ਹੁੰਦੀ ਸੀ। ਸ਼ਾਇਦ ਕੁਝ ਵੀ ਨਾ ਹੁੰਦਾ, ਪਰੰਤੂ ਸਰਕਾਰ ਖਾਹ-ਮਖਾਹ ਦਾ ਝਗੜਾ ਮੁਲ ਲੈਣ ਨੂੰ ਤਿਆਰ ਨਹੀਂ ਸੀ। ਦਲੀਪ ਸਿੰਘ ਨੂੰ ਰਾਹ ਵਿਚ ਅਦਨ ਦੇ ਸਥਾਨ ਤੇ ਹੀ ਰੋਕ ਲਿਆ ਗਿਆ। ਕੁਝ ਸਮੇਂ ਬਾਅਦ ਓਥੋਂ ਹੀ ਉਸਨੂੰ ਵਾਪਸ ਮੁੜਨਾ ਪਿਆ।

ਮਹਾਰਾਜਾ ਦਲੀਪ ਸਿੰਘ ਜੂਨ ਸੰਨ ੧੮੮੬ ਵਿਚ ਅਦਨ ਤੋਂ ਵਾਪਸ ਮੁੜਿਆ। ਹੁਣ ਉਸਨੇ ਖੁਲ੍ਹ-ਮੁਖੁਲ੍ਹਾ ਕਹਿ ਦਿਤਾ ਕਿ ਮੈਂ ਵਾਪਸ ਇੰਗਲੈਂਡ ਨਹੀਂ ਜਾਵਾਂਗਾ, ਔਖਾ ਹੋਕੇ ਗੁਜ਼ਾਰਾ ਕਰ ਲਵਾਂਗਾ, ਲੇਕਨ ਅੰਗਰੇਜ਼ਾਂ ਦੀ ਦਿਤੀ ਪੈਨਸ਼ਨ ਵਾਸਤੇ ਹੱਥ ਨਹੀਂ ਅੱਡਾਂਗਾ। ਮਹਾਰਾਜਾ ਆਪਣੇ ਐਲਾਨ ਤੇ ਡਟਿਆ ਰਿਹਾ। ਪਹਿਲੋਂ ਉਹ ਫਰਾਂਸ ਗਿਆ। ਉਥੇ ਉਸਨੇ ਕੋਸ਼ਸ਼ ਕੀਤੀ ਕਿ ਫਰਾਂਸ ਦੀ ਸਰਕਾਰ ਤੋਂ ਮਦਦ ਲੈ ਕੇ ਉਸਦੀ ਕਿਸੇ ਭਾਰਤੀ ਬਸਤੀ ਵਿਚ ਚੋਰੀ-ਛਿਪੇ ਪੁਜ ਜਾਏ ਤੇ ਓਥੋਂ ਆਪਣੀ ਅੰਗਰੇਜ਼ ਵਿਰੁਧ ਲਹਿਰ ਚਲਾਏ। ਇਸ ਵਿਚ ਵੀ ਉਸਨੂੰ ਕਾਮਯਾਬੀ ਨਾ ਹੋਈ, ਕਿਉਂਕਿ ਫਰਾਂਸ, ਇੰਗਲੈਂਡ

Namdhari Elibrary NamdhariElibrary@gmail.com

ਨੂੰ ਹੋਰ ਨਾਰਾਜ ਨਹੀਂ ਕਰਨਾ ਚਾਹੁੰਦਾ ਸੀ।

ਕੁਝ ਮਹੀਨੇ ਫਰਾਂਸ ਵਿਚ ਠਹਿਰਕੇ ਮਹਾਰਾਜ ਦਲੀਪ ਸਿੰਘ ਕੁਝ ਰੂਸੀ ਜਰਨੈਲਾਂ ਦੀ ਸਹਾਇਤਾ ਨਾਲ ਸੰਨ ੧੮੮੭ ਦੇ ਸ਼ੁਰੂ ਵਿਚ ਮਾਸਕੋ ਜਾ ਪਹੁੰਚਿਆ। ਉਸਦਾ ਵਿਚਾਰ ਸੀ ਕਿ ਚੂੰਕਿ ਰੂਸ ਇੰਗਲੈਂਡ ਦਾ ਦੁਸ਼ਮਨ ਹੈ, ਉਸਨੂੰ ਰੂਸੀ ਮਦਦ ਆਸਾਨੀ ਨਾਲ ਮਿਲ ਜਾਏਗੀ, ਜਿਸ ਨਾਲ ਪੰਜਾਬ ਤੇ ਹਮਲਾ ਕਰਕੇ ਅੰਗਰੇਜ਼ਾਂ ਨੂੰ ਉਥੋਂ ਕਢ ਸਕੇਗਾ। ਅਜੇ ਮਹਾਰਾਜਾ ਰੂਸ ਪੁਜਿਆ ਵੀ ਨਹੀਂ ਸੀ ਕਿ ਕੂਕਿਆਂ ਵਿਚ ਮੁੜ ਤੋਂ ਚੰਡੀ-ਪਾਠ ਸ਼ੁਰੂ ਹੋ ਗਏ। ਇਸਦਾ ਭਾਵ ਕਿਸੇ ਆਉਣ ਵਾਲੇ ਸੰਕਟ ਲਈ ਤਿਆਰੀ ਸੀ। ਕੂਕਿਆਂ ਦਾ ਪੱਕਾ ਵਿਸ਼ਵਾਸ ਸੀ ਕਿ ਹੁਣ ਜ਼ਰੂਰ ਦੇਸ ਆਜ਼ਾਦ ਹੋ ਜਾਏਗਾ। ਉਨ੍ਹਾਂ ਦਾ ਸੂਬਾ ਬਿਸ਼ਨ ਸਿੰਘ ਅਗੇ ਹੀ ਰੂਸ ਪੁਜਿਆ ਹੋਇਆ ਸੀ ਅਤੇ ਉਸਦੀਆਂ ਕਾਰਵਾਈਆਂ ਦੀਆਂ ਖਬਰਾਂ ਸਮੇਂ ਸਮੇਂ ਪਹੁੰਚਦੀਆਂ ਹੁੰਦੀਆਂ ਸਨ। ਉਹ ਸੋਚਦੇ ਸਨ ਕਿ ਹੁਣ ਦਲੀਪ ਸਿੰਘ ਤੇ ਸੂਬਾ ਬਿਸ਼ਨ ਸਿੰਘ ਮਿਲਕੇ ਕੰਮ ਕਰਨਗੇ ਤੇ ਦੇਸ਼ ਦੀ ਆਜ਼ਾਦੀ ਦੀ ਮੰਜ਼ਲ ਸੌਖੀ ਤਹਿ ਹੋ ਜਾਏਗੀ। ਏਸੇ ਸਮੇ ਕੁਝ ਅਜਿਹੀਆਂ ਭਵਿਖ-ਬਾਣੀਆਂ ਵੀ ਪਰਚਲਤ ਹੋ ਗਈਆਂ ਸਨ ਜਿਨ੍ਹਾਂ ਤੋਂ ਇਹ ਇਸ਼ਾਰਾ ਮਿਲਦਾ ਸੀ ਕਿ ਦਲੀਪ ਸਿੰਘ ਤੇ ਬਿਸ਼ਨ ਸਿੰਘ ਰੂਸ ਦੀ ਮਦਦ ਨਾਲ ਪਛਮੋਂ ਹਮਲਾ ਕਰਨਗੇ ਤੇ ਮੁਲਕ ਨੂੰ ਆਜ਼ਾਦੀ ਦਵਾਉਣਗੇ। ਕਈ ਥਾਈਂ ਕੂਕੇ ਇਹ ਵੀ ਕਹਿੰਦੇ ਸੁਣੇ ਗਏ ਸਨ (ਇਸਦਾ ਪੰਜਾਬ ਦੇ ਗਵਰਨਰ ਦੀ ਇਕ ਚਿਠੀ ਵਿਚ ਜ਼ਿਕਰ ਹੈ) ਕਿ ਮਹਾਰਾਜਾ ਦਲੀਪ ਸਿੰਘ ਵਿਚ ਗੁਰੂ ਰਾਮ ਸਿੰਘ ਜੀ ਦੀ ਆਤਮਾ ਕੰਮ ਕਰ ਰਹੀ ਹੈ।

ਜਿਸ ਸਮੇਂ ਮਹਾਰਾਜਾ ਦਲੀਪ ਸਿੰਘ ਮਾਸਕੋ ਵਿਚ ਸੀ, ਕੂਕਿਆਂ ਵਲੋਂ ਉਸ ਨਾਲ ਸਿਧਾ ਸੰਪਰਕ ਜੋੜਨ ਲਈ ਕਈ ਜਤਨ ਕੀਤੇ ਗਏ, ਪਰੰਤੂ ਇਹ ਪਤਾ ਨਹੀਂ ਕਿ ਉਨ੍ਹਾਂ ਨੂੰ ਕਿੰਨੀ ਕੁ ਕਾਮਯਾਬੀ ਹੋਈ। ਸੂਬਾ ਬਿਸ਼ਨ ਸਿੰਘ ਦਾ ਉਪਰ ਜ਼ਿਕਰ ਆ ਹੀ ਚੁੱਕਾ ਹੈ। ਉਹ ਪਹਿਲੋਂ ਹੀ ਰੂਸ ਵਿਚ ਸੀ। ਉਸਦੇ ਬਾਰੇ ਕਰੀਬਨ ਸਾਰੀ ਕੂਕਾ ਬਰਾਦਰੀ ਵਿਚ ਅਫਵਾਹ ਗਰਮ ਸੀ ਕਿ ਉਹ ਮਹਾਰਾਜੇ ਨਾਲ ਮਿਲ ਗਿਆ ਹੈ। ਇਹ ਗਲ ਸਾਨੂੰ ਉਸ ਵੇਲੇ ਦੀਆਂ ਪੋਲੀਸ ਰਪੋਰਟਾਂ ਵਿਚ ਸਪਸ਼ਟ ਤੌਰ ਤੇ ਮਿਲਦੀ ਹੈ, ਪਰੰਤੂ ਜਿੰਨਾਂ ਚਿਰ ਤਕ ਇਸਦੀ ਪਰੋੜਤਾ ਰੂਸੀ ਸੋਮਿਆਂ ਤੇ ਨਹੀਂ ਹੁੰਦੀ, ਇਸ ਬਾਰੇ ਪੂਰਾ ਨਿਰਨਾ ਨਹੀਂ ਹੋ ਸਕਦਾ। ਸਰਦਾਰ ਗੁਰਚਰਨ ਸਿੰਘ ਇਕ ਹੋਰ ਮਸ਼ਹੂਰ ਕੂਕਾ ਸੂਬਾ ਸੀ ਜਿਸਨੇ ਰੂਸੀ ਸਰਕਾਰ ਨਾਲ ਗਠ-ਜੋੜ ਕਰਨ ਦੇ ਕਈ ਸਫਲ ਜਤਨ ਕੀਤੇ। ਕਈ ਵਾਰ, ਉਸਦੇ ਬਾਰੇ ਵੀ ਆਖਿਆ ਜਾਂਦਾ ਹੈ ਕਿ ਉਸਨੇ ਦਲੀਪ ਸਿੰਘ ਨਾਲ ਮੁਲਾਕਾਤ ਕੀਤੀ। ਪਰ ਇਹ ਗਲ ਬਿਲਕੁਲ ਨਿਰਮੂਲ ਜਾਪਦੀ ਹੈ। ਉਹ ੧੮੮੦ ਤੋਂ ੧੮੮੬ ਤਕ ਕੈਦ ਰਿਹਾ। ਉਸਤੋਂ ਬਾਦ ਉਸਨੇ ਇਕ ਜਤਨ ਕੀਤਾ, ਪਰ ਉਹ ਹਜ਼ਰੋ ਤੋਂ ਅਗੇ ਨਾ ਜਾ ਸਕਿਆ, ਕਿਉਂਕਿ ਹਜ਼ਰੋਂ ਦੇ ਬਾਬਾ ਕਾਨ੍ਹ ਸਿੰਘ ਨੇ ਉਸਨੂੰ ਇਹ ਕਹਿਕੇ ਵਾਪਸ ਮੋੜ ਦਿਤਾ ਕਿ ਅਗੇ ਰਸਤਾ ਖਤਰੇ ਤੋਂ ਖਾਲੀ ਨਹੀਂ ਹੈ। ਇਸ ਚੀਜ਼ ਦਾ ਜਦ ਸਰਕਾਰ ਨੂੰ ਪਤਾ ਲਗਾ, ਤਾਂ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਨੇ ਸੂਬਾ ਗੁਰਚਰਨ ਸਿੰਘ ਉਤੇ ਕੜੀ ਨਿਗਰਾਨੀ ਰਖਣੀ ਸ਼ੁਰੂ ਕਰ ਦਿਤੀ, ਤਾਂ ਜੋ ਉਹ ਆਪਣੇ ਪਿੰਡੋਂ ਜਾਂ ਆਪਣੇ ਜ਼ਿਲਿਉਂ ਬਾਹਰ ਨਾ ਜਾ ਸਕੇ।

ਏਸੇ ਸਿਲਸਿਲੇ ਵਿਚ ਦੋ ਕੁ ਹੋਰ ਕੂਕਾ ਜਤਨਾਂ ਦਾ ਵਰਨਣ ਕਰਨਾ ਜ਼ਰੂਰੀ ਹੈ। ਇਨ੍ਹਾਂ ਚੋਂ ਇਕ ਦੇ ਬਾਰੇ ਜਰਨੈਲ ਮੈਕਲੀਨ ਦੀਆਂ ਤਾਰਾਂ ਤੇ ਚਿਠੀਆਂ ਵਿਚੋਂ ਕਾਫੀ ਵੇਰਵਾ ਮਿਲਦਾ ਹੈ। ਇਹ ਇਕ ਅੰਗਰੇਜ਼ ਫੌਜ਼ੀ ਜਰਨੈਲ ਸੀ ਜੋ ਈਰਾਨ ਦੇ ਮਸ਼ਦ ਸ਼ਹਿਰ ਵਿਚ ਨਿਯੁਕਤ ਸੀ। ਸਰਕਾਰ ਹਿੰਦ ਵਲ ਭੇਜੀ ਉਸਦੀ ਪਹਿਲੀ ਤਾਰ ਵਿਚ ਤਿੰਨ ਕੂਕਾ ਸਿਖਾਂ ਬਾਰੇ ਇਤਲਾਹ ਦਰਜ ਹੈ ਜੋ ਰੂਸ ਜਾਂਦੇ ਰਾਹ ਵਿਚ ਮਸ਼ਦ ਠਹਿਰੇ ਸਨ। ਉਸਦੀ ਦੂਸਰੀ ਤਾਰ ਤਰੀਕ ੧੮ ਜੂਨ ੧੮੮੮ ਦੇ ਸ਼ਬਦ ਇਸ ਪਰਕਾਰ ਹਨ: "ਮੈਨੂੰ ਮਸ਼ਦ ਤੋਂ ਇਤਲਾਹ ਮਿਲੀ ਹੈ ਕਿ ਜਿਹੜੇ ਸਿਖ ਹੁਣੇ ਹੁਣੇ ਦਲੀਪ ਸਿੰਘ ਦੀ ਤਲਾਸ਼ ਵਿਚ ਆਏ ਸਨ। ਉਨ੍ਹਾਂ ਨੇ ਰੂਸੀ ਏਜੰਟ ਰਾਹੀਂ ਆਪਣੀ ਚਿਠੀ ਮਹਾਰਾਜੇ ਨੂੰ ਮਾਸਕੋ ਭੇਜ ਦਿਤੀ ਹੈ ਤੇ ਆਪ ਅਸ਼ਕਾਬਾਦ ਰਵਾਨਾ ਹੋ ਗਏ। ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਦੇ ਕੋਲ ਕਸ਼ਮੀਰ ਤੇ ਨਿਪਾਲ ਦੀਆਂ ਚਿਠੀਆਂ ਹਨ"। ਮੈਨੂੰ ਖਬਰ ਦੇਣ ਵਾਲਾ ਇਕ ਬਾ-ਰਸੂਖ ਸੌਦਾਗਰ ਹੈ। ਮਗਰੋਂ ੭ ਨਵੰਬਰ ਨੂੰ ਮੈਕਲੀਨ ਨੇ ਹਿੰਦ ਸਰਕਾਰ ਨੂੰ ਇਕ ਹੋਰ ਤਾਰ ਦੁਆਰਾ ਇਤਲਾਹ ਦਿਤੀ ਕਿ ਇਨ੍ਹਾਂ ਸਿਖਾਂ ਦੀ ਖੁਫੀਅ ਰਿਹਾਇਸ਼ ਦਾ ਬੰਦੋਬਸਤ ਰੂਸੀ ਏਜੰਟ ਵਲੋਂ ਕੀਤਾ ਗਿਆ ਸੀ ਤੇ ਓਸੇ ਨੇ ਫਿਰ ਉਨ੍ਹਾਂ ਨੂੰ ਦੋ ਕਾਸਕਾਂ ਨਾਲ ਅਸ਼ਕਾਬਾਦ ਭੇਜ ਦਿਤਾ ਸੀ। ਉਨ੍ਹਾਂ ਦੇ ਨਾਉਂ ਮੈਕਲੀਨ ਦੀ ਇਤਲਾਹ ਦੇ ਮੁਤਾਬਕ, ਮਾਨ ਸਿੰਘ ਸਾਵਲ ਸਿੰਘ ਤੇ ਵਡੂ ਸਿੰਘ ਸਨ ਤੇ ਹਰ ਇਕ ਪਾਸ ਇਕ ਪਿਤਲ ਦਾ ਗੜਵਾ ਸੀ। ਹਰਏਕ ਦੀ ਉਮਰ, ਕੱਦ-ਕਾਠ ਤੇ ਹੁਲੀਏ ਬਾਰੇ ਵੀ ਇਸ ਚਿੱਠੀ ਵਿਚ ਵੇਰਵਾ ਮਿਲਦਾ ਹੈ।

ਦੂਜੇ ਕੂਕਾ ਜਤਨ ਬਾਰੇ ਵੀ ਇਤਲਾਹ ਜਰਨੈਲ ਮੈਕਲੀਨ ਦੀਆਂ ਚਿਠੀਆਂ ਵਿਚੋਂ ਮਿਲਦੀ ਹੈ। ਸੰਨ ੧੮੮੮ ਦੇ ਨਵੰਬਰ ਤੇ ਦਸੰਬਰ ਦੇ ਮਹੀਨਿਆਂ ਵਿਚ ਉਸ ਨੂੰ ਮਧ-ਏਸ਼ੀਆ ਤੋਂ ਕੁਝ ਖਬਰਾਂ ਪੁਜੀਆਂ ਜੋ ਉਸਨੇ ਉਸ ਵੇਲੇ ਸਰਕਾਰ ਹਿੰਦ ਨੂੰ ਭੇਜ ਦਿਤੀਆਂ। ਉਸਦੀ ਲਿਖਤ ਦੇ ਅਨੁਸਾਰ ਸਤੰਬਰ ਦੇ ਮਹੀਨੇ ਵਿਚ ਕੁਝ ਸਿਖ ਕਟਾਕਰਗਨ ਪੁਜੇ, ਜਿਥੇ ਓਨ੍ਹਾਂ ਨੇ ਰੂਸੀ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਸਾਨੂੰ ਇਜਾਜ਼ਤ ਦਿਤੀ ਜਾਏ ਤੇ ਨਾਲੇ ਕੁਝ ਖਰਚੇ ਦੀ ਇਮਦਾਦ ਕੀਤੀ ਜਾਏ, ਤਾਂ ਜੋ ਅਸੀਂ ਮਹਾਰਾਜਾ ਦਲੀਪ ਸਿੰਘ ਨਾਲ ਸ਼ਾਮਲ ਹੋ ਸਕੀਏ। ਉਸ ਤੋਂ ਮਗਰੋ ਉਨ੍ਹਾਂ ਨੂੰ ਬੁਖਾਰਾ ਸ਼ਹਿਰ ਭੇਜ ਦਿਤਾ ਗਿਆ, ਜਿਥੋਂ ਕੁਝ ਦੇਰ ਮਗਰੋਂ ਉਹ ਤਾਸ਼ਕੰਦ ਚਲੇ ਗਏ। ਚੂੰ ਕਿ ਉਨ੍ਹਾਂ ਕੋਲ ਪੈਸੇ ਖਤਮ ਹੋ ਗਏ, ਏਸ ਲਈ ਉਹ ਤਾਸ਼ਕੰਦ ਤੋਂ ਅਗੇ ਨਾ ਜਾ ਸਕੇ ਤੇ ਉਥੇ ਹੀ ਸਾਧੂਆਂ ਦੇ ਭੇਸ ਵਿਚ ਰਹਿਣ ਲਗ ਪਏ। ਮੈਕਲੀਨ ਦਾ ਵਿਚਾਰ ਹੈ ਕਿ ਇਹ ਵੀ ਕੂਕੇ ਸਨ। ਏਹਨਾਂ ਦਾ ਹੁਲੀਆ ਮਿਲਦਾ ਹੈ ਪਰ ਨਾਉਂ ਨਹੀਂ।

ਮਹਾਰਾਜਾ ਦਲੀਪ ਸਿੰਘ ਤੇ ਕੂਕਾ ਨੇਤਾਵਾਂ ਦੇ ਪਰਸਪਰ ਸੰਬੰਧਾਂ ਦੀਆਂ ਕੁਝ ਉਦਾਹਰਨਾਂ ਉਪਰ ਦਿਤੀਆਂ ਗਈਆਂ ਹਨ। ਏਹਨਾਂ ਤੋਂ ਇਲਾਵਾ ਹੋਰ ਵੀ ਕਈ ਸੰਕੇਤ ਹਨ। ਪਰੰਤੂ ਅਜੇ ਤਾਂ ਸਾਡੀ ਵਾਕਫੀਅਤ ਇੰਨੀ ਅਧੂਰੀ ਹੈ ਕਿ ਕੋਈ ਵੀ ਨਿਰਨੇਆਤਮਕ ਗਲ ਨਹੀਂ ਕਹੀ ਜਾ ਸਕਦੀ। ਲੇਕਨ ਵਿਸ਼ਾ ਬੜਾ ਦਿਲਸਚਪ ਹੈ ਤੇ ਇਸ ਤੇ ਪੂਰੀ ਪੂਰੀ ਖੋਜ ਹੋਣੀ ਚਾਹੀਦੀ ਹੈ, ਖਾਸ ਕਰਕੇ ਰੂਸ ਦੇ ਰਿਕਾਰਡ ਵਿਚ। ਮੇਰਾ ਪੱਕਾ ਵਿਸ਼ਵਾਸ ਹੈ ਕਿ ਇਸ ਨਾਲ ਨਾ ਕੇਵਲ ਕੂਕਾ ਅੰਦੋਲਨ ਹੀ ਹੋਰ ਰੋਸ਼ਨ ਹੋਵੇਗਾ, ਸਗੋਂ ਮੁਲਕ ਦੇ, ਵਿਸ਼ੇਸ਼ ਕਰਕੇ ਪੰਜਾਬ ਦੇ ਇਤਿਹਾਸ ਨੂੰ ਇਕ ਨਵਾਂ ਤੇ ਨਰੋਆ ਰੁਖ ਪਰਾਪਤ ਹੋਵੇਗਾ।

Namdhari Elibrary NamdhariElibrary@gmail.com

ਕਲਜੁਗ ਮੇਂ ਸਤਿਜੁਗ ਵਰਤਾਊਂ

ਮੋਹਰ ਸਿੰਘ ਜੀ ਕਾਨ੍ਹਪੁਰ

ਕਿਸੇ ਪੇੜ (ਰੁੱਖ) ਦੀ ਪਹਿਚਾਨ ਉਸ ਦੇ ਫਲ ਤੋਂ ਕੀਤੀ ਜਾ ਸਕਦੀ ਹੈ, ਸਤਿਗੁਰੂ ਰਾਮ ਸਿੰਘ ਜੀ ਦੀ ਮਹਾਨਤਾ ਨੂੰ ਨਾਪਣਾ ਸਮੁੰਦਰ ਦੀ ਥਾਹ ਲੈਣ ਦੀ ਤਰਾਂ ਅਸੰਭਵ ਹੈ ਫਿਰ ਭੀ ਉਹਨਾਂ ਦੇ ਕਾਰਨਾਮਿਆਂ ਉਤੇ ਇਕੋ ਵਿਹੰਗਮ ਦ੍ਰਿਸ਼ਟੀ ਪਾਣ ਨਾਲ ਹੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਹ ਪੂਰਨ ਪੁਰਖ ਅਵਤਾਰੀ ਸਤਿਗੁਰੂ ਅਤੇ ਗੁਰੂ ਨਾਨਕ ਦੀ ਗੱਦੀ ਦੇ ਠੀਕ ਵਾਰਸ ਹਨ।

ਜਿਹੜੇ ਸਮੇਂ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ ਉਸ ਬਾਰੇ ਇਤਿਹਾਸ ਇਕ ਜ਼ਬਾਨ ਹੋ ਕੇ ਬੋਲ ਰਿਹਾ ਹੈ, ਕਿ ਭਾਰਤ ਗੁਲਾਮੀ ਦੀਆਂ ਜੰਜ਼ੀਰਾਂ ਨਾਲ ਜਕੜੀ ਜਾ ਚੁਕੀ ਸੀ, ਇਕੋ ਇੱਕ ਅਜ਼ਾਦ ਬਚਿਆ ਧਰਤੀ ਦਾ ਟੁਕੜਾ, ਪੰਜਾਬ ਵੀ ਸਿੱਖ ਸਰਦਾਰਾਂ ਦੀ ਆਚਰਣ ਹੀਨਤਾ ਤੇ ਆਪਸੀ ਫੁੱਟ ਦੇ ਕਾਰਨ ਅੰਗ੍ਰੇਜ਼ਾਂ ਦੇ ਕਬਜ਼ੇ ਵਿਚ ਚਲਿਆ ਜਾਣ ਕਰਕੇ ਹੁਣ ਪੂਰਾ ਭਾਰਤ ਵਰਸ਼ ਬਿਦੇਸ਼ੀਆਂ ਦਾ ਗੁਲਾਮ ਬਣ ਚੁਕਿਆ ਸੀ।

ਪੰਜਾਬ ਦੇ ਸਵਾਰਥੀ ਸਿਖ ਸਰਦਾਰਾਂ ਨੇ ਤਾਂ ਅੰਗ੍ਰੇਜ਼ ਦੀ ਗੁਲਾਮੀ ਨੂੰ ਵਰਦਾਨ ਸਮਝ ਕੇ ਅਪਨਾ ਲਿਆ ਸੀ ਅਤੇ ਬਾਕੀ ਸਧਾਰਨ ਜਨਤਾ ਭੀ ਬੁਰਸ਼ਾ ਗਰਦੀ ਤੋਂ ਤੰਗ ਆਈ ਹੋਈ ਹੋਣ ਕਰਕੇ ਅੰਗ੍ਰੇਜ਼ ਦੀ ਗੁਲਾਮੀ ਨੂੰ ਹੀ ਆਪਣੇ ਦੁੱਖ ਦਾ ਇਲਾਜ ਸ਼ਮਝ ਬੈਠੀ ਸੀ। ਮਨੁਖ ਦੀ ਦੁਰਦਸ਼ਾ ਨੂੰ ਐਕਣਾ ਬਹੁਤ ਹੀ ਕਠਨ ਹੋ ਜਾਂਦਾ ਹੈ, ਜਦੋਂ ਮਨੁਖ ਦੁਰਗੁਣਾ ਨੂੰ ਹੀ ਸਦਗੁਣ ਸਮਝਕੇ ਅਪਣਾ ਲੈਂਦਾ ਹੈ। ਅਤੇ ਵੈਦ ਦਾ ਕੰਮ ਓਦੋਂ ਬਹੁਤ ਹੀ ਕਠਨ ਹੋ ਜਾਂਦਾ ਹੈ ਜਦੋਂ ਰੋਗੀ ਕੁਪੱਥ ਦਾ ਸੇਵਨ ਅਪਨੇ ਰੋਗ ਦੀ ਦਵਾਈ ਸਮਝਕੇ ਕਰਨ ਲੱਗ ਪੈਂਦਾ ਹੈ। ਠੀਕ ਏਹੋ ਜੇਹਾ ਸਮਾਜ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲਿਆ ਸੀ ਕਿ ਜਿਸਦਾ ਉਧਾਰ ਕਰਨ ਦੀ ਖਾਤਰ ਉਹਨਾਂ ਅਵਤਾਰ ਧਾਰਨ ਕੀਤਾ।

ਸਮੁੰਦਰ ਪਾਰ ਤੋਂ ਹਜ਼ਾਰਾਂ ਮੀਲ ਦੂਰ ਤੋਂ ਆਏ ਅੰਗ੍ਰੇਜ਼ਾਂ ਨੂੰ ਸਿਖਾਂ ਨੇ ਟੋਪੀ ਵਾਲਾ ਸਿਖ ਆਖਕੇ ਸਤਕਾਰਿਆ ਤੇ ਪਰਚਾਰਿਆ, "ਜੁਗ ਜੁਗ ਰਾਜ ਸਵਾਇਆ ਟੋਪੀ ਵਾਲੇ ਦਾ" ਪੜ੍ਹਨ ਲਗਾ। ਨਿਰੰਕੁਸ਼ ਨਿਗੁਰੇ ਪੁਰਸ਼ ਵਾਂਗੂ ਸਿਖਾਂ ਵਿਚ ਭੀ ਸਾਰੇ ਹੀ ਅਵਗੁਣ ਸਹਿਜ ਸੁਭਾ ਹੀ ਪ੍ਰਵੇਸ਼ ਕਰਨ ਲਗ ਪਏ। ਮਾਸ ਖਾਣ, ਸ਼ਰਾਬ ਪੀਣਾ ਤੇ ਵੇਸਵਾ ਗਮਨ ਕਰਨਾ, ਆਦਿ ਅਵਗੁਣਾਂ ਨੂੰ ਸਰਦਾਰੀ ਸ਼ਾਨ ਸਮਝਣ ਲਗ ਪਏ, ਆਮ ਜਨਤਾ ਵਿਚ ਪੋਸਤ, ਭੰਗ ਤੇ ਅਫੀਮ ਆਦਿ ਨਸ਼ਿਆਂ ਦਾ ਚਲਨ ਵੱਧ ਗਿਆ। ਮੁਕਦੀ ਗੱਲ ਇਹ ਕਿ ਲੋਕ ਧਾਰਮਿਕ ਅਤੇ ਸਮਾਜਕ ਦੋਹਾਂ ਪੱਖਾਂ ਤੋਂ ਹੀ ਪਤਨ ਦੀ ਡੂੰਘੀ ਗਰਤ ਵਿਚ ਜਾ ਪਏ ਸਨ। ਉਸ ਵੇਲੇ ਜੇਹੜੇ ਕੋਈ ਧਾਰਮਿਕ ਲੋਕ ਭੀ ਸਨ, ਉਹ ਭੀ ਵਾਸਤਵਿਕ ਧਰਮ ਤੋਂ ਉਕਾ ਹੀ ਕੋਰੇ ਸਨ। ਅਤੇ ਧਰਮ



ਦੇ ਬਾਹਰੀ ਰੂਪ ਜਾਂ ਉਸਦੇ ਪਾਖੰਡ ਬਾਹਰੀ ਅਡੰਬਰ ਨੂੰ ਹੀ ਧਰਮ ਸਮਝ ਕੇ ਫੋਕਟ ਕਰਮਾਂ ਵਿਚੋਂ ਹੀ ਮੁਕਤੀ ਲੱਭ ਰਹੇ ਸਨ ਕਿਸੇ ਦੂਸਰੇ ਦੇ ਜੀਵਨ ਨੂੰ ਸੁਧਾਰ ਸਕਨ ਦੀ ਸ਼ਕਤੀ ਕਿਸੇ ਵਿਚ ਵੀ ਨਜ਼ਰ ਨਹੀਂ ਸੀ ਆਉਂਦੀ।

ਸਤਿਗੁਰੂ ਰਾਮ ਸਿੰਘ ਜੀ ਨੇ ਸਮੂਚੇ ਦੇਸ਼ ਦੇ ਹਾਲਾਤ ਦਾ ਅਧਿਐਨ ਕਰਨ ਉਪ੍ਰੰਤ ਇਹ ਨਿਸਚਾ ਕੀਤਾ ਕਿ ਧਰਮ ਦੀ ਪਰਪੱਕਤਾ ਤੋਂ ਬਿਨਾਂ ਕਿਸੇ ਖੇਤਰ ਵਿਚ ਸਫਲਤਾ ਮਿਲਨੀ ਮੁਸ਼ਕਲ ਹੈ। ਇਸ ਵਾਸਤੇ ਸਭ ਤੋਂ ਪਹਿਲਾਂ ਧਰਮ ਤੋਂ ਕੋਰੇ ਹਿਰਦਿਆਂ ਵਿਚ ਧਰਮ ਦਾ ਸੰਚਾਰ ਕਰਨ ਲਈ ਸੰਨ ੧੮੫੭ ਦੀ ਵਿਸਾਖੀ ਨੂੰ ਖੰਡੇ ਦੇ ਐਮ੍ਰਿਤ ਦਾ ਬਾਟਾ ਤਿਆਰ ਕਰਕੇ ਨਵੇਂ ਸਿਰੇ ਸਿਖੀ ਸਥਾਪਨਾ ਕੀਤੀ- ਹਰ ਇਸਤਰੀ ਤੇ ਮਰਦ ਨੂੰ ਬਰਾਬਰੀ ਦਾ ਹੱਕ ਦੇ ਕੇ ਖੰਡੇ ਦਾ ਐਮ੍ਰਿਤ ਛਕਨ ਦਾ ਆਦੇਸ਼ ਦਿਤਾ, ਨਾਲ ਹੀ ਗੁਰ-ਮੰਤ੍ਰ ਦੇ ਕੇ ਨਾਮ ਨੂੰ ਹੀ ਜੀਵਨ ਦਾ ਅਧਾਰ ਬਨਾਣ ਦੀ ਪ੍ਰੇਰਨਾ ਕੀਤੀ। ਅਤੇ ਸਦਾਚਾਰੀ ਜੀਵਨ ਬਤੀਤ ਕਰਨ ਦਾ ਹੁਕਮ ਦਿਤਾ। ਕਿਉਕਿ ਸਦਾਚਾਰ ਤੋਂ ਬਿਨਾਂ ਧਰਮ ਦਾ ਟਿਕਾਓ ਨਹੀਂ ਸੀ ਹੋ ਸਕਦਾ।

ਸਤਿਗੁਰੂ ਰਾਮ ਸਿੰਘ ਜੀ ਨੇ ਅੰਮ੍ਰਿਤ ਵੇਲੇ ਦਾ ਜਾਗਨਾ, ਨਿਤ ਸਣੇ ਕੇਸੀਂ ਇਸ਼ਨਾਨ ਕਰਨਾ ਦ੍ਰਿੜ ਕਰਵਾਇਆ, ਅਤੇ ਸੁੱਚ ਸੋਧ ਦੀ ਪਾਲਨਾ ਜਰੂਰੀ ਦਸੀ। ਇਹ ਗਲ ਵਖਰੀ ਹੈ, ਕਿ ਅਜ ਕਲਜੁਗ ਦੇ ਸਮੇ ਵਿਚ ਝੂਠ ਜੂਠ ਬੜੇ ਬਲਵਾਨ ਹਨ, ਅਤੇ ਇਹਨਾਂ ਦਾ ਪਸਾਰਾ ਭੀ ਬਹੁਤ ਹੈ, ਕਿਉਂਕਿ ਕਲਜੁਗ ਦੇ ਰਥ ਦਾ ਰਥਵਾਹੀ ਹੀ ਕੂੜ ਹੈ, ਪਰ ਫਿਰ ਭੀ ਇਸ ਨਾਲ ਸੁੱਚ ਅਤੇ ਸੱਚ ਦੀ ਮਹਾਨਤਾ ਨੂੰ ਘਟ ਨਹੀ ਕੀਤਾ ਜਾ ਸਕਦਾ। ਬਹੁਤੇ ਲੋਕ ਅਪਨੇ ਆਲਸ ਜਾਂ ਅਗਿਆਨ ਦੇ ਕਾਰਨ ਹੀ ਸੁਚ ਸੋਧ ਦੀ ਨਿੰਦਿਆ ਕਰਦੇ ਹਨ। ਨਹੀ ਤਾਂ ਸੋਧ ਦਾ ਮਤਲਬ ਸੋਧਨਾ ਹੀ ਹੈ। ਜੇ ਦਾਲ ਬਿਨਾਂ ਸੋਧਨ ਤੋਂ ਰਿੰਨ੍ਹ ਦੇਈਏ ਤਾਂ ਉਸ ਦੇ ਵਿਚ ਰਹਿਣ ਵਾਲਾ ਕੋਈ ਕੰਕਰ ਜਾਂ ਰੋੜ ਖਾਣ ਵਾਲੇ ਦੇ ਦੰਦ ਭਨ ਸਕਦਾ ਹੈ ਇਸ ਵਾਸਤੇ ਦਾਲ ਚਾੜਨ ਤੋ ਪਹਿਲਾਂ ਉਸਨੂੰ ਸੋਧ ਲੈਣ ਦੀ ਨਿੰਦਿਆ ਕਰਨ ਦੇ ਕੋਈ ਅਰਥ ਨਹੀਂ ਹਨ।

ਬਸ ਇਹੋ ਹੀ ਸੋਧ ਦਾ ਮਤਲਬ ਹੈ ਜੇ ਕੋਈ ਫਲ ਖਾਣਾ ਹੋਵੇ ਤਾਂ ਪਹਿਲਾਂ ਇਸ ਵਾਸਤੇ ਧੋ ਲਿਆ ਜਾਂਦਾ ਹੈ ਕਿ ਹੋ ਸਕਦਾ ਹੈ ਉਸ ਫਲ ਉਤੇ ਕਿਸੇ ਪੰਛੀ ਦਾ ਮਲ ਮੂਤ ਲਗਿਆ ਹੋਇਆ ਹੋਵੇ ਅਤੇ ਚੌਂਕੇ ਵਿਚ ਵੜਨ ਤੋ ਪਹਿਲਾਂ ਪੈਰ ਧੋ ਲੈਣੇ ਚਾਹੀਦੇ ਨੇ, ਨਹੀਂ ਤਾਂ ਪੈਰਾਂ ਨਾਲ ਲਗੀ ਗੰਦਗੀ ਕਿਸੇ ਨਾ ਕਿਸੇ ਤਰਾਂ ਖਾਣੀ ਪੈ ਸਕਦੀ ਹੈ ਜਿਸਦਾ ਪਤਾ ਭੀ ਨਹੀਂ ਲਗਦਾ ਇਸੇ ਵਾਸਤੇ ਸਤਿਗੁਰੂ ਜੀ ਨੇ "ਜੋ ਪਾਵੇ ਸੋ ਖਾਵੇ" ਦੇ ਸਿਧਾਂਤ ਨੂੰ ਉਕਾ ਹੀ ਰਦ ਕਰ ਦਿਤਾ ਅਤੇ

Namdhari Elibrary NamdhariElibrary@gmail.com

ਸੁੱਚੀ ਕਿਰਤ ਕਮਾਈ ਵਿਚੋਂ ਸਾਤਵਿਕ ਭੋਜਨ ਕਰਨ ਦੀ ਹੀ ਆਗਿਆ ਕੀਤੀ।

ਸਤਿਗੁਰੂ ਰਾਮ ਸਿੰਘ ਕਿਸੇ ਪ੍ਰਕਾਰ ਦੀ ਭੀ ਕੁਚੀਲਤਾ ਨੂੰ ਬਰਦਾਸਤ ਨਹੀਂ ਸਨ ਕਰਦੇ। ਨਿਤ ਅਸ਼ਨਾਨ ਅਤੇ ਸਫੈਦ ਨਿਰਮਲ ਵਸਤਰ ਤਨ ਦੀ ਬਾਹਰੀ ਸਫਾਈ ਦਾ ਪ੍ਰਤੀਕ ਤਾਂ ਹੈਨ ਹੀ ਪਰ ਸਿਖਾਂ ਦੀ ਡਿਊਟੀ ਇਹ ਭੀ ਲਾਈ ਹੋਈ ਸੀ ਸਿਖਾਂ ਦੇ ਦੰਦ ਵੇਖੇ ਜਾਣ, ਕਿਤੇ ਮੈਲੇ ਤਾਂ ਨਹੀਂ, ਅਤੇ ਜੇ ਮੈਲੇ ਹੋਣ ਤਾਂ ਸਾਫ ਰਖਣ ਦੇ ਉਪਦੇਸ਼ ਤੋਂ ਬਿਨਾਂ ਸਾਫ ਕਰਨ ਦੇ ਸਾਧਨ ਭੀ ਉਪਲਭਧ ਕਰਵਾਏ ਜਾਂਦੇ ਸਨ। ਅਤੇ ਮਨ ਦੀ ਸਫਾਈ ਵਾਸਤੇ ਅਚੁਕ ਅਤੇ ਅਮੋਘ ਔਖਧੀ "ਨਾਮ" ਬਖਸ਼ਿਆ।

ਸਤਿਗੁਰੂ ਰਾਮ ਸਿੰਘ ਜੀ ਨੇ ਵਾਸਤਵ ਵਿਚ ਹੀ ਪਸ਼ੂ ਪ੍ਰੇਤ ਵਾਲੀ ਬਿਰਤੀ ਵਾਲੇ ਮਨੁੱਖਾਂ ਨੂੰ ਦੇਵਤੇ ਬਣਾ ਦਿਤਾ। ਡਾਕਟਰ ਸਰ ਗੋਕਲ ਚੰਦ ਨਾਰੰਗ ਨੇ ਅਪਣੇ ਇਕ ਲੇਖ ਵਿਚ ਲਿਖਿਆ ਸੀ ਕਿ ਉਹਨਾਂ ਦੀ ਦਾਦੀ ਦਾ ਭਰਾ ਸਭ ਕੁਝ ਖਾ ਪੀ ਜਾਣ ਵਾਲਾ ਅਤੇ ਹੁੱਕੇ ਦਾ ਪ੍ਰੇਮੀ ਇਕ ਕੁਚੀਲ ਬਿਰਤੀ ਵਾਲਾ ਆਦਮੀ ਸੀ। ਪਰ ਜਦੋਂ ਉਹ ਇਕ ਵਾਰ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲਿਆ ਤਾਂ ਉਹ ਇਕ ਦਮ ਬਦਲ ਗਿਆ, ਸਫੇਦ ਸੁੰਦਰ ਬਸਤਰ ਜਿਨ੍ਹਾਂ ਉਤੇ ਇਕ ਰਤੀ ਭਰ ਮੈਲਾ ਧਬਾ ਭੀ ਨ ਸਮਾ ਸਕੇ ਸਿਰ ਤੇ ਸਫੇਦ ਗੋਲ ਦਸਤਾਰਾ, ਗਲ ਵਿਚ ਸਫੇਦ ਉੱਨ ਦੀ ਮਾਲਾ ਹੱਥ ਵਿਚ ਮਾਂਜਕੇ ਲਿਸ਼ਕਾਇਆ ਹੋਯਾ ਲੋਹੇ ਦਾ ਗੜਵਾ ਅਤੇ ਪੈਰੀ ਲਕੜੀ ਦੇ ਪਉੜੇ, ਮਾਨੋ ਸਾਖਯਾਤ ਦੇਵਤਾ ਬਨ ਗਿਆ ਸੀ। ਓਸਦਾ ਕੇਵਲ ਰੂਪ ਹੀ ਦੇਵਤਿਆਂ ਵਾਲਾ ਨਹੀਂ ਸੀ ਹੋ ਗਿਆ, ਸਗੋਂ ਉਸਦਾ ਸੁਭਾਓ ਅਤੇ ਕਰਮ ਭੀ ਦੇਵਤਿਆਂ ਵਾਲੇ ਸਤਿਜੁਗੀ ਹੋ ਗਏ ਸਨ। ਸਤਿਗੁਰੂ ਰਾਮ ਸਿੰਘ ਜੀ ਦੀ ਆਕਰਸ਼ਨ ਸ਼ਕਤੀ ਕੋਈ ਓੜਕਾਂ ਦੀ ਸੀ ਜੋ ਭੀ ਕੋਈ ਉਨ੍ਹਾਂ ਦਾ ਦਰਸ਼ਨ ਕਰਦਾ ਉਹਨਾਂ ਦਾ ਹੀ ਹੋ ਜਾਂਦਾ ।ਸਰਕਾਰ ਨੇ ਕਈ ਵਾਰੀ ਆਪਣੇ ਏਜੰਟ ਭੇਜੇ ਕਿ ਪਤਾ ਲਿਆਓ ਕਿ ਗੁਰੂ ਰਾਮ ਸਿੰਘ ਕੰਨ ਵਿਚ ਕੀਹ ਫੂਕ ਮਾਰਦਾ ਹੈ ਪਰ ਉਹ ਏਜੰਟ ਗੁਰਮੰਤ੍ਰ ਲੈਣ ਤੋਂ ਬਾਦ ਵਾਪਸ ਜਾਣ ਜੋਗੇ ਹੀ ਨਾਂ ਰਹਿੰਦੇ ਸਗੋਂ ਉਹ ਸਰਕਾਰ ਦੀ ਨੌਕਰੀ ਛਡਕੇ ਸੱਚੀ ਸਰਕਾਰ ਦੇ ਚਰਨਾਂ ਤੋਂ ਆਪਣਾਂ ਤਨ, ਮਨ, ਧਨ ਸਭ ਕੁਝ ਨਿਛਾਵਰ ਕਰਕੇ ਓਥੋਂ ਦੇ ਹੀ ਬਣ ਜਾਂਦੇ।

ਡਾਕਟਰ ਸਰ ਗੋਕਲ ਚੰਦ ਨਾਰੰਗ ਨੇ ਅਪਣੇ ਇਕ ਲੇਖ ਵਿਚ ਲਿਖਿਆ ਸੀ ਕਿ ਉਹਨਾਂ ਦੀ ਦਾਦੀ ਦਾ ਭਰਾ ਸਭ ਕੁਝ ਖਾ ਪੀ ਜਾਣ ਵਾਲਾ ਅਤੇ ਹੁੱਕੇ ਦਾ ਪ੍ਰੇਮੀ ਇਕ ਕੁਚੀਲ ਬਿਰਤੀ ਵਾਲਾ ਆਦਮੀ ਸੀ। ਪਰ ਜਦੋਂ ਉਹ ਇਕ ਵਾਰ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲਿਆ ਤਾਂ ਉਹ ਇਕ ਦਮ ਬਦਲ ਗਿਆ, ਸਫੇਦ ਸੁੰਦਰ ਬਸਤਰ ਜਿਨ੍ਹਾਂ ਉਤੇ ਇਕ ਰਤੀ ਭਰ ਮੈਲਾ ਧਬਾ ਭੀ ਨ ਸਮਾ ਸਕੇ ਸਿਰ ਤੇ ਸਫੇਦ ਗੋਲ ਦਸਤਾਰਾ, ਗਲ ਵਿਚ ਸਫੇਦ ਉੱਨ ਦੀ ਮਾਲਾ ਹੱਥ ਵਿਚ ਮਾਂਜਕੇ ਲਿਸ਼ਕਾਇਆ ਹੋਯਾ ਲੋਹੇ ਦਾ ਗੜਵਾ ਅਤੇ ਪੈਰੀ ਲਕੜੀ ਦੇ ਪਉੜੇ, ਮਾਨੋ ਸਾਖਯਾਤ ਦੇਵਤਾ ਬਨ ਗਿਆ ਸੀ। ਓਸਦਾ ਕੇਵਲ ਰੂਪ ਹੀ ਦੇਵਤਿਆਂ ਵਾਲਾ ਨਹੀਂ ਸੀ ਹੋ ਗਿਆ, ਸਗੋਂ ਉਸਦਾ ਸੁਭਾਓ ਅਤੇ ਕਰਮ ਭੀ ਦੇਵਤਿਆਂ ਵਾਲੇ ਸਤਿਜੁਗੀ ਹੋ ਗਏ ਸਨ।

ਰੁਤ ਅਨੁਕੂਲ ਆ ਜਾਣ ਨਾਲ ਬਨਾਸਪਤੀ ਫੁਲਣ ਫਲਣ ਲਗ ਜਾਂਦੀ ਹੈ ਇਸੇ ਤਰ੍ਹਾਂ ਕਲਜੁਗ ਦਾ ਰਾਜ ਹੋਣ ਕਰਕੇ ਸਾਰੇ ਹੀ ਦੁਰਗੁਣ ਕਾਮ, ਕ੍ਰੋਧ, ਮੋਹ, ਮਤਸਰ ਈਰਖਾ, ਦਵੈਸ਼, ਨਿੰਦਾ, ਚੁਗਲੀ, ਬਖੀਲੀ ਆਦਿ ਸਭੇ ਬਲਵਾਨ ਹੋ ਜਾਂਦੇ ਨੇ ਇਹਨਾਂ ਵੈਰੀਆਂ ਦੀ ਮਾਰ ਤੋਂ ਬਚਨ ਵਾਸਤੇ ਸਤਿਗੁਰੂ ਰਾਮ ਸਿੰਘ ਜੀ ਨੇ ਅਪਣੇ ਸਿਖਾਂ ਸੇਵਕਾਂ ਨੂੰ ਨਾਮਧਾਰੀ ਜਾਂ ਸੰਤ ਖਾਲਸਾ ਰੂਪੀ ਗੜ੍ਹ ਵਿਚ ਇਕਤਰ ਕੀਤਾ ਅਤੇ ਦੁਸ਼ਮਨ ਨਾਲ ਆਮਣੇ ਸਾਮਣੇ ਮੁਕਾਬਲਾ ਹੋ ਜਾਣ ਤੇ ਨਾਮ ਬਾਣੀ ਅਤੇ ਕੀਰਤਨ ਆਦਿ ਅਮੋਘ ਸ਼ਸ਼ਤਰਾਂ ਦੀ ਵਰਤੋਂ ਦੀ ਜਾਚ ਸਿਖਾ ਦਿਤੀ ਦੂਜੇ ਪਾਸੇ ਰਾਜਸੀ ਤੌਰ ਤੇ ਵਿਦੇਸ਼ੀ ਸਰਕਾਰ ਦੀ ਗੁਲਾਮੀ ਤੋਂ ਬਚਾਨ ਵਾਸਤੇ ਨਾਮਧਾਰੀ ਪੰਥ ਨੂੰ ਅਕਾਲ ਪੁਰਖ ਦੀ ਦਰਗਾਹ ਦਾ ਦੂਤਾਵਾਸ ਜਾਂ ਸਫਾਰਤਖਾਨਾਂ ਬਨਾ ਦਿਤਾ। ਜਦੋਂ ਕੋਈ ਹਕੂਮਤ ਕਿਸੇ ਦੂਸਰੇ ਰਾਜ ਵਿਚ ਜਾਕੇ ਉਥੇ ਆਪਣਾ ਦੂਤਾਵਾਸ ਖੋਹਲਦੀ ਹੈ ਤਾਂ ਉਸ ਰਾਜ ਵਿਚ ਉਥੋਂ ਦਾ ਕਾਨੂੰਨ ਜਾਂ ਸੰਵਿਧਾਨ ਲਾਗੂ ਹੁੰਦਿਆਂ ਭੀ ਦੂਤਾਵਾਸ ਦੇ ਅੰਦਰ ਉਸ ਕਾਨੂੰਨ ਦਾ ਕੋਈ ਦਖਲ ਨਹੀ ਹੋਂਦਾ ਸਗੋਂ ਦੂਤਾਵਾਸ ਦੇ ਅੰਦਰ ਉਹਨਾਂ ਦੀ ਅਪਣੀ ਹਕੂਮਤ ਦਾ ਸੰਵਿਧਾਨ ਹੀ ਲਾਗੂ ਰਹਿੰਦਾ ਹੈ ਇਸੇ ਤਰਾਂ ਨਾਮਧਾਰੀ ਜਾਂ ਕੂਕੇ ਦਰਗਾਹੀ ਦੂਤਾਵਾਸ ਦੇ ਅੰਦਰ ਰਹਿਣ ਕਰਕੇ ਇਹਨਾਂ ਉਤੇ ਅੰਗਰੇਜ਼ ਦਾ ਕਨੂੰਨ ਲਾਗੂ ਨ ਹੋ ਸਕਿਆ ਅੰਗਰੇਜ਼ਾਂ ਦੇ ਡਾਕਖਾਨੇ, ਰੇਲ, ਅਤੇ ਅਦਾਲਤਾਂ, ਆਦਿ ਦੀ ਨਾਮਧਾਰੀਆਂ ਨੂੰ ਲੋੜ ਹੀ ਨਹੀਂ ਸੀ ਕਿਉਂਕਿ ਇਸ ਸਭ ਕੁਝ ਦਾ ਪ੍ਰਬੰਧ ਉਹਨਾਂ ਨੇ ਆਪਣਾ ਨਿਜੀ ਕਰ ਲਿਆ ਹੋਯਾ ਸੀ ਇਸ ਤਰਾਂ ਜੇਹੜਾ ਭੀ ਕੋਈ ਵਯਕਤੀ ਜਿਸ ਦੂਤਾਵਾਸ ਦੇ ਅੰਦਰ ਆ ਜਾਂਦਾ, ਭਾਵ ਇਹ ਕਿ ਨਾਮਧਾਰੀ ਬਣ ਜਾਂਦਾ। ਉਸ ਉਤੇ ਨਾਂ ਤੇ ਅੰਗਰੇਜ ਦੇ ਰਾਜ ਦਾ ਪਰਭਾਵ ਰਹਿ ਜਾਂਦਾ ਅਤੇ ਨਾਂ ਹੀ ਕਲਜੁਗ ਦੇ ਰਾਜ ਦਾ ਹੀ ਉਸ ਉਤੇ ਕੋਈ ਅਸਰ ਹੋਂਦਾ।

ਅਸਲ ਗਲ ਤਾਂ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਨਾਲ ਨਾਮਧਾਰੀਆਂ ਨੇ ਅਪਨੇ ਮਨੋ ਅੰਗ੍ਰੇਜ ਦੇ ਰਾਜ ਨੂੰ ਕਦੀ ਸਵੀਕਾਰ ਹੀ ਨਹੀਂ ਸੀ ਕੀਤਾ। ੧੯੫੬ ਬਿਕ੍ਰਮੀ ਵਿਚ ਦੇਸ਼ ਵਿਚ ਕਾਲ ਪੈ ਗਿਆ ਤਾਂ ਰਾਜਸਥਾਨ ਦੇ ਹਜਾਰਾਂ ਭੁੱਖੇ ਨੰਗੇ ਲੋਕਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਸਦਾਵਰਤ ਦਾ ਆਸਰਾ ਤਕ ਕੇ ਸ੍ਰੀ ਭੈਣੀ ਸਾਹਿਬ ਜਾ ਡੇਰੇ ਲਾਏ। ਉਥੇ ਓਹਨਾਂ ਨੂੰ ਕਈ ਮਹੀਨੇ ਬਾਕਾਇਦਾ ਭੋਜਨ ਮਿਲਦਾ ਰਿਹਾ। ਇਸ ਨਿਰਸਵਾਰਥ ਸੇਵਾ ਦਾ ਪ੍ਰਭਾਵ ਅੰਗਰੇਜ਼ ਸਰਕਾਰ ਤੇ ਭੀ ਪਿਆ ਇਕ ਦਿਨ ਇਕ ਅੰਗਰੇਜ਼ ਹਾਕਮ ਸ੍ਰੀ ਭੈਣੀ ਸਾਹਿਬ ਆਇਆ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਗੇ ਅਪਨੀ ਪ੍ਰਸੰਨਤਾ ਪ੍ਰਗਟ ਕੀਤੀ ਅਤੇ ਕਿਹਾ ਇਸ ਲੰਗਰ ਦੀ ਸੇਵਾ ਵਾਸਤੇ ਸਰਕਾਰ ਵਲੋਂ ਆਪ ਨੂੰ ਨਵੀਂ ਅਬਾਦ ਹੋ ਰਹੀ ਬਾਰ ਵਿਚ ੮੦ ਮੁਰੱਬੇ ਜਮੀਨ ਦਿਤੀ ਜਾਂਦੀ ਹੈ। ਤਾਂ ਸਤਿਗੁਰੂ ਹਰੀ ਸਿੰਘ ਜੀ ਨੇ ਉਤਰ ਦਿਤਾ ਕਿ ਲੰਗਰ ਤਾਂ ਸਤਿਗੁਰੂ ਰਾਮ ਸਿੰਘ ਜੀ ਦਾ ਹੈ ਅਤੇ ਇਹ ਉਹਨਾਂ ਦੇ ਗ੍ਰੀਬ ਸਿਖਾਂ ਦੀ ਕਿਰਤ ਕਮਾਈ ਵਿਚੋਂ ਚਲਦਾ ਹੈ। ਉਸ ਵਿਚੋਂ ੮੦ ਮੁਰੱਬੇ ਜਮੀਨ ਲੈ ਕੇ ਅਸੀਂ ਇਹ ਕਿਵੇਂ ਮੰਨ ਲਈਏ ਕਿ ਬਾਕੀ ਦੀ ਜਮੀਨ ਤੁਹਾਡੀ ਹੈ। ਭਾਵ ਇਹ ਕਿ ਨਾਮਧਾਰੀਆਂ ਨੇ ਤੇ ਕਦੀ ਮੰਨਿਆਂ ਨਹੀਂ ਸੀ, ਦੇਸ਼ ਦੇ ਮਾਲਿਕ ਅੰਗਰੇਜ਼ ਸਨ।

ਅੰਗਰੇਜ਼ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਮੇਲੇ ਕਰਨ ਉਤੇ ਪਾਬੰਦੀ ਲਾ ਦਿਤੀ ਤਾਂ ਇਸ ਪਾਬੰਦੀ ਨੂੰ ਤੋੜ ਕੇ ਸਿਵਲ ਨਾਫੁਰਮਾਨੀ ਕਰਦਿਆਂ ਹੋਇਆਂ ਸ੍ਰੀ ਅਨੰਦ ਪੁਰ ਸਹਿਬ ਵਿਚ ਹੋਲਾ

Namdhari Elibrary NamdhariElibrary@gmail.com

ਮਹੱਲਾ ਮਨਾਣ ਦਾ ਫੈਸਲਾ ਕੀਤਾ ਗਿਆ। ਅੰਗ੍ਰੇਜ਼ ਨੇ ਉਸ ਵੇਲੇ ਇਸ ਵਿਚ ਕੋਈ ਦਖਲ ਦੇਣਾ ਜਾਂ ਇਸ ਨਾਫਰਮਾਨੀ ਦੇ ਕਾਰਨ ਉਹਨਾਂ ਦੇ ਕਾਨੂੰਨ ਦੀ ਉਲੰਘਣਾ ਵਜੋਂ ਕੋਈ ਸਜਾ ਦੇਣਾ ਠੀਕ ਨਾ ਸਮਝਿਆ ਪਰ ਕੂਕਿਆਂ ਦੀ ਗਤੀਵਿਧੀ ਉਤੇ ਕਰੜੀ ਨਿਗਾਹ ਰਖਣ ਦੀ ਨੀਯਤ ਨਾਲ ਦੀਵਾਨ ਅਸਥਾਨ ਦੇ ਨੇੜੇ ਹੀ ਰਾਹ ਵਿਚ ਪੁਲੀਸ ਦਾ ਕੈਂਪ ਲਾ ਦਿਤਾ। ਜਿਸ ਵਿਚ ਵਡੇ ਪੁਲੀਸ ਅਧਕਾਰੀ ਭੀ ਮੌਜੂਦ ਸਨ। ਇਸ ਮੇਲੇ ਸਰਕਾਰੀ ਰਿਪੋਰਟ ਵਿਚ ਜਿਹੜੀ ਸਭ ਤੋਂ ਵਡੀ ਇਤਰਾਜ ਵਾਲੀ ਗਲ ਲਿਖੀ ਹੈ ਉਹ ਕੇਵਲ ਇਹ ਹੀ ਹੈ ਕਿ ਕੂਕੇ ਨਾਹਰੇ ਲਾਂਦੇ ਹਨ ਕਿ 'ਸਾਡਾ ਦੇਸ਼ ਸਾਡਾ ਰਾਜ।'

ਇਥੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਅੰਗਰੇਜ਼ ਦੀ ਹਕੂਮਤ ਦੇ ਹੋਂਦਿਆਂ ਭੀ ਹਰ ਨਾਮਧਾਰੀ ਅਪਨੇ ਮਨੋ ਪੂਰਾ ਪੂਰਾ ਸਵਤੰਤ੍ਰ ਸੀ ਬਾਕੀ ਰਹੀ ਗਲ ਅੰਗਰੇਜ਼ ਵਲੋਂ ਕੂਕਿਆਂ ਉਤੇ ਕੀਤੀਆਂ ਗਈਆਂ ਸਖਤੀਆਂ ਦੀ ਤਾਂ ਨਾਮਧਾਰੀਆਂ ਨੂੰ ਉਸ ਦੀ ਕੋਈ ਪ੍ਰਵਾਹ ਨਹੀਂ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਅਤੇ ਉਨ੍ਹਾਂ ਦੇ ਉਪਦੇਸ਼ ਨੇ ਨਾਮਧਾਰੀਆਂ ਨੂੰ ਮੌਤ ਦੇ ਭੈ ਤੋਂ ਮੁਕਤ ਕਰ ਦਿਤਾ ਸੀ। ਤੋਪ ਦੇ ਸਾਹਮਣੇ ਛਾਤੀ ਤਾਣ ਕੇ ਖਲੋ ਜਾਣਾ, ਅਪਨੇ ਹੱਥਾਂ ਨਾਲ ਫਾਂਸੀ ਦਾ ਰਸਾ ਅਪਨੇ ਗਲਾਂ ਵਿਚ ਪਾ ਲੈਣਾ, ਅਤੇ ਫਾਂਸੀ ਚੜਨ ਲਗਿਆਂ ਅੰਗਰੇਜ਼ ਨੂੰ ਸੰਬੋਧਨ ਕਰਕੇ ਕਹਿਣਾ ਖਿਲਿਆ ਤੂੰ ਸਾਨੂੰ ਮੋਇਆ ਨਾ ਜਾਣ ਕਿਸੇ ਮਾਂ ਦੇ ਪੇਟ ਵਿਚ ਨੌ ਮਹੀਨੇ ਰਹਿ ਕੇ ਅਸੀ ਫਿਰ ਆਏ ਜਾਣ। ਜਵਾਨ ਹੋ ਕੇ ਫਿਰ ਤੇਰੇ ਜੁਲਮ ਦੀਆਂ ਜੜ੍ਹਾਂ ਪੁੱਟਾਂਗੇ। ਮੁਕਦੀ ਗਲ ਇਹ ਕਿ ਨਾਮਧਾਰੀਆਂ ਨੂੰ ਮੌਤ ਦੇ ਭੈ ਤੋਂ ਕੀਹ ਹੋਣਾ ਸੀ ਸਗੋਂ ਦੇਸ਼ ਅਤੇ ਧਰਮ ਦੀ ਖਾਤਰ ਜਾਨ ਦੇਣ ਵਿਚ ਉਹਨਾਂ ਨੂੰ ਅਸੀਮ ਸੁਖ ਦਾ ਆਭਾਸ ਹੁੰਦਾ ਸੀ।

ਨਾਮ, ਦਾਨ, ਅਸ਼ਨਾਨ, ਕੀਰਤਨ, ਬਾਣੀ ਪਾਠ, ਯੱਗ, ਹਵਨ, ਅਹਿੰਸਾ, ਪ੍ਰੇਮ, ਨਿਸਵਾਰਥ ਭ੍ਰਾਤਰੀ, ਸਫੈਦ ਪਹਿਣਨਾ ਅਤੇ ਸਾਤਵਿਕ ਖਾਨਾ ਇਹ ਸਭ ਸਤਿਜੁਗੀ ਰਾਜ ਦੇ ਨਿਯਮ ਹਨ। ਅਜ

ਨਾਮ, ਦਾਨ, ਅਸਨਾਨ, ਕੀਰਤਨ, ਬਾਣੀ ਪਾਠ, ਯੱਗ, ਹਵਨ, ਅਹਿੰਸਾ, ਪ੍ਰੇਮ, ਨਿਸਵਾਰਥ ਭ੍ਰਾਤਰੀ, ਸਫੈਦ ਪਹਿਣਨਾ ਅਤੇ ਸਾਤਵਿਕ ਖਾਨਾ ਇਹ ਸਭ ਸਤਿਜੁਗੀ ਰਾਜ ਦੇ ਨਿਯਮ ਹਨ। ਅਜ ਕਲਜੁਗ ਦੇ ਰਾਜ ਵਿਚ ਇਹ ਕੰਮ ਲਿਖਨ ਪੜਨ ਵਿਚ ਤਾਂ ਭਾਵੇਂ ਆਉਂਦੇ ਹਨ ਪਰ ਅਮਲੀ ਰੂਪ ਵਿਚ ਇਹ ਕੇਵਲ ਸਤਿਗੁਰੂ ਰਾਮ ਸਿੰਘ ਜੀ ਦੇ ਦਰਗਾਹੀ ਦੂਤਾਵਾਸ (ਨਾਮਧਾਰੀ ਪੰਥ) ਵਿਚ ਹੀ ਲਾਗੂ ਹਨ।

ਕਲਜੁਗ ਦੇ ਰਾਜ ਵਿਚ ਇਹ ਕੰਮ ਲਿਖਨ ਪੜਨ ਵਿਚ ਤਾਂ ਭਾਵੇਂ ਆਉਂਦੇ ਹਨ ਪਰ ਅਮਲੀ ਰੂਪ ਵਿਚ ਇਹ ਕੇਵਲ ਸਤਿਗੁਰੂ ਰਾਮ ਸਿੰਘ ਜੀ ਦੇ ਦਰਗਾਹੀ ਦੂਤਾਵਾਸ (ਨਾਮਧਾਰੀ ਪੰਥ) ਵਿਚ ਹੀ ਲਾਗੂ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਯਾ ਹੇਠ ਅਜ ਭੀ ਨਾਮਧਾਰੀਆਂ ਵਿਚ ਜਥਾ ਸੰਭਵ ਇਹਨਾਂ ਦਾ ਪਾਲਣ ਹੁੰਦਾ ਹੈ। ਕਲਜੁਗ ਮੇਂ ਸਤਿਜੁਗ ਵਰਤਾਊਂ, ਤਬੀ ਬਾਹਰਵਾਂ ਬਪ ਕਹਾਊਂ, ਦੇ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਨੇ ਅਪਨੇ ਦਸਵੇਂ ਰੂਪ ਵਿਚ ਕਹੇ ਹੋਏ ਬਚਨਾਂ ਅਨੁਸਾਰ ਸੰਤ ਖਾਲਸਾ ਜਾਂ ਨਾਮਧਾਰੀ ਪੰਥ ਦੀ ਸਾਜਨਾ ਕਰਕੇ 'ਸਤਿਜੁਗ ਦਾ ਸੂਤਰਪਾਤ ਜਾਂ ਨੀਂਹ ਪਥਰ ਰਖਿਆ ਹੈ ਜਿਸ ਦੀ ਉਸਾਰੀ ਹੋ ਰਹੀ ਹੈ। ❖❖❖

ਰੂਹਾਨੀ ਤੇ ਸਮਾਜਕ ਵਿਕਾਸ ਦੇ ਸਿਲਸਿਲੇ

ਸਤਿਗੁਰੂ ਰਾਮ ਸਿੰਘ ਜੀ ਨੇ ਰੂਹਾਨੀ ਤੇ ਸਮਾਜਕ ਵਿਕਾਸ ਦੇ ਸਿਲਸਲੇ ਨੂੰ ਅਗਾਹ ਤੋਰਿਆ। ਹੁਕਮ ਦਿਤਾ- ਪਰ ਤਲਵਾਰ ਬੰਦੂਕ ਨਾਲ ਨਹੀਂ, ਸਤਿਗੁਰੂ ਵਾਲੇ ਪਿਆਰ ਨਾਲ- ਕੁੜੀਆਂ ਨਾ ਮਾਰੋ, ਇਨ੍ਹਾਂ ਨੂੰ ਵੀ ਅੰਮ੍ਰਿਤ ਛਕਾਓ। ਵਿਧਵਾ ਔਰਤਾਂ ਨੂੰ ਉਮਰ ਭਰ ਰੰਡੇਪੇ ਵਿਚ ਨਾ ਝੂਰਨ ਦਿਓ ਤੇ ਇਸੇ ਬਹਾਨੇ ਸਾਰੇ ਸਮਾਜ ਵਿਚ ਵਿਭਚਾਰ ਨਾ ਫੈਲਾਓ। ਇਨ੍ਹਾਂ ਦਾ ਮੁੜ ਕੇ ਵਿਆਹ ਕਰੋ ਤਾਕਿ ਇਹ ਹਰ ਕਿਸੇ ਦੀ ਮੈਲੀ ਨਜ਼ਰ ਦਾ ਸ਼ਿਕਾਰ ਨਾ ਬਣੀਆਂ ਰਹਿਣ। ਹਰ ਮਾਈ ਭਾਈ ਗੁਰਮੁਖੀ ਅੱਖਰ ਪੜ੍ਹੇ ਤਾਕਿ ਗਿਆਨ ਦੇ ਸੋਮੇ ਗਰੰਥਾਂ ਨਾਲੋਂ ਨਾ ਨਿਖੜ ਜਾਓ, ਮਤਾਂ ਅਗਿਆਨਤਾ ਦੇ ਹਨੇਰੇ ਵਿਚ ਫਸ ਕੇ ਭੂਤਾਂ ਪਰੇਤਾਂ ਦੀ ਪੂਜਾ ਹੀ ਕਰੀ ਜਾਓ।

ਹਵਨ ਕਰੋ, ਤਾਕਿ ਧੂਪ ਸਾਮੱਗਰੀ ਦੀ ਸੁਗੰਧੀ ਨਾਲ ਵਾਯ ਮੰਡਲ ਸ਼ੁੱਧ ਹੋਵੇ। ਪਰ ਹਵਨ ਵੇਲੇ ਸਮਝ ਵਿਚ ਨਾ ਆਉਣ ਵਾਲੇ ਮੰਤਰਾਂ ਨੂੰ ਹੀ ਨਾ ਰਟੀ ਜਾਓ, ਜਿਨ੍ਹਾਂ ਨੂੰ ਚਿਰੋਕੇ ਸਮੇਂ ਤੋਂ ਬ੍ਰਾਹਮਣ ਕਰਮ-ਕਾਂਡੀਆਂ ਨੇ ਠੱਗੀ ਦਾ ਸਾਧਨ ਬਣਾਇਆ ਹੋਇਐ। ਉਨ੍ਹਾਂ ਦੀ ਥਾਂ ਸਮਝ ਵਿਚ ਆਉਣ ਵਾਲੀ ਗੁਰਬਾਣੀ ਪੜ੍ਹੋ, ਜਿਹੜੀ ਤੁਹਾਡੀਆਂ ਬਿਰਤੀਆਂ ਨੂੰ ਇਕ ਅਕਾਲ ਪੁਰਖ ਨਾਲ ਜੋੜੇ।

ਅਮਰ ਭਾਰਤੀ

Namdhari Elibrary NamdhariElibrary@gmail.com

ਸੁਰਖ਼ ਬਸੰਤ

ਰਾਜਿੰਦਰ ਸਿੰਘ ਗੁਰੂਸਰ

ਪ ਤ ਝ ੜ ਜਿਥੇ ਜਾਂਦੀ ਜਾਂਦੀ, ਪੰਜਾਬ ਦੀ ਹਰ ਦਿਲ ਅਜ਼ੀਜ਼, ਸ਼ਾਹਾਨਾਂ ਸਿਖ ਸਲਤਨਤ ਨੂੰ ਵੀ ਹੁੰਝ ਲੈ ਗਈ, ਉਥੇ ਸ਼ਾਇਦ, ਅੰਗ੍ਰੇਜ਼ ਦੀਆਂ ਭਿਆਨਕ ਕਾਲੀਆਂ ਜੰਜੀਰਾਂ ਤੋਂ ਡਰਦੀ ਹੀ ਬਸੰਤ ਭਾਰਤ ਦੇ ਆਸਰਾ ਰੂਪ ਮਹਾਨ ਯੋਗੀ ਰਾਜ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਨਾਲ ਲੈਕੇ ਆਈ!

ਸਤਿਗੁਰੂ ਜੀ ਨੇ ਚੜ੍ਹਦੀ ਜਵਾਨੀ ਵਿਚ, ਸਿਖ ਰਾਜ ਦੇ ਢਲ ਰਹੇ ਸੂਰਜ ਦੇ ਬੰਨ ਬਹਾਦਰ ਯੁਵਰਾਜ, ਨੌ ਨਿਹਾਲ ਸਿੰਘ ਜੀ ਦੀ ਕਮਾਨ ਹੇਠ ਜਾ ਨੌਕਰੀ ਕੀਤੀ ਤੇ ਅਜ਼ਾਦੀ ਨੂੰ ਚੰਗੀ ਤਰਾਂ ਪੜ੍ਹਿਆ ਤੇ ਰਾਜ ਦੀਆਂ ਬੁਰਾਈਆਂ ਨੂੰ ਵੀ ਵੇਖਿਆ ਤੇ ਸਮਝ ਲਿਆ ਕਿ ਜੇ ਏਹੋ ਹਾਲ ਹਕੂਮਤ ਦਾ ਰਿਹਾ ਤਾਂ ਅਜ਼ਾਦੀ ਸੱਤਾਂ ਸਮੁੰਦਰਾਂ ਤੋਂ ਪਾਰ ਜਾ ਡਿਗੇਗੀ ਇਸ ਲਈ ਵੱਡੇ ਵੱਡੇ ਸਰਦਾਰਾਂ ਨੂੰ ਲਲਕਾਰਿਆ ਕਿ ਬਚੋ, ਤੇ ਸਿਧੇ ਰਸਤੇ ਤੇ ਆਓ, ਵਰਨਾਂ ਗੁਲਾਮੀ ਤੁਹਾਨੂੰ ਅਜੇਹਾ ਲਤਾੜੇਗੀ ਕਿ ਮੁੜ ਨਾਂ ਉਠੋਗੇ।

ਆਖਰ ਗੁਰੂ ਜੀ ਨੇ ਇਹ ਸੋਚਕੇ ਕਿ ਬੁਰਾਈ ਇਹਨਾਂ ਦੇ ਲਹੂ ਵਿਚ ਧਸ ਗਈ ਹੈ, ਤੇ ਇਹਨਾਂ ਦਾ ਖ਼ੂਨ ਹੀ ਬਦਲਨਾਂ ਪਵੇਗਾ, ਅਪਣਾ ਰਾਹ ਵਖ ਬਣਾ ਲਿਆ, ਤੇ ਨਾਮ ਦਾ ਟੀਕਾ ਲਗਾਕੇ ਉਹਨਾਂ ਵਿਚੋਂ ਬੁਰਾਈ ਦੇ ਜ਼ਰਾਸੀਮ ਮਾਰਨੇ ਸ਼ੁਰੂ ਕਰ ਦਿਤੇ ਤੇ ਐਲਾਨ ਕਰ ਦਿਤਾ ਕਿ ਅਸੀਂ ਸ਼ਸਤਰ ਨਾਲ ਆਪਣੀ ਅਜ਼ਾਦੀ ਨੂੰ ਬਹਾਲ ਨਹੀਂ ਰਖ ਸਕਾਂਗੇ ਬਲਕਿ ਸ਼ਰਾਬੀ ਹਾਥੀ, ਜਿਵੇਂ ਦੁਸ਼ਮਣ ਦੀ ਕਰਾਰੀ ਸਟ ਖਾ ਕੇ ਅਪਣੀ ਫੌਜ ਨੂੰ ਰੌਂਦਣ ਲਗ ਪੈਂਦਾ ਹੈ ਇਵੇਂ ਸਾਡੇ ਸ਼ਸਤਰ ਹੀ ਸਾਨੂੰ ਖਤਮ ਕਰਨਗੇ, ਜਿੰਨਾ ਚਿਰ ਤੀਕ ਅਸੀਂ ਅਪਣੇ ਆਚਰਨ ਨੂੰ ਠੀਕ ਨਹੀਂ ਬਣੌਂਦੇ।

ਹੁਣ ਗੁਲਾਮੀ ਦੀਆਂ ਜੰਜੀਰਾਂ ਦੀ ਛਣਕਾਰ ਵੀ ਗੁਰੂ ਜੀ ਨੂੰ ਸੁਣਨ ਲਗ ਪਈ ਕਿਉਂਕਿ ਡੋਗਰੇ ਸਿਖ ਰਾਜ ਨੂੰ ਰਸਾਤਲ ਵਲ ਧਸੀ ਲਈ ਤੁਰੀ ਜਾ ਰਹੇ ਸਨ, ਇਕ ਵਾਰ ਜਦੋਂ ਸਿਖ ਪਲਟਨਾਂ ਅੰਗ੍ਰੇਜ਼ ਦਾ ਮੁਕਾਬਲਾ ਕਰਨ ਲਈ ਫੀਰੋਜ਼ਪੁਰ ਨੂੰ ਆ ਰਹੀਆਂ ਸਨ ਤਾਂ ਗੁਰੂ ਜੀ ਨੇ ਅਪਣੀ ਬੰਦੂਕ ਦਰਿਆ ਵਿਚ ਸੁਟ ਦਿਤੀ, ਜਦ ਨਾਲਦਿਆਂ ਕਿਹਾ ਕਿ ਇਹ ਕੀ ਕੀਤਾ ਤਾਂ ਗੁਰੂ ਜੀ ਕਿਹਾ ਅਸਾਂ ਅਜ ਸੁਟੀ ਹੈ ਤੇ ਏਹ ਕਲ ਸੁਟਨਗੇ, ਤੇ ਏਨੀਆਂ ਸੁਟਣਗੇ ਕਿ ਦਰਯਾ ਅਟਿਆ ਜਾਵੇਗਾ ਹੁਣ ਸ਼ਸਤਰ ਦਾ ਮੌਕਾ ਨਹੀਂ, ਬਲਕਿ ਸ਼ਾਂਤੀ ਤੇ ਮਾਲਾ ਦਾ ਹੈ।

ਫੌਜੀ ਨੌਕਰੀ ਸਮੇਂ ਹੀ ਅਪਨੇ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਲਈ ਚਾਲੇ ਪਾ ਦਿਤੇ, ਤੇ ਜਦ ਹਜਰੋਂ ਪਹੁੰਚੇ ਤਾਂ ਗੁਰੂ ਬਾਲਕ ਸਿੰਘ ਜੀ ਕਿਹਾ ਆਓ ਠਾਕਰ ਜੀ ਅਸੀਂ ਤੁਹਾਨੂੰ ਹੀ ਉਡੀਕ ਰਹੇ ਸਾਂ ਅਤੇ ਪੰਜ ਪੈਸੇ ਤੇ ਨਾਰੀਅਲ ਮੱਥਾ ਟੇਕਕੇ ਕਿਹਾ ਕਿ ਸਾਂਭੋ ਆਪਦੀ ਸਿੱਖੀ ਤੇ ਬਾਰਵੇਂ ਜਾਮੇਂ ਦੀ ਕਾਰ, ਇਹ ਕਹਿਕੇ ਮਾਨੋਂ ੧੫ ਕਲਾਂ ਵਿਚ ਸੋਲਵੀਂ ਕਲਾ ਰਲਾਕੇ ਅਗੇ ਹੀ ਤਪ ਰਹੇ ਸੂਰਜ ਨੂੰ ਬਾਰਾਂ ਰਾਸੀਆਂ ਦਾ ਸਾਥ ਦੇਕੇ ਸੰਪੂਰਨ ਕਰ ਦਿਤਾ ਇਸ ਵਰਦਾਨ ਦੀ ਖੁਮਾਰੀ ਨਾਲ ਸਾਂਵਲਾ ਰੰਗ, ਸੂਰਜ ਸੈਂਹੇ ਰਖੇ ਹੋਏ ਨੀਲਮ ਦੀ ਤਰਾਂ ਰਿਸਮਾਂ ਛਡਣ ਲਗ ਪਿਆ !



ਪੰਜਾਬ ਵਿਚ ਔਣ ਦੀ ਦਿਲ ਸੀ ਕਿ ਨਾਲ ਦੀ ਸੰਗਤ ਨੇ ਢੋਲ ਮਾਰ ਦਿਤੇ, ਕਿ ਗੁਰੂ ਬਾਲਕ ਸਿੰਘ ਜੀ ਦੀ ਗੱਦੀ ਤੇ ਬਾਰ੍ਹਵੀਂ ਜੋਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਿਰਾਜ ਮਾਨ ਹੋ ਗਏ ਹਨ ਏਹ ਸੁਣਕੇ ਹਜ਼ਾਰਾਂ ਨਾਮ ਤੇ ਅਜ਼ਾਦੀ ਦੇ ਰਸਿਕ ਪ੍ਰਵਾਨਿਆਂ ਦੀ ਤਰਾਂ ਸ਼ਮਾਂ ਦੁਆਲੇ ਆਨ ਇਕਠੇ ਹੋਏ ਇਸ ਤਰ੍ਹਾਂ ਧਰਮ ਪ੍ਰਚਾਰ ਨੇ ਦਿਨਾਂ ਵਿਚ ਸੈਂਕੜੇ ਮਹੀਨਿਆਂ ਵਿਚ ਹਜ਼ਾਰਾਂ ਤੇ ਸਾਲਾਂ ਵਿਚ ਲੱਖਾਂ ਸੂਰਬੀਰ ਜਤੀ ਸਤੀ ਨਿਤਨੇਮੀ ਤੇ ਸਪੇਦ ਖੱਦਰ ਧਾਰੀ ਬਣਾਕੇ, ਬਰਫ ਵਾਂਗ ਤਨ ਤੇ ਮਨ ਚਮਕਦੇ ਚਮਕਦੇ ਕਰ ਦਿਤੇ ਤੇ ਇਸ ਤਰਾਂ ਖੱਦਰ ਨੂੰ ਸਭ ਤੋਂ ਪਹਿਲੇ ਕੌਮੀ ਪਹਿਰਾਵਾ ਹੋਣ ਦਾ ਮਾਣ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਦਿਤਾ, ਤੇ ਸਵਦੇਸ਼ੀ ਦੀ ਵਰਤੋਂ ਕਰਨੀ ਹੀ ਸਭ ਦਾ ਨਿਸ਼ਾਨਾ ਦਸਿਆ।

ਪੰਜਾਬ ਵਿਚ ਤਾਂ ਮਾਨੋਂ ਸੁਧਾਰ ਦਾ ਹੜ ਹੀ ਆ ਗਿਆ ਤੇ ਜਿਸ ਤਰਾਂ ਭਰੇ ਦਰਿਆ ਦੀਆਂ ਛਲਾਂ ਨਾਲ ਸੀਲਾਬ ਕੰਢਿਆਂ ਤੋਂ ਦੂਰ ਵੀ ਫੈਲ ਜਾਂਦਾ ਹੈ, ਇਸ ਤਰਾਂ ਪੰਜਾਬ ਤੋਂ ਬਾਹਰ ਵੀ ਕਾਫੀ ਬੜੇ ਪੈਮਾਨੇ ਤੇ ਇਸਦਾ ਅਸਰ ਹੋਇਆ।

ਏਨੇ ਚਿਰ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੇ ਕਾਇਮ ਕੀਤੇ ਸਿਖ ਰਾਜ ਦਾ ਸੂਰਜ ਵੀ ਅਸਤ ਹੋ ਗਿਆ, ਅਤੇ ਅੰਗ੍ਰੇਜ਼ ਭਾਰੀ ਜੰਗਲ ਤੇ ਮਹਾਂ ਪ੍ਰਕੋਪ ਹੋਏ ਅੱਗ ਦੇ ਭਿਆਨਕ ਬਵੰਡਰ ਵਾਂਗ ਪਰਜਾ ਨੂੰ ਭੈ ਭੀਤ ਕਰਦੇ ਪੰਜਾਬ ਤੇ ਛਾ ਗਏ ਤੇ ਇਉਂ ਭਾਰਤ ਦੀ ਆਜ਼ਾਦੀ ਦੀ ਆਖਰੀ ਕਿਰਨ ਵੀ ਖਤਮ ਹੋਕੇ ਚੁਫੇਰਿਓਂ ਜ਼ੁਲਮ ਤੇ ਤੱਸ਼ਦਦ ਦਾ ਅੰਧਕਾਰ ਹੀ ਛਾ ਗਿਆ।

ਪਰ ਪਾਰਖੂ ਅੱਖਾਂ ਨੂੰ ਇਸ ਨ੍ਹੇਰ ਗੁਬਾਰ ਵਿਚ ਵੀ ਆਸਾ ਦੀਆਂ ਸ਼ੁਆਵਾਂ ਦਿਸੀਆਂ ਤੇ ਇਹ ਪ੍ਰਕਾਸ਼ ਲੁਦਿਆਣੇ ਤੋਂ ਚੜ੍ਹਦੇ ਦੀ ਵਲ ਭੈਣੀ ਸਾਹਿਬ ਹੀ ਚਮਕਾਂ ਮਾਰ ਰਿਹਾ ਸੀ, ਜਿਸ ਨੇ ਅੰਗਰੇਜ਼ ਦੀਆਂ ਅਖਾਂ ਨੂੰ ਚੁੰਧਿਆ ਦਿਤਾ ਤੇ ਅੰਗਰੇਜ਼ ਦੀਆਂ ਜਿਤ ਦੀ ਖ਼ੁਸ਼ੀ ਨਾਲ ਨਸ਼ਿਆਈਆਂ ਸੋਸਨੀ ਅਖਾਂ ਵਿਚ ਵੀ ਮੁਰਦਿਆਣ ਦੀ ਪੀਲੀ ਪੀਲੀ ਭਾਹ ਵਧਣ ਲਗ ਪਈ।

ਸੁਧਾਰ

ਇਕ ਵਾਰ ਉਦਾਸੀ ਸੰਤਾਂ ਦੇ ਜਥੇ ਨੂੰ ਭਜਨ ਦਸਕੇ, ਸਤਿਗੁਰਾਂ ਹੁਕਮ ਕੀਤਾ, ਕਿ ਭਾਈ ਵਿਹਲੇ ਰਹਿਣ ਦਾ ਕੋਈ ਕੰਮ

Namdhari Elibrary NamdhariElibrary@gmail.com

ਨਹੀਂ, ਅਰਥ ਸਿਧ ਕਰੋ ਪ੍ਰਮਾਰਥ ਆਪੇ ਹੀ ਸਿਧ ਹੋ ਜਾਏਗਾ, ਸਾਰੇ ਹੀ ਦਸਾਂ ਨਵਾਂ ਦੀ ਕਿਰਤ ਕਰਕੇ ਖਾਓ।

ਇਕ ਵੇਰਾਂ ਇਕ ਮੁਸਲਮਾਨ ਨੇ ਇਕ ਸਿਖ ਨੂੰ ਪਾਣੀ ਪਿਆਉਣ ਲਈ ਕਿਹਾ, ਪਰ ਸਿਖ ਨੇ ਪਾਣੀ ਏਸ ਲਈ ਨਾਂ ਪਿਆਇਆ, ਕਿ ਗੜਵਾ ਮਾਜਣਾਂ ਪਵੇਗਾ. ਸਤਿਗੁਰੂ ਜੀ ਨੇ ਜੋ ਨੇੜੇ ਹੀ ਖੜੇ ਸਨ, ਝੱਟ ਉਠਕੇ ਉਸਨੂੰ ਪਾਣੀ ਪਿਆਇਆ, ਤੇ ਸਿਖ ਨੂੰ ਤਾੜਿਆ ਕਿ ਤੂੰ ਇਹ ਸਿਖਿਆ ਕਿਸ ਤੋਂ ਲਈ ਹੈ ? ਤੇ ਉਸ ਤੋਂ ਪਿਛੋਂ ਹੁਕਮ ਕਰ ਦਿਤਾ, ਕਿ ਏਹ ਤਾਂ ਇਕ ਸਧਾਰਨ ਗਲ ਸੀ, ਪਰ ਜੇ ਇਕ ਕਸਾਈ ਜਿਸਦੇ ਹੱਥ ਵਿਚ ਗਾਂ ਦੀ ਰਤ ਨਾਲ ਭਿਜੀ ਹੋਈ ਛੁਰੀ ਹੋਵੇ, ਤੁਹਾਡੇ ਦਰ ਤੋਂ ਭੁੱਖਾ ਤੇ ਤਿਹਾਇਆ ਚਲਿਆ ਗਿਆ ਤਾਂ ਤੁਸੀਂ ਕਦੇ ਵੀ ਬਖਸ਼ੇ ਨਹੀਂ ਜਾਓਗੇ, ਕਿਉਂਕਿ ਪਾਪ ਵਾਲੇ ਨੂੰ ਪਾਪ ਦਾ ਤੇ ਪੁੰਨ ਵਾਲੇ ਨੂੰ ਪੁੰਨ ਦਾ ਫਲ ਮਿਲੇਗਾ। ਅਤੇ ਇਹ ਵੀ ਕਿਹਾ ਕਿ ਨੰਗੇ ਨੂੰ ਕਪੜਾ ਤੇ ਜੁਤੀ ਵੀ ਦਿਓ।

ਗਰੇਵਾਲਾਂ ਨੂੰ ਜਿਨਾਂ ਦੇ ਪਿੰਡਾਂ ਵਿਚ ਕੋਈ ਖੁਸ਼ ਕਿਸਮਤ ਕੁੜੀ ਹੀ ਜਿੰਦਾ ਰਹਿਣ ਦਿਤੀ ਜਾਂਦੀ ਸੀ ਸਤਿਗੁਰਾਂ ਹੁਕਮ ਕੀਤਾ ਕਿ ਅਗੇ ਤੋਂ ਜੇਹੜਾ ਕੁੜੀ ਮਾਰੇਗਾ ਉਸ ਨੂੰ ਸਾਧ ਸੰਗਤ ਵਿਚ ਬੁਲਾਇਆ ਜਾਵੇਗਾ, ਤੇ ਮੂੰਹ ਕਾਲਾ ਕਰਕੇ ਸਾਰੇ ਮੇਲੇ ਵਿਚ ਫੇਰਿਆ ਜਾਵੇਗਾ ਜਿਸ ਕਰਕੇ ਓਹ ਲੋਕ ਇਸ ਪਾਪ ਤੋਂ ਹਟੇ। •

ਲਹਿਣਾ ਸਿੰਘ ਹੋਰਾਂ ਜਦ ਜੱਜ ਦੇ ਪੇਸ਼ ਹੋ ਕੇ, ਆਪਣੇ ਜੁਰਮ ਦਾ ਇਕਬਾਲ ਕੀਤਾ ਤਾਂ ਜੱਜ ਨੇ ਮੂੰਹ ਵਿਚ ਕਲਮ ਲੈਕੇ ਕਿਹਾ ਕਿ:- ਧੰਨ ਤੁਸੀਂ ਤੇ ਧੰਨ ਤੁਹਾਡਾ ਗੁਰੂ, ਇਸ ਤਰਾਂ ਨਿਰਦੋਸ਼ੀਆਂ ਨੂੰ ਛੁਡਾ ਕੇ ਸਿੰਘਾਂ ਖੁਦ ਸ਼ਹੀਦੀ ਪਾਈ, ਏਹੋ ਜੇਹੀਆਂ ਘਟਨਾਵਾਂ ਤੋਂ ਮੁਤਾਸਰ ਹੋ ਕੇ ਹੀ ਗੌਰਮਿੰਟ ਨੇ "ਕੂਕਾ ਆਊਟ ਬਰੇਕ" ਵਿਚ ਲਿਖਿਆ ਹੈ, ਕਿ 'ਕੂਕਾ ਕਦੇ ਝੂਠ ਨਹੀਂ ਬੋਲਦਾ' ਤੇ ਕੂਕਾ ਕਦੇ ਗੌਰਮਿੰਟ ਦਾ ਵਫ਼ਾਦਾਰ ਨਹੀਂ ਹੋ ਸਕਦਾ, ਇਸਨੂੰ ਕਹਿੰਦੇ ਨੇ ਖ਼ੂਨ ਬਦਲਨਾ।

ਸਚਾਈ

ਅੰਮ੍ਰਿਤਸਰ ਘੰਟਾ ਘਰ ਕੋਲ ਬੁਚੜਖਾਨਾ ਸੀ ਜਿਥੋਂ ਜਾਨਵਰ ਹੱਡੀਆਂ ਚੁਕ ਕੇ ਤਲਾ ਵਿਚ ਸੁਟਦੇ ਸਨ ਸਿੰਘਾਂ ਤੋਂ ਏਹ ਬੇਅਦਬੀ ਸਹਾਰੀ ਨਾਂ ਗਈ ਤੇ ਰਾਤ ਨੂੰ ਬੁੱਚੜ ਵੱਢ ਦਿਤੇ। ਗੌਰਮਿੰਟ ਨੇ ਨਿਹੰਗਾਂ ਤੇ ਪੁਜਾਰੀਆਂ ਨੂੰ ਕੁਟਕੇ ਹੀ ਇਕਬਾਲੀ ਕਰਾ ਲਿਆ ਜਦ ਗੁਰੂ ਜੀ ਨੂੰ ਪਤਾ ਲਗਾ ਤਾਂ ਉਹਨਾਂ ਕਾਤਲਾਂ ਨੂੰ ਕਿਹਾ ਕਿ ਲਹਿਣਾ ਸਿੰਘਾ ਬੀਜੋ ਤੁਸੀਂ, ਤੇ ਵੱਢੇ ਕੋਈ ਹੋਰ ! ਜਾਓ ! ਨਿਰਦੋਸ਼ਾਂ ਨੂੰ ਛੁਡਾ ਕੇ ਖੁਦ ਸ਼ਹੀਦੀਆਂ ਪਾਓ।

ਲਹਿਣਾ ਸਿੰਘ ਹੋਰਾਂ ਜਦ ਜੱਜ ਦੇ ਪੇਸ਼ ਹੋ ਕੇ, ਆਪਣੇ ਜੁਰਮ ਦਾ ਇਕਬਾਲ ਕੀਤਾ ਤਾਂ ਜੱਜ ਨੇ ਮੂੰਹ ਵਿਚ ਕਲਮ ਲੈਕੇ ਕਿਹਾ ਕਿ:- ਧੰਨ ਤੁਸੀਂ ਤੇ ਧੰਨ ਤੁਹਾਡਾ ਗੁਰੂ, ਇਸ ਤਰਾਂ ਨਿਰਦੋਸ਼ੀਆਂ ਨੂੰ ਛੁਡਾ ਕੇ ਸਿੰਘਾਂ ਖੁਦ ਸ਼ਹੀਦੀ ਪਾਈ, ਏਹੋ ਜੇਹੀਆਂ ਘਟਨਾਵਾਂ ਤੋਂ ਮੁਤਾਸਰ ਹੋ ਕੇ ਹੀ ਗੌਰਮਿੰਟ ਨੇ 'ਕੂਕਾ ਆਊਟ ਬਰੇਕ" ਵਿਚ ਲਿਖਿਆ ਹੈ, ਕਿ 'ਕੂਕਾ ਕਦੇ ਝੂਠ ਨਹੀਂ ਬੋਲਦਾ' ਤੇ ਕੂਕਾ ਕਦੇ ਗੌਰਮਿੰਟ ਦਾ ਵਫ਼ਾਦਾਰ ਨਹੀਂ ਹੋ ਸਕਦਾ, ਇਸਨੂੰ ਕਹਿੰਦੇ ਨੇ ਖ਼ੂਨ ਬਦਲਨਾ।

ਸਤਿਗੁਰੂ ਜੀ ਨੇ ਜਿਥੇ ਚੋਰੀ ਯਾਰੀ ਤੇ ਹੋਰ ਬੁਰਾਈਆਂ ਨੂੰ ਖਤਮ ਕੀਤਾ, ਓਥੇ ਏਹ ਵੀ ਹੁਕਮ ਦਿਤਾ ਕਿ ਏਨ੍ਹਾਂ ਦੀ ਅਦਾਲਤ ਪਾਪ ਦੀ ਅਦਾਲਤ ਹੈ ਏਥੇ ਸੱਚਾ ਨਿਆਉਂ ਨਹੀਂ, ਏਸ ਲਈ ਸਭ ਆਪ ਦੇ ਫੈਸਲੇ ਸਾਧ ਸੰਗਤ ਵਿਚ ਕਰਾਓ ਵਿਦੇਸ਼ੀ ਸਕੂਲਾਂ ਦਾ ਮੁਕੰਮਲ ਬਾਈਕਾਟ, ਕਿਓਂ ਜੋ ਏਹ ਗੁਲਾਮੀ ਦੀਆਂ ਜੜ੍ਹਾਂ ਨੂੰ ਮਜਬੂਤ ਕਰਦੇ ਹਨ, ਵਲੈਤੀ ਕਪੜੇ ਨੂੰ ਤਾਂ ਘਰ ਵਾੜਨਾ ਹੀ ਸਭ ਤੋਂ ਵਡਾ ਗੁਨਾਹ ਹੈ, ਕਿਉਂਕਿ ਇਸੇ ਵਪਾਰ ਦੇ ਆਸਰੇ ਹੀ ਗੌਰਮਿੰਟ ਜੀ ਰਹੀ ਹੈ ਡਾਕ ਦਾ ਸਿਸਟਮ ਵੀ ਗੁਰੂ ਜੀ ਨੇ ਆਪ ਦਾ ਹੀ ਚਾਲੂ ਕੀਤਾ।

ਏਨਾਂ ਹੁਕਮਾਂ ਤੇ ਨਾਮਧਾਰੀਆਂ ਅਜੇਹੇ ਫੁਲ ਚਾੜੇ ਕਿ ਲੱਖਾਂ ਨੇ ਉਮਰ ਭਰ ਨਾ ਗੱਡੀ ਤੇ ਲਤ ਰਖੀ ਤੇ ਨਾਂ ਨਹਿਰਾਂ ਦਾ ਪਾਣੀ ਹੀ ਪੀਤਾ ਕਿਉਂਕਿ ਓਹ ਕਹਿੰਦੇ ਸਨ ਕਿ ਏਹਨਾਂ ਵਿਚੋਂ ਵੀ ਗੌਰਮਿੰਟ ਦੇ ਨਫੇ ਦੀ ਬੂ ਔਂਦੀ ਹੈ। ਘਰ ਘਰ ਖੱਦਰ ਹੀ ਖੱਦਰ ਨਜ਼ਰ ਔਣ ਲਗ ਪਿਆ, ਤੇ ਹੱਥੀਂ ਕੱਤੀ ਉੱਨ ਦੇ ਭੂਰੇ, ਜਿਸ ਦੇ ਅਸਰ ਨੂੰ ਗੌਰਮਿੰਟ ਝਲ ਨਾਂ ਸਕੀ ਤੇ ਸਤਿਗੁਰੂ ਜੀ ਨੂੰ ਭੈਣੀ ਸਾਹਿਬ ਹੀ ਨਜ਼ਰ ਬੰਦ ਕਰ ਦਿਤਾ।

ਪਰ ਗੁਰੂ ਜੀ ਚੁੱਪ ਬੈਠਣ ਵਾਲੇ ਨਹੀਂ ਸਨ, ਓਹਨਾਂ ਫੌਰਨ ਅਪਣੀ ਜਗਾ ੫ ਸੂਬੇ ਬਣਾਕੇ ਪਰਚਾਰ ਲਈ ਭੇਜ ਦਿਤੇ। ਜਿਨਾਂ ਦੀ ਜ਼ਬਾਨ ਵਿਚ ਵੀ ਉਹੋ ਤਾਸੀਰ ਸੀ ਜਿਨਾਂ ਦੇ ਅਸਰ ਨਾਲ ਸੈਂਕੜੇ ਸਰਦਾਰ ਅੰਗ੍ਰੇਜ਼ ਤੇ ਰਾਜਿਆਂ ਦੇ ਹੱਥੋਂ ਨਿਕਲ ਕੇ ਅਜ਼ਾਦੀ ਦੀ ਲਹਿਰ ਵਿਚ ਆ ਗਏ। ਅਤੇ ਓਹਨਾਂ ਸਰਦਾਰੀਆਂ, ਜਾਗੀਰਾਂ, ਤੇ ਨੌਕਰੀਆਂ ਨੂੰ ਇੰਞ ਰੋਹੜ ਦਿਤਾ, ਜਿਵੇਂ ਸ਼ਰਾਬੀ ਕੱਚ ਦੀਆਂ ਪੇਟੀਆਂ ਨੂੰ ਰੋਹੜ ਦਿੰਦਾ ਹੈ।

ਅੰਗ੍ਰੇਜ਼ ਨੇ ਇਹਨਾਂ ਪੰਜਾਂ ਸੂਬਿਆਂ ਨੂੰ ਵੀ ਨਜਰਬੰਦ ਕਰ ਦਿਤਾ। ਤੇ ਡੀ.ਸੀ. ਲੁਧਿਆਣਾ ਨੇ ਗੁਰੂ ਜੀ ਨੂੰ ਕਿਹਾ ਕਿ ਬਾਬਾ ਰਾਮ ਸਿੰਘ ਅਬ ਕਿਆ ਕਰੋਗੇ ? ਸਤਿਗੁਰਾਂ ਕਿਹਾ ਜਾ ਓਇ ਬਿੱਲਿਆ ਹੁਣ ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ।

ਆਖਰ ਨਜ਼ਰਬੰਦੀ ਦੀ ਪਰਵਾਹ ਨਾ ਕਰਦਿਆਂ ਹੋਇਆਂ ਗੁਰੂ ਜੀ ਨੇ ਅਨੰਦਪੁਰ ਨੂੰ ਚਾਲੇ ਪਾ ਦਿਤੇ, ਨਾਲ ਸੰਗਤ ਬਹੁਤ ਸੀ. ਜਿਸਨੂੰ ਵੇਖਕੇ ਪੁਜਾਰੀ ਘਾਬਰ ਗਏ ਕਿ ਕਿਤੇ ਕੂਕੇ ਗੁਰਦੁਆਰਿਆਂ ਤੇ ਕਬਜਾ ਹੀ ਨਾ ਕਰ ਲੈਣ। ਤੇ ਉਹਨਾਂ ਡੀ.ਸੀ. ਹੁਸ਼ਿਆਰਪੁਰ ਨੂੰ ਲਿਖਿਆ ਕਿ ਕੂਕੇ ਅਨੰਦਪੁਰ ਤੇ ਕਬਜਾ ਕਰਨ ਆ ਰਹੇ ਹਨ ਉਸਨੇ ਝਟ ਇਕ ਬ੍ਰਗੇਡ ਅੰਬਾਲੇ ਤੋਂ ਮੰਗਵਾ ਕੇ ਗੁਰੂ ਜੀ ਦਾ ਰਾਹ ਜਾ ਰੋਕਿਆ, ਤੇ ਕਿਹਾ ਬਾਬਾ ਸਾਹਿਬ ਆਪ ਕੇ ਹਥਿਆਰ ਕਹਾਂ ਹੈਂ, ਜਿਨ ਸੇ ਆਪ ਨੇ ਅਨੰਦਪੁਰ ਕਬਜਾ ਕਰਨਾ ਹੈ, ਗੁਰੂ ਜੀ ਨੇ ਹਸ ਕੇ ਕਿਹਾ ਕਿ ਸਾਡੇ ਪਾਸ ਤਾਂ ਇਕ ਨਾਮ ਦੀ ਮਾਲਾ ਹੈ, ਜਿਸ ਨਾਲ ਅਸੀਂ ਅਜ਼ਾਦੀ ਹਾਸਲ ਕਰਨੀ ਹੈ, ਹਥਿਆਰ ਤਾਂ ਮੈਂ ਖਤਮ ਕਰਨ ਆਇਆ ਹਾਂ!

ਮਲੇਰ ਕੋਟਲੇ ਦਾ ਸਾਕਾ:- ਆਖਰ ੧੯੨੮ ਬਿਕ੍ਰਮੀ ਦੀ ਖ਼ੂਨੀ ਬਸੰਤ ਵੀ ਆ ਗਈ, ਅਤੇ ਮੇਲੇ ਤੇ ਸ੍ਰ: ਗੁਰਮੁਖ ਸਿੰਘ ਜੋ ਆਣ ਕਿਹਾ, ਕਿ, ਸਾਧ ਸੰਗਤ ਜੀ ਮੈਂ ਮਲੇਰ ਕੋਟਲੇ ਦੇ ਇਕ ਕਰੂੰਜੜੇ ਨੂੰ. ਬੈਲ ਤੇ ਰਹਿਮ ਕਰਨ ਲਈ ਕਿਹਾ, ਜੋ ਬਹੁਤ ਸਾਰੀਆਂ ਮੂਲੀਆਂ ਲੱਦਕੇ ਉਤੇ ਆਪ ਵੀ ਚੜ੍ਹ ਬੈਠਾ ਸੀ, ਉਸ ਕਿਹਾ ਕਿ ਤੂੰ ਬਲਦ ਦਾ ਸਾਲਾ ਲਗਦਾ ਹੈਂ! ਵੇਖ ਤੇਰੇ ਸਾਹਮਣੇ ਹੀ ਜ਼ਿਬਾ ਕਰਵਾਂਦਾ ਹਾਂ ਇਸਨੂੰ! ਤੇ ਉਸਨੇ ਕਾਜੀ ਨੂੰ ਜਾ ਕਿਹਾ, ਕਾਜੀ ਨੇ ਮੈਨੂੰ ਫੜ

Namdhari Elibrary NamdhariElibrary@gmail.com

ਮੰਗਵਾਇਆ ਤੇ ਕੋਲ ਖੜ੍ਹਾਕੇ ਮੇਰੇ ਸਾਹਮਣੇ ਬੈਲ ਵੱਢ ਦਿਤਾ ਤੇ ਫਿਰ ਮੈਨੂੰ ਧੱਕੇ ਦੇਕੇ ਕਿਹਾ ਕਿ ਕਰ ਜੋ ਕੁਝ ਤੂੰ ਕਰਨਾ ਹੈ, ਤੇਰੇ ਕੀਤੇ ਦੀ ਇਹੋ ਸਜ਼ਾ ਹੈ।

ਇਹ ਸੁਣਕੇ ਖਾਲਸਾ ਰੋਹ ਵਿਚ ਆ ਗਿਆ, ਤੇ ਸਤਿਗੁਰੂ ਜੀ ਅਗੇ ਜਾ ਅਰਜ਼ ਕੀਤੀ ਕਿ ਸਾਨੂੰ ਸ਼ਹੀਦੀਆਂ ਪੋਣ ਦਾ ਹੁਕਮ ਦਿਓ? ਕਿਓਂਕਿ ਹੁਣ ਵਕਤ ਆ ਗਿਆ ਹੈ।

ਗੁਰੂ ਜੀ ਕਿਹਾ ਸ਼ਾਂਤੀ ਰਖੋ! ਅਜੇ ਪਨੀਰੀ ਛੋਟੀ ਹੈ। ਏਹ ਕੰਮ ਕਾਹਲੇ ਪੈਣ ਦਾ ਨਹੀਂ ਜੋ ਕੰਮ ਤੁਸੀਂ ਤਲਵਾਰ ਨਾਲ ਕਰਨਾ ਚਾਹੁੰਦੇ ਹੋ ਮੈਂ ਮਾਲਾ ਨਾਲ ਕਰ ਦਿਆਂਗਾ, ਆਪ ਸ਼ਾਂਤੀ ਰਖੋ।

ਪਰ ਮਸਤਾਨੇ ਜਿਨਾਂ ਵਿਚ ੨ ਵੱਡੇ ਸਰਦਾਰ ਵੀ ਸਨ 'ਹਟਣ ਵਾਲੇ ਕਿਥੋਂ ਸਨ, ਤੇ ਇਹ ਕਹਿਕੇ ਕਿ 'ਸਾਨੂੰ ਗੁਰੂ ਤੇਗ ਬਹਾਦਰ ਜੀ ਹੁਕਮ ਦੇਂਦੇ ਹੈਨ' ਕੋਟਲੇ ਤੇ ਜਾ ਹੱਲਾ ਬੋਲਿਆ, ਕਾਜ਼ੀ ਕਰੂੰਜੜਾ ਤੇ ਕਸਾਈਆਂ ਦਾ ਸਫਾਇਆ ਕਰਕੇ ਰੜ ਦੇ ਮੈਦਾਨ ਵਿਚ ਜਾ ਡੇਰੇ ਲਾਏ।

ਓਧਰ ਡੀ.ਸੀ. ਕਾਵਨ ਨੇ ਜੋ ਮੌਕੇ ਦੀ ਤਾੜ ਵਿਚ ਹੀ ਸੀ ਮੈਦਾਨ ਵਿਚ ਲਿਆ ਤੋਪਾਂ ਗਡੀਆਂ ਤੇ ਸਿੰਘਾਂ ਨੂੰ ਅਗੇ ਖਲ੍ਹਾਰ ਕੇ ਤੋਪਾਂ ਨਾਲ ਉਡਾ ਦਿਤਾ, ਜਿਸ ਦਰਦਨਾਕ ਨਜ਼ਾਰੇ ਨੂੰ ਗਿਆਨੀ ਕਾਲਾ ਸਿੰਘ ਜੀ ਹੁਰੀਂ ਇਉਂ ਦਸਦੇ ਹੈਨ।

ਮਾਏ ਵੇਖ ਅਜ ਕਹਿਰ ਦਾ ਮੀਂਹ ਲਥਾ,
ਗੜਾ ਵੱਸਦਾ ਪਿਆ ਗੁਲਜ਼ਾਰ ਅੰਦਰ।
ਆਣ ਫੰਧਕਾਂ ਬੁਲਬੁਲਾਂ ਫਾਹੀਆਂ ਨੇ,
ਸ਼ੋਕ ਪਿਆ ਏ ਤਦੇ ਬਹਾਰ ਅੰਦਰ।
ਭਾਰਤ ਪੂਤ ਸੋਹਣੇ ਬਾਜਾਂ ਵਾਲੜੇ ਦੇ,
ਬੰਨ੍ਹੇ ਹੋਏ ਨੇ ਇਕ ਕਤਾਰ ਅੰਦਰ।
ਤ੍ਰੰਬੇ ਇਕ ਦੇ ਤੋਪ ਉਡਾ ਦੇਂਦੀ,
ਦੂਜਾ ਖੜਾ ਹੈ ਗੋਲੀ ਦੀ ਮਾਰ ਅੰਦਰ।
ਕਾਹਲਾ ਇਕ ਕੋਲੋਂ ਇਕ ਦਿਸਦਾ ਏ,
ਮਿਲਣ ਮਰਤਬੇ ਜਿਵੇਂ ਸਰਕਾਰ ਅੰਦਰ।
ਫਾਂਸੀ ਤਾਈਂ ਹਾਂਸੀ ਕਰ ਛੱਡ ਦੇਣੀ,
ਡਰ ਮੌਤ ਦਾ ਨਹੀਂ ਸੁਮਾਰ ਅੰਦਰ।
ਨੀ ਔਹ ਵੇਖ ਇਕ ਅਲੜਾ ਬਾਲ ਜਾਪੇ,
ਖਾਧਾ ਪੀਤਾ ਨਾਂ ਉਸ ਸੰਸਾਰ ਅੰਦਰ।
ਜਿਸ ਮਾਊਂਦਾ ਸੋਹਣਾ ਏਹ ਲਾਲ ਮਰਸੀ,
ਡੁਬ ਜਾਵਸੀ ਹੰਝੂ ਦੀ ਧਾਰ ਅੰਦਰ।
ਸੋਹਣਾ ਮੁਖੜਾ ਚੌਧਵੀਂ ਚੰਨ ਜੇਹਾ,
ਛਪ ਜਾਵਸੀ ਮੌਤ ਦੀ ਗਾਰ ਅੰਦਰ।
ਐ ਕਾਵਨ ਨਾ ਜ਼ੁਲਮ ਕਮਾ ਡਾਢਾ,
ਨੇਕੀ ਖਟ ਕੁਝ ਏਸ ਬਜ਼ਾਰ ਅੰਦਰ।

ਜਿਸ ਵੇਲੇ ਇਕ ਬਾਰਾਂ ਸਾਲ ਦੇ ਬੱਚੇ ਦੀ ਤੋਪ ਅਗੇ ਵਾਰੀ ਆਈ, ਉਸ ਵੇਲੇ ਕਾਵਨ ਦੀ ਮੇਮ ਵੀ ਤੜਫ ਉਠੀ ਤੇ ਕੀ ਕਹਿੰਦੀ ਹੈ:-

ਮੇਮ ਆਖਦੀ ਸਾਹਿਬ ਨਾਂ ਮਾਰ ਇਸਨੂੰ,
ਤਰਸ ਕਰ ਕੁਝ ਏਸ ਨਾਦਾਨ ਉਤੇ।
ਫਸਿਆ ਏਹ ਅਨਜਾਣ ਅਨਭੋਲ ਐਵੇਂ,
ਕੁਝ ਡਿਠਾ ਨਾਂ ਏਸ ਜਹਾਨ ਉਤੇ।
ਸ਼ਕਲ ਵੇਖ ਇਸ ਦੀ ਅਕਲ ਗੁੰਮ ਹੋਵੇ,
ਲੱਕ ਬੱਧਾ ਸੁ ਕਿਵੇਂ ਮਰ ਜਾਣ ਉਤੇ।
ਕਰੇ ਜੀ ਜਾਣੀ ਯੋਰਪ ਵਾਰ ਸੁਟਾਂ,
ਏਸ ਸੋਹਣਿਆਂ ਦੇ ਮਿਹਰਵਾਨ ਉਤੇ।

ਪਰ ਉਸ ਬਹਾਦਰ ਨੇ ਇਹ ਰਿਐਤ ਨਾਂ ਕਬੂਲੀ ਤੇ ਸ਼ਹੀਦ ਹੋ ਗਿਆ ਏਸ ਤਰਾਂ ਅੱਸੀ ਕੁ ਆਦਮੀਆਂ ਨੂੰ ਮੌਤ ਦੇ ਮੂੰਹ ਸਿਟਕੇ ਹਕੂਮਤ ਨੂੰ ਕੁਝ ਸੌਖਾ ਸਾਹ ਆਇਆ ਪਰ ਵੱਡਾ ਕੰਮ ਅਜੇ ਬਾਕੀ ਸੀ।

ਉਧਰ ਜ਼ਦ ਮਸਤਾਨੇ, ਗੁਰੂ ਜੀ ਦੇ ਕਹਿਣ ਤੇ ਵੀ ਨਾਂ ਮੰਨੇ, ਤਾਂ ਸਤਿਗੁਰਾਂ ਬਾਬੇ ਲਖਾ ਸਿੰਘ ਜੀ ਦੀ ਰਾਹੀਂ ਡਿਪਟੀ ਕਮਿਸ਼ਨਰ ਨੂੰ ਖਬਰ ਦਿਤੀ ਕਿ ਡੇਢ ਕੁ ਸੈ ਮਸਤਾਨੇ ਕੂਕੇ ਬਾਗੀ ਹੋ ਕੇ ਮਲੇਰ ਕੋਟਲੇ ਨੂੰ ਜਾ ਰਹੇ ਹੈਨ।

ਉਹਨਾਂ ਦਾ ਬੰਦੋਬਸਤ ਕਰਨ ਦੀ ਥਾਂ ਬਾਬਾ ਜੀ ਨੂੰ ਹੀ ਜੇਲ੍ਹ ਭੇਜ ਦਿਤਾ ਤੇ ਜਿਸ ਵੇਲੇ ਕੋਟਲੇ ਦਾ ਭਾਣਾ ਵਰਤਿਆ ਤਾਂ ਡੀ. ਸੀ. ਗੁਰੂ ਜੀ ਨੂੰ ਕਿਹਾ ਕਿ ਜਿੰਨੇ ਬੁੱਚੜ ਬੱਧ ਦੇ ਕੇਸ ਹੋਏ ਹਨ ਇਹਨਾਂ ਦਾ ਆਪ ਨੂੰ ਪਤਾ ਹੈ? ਗੁਰੂ ਜੀ ਕਿਹਾ ਤਲਵਾਰ ਚਲਾਣੀ ਮੇਰੇ ਅਸੂਲਾਂ ਦੇ ਖਿਲਾਫ ਹੈ ਕਿਉਂਕਿ ਮੈਂ ਅਹਿੰਸਾ ਦਾ ਪੁਜਾਰੀ ਹਾਂ! ਤੇ ਮੈਂ ਕਿਸੇ ਨੂੰ ਨਹੀਂ ਕਿਹਾ ਬੁੱਚੜ ਵਢੋ! ਕਿਉਂਕਿ ਮੇਰਾ ਅੱਟਲ ਵਿਸ਼ਵਾਸ ਹੈ ਕਿ ਸਭ ਕੰਮ ਮਾਲਾ ਤੇ ਸ਼ਾਂਤ ਮਈ ਨਾਲ ਹੀ ਹੋ ਸਕਦੇ ਹੈਨ।

ਕਾਵਨ ਫਿਰ ਕੀ ਕਹਿੰਦਾ ਹੈ! ਬਾਬਾ ਸਾਹਿਬ ਆਪਦਾ ਖਿਆਲ ਹੋਵੇ ਪੰਜਾਬ ਤੇ ਹਕੂਮਤ ਕਰਨ ਦਾ, ਯਾਦ ਰਖੋ! ਜਿੰਨਾਂ ਚਿਰ ਹਿੰਦੁਸਤਾਨ ਵਿਚ ਰੁਪੈ ਤੇ ਆਦਮੀ ਮਿਲ ਸਕਦੇ ਹਨ ਉਨ੍ਹਾਂ ਚਿਰ ਅਸੀਂ ਏਥੋਂ ਨਹੀਂ ਜਾਵਾਂਗੇ ਤੇ ਜਾਣ ਲਗੇ ਧਨ ਤੇ ਜਨ ਨੂੰ ਖਤਮ ਕਰਕੇ ਹੀ ਜਾਵਾਂਗੇ।

ਉਸ ਵੇਲੇ ਗੁਰੂ ਜੀ ਨੂੰ ਸਮੇਤ ਸਰਦਾਰਾਂ ਤੇ ਸੂਬਿਆਂ ਦੇ ਸਪੇਸ਼ਲ ਗੱਡੀ ਤੇ ਚਾੜ ਇਲਾਹਾਬਾਦ ਦੇ ਕਿਲ੍ਹੇ ਵਿਚ ਭੇਜ ਦਿਤਾ ਤੇ ਭੈਣੀ ਸਾਹਿਬ ਨੂੰ ਤੋਪਾਂ ਨਾਲ ਉਡੋਣ ਦਾ ਹੁਕਮ ਦੇ ਦਿਤਾ।

ਪਰ ਕਮਾਂਡਰ ਨੇ ਗੁਰਦੁਵਾਰਾ ਤੋਪ ਨਾਲ ਤਾਂ ਨਾ ਉਡਾਇਆ ਮਗਰ ਫੌਜ ਦੀ ਲੁਟ ਪਵਾਕੇ ਸਭ ਕੁਝ ਬਰਬਾਦ ਜ਼ਰੂਰ ਕਰ ਦਿਤਾ ਤੇ ਇਉਂ ਹਿਕ ਵਿਚ ਰੜਕਣ ਵਾਲੇ ਫੋਲਾਦੀ ਕੰਡੇ ਨੂੰ ਕੱਢਕੇ ਗੋਰਮਿੰਟ ਨਿਸਚਿੰਤ ਹੋਈ।

ਗੁਲਾਮੀ ਉਸ ਵੇਲੇ ਲੋਕਾਂ ਵਿਚ ਇਨੀ ਧਸ ਗਈ ਸੀ ਕਿ ਇਲਾਹਬਾਦ ਦੇ ਕਿਲੇ ਵਿਚ ਜਦ ਯੂ.ਪੀ. ਦਾ ਗਵਰਨਰ ਗੁਰੂ ਜੀ ਨਾਲ ਮੁਲਾਕਾਤ ਕਰਨ ਆਇਆ ਤਾਂ ਗੁਰੂ ਜੀ ਉਸਨੂੰ ਕਿਹਾ ਕਿ ਸਾਹਬ ਸਾਡਾ ਕੀ ਕਸੂਰ ਹੈ ਕਿ ਤੁਸਾਂ ਸਾਨੂੰ ਏਥੇ ਲਿਆ ਕੈਦ ਕੀਤਾ ਹੈ? ਜਿੰਨ੍ਹਾਂ ਕਸੂਰ ਕੀਤਾ ਸੀ ਉਹ ਸਜ਼ਾ ਪਾ ਚੁੱਕੇ ਹਨ ਤਾਂ ਗਵਰਨਰ ਨੇ ਕਿਹਾ ਕਿ ਬਾਬਾ ਸਾਹਿਬ ਮੈਂ ਤਾਂ ਆਪਦੀ ਸਿਫਾਰਸ਼ ਕੀਤੀ ਸੀ ਪਰ ਤੁਹਾਡੇ ਹੀ ਮੁਲਕ ਦੇ ਰਾਜੇ ਤੇ ਮਹਾਰਾਜੇ, ਸਰਦਾਰ ਤੇ ਪੁਜਾਰੀ, ਆਪਦਾ ਪੰਜਾਬ ਵਿਚ ਰਹਿਣਾ ਨਹੀ ਮੰਨਦੇ ਓਹ ਕਹਿੰਦੇ ਹਨ ਕਿ ਜਾਂ ਤੁਸੀਂ (ਅੰਗ੍ਰੇਜ਼) ਰਹੋਗੇ ਯਾ ਬਾਬਾ ਰਾਮ ਸਿੰਘ! ਜਿਸ ਰਾਮ ਸਿੰਘ ਨੇ ਦਸਾਂ ਸਾਲਾਂ ਵਿਚ ਦਸ ਲਖ ਆਦਮੀ ਆਪਣੇ ਹੱਕ ਵਿਚ ਕਰ ਲਿਆ ਹੈ ਓਹ ਹੋਰ ਦਸਾਂ ਸਾਲਾਂ ਵਿਚ ਪਤਾ ਨਹੀਂ ਕੀ ਕਰ ਦੇਵੇਗਾ! ਤੇ ਇਹ ਵੀ ਕਿਹਾ ਹੈ ਕਿ ਆਪਨੇ ਵਕਤ ਸਿਰ ਹੀ ਬੰਦੋਬਸਤ ਕਰ ਲਿਆ ਹੈ ਵਰਨਾਂ ਕੁਝ ਚਿਰ ਹੋਰ ਪਿਛੋਂ ਪੰਜਾਬ ਵਿਚ ਅਜੇਹਾ ਭੀਸ਼ਣ ਕਾਂਡ ਹੁੰਦਾ ਕਿ ਆਪ ਸਾਰਾ ਜੋਰ ਲਾਕੇ ਵੀ ਉਸਤੇ

Namdhari Elibrary NamdhariElibrary@gmail.com

ਇਕ ਮਹਾਨ ਯੋਧੇ ਅਤੇ ਜਰਨੈਲ

ਨਾਮਧਾਰੀ ਸਤਿਗੁਰੂ ਬਾਬਾ ਰਾਮ ਸਿੰਘ ਜੀ ਇਕ ਅਦੁਤੀ ਸ਼ਖਸ਼ੀਅਤ ਦੇ ਮਾਲਕ ਸਨ। ਉਹ ਨਾ ਕੇਵਲ ਇਕ ਮਹਾਨ ਨੇਤਾ ਸਨ, ਜਿਨ੍ਹਾਂ ਨੇ ਗੁਰਮਤਿ ਦਾ ਵਿਸਥਾਰ ਅਤੇ ਪ੍ਰਚਾਰ ਕੀਤਾ, ਬਲਕਿ ਇਕ ਮਹਾਨ ਦੇਸ਼-ਭਗਤ ਵੀ ਸਨ, ਜਿਨ੍ਹਾਂ ਨੇ ਵਿਦੇਸ਼ੀ ਹਕੂਮਤ ਵਿਰੁਧ ਇਕ ਤਕੜੀ ਮੁਹਿੰਮ ਚਲਾ ਕੇ, ਇਕ ਮਹਾਨ ਯੋਧੇ ਅਤੇ ਜਰਨੈਲ ਦੇ ਰੂਪ ਵਿਚ ਦੇਸ਼ ਦੀ ਅਗਵਾਈ ਕੀਤੀ। ਬਾਬਾ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਅਹਿੰਸਾ ਅਤੇ ਪ੍ਰੇਮ ਦੇ ਮਾਰਗ ਤੇ ਪਾਇਆ ਅਤੇ ਵਿਦੇਸ਼ੀ ਹਾਕਮਾਂ ਨਾਲ ਨਾ-ਮਿਲਵਰਤਨ ਦੀ ਲਹਿਰ ਚਲਾ ਕੇ ਗੁਲਾਮੀ ਦੀਆਂ ਜ਼ੰਜ਼ੀਰਾਂ ਤੋਂ ਮੁਕਤੀ ਪ੍ਰਾਪਤ ਕਰਨ ਵਿਚ ਰਹਿਨੁਮਾਈ ਕੀਤੀ।

ਬਾਬਾ ਜੀ ਦਾ ਭਾਰਤ ਦੀ ਆਜ਼ਾਦੀ ਵਿਚ ਯੋਗਦਾਨ, ਮਾਤ-ਭੂਮੀ ਲਈ ਉਨ੍ਹਾਂ ਦੇ ਡੂੰਘੇ ਪਿਆਰ, ਅਡਿਗ ਸਿਦਕ ਅਤੇ ਬੇਮਿਸਾਲ ਕੁਰਬਾਨੀ ਦਾ ਪ੍ਰਤੀਕ ਹੈ। ਕੂਕਾ ਅੰਦੋਲਨ ਚਲਾਕੇ ਉਨ੍ਹਾਂ ਨੇ ਵਤਨਪ੍ਰਸਤੀ ਦਾ ਇਕ ਅਜਿਹਾ ਦੀਵਾ ਜਗਾਇਆ, ਜਿਸ ਉਤੇ ਅਨੇਕਾਂ ਆਜ਼ਾਦੀ ਦੇ ਪਰਵਾਨਿਆਂ ਨੇ ਅਪਣੇ ਪ੍ਰਾਣਾਂ ਦੀ ਆਹੂਤੀ ਦਿਤੀ। ਉਹਨਾਂ ਨੇ ਨੌਜਵਾਨਾਂ ਵਿਚ ਦੇਸ਼ ਭਗਤੀ ਦੇ ਅਜਿਹੇ ਜਜ਼ਬੇ ਦਾ ਸੰਚਾਰ ਕੀਤਾ, ਜਿਸ ਨਾਲ ਉਹ ਹਸਦੇ ਹਸਦੇ ਫਾਂਸੀ ਦੇ ਤਖਤੇ ਤੇ ਝੂਲ ਗਏ ਅਤੇ ਖੁਸ਼ੀ ਖੁਸ਼ੀ ਸ਼ਹਾਦਤ ਦਾ ਜਾਮ ਪੀਤਾ।

ਬਾਬਾ ਰਾਮ ਸਿੰਘ ਭਾਰਤ ਦੇ ਸਚੇ ਸਪੂਤ ਸਨ। ਉਹਨਾਂ ਨੇ ਅੰਗਰੇਜ਼ੀ ਸਾਮਰਾਜ ਕੋਲੋਂ ਛੁਟਕਾਰਾ ਪਾਉਣ ਲਈ ਦੇਸ਼ ਨਿਕਾਲਾ ਕਬੂਲ ਕਰਕੇ ਅਕਹਿ ਅਤੇ ਅਸਹਿ ਕਸ਼ਟ ਝਲੇ। ਉਨ੍ਹਾਂ ਨੇ ਕੌਮੀ ਗੈਰਤ ਅਤੇ ਅਣਖ ਨੂੰ ਕਾਇਮ ਰਖਿਆ ਅਤੇ ਇਸ ਤਰ੍ਹਾਂ ਦੇਸ਼ ਦੇ ਇਤਿਹਾਸ ਵਿਚ ਅਮਰ ਪਦਵੀ ਤੇ ਪਹੁੰਚੇ। ਇਸ ਦੇ ਨਾਲ ਹੀ ਉਹਨਾਂ ਨੇ ਸਰੀਰਕ ਸਵਛਤਾ ਅਤੇ ਸਾਦਾ ਜੀਵਨ ਬਤੀਤ ਕਰਨ ਦਾ ਰਾਹ ਦਿਖਾਇਆ। ਦਹੇਜ ਵਰਗੀਆਂ ਕੁਰੀਤੀਆਂ ਤੋਂ ਛੁਟਕਾਰਾ ਦਿਵਾਉਣ ਦੀ ਪ੍ਰਬਲ ਕੋਸ਼ਿਸ਼ ਕੀਤੀ ਅਤੇ ਨਸ਼ਿਆਂ ਅਤੇ ਵਿਕਾਰਾਂ ਦੇ ਤਿਆਗ ਦਾ ਉਪਦੇਸ਼ ਦਿਤਾ। ਮਹਾਨ ਕਥਨੀ ਅਤੇ ਕਰਨੀ ਦੇ ਮਾਲਕ ਹੋਣ ਕਰਕੇ ਉਨ੍ਹਾਂ ਨੇ ਗਊ ਗਰੀਬ ਦੀ ਰਖਿਆ, ਮਿਹਨਤ, ਈਮਾਨਦਾਰੀ ਅਤੇ ਉਚੇ ਆਚਰਣ ਦੇ ਗੁਣਾਂ ਉਪਰ ਜ਼ੋਰ ਦਿਤਾ। ਦਸਾਂ ਨਹੁੰਆਂ ਦੀ ਕਿਰਤ ਕਰਕੇ ਖਾਣ ਅਤੇ ਵੰਡ ਛਕਣ ਦੀ ਪ੍ਰੇਰਨਾ ਦਿਤੀ। ਉਨ੍ਹਾਂ ਨੇ ਵਿਅਕਤੀ ਅਤੇ ਸਮਾਜ ਦੀ ਸਰਵ-ਪਖੀ ਉਨਤੀ ਲਈ ਆਪਣਾ ਜੀਵਨ ਨਿਛਾਵਰ ਕਰ ਦਿਤਾ ਅਤੇ ਮਨੁਖੀ ਪ੍ਰੇਮ ਅਤੇ ਭਾਈਚਾਰੇ ਦੀ ਸ਼ਮ੍ਹਾ ਰੋਸ਼ਨ ਕੀਤੀ।

ਬਾਬਾ ਜੀ ਨੇ ਸਦਾ ਗੁਰਬਾਣੀ ਦਾ ਆਸਰਾ ਲਿਆ ਅਤੇ ਆਪਣੇ ਅਣਗਿਣਤ ਸਿੱਖਾਂ ਨੂੰ ਨਾਮ ਦੀ ਵਡਮੁਲੀ ਦਾਤ ਦਿਤੀ। ਪਾਠ, ਗੁਰ ਮਰਯਾਦਾ ਦੇ ਪਰਪਕ ਅਤੇ ਕੀਰਤਨ ਦੇ ਰਸੀਏ ਹੋਣ ਤੋਂ ਇਲਾਵਾ ਉਹਨਾਂ ਨੇ ਗੁਰਮਤਿ ਅਤੇ ਅੰਮ੍ਰਿਤ ਦਾ ਪਰਵਾਹ ਚਲਾਇਆ। ਉਹਨਾਂ ਦੀ ਸ਼ਹਿਨਸ਼ੀਲਤਾ, ਬਹਾਦਰੀ, ਨਿਡਰਤਾ, ਸਾਦਗੀ ਅਤੇ ਨਿਮ੍ਰਤਾ ਦੀ ਛਾਪ ਹਾਲੀਂ ਵੀ ਉਹਨਾਂ ਅਨੇਕ ਭਾਰਤਵਾਸੀਆਂ ਉਪਰ ਦਿਖਾਈ ਦਿੰਦੀ ਹੈ, ਜਿਹਨਾਂ ਦਾ ਉਹਨਾਂ ਦੀ ਸਿਖਿਆ, ਉਪਦੇਸ਼ਾਂ ਅਤੇ ਆਦਰਸ਼ਾਂ ਨਾਲ ਸੰਪਰਕ ਹੋਇਆ।

ਗਿਆਨੀ ਜ਼ੈਲ ਸਿੰਘ

ਕਾਬੂ ਨਾ ਪਾ ਸਕਦੇ, ਰਾਮ ਸਿੰਘ ਦਾ ਇਰਾਦਾ ਸਾਰੇ ਹਿੰਦੁਸਤਾਨ ਵਿਚ ਗਦਰ ਲਿਔਣ ਦਾ ਸੀ ਅਤੇ ਮਜਬ ਤਾਂ ਇਕ ਢਕਵੰਜ ਹੈ ਜਿਸ ਦਾ ਆਸਰਾ ਲੈਕੇ ਇਹ ਓਹ ਕੁਝ ਕਰਨਾ ਚਾਹੁੰਦੇ ਸਨ ਜਿਸ ਦਾ ਆਪ ਨੂੰ ਚਿਤ ਚੇਤਾ ਵੀ ਨਹੀਂ ਅਤੇ ਜੇ ਆਪਨੇ ਇਹਨਾਂ ਨੂੰ ਵਾਪਸ ਕੀਤਾ ਤਾਂ ਜ਼ਰੂਰ ਹੀ ਬਗਾਵਤ ਹੋ ਜਾਵੇਗੀ।

ਅਗੋ ਸਤਿਗੁਰ ਕੀ ਕਹਿੰਦੇ ਹਨ! ਸਾਹਬ ਜਿਸ ਬਗਾਵਤ ਤੋਂ ਤੁਸੀਂ ਤੇ ਏਹ ਡਰਦੇ ਹੋਨ, ਏਹ ਹੋ ਕੇ ਹੀ ਰਹੇਗੀ ਹੋਵੇਗਾ ਤਾਂ ਸਭ ਦਾ ਆਟਾ ਵਰਨਾ ਦਲੀਆ ਜਰੂਰ ਹੀ ਹੋਵੇਗਾ। ਏਹ ਭੰਡੀ ਜਿਹੜੀ ਮੇਰੇ ਪਿਛੇ ਲਗੀ ਹੈ, ਸਭ ਦੇ ਪਿਛੇ ਲਗਕੇ ਰਹੇਗੀ ਜਿਹੜੀ ਅਗ ਮੈਂ ਬਾਲ ਆਇਆ ਹਾਂ ਇਹ ਬੁਝਣ ਦੀ ਨਹੀਂ ਲਾਟਾਂ ਛਡੇਗੀ ਤੇ ਭਾਂਬੜ ਬਲਣਗੇ ਜਿੰਨਾਂ ਤੋਪਾਂ ਬੰਦੂਕਾਂ ਦਾ ਆਪ ਮਾਣ ਕਰਦੇ ਹੋ, ਇਹਨਾਂ ਵਿਚ ਪਾਣੀ ਪੈ ਜਾਵੇਗਾ ਤੇ ਇਹਨਾਂ ਨੂੰ ਕੋਈ ਚਲੌਣ ਵਾਲਾ ਹੀ ਨਹੀਂ ਰਹੇਗਾ।

ਗੁਰੂ ਜੀ ਨੂੰ ਇਲਾਹਾਬਾਦ ਤੋਂ ਹਮੇਸ਼ ਲਈ ਨਿਰਵਾਸਤ ਕਰਕੇ ਰੰਗੂਨ ਭੇਜ ਦਿਤਾ ਪਿਛੇ ਕਈ ਨਾਮਧਾਰੀਆਂ ਨੂੰ ਫਾਂਸੀ, ਕਈਆਂ ਨੂੰ ਕਾਲੇ ਪਾਣੀ ਤੇ ਜੇਲ ਭੇਜ ਦਿਤਾ ਤੇ ਬਾਕੀ ਦਿਆਂ ਨੂੰ ਘਰਾਂ ਵਿਚ ਹੀ ਨਜ਼ਰਬੰਦ ਕਰਕੇ ਗੌਰਮਿੰਟ ਨੇ ਸੌਖਾ ਸਾਹ ਲਿਆ।

ਓਹ ਸੀਨ ਕੈਸਾ ਦਰਦਨਾਕ ਹੋਵੇਗਾ! ਕਿ ਗੁਰੂ ਜੀ ਦੀ ਜਨਮ ਭੂਮੀ ਭੈਣੀ ਸਾਹਿਬ ਚੌਕੀ ਕਈ ਲੱਖ ਨਾਮਧਾਰੀਆਂ ਦੀ ਹਾਜਰੀ ਤੇ ਅਜਾਦੀ ਦੇ ਪ੍ਰਵਾਨਿਆਂ ਨਾਲ ਭਰੀਆਂ ਜੇਲਾਂ ਨਹੀ! ਨਹੀਂ! ਹਰ ਕੂਕਿਆਂ ਦਾ ਪਿੰਡ ਹੀ ਇਕ ਜੇਲਖਾਨਾ ਸੀ ਬਾਕਾਇਦਾ ਹਾਜਰੀ ਬਿਨ ਪਿੰਡੋਂ ਬਾਹਰ ਨਹੀਂ ਜਾਣਾ ਜਰਾ ਸ਼ਕੇਤ ਹੋਈ ਨਹੀਂ ਕਿ ਘਰ ਬਾਹਰ ਨੀਲਾਮ ਤੇ ਸਾਰਾ ਟੱਬਰ ਜੇਲ ਵਿੱਚ।

ਏਸ ਤਰਾਂ ਓਹ ਬਸੰਤ ਜੋ ੧੮੭੨ ਬਿਕ੍ਰਮੀ ਵੀਰਵਾਰ ਮਾਘ ਸੁਦੀ ਪੰਚਮੀ ਨੂੰ ਸਤਿਗੁਰੂ ਜੀ ਦੇ ਅਵਤਾਰ ਧਾਰਨ ਸਮੇਂ ਪੀਲੀ ਪੀਲੀ ਤੇ ਸੁਨਹਿਰੀ ਝਪਕੀਆਂ ਦੇਂਦੀ ਸੀ, ਓਹ ੭ ਮਾਘ ੧੯੨੮ ਬਿਕ੍ਰਮੀ ਨੂੰ ਸ਼ਹੀਦਾਂ ਦੇ ਖੂਨ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਦੁੱਤੀ ਕੁਰਬਾਨੀ ਨਾਲ ਸੁਰਖ ਲਾਲੀ ਵਿਚ ਵਟੀਜ ਗਈ।

Namdhari Elibrary NamdhariElibrary@gmail.com

ਬਸੰਤ ਰਾਣੀ

ਵਿਧਾਤਾ ਸਿੰਘ "ਤੀਰ"

ਸੁਧੀ ਸੁੰਦਰਤਾ ਸਦਾ ਮੁਟਿਆਰ ਮੋਹਣੀ, ਸਾਰੇ ਜਗਤ ਦਾ ਹਿਰਦਾ ਲੁਭਾਉਣ ਵਾਲੀ।
ਸਿਰ ਤੇ ਸੋਹਣਾ ਸੁਵਰਨ-ਮਈ ਮੁਕਟ ਧਰ ਕੇ, ਸਦਾ ਵਰ੍ਹੇ ਮਗਰੋਂ ਫੇਰੀ ਪਾਉਣ ਵਾਲੀ।
ਸਜਰੇ ਮਹਿਕਦੇ ਟਹਿਕਦੇ ਰੂਪ ਵਾਲੀ, ਰਾਣੀ ਫੁੱਲਾਂ ਦੀ ਸੇਜ ਹੰਢਾਉਣ ਵਾਲੀ।
ਰੋਂਦੇ ਜਗਤ ਨੂੰ ਖਿੜ ਖਿੜ ਹਸਾਉਣ ਵਾਲੀ, ਮੁਇਆਂ ਦਿਲਾਂ ਅੰਦਰ ਜਾਨ ਪਾਉਣ ਵਾਲੀ।
ਠੁੰਮਕ ਠੁੰਮਕ ਫੁਲਵਾੜੀਆਂ ਵਿੱਚ ਫਿਰਕੇ, ਸਦਾ ਢੋਲੇ ਪ੍ਰਸੰਨਤਾ ਦੇ ਗਾਉਣ ਵਾਲੀ।
ਦੇਂਦੇ ਫਿਰਨ ਸੁਨੇਹੜੇ ਪੌਣ-ਪੰਛੀ, ਉਹ "ਬਸੰਤ ਰਾਣੀ" ਹੁਣੇ ਆਉਣ ਵਾਲੀ।

ਸੁਣਕੇ ਆਉਣ ਵਾਲੀ ਦੇ 'ਬਸੰਤ ਲੈਲਾ' ਮਜਨੂੰ ਬੂਟਿਆਂ ਅੱਖੀਆਂ ਖੋਲ੍ਹੀਆਂ ਨੇ।
ਖੁਸ਼ੀ ਵਿੱਚ ਸਵਾਈਆਂ ਸੁੰਦਰੀਆਂ ਨੇ, ਸੂਹੀਆਂ ਸਾਵੀਆਂ ਖੱਟੀਆਂ ਚੋਲੀਆਂ ਨੇ।
ਛੇਤੀ ਭੌਰਿਆਂ ਛੇੜ ਲਿਆ ਬੀਨ-ਵਾਜਾ, ਵੀਹਾਂ-ਵੀਹਾਂ ਦੀਆਂ ਬੱਧੀਆਂ ਟੋਲੀਆਂ ਨੇ।
ਮਾਹੀਆ ਛੇੜ ਲਿਆ ਘੁੱਗੀਆਂ ਘੁੱਗਿਆਂ ਨੇ, ਟੱਪੇ ਪ੍ਰੇਮ ਦੇ ਬੁਲਬੁਲਾਂ ਬੋਲੀਆਂ ਨੇ।
ਮਾਨੋਂ ਘੁੰਗਰੂ ਬੰਨ੍ਹਕੇ ਪੌਣ ਆਈ, ਨੱਚਣ ਲਗ ਪਈ ਚਿੱਤ ਚੁਰਾਉਣ ਵਾਲੀ।
ਲੈਅ ਤਾਲ ਦੇ ਨਾਲ ਇਹ ਗਾਉਣ ਲੱਗੀ, ਲਉ ਜੀ! 'ਰਾਣੀ ਬਸੰਤ' ਹੈ ਆਉਣ ਵਾਲੀ।

ਅੰਬਰ ਥਾਲ ਵਿੱਚ ਬਲ ਰਿਹਾ ਦਿਹੁੰ ਦੀਵਾ, ਹੂਰਾਂ ਆਰਤੀ ਕਰਨ ਖਲੋਤੀਆਂ ਨੇ।
ਧਰੀਆਂ ਡਾਲੀਆਂ ਨੇ, ਸਿਰੀਂ ਡਾਲੀਆਂ ਨੇ, ਮਿੱਠੇ ਗੀਤ ਛੋਹੇ ਤੋਤੇ ਤੋਤੀਆਂ ਨੇ।
ਲੜੀਆਂ ਗੁੰਦੀਆਂ ਪ੍ਰੇਮ ਉਮਾਹ ਅੰਦਰ, ਸੋਹਣੇ ਸੁਚੇ ਤ੍ਰੇਲ ਦੇ ਮੋਤੀਆਂ ਨੇ।
ਗਲੇ ਪਿਆਰੀ ਬਸੰਤ ਦੀ ਪਾਉਣ ਖਾਤਰ, ਵਾਹ ਵਾਹ ਚੰਬਿਆਂ ਮਾਲਾਂ ਪਰੋਤੀਆਂ ਨੇ।
ਡਾਢੀ ਤਾਂਘ ਦੇ ਵਿੱਚ ਤਿਆਰੀਆਂ ਨੇ, ਆਖਣ ਵੇਖੋ ਔਹ ਆਈ ਹਸਾਉਣ ਵਾਲੀ।
ਸਭ ਨੂੰ ਭਾਉਣ ਵਾਲੀ ਸਾਡੀ ਪ੍ਰਾਣ ਪਿਆਰੀ, ਫੂਲਾਂ 'ਰਾਣੀ ਬਸੰਤ, ਸਦਾਉਣ ਵਾਲੀ।

ਸੋਅ ਸੁਣਦਿਆਂ ਸਾਰ ਹੀ ਖੁਸ਼ੀ ਅੰਦਰ, ਬਾਗ ਖੁਸ਼ੀ ਦਾ ਮਾਰਿਆ ਫੁੱਲ ਗਿਆ।
ਏਨਾਂ ਫੁੱਲਿਆ ਕਿ ਮੈਨੂੰ ਆਪਣੀ ਸੰਹੁ, ਉਹਨੂੰ ਆਪਣਾ ਆਪ ਭੀ ਭੁੱਲ ਗਿਆ।
ਮੇਰੇ ਵੇਂਹਦਿਆਂ ਵੇਂਹਦਿਆਂ ਅੰਬਰਾਂ ਤੋਂ, ਸੁਰਗ ਪੁਰੀ ਵਾਲਾ ਬੂਹਾ ਖੁੱਲ੍ਹ ਗਿਆ।
ਦੇਵੀ ਸੁੰਦਰਤਾ ਦੀ ਜਦੋਂ ਬਾਹਰ ਨਿਕਲੀ, ਝੱਖੜ ਖੁਸ਼ੀ ਦਾ ਜਿਮੀ ਤੇ ਝੁੱਲ ਗਿਆ।
ਸਹਿਜੇ ਸਹਿਜੇ ਓਹ ਉਤਰਦੀ ਆਈ ਹੇਠਾਂ, ਸਿਰ ਤੇ ਫੁਲਾਂ ਦਾ ਚੌਰ ਝੁਲਾਉਣ ਵਾਲੀ।
ਦੇਹੀ ਬਣੀ ਸੀ ਉਹਦੀ ਸੁਗੰਧਤਾ ਦੀ, ਪੂਜਾ ਬਾਗ ਦੇ ਪਾਸੋਂ ਕਰਾਉਣ ਵਾਲੀ।

ਹਰ ਇਕ ਫੁੱਲ ਤੇ ਪੱਤ ਨੂੰ ਗਈ ਚੁੰਮਦੀ, ਫੇਰਾ ਸਾਰੀ ਗੁਲਜ਼ਾਰ ਵਿੱਚ ਪਾਉਂਦੀ ਗਈ।
ਟੇਪੇ ਅਮੀਂ ਦੇ ਮਨੋਂ ਛਿੜਕਾਉਂਦੀ ਗਈ, ਮੋਇਆਂ ਮੁਰਦਿਆਂ ਨੂੰ ਜਾਨ ਪਾਉਂਦੀ ਗਈ।
ਸੋਹਲ ਫੁੱਲਾਂ ਦੇ ਵਿੱਚੋਂ ਓਹ ਹੋਈ ਪੈਦਾ, ਫੁਲਾਂ ਵਿਚ ਹੀ ਮਾਨੋਂ ਸਮਾਉਂਦੀ ਗਈ।
"ਫੁੱਲਾਂ ਰਾਣੀ ਹਾਂ ਮੈਂ ਹਾਂ ਬਸੰਤ ਦੇਵੀ" ਬਿਨਾਂ ਬੋਲਿਆਂ ਭੇਤ ਸਮਝਾਉਂਦੀ ਗਈ।
ਕੁਤ-ਕੁਤਾਰੀਆਂ ਕੱਢ ਗਈ ਕਿਆਰੀਆਂ ਨੂੰ, ਕੌਤਕ ਘੜੀ ਦੀ ਘੜੀ ਵਿਖਾਉਣ ਵਾਲੀ।
ਢਿੱਡੀਂ ਫੁੱਲਾਂ ਦੇ ਹੱਸ ਹੱਸ ਪੈਣ ਪੀੜਾਂ, ਉਹਨੇਂ ਹੱਦ ਮੁਕਾਈ ਹਸਾਉਣ ਵਾਲੀ।

Namdhari Elibrary NamdhariElibrary@gmail.com

ਸ੍ਰੀ ਭੈਣੀ ਸਾਹਿਬ ਮੰਦਰ ਰਚਨਾ

ਸੰਤ ਧਿਆਨ ਸਿੰਘ ਕਾਦਰਾਬਾਦੀ

ਸ੍ਰੋਤਾ ਸੁਣੀਏ ਹੇਤ ਕਰ ਆਗੇ ਨਿਰਮਲ ਗਾਥ।
ਮੰਦ੍ਰ ਭੈਣੀ ਜਿਵ ਰਚੇ ਸ੍ਰੀ ਗੁਰ ਦੀਨਾ ਨਾਥ।
ਮਾਲਕ ਭੈਣੀ ਕੋ ਹੁਤੋ ਸੁਖੂ ਤਿਸ ਕੋ ਨਾਉ।
ਗੁਰਦ੍ਵਾਰੇ ਸੰਗਤਿ ਬੜੀ ਥੋਰੀ ਕੁਛ ਕੁ ਸੋ ਥਾਉ।
ਏਕ ਦਿਵਸ ਸੁਖੂ ਆਯੋ ਸਤਿਗੁਰੂ ਭਾਖਿਓ ਤਾਹਿ।
ਦਿਹੁ ਧਰਨੀ ਲੰਗਰ ਬਨੇ ਅਸ੍ਵ ਤਬੇਲਾ ਜਾਹਿ।

ਦੋਹਰਾ

ਐਨ ਖਾਹਿ ਨਰ ਸੈਂਕੜੇ ਗਾਡੀ ਊਟ ਤੁਰੰਗ।
ਆਵਹਿੰਗੇ ਈਹਾਂ ਚਲੇ ਭੂਮੀ ਥੋੜੀ ਤੰਗ।
ਬੋਲਾ ਸੁਖੂ ਹੰਸ ਕਰ ਸੁਣ ਭਾਈ ਰਾਮਿਆਂ ਬਾਤ।
ਪੈਰਾਂ ਉਪਰ ਚਲਾ ਜਾਹੁ ਤੂੰ ਬਾਵੀ ਕੋ ਤਾਤ।
ਲੰਗਰ ਘੋੜੇ ਬੈਲ ਕਹਾਂ ਪੈਨ ਗਾਡੀਆਂ ਭੂਰ।
ਕੋ ਦਿਨ ਕੋ ਇਹ ਚਾਰ ਨਰ ਭੀ ਹੋ ਜਾਸਨ ਦੂਰ।
ਮੈ ਭੂਮੀ ਨਹਿ ਦੇਵਣੀ ਸਾਚੀ ਸਾਚੀ ਬਾਤ।
ਇਸ ਪੀਛੇ ਲੜ ਮਰਤ ਹੈਂ ਚਚਾ ਭਤੀਜਾ ਭ੍ਰਾਤ।
ਤ੍ਰਿਅ ਧਰਤੀ ਕੋ ਮਾਂਗਥੇ ਸਿਆਣੇ ਨਰ ਕਹਾ ਦੇਤ।
ਡਾਢਾ ਭਾਵੇਂ ਖੋਹ ਲਵੇ ਪ੍ਰਾਨ ਨਿਕਾਸੇ ਖੇਤ।
ਬੋਲੇ ਗੁਰ ਮੁਸਕਾਇ ਕਰ ਭਾਈ ਸੁਖੂ ਮਾਨ।
ਦੇਹ ਖੁਸ਼ੀ ਸੰਗ ਨਹੀ ਗੁਰ ਡਾਢੇ ਹਤੈਂ ਪ੍ਰਾਨ।
ਇਹੁ ਅਕਾਲ ਕਾ ਪੰਥ ਹੈ ਕਬੀ ਨ ਹੋਵੈ ਦੂਰ।
ਕੋਤੀ ਝਖ ਝਖ ਇਨੋਂ ਸੰਗ ਹੁੱਟ ਮਰੈ ਹੁਇ ਧੂਰ।
ਜੈਕਾਰਾ ਸੁਨ ਇਨੋ ਕਾ ਸਭ ਕਰ ਹੈਂ ਜੈਕਾਰ।
ਵਾਦੀ ਹੋਇ ਜੋ ਮੂੜ ਜਨ ਇਤ ਉਤ ਹੋਸੀ ਖ੍ਵਾਰ।
ਸੁਖੂ ਆਖੇ ਚੁਪ ਭਈ ਫੇਰ ਨ ਕਹੁ ਇਹ ਬਾਤ।
ਮੈ ਧਰਤੀ ਨਹਿ ਦੇਵਨੀ ਪੂਰਬ ਰਵਿ ਅਸਤਾਤ।
ਗੁਰੂ ਰਾਮ ਸਿੰਘ ਪੁਨ ਕਹਾ ਜੋ ਪ੍ਰਭ ਭਾਣਾ ਹੋਇ।
ਆਪੇ ਦੇਵੈਗਾ ਤਦੋਂ ਸਮਾਂ ਨਿਕਟਿ ਹੈ ਸੋਇ।

ਚੌਪਈ

ਮਨੀ ਸੁਖੂ ਨਾਹਿਨ ਕਹੀ। ਕਛੁਕ ਰੋਸ ਮਨ ਕੀਤਾ ਸਹੀ।
ਅੰਤਰਜਾਮੀ ਖੇਲ ਰਚਾਯਾ। ਸੁਰ ਨਰ ਅਸੁਰ ਨ ਜਾਇ ਮਿਟਾਯਾ।
ਏਕ ਦਿਵਸ ਗਯੋ ਬਾਹਰ ਖੇਤ। ਦੇਖਨ ਹਿਤ ਕਰ ਹੋਇ ਸੁਚੇਤ।
ਪਕੜ ਸ਼ਹੀਦਾਂ ਕੀਨੀ ਮਾਰ। ਊਚੀ ਰੋਵੈ ਕਰੈ ਪੁਕਾਰ।
ਦ੍ਰਿਸਟਿ ਨ ਪਰੈ ਮਾਰਤਾ ਕੋਈ। ਮੈ ਮਾਰਯੋ ਕਹਿ ਗਿਰਿਓ ਸੋਈ।
ਆਏ ਨਿਕਟੀ ਖੇਤਾਂ ਵਾਲੇ। ਦੇਖਾ ਪੜਾ ਬਿਸੁਧ ਬਿਹਾਲੇ।
ਦੀਸੈ ਨਹੀਂ ਸ਼ਹੀਦ ਅਲੋਪ। ਚੋਟਨ ਦਾਗ ਲਗੇ ਬਡ ਕੋਪ।
ਬੋਲੇ ਨਹੀਂ ਨ ਕੋ ਤਿਸ ਹੋਸ਼। ਮੰਜੀ ਪੁਰ ਚੁਕ ਲਿਆਏ ਓਸ।

Namdhari Elibrary NamdhariElibrary@gmail.com

ਸੁਖੂ ਮਾਤ ਦੇਖਿਓ ਜਬੈ। ਉਚੇ ਸੁਰ ਰੋਦਤ ਭੀ ਤਬੈ।
ਸੁਤ ਕੇ ਮੁਖ ਸੇ ਝਾੜਤ ਧੂੜ। ਹੈ ਸੁਤ ਮੇਰਾ ਜੀਵਨ ਕੂੜ।
ਬੋਲ ਮੁਖੋਂ ਇਕ ਵਾਰ ਤਾਂ ਪੁਤ੍ਰ। ਰਹੀ ਬੁਲਾਇ ਨ ਦੇਵੇ ਉਤਰ।
ਥੀ ਉਸ ਕੋ ਇਹ ਬਾਤ ਮਲੂਮ। ਰਾਮ ਸਿੰਘ ਮਾਂਗੀ ਕਿਛ ਭੂਮਿ।
ਉਹ ਹੈ ਸੰਤ ਰੂਪ ਪਰਤਾਪੀ। ਕਹਿਓ ਤਿਹ ਦੇਵੈਂ ਧਰ ਆਪੀ।
ਮੇਰੇ ਸੁਤ ਤਿਸ ਕਹੀ ਨ ਮਾਨੀ। ਅਬ ਹੋਯੋ ਮਛੀ ਬਿਨ ਪਾਨੀ।
ਮਾਂਗੀ ਥੋਰੀ ਦੀਨੀ ਨਾਹੀ। ਪਾਇਓ ਏਤਾ ਦੁਖ ਹਿਨ ਤਾਹੀ।
ਸਿਆਣੀ ਥੀ ਤਿਨ ਸਮਝੀ ਬਾਤ। ਭੂਮੀ ਕਾਮ ਕਹਾਂ ਬਿਨ ਤਾਤ।
ਏਕ ਪੁਤ੍ਰ ਏਹੀ ਗ੍ਰਿਹ ਮੇਰੇ। ਯਾ ਬਿਨ ਪ੍ਰਾਨ ਨਸੈਂ ਬਿਨ ਦੇਰੇ।
ਯੌਂ ਪ੍ਰੇਰਕ ਤਾਕੇ ਚਿਤਵਾਈ। ਰੋਦਤ ਸੁਤ ਕੀ ਮੰਚ ਉਠਾਈ।
ਗੁਰੂ ਰਾਮ ਸਿੰਘ ਕੇ ਗ੍ਰਿਹਿ ਆਈ। ਊਚੀ ਧੁਨ ਰੋਤੀ ਬਿਲਲਾਈ।
ਅੰਤਰ ਜਾਮੀ ਸਭ ਗਤਿ ਜਾਨੀ। ਆਦਿ ਗ੍ਰੰਥ ਕੀ ਪੜਤੇ ਬਾਨੀ।
ਮੁਸਕਾਨੇ ਤਿਸ ਦਿਸਾ ਬਿਲੋਕਾ! ਸੁਖੂ ਮਾਤ ਕਹੀ ਸਹਿ ਸੋਕਾ।
ਵੇ- ਰਾਮਿਆਂ! ਪੁਤ ਜੀਵੈ ਮੇਰਾ। ਲੈ ਭੂਮੀ ਜੇਤਾ ਜੀ ਤੇਰਾ।
ਬੋਲੇ ਪ੍ਰਭ ਪਰਮੇਸ਼ਰ ਭਾਣਾ। ਲਖੇ ਸੋਇ ਜੋ ਹੋਇ ਸਿਆਣਾ।
ਥੋਰੇ ਦਿਨ ਜੀਵਨ ਕੇ ਕਾਰਨ। ਮੈਂ ਮੇਰੀ ਕਰ ਚੂਕੇ ਭਾਰਨ।
ਛੋਡ ਧਰਤ ਕੋ ਤੇਤੇ ਗਏ। ਸਿੰਧ ਜਿਨੋ ਰਥ ਗੈਲਨ ਭਏ।
ਗੁਰ ਪ੍ਰਮੇਸਰ ਆਗਿਆ ਮਾਨ। ਈਹਾਂ ਰੋਜ ਕਿਛ ਕੀਜੈ ਭਾਨ।
ਸਤਿ ਸੰਗਤ ਕੋ ਮੇਲਾ ਰਚੈ। ਸਰਨਿ ਪਰੇ ਸੋ ਜਮ ਤੇ ਬਚੈ।
ਬੋਲੀ ਰੋ ਕਰ ਸੁਖੂ ਮਾਈ। ਲੈ ਧਰਤੀ ਜੇਤੀ ਮਨ ਭਾਈ।
ਤੂੰ ਮਾਲਕ ਇਸ ਸਾਰੀ ਧਰਨੀ। ਮੈ ਦੀਨਨ ਡਿਗੀ ਤੁਹਿ ਸਰਨੀ।
ਡੂਬਤ ਨਦੀ ਮਾਹਿ ਬਿਨ ਤਰਨੀ। ਤੈ ਬਿਨ ਬਿਪਤ ਕਹਾਂ ਕਿਸ ਹਰਨੀ।
ਤੂੰ ਪੂਰਾ ਸਾਂਈ ਦਾ ਪਿਆਰਾ। ਜਿਵ ਭਾਵੈ ਕਰ ਪਾਰ ਉਤਾਰਾ।
ਬਖਸ਼ ਲੈਹੁ ਇਸ ਥੀ ਭੁਲ ਹੋਈ। ਤੁਧ ਬਾਝੋਂ ਅਬ ਥਾਉਂ ਨ ਕੋਈ।
ਮੈ ਨਿਰਮਾਨਣ ਦਾ ਤੂੰ ਮਾਨ। ਪਾਨ ਬਾਂਧ ਇਵ ਕੀਨ ਬਖਾਨ।
'ਮੇਰਾ ਸੁਤ ਊਠੈ ਇਕ ਵੇਰੀ। ਦੇਵੈ ਭੂਮਿ ਬਿਨਾ ਹੀ ਦੇਰੀ।
ਲੈਕਰ ਤੇਰਾ ਰਾਜੀ ਨਾਮਾ। ਤਾਂ ਜਾਕਰ ਘਰ ਕਰੇ ਅਰਾਮਾ।
ਏਤੀ ਬਿਨੈ ਸੁਣੀ ਬਹੁ ਦੀਨ।' ਤੌਂ ਉਠੇ ਸਤਿਗੁਰ ਪ੍ਰਬੀਨ।
ਸ੍ਰੀ ਗ੍ਰੰਥ ਥੇ ਪੜਤੇ ਬਾਣੀ। ਪਾਸ ਰਖਾਯਾ ਗੜਵਾ ਪਾਣੀ।
ਸੋ ਜਲ ਤਿਸਕੇ ਮੁਖ ਮੈ ਪਾਯੋ। ਤਤ ਛਿਨ ਉਠਾ ਮਨੋ ਸੁਪਨਾਯੋ।
ਊਠਤ ਹੀ ਗੁਰਕੇ ਪਗ ਲਾਗਾ। ਸੁਖੂ ਰਾਮ ਭਯੋ ਵਡਭਾਗਾ।
ਕਰੀ ਬਿਨੈ ਧਰਤੀ ਅਬ ਲੀਜੈ। ਇਛਾ ਜੇਤੀ ਤਿਤੀ ਭਨੀਜੈ।
ਕਰੋ ਦਾਗ ਜਾਂ ਕੋਇ ਨਿਸ਼ਾਨੀ। ਕਾਰ ਚਲੈ ਜਾਮੇ ਮਨ ਭਾਨੀ।
ਕੀਲੇ ਨਿਜ ਕਰ ਸੇ ਤਬ ਘਰੇ। ਬੀਚ ਭੂਮ ਗਡਵਾਵਨ ਕਰੇ।
ਏਤੇ ਲੰਗਰ ਇਤੋ ਤਬੇਲਾ। ਬਣੇਂ ਹਮਾਰੋ ਸਹਿਜ ਸੁਹੇਲਾ।
ਸਤਿਬਚਨ ਸੁਖੂ ਜੀ ਭਾਖਾ। ਤੂੰ ਡਾਢਾ ਮੈ ਖਰਾ ਪਰਾਖਾ।
ਮੈਂ ਜੀਵਤ ਤਵ ਵਾਕ ਨਾ ਫੇਰੋਂ। ਸੇਵਾ ਕਰੋਂ ਰਹੋਂ ਸਮ ਚੇਰੋ।
ਤਵ ਗਤਿ ਮੈ ਜਾਣੀ ਨਹਿ ਮੂਰੇ। ਸਾਚ ਬਚਨ ਤੁਧ ਸੁੰਦਰ ਰੂਰੇ।
ਤੇਰੀ ਗਤਿ ਮਿਤਿ ਲਖੀ ਨ ਜਾਹੀ। ਖਿਮੋ ਭੂਲ ਬਿਨਤੀ ਇਮ ਪ੍ਰਾਹੀ।
ਸ੍ਰੀ ਗੁਰ ਕਹਾ ਹੁਕਮ ਕਰਤਾਰਾ। ਇਸ ਬਿਧ ਥਾ ਜਿਵ ਵਰਤਿਓ ਸਾਰਾ।
ਸੁੰਦਰ ਮੰਦਰ ਤਹਿ ਚਿਨਵਾਇ। ਆਪ ਕਤਾ ਰਾਖੀ ਸਮੁਦਾਇ।
ਸਬਦ ਸੁਨਾਵਤ ਨਿਤ ਪ੍ਰਤਿ ਕਾਨ। ਬਨੈ ਸੈਂਕੜੇ ਸਿੰਘ ਮਹਾਨ।

Namdhari Elibrary NamdhariElibrary@gmail.com

ਕਬਿਤ

ਕਰੀ ਯੌਂ ਤਿਆਰੀ ਗੁਰੂ ਮੋਹਨ ਮੁਰਾਰੀ ਰਚੇ ਧਾਮ ਹਿਤ ਧਾਰੀ ਕਰ ਸੁੰਦਰ ਬਿਓਤ ਹੈ।
ਕਰੀ ਦੇਗ ਜਾਰੀ ਪਾਸ ਕੂਪ ਸੀਤ ਬਾਰੀ ਛਕੇ ਅਚੇ ਨਰ ਨਾਰੀ ਭੂਖ ਪਿਆਸ ਸਾਰੀ ਖੋਤ ਹੈ।
ਸਬਦ ਅਧਾਰੀ ਪਰਲੋਕ ਭੀ ਸਵਾਰੀ ਛੂਟੇ ਕਾਨ ਜਮ ਜਾਰੀ ਨਾਮਧਾਰੀ ਪੰਥ ਪੋਤ ਹੈ।
ਬੰਦਨਾਂ ਹਮਾਰੀ ਕਟੀ ਨੈਨਨ ਬਿਮਾਰੀ ਐਸੋ ਮਿਲਾ ਵੈਦ ਕਾਰੀ ਬਾਝ ਓਸ ਸਾਰੀ ਰੋਤ ਹੈ।
ਕਰੋ ਜੋ ਦਿਦਾਰੀ ਭੈਣੀ ਸਾਹਿਬ ਮਝਾਰੀ ਲਾਏ ਅਮੀਸਰ ਤਾਰੀ ਤਨ ਮਨ ਮੈਲ ਧੋਤ ਹੈ।
ਬਾਣੀ ਕਰਤਾਰੀ ਕਰ ਤਾਰੀ ਇਕ ਸਾਰੀ ਚਾਰ ਵਰਨ ਨਾਰ ਨਾਰੀ ਲਾਜਟਾਰੀ ਕੁਲ ਗੋਤ ਹੈ।
ਦੇਵਨ ਅਚਾਰੀ ਤਹਾਂ ਰਾਤ ਦਿਹਾਰੀ ਸੋਧ ਸੁਰਤੀ ਵਿਚਾਰੀ ਬਾਣੀ ਗੁਰੂ ਕੀ ਮਨੋਤ ਹੈ।
ਸਚੋ ਸੰਗ ਯਾਰੀ ਹਿੰਦ ਧਰਮ ਕੋ ਵਿਚਾਰੀ ਕੂੜ ਤੋਰਕ ਕੇ ਗਾਰੀ ਗਊ ਦੀਨ ਸੁਖ ਸੋਤ ਹੈ।
ਨਾਮ ਫੁਲਵਾਰੀ ਪ੍ਰੇਮ ਭਗਤੀ ਪਿਆਰੀ ਜਾਹੇ ਮਧ ਸਦਾ ਹੋਤ ਹੈ।
ਪਾਪਨ ਕੋ ਆਰੀ ਦੇਖ ਦਹੇ ਬਨ ਨਾਰੀ ਕਿਦੋ ਰੈਣ ਅੰਧਿਆਰੀ ਮਾਹਿ ਸੂਰਜ ਉਦੋਤ ਹੈ।
ਕੀਰਤਿ ਕੀ ਬਾਰੀ ਕਿਧੋ ਰੈਣ ਅੰਧਕਾਰੀ ਮਾਹਿ ਸੂਰਜ ਉਦੋਤ ਹੈ।
ਕਲੂ ਕੋ ਬੁਹਾਰੀ ਆਦਿ ਯੁਗ ਲੜੀ ਸਾਰੀ ਮੋਤੀ ਨਾਮ ਮੁਲ ਭਾਰੀ ਸਿਖ ਸੰਗਤਿ ਪਰੋਤ ਹੈ।
ਦਾਸ ਬਲਿਹਾਰੀ ਮੋਖ ਭੋਗ ਕੇ ਭੰਡਾਰੀ ਭੈਣੀ ਸਾਹਿਬ ਮਝਾਰੀ ਨਾਮਧਾਰੀ ਸਚੀ ਜੋਤਿ ਹੈ।
ਲੰਗਰ ਕੇ ਮੰਦਰ ਬਣੇ ਹੈ ਸਭ ਸੁੰਦਰ ਸੁ ਅੰਦਰ ਹੀ ਖੂਹ ਸਿੰਘ ਨਾਇ ਬਾਣੀ ਰਟੇ ਹੈਂ।
ਅਜਬ ਚੁਬਾਰੇ ਬੀਚ ਗ੍ਰੰਥ ਅਸਵਾਰੇ ਪ੍ਰਾਤ ਹੋਤ ਆਸਾ ਵਾਰੇ ਸ੍ਰੋਤਿ ਕਿਯੇ ਪਾਪ ਕਟੇ ਹੈਂ।
ਏਕ ਦਿਸਾ ਘੋਰਨ ਤਬੇਲਾ ਜੋ ਮਹੋਲਾ ਖਾਤ ਗਊ ਮੈਖੀ ਬੈਲ ਜੋ ਖਰਾਸ ਗਾਡੀ ਡਟੇ ਹੈ।
ਸੇਵਾਦਾਰ ਧੰਨ ਤਨ ਮਨ ਤੇ ਜੋ ਕਰੇ ਸੇਵ ਜਨਮ ਮਨੁਖ ਕੇ ਸੋ ਸਿੰਘ ਦਾਮ ਵਟੇਂ ਹੈਂ।
ਗਰਾਮ ਗੁਰ ਜੀ ਕੋ ਬੇਸ ਭਲੇ ਸਭ ਦੇਸ ਜਾਹਿ ਪ੍ਰਭ ਕੋ ਨਿਵੇਸ ਸੋ ਪਵਿਤ ਹੋਇ ਧਾਮ ਜੀ।
ਪਾਵਨ ਸੇ ਪਾਵਨ ਕਿਯੇ ਸੁ ਗ੍ਰਾਮ ਧਾਵਨ ਜਿਉਂ ਵੁਠੇ ਔੜ ਸਾਵਨ ਕਿ ਰਾਵਨ ਕੋ ਰਾਮ ਜੀ।
ਖੋਲਿਓ ਖਜਾਨਾ ਧਨ ਨਾਮ ਕੋ ਬਿਰਾਮ ਸਭ ਪੂਰ ਕਾਮ ਜਨੋਂ ਕੋ ਜਪਾਏ ਹਰਿ ਨਾਮ ਜੀ।
ਤਾਰਨ ਕੇ ਹਿਤ ਸ਼ਾਂਤ ਚਿਤ ਸੁ ਆਦਿਤ ਤੇਜ ਮੂਰਤਿ ਪ੍ਰਕਾਸੀ ਸ੍ਰੀ ਗੁਰੂ ਸਿੰਘ ਰਾਮ ਜੀ।

ਦੋਹਰਾ

ਦਰ ਪਰ ਬਰਤਰ ਤਰ ਰਾਮ ਸਰ ਪੀਪਰ ਸਘਨ ਸੁ ਛਾਇ।
ਤਰ ਨਰ ਕਰ ਹਰਿ ਦਰਸ ਵਰ ਦਰ ਪਰ ਬਾਢੀ ਰਾਇ।
ਰਾਮ ਕਹਿਤ ਚਿਤ ਥਿੱਤ ਹੋਇ ਸਿੰਘ ਕਹਿਤ ਭੈ ਹਾਨ।
ਤਾਂਤੇ ਮਿਤ ਨਿਤ ਮੰਤ ਜਪ ਰਾਮ ਸਿੰਘ ਭਗਵਾਨ।
ਕਲੂ ਮਾਹਿ ਜੋ ਚਾਹਿ ਨਰ ਜਨਮ ਮਰਨ ਭਵ ਚੂਰ।
ਸੋ ਗੁਰ ਧਾਰੋ ਜਾਇ ਤਹਿ ਦਰਸੋ ਹਰੀ ਹਜੂਰ।

Namdhari Elibrary NamdhariElibrary@gmail.com

ਸੰਮਤ ੧੯੭੨ ਦੀ ਬਸੰਤ

ਗੁਰਮੁਖ ਸਿੰਘ ਮੁਸਾਫ਼ਰ

ਖੁਲੇ ਮੁਖ ਗੁੰਚਿਆਂ ਦੇ ਮਹਿਕ ਨੇ ਮਹਿਕਾਏ ਬਾਗ,
ਪਤਿੱਆਂ ਤੇ ਫੁੱਲਾਂ ਪਤ ਡਾਲੀ ਦੀ ਬਣਾਈ ਏ।
ਪੌਣ ਦੇ ਹਿਲੋਰ ਨਾਲ ਪਤਿਆਂ ਆਨੰਦ ਵਿਚ,
ਖੁਸ਼ੀਆਂ ਦੀ ਤਾਲੀ ਨਾਲ ਖੁਸ਼ੀ ਦੇ ਬਜਾਈ ਏ।
ਆਉ ਗਾਉ ਹਸੋ ਵਸੋ ਰਸੋ ਫੇਰ ਫੁੱਲਾਂ ਸੰਗ,
ਭੌਰਾਂ ਨੂੰ ਬੇ ਤਾਰ ਤਾਰ ਮਹਿਕ ਨੇ ਪੰਹੁਚਾਈ ਏ।
ਬਸੰਤ ਨਾਲ ਮੇਲ ਤੇ ਬਸੰਤ ਨਾਲ ਖੁਸ਼ੀਆਂ,
ਬਸੰਤ ਆਈ ਬੁਲਬੁਲਾਂ ਨੇ ਲਾਈ ਚਹਿ ਚਹਾਈ ਏ।
ਏਸੇ ਉਤਸ਼ਾਹ ਵਿਚ ਖੁਸ਼ੀ ਦੇ ਉਮਾਹ ਵਿਚ,
ਨਵੀਂ ਹੀ ਪੁਸ਼ਾਕ ਫੁਲਵਾੜੀ ਨੇ ਵਟਾਈ ਏ।
ਨਵੇਂ ਰੰਗ ਨਵੇਂ ਢੰਗ ਨਵੀਆਂ ਉਮੰਗਾਂ ਨਾਲ,
ਮਾਨੋਂ ਮੁੜ ਮੁਰਦਿਆਂ 'ਚ ਨਵੀਂ ਜਾਨ ਆਈ ਏ।
ਰੁਤ ਵਾਲੇ ਰਸ ਨੇ ਰਸਾਏ ਮਨ ਰਸੀਆਂ ਦੇ,
ਵੈਸੇ ਵੀ ਬਸੰਤ ਰਾਣੀ ਰੁਤਾਂ ਦੀ ਸਦਾਈ ਏ।
ਐਦਕਾਂ ਬਸੰਤ ਖਾਸ ਨਾਮ ਨਾਲ ਸੋਭਦੀ ਏ,
'ਰਾਮ' ਨਾਮ ਨਾਲ ਸੋਭਾ ਏਸ ਦੀ ਸਵਾਈ ਏ।
ਆਈ ਮਨ ਭਾਈ ਸੋਹਣੀ ਪੰਚਮੀ ਬਸੰਤ ਵਾਲੀ,
ਖੁਸ਼ੀ ਭਰੀ ਸੌ ਨਾਲ ਆਪਣੇ ਲਿਆਈ ਏ।
ਪੰਚਮੀ ਦੇ ਦਿਨ ਪੈਦਾ ਹੋਏ ਬਾਬਾ ਰਾਮ ਸਿੰਘ,
ਨਾਮ ਦੇ ਪਿਆਰੇ ਰੁਚੀ ਨਾਮ ਵੰਨੀਂ ਲਾਈ ਏ।
ਨਾਮ ਰਸ ਰੰਗੇ ਪਿਆਰੇ ਪ੍ਰੀਤਮ ਦੀ ਯਾਦ ਵਿਚ,
ਨਾਮ ਦੇ ਭਰੋਸੇ ਧਿਰ ਨਾਮ ਤੇ ਧਰਾਈ ਏ।
ਵੱਖੋ ਵੱਖ ਥਾਵਾਂ ਤੇ ਸਕੀਮ ਬੰਨ੍ਹ ਸੂਬਿਆਂ ਦੀ,
ਜੋਸ਼ ਭਰੀ ਲੈਹਰ ਪ੍ਰਚਾਰ ਦੀ ਚਲਾਈ ਏ।
ਸੇਵਾ ਅਤੇ ਸਾਦਗੀ ਸੁਦੇਸ਼ੀ ਸੰਗ ਪਿਆਰ ਦੱਸ,
ਦੇਸ਼ ਦੇ ਪ੍ਰੇਮ ਵਾਲੀ ਸਿਖਿਆ ਸਿਖਾਈ ਏ।
ਨਾਮ ਦੇ ਦੀਵਾਨੇ ਨਾਮਧਾਰੀ ਮਸਤਾਨੇ ਬੀਰਾਂ,
ਤੋਪਾਂ ਅੱਗੇ ਡਾਹੀ ਜਿੰਦ ਆਪਣੀ ਘੁਮਾਈ ਏ।
ਬੂਟਿਆਂ ਤੇ ਫੁਲਾਂ ਵਿਚ ਰੁਤ ਨੇ ਰਿਸਾਈ ਰਸ,
ਮਨਾਂ ਵਿਚ ਰਸ ਰਾਮ ਨਾਮ ਨੇ ਰਿਸਾਈ ਏ।
ਸ਼ਰਧਾ ਦੇ ਨਾਲ ਜਾਂਦਾ ਝੁਕ ਸੀਸ ਯਾਦ ਵਿਚ,
ਨਾਮ ਦੀ ਕਮਾਈ ਸਾਰੀ ਨਾਮ ਦੀ ਕਮਾਈ ਏ।

Namdhari Elibrary NamdhariElibrary@gmail.com

ਚੀਨੀ ਵਾਲੇ ਸਤਿਗੁਰੂ ਦਾ ਦਰਬਾਰ

ਧਨੀ ਰਾਮ "ਚਾਤ੍ਰਿਕ"

ਆ ਜੀਆ! ਨੂਰ-ਇਲਾਹੀ ਦਾ, ਤੈਨੂੰ ਝਲਕਾਰਾ ਪਾ ਦੇਵਾਂ।
ਇਕ ਧਰਮ-ਸ਼ਮਾ-ਪਰਵਾਨੇ ਦੇ ਹਿਰਦੇ ਦੀ ਲੋ ਲਿਸ਼ਕਾ ਦੇਵਾਂ।
ਇਕ ਰੱਬੀ ਰਾਹ ਵਿਚ ਵਿਕੀ ਹੋਈ ਜਿੰਦੜੀ ਤੋਂ ਘੋਲ ਘੁਮਾ ਦੇਵਾਂ।
ਆਕਾਸ਼ੀ ਉਡਦੇ ਪੰਛੀ ਦੇ ਪਿੰਜਰੇ ਦਾ ਰਾਗ ਸੁਣਾ ਦੇਵਾਂ।
ਪਿੰਜਰੇ ਵਿਚ ਪੈ ਕੇ ਆਜ਼ਾਦੀ ਦੀ ਤੜਪ ਨਾਲ ਤੜਪਾ ਦੇਵਾਂ।
ਜਿਉਂਦੀ ਜਿੰਦ ਮਰਨ ਵਿਖਾ ਦੇਵਾਂ ਤੇ ਮਰਕੇ ਜੀਉਣ ਸਿਖਾ ਦੇਵਾਂ।

ਇਕ ਨਿਰਮਲ ਤੇ ਨਿਰਵੈਰ ਰੂਹ, ਦੁਨੀਆਂ ਜਿਸ ਨੂੰ ਦਰਕਾਰ ਨਹੀਂ।
ਐਸ਼੍ਵਰਜ ਰੋਲ ਕੇ ਪੈਰਾਂ ਵਿਚ, ਭੋਗਾਂ ਨੂੰ ਕਰਦੀ ਪਿਆਰ ਨਹੀਂ।
ਕੋਈ ਰਾਜ ਨਹੀਂ, ਕੋਈ ਸਾਜ ਨਹੀਂ, ਕੋਈ ਦੌਲਤ ਦੇ ਅੰਬਾਰ ਨਹੀਂ।
ਕੋਈ ਮੋਢੇ ਤੇ ਬੰਦੂਕ ਨਹੀਂ, ਕੋਈ ਹੱਥਾਂ ਵਿਚ ਤਲਵਾਰ ਨਹੀਂ।
ਦੁਖੀਆਂ ਦੇ ਦੁਖ ਵਿਚ ਘੁਲ ਘੁਲ ਕੇ, ਉਹ ਸ਼ਮਾਂ ਛਮਾ-ਛਮ ਰੋਂਦੀ ਹੈ।
ਮੋਈਆਂ ਲੋਥਾਂ ਹੂਣ ਹੂਣ ਕੇ, ਮੂੰਹ ਵਿਚ ਪਾਣੀ ਚੋਂਦੀ ਹੈ।

ਬੇਜਾਨ ਤੰਬੂਰਾ ਗਲ ਲਾ ਕੇ, ਗੁਰ-ਮੰਤ੍ਰ ਨਾਲ ਗਰਮਾਂਦੀ ਹੈ।
ਸ੍ਵੈਮਾਨ ਅਣਖ ਦੀਆਂ ਤਰਬਾਂ ਨੂੰ, ਹਰਕਤ ਦੇ ਕੇ ਤੜਪਾਂਦੀ ਹੈ।
ਇਕ ਰਾਗ ਇਲਾਹੀ ਛਿੜਦਾ ਹੈ ਤੇ ਸੁਰਤ ਵਜਦ ਵਿਚ ਆਂਦੀ ਹੈ।
ਮੁਰਦਾ ਰੂਹਾਂ ਦੇ ਸੀਨੇ ਵਿਚ, ਇਕ ਜੋਤ ਜਿਹੀ ਜਗ ਜਾਂਦੀ ਹੈ।
ਅਰਸ਼ਾਂ ਦੇ ਬੂਹੇ ਖੁਲ੍ਹਦੇ ਨੇ, ਦਰਬਾਰ ਸਰੂਰ ਲਗਾਂਦਾ ਹੈ।
ਚੀਨੀ ਤੇ ਚੜ੍ਹ ਕੇ ਚਾਰ ਚੱਕ, ਸੰਸਾਰ ਜਗਾਇਆ ਜਾਂਦਾ ਹੈ।

ਇਸ ਖਿੜੀ ਪ੍ਰੇਮ ਫੁਲਵਾੜੀ ਤੋਂ, ਆਦਿਲ! ਕੁਝ ਮਹਿਕ ਉਠਾ ਲਈਏ।
ਇਸ ਗੂੜੇ ਰੰਗ ਮਜੀਠੀ ਚੋਂ, ਚੋਲੇ ਨੂੰ ਡੋਬਾ ਲਾ ਲਈਏ।
ਇਸ ਮੁਫਤੀ ਨਾਮ ਖਜ਼ਾਨੇ ਚੋਂ, ਕੁਝ ਅਪਣਾ ਆਪ ਬਣਾ ਲਈਏ।
ਦੁਨੀਆਂ ਦੀ ਮਾਰਾ ਮਾਰੀ ਤੋਂ, ਲਾਂਭੇ ਕੰਨੀ ਖਿਸਕਾ ਲਈਏ।
ਜਿਸ ਸ੍ਵਾਂਤ ਬੂੰਦ ਦਾ "ਚਤ੍ਰਿਕ" ਤੂੰ, ਉਹ ਪ੍ਰੇਮ ਵਹਿਣ ਵਿਚ ਵਸਦੀ ਹੈ।
ਜੋ ਦੁੱਖਾਂ ਵਿਚ ਭੀ ਹਸਦੀ ਹੈ, ਜੋ ਮਰਕੇ ਜੀਉਣਾ ਦਸਦੀ ਹੈ।

Namdhari Elibrary NamdhariElibrary@gmail.com

ਜੀਵੇਂ ਚੰਨ ਹੈਂ ਤੂੰ ਕੌਮਾਂ ਸਾਰੀਆਂ ਦਾ

ਵਿਧਾਤਾ ਸਿੰਘ 'ਤੀਰ'

ਨਾਨਕ ਗੁਰੂ ਦੇ ਪਿਆਰਿਆ ਦੇਸ਼ ਭਗਤਾ,
ਤੈਨੂੰ ਨਿਰਾ ਹੀ ਦੇਸ਼ ਦਾ ਦਰਦ ਆਖਾਂ।
ਇਕੋ ਆਪਣੇ ਬੋਲ ਪੁਗਾਉਣ ਵਾਲਾ,
ਸੱਚਾ ਸੰਤ ਸਿਦਕੀ ਸ਼ੇਰ ਮਰਦ ਆਖਾਂ।
ਇਕੋ ਰੱਬੀ ਵੈਰਾਗ ਦਾ ਵੈਹਣ ਆਖਾਂ,
ਇਕੋ ਕਹਿ ਦਿਆਂ 'ਓਸ' ਦਾ 'ਨਾਮਧਾਰੀ'।
ਇਹ ਵੀ ਝੂਠ ਤਾਂ ਨਹੀ? ਕਲਜੁੱਗ ਅੰਦਰ,
ਤੈਨੂੰ ਜੇ ਕਦੇ ਪੁੱਗੀ ਹੋਈ ਨਰਦ ਆਖਾਂ।

ਤੇਰਾ ਪਿਆਰ ਗਿਆਨ ਜਗਾਉਂਦਾ ਏ,
ਤੇਰੀ ਸਾਦਗੀ ਦਿਲਾਂ ਨੂੰ ਖੱਸ ਦੀ ਏ।
ਬਦੋ ਬਦੀ ਤਿੱਖੀ ਪ੍ਰੇਮ ਅਣੀ ਤੇਰੀ,
ਪ੍ਰੇਮੀ ਹਿਰਦਿਆਂ ਦੇ ਅੰਦਰ ਧੱਸ ਦੀ ਏ।
ਕੀਤਾ ਚਾਨਣਾਂ ਤੇਰੀਆਂ ਕਰਣੀਆਂ ਨੇ,
ਤਾਹੀਏਂ ਹਿੰਦੀ ਅਜ਼ਾਦੀ ਨੂੰ ਲਭ ਰਹੇ ਨੇਂ।
ਚੀਨੀ ਵਾਲਿਆ ਤੂਹੇਂ ਈ ਦੱਸਿਆ ਸੀ,
ਖੁਲ੍ਹ ਏਕਤਾ ਵਿਚ ਹੀ ਵੱਸਦੀ ਏ।

ਨਿਰਾ ਪੂਰਾ ਨਹੀਂ ਤੂੰ ਨਾਮਧਾਰੀਆਂ ਦਾ,
ਸਾਂਝਾ ਹੈਂ ਸਾਰੇ ਨਾਮਧਾਰੀਆਂ ਦਾ।
ਭਾਰਤ ਮਾਤ ਦੀ ਅੱਖ ਦੇ ਤਾਰਿਆ ਵੇ,
ਜੀਵੇਂ ਚੰਨ ਹੈਂ ਤੂੰ ਕੌਮਾਂ ਸਾਰੀਆਂ ਦਾ।
ਹੈਸੀ ਦੇਸ਼ ਅਜ਼ਾਦੀ ਦੀ ਲਗਨ ਤੈਨੂੰ,
ਤਾਹੀਏਂ ਦੇਸ਼ ਉਤੋਂ ਗਿਓਂ ਵਾਰਿਆ ਤੂੰ।
ਪੂਰਾ ਉਤਰਿਓਂ ਸਾਥੀਆਂ ਸਣੇ ਆਖਰ,
ਕਰਕੇ ਟਾਕਰਾ ਔਕੜਾਂ ਭਾਰੀਆਂ ਦਾ।

ਅੰਦਰ ਹਿੰਦੀਆਂ ਦੇ ਭਾਂਬੜ ਮਚ ਰਹੇ ਨੇ,
ਅੱਗ ਤੇਰੀ ਕੁਰਬਾਨੀ ਨੇ ਲਾਈ ਹੋਈ ਏ।
ਚੜ੍ਹਿਆ ਮਰਨ ਦਾ ਚਾ ਹੈ ਬਹੁਤਿਆਂ ਨੂੰ,
ਗਲੇ ਬਹੁਤਿਆਂ ਖਫਣੀ ਪਾਈ ਹੋਈ ਏ।
ਬੱਦਲ ਜੋਰ ਦੇ ਪੱਛਮੋਂ ਚੜ੍ਹੇ ਜਾਪਣ,
ਬਿਜਲੀ ਲੋੜ੍ਹ ਦੀ ਸਿਰਾਂ ਤੇ ਚਮਕਦੀ ਏ।
ਫੁੱਲ ਖਿੜਨਗੇ ਫੇਰ ਸ਼ਹੀਦੀਆਂ ਦੇ,
ਫੇਰ ਰੁੱਤ ਕੁਰਬਾਨੀ ਦੀ ਆਈ ਹੋਈ ਏ।

ਬਾਬਾ ਆ! ਆਜ਼ਾਦੀ ਦਾ ਨਾਮ ਦੇ ਜਾ,
ਇਨ੍ਹਾਂ ਦੇਸ਼ ਭਗਤਾਂ ਨਾਮਧਾਰੀਆਂ ਨੂੰ।
ਆਜਾ ਪਿਆਰਿਆ ਫਿਰ ਬਸੰਤ ਰੁੱਤੇ,
ਹੱਥੀਂ ਸਿੰਜ ਜਾਹ ਫੇਰ ਕਿਆਰੀਆਂ ਨੂੰ।
ਅਪਣੇ ਸਿਦਕ ਵਿਚੋਂ ਸਿਦਕ ਕਣੀਂ ਦੇ ਜਾ,
ਫੌਜਾਂ ਡੋਲੀਆਂ ਨੂੰ ਆਕੇ ਖੜਾ ਕਰ ਜਾ।
'ਤੀਰ" ਨਾਲ ਕੁਰਬਾਨੀ ਦੇ ਕਰਨ ਖੁੰਢਾ,
ਪੜਛੇ ਲਾਹ ਰਹੀਆਂ ਪੱਛਮੀ ਆਰੀਆਂ ਨੂੰ।

Namdhari Elibrary NamdhariElibrary@gmail.com

"ਪ੍ਰੇਮ ਸੰਦੇਸ਼ਾ"

ਗਿਆਨੀ ਊਧਮ ਸਿੰਘ 'ਮੁਸਾਫ਼ਰ'

ਕਾਵਾਂ ਉਡ ਪਿਆਰੇ ਦੇ ਦੇਸ ਜਾਵੀਂ,
ਦੇਵੀਂ ਝੱਲੀ ਦਾ ਜਾਇ ਪੈਗਾਮ ਸੁੰਦ੍ਰ।
ਮੈਂ ਵਰਗੀਆਂ ਪ੍ਰੇਮ ਦੀਵਾਨੀਆਂ ਨੂੰ,
ਗਲੇ ਲਾਣ ਵਾਲਾ ਮੇਰਾ ਸ਼ਯਾਮ ਸੁੰਦ੍ਰ।
ਮਾਲਾ ਹੱਥ ਤੇ ਸਿਧੀ ਦਸਤਾਰ ਸਿਰ ਤੇ,
ਮੇਰੇ ਪ੍ਰੀਤਮ ਦਾ ਇਹੀ ਨਿਸ਼ਾਨ ਸੁੰਦ੍ਰ।
ਸਦੀ ਗੁਜ਼ਰ ਗਈ ਅਜੇ ਨ ਬਹੁੜਿਆ ਉਹ,
ਘਰੋਂ ਗਿਆ ਬਨ ਬਾਸ ਨੂੰ ਰਾਮ ਸੁੰਦ੍ਰ।
ਮੇਰਾ ਪੀਰ ਅਵਤਾਰ ਗੁਰ ਮਿਹਰ ਵਾਲਾ,
ਦਾਤਾ ਦੀਨ ਦਿਆਲ ਅਮੀਰ ਸੀ ਉਹ!
ਸ਼ਹਿਨ ਸ਼ਾਹਾਂ ਦਾ ਸ਼ਾਹ ਸ੍ਰਦਾਰ ਪੂਰਾ,
ਬੇੜੇ ਡੁਬਦਿਆਂ ਦਾ ਦਸਤਗੀਰ ਸੀ ਉਹ!
ਕੁੱਟ ਚੂਰੀਆਂ ਘਤਸਾਂ ਸਦਾ ਤੈਨੂੰ,
ਮੇਰੇ ਰਾਮ ਦਾ ਲੱਭ ਨਿਸ਼ਾਨ ਕਿਧਰੇ।
ਹੋਸੀ ਚੀਨ ਜਾਪਾਨ ਦੇ ਪ੍ਰਬਤਾਂ ਤੇ,
ਵਿਚ ਜੰਗਲਾਂ ਯਾਂ ਬੀਆਬਾਨ ਕਿਧਰੇ।
ਬੈਠਾ ਹੋਵਸੀ ਤਾਰਦਾ ਸੰਗਤਾਂ ਨੂੰ,
ਲਾਇਆ ਹੋਵਸੀ ਆਲੀ ਦੀਵਾਨ ਕਿਧਰੇ।
ਜਾਹ ਵੇ ਲਭਕੇ ਕਰੀਂ ਪ੍ਰਨਾਮ ਪਹਿਲੋਂ,
ਬਾਕੀ ਰਹਿਣ ਨ ਮੇਰੇ ਅਰਮਾਨ ਕਿਧਰੇ।
ਮੇਰਾ ਖੋਹਲਕੇ ਦੱਸੀਂ ਹਵਾਲ ਅੜਿਆ,
ਤੇਰੇ ਦਰਦ ਫਿਰਾਕ ਨੇ ਕੁੱਠੀਆਂ ਮੈਂ।
ਲੀਤੀ ਸਾਰ ਨ ਪਰਤ ਨਿਮਾਨੜੀ ਦੀ,
ਸੀਨੇ ਬ੍ਰਿਹੋਂ ਫਿਰਾਕ ਨੇ ਮੁੱਠੀਆਂ ਮੈਂ।
ਨੈਣ ਨੀਰ ਬਰਸਾਂਵਦੇ ਦਿਨੇ ਰਾਤੀਂ,
ਤੇਰੀ ਯਾਦ ਦੇ ਵਿਚ ਦੀਵਾਨੀ ਆਂ ਮੈਂ।
ਨੀਂਦ ਭੁੱਖ ਪਿਆਸ ਹਰਾਮ ਹੋਈ,
ਖੁੱਲੇ ਕੇਸ ਤੇ ਫਿਰਾਂ ਮਸਤਾਨੀ ਆਂ ਮੈਂ।
ਰੰਗ ਜ਼ਰਦ ਹੋਇਆ ਤੇਰੇ ਹਿਜ਼ਰ ਅੰਦਰ,
ਨਿਤ ਝਲਦੀ ਬ੍ਰਿਹੋਂ ਦੀ ਕਾਨੀ ਆਂ ਮੈਂ।
ਭਾਵੇਂ ਹਾਂ ਚੰਗੀ ਭਾਵੇਂ ਹਾਂ ਮੰਦੀ,
ਤੇਰੇ ਨਾਲ ਪਿਆਰਿਆ ਦਾਨੀ ਆਂ ਮੈਂ।
ਆਓ, ਆਓ ਜੀ ਦੇਰ ਨਾ ਮੂਲ ਲਾਓ,
ਚੀਲੀ ਵਾਲੜੇ ਦਰਸ ਦਿਖਾਓ ਮੁੜਕੇ।
ਵਰ੍ਹੇ ਗੰਢ ਦੀ ਖੁਸ਼ੀ ਵਿਚ ਦਰਸ ਦੇਕੇ,
ਨਾਮ, ਦਾਨ, ਇਸ਼ਨਾਨ ਦ੍ਰਿੜ੍ਹਾਓ ਮੁੜਕੇ।

Namdhari Elibrary NamdhariElibrary@gmail.com

ਬਾਰਾਂ ਮਾਹ

ਸੂਬਾ ਮੀਹਾਂ ਸਿੰਘ

ਚੇਤ੍ਰ ਚਿਤ ਦੇ ਵਿਚ ਉਦਾਸ ਹੋਏ, ਕਦੋਂ ਆਣ ਕੇ ਦਰਸ ਦਿਖਾਏ ਪੀਆ।
ਅਸਾਂ ਰੋਂਦਿਆਂ ਤੇ ਕੁਰਲਾਂਦਿਆਂ ਨੂੰ, ਕਦੋਂ ਆਣਕੇ ਗਲੇ ਲਗਾਏ ਪੀਆ।
ਏਹਨਾ ਨੈਣਾਂ ਦੇ ਫਰਸ਼ ਵਿਛਾਵਾਂ ਸੋਹਣੋਂ, ਮੇਰੀ ਆਣਕੇ ਸੇਜ ਸੁਹਾਏ ਪੀਆ।
ਡਾਵਾਂ ਡੋਲ ਹੋਈ ਤੇਰੇ ਦਰਸ ਬਾਝੋਂ, ਤੂਹੀਂ ਆਣਕੇ ਚਿਤ ਪਰਚਾਏ ਪੀਆ।

ਲੋਕੀ ਆਖਦੇ ਆਯਾ ਵੈਸਾਖ ਸੋਹਣਾ, ਸੋਹਣੇ ਬਾਝ ਸੁਹਾਵਣਾ ਲਗਦਾ ਨਹੀਂ।
ਦੁਨੀਆਂ ਵਿਚ ਤਕਾਂਵਦੀ ਫਿਰਾਂ ਸੋਹਣੇ, ਸੋਹਣੇਂ ਬਾਝ ਤਕਾਵਣਾ ਜਗਦਾ ਨਹੀਂ।
ਜੈਸੀ ਸੋਹਣੇ ਦੇ ਸੀਸ ਦਸਤਾਰ ਸੋਹੇ, ਕੋਈ ਪੇਚ ਸੁਹਾਵਣਾ ਪਗਦਾ ਨਹੀਂ।
ਗੁਰਾਂ ਬਾਝ ਵਿਸਾਖ ਉਦਾਸ ਦਿਸੇ, ਕੋਈ ਦਿਸੇ ਸੁਹਾਵਣਾ ਲਗਦਾ ਨਹੀਂ।

ਜੇਠ ਜੋਰ ਜਾਂ ਧੁਪ ਨੇ ਆਣ ਪਾਇਆ, ਲੋਆਂ ਵਗਦੀਆਂ ਪਤਾ ਨ ਮੂਲ ਲਗੇ।
ਧੁੱਪ ਅੱਗ ਉਛਾਲਦੀ ਜੋਰ ਲਾਕੇ, ਮੈਨੂੰ ਬਿਰਹੋਂ ਵਿਛੋੜੇ ਦੇ ਤੂੱਲ ਲਗੇ।
ਕੰਡੇ ਦਰੜਦੀ ਫਿਰਾਂ ਮੈਂ ਵਿਚ ਝਾੜਾਂ ਦਿਸਣ ਸਥਿਲ ਨ ਕੋਈ ਸੂਲ ਲਗੇ।
ਹਿਰਦਾ ਸੁਕ ਕੇ ਵਾਂਗ ਮਨੂਰ ਹੋਇਆ ਪਥਰ ਚਿਤ ਤੇ ਦੇਹੀ ਅਸਥੂਲ ਲਗੇ।

ਹਾੜ ਹੋਸ਼ ਨ ਆਵਦੀ ਦਿਨੇ ਰਾਤੀਂ, ਫਿਰਾਂ ਭਾਲਦੀ ਵਾਂਗ ਸ਼ੁਦਾਈਆਂ ਦੇ।
ਆਵੇ ਚੈਨ ਨ ਕੂਕਦੀ ਫਿਰਾਂ ਝੱਲੀ, ਤੀਰ ਲਗੇ ਨੇ ਪ੍ਰੇਮ ਜੁਦਾਈਆਂ ਦੇ।
ਤੀਰ ਗੁਰਾਂ ਨੇ ਮਾਰਿਆ ਵਿਚ ਸੀਨੇ, ਭਾਂਡੇ ਛੁਟ ਗਏ ਹਥੋਂ ਜਾਈਆਂ ਦੇ।
ਹਾਇ ਹਾਇ ਮੈਂ ਸਤਿਗੁਰਾਂ ਮਾਰ ਸੁਟੀ, ਮੁੱਕੇ ਸਭ ਤਗਾਦੜੇ ਭਾਈਆਂ ਦੇ।

ਆਯਾ ਸਾਵਣ ਤੇ ਸਈਆਂ ਨੇ ਪੀਂਘ ਪਾਈ, ਹੋਈਆਂ ਆਪ ਦੇ ਵਿਚ ਮਤਵਾਲੀਆਂ ਨੇ।
ਪੀਆ ਪੀਆ ਪੁਕਾਰਦੇ ਗੌਣ ਸਭੇ, ਗੀਤ ਗੌਂਦੀਆਂ ਮਾਰਕੇ ਤਾਲੀਆਂ ਨੇ।
ਪੀਆ ਜਿਨਾਂ ਦੇ ਗਏ ਪ੍ਰਦੇਸ ਸਹੀਓ, ਪੀਆ ਨਾਮ ਸੁਣ ਹੋ ਗਈਆਂ ਕਾਲੀਆਂ ਨੇ।
ਪੀਆ ਪੀਆ ਪੁਕਾਰਦੇ ਰੋਣ ਸਭੇ ਪੀਆ ਪੀਆ ਬਿਨ ਅਤ ਦੁਖਾਲੀਆਂ ਨੇ।

ਭਾਦੋਂ ਭਾਂਬੜ ਪਏ ਮਚਦੇ ਵਿਚ ਸੀਨੇ, ਬਿਜਲੀ ਚਮਕਦੀ ਸੀਨੇ ਕਟਾਰ ਵਜੇ।
ਸੋਹਣੇ ਪੀਆ ਬਿਨ ਬਰਖਾ ਨ ਲਗੇ ਸੋਹਣੀ ਭਾਵੇ ਛਿਨਵੇਂ ਹੋ ਜਲ ਧਾਰ ਗਜੇ।
ਪੀਆ ਜਿਨਾਂ ਦੇ ਘਰੀਂ ਨਾਂ ਹੋਣ ਭੈਣੋਂ ਰੁਤ ਆਈ ਨੂੰ ਵੇਖ ਕੇ ਤਾਰ ਵਜੇ।
ਬਾਝੋਂ ਪੀਆ ਦੇ ਤਾਰ ਸੁਹਾਂਵਦੀ ਨਾਂ, ਭਾਵੇਂ ਤਾਰ ਹਜਾਰ ਅਪਾਰ ਵਜੇ।

ਅਸੂ ਆਸ ਰਖਾਂ ਮੈਂ ਭੀ ਗੁਰਾਂ ਸੰਦੀ, ਸਾਨੂੰ ਆਣਕੇ ਦਰਸ ਦਿਖਾਲ ਸਾਂਈ।
ਤੇਰੇ ਬਾਝ ਲੋਕੀਂ ਸਾਨੂੰ ਦੇਣ ਤਾਹਨੇਂ, ਤਾਨੇ ਮੇਟ ਤੂੰ ਮੁਖ ਦਿਖਾਲ ਸਾਂਈ।
ਮੁਖ ਦੇਖੇ ਦੇ ਬਾਝ ਨਾਂ ਭੁਖ ਲਹਿੰਦੀ, ਭੁਖ ਮੁਖ ਦੀ ਕਰੇ ਨਿਢਾਲ ਸਾਂਈਂ।
ਆਓ ਚੀਨੀ ਤੇ ਹੋਇ ਅਸਵਾਰ ਪੀਆ, ਆਕੇ ਸੰਗਤਾਂ ਕਰੋ ਨਿਹਾਲ ਸਾਂਈਂ।

ਕਤਕ ਪੁੰਨਿਆਂ ਲੋਕ ਤਕੌਣ ਸਾਰੇ ਨਾਨਕ ਗੁਰੂ ਹੋ ਦਰਸ ਦਿਖਾਰਿਆ ਤੈਂ!
ਜਾਮਾ ਬਾਰਵਾਂ ਧਾਰ ਪਰਦੇਸ ਜਾਵਾਂ, ਦਸਮ ਗੁਰੂ ਹੋ ਵਾਕ ਉਚਾਰਿਆ ਤੈਂ!
ਆਵਾਂ ਦੇਸ ਦੇ ਵਿਚ ਮੈਂ ਫੇਰ ਮੁੜਕੇ, ਸੋਹਣੇ ਮੁਖ ਸੇ ਆਪ ਉਚਾਰਿਆ ਤੈਂ।
ਆਈ ਰੁਤ ਹੁਣ ਆ ਅਸਵਾਰ ਚੀਨੀ, ਬਚਨ ਕੀਤਾ ਕਿਉਂ ਆਪ ਵਿਸਾਰਿਆ ਤੈਂ।

ਆਇਆ ਮਘਰ ਚਿਤ ਉਦਾਸ ਹੋਯਾ ਪੀਆ ਪਲੰਘ ਤੇ ਨਜਰ ਨਾਂ ਆਂਵਦੇ ਸੀ।
ਰਾਮਸਰ ਦੇ ਵਿਚ ਦੀਵਾਨ ਲਾਕੇ ਜੇਹੜੇ ਸੰਗਤਾਂ ਵਿਚ ਸੁਹਾਂਵਦੇ ਸੀ।
ਮੁਖੋਂ ਬਚਨ ਕਰਦੇ ਜਾਣੋਂ ਫੁੱਲ ਕਿਰਦੇ, ਅਜੇ ਫੁੱਲ ਭੀ ਵੇਖ ਸ਼ਰਮਾਂਵਦੇ ਸੀ।
ਫੁੱਲ ਰੁਤਾਂ ਸਿਰ ਹੋਣ ਬਗੀਚਿਆਂ ਦੇ ਸਤਿਗੁਰ ਨਿਤ ਨਵੀਂ ਸੋਭਾ ਪਾਂਵਦੇ ਸੀ।

ਰੁਤ ਸੀਤ ਦੀ ਆਈ ਹੈ ਪੋਹ ਸੰਦੀ, ਹਥਾਂ ਪੈਰਾਂ ਨੂੰ ਠਾਰਦੀ ਫਿਰੇ ਤਤੀ।
ਸੀਨੇ ਠੰਢ ਨਾ ਪਾਂਵਦੀ ਬਾਝ ਪੀਆ, ਕੋੜੀ ਗਲ ਤੇ ਫਿਰੇਂ ਤੂੰ ਮਾਣ ਮਤੀ।
ਠੰਢੀ ਕਹਿਣ ਪਰ ਸੀਨੇ ਨੂੰ ਅੱਗ ਲਗੇ, ਏਸ ਠੰਢੜੀ ਨੇ ਮੈਨੂੰ ਮਾਰ ਘਤੀ।
ਤਾਹੀਓਂ ਠੰਢੜੀ ਪੋਹ ਦੀ ਰੁਤ ਆਖਾਂ, ਘਰੀਂ ਔਣ ਜੇ ਚੀਨੀ ਅਵਤਾਰ ਪਤੀ।

ਮਾਹ ਮਾਘ ਦਾ ਦੁੱਖ ਕੀ ਕਰਾਂ ਭੈਣੋਂ, ਗਿਆ ਮਾਘ ਦੇ ਵਿਚ ਪਰਦੇਸ ਪੀਆ।
ਗੱਡੇ ਬੈਠਕੇ ਕੰਬਲੀ ਲੈ ਉਪਰ, ਜਿਮੀਦਾਰਾਂ ਦਾ ਕਰ ਲਿਆ ਭੇਸ ਪੀਆ।
ਬੈਠੇ ਚੜੇ ਗਡੇ ਤੇ ਭਲੇ ਨਾ ਜਾਣ ਭੈਣੋਂ, ਛਡ ਚਲੇ ਨੇ ਆਪਣਾ ਦੇਸ ਪੀਆ।
ਧਾਂਹਾਂ ਮਾਰਕੇ ਰੋਂਦੀਆਂ ਦਾਸੀਆਂ ਨੇ, ਕੋਈ ਚਲੇ ਨ ਸਾਡੜੀ ਪੇਸ਼ ਪੀਆ।

ਫਗਣ ਫੈਲਿਆ ਦੁਖ ਸਰੀਰ ਸਾਰੇ, ਲੂੰ ਲੂੰ ਚੋਂ ਆਵੇ ਅਵਾਜ਼ ਪੀਆ।
ਤੇਰੇ ਬਾਝ ਨਾ ਬੈਠਕਾਂ ਸੋਂਹਦੀਆਂ ਨੇ, ਭਠ ਪਏ ਨੇ ਰਾਜ ਸਮਾਜ ਪੀਆ।
ਲਾਹੇ ਹਾਰ ਸ਼ਿੰਗਾਰ ਸਭ ਦਾਸੀਆਂ ਨੇ, ਖੱਦਰ ਚੌਸੀਆਂ ਦਾ ਹੋਇਆ ਸਾਜ ਪੀਆ।
ਖੁੱਲੇ ਕੇਸ ਤੇ ਹਾਲ ਬੇਹਾਲ ਹੋਈਆਂ, ਸਾਡਾ ਲੈ ਗਿਆ ਨਾਲ ਸੁਹਾਗ ਪੀਆ।

Namdhari Elibrary NamdhariElibrary@gmail.com

ਸਜ਼ਾ ਕਿੰਨੀ ਕੁ ਬਾਕੀ ਹੈ ?

ਤਾਰਾ ਸਿੰਘ ਕਾਮਲ

ਜਿਨ੍ਹਾਂ ਦੇ ਕੱਦ ਛੋਟੇ ਸੀ
ਉਨ੍ਹਾਂ ਨੇ ਚਾਰ ਇੱਟਾਂ ਰਖੀਆਂ ਪੈਰਾਂ ਤਲੇ
ਤੇ ਹੋ ਗਏ ਬਾਲਗ।

ਤੇਰੇ ਦਰ ਤੇ ਕੁਵੇਲੇ ਪਹੁੰਚਿਆ ਸਾਂ
ਉਦੋਂ ਤੂੰ ਕੁੱਲ ਖੁਸ਼ੀਆਂ, ਅੰਮ੍ਰਿਤਾਵਾਂ ਵੰਡ ਚੁੱਕਿਆ ਸੀ।
ਚਲੋ! ਪੱਛੜ ਕੇ ਆਇਆ ਸਹੀ,
ਮੈਂ ਤੇਰੇ ਦੁਆਰ ਆਇਆ ਸਾਂ।

ਤੂੰ ਮੇਰੀ ਪੱਛੜੀ ਕਿਸਮਤ, ਨਾਬਾਲਗ ਬੁੱਧ ਨੂੰ ਤਾਂ ਵੀ-
ਕੋਈ ਵਰਦਾਨ ਦਿੱਤਾ ਸੀ।
ਮੇਰੀ ਨਾਬਾਲਗੀ ਉਤੇ ਹੀ ਤੈਨੂੰ ਤਰਸ ਆਇਆ ਸੀ।

ਤੂੰ ਹੀ ਤਾਂ ਆਖਿਆ ਸੀ-
ਬੁੱਧ, ਬੁੱਤ, ਬਾਲਗ ਬਣਾ ਕੇ ਰੱਖ,
ਮੈਂ ਮੁੜ ਕੇ ਫੇਰ ਆਵਾਂਗਾ।
ਅਜੇ ਉਡਦੇ ਲਹੂ ਦੇ ਛਿੱਟਿਆਂ ਗੁਲਜ਼ਾਰ ਹੋਣਾ ਹੈ।
ਅਜੇ ਭੱਖਦੀ ਨਾਬਾਗ ਰੁੱਤ ਨੇ ਹੁਸ਼ਿਆਰ ਹੋਣਾ ਹੈ।
ਅਜੇ ਪੱਛੜੀ ਹੋਈ ਕਿਸਮਤ ਨੇ ਸੂਰਜ ਦੀ ਤਪਸ਼ 'ਚੋਂ ਪਾਰ ਹੋਣਾ ਹੈ।
ਮੈਂ ਮੁੜ ਕੇ ਫੇਰ ਆਵਾਂਗਾ।
ਮੈਂ ਇਹ ਤਾਂ ਜਾਣਦਾ ਹਾਂ-
ਮੈਂ ਤੇਰੇ ਦਰ ਤੇ ਅਜੇ ਪਰਵਾਨ ਹੋਣਾ ਹੈ।

ਤੇਰੀ ਗੜ-ਬੈਲ ਜਿੱਧਰ ਤੁਰ ਗਈ ਹੈ-
ਉਸੇ ਪਾਸੇ ਮੇਰੀ ਨਾਬਾਲਗੀ ਹੈ
ਮੈਂ ਉਸ ਪਾਸੇ ਵੀ ਤੇਰੇ ਹਾਣ ਹੋਣਾ ਹੈ।

ਮੈਂ, ਅੰਮ੍ਰਿਤਸਰ ਸਰੋਵਰ ਦੇ ਜਦੋਂ ਸ਼ੀਸ਼ੇ ਨੂੰ ਤੱਕਦਾ ਹਾਂ
ਤਾਂ ਇਸ ਵਿਚ ਵੀ ਮੇਰਾ ਚਿਹਰਾ ਨਹੀਂ ਹੁੰਦਾ।
ਤੇ ਰਕੱੜ ਦੇ ਭਰੇ ਮਜਮੇ 'ਚ ਵੀ-
ਨਾਬਾਲਗੀ ਸਹਿਮੀ ਹੋਈ ਹੈ-ਚੁੱਪ ਬੈਠੀ ਹੈ।

ਤੁਸੀਂ ਜਾਂਦੇ ਹੋਏ ਕੁਝ ਕਹਿ ਗਏ ਸੀ-
ਅਜੇ ਪੱਛੜੀ ਹੋਈ ਕਿਸਮਤ ਨੇ-
ਸੂਰਜ ਦੀ ਤਪਸ਼ 'ਚੋਂ ਪਾਰ ਹੋਣਾ ਹੈ।
ਅਜੇ ਉਡਦੇ ਲਹੂ ਦੇ ਛਿੱਟਿਆਂ ਗੁਲਜ਼ਾਰ ਹੋਣਾ ਹੈ।
ਅਜੇ ਭੱਖਦੀ ਨਾਬਾਲਗ ਰੁੱਤ ਨੇ ਹੁਸ਼ਿਆਰ ਹੋਣਾ ਹੈ
ਮੈਂ ਮੁੜ ਕੇ ਫੇਰ ਆਵਾਂਗਾ।
ਮੈਂ ਮੁੜ ਕੇ ਫੇਰ ਆਵਾਂਗਾ।

Namdhari Elibrary NamdhariElibrary@gmail.com

ਊੱਨ ਦੀ ਮਾਲਾ

ਸੰਤੋਖ ਸਿੰਘ ਧੀਰ

ਚੰਨ ਦੀ ਚਿੱਟੀ ਚਾਨਣੀ ਵਿਚ
ਭੈਣੀ ਦੀਆਂ ਟਿੱਬੀਆਂ
ਚਿੱਟੀ, ਊੱਨ ਦੀ ਮਾਲਾ ਬਣੀਆਂ
ਸਤਿਲੁਜ ਦੀਆਂ ਲਹਿਰਾਂ ਨਾਲ
ਚਿੱਟੀ, ਗੁੰਦੀ ਹੋਈ, ਊੱਨ ਦੀ ਮਾਲਾ।

ਚਿੱਟੀ, ਊੱਨ ਦੀ ਮਾਲਾ ਦੇ
ਗੋਲ ਗੋਲ ਮਣਕੇ
ਅੱਗ ਦੀਆਂ ਡਲੀਆਂ ਬਣੇ:
ਫ਼ਰੰਗੀ ਨੂੰ ਕਢੋ
ਭੈਣੀ ਦੀ, ਪੰਜਾਬ ਦੀ, ਭਾਰਤ ਦੀ
ਜ਼ੰਜੀਰ ਕੱਟੋ।
ਗਊ ਨੂੰ ਮਾਰਨ ਵਾਲੇ
.ਗਰੀਬ ਦਾ ਖ਼ੂਨ ਪੀਣ ਵਾਲੇ
ਬੁੱਚੜ ਦੀ ਤਲਵਾਰ ਰੋਕੋ।

ਫ਼ਰੰਗੀ ਦੀਆਂ ਤੋਪਾਂ
ਊੱਨ ਦੀ ਚਿੱਟੀ ਮਾਲਾ ਦੇ
ਨਿੱਕੇ ਨਿੱਕੇ
ਗੋਲ ਗੋਲ
ਮਣਕਿਆਂ ਤੋਂ ਡਰੀਆਂ
ਉਹ ਹੌਲੀਆਂ
ਉਹ ਗਰਜੀਆਂ
ਉਹ ਧੂੰਆਂ ਧਾਰ ਹੋਈਆਂ
ਤੇ ਅੱਗ ਬਰਸਾਉਣ ਲੱਗੀਆਂ।

ਨਿੱਕੇ ਨਿੱਕੇ
ਗੋਲ ਗੋਲ
ਊੱਨ ਦੀ ਮਾਲਾ ਦੇ ਮਣਕੇ
ਫ਼ਰੰਗੀ ਦੀਆਂ ਤੋਪਾਂ ਨਾਲ
ਹਸਦੇ ਤੇ ਖੇਡਦੇ।

Namdhari Elibrary NamdhariElibrary@gmail.com

ਹਰਿ ਜੂ ਹਰਿਮੰਦਰ ਆਵਹਿੰਗੇ

ਡਾ. ਹਰਿਭਜਨ ਸਿੰਘ

ਪ੍ਰਭ ਜੀ ਤੁਰ ਗਿਆਂ ਨੂੰ ਲੰਮਾ ਕਾਲ ਵਿਹਾਇਆ
ਮੁੜ ਆਵਣ ਦਾ ਕਿਉਂ ਵੇਲਾ ਅਜੇ ਨ ਆਇਆ
ਹੈ ਚਾਤਕ ਸ੍ਵਾਂਤੀ ਲਈ ਤਿਰਹਾਇਆ
ਪ੍ਰਭ ਜੀ ਕਦ ਆ ਕੇ ਸਾਡੀ ਦਰਸ਼ਨ-ਪਿਆਸ ਬੁਝਾਵਹਿੰਗੇ

ਪ੍ਰਭ ਜੀ ਕਰੜਾ ਹੈ ਬਿਰਹੋਂ-ਚੋਟ ਨੂੰ ਜਰਨਾ
ਬਿਰਹੋਂ ਤੋਂ ਕਿਤੇ ਸੁਖਾਲਾ ਪ੍ਰਭ ਜੀ ਮਰਨਾ
ਤੇਰੇ ਬਿਨ ਜੀ ਕੇ ਮਸਤਾਨੇ ਕੀ ਕਰਨਾ
ਇਸ ਮਸਤਾਨੇ ਨੂੰਕਦੋਂ ਪਿਤਾ ਆਪਣੇ ਗਲ ਲਾਵਹਿੰਗੇ

ਤੇਰੇ ਬਿਨ ਸਤਿਗੁਰ ਜਾਪ ਤਿਰਾ ਨਿਤ ਜਪੀਏ
ਇਹ ਵਿਛੜਣ ਹੈ ਸੰਤਾਪ ਹ੍ਰਿਦੇ ਵਿਚ ਤਪੀਏ
ਸ੍ਰਾਪ ਵਿਛੋੜਾ ਲਗਏ ਅਤੇ ਕਲਪੀਏ
ਇਸ ਪਾਪ-ਸ੍ਰਾਪ ਤੋਂ ਆਖਰ ਸਾਨੂੰ ਕਦੋਂ ਛਡਾਵਹਿੰਗੇ

ਜਿਸ ਦੇਸ ਬਦਰ ਕੀਤਾ ਉਹ ਮਰੇ ਬਿਦੇਸੀ
ਤੇਰੇ ਬਿਨ ਸਤਿਗੁਰ ਦੇਸ ਅਸੀਂ ਪਰਦੇਸੀ
ਦੁਖੀਆ ਦੀ ਹਾਲਤ ਕਰੋ ਨ ਇਉਂ ਅਨਦੇਖੀ
ਕਦ ਜਗਤ ਜਲੰਦਾ ਮਹਾ ਅਗਨ ਵਿਚ ਸ਼ਾਂਤ ਕਰਵਾਹਿੰਗੇ

ਦੁਖੀਆ ਤੇਰੇ ਬਿਨ ਦੇਸ ਤੇਰਾ ਪੰਜਾਬੀ
ਦਿਨ ਦੀਵ੍ਹੀਂ ਡਾਕੇ ਲੁਟਮਾਰ ਬਰਬਾਦੀ
ਸਤਿਗੁਰ ਆਵੋ ਤੇ ਸੰਕਟ ਹਰੋ ਸ਼ਤਾਬੀ
ਮੁੜ ਕੌਣ ਤਿਰੇ ਬਿਨ ਕਲਿਜੁਗ ਵਿਚ ਸਤਿਜੁਗ ਵਰਤਾਵਹਿੰਗੇ

ਤੇਰੇ ਬਿਨ ਭਾਵੇਂ ਭੈਣੀ ਵਿਚ ਕੋਈ ਭੈ ਨਈਂ
ਦਿਲ ਦੁਖਦਾ ਤਾਂ ਵੀ ਇਸ ਨਗਰੀ ਤ੍ਰੈ ਹੈ ਨਈਂ
ਜੈਕਾਰੇ ਹਨ ਪਰ ਸਚੀਂ ਮੁਚੀਂ ਦੀ ਜੈ ਨਈਂ
ਮੁੜ ਇਸ ਨਗਰੀ ਜੈ-ਜੋਤ ਪਵਿੱਤਰ ਕੌਣ ਜਲਾਵਹਿੰਗੇ

ਜਦ ਰਾਤ ਹਨੇਰੀ ਬੂਹੇ ਦਸਤਕ ਹੋਏ
ਇਉਂ ਜਾਪੇ ਸਤਿਗੁਰੂ ਆਏ ਬਾਹਰ ਖਲੋਏ
ਜੀ ਚਾਹੇ ਵੇਖਾਂ ਸਤਿਗੁਰ ਜਾ ਕੇ ਲੋਏ
ਕਦ ਮੇਰੇ ਸੁਪਨੇ ਸੱਚੇ ਤੇ ਪਰਤਖ ਹੋ ਜਾਵਹਿੰਗੇ

ਹੈ ਆਸ ਸਤਿਗੁਰੂ ਓੜਕ ਨੂੰ ਆ ਜਾਣਾ
ਵਿਸ਼ਵਾਸ ਕਿ ਸਾਨੂੰ ਹਰਗਿਜ਼ ਨਹੀਂ ਭੁਲਾਉਣਾ
ਇਹ ਦਰਦ ਵਿਛੋੜਾ ਦੋ ਦਿਨ ਹੋਰ ਪਰਾਹੁਣਾ
ਫਿਰ ਜੋਗ ਔਰ ਸੰਜੋਗ ਮਿਲਹਿੰਗੇ ਰਾਸ ਰਚਾਵਹਿੰਗੇ

Namdhari Elibrary NamdhariElibrary@gmail.com

ਸਚੀ ਸਰਕਾਰ ਆਈ

ਅਮਰੀਕ ਸਿੰਘ (ਮਾਸਟਰ)

ਦੂਰ ਕਰਨ ਲਈ ਪਤ ਝੜ ਜਹਾਨ ਉਤੋਂ, ਭੈਣੀ ਸਾਹਿਬ ਅਨੋਖੀ ਬਹਾਰ ਆਈ।
ਕਾਲੀ ਬੋਲੀ ਗੁਲਾਮੀ ਦੀ ਰਾਤ ਵਿਚੋਂ, ਕੁਦਰਤ ਚਾਨਣ ਦਾ ਧਾਰ ਅਵਤਾਰ ਆਈ।
ਭਾਰਤ ਵਰਸ਼ ਦੀ ਹਥੋਂ ਵਿਦੇਸ਼ੀਆਂ ਦੇ, ਵਿਗੜੇ ਹਾਲਤ ਦਾ ਕਰਨ ਸੁਧਾਰ ਆਈ।
ਮੁਢ ਪੁਟਣ ਲਈ ਝੂਠਿਆਂ ਰਾਜਿਆਂ ਦਾ, ਰਾਜਾ ਪਰਜਾ ਨੂੰ ਕਰਨ ਇਕਸਾਰ ਆਈ।
ਭਾਰਤ ਵਾਸਤੇ ਤਪਦਿਆਂ ਹਿਰਦਿਆਂ ਨੂੰ, ਸਾਵਨ ਮਾਹ ਦੀ ਠੰਢੀ ਫੁਹਾਰ ਆਈ।
ਵਹਿਮ ਭਰਮ ਪਾਖੰਡ ਦੇ ਜਾਲ ਵਿਚੋਂ, ਕੱਢਣ ਵਾਸਤੇ ਸੱਚੀ ਸਰਕਾਰ ਆਈ।

ਉਹਨਾਂ ਕਿਹਾ ਬਦੇਸ਼ੀ ਜਰਵਾਣਿਆਂ ਨੂੰ, ਅਪਣੀ ਧਰਤੀ ਤੇ ਧੌਂਸ ਨਹੀਂ ਰਹਿਣ ਦੇਣੀ।
ਭਾਰਤ ਵਰਸ਼ ਦੇ ਸੁੱਚੇ ਗੁਲਾਬ ਉੱਤੇ, ਮੱਖੀ ਗੰਦਗੀ ਦੀ ਮੈਂ ਨਹੀਂ ਬਹਿਣ ਦੇਣੀ।
ਕੈਦ ਕੀਤੇ ਨੇ ਬਿੱਲਿਆਂ ਸ਼ੇਰ ਬੱਬਰ, ਉਲਟੀ ਗੰਗਾ ਇਹ ਮੈਂ ਨਹੀਂ ਵਹਿਣ ਦੇਣੀ।
ਉੱਚੀ, ਉਸਰੀ ਇਮਾਰਤ ਬਹਾਦਰੀ ਦੀ, ਅਖਾਂ ਸਾਹਮਣੇ ਮੈਂ ਨਹੀਂ ਢਹਿਣ ਦੇਣੀ।
ਕੋਨਾ ਕੋਨਾ ਹੀ ਭਾਰਤ ਦਾ ਗੂੰਜ ਉਠਿਆ, ਜਦੋਂ ਪੰਜਾਬ ਵਿੱਚ ਐਸੀ ਲਲਕਾਰ ਆਈ।
ਦੇਸ਼ ਭਗਤੀ ਦੀ ਪਹੁਲ ਪਿਲਾਉਣ ਖਾਤਰ, ਸਾਰੀ ਸ਼ਕਤੀ ਲੈ ਸੱਚੀ ਸਰਕਾਰ ਆਈ।

ਫੇਰ ਕਿਹਾ ਅਪਨਾਓ ਸਵੱਛਤਾ ਨੂੰ, ਅੰਦਰ ਬੰਦੇ ਦੇ ਤਾਂਹੀ ਸਫ਼ਾਈ ਹੁੰਦੀ।
ਸਾਫ਼ ਅੰਦਰ ਹੀ ਮੰਦਰ ਭਗਵਾਨ ਦਾ ਏ, ਅੰਦਰ ਵੱਸੇ ਤਾਂ ਸਫਲ ਕਮਾਈ ਹੁੰਦੀ।
ਜੀਵਨ ਜਾਚ ਸਿਖਾਈ ਮਨੁੱਖਤਾ ਨੂੰ, ਜਿਸਦੇ ਬਿਨਾਂ ਨਾ ਕਦੇ ਭਲਾਈ ਹੁੰਦੀ।
ਸਾਦਾ ਖਾਣ ਤੇ ਪੀਣ ਹੰਢਾਣ ਸਾਦਾ, ਸਾਦਾ ਲੋਕਾਂ ਵਿਚ ਬਹੁਤ ਸਮਾਈ ਹੁੰਦੀ।
ਜਿਸਨੇ ਸਾਰਾ ਸਮਾਜ ਸੁਧਾਰ ਦਿੱਤਾ, ਭੈਣੀ ਸਾਹਿਬੋਂ ਇਕ ਉੱਚੀ ਗੁੰਜਾਰ ਆਈ।
ਬਦਲਣ ਵਾਸਤੇ ਸੋਚਣੀ ਸਾਰਿਆਂ ਦੀ, ਸਾਰੀ ਸ਼ਕਤੀ ਲੈ ਸੱਚੀ ਸਰਕਾਰ ਆਈ।

ਐਸੇ ਸੁਧਰੇ ਸਮਾਜ ਚੋਂ ਕਈ ਲੋਕਾਂ, ਬਦਲ ਸੁਟਿਆ ਕੌਮ ਦੀ ਸੋਚ ਤਾਈਂ।
ਜਾਨ ਤਲੀ ਤੇ ਰਖ ਕੇ ਘਰੋਂ ਤੁਰ ਪੈ, ਨਾਲ ਲੈ ਲਿਆ ਸਾਰੇ ਹੀ ਪੋਚ ਤਾਈਂ,
ਤੋਪਾਂ ਸਮਝ ਮਾਸ਼ੂਕ ਜਾ ਪਾਈ ਜੱਫੀ, ਮਾਨ ਬਖਸ਼ਿਆ ਫਾਸੀ ਦੀ ਲੋਚ ਤਾਈਂ।
ਆਪਣੇ ਖ਼ੂਨ ਦੇ ਤੇਲ ਦੀ ਕਰੀ ਮਾਲਿਸ਼, ਕੱਢ ਸੁਟਿਆ ਵਤਨ ਦੀ ਮੋਚ ਤਾਈਂ।
ਢੇਰੀ ਢੀਮਾਂ ਦੀ ਲਾ ਕੇ ਪੁਛਦੇ ਨੇ, ਪੂਰੀ ਅਜੇ ਉਚਾਈ ਨਾਂ ਯਾਰ ਆਈ।
ਐਸੇ ਸੂਰਮੇ ਜਿੰਨ੍ਹਾਂ ਨੇ ਕਰੇ ਪੈਦਾ, ਸਾਰੀ ਸ਼ਕਤੀ ਲੈ ਸੱਚੀ ਸਰਕਾਰ ਆਈ।

ਸਿਰ ਲੱਥ ਫ਼ੌਜ ਇਕ ਐਸੀ ਤਿਆਰ ਕੀਤੀ, ਜਿਸ ਨੇ ਫੇਰ ਦੁਹਰਾਇਆ ਇਤਿਹਾਸ ਤਾਈਂ।
ਫੰਦਾ ਫਾਸੀ ਦਾ ਹੱਸ-ਹੱਸ ਗਲੇ ਪਾਇਆ, ਕੱਟਣ ਵਾਸਤੇ ਵਤਨ ਦੀ ਫਾਸ ਤਾਈਂ।
ਤੋਪਾਂ ਅੱਗੇ ਖਲੋ ਗਏ ਤਾਨ ਛਾਤੀ, ਪੋਟਾ ਪੋਟਾ ਤੁੜਵਾਨ ਲਈ ਮਾਸ ਤਾਈਂ।
ਕਾਲੇ ਪਾਣੀਆਂ ਨੂੰ ਤੁਰ ਪਏ ਰਾਮ ਬਣ ਕੇ, ਰਾਜ ਭਾਗ ਤਜ ਲੀਤਾ ਬਨਬਾਸ ਤਾਈਂ।
ਪਕੜ ਦਾੜ੍ਹੀਓਂ ਜ਼ਾਲਮ ਹਲੂਣ ਸੁਟਿਆ, ਛਡਿਆ ਤਾਂ ਜੋ ਨੰਗੀ ਤਲਵਾਰ ਆਈ।
ਕ੍ਰਾਂਤੀ ਕਰਨ ਜਾਂ ਜੁਗ ਪਲਟਾਨ ਖਾਤਰ, ਸਾਰੀ ਸ਼ਕਤੀ ਲੈ ਸੱਚੀ ਸਰਕਾਰ ਆਈ।

ਕੌਣ ਕਹਿੰਦਾ ਏ ਏਸ ਜਹਾਨ ਉੱਤੇ, ਕਦਰ ਕਰਦਾ ਨਹੀਂ ਕੋਈ ਕੁਰਬਾਨੀਆਂ ਦੀ।
ਸਦੀਆਂ ਤੀਕ ਹੈ ਯਾਦ ਅਭੁਲ ਰਹਿੰਦੀ, ਦੇਸ਼ ਅਰਪਣ ਹੋ ਗਈਆਂ ਜਵਾਨੀਆਂ ਦੀ।
ਭਾਰਤ ਵਰਸ਼ ਤੇ ਚਮਕ ਜੋ ਦਿੱਸਦੀ ਏ, ਹੈਗੀ ਉਹਨਾਂ ਦੀਆਂ ਮਿਹਰਬਾਨੀਆਂ ਦੀ।
ਜਾਨ ਦੇ ਕੇ ਸ਼ਾਨ ਨੂੰ ਕਾਇਮ ਰਖਣਾ, ਰਸਮ ਚਲੀ ਆਉਂਦੀ ਹਿੰਦੁਸਤਾਨੀਆਂ ਦੀ।
ਉਹ ਨਾਸ਼ੁਕਰੇ ਨੇ ਜਿੰਨ੍ਹਾਂ ਨੂੰ ਅਜ ਤਾਈਂ, ਅਪਣੇ ਵਡਿਆਂ ਦੀ ਉੱਕਾ ਨਾਂ ਸਾਰ ਆਈ।
ਤਾਹੀਏ ਸਣੇ ਅਮਰੀਕ ਸਭ ਸਹਿ ਰਹੇ ਨੇ, ਸਾਰੀ ਸ਼ਕਤੀ ਲੈ ਸੱਚੀ ਸਰਕਾਰ ਆਈ।

Namdhari Elibrary NamdhariElibrary@gmail.com

ਸੁਹਾਵਣੀ ਬਸੰਤ ਰੁੱਤ

ਜੁਗਿੰਦਰ ਸਿੰਘ ਮੁਕਤਾ

ਰੁੱਤਾਂ 'ਚੋਂ ਸੁਹਾਵਣੀ ਬਸੰਤ ਰੁੱਤ ਆ ਗਈ, ਆਇਆ ਹਰ ਡਾਲੀ ਤੇ ਸਰੂਰ।
ਕਣ ਕਣ ਕਾਦਰ ਦੀ ਮਿਹਰ ਨੇ ਸੰਗਾਰਿਆ ਏ, ਜ਼ਰੇ-ਜ਼ਰੇ ਵਿਚ ਉਹਦਾ ਨੂਰ।

ਕਸ਼ਸ਼ ਪਿਆਰ ਦੀ ਬਹਾਰ ਵਿਚ ਭਰੀ ਐਸੀ, ਮਨ ਮੋਹਣੀ ਮਿਠੀ ਖੁਸ਼ਬੂ।
ਉਸ ਦੇ ਜਲਾਲ ਜਹੀ ਮਿਸਾਲ ਕੋਈ ਦਿਸਦੀ ਨਹੀਂ, ਜਿੱਤਿਆ ਏ ਜਿਨ੍ਹੇ ਹਰ ਰੂਹ।
ਸਜਰੀ ਵਿਆਹੀ ਜਿਵੇ ਕਿਸੇ ਭਾਗਵਾਨ ਨੇ ਹੈ ਮਾਂਗ ਵਿਚ ਭਰਿਆ ਸੰਧੂਰ।
ਰੁੱਤਾਂ 'ਚੋਂ ਸੁਹਾਵਣੀ.......

ਬਦਲੀ ਬਹਾਰ ਨੇ ਨੁਹਾਰ ਸੁੱਕੇ ਵੀਂਗਰਾਂ ਦੀ ਹਰ ਪਾਸੇ ਖਿੜੀ ਗੁਲਜ਼ਾਰ।
ਅਧ ਖੁਲੇ ਬੁਲਾਂ ਵਾਂਗ ਕਲੀਆਂ ਮੂੰਹ ਖੋਹਲ ਦਿੱਤੇ, ਰਗ-ਰਗ ਨਵੀਂ ਏ ਨਿਖਾਰ।
ਨਿੰਮ੍ਹੀ ਨਿੰਮ੍ਹੀ ਵਗਦੀ ਸਮੀਰ ਹੈ ਸੁਨੇਹੇ ਦੇਂਦੀ, ਅੰਬੀਆਂ ਨੂੰ ਲੱਗ ਗਿਆ ਬੂਰ।
ਰੁੱਤਾਂ 'ਚੋਂ ਸੁਹਾਵਣੀ ....

ਦੂਣੀ ਚੌਣੀ ਸ਼ਬ ਕੀਤੀ ਸ਼ਬਨਮ ਮੋਤੀਆਂ ਨੇ, ਚੌਧਵੀ ਦਾ ਚੰਨ ਜਿਉਂ ਚਕੋਰ।
ਘੂੰ ਘੂੰ ਲਾਈ ਭੌਰਿਆ ਸੁਗੰਧੀ ਦੇ ਪੁਜਾਰੀਆਂ ਨੇ, ਬਾਗਾਂ ਵਿਚ ਪੈਲਾਂ ਪਾਉਂਦੇ ਮੋਰ।
ਖੇਤਾਂ ਵਿਚ ਫਿਰੇ ਪਿਆ ਕਿਧਰੇ ਕਿਸਾਨ ਗਾਉਂਦਾ, ਹਰ ਪਾਸੇ ਜਾਪੇ ਭਰਪੂਰ।
ਰੁੱਤਾਂ 'ਚੋਂ ਸੁਹਾਵਣੀ........

ਕੋਇਲ ਦੀ ਕੂਕ ਵਿਚ ਬ੍ਰਿਹੋ ਦੀ ਹੂਕ ਰਲੀ ਪੀਆ ਕਦੋਂ ਹੋਣਗੇ ਦੀਦਾਰ।
ਕਿਤਨੀ ਕੁ ਲੰਮੀ ਏ ਤਰੀਖ ਮਾਹੀ ਆਵਣੇ ਦੀ ਕਿਹੜੀ ਗੱਲੋਂ ਬੈਠਾ ਏ ਵਿਸਾਰ।
ਰੁੱਖਾ-ਰੁੱਖਾ ਜੋਬਨ ਜਵਾਨੀ ਦਾ ਸਵਾਦ ਫਿੱਕਾ, ਪ੍ਰਦੇਸੀ ਪੀਆ ਸਾਥੋਂ ਦੂਰ।
ਰੁੱਤਾਂ 'ਚੋਂ ਸੁਹਾਵਣੀ ਬਸੰਤ ਰੁੱਤ ਆ ਗਈ, ਆਇਆ ਹਰ ਡਾਲੀ ਤੇ ਸਰੂਰ।

ਹੋਇਆ ਅਵਤਾਰ ਅੱਜ ਚੀਨੀ ਅਸਵਾਰ ਦਾ

ਜਵਾਲਾ ਸਿੰਘ ਸੇਵਕ

ਉਠ ਅੱਜ ਤੱਕਿਆ ਨਜਾਰਾ ਪਰਭਾਤ ਵੇਲੇ, ਕੇਡਾ ਸੋਹਣਾ ਰੰਗ ਮੈਨੂੰ ਲੱਗੇ ਸੰਸਾਰ ਦਾ।
ਮਿੱਠੇ ਮਿੱਠੇ ਗੀਤ ਮਸਤਾਨੇ ਹੋਣ ਪਰੇਮ ਵਿਚ, ਫਿਰੇ ਅੱਜ ਕੋਈ ਰਾਮ ਰਾਮ ਨੂੰ ਪੁਕਾਰ ਦਾ।

ਦੇਵੀ ਦੇਵਤੇ ਨੇ ਖੁਸ਼ੀ ਵਿੱਚ ਭਰਪੂਰ ਸਾਰੇ, ਚੜ੍ਹਿਆ ਏ ਰੰਗ ਅੱਜ ਮਾਹੀ ਦੇ ਪਿਆਰ ਦਾ।
ਸਰਸੋਂ ਭੀ ਫੁੱਲੀ ਤੇ ਬਸੰਤ ਦਾ ਤਿਉਹਾਰ ਆਇਆ, ਹੋਇਆ ਅਵਤਾਰ ਅੱਜ ਚੀਨੀ ਅਸਵਾਰ ਦਾ।

ਫੁੱਲਾਂ ਨਾਲ ਫੁੱਲ ਗਏ ਸੁੱਕੇ ਗੁਲਜ਼ਾਰ ਸਾਰੇ, ਖਿਜ਼ਾਂ ਗਈ ਆਯਾ ਅੱਜ ਮੌਸਮ ਬਹਾਰ ਦਾ।
ਬੁਲਬਲਾਂ ਵਿਚਾਰੀਆਂ ਦੀ ਖੁਸ਼ੀ ਦਾ ਸ਼ੁਮਾਰ ਨਾਹੀਂ, ਬਾਗ ਅੱਜ ਫੁੱਲ ਰੰਗਾ ਰੰਗ ਦੇ ਖਲਾਰ ਦਾ।

ਚਿੜੀਆਂ ਚਕੋਰ ਮੋਰ ਚਹਿਕਦੇ ਚਮਨ ਵਿਚ, ਹੋਇਆ ਗੁਲਾਬ ਗੇਂਦਾ ਮਹਿਕਾਂ ਪਿਆ ਮਾਰਦਾ।
ਜੱਗ ਮੱਗ ਜੱਗ ਮੱਗ ਹੋਈ ਏ ਜਹਾਨ ਵਿਚ, ਹੋਇਆ ਅਵਤਾਰ ਅੱਜ ਚੀਨੀ ਅਸਵਾਰ ਦਾ।

ਅੰਬ ਤੇ ਅਨਾਰ ਕਚਨਾਰ ਨੇ ਬਹਾਰ ਵਿਚ, ਚੰਬਾ ਤੇ ਚੰਬੇਲੀ ਜਪੇ ਜਾਪ ਕਰਤਾਰ ਦਾ।
ਨਿਮੀ ਨਿਮੀ ਪੌਣ ਪਈ ਕਰੇ ਪੀਆ ਚੌਰ ਤੈਨੂੰ, ਸਾਰਾ ਸੰਸਾਰ ਸਤਿ ਸਤਿ ਹੈ ਪੁਕਾਰ ਦਾ।

ਪੰਛੀ ਪਏ ਗੌਣ ਅਜ ਪੀਆ ਦੇ ਪਿਆਰ ਵਿਚ, ਗੌਦੇ ਨੇ ਗਵੱਯੇ ਰਾਗ ਮਿਠੜਾ ਮਲ੍ਹਾਰ ਦਾ।
ਖੁਸ਼ੀ ਹੋਕੇ ਟਹਿਕੇ ਫੁੱਲ ਫੁਲਵਾੜੀਆਂ ਦੇ, ਹੋਇਆ ਅਵਤਾਰ ਅੱਜ ਚੀਨੀ ਅਸਵਾਰ ਦਾ।

Namdhari Elibrary NamdhariElibrary@gmail.com

ਚੀਨੀ ਅਸਵਾਰ

ਗੁਰਦੀਪ ਸਿੰਘ ਐਮ.ਏ.



ਜਿਧਰ ਵੇਖਾਂ ਹਰ ਤਰਫ ਚੀਨੀ ਅਸਵਾਰ ਦਿੱਸੇ।
ਪੱਤੇ ਪੱਤੇ, ਜ਼ਰੇ ਜ਼ਰੇ ਵਿਚ ਉਸ ਦੀ ਨੁਹਾਰ ਦਿੱਸੇ।

ਚੰਨ ਦੀ ਚਾਨਣੀ ਵਿਚ ਵੀ ਉਸਦਾ ਹੀ ਨੂਰ ਹੈ,
ਚਮਕਦੀ ਤਾਰੇ ਤਾਰੇ ਉਸਦੀ ਲਿਸ਼ਕਾਰ ਦਿੱਸੇ।

ਚੁੰਮਾਂ ਉਨ੍ਹਾਂ ਰਾਹਾਂ ਦੀ ਧੂੜ ਚੰਦਨ ਹੋ ਗਈ,
ਜਿਨ੍ਹਾਂ ਰਾਹਾਂ ਤੋਂ ਲੰਘਿਆ ਚੀਨੀ ਅਸਵਾਰ ਦਿੱਸੇ।

'ਨਾਮਿ ਖ਼ੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ',
ਨੇਤਰਾਂ ਦੇ ਵਿਚੋਂ ਵਸਦੀ ਅੰਮ੍ਰਿਤ ਦੀ ਧਾਰ ਦਿੱਸੇ।

ਹਰ ਪਾਸੇ ਤੂਰ ਦੇ ਨੂਰ ਦਾ ਸਾਖਸ਼ਾਤ ਜਲੌ,
ਜਿੱਥੇ ਵੀ ਆਪ ਖਲੋਤਾ ਚੀਨੀ ਅਸਵਾਰ ਦਿੱਸੇ।

ਦੇਵ-ਮੂਰਤ, ਨਿਰੰਜਨੀ ਜੋਤ ਚੀਨੀ ਅਸਵਾਰ,
ਜਿਸ ਵੀ ਕੀਤਾ ਦਰਸ਼ਨ ਭਵ-ਸਾਗਰੋਂ ਪਾਰ ਦਿੱਸੇ।

ਅਰਪ ਦਿੱਤਾ ਜਿਸ ਤਨ, ਮਨ, ਧਨ ਤੇਰੇ ਚਰਨਾਂ ਵਿਚ,
ਉਸ ਦੀ ਰੂਹ ਤੇ ਵਸਦੀ ਅਨੰਦੀ ਫੁਹਾਰ ਦਿੱਸੇ।

ਜੁੜ ਗਿਆ ਜੋ ਧਿਆਨ ਵਿਚ ਤੇਰਾ ਬਿਆਨ ਕਰ,
ਉਸ 'ਤੇ ਤੇਰੀ ਰਹਿਮਤ ਤੇ ਬਖਸ਼ਿਸ਼ ਅਪਾਰ ਦਿੱਸੇ।

ਕਿੰਨੀ ਕ੍ਰਿਪਾ ਹੋਈ 'ਦੀਪ' ਤੇ ਗੁਰਦੇਵ ਆਪ ਦੀ,
ਅੱਖਾਂ ਬੰਦ ਕੀਤਿਆਂ ਅੰਦਰ, ਖੋਲ੍ਹਿਆਂ ਬਾਹਰ ਦਿੱਸੇ।

ਪੰਚਮੀ ਬਸੰਤ ਦਿਨ

ਜਥੇਦਾਰ ਜੋਗਾ ਸਿੰਘ



ਪੰਚਮੀ ਬਸੰਤ ਦਿਨ ਭਾਗਾਂ ਵਾਲਾ ਆਇਆ ਏ।
ਭੈਣੀ ਸਾਹਿਬ ਵਿਚ ਰੱਬੀ ਨੂਰ ਪ੍ਰਗਟਾਇਆ ਏ।
ਮਾਤਾ ਸਦਾ ਕੌਰ ਅਜ ਲੀਤੀਆਂ ਵਧਾਈਆਂ ਨੇ।
ਪਿਤਾ ਜੱਸਾ ਸਿੰਘ ਰਜ ਖੁਸ਼ੀਆਂ ਮਨਾਈਆਂ ਨੇ।
ਚਾਰੇ ਪਾਸੇ ਖੇੜਾ ਵੇਖੋ, ਰੌਣਕਾਂ ਦਾ ਆਇਆ ਏ।
ਪੰਚਮੀ ਬਸੰਤ ਦਿਨ.........

ਨਾਮ ਦੇ ਖਜਾਨੇ ਵਾਲਾ ਆਇਆ ਮੋਦੀ ਭਾਰੀ ਏ।
ਧਰਤੀ ਤੇ ਅੰਬਰਾਂ ਦੀ ਰੂਹ ਉਸ ਠਾਰੀ ਏ।
ਨਰ ਨਾਰੀ ਤਾਂਈ ਉਸ ਨਾਮ ਜਪਵਾਇਆ ਏ।
ਪੰਚਮੀ ਬਸੰਤ ਦਿਨ.........

ਸੁੱਚ ਸੋਧ ਵਾਲੇ ਸਿਖ ਸਤਿਗੁਰਾਂ ਸਜਾਏ ਨੇ।
ਗਊਆਂ ਤੇ ਗਰੀਬਾਂ ਦੇ ਕਸ਼ਟ ਵੀ ਹਟਾਏ ਨੇ।
ਕਲਿਜੁਗ ਵਿਚ ਉਸ ਸਤਿਜੁਗ ਲਾਇਆ ਏ।
ਪੰਚਮੀ ਬਸੰਤ ਦਿਨ.........

ਸੰਗਲ ਗੁਲਾਮੀ ਵਾਲੇ ਤੋੜਕੇ ਵਿਖਾਏ ਉਸ।
ਵਿਚ ਪ੍ਰਦੇਸਾਂ ਜਾਕੇ ਆਪ ਡੇਰੇ ਲਾਏ ਉਸ।
ਚੀਨੀ ਅਸਵਾਰ ਆਓ ਚਿਰ ਕਿਉਂ ਲਾਇਆ ਏ।
ਪੰਚਮੀ ਬਸੰਤ ਦਿਨ..........

Namdhari Elibrary NamdhariElibrary@gmail.com

ਮਹਿਬੂਬ ਨੂੰ

ਬਖ਼ਸ਼ੀਸ਼ ਪੰਜਾਬੀ

ਕੋਈ ਹੀਲਾ ਵਸੀਲਾ ਨਹੀਂ ਰਾਸ ਆਇਆ,
ਤੈਨੂੰ ਕਿਹੜੇ ਹਿਸਾਬ ਨਾਲ ਲੱਭੀਏ ਦੱਸ।

ਮੁਕ ਚੱਲੇ ਨਾ ਮੁਕੀ ਉਡੀਕ ਤੇਰੀ,
ਤੈਨੂੰ ਕਿਹੜੇ ਅਰਬਾਬ ਨਾਲ ਲੱਭੀਏ ਦੱਸ?

ਤੇਰੇ ਨਕਸ਼ ਗਵਾਚੇ ਨੇ ਸੁਪਨਿਆਂ ਵਿਚ,
ਕਿਹੜੇ ਖ਼ਾਬੋ-ਖ਼ਵਾਬ ਨਾਲ ਲੱਭੀਏ ਦਸ?

ਪੈੜ ਸੰਦਲੀ ਤੇਰੀ ਅਲੋਪ ਹੋ ਗਈ,
ਕਿਹੜੀ ਔਖ-ਅਕਾਬ਼ ਨਾਲ ਲੱਭੀਏ ਦਸ?

ਚੰਨ ਤਾਰਿਆਂ ਦੀ ਚਿਟੀ ਚਾਨਣੀ ਵਿਚ,
ਹੋਰ ਕਿਹੜੇ ਆਫ਼ਤਾਬ ਨਾਲ ਲੱਭੀਏ ਦੱਸ?

ਤੇਰੀ ਯਾਦ ਵੀ ਜੇ ਵਿਛੜੇ ਮੋਲਦੀ ਨਹੀ,
(ਤਾਂ) ਕਿਹੜੇ ਅਦਬ-ਅਦਾਬ ਨਾਲ ਲੱਭੀਏ ਦੱਸ?

ਚਿਠੀ ਲਿਖਾਂ ਤਾਂ ਕਿਹੜੇ ਸਰਨਾਵਿਆਂ ਤੇ,
ਕਿਹੜੀ ਖ਼ਤੋ-ਕਿਤਾਬ ਨਾਲ ਲੱਭੀਏ ਦਸ?

ਤੇਰੇ ਲੱਖਾਂ ਹੀ ਨਾਂ ਨੇ ਇਕ ਤਾਂ ਨਹੀ,
ਦੇ ਕੇ ਕਿਹੜੇ ਖ਼ਿਤਾਬ ਨਾਲ ਲੱਭੀਏ ਦੱਸ?

ਪੰਜਾਂ ਪਾਣੀਆਂ ਵਿਚ ਲਕੀਰ ਪੈ ਗਈ,
ਮਿਲ ਕੇ ਕਿਹੜੇ ਪੰਜਾਬ ਨਾਲ ਲੱਭੀਏ ਦਸ?

ਤੇਰੇ ਕੰਨਾਂ ਦੇ ਵਿਚ ਜੋ ਕੂਕ ਪਹੁੰਚੇ,
ਗਾਕੇ ਕਿਹੜੀ ਰਬਾਬ ਨਾਲ ਲੱਭੀਏ ਦਸ?

ਜੇ ਤੂੰ ਸਾਮ੍ਹਣੇ ਬਹਿਕੇ ਵੀ ਲੁਕ ਬੈਠੈਂ,
ਕਿਹਨੂੰ ਬੀਤੇ ਸ਼ਬਾਬ ਨਾਲ ਲੱਭੀਏ ਦੱਸ?

"ਹਾਜ਼ਰ ਨਾਜ਼ਰ" ਤੂੰ ਕਿਤੇ ਉਹੀ ਤਾਂ ਨਹੀ,
ਜਿਹਨੂੰ ਦਿਲੇ ਬੇ-ਤਾਬ ਨਾਲ ਲੱਭੀਏ ਦੱਸ?

ਹਾਂ, ਮੇਰੇ, ਮਹਿਬੂਬਾ ਤੂੰ ਉਹੀ ਤਾਂ ਹੈਂ,
ਜਿਹਨੂੰ ਔਖੀਂ ਭਰ ਆਬ ਨਾਲ ਲੱਭੀਏ ਸਭ।।

ਤੇਰੀ ਤਸਵੀਰ

ਹਰਭਜਨ ਸਿੰਘ 'ਰਤਨ'

ਵੱਸ ਗਈ ਮਨ ਮੇਰੇ ਤੇਰੀ ਤਸਵੀਰ ਹੈ
ਮਿਲ ਗਈ ਮੈਨੂੰ ਦੋ ਜਹਾਨਾਂ ਦੀ ਜਾਗੀਰ ਹੈ

ਮਾਘ ਦਾ ਮਹੀਨਾ ਤਿਥ ਪੰਚਮੀ ਨੂੰ ਆਏ ਨੇ
ਸੁਤੇ ਹੋਏ ਦੇਸ਼ ਵਾਲੇ, ਭਾਗ ਆ ਜਗਾਏ ਨੇ
ਕੱਟਣ ਗੁਲਾਮੀ ਵਾਲੀ ਆਏ ਸੀ ਜ਼ੰਜੀਰ ਹੈ
ਵੱਸ ਗਈ ਮਨ ਮੇਰੇ...ਤੇਰੀ ਤਸਵੀਰ ਹੈ

ਫੂਹ ਐਸੀ ਫੂਕੀ ਕਿ ਦੀਵਾਨੇ ਲੱਖਾਂ ਹੋ ਗਏ
ਦੇਸ਼ ਵਾਲੀ ਸ਼ਮਾਂ ਦੇ, ਪ੍ਰਵਾਨੇ ਲਖਾਂ ਹੋ ਗਏ
ਤੋਪਾਂ ਸਾਹਵੇਂ ਉਡ ਗਏ, ਕਈ(ਵਰਿਆਮ) ਸੂਰਬੀਰ ਹੈ
ਵੱਸ ਗਈ ਮਨ ਮੇਰੇ...ਤੇਰੀ ਤਸਵੀਰ ਹੈ

ਜਿੰਨ੍ਹੇ ਤੈਨੂੰ ਵੇਖਿਆ ਬਸ ਤੇਰਾ ਹੀ ਉਹ ਹੋ ਗਿਆ
ਤੇਰੀ ਮਾਲਾ ਵਿਚ ਹੀ ਉਹ ਮੋਤੀ ਬਣ ਪਰੋ ਗਿਆ
ਖਾਲੀ ਨਹੀ ਸੀ ਜਾਂਦਾ ਤੇਰੇ ਨੈਣਾਂ ਵਾਲਾ ਤੀਰ ਹੈ
ਵੱਸ ਗਈ ਮਨ ਮੇਰੇ...ਤੇਰੀ ਤਸਵੀਰ ਹੈ

ਆ ਚੀਨੀ ਵਾਲਿਆ ਉਡੀਕਾਂ ਸਾਨੂੰ ਤੇਰੀਆਂ
ਭਾਰਤ ਮਾਂ ਦਾ ਦਿਲ ਅੱਜ, ਖਾਵੇ ਘੁੰਮਣ ਘੇਰੀਆਂ
ਆ ਜਾ ਤੂੰ ਬਦਲ ਦੇ ਫੇਰ, ਇਹਦੀ ਤਕਦੀਰ ਹੈ
ਵੱਸ ਗਈ ਮਨ ਮੇਰੇ...ਤੇਰੀ ਤਸਵੀਰ ਹੈ

ਜਦ ਤਾਂ ਤੂੰ ਗਿਓਂ ਦਾਤਾ, ਆਸਾਂ ਅਸਾਂ ਲਾਈਆਂ ਨੇ
'ਰਤਨ' ਤੇਰੇ ਰਾਹਾਂ ਉਤੇ, ਅਖੀਆਂ ਵਿਛਾਈਆਂ ਨੇ
ਇਕ ਦਿਨ ਦੀਦਾਰ ਸਾਨੂੰ, ਹੋਣਗੇ ਆਖ਼ੀਰ ਹੈ
ਵੱਸ ਗਈ ਮਨ ਮੇਰੇ...ਤੇਰੀ ਤਸਵੀਰ ਹੈ

Namdhari Elibrary NamdhariElibrary@gmail.com



ਗ਼ਮ ਵਿਜੋਗੀ

ਬਲਬੀਰ ਸਿੰਘ ਢਿਲੋਂ

ਗੱਲੇ ਗੱਲੇ ਹੈ ਤੁਸਾਂ ਦੀ ਯਾਦ ਔਂਦੀ, ਗਲਾਂ ਕਿਹੜੀਆਂ ਕਿਹੜੀਆਂ ਯਾਦ ਕਰੀਏ।
ਪਕੀਆਂ ਪੀਡੀਆਂ ਪਾਈਆਂ ਸਨ ਨਾਲ ਤੇਰੇ, ਪ੍ਰੀਤਾਂ ਆਪ ਸਹੇੜੀਆਂ ਯਾਦ ਕਰੀਏ।
ਲੈ ਗਏ ਘੱਤ ਮਲਾਹ ਪ੍ਰਦੇਸ ਤੈਨੂੰ, ਬਹਿਕੇ ਪਤਨੀਂ ਬੇੜੀਆਂ ਯਾਦ ਕਰੀਏ।
ਹੰਝੂਆਂ ਹੌਕਿਆਂ ਨਾਲ ਹੀ ਯਾਦ ਆਵਣ, ਗੱਲਾਂ ਜਿਹੜੀਆਂ ਜਿਹੜੀਆਂ ਯਾਦ ਕਰੀਏ।
ਪਤਾ ਲੱਗੇ ਤਾਂ ਭੁੱਲ ਬਖਸ਼ਾ ਲਈਏ, ਸਾਥੋਂ ਹੋਈ ਖ਼ੁਨਾਮੀ ਕੀ ਦਸ ਆਕੇ।
ਜੀਉਣ ਜੋਗਿਆ ਮੋਇਆਂ ਨੂੰ ਦੇ ਜੀਵਨ, ਬੂੰਦ ਮਿਹਰ ਦੀ ਬਣ ਤੇ ਵੱਸ ਆਕੇ।

ਬੜੀ ਲੰਮੀ ਜੁਦਾਈ ਦੀ ਮਾਰ ਖਾਧੀ, ਸਾਥੋਂ ਹੋਰ ਵਿਛੋੜੇ ਨਾ ਜਰੇ ਜਾਂਦੇ,
ਨਾਲ ਸਾਰਿਆਂ ਕੰਮ ਹੁਣ ਸੌਰਦਾ ਨਹੀਂ, ਸਾਥੋਂ ਬਹੁਤੇ ਧਰਵਾਸ ਨਾ ਧਰੇ ਜਾਂਦੇ।
ਖਾਲੀ ਨੈਨ ਪਿਆਰੇ ਨੇ ਦੀਦ ਬਾਝੋਂ, ਇਹ ਨਾਂ ਨਾਲ ਉਡੀਕਾਂ ਦੇ ਭਰੇ ਜਾਂਦੇ।
ਕੰਮ ਅੜ ਗਿਐ ਇਕੋ ਦੀਦਾਰ ਵਾਲਾ, ਕੰਮ ਹੋਰ ਤਾਂ ਸਾਰੇ ਨੇ ਸਰੇ ਜਾਂਦੇ।
ਹੋਈਆਂ ਬੀਤੀਆਂ ਜਿਹੜੀਆਂ ਨਾਲ ਸਾਡੇ, ਸਾਥੋਂ ਹੋਰ ਨਾ ਪੁੱਛ ਪੁਛਾ ਦਾਤਾ।
ਸਾਡਾ ਬੋਲਿਆ ਚਾਲਿਆ ਮਾਫ ਕਰਕੇ, ਜੇ ਕਰ ਤ੍ਰੁੱਠੇਂ ਤਾਂ ਦਰਸ ਦਿਖਾ ਦਾਤਾ।

ਲੁੱਕ ਛਿੱਪ ਕੇ ਦਰਦ ਹੰਢਾਏ ਬਹੁਤੇ, ਐਪਰ ਗੱਲ ਹੈ ਫੇਰ ਵੀ ਜ਼ਾਹਰ ਹੋਈ।
ਸਾਡੇ ਵੱਸ ਦੀ ਗੱਲ ਨਾ ਰਹੀ ਕੋਈ, ਬਦੋਬਦੀ ਹੈ ਵੱਸ ਤੋਂ ਬਾਹਰ ਹੋਈ।
ਹੁੰਦੀ ਸਾਰਿਆਂ ਨਾਲ ਤਾਂ ਫੇਰ ਕੀ ਸੀ, ਸਾਡੇ ਨਾਲ ਪਰ ਵਖਰੀ ਕਾਰ ਹੋਈ।
ਚੱਲੇ ਜ਼ੋਰ ਨਾ ਸਾਡਾ ਨਿਮਾਣਿਆਂ ਦਾ, ਤੁਸੀਂ ਜਿੱਤ ਗਏ ਤੇ ਸਾਡੀ ਹਾਰ ਹੋਈ।
ਇਕੋ ਤੇਰੇ ਇਕਰਾਰ ਨੂੰ ਯਾਦ ਕਰਕੇ, ਮਰਦਿਆਂ ਜੀਊਂਦਿਆਂ ਵਕਤ ਗੁਜ਼ਾਰਿਆ ਏ।
ਚੀਨੀ ਵਾਲਿਆ ਤੇਰੀਆਂ ਦੂਰੀਆਂ ਦਾ, ਸਾਥੋਂ ਦੁੱਖ ਨਾ ਜਾਂਦਾ ਸਹਾਰਿਆ ਏ।

ਓਦੋਂ ਮਨ ਦੁਚਿੱਤੀ ਵਿਚ ਪੈ ਜਾਂਦਾ, ਔਂਦੇ ਜਦੋਂ ਬਸੰਤ ਬਹਾਰ ਦੇ ਦਿਨ।
ਜਿੰਦ ਆਖਰੀ ਸਾਹਾਂ ਤੇ ਪੁੱਗ ਗਈ ਏ, ਪੁੱਗੇ ਅਜੇ ਨਾ ਐਪਰ ਇਕਰਾਰ ਦੇ ਦਿਨ।
ਘੜੀਆਂ ਲੰਮੀਆਂ ਵਰਿਆਂ ਸਾਮਾਨ ਹੋਈਆਂ, ਜੁੱਗਾਂ ਜੇਡ ਨੇ ਹੋਇ ਇੰਤਜ਼ਾਰ ਦੇ ਦਿਨ।
ਘਟਦਾ ਕੁਝ ਨਹੀਂ ਜੇ ਕਰ ਦੇ ਦੇਵੇਂ, ਦੋ ਚਾਰ ਹੁਦਾਰੇ ਦੀਦਾਰ ਦੇ ਦਿਨ।
ਸਿੱਕ ਇਕ ਹੈ ਹੋਰ ਨਾਂ ਮੰਗ ਕੋਈ, ਇਕ ਵਾਰ ਦੀਦਾਰ ਜੇ ਹੋ ਜਾਵੇ।
ਏਦੂੰ ਬਾਦ ਫਿਰ ਵੇਖਣੈ ਹੋਰ ਕਿਹਨੂੰ, ਬੇਸ਼ਕ ਅਖੀਆਂ ਦੀ ਮੁੱਕ ਲੋ ਜਾਵੇ।

ਰੌਲੇ ਰੌਣਕਾਂ ਹੁਣ ਤੇ ਭਾਂਦੀਆਂ ਨਹੀਂ, ਨਾਂ ਹੀ ਸੋਭਦੇ ਹਾਰ ਸ਼ਿੰਗਾਰ ਸਾਨੂੰ।
ਮੇਲੇ ਮਹਿਫਲਾਂ ਫਿਕੀਆਂ ਲਗਦੀਆਂ ਨੇ, ਸੁੰਞੇ ਜਾਪਦੇ ਗਲੀ ਬਜ਼ਾਰ ਸਾਨੂੰ।
ਤੇਰੇ ਬਾਝ ਪਿਆਰਿਆ ਹਾਲ ਇਹ ਹੈ, ਫੁੱਲ ਚੁੱਭਦੇ ਬਣ ਕੇ ਖਾਰ ਸਾਨੂੰ।
ਅਸੀਂ ਤੇਰੇ ਵਿਛੋੜੇ ਵਿਚ ਮਗਨ ਫਿਰਦੇ, ਲੋਕੀਂ ਸਮਝਦੇ ਪਏ ਬਿਮਾਰ ਸਾਨੂੰ।
ਹਿਰਦੇ ਵਿਚ ਬਿਠਾਲਕੇ ਮਾਹੀ ਤੈਨੂੰ, ਅਗੇ ਯਾਦ ਦੀ ਜੋਤ ਜਗਾ ਰੱਖੀ।
ਹੰਝੂ ਅਖੀਆਂ ਵਿਚ ਨਾ ਜੰਮ ਜਾਵਣ, ਅੱਗ ਹਿਜ਼ਰ ਦੀ ਜਿੰਦ ਨੂੰ ਲਾਂ ਰੱਖੀ।

ਜੇ ਕਰ ਪੱਥਰਾਂ ਵਿਚੋਂ ਤੂੰ ਲੱਭ ਜਾਵੇਂ, ਧੰਨੇ ਵਾਂਗਰਾਂ ਪੱਥਰ ਧਿਆ ਲਈਏ।
ਸ਼ਮਸ ਵਾਂਗਰਾਂ ਹੱਕ ਜੇ ਮਿਲ ਜਾਵੇ, ਵੱਟੇ ਬੈਠ ਕੁਰਾਹਾਂ ਵਿਚ ਖਾ ਲਈਏ।
ਖੁਸ਼ੀ ਭਰਿਆ ਜੇ ਦੇਵੇ ਪੈਗਾਮ ਆਕੇ, ਸੀਨੇ ਨਾਲ ਬਸੰਤ ਨੂੰ ਲਾ ਲਈਏ।
ਨਜ਼ਰੀਂ ਮਾਹੀ ਦੀ ਜੇਕਰ ਨੋਹਾਰ ਪੈ ਜਾਏ, ਜੱਫੀ ਤਤੱਿਆਂ ਥੰਮਾਂ ਨੂੰ ਪਾ ਲਈਏ।
ਕਿਸੇ ਚੀਜ਼ ਦੀ ਦਾਤਿਆ ਥੋੜ ਕੋਈ ਨਹੀਂ, ਹਰ ਇਕ ਚੀਜ਼ ਹੈ ਕੋਲ ਅਨਮੋਲ ਸਾਡੇ।
ਰਹਿੰਦੀ ਤੇਰੇ ਦੀਦਾਰ ਦੀ ਥੋੜ ਭਾਵੇਂ, ਤੇਰਾ ਰੂਪ ਜਗਜੀਤ ਹੈ ਕੋਲ ਸਾਡੇ।

Namdhari Elibrary NamdhariElibrary@gmail.com

ਤੈਨੂੰ ਕਿਹੜੇ ਹਿਸਾਬ ਨਾਲ ਲੱਭੀਏ ਦੱਸ



ਕਿਰਪਾਲ ਸਿੰਘ ਹੀਰਾ

ਜਦੋਂ ਉਸ ਬਸੰਤ ਦੀ ਯਾਦ ਆਵੇ, ਘਰੀਂ ਦੀਵੇ ਜਗਾਉਣ ਨੂੰ ਜੀ ਕਰਦੈ।
ਅੱਜ ਜਦੋਂ ਬਸੰਤ ਦਾ ਜ਼ਿਕਰ ਹੋਏ, ਨਗਮੇ ਬਿਰਹਾ ਦੇ ਗਾਉਣ ਨੂੰ ਜੀ ਕਰਦੈ।
ਮਨ ਜਦੋਂ ਵਿਕਾਰਾਂ ਵਿਚ ਲਿਪਤ ਹੁੰਦੈ, ਰਾਮ ਸਰੋਵਰ ਵਿਚ ਨਹਾਉਣ ਨੂੰ ਜੀ ਕਰਦੈ।
ਜਦੋਂ ਉਡੀਕਦੀਆਂ ਅੱਖਾਂ ਉਕਤਾ ਜਾਵਣ, ਫੇਰ ਔਸੀਆਂ ਪਾਉਣ ਨੂੰ ਜੀ ਕਰਦੈ।

ਮਾਹੀ ਨਜ਼ਰ ਆਉਂਦੈ, ਫਿਰ ਵੀ ਲਭਦਾ ਨਹੀਂ, ਕਿਵੇਂ ਹੰਬੇ ਜਜ਼ਬਾਤਾਂ ਨੂੰ ਦੱਬੀਏ ਦੱਸ।
ਸਾਡੀ ਵਾਹ ਤੇ ਪੇਸ਼ ਨਹੀ ਕੋਈ ਜਾਂਦੀ, ਤੈਨੂੰ ਕਿਹੜੇ ਹਿਸਾਬ ਨਾਲ ਲਭੀਏ ਦੱਸ।
ਤੇਰੀ ਮਿਹਰ ਅਸੀਸ ਹੀ ਲਭਦੀਏ, ਨਜ਼ਰ ਪਏ ਜਾਂ ਇਨ੍ਹਾਂ ਖੁਸ਼ਹਾਲੀਆਂ ਤੇ।
ਤੇਰੇ ਦਰ ਤੇ ਸਖੀ ਵੀ ਕਰਨ ਸਿਜਦਾ, ਨੂਰ ਅਜਬ ਜਿਹਾ ਹੁੰਦੈ ਸਵਾਲੀਆਂ ਤੇ।

ਮਿਠੇ ਰੀਠੇ ਤੂੰ ਕੀਤੇ ਤੂੰ ਕਰ ਸਕਨੈ, ਲਾ ਸਕਨੈ ਸੇਬ, ਅੰਬ, ਟਾਲ੍ਹੀਆਂ ਤੇ।
ਤੇਰੇ ਚਮਨ ਨੂੰ ਬੀ ਤੇ ਦੇਣ ਪਾਣੀ, ਆਫਰੀਨ ਜਾਈਏ ਇਨ੍ਹਾਂ ਮਾਲੀਆਂ ਤੇ।
ਕਿਹੜੇ ਮੌਸਮ ਨੇ ਖੁਸ਼ਗਵਾਰ ਉਥੇ ਉਸ ਮੁਲਕ ਦੀ ਕਿਹੜੀ ਰੁੱਤ ਕੰਬੀ ਏ ਦੱਸ।
ਤੂੰ ਰੋਗ ਲਾਏ ਤੂੰ ਹੀ ਦੱਸ ਦਾਰੂ, ਤੈਨੂੰ ਕਿਹੜੇ ਹਿਸਾਬ ਨਾਲ ਲਭੀਏ ਦੱਸ।

ਏਸ ਕੱਲਜੁਗ ਦੇ ਉਮਡੇ ਤੂਫਾਨ ਅੰਦਰ, ਤੇਰੇ ਸੇਵਕ ਮੁਹੱਬਤਾਂ ਵੰਡਦੇ ਨੇ।
ਕੋਸ਼ਿਸ਼ ਕਰਦੇ, ਸਿਰਾਂ ਨੂੰ ਜੋੜਨੇ ਦੀ, ਜੱਫੇ ਪਾ ਪਾ ਕੇ ਟੁੱਟੀਆਂ ਗੰਢਦੇ ਨੇ।
ਪਲ ਪਲ ਨੇ ਸਿਮਰਦੇ ਨਾਮ ਤੇਰਾ, ਚੋਲੇ ਜਿਸਮ ਦੇ ਜਿਨ੍ਹਾਂ ਕੂ ਹੰਢਦੇ ਨੇ।
ਵਾਜਾਂ ਮਾਰੀਏ, ਸੁਣ ਅਣਡਿਠ ਕਰਨੈ, ਅਰਜ ਬੇਨਤੀ ਸਾਡੀ ਬੇਢਲੀ ਏ ਦਸ।

ਮੂਲ ਮੁੱਲ ਇਸ ਰੋਣ ਕੁਰਲਾਣ ਦਾ ਏ, ਤੈਨੂੰ ਕਿਹੜੇ ਹਿਸਾਬ ਨਾਲ ਲਭੀਏ ਦੱਸ।
ਅੱਜ ਫੇਰ ਨੇ ਬਾਗਾਂ ਚ ਬੂਰ ਲਗੇ, ਫੇਰ ਗੁਲਸ਼ਨ ਤੇ ਆਈ ਬਹਾਰ ਆ ਜਾ।
ਬੇਜ਼ੁਬਾਨ ਚੀਨੀ, ਵਾਜਾਂ ਮਾਰਦੀ ਏ, ਮੇਰੇ ਮਾਹੀਆ ਵੇ ਚੀਨੀ ਅਸਵਾਰ ਆ ਜਾ।
ਹਰ ਦਿਸ਼ਾ ਇਕ ਬੂਹਾ ਹੈ ਘਰ ਸਾਡੇ, ਖੋਲ੍ਹ ਰਖੇ ਨੇ ਚਾਰੇ ਦੁਆਰ ਆ ਜਾ।

ਮਾਹੀਆ ਪਾਰ ਸਮੁੰਦਰੋਂ ਬੈਠਿਆ ਵੇ, ਤੂੰ ਉਰਾਰ ਆ ਜਾ, ਇਕ ਵਾਰ ਆ ਜਾ।
ਮੇਲਾ ਦੁਨੀਆਂ ਦਾ, ਬਣ ਠਣ ਡੋਲਦੇ ਹਾਂ, ਮੇਰੇ ਰਾਮ ਜੀ ਕਿਸ ਤਰ੍ਹਾਂ ਫਬੀਏ ਦੱਸ।
ਕੋਲ ਹੋਵੇਂ ਤੇ ਸਾਡੀਆਂ ਸੱਤ ਖੈਰਾਂ, ਤੈਨੂੰ ਕਿਹੜੇ ਹਿਸਾਬ ਨਾਲ ਲਭੀਏ ਦੱਸ।

Namdhari Elibrary NamdhariElibrary@gmail.com

ਸਿੱਖ ਰਾਜ ਦਾ ਪਤਨ ਤੇ ਦੇਸ਼ ਅਜ਼ਾਦੀ

ਗੁਰਦੀਪ ਸਿੰਘ ਨਾਮਧਾਰੀ

ਸ ਤਿ ਗੁ ਰੂ ਰਾਮ ਸਿੰਘ ਜੀ ਨੇ ਦਸਮੇਸ਼ ਜੀ ਦੀ ਧਰਮ ਤੇ ਦੇਸ਼ ਭਗਤੀ ਦੀ ਮਰਿਯਾਦਾ ਨੂੰ ਅਗੇ ਤੋਰਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ, ਗਊ ਗਰੀਬ ਅਤੇ ਦੇਸ਼ ਦੀ ਖ਼ਾਤਰ ਆਪਣੀ ਸਜਾਈ ਖਾਲਸਾਈ ਫੌਜ ਨਾਲ, ਮੁਗਲਾਂ ਨਾਲ ਚਾਰ ਜੰਗ ਕੀਤੇ ਅਤੇ ਜਿੱਤਾਂ ਵੀ ਪ੍ਰਾਪਤ ਕੀਤੀਆਂ। ਉਨ੍ਹਾਂ ਦੇ ਯੁੱਧ, ਕਿਸੇ ਰਾਜਨੀਤੀ ਜਾਂ ਕਿਸੇ ਇਲਾਕੇ ਨੂੰ ਜਿੱਤ ਕੇ ਆਪਣੇ ਅਧੀਨ ਕਰਨ ਵਾਸਤੇ ਨਹੀਂ ਸੀ ਸਗੋਂ ਕੇਵਲ ਜ਼ੁਲਮ ਦੇ ਵਿਰੁਧ ਹੁੰਦੇ ਸਨ। ਉਹ ਸਮਾਂ ਏਨਾ ਦੁਖਦਾਇਕ ਅਤੇ ਭਿਆਨਕ ਸੀ ਪਰ ਗੁਰੂ ਜੀ ਵਲੋਂ ਸਜਾਏ ਖਾਲਸੇ ਨੇ ਰਹਿਤ ਮਰਯਾਦਾ ਦਾ ਪਾਲਣ ਨਹੀਂ ਛਡਿਆ। ਜੰਗਾਂ-ਯੁਧਾਂ ਦੇ ਹੁੰਦਿਆਂ ਹੋਇਆਂ ਵੀ ਮਰਯਾਦਾ ਦਾ ਪਾਲਣ ਹੁੰਦਾ ਰਿਹਾ, ਸਵੇਰ ਦਾ ਸਣੇਕੇਸ਼ੀ ਇਸ਼ਨਾਨ, ਨਿਤਨੇਮ, ਬਾਣੀ ਪੜਨੀ ਤੇ ਸਵੇਰ ਵੇਲੇ ਗੁਰੂ ਜੀ ਦੇ ਹਜ਼ੂਰ ਆਸਾ ਦੀ ਵਾਰ ਦਾ ਕੀਰਤਨ ਹੁੰਦਾ, ਹੁੰਦਾ ਸੀ। ਸਮੇਂ ਦੀ ਚਾਲ ਨਾਲ ਗੁਰੂ ਜੀ ਨੂੰ ਦੱਖਣ ਵਲ ਜਾਣਾ ਪਿਆ ਅਤੇ ਉਤਰੀ ਭਾਰਤ ਵਿਚ ਮੁਗਲਾਂ ਨੇ ਖਾਲਸੇ ਨੂੰ ਹਰ ਤਰ੍ਹਾਂ ਦੇ ਕਸ਼ਟ ਦਿੱਤੇ। ਕਈ ਉਨ੍ਹਾਂ ਦੀ ਈਨ ਮੰਨ ਗਏ, ਕਈ ਆਪਣੀ ਜਿੰਦ ਜਾਨ ਬਚਾਉਣ ਲਈ ਜੰਗਲਾਂ ਵਿਚ ਜਾ ਲੁਕੇ ਤੇ ਆਪਣਾ ਜੀਵਨ ਬਸਰ ਕਰਦੇ ਰਹੇ। ਜਦੋਂ ਦੱਖਣ ਵਿਚੋਂ ਬਾਬਾ ਬੰਦਾ ਬਹਾਦਰ, ਗੁਰੂ ਜੀ ਦੇ ਹੁਕਮਨਾਮੇ ਤੇ ਬਖਸ਼ੇ ਹੋਏ ਤੀਰ ਲੈ ਕੇ ਪੰਜਾਬ ਵਿਚ ਆਏ ਤਾਂ ਜੰਗਲਾਂ ਵਿਚ ਲੁਕੇ ਹੋਏ ਸਿੰਘ ਵੀ ਉਹਨਾਂ ਨਾਲ ਆ ਰਲੇ ਜਿਨਾਂ ਨੇ ਮੁਗਲਾਂ ਨੂੰ ਭਾਜੜਾਂ ਪਾ ਦਿਤੀਆਂ। ਇਸ ਸਮੇਂ ਵੀ ਸਿੱਖ ਮਰਯਾਦਾ ਦੇ ਪੱਕੇ ਰਹੇ ਅਖ਼ੀਰ ਬੰਦਾ ਸਿੰਘ ਬਹਾਦਰ ਮੁਗਲਾਂ ਦੇ ਕਾਬੂ ਆ ਗਿਆ ਉਸਨੂੰ ਅਤਿ ਦਰਜੇ ਦੇ ਦੁੱਖ ਦਿਤੇ ਗਏ ਏਥੋਂ ਤਕ ਕਿ ਲਾਲ ਕੀਤੇ ਹੋਏ ਜਮੂਰਾਂ ਨਾਲ ਉਸ ਦੇ ਦਿਲ ਦੀ ਬੋਟੀ ਬੋਟੀ ਕੀਤੀ ਗਈ । ਪਰ ਖਾਲਸਾ ਫਿਰ ਵੀ ਅਮਰ ਰਿਹਾ ਕੋਈ ਵੀ ਇਸ ਦਾ ਬਿਲਕੁਲ ਖਾਤਮਾ ਨਾ ਕਰ ਸੱਕਿਆ।

ਪਰ ਸਮੇਂ ਦੀ ਤਬਦੀਲੀ ਅਨੁਸਾਰ ਜਿਵੇਂ ਗਰਮੀ ਤੋਂ ਬਾਦ ਸਰਦੀ, ਪਤਝੜ ਤੋਂ ਪਿਛੋਂ ਬਸੰਤ ਰੁਤ, ਦਿਨ ਤੋਂ ਬਾਦ ਰਾਤ ਅਤੇ ਰਾਤ ਤੋਂ ਬਾਦ ਦਿਨ ਆਉਂਦਾ ਹੈ। ਸੰਸਾਰ ਵਿਚ ਏਸੇ ਤਰ੍ਹਾਂ ਪਾਪ-ਪੁੰਨ ਦਾ ਸਮਾਂ ਚਲਦਾ ਰਹਿੰਦਾ ਹੈ। ਏਸੇ ਤਰ੍ਹਾਂ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਥਾਪਿਤ ਹੋਣ ਤਕ ਦਾ ਸਮਾਂ ਅਨੇਕਾਂ ਕੁਰਬਾਨੀਆਂ ਅਤੇ ਸੰਘਰਸ਼ ਭਰਿਆ ਸਮਾਂ ਸੀ। ਪਹਿਲਾਂ ਬਾਰਾਂ ਮਿਸਲਾਂ ਵਿਚ ਛੋਟੇ ਛੋਟੇ ਰਾਜ ਸਿੱਖਾਂ ਵਲੋਂ ਸਥਾਪਿਤ ਕੀਤੇ ਗਏ। ਪਰ ਸਿੱਖ ਰਾਜ ਦਾ ਸਮਾਂ ਮਹਾਰਾਜਾ



ਰਣਜੀਤ ਸਿੰਘ ਦੇ ਰਾਜ-ਕਾਲ ਨੂੰ ਹੀ ਆਖਿਆ ਜਾਂਦਾ ਹੈ। ਸਿੱਖ ਮਿਸਲਾਂ ਵੇਲੇ ਵੀ ਸਿੰਘਾਂ ਦਾ ਚਾਲ ਚਲਣ ਬਹੁਤ ਚੰਗਾ ਹੁੰਦਾ ਸੀ। ਇਸਦਾ ਉਦਾਹਰਣ ਇਹ ਹੈ ਕਿ ਕਸੂਰ ਸ਼ਹਿਰ ਵਿਚੋਂ ਕਿਸੇ ਬ੍ਰਾਹਮਣ ਦੀ ਇਸਤਰੀ ਪਠਾਨ ਖੋਹ ਕੇ ਲੈ ਗਏ। ਉਸ ਗ੍ਰੀਬ ਨੇ ਜਾਕੇ ਸਿੰਘਾਂ ਕੋਲ ਆਪਣੀ ਹਾਲਤ ਦਸੀ, ਸਿੰਘਾਂ ਨੇ ਅਰਦਾਸਾ ਸੋਧ ਲਿਆ ਤੇ ਤਦ ਤਕ ਪਿੱਛੇ ਨਹੀਂ ਹਟੇ ਜਦੋਂ ਤਕ ਉਸ ਦੀ ਇਸਤਰੀ ਘਰ ਨਹੀਂ ਆ ਗਈ।

ਬੜੇ ਵੱਡੇ ਰਾਜ ਦੇ ਹੁੰਦਿਆਂ ਹੋਇਆਂ ਵੀ ਮਹਾਰਾਜਾ ਸਿੱਖੀ ਵਿਚ ਪੂਰੇ ਰਹੇ ਭਾਵੇਂ ਛੋਟੇ ਛੋਟੇ ਰਾਜਾਂ ਨੂੰ ਆਪਣੇ ਅਧੀਨ ਖੋਹ ਕੇ ਕਰ ਲਿਆ ਸੀ। ਪਰ ਸਿਖੀ ਦਾ ਪਰਸਾਰਨ ਬਹੁਤ ਕੀਤਾ ਜਿਵੇਂ:

ਮਹਾਰਾਜੇ ਰਣਜੀਤ ਸਿੰਘ ਯਦੀ ਧਿੰਗਾ ਧਿੰਗ
ਬਾਵਨ ਸੀ ਚਾਇ ਡਿੰਘ ਬਲ ਪੰਥੋ ਕਛਕੈ।
ਸਿਖ ਸਰਦਾਰ ਥੇ ਲਾਚਾਰ ਕੀਏ ਰਾਜ ਛੀਨ
ਲੀਨ ਨੀਤ ਰਾਵਨੀ ਸੁ ਰੀਤ ਮਹਾ ਮਛ ਕੈ।
ਐਪਰ ਥੀ ਸਿਖੀ ਭਾਰੀ ਧਰਾ ਪੈ ਬਿਥਾਰੀ
ਭਾਨ ਸ਼ਾਨ ਚਮਕਾਰੀ ਚਾਰੀ ਪੰਥ ਨਿਜ ਪਛ ਕੈ।
ਬਾਰੀ ਸੀ ਖਿਲਾਰੀ ਰਾਂਕਾ ਨਿਸ ਸੀ ਦਿਖਾਰੀ
ਗੰਗਧਾਰ ਸੀ ਪ੍ਰਚਾਰੀ ਹੰਸ ਤਾਰ ਸੀ ਸਮੱਛ ਕੈ।।

ਭਾਵ ਜਿਵੇਂ ਬਾਵਨ ਅਵਤਾਰ ਨੇ ਬਲਿਰਾਜੇ ਸਣੇ ਸਾਰੀ ਧਰਤੀ ਢਾਈ ਕਰਮਾਂ ਵਿਚ ਕੱਛ ਲਈ ਇਸੇ ਤਰ੍ਹਾਂ ਮਹਾਰਾਜੇ ਨੇ ਸਾਰੇ ਸਰਦਾਰਾਂ ਦੇ ਰਾਜ ਨੂੰ ਆਪਣੇ ਅਧੀਨ ਕਰ ਲਿਆ। ਸਿੱਖ ਸਰਦਾਰਾਂ ਤੋਂ ਰਾਜ ਖੋਹ ਕੇ ਰਾਵਨ ਦੀ ਨੀਤੀ ਭਾਵ ਵੱਡੇ ਮੱਛ ਦੀ ਛੋਟੀ ਮੱਛੀਆਂ ਨੂੰ ਖਾਣ ਦੀ ਨੀਤੀ ਅਪਨਾਈ ਪਰ ਸਿੱਖੀ ਨੂੰ ਸੂਰਜ ਦੀ ਤਰ੍ਹਾਂ ਚਮਕਾਇਆ ਅਤੇ ਵਿਸਥਾਰ ਕੀਤਾ। ਸਿੱਖੀ ਦੇ ਬਗੀਚੇ ਨੂੰ ਇਸ ਤਰ੍ਹਾਂ ਰੂਪ ਦਿਤਾ ਜਿਵੇਂ ਰਾਤ ਦੇ ਅੰਨ੍ਹੇਰੇ ਵਿਚ ਪੁੰਨਿਆ ਦਾ ਪ੍ਰਕਾਸ਼ ਹੁੰਦਾ ਹੈ, ਜਿਵੇਂ ਸਮੁੰਦਰ ਵਿਚ ਗੰਗਾਧਾਰ ਵੱਖਰੀ ਸੋਭਦੀ ਹੈ ਅਤੇ ਹੰਸਾਂ ਦੀ ਡਾਰ ਸੋਭਾ ਪਾਉਂਦੀ ਹੈ।

ਮਹਾਰਾਜੇ ਦੇ ਰਾਜ ਵਿਚ ਪਰਜਾ ਸੁਖੀ ਸੀ ਗਊ ਤੇ ਗਰੀਬ ਤੇ ਜ਼ੁਲਮ ਨਹੀਂ ਸੀ ਹੁੰਦੇ, ਹਰ ਇਕ ਨੂੰ ਨਿਆਂ ਮਿਲਦਾ ਸੀ। ਏਥੋਂ ਤਕ ਕਿ ਮਹਾਰਾਜਾ ਦੇ ਰਾਜ ਦੌਰਾਨ ਗਊ ਮਾਰਨ ਵਾਲੇ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ ਸੀ। ਸਿੱਖੀ ਅਸੂਲਾਂ ਨੂੰ ਅਪਨਾਇਆ ਜਾਂਦਾ ਸੀ।

Namdhari Elibrary NamdhariElibrary@gmail.com

ਮਹਾਰਾਜਾ ਭਾਵੇਂ ਪੜ੍ਹੇ ਲਿਖੇ ਨਹੀਂ ਸਨ ਪਰ ਇਤਿਹਾਸ ਅਨੁਸਾਰ, ਉਨ੍ਹਾਂ ਨੂੰ ਗੁਰਬਾਣੀ ਦਾ ਪਾਠ ਸੁਣਨ ਦਾ ਸ਼ੌਕ ਸੀ। ਡਾਕਟਰ ਫੌਜਾ ਸਿੰਘ ਆਪਣੇ ਇਕ ਲੇਖ ਵਿਚ ਲਿਖਦੇ ਹਨ:

"੧੮੦੮ ਵਿਚ ਜਦੋਂ ਸਰ ਚਾਰਲਸ ਮੇਟਕਾਫ ਆਪਣੀ ਸਰਕਾਰ ਦਾ ਏਲਚੀ ਬਣ ਕੇ ਮਹਾਰਾਜਾ ਸਾਹਿਬ ਨੂੰ ਕਸੂਰ ਵਿਚ ਮਿਲਿਆ ਤੇ ਦੋਸਤੀ ਦੇ ਅਹਿਦਨਾਮੇ ਲਈ ਅੰਗਰੇਜ਼ਾਂ ਦੀ ਖਾਹਸ਼ ਪ੍ਰਗਟ ਕੀਤੀ ਤਾਂ ਮਹਾਰਾਜਾ ਸਾਹਿਬ ਨੇ ਤੁਰੰਤ ਹੀ ਆਪਣੇ ਵਲੋਂ ਕੁਝ ਧਾਰਾਵਾਂ ਪੇਸ਼ ਕੀਤੀਆਂ। ਇਨ੍ਹਾਂ ਵਿਚ ਇਕ ਉਘੀ ਧਾਰਾ ਇਹ ਸੀ ਕਿ ਜਦੋਂ ਅੰਗਰੇਜ਼ ਸੈਨਾ ਉਸ ਦੇ ਮੁਲਕ ਵਿਚ ਹੋਵੇ ਜਾਂ ਉਥੋਂ ਗੁਜਰੇ, ਉਹ ਕੋਈ ਡੰਗਰਾਂ ਦੀ ਹਤਿਆ ਨਾ ਕਰਨ। ਇਕ ਹੋਰ ਉਦਾਹਰਣ ੧੮੩੩ ਦੇ ਮਹਾਰਾਜਾ ਸਾਹਿਬ ਤੇ ਸ਼ਾਹ ਸ਼ੁਜਾਰ ਵਿਚਕਾਰ ਹੋਈ ਸੰਧੀ ਤੋਂ ਮਿਲਦੀ ਹੈ ਕਿ ਸ਼ਾਹ ਸ਼ੁਜਾਰ ਉਤੇ ਮਹਾਰਾਜੇ ਵਲੋਂ ਇਕ ਸ਼ਰਤ ਇਹ ਹੋਵੇਗੀ ਕਿ ਉਹ ਜਦੋਂ ਆਪਣੇ ਮੁਲਕ ਅਫਗਾਨਿਸਤਾਨ ਦਾ ਰਾਜਾ ਮੁੜ ਕੇ ਬਣ ਜਾਏ, ਆਪਣੇ ਮੁਲਕ ਵਿਚ ਸਿੱਖਾਂ ਦੇ ਜਜ਼ਬਾਤ ਦੀ ਕਦਰਦਾਨੀ ਵਜੋਂ ਡੰਗਰ ਮਾਰਨ ਦੀ ਮਨਾਹੀ ਕਰ ਦੇਵੇ।"

ਮਹਾਰਾਜਾ ਰਣਜੀਤ ਸਿੰਘ ਸਿੱਖੀ ਵਿਚ ਪੂਰਾ ਸੀ। ਗੁਰੂ ਗੋਬਿੰਦ ਸਿੰਘ ਦੇ ਸਜਾਏ ਖਾਲਸੇ ਵਿਚ ਮਹਾਰਾਜਾ ਦੇ ਰਾਜ ਤਕ, ਭਾਵੇਂ ਉਨ੍ਹਾਂ ਤੇ ਕਿਤਨੀਆਂ ਹੀ ਕਠਨਾਈਆਂ ਆਈਆਂ, ਝੱਖੜ ਝੁੱਲੇ . ਜੰਗਾਂ ਯੁੱਧਾਂ ਵਿਚ ਲੜਨ ਲਈ ਸਦਾ ਤਿਆਰ ਰਹਿਣਾ ਪੈਂਦਾ ਪਰ ਫਿਰ ਵੀ ਗੁਰਸਿਖੀ ਜੀਵਨ ਦਾ ਪਾਲਣ ਕੀਤਾ। ਜਿਸਦੀ ਵਿਆਖਿਆ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇੰਜ ਕੀਤੀ ਹੈ:

ਸ੍ਰੀ ਗੁਰੂ ਦਸਮੇਸੈਂ ਬੰਦੇ ਪਰਯੰਤ।
ਬੇਅੰਤ ਸਿੰਘ ਬੀਏ ਜੋਊ ਸੋਊ ਚਾਲ ਐਸ ਥੇ ਚਲੇ।
ਤਨ, ਮਨ, ਧਨ ਤਿਨੋਂ ਅਰਪੇ ਥੇ ਗੁਰੂ ਹਿਤ,
ਰਾਖਬੇ ਕੋ ਹਿੰਦ, ਜਿੰਦ ਦੈਨ ਚਾਹੈਂ ਥੇ ਭਲੇ।
ਲੋਭ ਰਾਜ ਕਾ ਨ, ਬਿਆਪਿਓ ਦਰਾਜ ਤਿਨੈ
ਸਮਰੈਂ ਪੈ ਕਮਰੈਂ ਕਸੀ ਥੀ ਅਮਰੈ ਵਲੇ।
ਜਤੁ, ਸਤੁ, ਤਪੁ ਜਪੁ ਤੋਖ ਧਾਰੀ ਉਪਕਾਰੀ
ਪਾਰੀ ਗੁਰਸਿਖੀ ਵਾਰੀ ਰੀਤ ਸਹਿਕੈ ਕਲੇ।

ਨਸ਼ਾ ਭਾਵੇਂ ਕੋਈ ਵੀ ਹੋਵੇ ਉਹ ਆਦਮੀ ਦੀ ਮੱਤ ਟਿਕਾਣੇ ਉਤੇ ਨਹੀਂ ਰਹਿਣ ਦੇਂਦਾ। ਸ਼ਰਾਬ ਦਾ ਨਸ਼ਾ ਗਰੀਬ ਤੋਂ ਗਰੀਬ ਬੰਦੇ ਨੂੰ ਹੋ ਜਾਵੇ ਤਾਂ ਉਹ ਪੀ ਕੇ ਆਪਣੇ ਆਪ ਨੂੰ ਸਾਰਿਆਂ ਤੋਂ ਵੱਡਾ ਸਮਝਣ ਲਗ ਪੈਂਦਾ ਹੈ। ਪਰ ਜਦੋਂ ਰਾਜ-ਮਦ ਦਾ ਨਸ਼ਾ ਹੋਵੇ ਤਾਂ ਫਿਰ ਉਸ ਬਾਰੇ ਤਾਂ ਕਹਿਣਾ ਹੀ ਕੀ। ਮਹਾਰਾਜਾ ਰਣਜੀਤ ਸਿੰਘ ਨੇ ਵੀ ਰਾਜ-ਮਦ ਦੇ ਨਸ਼ੇ ਵਿਚ ਆ ਕੇ ਸ਼ਰਾਬ ਪੀਤੀ ਅਤੇ ਮੋਰਾਂ ਕੰਜਰੀ ਨੂੰ ਲਿਆਂਦਾ। ਇਨ੍ਹਾਂ ਦੋ ਐਬਾਂ ਦੇ ਕਰਨ ਕਰਕੇ ਉਹ ਕਲਕੰਤ ਹੋਇਆ ਪਰ ਸਿਖੀ ਪਰੰਪਰਾ ਦੀ ਕਦਰ ਕਰਦਾ ਹੋਇਆ ਆਪਣੀ ਕੀਤੀ ਗਲਤੀ ਦੀ ਮੁਆਫੀ ਮੰਗਣ ਲਈ ਜਦੋਂ ਅਕਾਲੀ ਬਾਬਾ ਫੂਲਾ ਸਿੰਘ ਨੇ ਉਨ੍ਹਾਂ ਨੂੰ ਅਕਾਲ ਬੁੰਗੇ ਦੀਵਾਨ ਵਿਚ ਖੜਾ ਹੋਣ ਲਈ ਕਿਹਾ ਤਾਂ ਉਹ ਬਾਬਾ ਫੂਲਾ ਸਿੰਘ ਅਗੇ ਪਿੱਠ ਕਰਕੇ ਕੋਰੜੇ ਖਾਣ ਲਈ ਖੜ੍ਹਾ ਹੋ ਗਿਆ। ਸਿਖਾਂ ਵਿਚ ਸਤਕਾਰੇ ਹੋਏ ਦਿਲੀ ਗੁਰਦੁਆਰਿਆਂ ਦੇ ਪੁਜਾਰੀ ਜਦ ਲਾਹੌਰ ਪਹੁੰਚੇ ਤਾਂ ਮਹਾਰਾਜਾ ਜੀ ਨੇ ਭਰੇ ਦੀਵਾਨ ਵਿਚ ਆਪਣੀ ਦਾਹੜੀ ਨਾਲ ਉਨ੍ਹਾਂ ਦੇ ਚਰਨ ਝਾੜੇ। ਮਹਾਰਾਜਾ ਜੀ ਦੇ ਮਨ ਵਿਚ ਸਿਖੀ ਪ੍ਰਤੀ ਏਨੀ ਸ਼ਰਧਾ ਤੇ ਪਿਆਰ ਸੀ ਕਿ ਉਹ ਏਡਾ ਵੱਡਾ ਰਾਜਾ ਹੁੰਦਾ ਹੋਇਆ ਆਪਣੀ ਗਲਤੀ ਨੂੰ ਸਵੀਕਾਰ ਕਰਦਾ ਸੀ।

ਪਰ ਸਮੇਂ ਦੀ ਤਬਦੀਲੀ ਅਨੁਸਾਰ ਜਿਵੇਂ ਗਰਮੀ ਤੋਂ ਬਾਦ ਸਰਦੀ, ਪਤਝੜ ਤੋਂ ਪਿਛੋਂ ਬਸੰਤ ਰੁਤ, ਦਿਨ ਤੋਂ ਬਾਦ ਰਾਤ ਅਤੇ ਰਾਤ ਤੋਂ ਬਾਦ ਦਿਨ ਆਉਂਦਾ ਹੈ। ਸੰਸਾਰ ਵਿਚ ਏਸੇ ਤਰ੍ਹਾਂ ਪਾਪ-ਪੁੰਨ ਦਾ ਸਮਾਂ ਚਲਦਾ ਰਹਿੰਦਾ ਹੈ। ਏਸੇ ਤਰ੍ਹਾਂ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਥਾਪਿਤ ਹੋਣ ਤਕ ਦਾ ਸਮਾਂ ਅਨੇਕਾਂ ਕੁਰਬਾਨੀਆਂ ਅਤੇ ਸੰਘਰਸ਼ ਭਰਿਆ ਸਮਾਂ ਸੀ।

ਮਹਾਰਾਜਾ ਰਣਜੀਤ ਸਿੰਘ ਜੀ, ੧੮੩੯ ਈਸਵੀ ਵਿੱਚ ਚੜ੍ਹਾਈ ਕਰ ਗਏ ਰਾਜਗੱਦੀ ਦਾ ਮਾਲਕ ਉਨ੍ਹਾਂ ਦਾ ਵੱਡਾ ਸਪੁੱਤਰ ਖੜਕ ਸਿੰਘ ਬਣਿਆ ਅਤੇ ਰਾਜਗੱਦੀ ਵਾਸਤੇ ਘਰੇਲੂ ਜੰਗ ਅਤੇ ਵਜੀਰਾਂ ਵਿਚ ਵਜ਼ੀਰੀ ਵਾਸਤੇ ਖਲਬਲੀ ਮੱਚ ਗਈ। ਖੜਕ ਸਿੰਘ ਦੇ ਪੁਤਰ ਨੌਨਿਹਾਲ ਸਿੰਘ ਨੇ, ਸ੍ਰ. ਸੁਚੇਤ ਸਿੰਘ ਜੋ ਕਿ ਮਹਾਰਾਜਾ ਖੜਕ ਸਿੰਘ ਦਾ ਨਿਕਟਵਰਤੀ ਸੀ ਅਤੇ ਮਹਾਰਾਜਾ ਖੜਕ ਸਿੰਘ ਦਾ ਜਿਗਰੀ ਦੋਸਤ ਸੀ ਨੂੰ ਉਸਦੇ ਸਾਹਮਣੇ ਉਸਦੇ ਤਰਲੇ ਵਾਸਤੇ ਪਾਉਣ ਦੇ ਬਾਵਜੂਦ ਆਪਣੇ ਆਦਮੀਆਂ ਤੋਂ ਮੌਤ ਦੇ ਘਾਟ ਉਤਰਵਾ ਦਿਤਾ। ਜਦੋਂ ਖੜਕ ਸਿੰਘ ਦੇ ਸਾਹਮਣੇ ਇਹ ਸਾਰਾ ਕੁਝ ਹੋਇਆ ਤਾਂ ਉਸਦੇ ਮੂੰਹੋਂ ਕਾਤਲਾਂ ਲਈ ਬਦਅਸੀਸਾਂ ਹੀ ਨਿਕਲੀਆਂ ਜਿਨਾਂ ਦਾ ਵਰਨਣ ਸ਼ਾਹ ਮੁਹੰਮਦ ਨੇ ਇੰਜ ਕੀਤਾ ਹੈ:

ਮੇਰੇ ਬੈਠਿਆਂ ਇਨ੍ਹਾਂ ਨੇ ਖ਼ੂਨ ਕੀਤਾ,
ਇਹ ਤਾਂ ਗਰਕ ਜਾਵੇ ਦਰਬਾਰ ਮੀਆਂ
ਪਿਛੇ ਸਾਡੇ ਭੀ ਕੌਰ ਨਾ ਰਾਜ ਕਰਸੀ
ਅਸੀਂ ਮਰਾਂਗੇ ਏਸ ਨੂੰ ਮਾਰ ਮੀਆਂ।
ਨਾਹੱਕ ਦਾ ਇਨਾਂ ਨੇ ਖ਼ੂਨ ਕੀਤਾ,
ਇਹ ਤਾਂ ਮਰਨਗੇ ਸਭ ਸਰਦਾਰ ਮੀਆਂ

ਸ੍ਰ. ਚੇਤ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜ ਨੌਨਿਹਾਲ ਸਿੰਘ ਧਿਆਨ ਸਿੰਘ ਡੋਗਰੇ ਤੇ ਹੋਰ ਸਰਦਾਰਾਂ ਨਾਲ ਮਿਲਕੇ ਪਿਤਾ ਦੀ ਗੱਦੀ ਚਲਾਉਣ ਲਗਾ ਤੇ ਉਸ ਨੂੰ ਅਲੱਗ ਜਗ੍ਹਾ ਤੇ ਰਹਿਣ ਵਾਸਤੇ ਭੇਜਿਆ ਗਿਆ। ਮਹਾਰਾਜਾ ਖੜਕ ਸਿੰਘ ਨੂੰ ਸ੍ਰ. ਚੇਤ ਸਿੰਘ ਦੀ ਮੌਤ ਦਾ ਬੜਾ ਦੁੱਖ ਸੀ ਇਸ ਕਰਕੇ ਬਿਮਾਰ ਰਹਿਣ ਲਗਾ ਤੇ ਕੁਝ ਦਿਨਾਂ ਬਾਅਦ ਚੜ੍ਹਾਈ ਕਰ ਗਿਆ। ਜਦੋਂ ਉਸਦਾ ਸਸਕਾਰ ਕਰ ਕੇ ਆ ਰਹੇ ਸਨ ਤਾਂ ਰਸਤੇ ਵਿਚ ਆਉਂਦਿਆਂ ਕਿਲੇ ਦੇ ਦਰਵਾਜ਼ੇ ਦਾ ਛੱਜਾ ਡਿਗ ਪਿਆ। ਜਿਸ ਥੱਲੇ ਕਈ ਆ ਗਏ ਤੇ ਕਈਆਂ ਨੂੰ ਸੱਟਾਂ ਲਗੀਆਂ ਜਦੋਂ ਨੌ ਨਿਹਾਲ ਸਿੰਘ ਨੂੰ ਮਲਬੇ ਵਿਚੋਂ ਕਢਿਆ ਗਿਆ ਤਾਂ ਮੁਰਦਾ ਹੀ ਹੋਇਆ ਪਿਆ ਸੀ ਜਿਸਨੂੰ ਰੱਬੀ ਭਾਣਾ ਕਿਹਾ ਗਿਆ ਸੀ। ਉਸ ਦੀ ਮੌਤ ਤੋਂ ਬਾਅਦ ਰਾਜ ਗੱਦੀ ਲਈ ਫਿਰ ਸਮੱਸਿਆ ਬਣੀ

Namdhari Elibrary NamdhariElibrary@gmail.com

ਅਤੇ ਦੋ ਦਾਅਵੇਦਾਰ ਬਣ ਗਏ ਇਕ ਨੌ-ਨਿਹਾਲ ਸਿੰਘ ਦੀ ਮਾਤਾ ਚੰਦ ਕੌਰ ਤੇ ਦੂਜਾ ਮਹਾਰਾਜਾ ਸ਼ੇਰ ਸਿੰਘ (ਮਹਾਰਾਜਾ ਰਣਜੀਤ ਸਿੰਘ ਦਾ ਦੂਜਾ ਲੜਕਾ)। ਧਿਆਨ ਸਿੰਘ ਡੋਗਰਾ ਜਿਹਿਆਂ ਨੇ ਸਲਾਹ ਕੀਤੀ ਕਿ ਹਾਲਾਤ ਦੇ ਅਨੁਸਾਰ ਮਹਾਰਾਜਾ ਸ਼ੇਰ ਸਿੰਘ ਗੱਦੀ

ਨਸ਼ਾ ਭਾਵੇਂ ਕੋਈ ਵੀ ਹੋਵੇ ਉਹ ਆਦਮੀ ਦੀ ਮੱਤ ਟਿਕਾਣੇ ਉਤੇ ਨਹੀਂ ਰਹਿਣ ਦੇਂਦਾ। ਸ਼ਰਾਬ ਦਾ ਨਸ਼ਾ ਗਰੀਬ ਤੋਂ ਗਰੀਬ ਬੰਦੇ ਨੂੰ ਹੋ ਜਾਵੇ ਤਾਂ ਉਹ ਪੀ ਕੇ ਆਪਣੇ ਆਪ ਨੂੰ ਸਾਰਿਆਂ ਤੋਂ ਵੱਡਾ ਸਮਝਣ ਲਗ ਪੈਂਦਾ ਹੈ। ਪਰ ਜਦੋਂ ਰਾਜ-ਮਦ ਦਾ ਨਸ਼ਾ ਹੋਵੇ ਤਾਂ ਫਿਰ ਉਸ ਬਾਰੇ ਤਾਂ ਕਹਿਣਾ ਹੀ ਕੀ।

ਦਾ ਮਾਲਕ ਹੋਣਾ ਚਾਹੀਦਾ ਹੈ ਪਰ ਚੰਦ ਕੌਰ ਕਹਿਣ ਲਗੀ ਕਿ ਉਸ ਦੀ ਨੂੰਹ ਗਰਭਵਤੀ ਹੈ ਓਨੀ ਦੇਰ ਤਕ ਉਹ ਰਾਜ ਗਦੀ ਤੇ ਬਹੇਗੀ। ਸੋ ਰਾਣੀ ਚੰਦ ਕੌਰ ਰਾਜ ਗੱਦੀ ਤੇ ਬੈਠ ਗਈ। ਇਸਤੋ ਬਾਅਦ ਜਦੋਂ ਧਿਆਨ ਸਿੰਘ ਡੋਗਰੇ ਨੂੰ ਪਤਾ ਲਗਾ ਕਿ ਚੰਦ ਕੌਰ ਨੇ ਕੰਵਰ ਸ਼ੇਰ ਸਿੰਘ ਨੂੰ ਕਤਲ ਕਰਵਾਉਣ ਲਈ ਸਾਜ਼ਿਸ਼ ਬਣਾਈ ਹੈ ਤਾਂ ਕੰਵਰ ਸ਼ੇਰ ਸਿੰਘ ਨੀਤੀ ਅਧੀਨ ਲਾਹੌਰੋਂ ਮੁਕੇਰੀਆਂ ਜਾ ਬੈਠਾ। ਕੁਝ ਸਮੇਂ ਬਾਅਦ ਉਸ ਲਾਹੌਰ ਤੇ ਹਲਾ ਬੋਲਿਆ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਰਾਣੀ ਨੂੰ ਕੈਦ ਕਰਵਾ ਦਿਤਾ ਤੇ ਰਾਜ ਆਪ ਸੰਭਾਲ ਲਿਆ। ਬਾਅਦ ਵਿਚ ਚੰਦ ਕੌਰ ਦਾ ਖ਼ੂਨ ਵੀ ਧਰਤੀ ਵਿਚ ਸਮਾ ਗਿਆ। ਸੰਧਾਵਾਲੀਏ ਸਰਦਾਰਾਂ ਜੋ ਚੰਦ ਕੌਰ ਦੇ ਰਿਸ਼ਤੇਦਾਰ ਸਨ ਉਨ੍ਹਾਂ ਮਹਾਰਾਜਾ ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਦੇ ਸਿਰ ਕਲਮ ਕੀਤੇ। ਏਸ ਤਰ੍ਹਾਂ ਧਿਆਨ ਸਿੰਘ ਦਾ ਵੀ ਸਫਾਇਆ ਕੀਤਾ ਗਿਆ। ਗਲ ਕੀ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਦ ੫-੬ ਸਾਲ ਦੇ ਵਿਚ ਹੀ ਸਾਰਾ ਬਾਦਸ਼ਾਹੀ ਪ੍ਰਵਾਰ ਤਬਾਹ ਹੋਣ ਕਿਨਾਰੇ ਪਹੁੰਚ ਗਿਆ ਤੇ ਲਾਹੌਰ ਦਰਬਾਰ ਕਤਲਗਾਹ ਬਣ ਗਿਆ। ਸਿੱਖ ਫੌਜਾਂ ਵੀ ਅਮੋੜ ਹੋ ਗਈਆਂ ਉਨ੍ਹਾਂ ਨੇ ਆਪਣੇ ਪੰਚਾਂ ਦੀ ਮੰਨਣੀ ਸ਼ੁਰੂ ਕਰ ਦਿਤੀ ਬਜਾਏ ਰਾਜੇ ਜਾਂ ਪ੍ਰਧਾਨ ਮੰਤਰੀ ਦੇ। ਸਿਖ-ਰਾਜ ਵਿਚ ਖਲਬਲੀ ਮੱਚ ਗਈ, ਨਿਰਦੋਸ਼ ਕਤਲ ਵੀ ਹੋਣ ਲਗੇ, ਸ਼ਾਹ ਮੁਹੰਮਦ ਨੇ ਲਿਖਿਆ ਹੈ:

ਜਿਹੜਾ ਬਹੇ ਗੱਦੀ ਉਸਨੂੰ ਮਾਰ ਦੇਂਦੇ
ਪਈ ਨਿਤ ਹੁੰਦੀ ਮਾਰੋ ਮਾਰ ਮੀਆਂ।

ਇਸ ਨਾਲ ਹੀ ਸਿੱਖਾਂ ਵਿਚੋਂ ਦਸ਼ਮੇਸ਼ ਪਿਤਾ ਵਾਲੀ ਸਿੱਖੀ ਦੀ ਨਿਸ਼ਾਨੀ ਵੀ ਅਦਿੱਖ ਹੋਣ ਲਗੀ। ਉਨ੍ਹਾਂ ਦੀ ਰਹਿਣੀ ਬਹਿਣੀ, ਖਾਣ ਪੀਣ ਤੇ ਪਹਿਰਾਵੇ ਵਿਚ ਤਬਦੀਲੀ ਆ ਗਈ। ਆਚਰਨ ਤੋਂ ਹੀਣੇ ਹੁੰਦੇ ਗਏ। ਮਾਸ, ਸ਼ਰਾਬ ਦੇ ਆਦੀ ਹੋ ਗਏ। ਗੁਰਬਾਣੀ ਦਾ ਪਾਠ ਕਰਨਾ ਵੀ ਭੁਲ ਗਏ, ਕੇਵਲ ਨਾਮ ਦੀ ਸਿੱਖੀ ਰਹੀ ਪਰ ਸਿੱਖੀ ਵਾਲੇ ਅਸੂਲ ਲੁਪਤ ਹੋ ਗਏ। ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇਸ ਸਮੇਂ ਸਿੱਖੀ ਦੀ ਹਾਲਤ ਬਾਰੇ ਇਸ ਤਰ੍ਹਾਂ ਲਿਖਿਆ ਹੈ:

ਔਰੋਂ ਰੀਤ, ਔਰੋਂ ਮੀਤ, ਔਰੋਂ ਪ੍ਰਤੀਤ ਪ੍ਰੀਤ,
ਖਾਨ ਪਹਿਰਾਨ, ਗਯਾਨ, ਮਾਨ, ਔਰੋਂ ਜਨ ਕੈ।
ਭਾਰੇ ਦਸਤਾਰੇ, ਸਾਫੇ ਭਾਰ ਹੈਂ ਸੰਭਾਰੇ,
ਕੱਛੇ ਤਜ ਗਏ, ਧੋਤੀ, ਸੁਥੂ ਤੰਗ ਤਨ ਕੈ।
ਧਾਰੇ ਹੈਂ ਗਰਾਰੇ, ਤੰਬੇ, ਤਹਿਮਤ, ਅਧਿਕ ਲੰਬੇ
ਜਿੰਨੈ ਦੇਖ ਸਿਖੀ ਗਊ ਕੰਬੈ, ਤੁਰਕਗਨ ਕੈ।
ਸਿਖੀ ਦਸਮੇਸ਼ ਕੀ ਸੁ ਕੀ ਅਪਰਦੇਸ਼ ਕੀ
ਅਸਿਖੀ ਪਰੀਪੋਸ਼ਗੀ ਛਿਨਾਰ-ਬਨ ਠਨ ਕੈ।

****

ਬਗਲੈਂ ਉਪਾਰੈਂ ਕੋਊ ਭੌਹੈਂ ਸੌਹੇ ਕੀ ਉਪਾਰੈਂ
ਨਾਸਿਕਾ ਕੋ ਫਾਰ ਹਾਥ ਮਾਥ ਪੈ ਚਲਾਇ ਹੈਂ।
ਸਿਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਰੇ
ਹਾਏ ਵੇ ਕਸਾਈ ਰਹੇ ਸਿਖੀ ਗਊ ਘਾਏ ਹੈਂ। (ਪੰਥ ਪ੍ਰਕਾਸ਼)

ਇਕ ਥਾਂ ਹੋਰ ਗਿਆਨੀ ਜੀ ਲਿਖਦੇ ਹਨ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਪਿਛੋਂ ਸਿਖੀ ਦਾ ਰੰਗ ਬਦਲ ਗਿਆ। ਜਿਵੇਂ:

ਮਹਾਰਾਜ ਲੈ ਰਹਾਨਾ ਪੰਥ ਕਾ ਪੁਰਾਨਾ ਢੰਗ।
ਫੇਰ ਬਦਲਾਨਾ ਰੰਗ ਕੂਪ ਭੰਗ ਜਯੋਂ ਪਰੇ। (ਪੰਥ ਪ੍ਰਕਾਸ਼)

ਜਿਸ ਤਰ੍ਹਾਂ ਖੂਹ ਵਿਚ ਭੰਗ ਸੁੱਟੀ ਜਾਵੇ ਤਾਂ ਪਾਣੀ ਦਾ ਰੰਗ ਬਦਲ ਜਾਂਦਾ ਹੈ ਤੇ ਨਾਲੇ ਦੁਰਗੰਧ ਆਉਣ ਲਗ ਪੈਂਦੀ ਹੈ। ਏਸੇ ਤਰ੍ਹਾਂ ਹੀ ਸਿੱਖੀ ਦੀ ਹਾਲਤ ਹੋਈ। ਸਿੱਖੀ ਰਹਿਤ ਅਤੇ ਵਿਚਾਰਾਂ ਦੀ ਅਭਾਵ ਹੋਣ ਕਰਕੇ ਆਪਸੀ ਫੁੱਟ ਵਧੀ ਜਿਸ ਕਾਰਨ ਸਾਰੀ ਸਲਤਨਤ ਹੀ ਤਬਾਹ ਹੋ ਗਈ, ਵਿਚੋਂ ਹੀ ਅੰਗਰੇਜ਼ਾਂ ਦੇ ਪਿੱਠੂ ਬਣ ਗਏ। ਉਨ੍ਹਾਂ ਨੂੰ ਜਾ ਕੇ ਸਾਰੇ ਭੇਦ ਦਸਦੇ ਰਹੇ ਜਿਸ ਦੇ ਕਾਰਨ ਉਨ੍ਹਾਂ ਨੂੰ ਜਗੀਰਾਂ, ਜਾਇਦਾਦਾਂ, ਕੰਠੇ ਕੜੇ ਆਦਿ ਦਿਤੇ ਜਾਂਦੇ। ਏਸੇ ਭੇਦ ਦੇ ਕਾਰਨ ਉਹ ਖਾਲਸਾਈ ਫੌਜਾਂ ਜਿਨਾਂ ਨੇ ਅੰਗ੍ਰੇਜ਼ਾਂ ਦੇ ਕਈ ਥਾਵਾਂ ਤੇ ਛੱਕੇ ਛੁੜਾ ਦਿਤੇ ਤੇ ਭਾਜੜਾਂ ਪਾ ਦਿਤੀਆਂ ਤੇ:

ਸ਼ਾਹ ਮੁਹੰਮਦਾ, ਸਿਖਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁਟੇ।

ਪਰ ਜਦੋਂ ਭੇਦੀਆਂ ਜਾ ਕੇ ਅੰਗਰੇਜ਼ ਫ਼ੌਜ ਨੂੰ ਸਾਰਾ ਭੇਦ ਦੇ ਦਿਤਾ ਤਾਂ ਉਨ੍ਹਾਂ ਸਭਰਾਵਾਂ ਦੀ ਜੰਗ ਵਿਚ ਫਿਰ ਤੀਜਾ ਹਮਲਾ ਕੀਤਾ ਤਾਂ ਫਤਹਿ ਕਰ ਕੇ ਲਾਹੌਰ ਦਰਬਾਰ ਦੇ ਕਸੂਰ ਸ਼ਹਿਰ ਤੇ ਕਬਜ਼ਾ ਕਰ ਲਿਆ। ਇਸ ਜੰਗ ਬਾਰੇ ਕਵੀ ਮੁਹੰਮਦ ਸ਼ਾਹ ਲਿਖਦਾ ਹੈ:

ਜੰਗ ਹਿੰਦ ਪੰਜਾਬ ਦਾ ਹੋਣ ਲਗਾ
ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
ਸਣੇ ਆਦਮੀ ਗੋਲੀਆਂ ਨਾਲ ਉਡਣ,
ਹਾਥੀ ਡਿਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ, ਇਕ ਸਰਕਾਰ ਬਾਝੋਂ,
ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ।

ਇਸ ਸਾਰੀ ਹਾਰ ਦਾ ਕਾਰਨ ਆਪਸੀ ਫੁੱਟ ਸੀ ਜਿਸ ਕਾਰਨ ਮਜ਼ਬੂਰ ਹੋ ਕੇ ਅੰਗਰੇਜ਼ਾਂ ਨਾਲ, ਰਾਣੀ ਜਿੰਦਾ ਨੂੰ ਸੰਧੀ ਕਰਨੀ ਪਈ ਤੇ ਉਨ੍ਹਾਂ ਦੇ ਅਧੀਨ ਹੋ ਕੇ ਚਲਣਾ ਪਿਆ। ਖਾਲਸੇ ਦੀਆਂ ਇਨ੍ਹਾਂ ਕੁਚਾਲਾਂ ਬਾਰੇ ਤੇ ਸਿਖ ਰਾਜ ਦੇ ਖਾਤਮੇ ਬਾਰੇ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਇੰਜ ਲਿਖਦਾ ਹੈ:

ਸਮੇਂ ਦੀ ਕੁਚਾਲ ਨੇ ਬੁਚਾਲ ਆਂਦਾ ਦੇਸ਼ ਵਿਚ

Namdhari Elibrary NamdhariElibrary@gmail.com

ਸਿੰਘ ਨ ਸੰਭਾਲ ਸਕੇ ਰਾਜ ਸਾਜ ਭਾਰਾ ਸੀ
ਭਾਰਾ ਹੈ ਸੀ ਰੋਗ ਸੋਗ ਫੁਟ ਮਾਰੇ ਕੁਟ ਕੁਟ
ਪੁਟ ਪੁਟ ਬਾਗ ਸਤਲੁਜ ਬੀਚ ਡਾਰਾ ਸੀ।
ਡਾਰਾ ਸੀ ਗਵਾਂਢੀਆਂ ਨੇ ਜਲ ਆ ਬਿਸਾਲ ਸਾਰੇ,
ਘਰ ਘਰ ਪੈਰ ਆ ਪਖੰਡ ਨੇ ਪਸਾਰਾ ਸੀ।
ਸਾਰਾ ਸੀ ਕਰਤਾਰ ਸਿੰਘ, ਕਿਸੇ ਭੀ ਨ ਕਾਜ ਕੋਈ,
ਚੱਲ ਕੇ ਕੁਪੰਥ ਪੰਥ ਰਾਜ ਭਾਗ ਹਾਰਾ ਸੀ।

****

ਹਾਰਾ ਸੀ ਨਸੀਬ ਜਦੋਂ ਖਾਲਸੇ ਨੇ ਆਲਸੇ ਹੋ
ਮਨ ਮੌਤ ਚੰਦਰੀ ਕੁ ਪੇਚ ਆਏ ਡਾਰਾ ਸੀ।
ਡਾਰਾ ਸੀ ਪ੍ਰਤਾਪ ਆਪ ਚੌੜ ਕਰ ਚੌੜ ਬੀਚ,
ਪੰਥ ਗਾੜ੍ਹੀ ਨੀਂਦ ਸੁੱਤਾ, ਜਾਗ ਨਾ ਸੰਭਾਰਾ ਸੀ।
ਭਾਰਾ ਸੀ ਬੇਸਾਰਾ, ਪੰਥ ਗੁਰੂ ਗ੍ਰੰਥ ਭੁਲੇ,
ਛਡ ਗੁਰ ਰੀਤੀਆਂ ਕੁਰੀਤੀਆਂ ਨੂੰ ਧਾਰਾ ਸੀ।
ਚਾਰਾ ਸੀ ਨਾ ਕੋਈ ਤਦੋਂ ਦਿਸਦਾ ਕਰਤਾਰ ਸਿੰਘਾ,
ਡਾਵਾਂਡੋਲ ਹੋਏ ਰਿਹਾ ਬੇੜਾ ਬੇ ਸਹਾਰਾ ਸੀ।

ਫੌਜ ਵਿਚ ਰਹਿੰਦਿਆਂ ਹੋਇਆਂ ਸ੍ਰੀ ਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਦੇ ਚਾਲ ਚਲਣ ਨੂੰ ਆਪਣੀਆਂ ਅੱਖਾਂ ਨਾਲ ਤਕਿਆ ਸੀ ਏਸੇ ਕਰਕੇ ਹੀ ਉਹ ਮੁਦਕੀ ਦੀ ਲੜਾਈ ਸਮੇਂ ਫਿਰੋਜਪੁਰ ਨੂੰ ਜਾਂਦਿਆਂ ਹਰੀ ਕੇ ਪਟਨ ਤੋਂ ਬੰਦੂਕ ਦਰਿਆ ਵਿਚ ਸੁਟ ਕੇ ਆਪਣੇ ਪਿੰਡ ਸ੍ਰੀ ਭੈਣੀ ਸਾਹਿਬ ਨੂੰ ਮੁੜ ਪਏ। ਉਨ੍ਹਾਂ ਨੂੰ ਪਤਾ ਸੀ ਕਿ ਫੌਜ ਵਿਚੋਂ ਹੀ ਗਦਾਰੀ ਕਰਨ ਵਾਲੇ ਹਨ ਜੋ ਸਾਰਾ ਭੇਦ ਅੰਗਰੇਜ਼ਾਂ ਨੂੰ ਦਸ ਰਹੇ ਹਨ। ਏਸ ਕਰਕੇ ਇਨ੍ਹਾਂ ਦੀ ਕਦੇ ਜਿਤ ਨਹੀਂ ਹੋ ਸਕਦੀ। ਸਾਰਾ ਕੁਝ ਏਸੇ ਤਰ੍ਹਾਂ ਹੀ ਹੋਇਆ। ਗੁਰੂ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਆ ਕੇ ਕਠਿਨ ਤੱਪਸਿਆ ਕੀਤੀ। ਸਮਾਜਿਕ ਬੁਰਾਈਆਂ ਨੂੰ ਤੱਕਿਆ, ਗੁਲਾਮ ਭਾਰਤ ਨੂੰ ਵਾਚਿਆ, ਜਿਸ ਵਿਚ ਸਿੱਖਾਂ ਨੂੰ ਧਰਮ ਤੋਂ ਪਤਿਤ ਕੀਤਾ ਜਾ ਰਿਹਾ ਸੀ। ਉਨ੍ਹਾਂ ੧੮੫੭ ਨੂੰ ਵਿਸਾਖੀ ਵਾਲੇ

ਗੁਰੂ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਆ ਕੇ ਕਠਿਨ ਤੱਪਸਿਆ ਕੀਤੀ। ਸਮਾਜਿਕ ਬੁਰਾਈਆਂ ਨੂੰ ਤੱਕਿਆ, ਗੁਲਾਮ ਭਾਰਤ ਨੂੰ ਵਾਚਿਆ, ਜਿਸ ਵਿਚ ਸਿੱਖਾਂ ਨੂੰ ਧਰਮ ਤੋਂ ਪਤਿਤ ਕੀਤਾ ਜਾ ਰਿਹਾ ਸੀ। ਉਨ੍ਹਾਂ ੧੮੫੭ ਨੂੰ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਵਾਲੀ ਸਿੱਖੀ ਨੂੰ ਮੁੜ ਸੁਰਜੀਤ ਕੀਤਾ। ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਉਨ੍ਹਾਂ ਸੰਤ ਖਾਲਸਾ ਸਜਾਇਆ, ਸਿੱਖੀ ਰਹਿਤ, ਗਊ, ਗਰੀਬ, ਤੇ ਦੇਸ਼ ਅਜ਼ਾਦੀ ਦਾ ਪਿਆਰ ਲੋਕਾਂ ਵਿਚ ਪੈਦਾ ਕੀਤਾ।

ਦਿਨ ਗੁਰੂ ਗੋਬਿੰਦ ਸਿੰਘ ਵਾਲੀ ਸਿੱਖੀ ਨੂੰ ਮੁੜ ਸੁਰਜੀਤ ਕੀਤਾ। ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਉਨ੍ਹਾਂ ਸੰਤ ਖਾਲਸਾ ਸਜਾਇਆ, ਸਿੱਖੀ ਰਹਿਤ, ਗਊ, ਗਰੀਬ, ਤੇ ਦੇਸ਼ ਅਜ਼ਾਦੀ ਦਾ ਪਿਆਰ ਲੋਕਾਂ ਵਿਚ ਪੈਦਾ ਕੀਤਾ। ਦੇਸ਼ ਅਜ਼ਾਦੀ ਲਈ ਲੋਕਾਂ ਸਾਹਮਣੇ ਨਾਂ ਮਿਲਵਰਤਨ ਦਾ ਹੱਥਿਆਰ ਰਖਿਆ। ਮਾਈਆਂ ਨੂੰ ਅੰਮ੍ਰਿਤ ਛਕਾ ਕੇ, ਸਿੰਘਾਂ ਦੇ ਬਰਾਬਰ ਦਾ ਦਰਜਾ ਦਿਤਾ। ਕੁੜੀਆਂ ਮਾਰਨ ਦੀ ਮਨਾਹੀ, ਵੱਟਾ ਕਰਨਾ, ਛੋਟੀ ਉਮਰੇ ਵਿਆਹ ਕਰ ਦੇਣਾ, ਸਤੀ ਪ੍ਰਥਾ, ਦਾਜ ਦੀ ਲਾਹਨਤ ਆਦਿ ਅਨੇਕਾਂ ਬੁਰਾਈਆਂ ਨੂੰ ਦੂਰ ਕਰਨ ਲਈ ਲੋਕਾਂ ਨੂੰ ਜਾਗਰਿਤ ਕੀਤਾ। ਵਿਆਹਾਂ ਦੀ ਸਾਦੀ ਰਸਮ 'ਅਨੰਦ ਕਾਰਜ' ਚਲਾਈ, ਜਿਸ ਦੇ ਬਦਲੇ ਆਪਨੂੰ ਲਗਾਤਾਰ ੨੮ ਦਿਨ ਲੁਧਿਆਣੇ ਦੇ ਚੱਕਰ ਕਢਣੇ ਪਏ। ਆਦਿ ਸ੍ਰੀ ਗ੍ਰੰਥ ਸਾਹਿਬ ਨੂੰ ਜਿਥੇ ਕਿ ਚੂਹੇ ਅਲਮਾਰੀਆਂ ਵਿਚ ਕੁਤਰ ਰਹੇ ਸਨ ਤੇ ਸਿਉਂਕ ਲੱਗ ਰਹੀ ਸੀ। ਸੱਚੇ ਪਾਤਸ਼ਾਹ ਨੇ ਆਪਣੇ ਹੱਥਾਂ ਨਾਲ ਸਫਾਈ ਕਰਕੇ ਪ੍ਰਕਾਸ਼ ਕਰਨੇ ਤੇ ਪਾਠ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ।

ਗੱਲ ਕੀ ਧਰਮ, ਦੇਸ਼, ਗਊ-ਗਰੀਬ ਦੀ ਖਾਤਰ ਆਪ ਜੀ ਨੇ ਅਨੇਕਾਂ ਕਸ਼ਟ ਸਹਾਰੇ। ਸਿੱਖਾਂ ਨੇ ਆਪਣੀਆਂ ਕੁਰਬਾਨੀਆਂ, ਫਾਂਸੀ ਚੜ੍ਹ ਕੇ ਤੋਪਾਂ ਸਾਹਵੇਂ ਉੱਡ ਉੱਡ ਕੇ ਦਿਤੀਆਂ । ਕਿਸੇ ਪਿਠ ਨਹੀਂ ਦਿਖਾਈ। ਸਤਿਗੁਰੂ ਰਾਮ ਸਿੰਘ ਜੀ ਦੇ ਨਾਮਿਲਵਰਤਨ ਤੇ ਸਵਦੇਸੀ ਦੇ ਅਸੂਲਾਂ ਨੂੰ ਅਪਣਾ ਕੇ, ਮਹਾਤਮਾ ਗਾਂਧੀ ਨੇ ਅਜ਼ਾਦੀ ਦਾ ਰਸਤਾ ਅਪਨਾਇਆ ਤੇ ਅਨੇਕਾਂ ਕੁਰਬਾਨੀਆਂ ਦੇ ਨਤੀਜੇ ਵਜੋਂ ੧੫ ਅਗਸਤ ਸੰਨ ੧੯੪੭ ਨੂੰ ਦੇਸ਼ ਅਜ਼ਾਦ ਹੋਇਆ। ਅੱਜ ਜੋ ਵੀ ਮਰਯਾਦਾ ਜਾਂ ਸਿਖੀ ਦਿਖਾਈ ਦੇ ਰਹੀ ਹੈ ਇਹ ਸਾਰੀ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਸਦਕਾ ਹੀ ਹੈ ਨਹੀਂ ਤਾਂ ਜਿਵੇਂ ਕਿਸੇ ਨੇ ਲਿਖਿਆ ਹੈ :

ਨਾ ਬਾਤ ਕਹੂੰ ਮੈਂ ਤਬ ਕੀ
ਨਾ ਬਾਤ ਕਹੂ ਮੈਂ ਜਬ ਕੀ
ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ
ਤਾਂ ਸੁਨਤ ਹੋਤੀ ਸਭ ਕੀ।

ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂਆਂ ਨੂੰ ਮੁਸਲਮਾਨ ਹੋਣ ਤੋਂ ਬਚਾ ਲਿਆ ਸੀ। ਇਸੇ ਤਰ੍ਹਾਂ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਸਿੰਘ ਜੀ ਨੇ ਇਹਨਾਂ ਸਿੱਖਾਂ ਨੂੰ ਈਸਾਈ ਹੋਣ ਤੋਂ ਬਚਾ ਲਿਆ ਨਹੀਂ ਤਾਂ ਸਾਰਾ ਮੁਲਕ ਸ਼ਾਇਦ ਈਸਾਈ ਬਣਿਆ ਹੁੰਦਾ।

ਸਤਿਗੁਰੂ ਰਾਮ ਸਿੰਘ ਜੀ ਬਾਰੇ ਤਾਂ ਡਾ: ਹਰਿਭਜਨ ਦੇ ਇਹ ਵਿਚਾਰ ਹਨ :

"ਸਤਿਗੁਰੂ ਰਾਮ ਸਿੰਘ ਜੀ ਭਾਰਤ ਦੀ ਅਜੇਹੀ ਮਾਣਯੋਗ ਹਸਤੀ ਹਨ ਜਿਨਾਂ ਨੇ ਧਰਮ, ਦੇਸ਼ ਅਤੇ ਸਭਿਆਚਾਰ ਦੇ ਖੇਤਰ ਵਿਚ ਵੱਡਮੁਲੀ ਸੇਵਾ ਕੀਤੀ, ਗਲਫਤ ਵਿਚ ਸੁਤੀ ਕੌਮ ਨੂੰ ਝੂਨ ਕੇ ਜਗਾਇਆ ਅਤੇ ਉਹਨੂੰ ਆਪਣੇ ਦੇਸ਼ ਦੀਆਂ ਠੇਠ ਕਦਰਾਂ-ਕੀਮਤਾਂ ਨਾਲ ਜੋੜਿਆ। ਲੋਕਾਂ ਵਿਚ ਆਪਣੇ ਸਮੇਂ ਇਤਿਹਾਸ ਨਾਲ ਜਿਉਂਦਾ -ਜਾਗਦਾ ਸੰਬੰਧ ਸਥਾਪਤ ਕਰਨ ਦੀ ਚੇਤਨਾ ਜਗਾਈ, ਜਿਸ ਦੀ ਜੋਤ ਲਗਭਗ ਡੇਢ ਸਦੀ ਬੀਤ ਬਾਅਦ ਵੀ ਆਪਣੀ ਪਹਿਲੀ ਆਬ-ਤਾਬ ਨਾਲ ਜਾਗਦੀ ਪ੍ਰਤੀਤ ਹੁੰਦੀ ਹੈ।

ਸਤਿਗੁਰੂ ਰਾਮ ਸਿੰਘ ਦੇ ਉਪਕਾਰਾਂ ਨੂੰ ਤਾਂ ਭਾਰਤ ਵਾਸੀ ਕਦੇ ਭੁੱਲ ਨਹੀਂ ਸਕਦੇ ਜੇ ਉਨ੍ਹਾਂ ਨੂੰ ਉਨ੍ਹਾਂ ਦੇ ਬਾਰੇ ਇਤਿਹਾਸਕ ਜਾਣਕਾਰੀ ਹੋਵੇ, ਪਰ ਇਤਿਹਾਸਕਾਰ ਤੇ ਸਰਕਾਰ ਅਜੇ ਤਕ ਸਤਿਗੁਰੂ ਰਾਮ ਸਿੰਘ ਜੀ ਬਾਰੇ ਨਾਂ ਤਾਂ ਬਹੁਤਾ ਇਤਿਹਾਸ ਲਿਖ ਸਕੇ ਹਨ ਤੇ ਨਾ ਹੀ ਕੋਈ ਵੱਡੀ ਯਾਦਗਾਰ ਹੀ ਕਾਇਮ ਕੀਤੀ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਸੁਤੰਤਰਤਾ ਦੇ ਮੋਢੀ ਸਤਿਗੁਰੂ ਰਾਮ ਸਿੰਘ ਦੀ ਅਜਿਹੀ ਯਾਦਗਾਰ ਕਾਇਮ ਕਰੇ।

***

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਉਹਨਾਂ ਦੇ ਸਿੱਖ ਅਤੇ ਜਜ਼ਬਾ ਏ ਸ਼ਹਾਦਤ

ਅਜੀਤ ਸਿੰਘ ਚੀਮਾਂ

ਲੋਕ ਸਦਾ ਸਤਿਕਾਰ ਨੇ ਦੇਂਦੇ, ਨੇਕ ਸੁਲਖਣੀ ਆਦਤ ਨੂੰ।
ਵਿੱਚ ਬੈਕੁੰਠਾਂ ਮਾਨ ਹੈ ਮਿਲਦਾ, ਰੱਬ ਦੀ ਸੱਚੀ ਅਬਾਦਤ ਨੂੰ।
ਪਰ ਜੋ ਦੇਸ਼ ਤੇ ਕੌਮ ਦੀ ਖਾਤਰ ਜਾਮ ਸ਼ਹਾਦਤ ਪੀ ਜਾਵੇ,
ਨਮਸਕਾਰ ਨੇ ਕਰਦੇ 'ਚੀਮਾਂ', ਲੋਕੀਂ ਉਸ ਸ਼ਹਾਦਤ ਨੂੰ।

ਸਤਿਗੁਰੂ ਰਾਮ ਸਿੰਘ ਜੀ ਨੇ ਜੋ ਉਪਕਾਰ ਕੀਤੇ ਹਨ ਉਹ ਗਿਣੇ ਨਹੀਂ ਜਾ ਸਕਦੇ ਪਰ ਜੋ ਉਨ੍ਹਾਂ ਇਸ ਮਰੀ ਕੌਮ ਨੂੰ ਜਿੰਦਾ ਕਰਨ ਲਈ ਕੀਤਾ ਹੈ ਉਹ ਕਹਿਣ ਕਥਨ ਤੋਂ ਬਾਹਰਾ ਹੈ। ਅੰਗਰੇਜ਼ ਨੇ ਆਪਣੀ ਕੂਟਨੀਤੀ ਨਾਲ ਹਿੰਦੁਸਤਾਨ ਤੇ ਕਬਜ਼ਾ ਕਰ ਲਿਆ। ਅਣਖੀ ਲੋਕਾਂ ਨੂੰ ਸਖਤੀ ਨਾਲ ਕੁਚਲ ਸੁਟਿਆ ਅਤੇ ਬੇਅਣਖੀ ਲੋਕ ਅੰਗਰੇਜ਼ ਦੇ ਅੱਗੇ ਲੰਮੇ ਪੈ ਗਏ। ਅੰਗਰੇਜ਼ ਨੇ ਜ਼ਮੀਨਾਂ, ਸਰਦਾਰੀਆਂ ਤੇ ਖ਼ਤਾਬ ਦੇ ਕੇ ਅਮੀਰਾਂ ਨੂੰ ਖਰੀਦ ਲਿਆ। ਇਹ ਲੋਕ ਅੰਗਰੇਜ਼ ਦੇ ਟੋਡੀ ਤੇ ਬਟੂ ਚਟੂ ਬਣ ਕੇ ਗਾਉਣ ਲਗ ਪਏ, "ਦਿਨ ਦਿਨ ਰਾਜ ਸਵਾਇਆ ਟੋਪੀ ਵਾਲੇ ਦਾ।" ਬਹਾਦਰਾਂ ਦੀ ਕੌਮ ਬੁਜ਼ਦਿਲ ਤੇ ਕਾਇਰ ਬਣ ਗਈ। ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਸਪਿਰਟ ਇਨ੍ਹਾਂ ਵਕਾਰਾਂ ਵਿੱਚ ਪੈ ਕੇ ਗਵਾ ਲਈ। ਸਤਿਗੁਰੂ ਰਾਮ ਸਿੰਘ ਜੀ ਨੇ ੧੮੫੭ ਈ: ਦੀ ਵੈਸਾਖੀ ਨੂੰ ਸਿੱਖਾਂ ਨੂੰ ਅੰਮ੍ਰਿਤ ਛੱਕਾ ਕੇ ਸਿੱਖਾਂ ਨੂੰ ਆਪਣੇ ਆਪ ਦਾ ਅਹਿਸਾਸ ਕਰਾਇਆ ਪੰਜਾਬੀ ਸੂਰਮੇ ਲੱਖਾਂ ਦੀ ਤਾਦਾਦ ਵਿੱਚ ਅੰਮ੍ਰਿਤ ਛਕਣੇ ਸ਼ੁਰੂ ਹੋ ਗਏ। ਕਾਇਰਪੁਣਾ ਨਿਕਲ ਗਿਆ ਤੇ ਸਿੰਘ ਸ਼ੇਰਾਂ ਵਾਗ ਗੱਜਣ ਲੱਗੇ। ਹੁਣ ਮੌਤ ਦਾ ਡਰ ਲਹਿ ਗਿਆ, ਸੂਰਮੇ ਗੁਲਾਮੀ ਦਾ ਜੂਲਾ ਉਤਾਰਨ ਲਈ ਯਤਨ ਕਰਨ ਲੱਗੇ। ਅੰਗਰੇਜ਼ਾਂ ਥਾਂ ਥਾਂ ਤੇ ਬੁਚੜਖਾਨੇ ਖੋਲ੍ਹ ਕੇ ਪੰਜਾਬੀਆ ਦੀ ਅਣਖ ਨੂੰ ਵੰਗਾਰਿਆ। ਅੰਮ੍ਰਿਤਸਰ ਘੰਟਾ ਘਰ ਕੋਲ ਰਾਮ ਸਰੋਵਰ ਦੇ ਬਿਲਕੁਲ ਨੇੜੇ ਬੁਚੜਖਾਨਾ ਖੋਲ੍ਹ ਦਿੱਤਾ। ਕਾਂ, ਇੱਲਾਂ, ਗਿਰਜਾਂ ਹੱਡੀਆਂ ਤੇ ਮਾਸ ਦੀਆਂ ਬੋਟੀਆਂ ਸਰੋਵਰ ਵਿੱਚ ਸੁੱਟ ਕੇ ਸਰੋਵਰ ਦੀ ਪਵਿਤ੍ਰਤਾ ਨੂੰ ਭੰਗ ਕਰਨ ਲੱਗੇ। ਆਖਰ ਕੁਝ ਨਾਮਧਾਰੀ ਸਿੰਘ, ਲਹਿਣਾ ਸਿੰਘ ਮਿਸਤਰੀ ਦੇ ਘਰ ਬੈਠਕੇ ਇਸ ਘੋਰ ਪਾਪ ਦਾ ਬੂਟਾ ਪੁੱਟਣ ਲਈ ਇੱਕਠੇ ਹੋਏ। ਸਿੰਘਾਂ ਰਾਤ ਨੂੰ ਗਊਆਂ ਦੇ ਰਸੇ ਵੱਢਣ ਲਈ ਬੁਚੜਖਾਨੇ ਤੇ ਹਮਲਾ ਕੀਤਾ। ਕੁਝ ਬੁਚੜ ਮਾਰੇ ਗਏ, ਗਊਆਂ ਦੇ ਰੱਸੇ ਖੋਲ੍ਹ ਕੇ ਬੁਚੜ ਖਾਨਿਓਂ ਗਊਆਂ ਬਾਹਰ ਕੱਢ ਦਿੱਤੀਆਂ। ਸਿੰਘ ਪਿੱਛੋਂ ਆਪਣੇ ਆਪਣੇ ਰਾਹ ਪਏ। ਅੰਮ੍ਰਿਤਸਰ ਵਿੱਚ ਨਿਰਦੋਸ਼ ਲੋਕਾਂ ਦੀ ਕੁੱਟ ਮਾਰ ਹੋਈ।

ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ:

ਜਦ ਸਤਿਗੁਰੂ ਰਾਮ ਸਿੰਘ ਜੀ ਨੂੰ ਪਤਾ ਲਗਾ ਕਿ ਸਾਕਾ ਸ: ਲਹਿਣਾ ਸਿੰਘ, ਸ: ਬੀਹਲਾ ਸਿੰਘ ਹੋਰਾਂ ਕੀਤਾ ਹੈ ਤਾਂ ਸਤਿਗੁਰੂ ਜੀ ਨੇ ਉਹਨਾਂ ਨੂੰ ਹੁਕਮ ਦਿੱਤਾ ਕੇ ਬੋਹਲ ਤੁਸੀਂ ਬਨਾਓ ਤੇ ਚੁੱਕ ਕੇ ਹੋਰ ਕੋਈ ਲੈ ਜਾਵੇ, ਇਹ ਠੀਕ ਨਹੀਂ ਜਾਓ ਸ਼ਹੀਦੀਆਂ ਪਾਓ। ਇਨਾਂ ਸਿੰਘਾਂ ਨੇ ਅੰਮ੍ਰਿਤਸਰ ਆਕੇ ਕਚਹਿਰੀ ਵਿੱਚ ਆਪਣੇ ਜੁਰਮ ਦਾ ਇਕਬਾਲ ਕੀਤਾ। ਗਿਆਨੀ ਹੀਰਾ ਸਿੰਘ ਦਰਦ ਇਸ ਦੀ ਪ੍ਰੋੜਤਾ ਇਸ ਤਰ੍ਹਾਂ ਕਰਦੇ ਹਨ।

"ਜਦੋਂ ਉਹ ਬਾਬਾ ਰਾਮ ਸਿੰਘ ਪਾਸ ਗਏ ਤਾਂ ਉਨ੍ਹਾਂ ਤਾੜ ਕੇ ਕਿਹਾ ਕਿ ਤੁਸੀਂ ਕਤਲ ਕਰਕੇ ਨੱਠੇ ਫਿਰਦੇ ਹੋ ਅਤੇ ਤੁਹਾਡੇ ਥਾਂ ਬੇਗੁਨਾਹ ਫੜੇ ਗਏ ਹਨ। ਕੀ ਇਹ ਸਿੰਘਾਂ ਦਾ ਕੰਮ ਹੈ ਕਿ ਆਪਣੀ ਜਾਨ ਬਚਾ ਕੇ ਦੂਜਿਆਂ ਨੂੰ ਫਸਾ ਦੇਣਾ ? ਜਾਓ ਅਦਾਲਤ ਵਿੱਚ ਜਾ ਕੇ ਆਪਣੇ ਕਸੂਰ ਨੂੰ ਮੰਨ ਕੇ ਉਨ੍ਹਾਂ ਬੇਗੁਨਾਹਾਂ ਨੂੰ ਛੁਡਾਓ।"

ਪਾਠਕ ਇਥੋਂ ਅੰਦਾਜ਼ਾ ਲਾਉਣ ਕਿ ਸਤਿਗੁਰੂ ਜੀ ਨੇ ਇਨ੍ਹਾਂ ਵਿੱਚ ਸ਼ਹਾਦਤ ਦਾ ਜਜ਼ਬਾ ਕਿਵੇਂ ਪੈਦਾ ਕੀਤਾ। ਸ: ਫ਼ਤਹਿ ਸਿੰਘ, ਸ: ਲਹਿਣਾ ਸਿੰਘ, ਸ: ਹਾਕਮ ਸਿੰਘ, ਸ: ਬੀਹਲਾ ਸਿੰਘ ਨੇ ਜੁਰਮ ਦਾ ਇਕਬਾਲ ਕੀਤਾ ਅਤੇ ਹੱਸ ਹੱਸ ਕੇ ਫਾਂਸੀਆਂ ਦੇ ਰੱਸੇ ਆਪਣੇ ਗਲਾਂ ਵਿਚ ਪਾ ਕੇ ਜਾਮੇ ਸ਼ਹਾਦਤ ਪੀਤਾ।

ਹਾਕਮ ਸਿੰਘ ਦੀ ਮਾਤਾ ਦੀ ਕੁਰਬਾਨੀ:

ਹਾਕਮ ਸਿੰਘ ਪਟਵਾਰੀ ਦੀ ਮਾਂ ਆਪਣਾ ਕੋਠਾ ਉਧੇੜ ਕੇ ਲੱਕੜਾਂ, ਅੰਮ੍ਰਿਤਸਰ ਲਿਆ ਕੇ, ਸ਼ਹੀਦਾਂ ਦਾ ਸਸਕਾਰ ਕੀਤਾ, ਇਸ ਤੋਂ ਵਧ ਮਾਂ ਕੀ ਕੁਰਬਾਨੀ ਕਰ ਸਕਦੀ ਹੈ।

ਮਲੇਰਕੋਟਲੇ ਦੇ ਸਾਕੇ ਦੇ ਕੁਝ ਅਹਿਮ ਨੁਕਤੇ:

ਜਦ ਸ: ਗੁਰਮੁਖ ਸਿੰਘ, ਨੰਬਰਦਾਰ ਫਰਵਾਹੀ ਨੇ ਆ ਕੇ ਬਲਦ ਤੇ ਜ਼ੁਲਮ ਤੇ ਉਸ ਨੂੰ ਕਤਲ ਕਰਨ ਦੀ ਘਟਨਾ ਭੈਣੀ ਸਾਹਿਬ ਆ ਕੇ ਬਿਆਨ ਕੀਤੀ ਤਾਂ ਸਿੰਘਾਂ ਦਾ ਖ਼ੂਨ ਖੌਲ ਉਠਿਆ। ਇਸ ਪਾਪ ਨੂੰ ਦੂਰ ਕਰਨ ਲਈ ਲਲਕਾਰਾ ਮਾਰ ਕੇ ਕਿਹਾ ਕਿ ਆਓ ਜਿਸ ਨੇ ਮੌਤ ਨਾਲ ਮਿਤਰਤਾ ਗੰਢਣੀ ਹੈ। ਤਲਵਾਰ ਨਾਲ ਲੀਕ ਕੱਢਕੇ ਸ: ਹੀਰਾ ਸਿੰਘ ਕਿਹਾ ਆਓ ਜਿਸ ਸ਼ਹਾਦਤ ਦੇਣੀ ਹੈ ਸ਼ਹਾਦਤ ਹੀ ਕੌਮ ਨੂੰ ਜਗਾਂਦੀ ਹੈ।

ਸ਼ਹਾਦਤ ਕੇ ਹਰ ਕਤਰੇ ਮੇਂ ਛੁਪਾ ਈਮਾਨ ਹੋਤਾ ਹੈ।
ਜ਼ੁਲਮ ਜਿਸ ਮੇਂ ਡੂਬੇ ਵਹ ਹੀ ਸਲਾਬੇ ਤੂਫਾਨ ਹੋਤਾ ਹੈ।
ਸ਼ਹੀਦੋਂ ਕੀ ਕਤਲਗਾਹ ਸੇ ਕਬ ਹੈ ਬੇਹਤਰ ਕਾਬਾ।

Namdhari Elibrary NamdhariElibrary@gmail.com

ਖ਼ੁਦਾ ਭੀ ਸ਼ਹੀਦੇ ਖ਼ਾਕ ਮੇਂ ਕੁਰਬਾਨ ਹੋਤਾ ਹੈ।

ਉਸਦੀ ਵੰਗਾਰ ਨਾਲ ਦਰਦੀ ਸਿੰਘ ਸਿਰ ਤੇ ਕਫਨ ਬੰਨ੍ਹ ਕੇ ਜੂਝਣ ਲਈ ਤਿਆਰ ਹੋ ਪਏ।

ਜਜ਼ਬਾ ਏ ਇਸ਼ਕ :

ਜਦ ਇਸ ਜਥੇ ਦੀ ਸ਼ਹੀਦੀ ਪਾਉਣ ਲਈ ਤਿਆਰੀ ਲਾਂਗਰੀਆਂ ਨੇ ਸੁਣੀ ਤਾਂ ਲੰਗਰ ਵਿੱਚੋਂ ਸੰਤ ਚੜ੍ਹਤ ਸਿੰਘ ਤੇ ਸੰਤ ਉਤਮ ਸਿੰਘ ਜੀ ਆਪਾ ਵਾਰਨ ਲਈ ਇਸ ਸ਼ਹੀਦੀ ਜਥੇ ਵਿੱਚ ਸ਼ਾਮਲ ਹੋਣ ਲਈ ਆ ਗਏ । ਇਨ੍ਹਾਂ ਲੰਗਰ ਦੀ ਸੇਵਾ ਕਰਨ ਨਾਲੋਂ ਦੇਸ਼ ਲਈ ਆਪਾ ਵਾਰਨ ਨੂੰ ਤਰਜੀਹ ਦਿਤੀ। ਜਿਸ ਜਥੇ ਨਾਲ ਮਾਈ ਖੇਮ ਕੌਰ ਤੇ ਮਾਈ ਇੰਦ ਕੌਰ ਵੀ ਆ ਮਿਲੀਆਂ। ਇਹ ਜਥਾ ਰਾਤ ਰੱਬੋਂ ਜਾ ਕੇ ਰਿਹਾ। ਹਥਿਆਰ ਲੈਣ ਲਈ ਮਲੌਦ ਦੇ ਸਰਦਾਰ ਬਦਨ ਸਿੰਘ ਨਾਲ ਟੱਕਰ ਹੋਈ ਕੁਝ ਸਿੰਘ ਏਥੇ ਸ਼ਹੀਦ ਹੋਏ। ਇਥੋਂ ਜਬਰਦਸਤੀ ਹਥਿਆਰ ਖੋਹ ਕੇ ਮਲੇਰਕੋਟਲੇ ਨੂੰ ਚਾਲੇ ਪਾਏ।

ਅਨੋਖੀ ਘਟਨਾ:- ਜਦ ਇਹ ਜੱਥਾ ਧਮੋਟ ਪਿੰਡ ਕੋਲੋਂ ਜਾ ਰਿਹਾ ਸੀ ਤਾਂ ਓਥੇ ਇਕ ਹਲਵਾਹਕ ਗਭਰੇਟੂ ਨੌਜਵਾਨ ਨੇ ਸਿੰਘਾਂ ਨੂੰ ਪੁੱਛਿਆ ਕਿ ਆਪ ਕਿੱਥੇ ਜਾ ਰਹੇ ਹੋ? ਸ: ਹੀਰਾ ਸਿੰਘ ਕਿਹਾ ਕਿ ਦੇਸ਼ ਨੂੰ ਸਾਡੇ ਖ਼ੂਨ ਦੀ ਲੋੜ ਹੈ। ਜ਼ਾਲਮ ਦੇਸ਼ ਨੂੰ ਬਰਬਾਦ ਕਰਨ ਲਈ ਤੁਲਿਆ ਹੈ। ਅਸੀਂ ਇਸ ਗੁਲਾਮੀ ਦੇ ਸੰਗਲਾਂ ਨੂੰ ਤੋੜਨਾ ਹੈ। ਉਹ ਪੋਡੂ ਆਪਣਾ ਘਰ ਬਾਰ, ਛੱਡ ਕੇ ਸ਼ਹਾਦਤ ਪਾਣ ਲਈ ਤੁਰ ਪਿਆ।

'ਜਬ ਸੇ ਪਤਾ ਚਲਾ ਹੈ ਮਰਨੇ ਮੇਂ ਜ਼ਿੰਦਗੀ ਹੈ, ਸਿਰ ਪੇ ਕਫਨ ਕੋ ਓੜ ਕਰ ਕਾਤਲੋਂ ਕੋ ਢੂੰਡਤਾ ਹੂੰ।" ਸਿੰਘਾਂ ਚਿੜੀਮਾਰ ਮਹੱਲੇ ਤੇ ਹੱਲਾ ਬੋਲਿਆ, ਘਮਸਾਨ ਦਾ ਯੁੱਧ ਹੋਇਆ। ਦੋਹਾਂ ਪਾਸਿਉ ਨੁਕਸਾਨ ਹੋਇਆ। ਸਿੰਘ ਆਪਣਾ ਕੰਮ ਕਰਕੇ ਰੜ ਪਿੰਡ ਨੂੰ ਨਿਕਲ ਤੁਰੇ।

ਸਮੁੰਦ ਖਾਂ ਦਾ ਹਮਲਾ

ਜਦ ਸਮੁੰਦ ਖਾਂ ਨੂੰ ਪਤਾ ਲੱਗਾ ਕਿ ਸਿੰਘ ਇਸ ਤਰਫ ਗਏ ਹਨ ਤਾਂ ਉਸ ਕੁਛ ਬੰਦੇ ਨਾਲ ਲੈ ਕੇ ਪਿਛੇ ਦੌੜ ਕੇ ਸਿੰਘਾਂ ਤੇ ਹਮਲਾ ਕਰਨਾ ਚਾਹਿਆ। ਰੜ ਪਿੰਡ ਕੋਲ ਸੁਮੰਦ ਖਾਂ ਤੇ ਹੀਰਾ ਸਿੰਘ ਦਾ ਟਾਕਰਾ ਹੋਇਆ। ਹੀਰਾ ਸਿੰਘ ਕਿਹਾ, "ਸਮੁੰਦ ਖਾਂ ਤੂੰ ਬੜੀ ਸੱਧਰ ਨਾਲ ਲੜਨ ਆਇਆ ਹੈਂ, ਪਹਿਲਾਂ ਤੂੰ ਵਾਰ ਕਰ, ਸਮੁੰਦ ਖਾਂ ਦੇ ਵਾਰ ਨਾਲ ਸ: ਹੀਰਾ ਸਿੰਘ ਦਾ ਖੱਬਾ ਗੁੱਟ ਕਟਿਆ ਗਿਆ। ਫਿਰ ਸ: ਹੀਰਾ ਸਿੰਘ ਨੇ ਵਾਰ ਕਰਕੇ ਸਮੁੰਦ ਖਾਂ ਦਾ ਸਿਰ ਪਹਿਲੇ ਵਾਰ ਨਾਲ ਹੀ ਕੱਟ ਦਿੱਤਾ। ਦੂਜੇ ਸਾਥੀ ਸਮੁੰਦ ਖਾਂ ਦੇ ਦੌੜ ਗਏ।

ਰੜ੍ਹ ਦੇ ਲੋਕਾਂ ਵਲੋਂ ਮੁਖ਼ਬਰੀ

ਕੁਝ ਅੰਗਰੇਜ਼ ਪੱਖੀ ਲੋਕਾਂ ਨੇ ਸ਼ੇਰਪੁਰ ਥਾਣੇ ਰਿਪੋਰਟ ਕੀਤੀ। ਉੱਤਮ ਸਿੰਘ ਥਾਣੇਦਾਰ ਨੇ ਨਾਮਧਾਰੀ ਲਿਬਾਸ ਵਿੱਚ ਸਿੰਘਾਂ ਨੂੰ ਸ਼ੇਰਪੁਰ ਦੇ ਥਾਣੇ ਵਿੱਚ ਬੰਦ ਕੀਤਾ।

ਰੜ੍ਹ ਦੇ ਉਨ੍ਹਾਂ ਟੋਡੀਆਂ ਨੂੰ ਸਰਾਫ਼

ਜਿਸ ਪ੍ਰਵਾਰ ਨੇ ਜੱਥੇ ਨੂੰ ਕੈਦ ਕਰਾਉਣ ਲਈ ਰਪੋਰਟ ਕੀਤੀ ਸੀ। ਉਸ ਪ੍ਰਵਾਰ ਦੇ ਹਰ ਜੀਅ ਦੀਆਂ ਅੱਖਾਂ ਵਿੱਚ ਮੌਤ ਵੇਲੇ ਕੀੜੇ ਪੈ ਜਾਂਦੇ ਹਨ ਤੇ ਉਹ ਦੁਖੀ ਹੋ ਕੇ ਮਰਦਾ ਹੈ। ਇਸ ਗੱਲ ਦੀ ਤਸਦੀਕ ਮੈਂ ਰੜ ਪਿੰਡ ਖ਼ੁਦ ਕਰ ਕੇ ਆਇਆ ਹਾਂ।

ਮਲੇਰਕੋਟਲੇ ਕੂਕਿਆਂ ਦਾ ਕੋਲਰ

ਇਨ੍ਹਾਂ ਸਿੰਘਾਂ ਨੂੰ ਫੜ ਕੇ ਕੂਕਿਆਂ ਦੇ ਕੋਲਰ ਵਿੱਚ ਲਿਆਂਦਾ ਗਿਆ। ਸ: ਹੀਰਾ ਸਿੰਘ ਨੂੰ ਪੁਛਿਆ ਕਿ ਆਪ ਦੀ ਕੋਈ ਆਖਰੀ ਖਾਹਿਸ਼ ਹੈ ਤਾਂ ਸ: ਹੀਰਾ ਸਿੰਘ ਕਿਹਾ:

ਮੇਰੀ ਇਕੋ ਤਮੰਨਾ ਅਖੀਰ ਦੀ ਏ,
ਤੋਪ ਵਲ ਮੈਨੂੰ ਮੂੰਹ ਕਰਨ ਦੇਵੇ।
ਮੌਤ ਲਾੜੀ ਦੇ ਘੁੰਡ ਨੂੰ ਚੁੱਕ ਦੇਵੇ,
ਨੰਗੇ ਮੂੰਹ ਮੈਨੂੰ ਇਨੂੰ ਵਰਨ ਦੇਵੇ।
ਕੱਚੇ ਘੜੇ ਨ ਚੱਪੂ ਦੀ ਲੋੜ ਕੋਈ,
ਲਹਿਰ ਇਸ਼ਕ ਝਨਾਂ ਵਿੱਚ ਤਰਨ ਦੇਵੇ।
ਨਾਜ਼ਕ ਪੈਰਾਂ ਨੂੰ ਦੇਸ਼ ਪਿਆਰ ਪਿੱਛੇ,
ਤੱਤੀ ਰੇਤ ਦੇ ਕਹਿਰ ਨੂੰ ਜਰਨ ਦੇਵੇ।
ਇਸ ਮੌਤ ਦੀ ਮੈ ਦੇ ਜਾਮ ਤਾਈਂ,
ਨੱਕ ਚਾੜ ਕੇ ਤੇ ਕਦੀ ਚਖਨਾ ਨਹੀਂ।
ਸਾਡੀ ਕੰਡ ਜੇ ਤੋਪ ਦੇ ਵੱਲ ਕੀਤੀ,
ਕਿਸੇ ਲਿਸਟ ਸ਼ਹੀਦਾਂ ਵਿੱਚ ਰਖਣਾ ਨਹੀਂ।

ਇਥੇ ਕਈ ਲੋਕ ਅਧੂਰੀ ਜਾਣਕਾਰੀ ਦੇ ਸਿਰੇ ਤੇ ਕਹਿੰਦੇ ਹਨ ਕਿ ਕੂਕਿਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾਇਆ ਗਿਆ।

ਮੂੰਹ ਬੋਲਦੀ ਸਚਾਈ

ਜੇ ਕਰ ਤੋਪਾਂ ਨਾਲ ਬੰਨ੍ਹ ਕੇ ਮਾਰਨ ਦੀ ਘਟਨਾ ਸੱਚ ਹੈ ਤਾਂ ਵਰਿਆਮ ਸਿੰਘ ਮਹਿਰਾਜ ਦਾ ਕੱਦ ਛੋਟਾ ਸੀ ਉਸ ਨੂੰ ਵੀ ਤੋਪ ਨਾਲ ਬੰਨ੍ਹ ਕੇ ਉਡਾ ਦੇਂਦੇ। ਉਸਨੂੰ ਥੜ੍ਹੀ ਬਣਾ ਕੇ ਤੋਪ ਜਿੰਨ੍ਹਾਂ ਉਚਾ ਹੋਣ ਦੀ ਕੀ ਲੋੜ ਸੀ ਪਰ ਸਿਆਣੇ ਜਦ ਦਲੀਲ ਦੀ ਤੱਕੜੀ ਤੇ ਤੋਲਦੇ ਹਨ ਤਾਂ ਸਚਾਈ ਸਾਹਮਣੇ ਆ ਹੀ ਜਾਂਦੀ ਹੈ। ਸੰਤ ਵਰਿਆਮ ਸਿੰਘ ਦੇ ਅੰਦਰ ਸਤਿਗੁਰੂ ਰਾਮ ਸਿੰਘ ਜੀ ਦੇ ਅਸੂਲਾਂ ਦਾ ਅਸਰ ਸੀ। ਇਸ ਲਈ ਜੇ ਵਰਿਆਮ ਸਿੰਘ ਥੜੀ ਬਣਾ ਕੇ ਤੋਪ ਅੱਗੇ ਉੱਡ ਸਕਦਾ ਹੈ ਤਾਂ ਦੂਜੇ ਬਹਾਦਰ ਕਿਵੇਂ ਤੋਪਾਂ ਨਾਲ ਬੰਨ੍ਹੇ ਗਏ? ਅਸਲੀਅਤ ਇਹ ਹੈ ਕਿ ਸਾਰੇ ਸਿੰਘ ਤੋਪਾਂ ਅਗੇ ਮੂੰਹ ਕਰਕੇ ਸ਼ਹੀਦੀਆਂ ਪਾ ਗਏ।

ਬਿਸ਼ਨ ਸਿੰਘ ਦੀ ਦਲੇਰੀ

ਬਿਸ਼ਨ ਸਿੰਘ ਦੀ ਉਮਰ ਕੁਲ ਬਾਰਾਂ ਸਾਲ ਦੀ ਸੀ। ਇਸ ਦੇ ਪਿਤਾ ਦਾ ਨਾਂ ਸ: ਚੜ੍ਹਤ ਸਿੰਘ ਸੀ। ਜਦ ਇਸ ਦੀ ਤੋਪ ਅੱਗੇ ਉਡਣ ਦੀ ਵਾਰੀ ਆਈ ਤਾਂ ਡਿਪਟੀ ਕਮਿਸ਼ਨਰ ਕਾਵਨ ਦੀ ਮੇਮ ਨੇ ਕਿਹਾ, "ਇਸ ਖ਼ੂਬਸੂਰਤ ਬੱਚੇ ਨੂੰ ਛੱਡ ਦਿੱਤਾ ਜਾਵੇ।" ਕਾਵਨ ਨੇ ਕਿਹਾ, "ਜੇ ਇਹ ਬੱਚਾ ਆਖ ਦੇਵੇ ਕਿ ਮੈਂ ਗੁਰੂ ਰਾਮ ਸਿੰਘ ਦਾ ਸਿੱਖ ਨਹੀ ਤਾਂ ਮੈਂ ਇਸ ਨੂੰ ਛੱਡ ਦਿਆਂਗਾ।" ਬਿਸ਼ਨ ਸਿੰਘ ਨੂੰ ਜਦ ਕਿਹਾ ਕਿ ਤੂੰ ਆਖਦੇ ਕਿ ਤੂੰ ਗੁਰੂ ਰਾਮ ਸਿੰਘ ਦਾ ਸਿੱਖ ਨਹੀ ਤਾਂ ਉਸ ਕਿਹਾ, "ਮੈਂ ਕਾਵਨ ਦੇ ਕੰਨ ਵਿੱਚ ਦੱਸਾਂਗਾ।" ਜਦ ਕਾਵਨ ਨੇੜੇ ਹੋਇਆ ਤਾਂ ਬਿਸ਼ਨ ਸਿੰਘ ਨੇ ਇੰਨੇ ਜ਼ੋਰ ਨਾਲ ਕਾਵਨ ਦੀ ਦਾੜ੍ਹੀ ਫੜੀ ਕਿ ਉਹ ਮੌਤ ਦੇ ਕਰੀਬ ਪੁੱਜ ਗਿਆ। ਆਖਰ ਬਿਸ਼ਨ ਸਿੰਘ ਦੇ ਦੋਵੇਂ ਹੱਥ ਵੱਢ ਕੇ ਕਾਵਨ ਦੀ ਦਾੜ੍ਹੀ ਛੁਡਾਈ।

ਜਜ਼ਬੇ ਦਾ ਇੰਤਹਾ

ਸਤਿਗੁਰੂ ਰਾਮ ਸਿੰਘ ਜੀ ਨੇ ਕਿਹਾ ਸੀ ਬਿਲਿਆ ਮੈ ਘਰ ਘਰ ਰਾਮ ਸਿੰਘ ਪੈਦਾ ਕਰ ਦਿਆਂਗਾ। ਉਹ ਸ਼ਬਦ ਸਾਕਾਰ ਹੋਏ, ਘਰ ਘਰ ਵਿੱਚ ਰਾਮ ਸਿੰਘ ਪੈਦਾ ਹੋਇਆ। ੧੯੪੭ ਵਿੱਚ ਦੇਸ਼ ਆਜ਼ਾਦ ਹੋਇਆ। ਜਦ ਨਾਮਧਾਰੀ ਸਿੰਘ ਸ਼ਹੀਦੀਆਂ ਪਾਣ ਲੱਗੇ ਸਨ ਤਾਂ ਉਨ੍ਹਾਂ ਦੇਸ਼ ਦੇ ਆਗੂਆਂ ਨੂੰ ਕਿਹਾ ਸੀ ਕਿ "ਹਮੇਂ ਭੀ ਯਾਦ ਰੱਖੇ ਜਬ ਲਿਖੇਂ ਤਾਰੀਖ਼ ਗੁਲਸ਼ਨ ਕੀ, ਕਿ ਹਮ ਨੇ ਭੀ ਲੁਟਾਇਆ ਹੈ ਚਮਨ ਮੇ 'ਆਸ਼ੀਆਂ ਅਪਨਾ। ❧❧❧

Namdhari Elibrary NamdhariElibrary@gmail.com

ਗੁਪਤ ਗਿਆਰ੍ਹਵਾਂ-ਸਤਿਗੁਰੂ

ਜਸਪਾਲ ਕੌਰ

ਜਾਮੇ ਧਾਰੇ ਦਸ ਗੁਰੂ , ਨਵਸਤ ਕਲਾ ਸੁਧਾਰ।
ਗੁਪਤ ਗਿਆਰ੍ਹਵਾਂ ਖੇਲਸੀ ਕੋਇਕ ਪਾਵੈ ਪਾਰ।।

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ 'ਗੁਰਿੰਡਨਾਮੇ' ਵਿੱਚ ਲਿਖਿਆ ਹੈ ਕਿ ਦਸ ਗੁਰੂ ਜਾਮੇ, ਸੋਲਾਂ ਕਲਾ ਸੰਪੂਰਨ ਸਨ ਤੇ ਗਿਆਰ੍ਹਵਾਂ ਜਾਮਾ ਗੁਪਤ ਰਹਿ ਕੇ ਜੀਵਨ ਖੇਡ ਖੇਡੇਗਾ। ਉਸਦਾ ਪਾਰਾਵਾਰ ਕੋਈ ਸੋਝੀਵਾਨ ਪੁਰਖ ਹੀ ਪਾ ਸਕੇਗਾ। ਜਿਵੇਂ ਘੜੇ ਵਿੱਚ ਪਏ ਦੀਪਕ ਦੀ ਲਖਤਾ ਕਿਸੇ ਸੂਝਵਾਨ ਨੂੰ ਹੀ ਹੁੰਦੀ ਹੈ, ਉਵੇਂ ਹੀ ਆਪਜੀ ਦੀ ਲਖਤਾ ਕਿਸੇ ਗਿਆਨਵਾਨ ਪੁਰਖ ਨੂੰ ਹੀ ਹੋਵੇਗੀ। ਇਹ ਗਿਆਰ੍ਹਵਾਂ ਜਾਮਾ ਸਨ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਜਿਨ੍ਹਾਂ ਦਾ ਪਾਵਨ ਪਵਿੱਤਰ ਨਾਮ 'ਬਿਸਰ ਗਈ ਸਭ ਤਾਤ ਪਰਾਈ' ਤੁੱਕ ਦੇ ਪਹਿਲੇ ਅੱਖਰ 'ਬ' ਤੇ ਰੱਖਿਆ ਗਿਆ ਸੀ। ਜਿਨ੍ਹਾਂ ਨੇ ਪਿਤਾ ਦਿਆਲ ਸਿੰਘ ਦੇ ਘਰ ਨੂੰ ਭਾਗ ਲਾਏ ਸਨ ਤੇ ਮਾਤਾ ਭਾਗ ਭਰੀ ਦੀ ਕੁੱਖ ਨੂੰ ਭਾਗਾਂ ਵਾਲਾ ਕੀਤਾ ਸੀ। ਜੋ ਰਾਖੇ ਬਣੇ ਸਨ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਖਾਲਸਾ ਪੰਥ ਦੇ। ਜਿਨ੍ਹਾਂ ਦੇ ਜਨਮ ਸਮੇਂ ਕਿਹਾ ਜਾਂਦਾ ਹੈ ਮਾਤਾ ਭਾਗਭਰੀ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਏ ਸਨ। ਜਿਨ੍ਹਾਂ ਦੇ ਜਨਮ ਸਮੇਂ ਸੰਤ ਇੰਦਰ ਸਿੰਘ ਚਕਰਵਰਤੀ ਅਨੁਸਾਰ ਪੰਡਤਾਂ ਅਤੇ ਜੋਤਸ਼ੀਆਂ ਨੇ ਭਵਿਖਬਾਣੀ ਕੀਤੀ ਸੀ, "ਦਿਆਲ ਸਿੰਘ ਆਪਦਾ ਪੁੱਤਰ ਕੋਈ ਸਾਧਾਰਨ ਬਾਲਕ ਨਹੀਂ, ਏਸਦਾ ਨੱਛਤਰ, ਏਸਦੀ ਹਸਤ ਰੇਖਾ ਅਤੇ ਮਸਤਕ ਝਲਕ ਏਹ ਸੂਚਨਾ ਪਈ ਦੇਂਦੀ ਹੈ ਕਿ ਇਹਨਾਂ ਨੂੰ ਜਗਤ ਗੁਰੂ ਈਸ਼ਵਰ ਅਵਤਾਰ ਮੰਨਕੇ ਜਗਤ ਵਿਖੇ ਪੂਜਿਆ ਜਾਵੇਗਾ। ਜਿਸ ਬੰਨੇ ਇਹ ਆਪਣੀ ਸੁਭਾਵਕ ਦ੍ਰਿਸ਼ਟੀ ਨਾਲ ਤਕਣਗੇ ਮਿੱਟੀ ਸਵਰਨ ਅਤੇ ਬਿੱਖ ਅੰਮ੍ਰਿਤ ਹੋ ਜਾਸੀ। ਅਨੇਕ ਜੀਆਂ ਨੂੰ ਭਵਸਾਗਰ ਥੀ ਪਾਰ ਉਤਾਰਨ ਲਈ ਏਹ ਬਾਲਕ ਖੇਵਟ ਹੋਸੀ।"

ਨਾਮਧਾਰੀ ਇਤਿਹਾਸ (ਹਿੱਸਾ ਪਹਿਲਾ)

ਰਾਵਲ ਪਿੰਡੀ ਦੇ ਭਗਤ, ਬਾਬੇ ਸਾਈਂ ਸਾਹਿਬ, ਜੋ ਸਤਿਗੁਰੂ ਬਾਲਕ ਸਿੰਘ ਜੀ ਦੇ ਸਮਕਾਲੀ ਹੋਏ ਹਨ ਤੇ ਹਜ਼ੂਰੀ ਵੀ ਬੜਾ ਸਮਾਂ ਰਹੇ ਹਨ, ਦੇ ਖਾਨਦਾਨ ਦੇ ਭਾਈ ਬਿਸ਼ਨ ਦਾਸ ਜੀ ਦੇ ਲਿਖੇ ਗ੍ਰੰਥ ਅਨੁਸਾਰ ਤੇ ਸੰਮਤ ੧੯੮੮ ਵਿੱਚ ਕੈਮਲਪੁਰ, ਹਜ਼ਰੋਂ ਸਰਵਾਲਾ ਤੇ ਛੋਈ ਆਦਿ ਪਿੰਡਾਂ ਵਿਚ ਸੰਤ ਇੰਦਰ ਸਿੰਘ ਚਕਰਵਰਤੀ ਨੇ ਆਪ ਜਾ ਕੇ ਖੋਜ ਕਰਕੇ ਆਪਜੀ ਦਾ ਅਵਤਾਰ ਧਾਰਨ ਦਾ ਸਮਾਂ ਫਗਣ ਸੁਦੀ ੧੫ (ਪੂਰਨਮਾਸੀ) ਸੰਮਤ ੧੮੪੧ ਤੇ ਪਿੰਡ ਸਰਵਾਲਾ ਦਸਿਆ ਹੈ, ਨਾ ਕਿ ਸੰਮਤ ੧੮੫੬ ਤੇ ਪਿੰਡ ਛੋਈ ਜੋ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿੱਚ ਦਿੱਤਾ ਹੈ। ਸਤਿਗੁਰੂ ਬਾਲਕ ਸਿੰਘ ਜੀ ਬਾਰੇ



ਮਿਲੀ ਇਕ ਹਸਤ-ਲਿਖਤ ਪੁਸਤਕ ਵਿਚ ਵੀ ਸੰਤ ਜੀ ਨੂੰ ੧੮੪੧ ਬਿਕਰਮੀ ਤੇ ਪਿੰਡ ਸਰਵਾਲਾ ਹੀ ਆਪਜੀ ਦਾ ਜਨਮ ਸੰਮਤ ਤੇ ਸਥਾਨ ਮਿਲਿਆ ਸੀ ਜੋ ਦੂਜੇ ਲੇਖਕਾਂ ਨਾਲੋ ਜਿਆਦਾ ਪ੍ਰਮਾਣੀਕ ਤੇ ਸਹੀ ਹੈ।

ਆਪਜੀ ਦਾ ਬਚਪਨ ਵੀ ਕੁਝ ਹੱਦ ਤਕ ਸਤਿਗੁਰੂ ਨਾਨਕ ਦੇਵ ਜੀ ਦੇ ਬਚਪਨ ਵਾਂਗ ਹੀ ਸੀ। ਕਿਹਾ ਜਾਂਦਾ ਹੈ ਕਿ ਉਹਨਾਂ ਵਾਂਗ ਹੀ ਆਪ ਵੀ ਘਰੋਂ ਪਦਾਰਥ ਲੈ ਜਾ ਕੇ ਲੋਕਾਂ ਨੂੰ ਵੰਡਦੇ ਸਨ ਤੇ ਕਹਿੰਦੇ ਸਨ ਕਿ ਧਨ ਬੀਜ ਰਹੇ ਹਨ ਜੋ ਬਹੁਤਾ ਉਗੇਗਾ, ਵਧੇਗਾ, ਫੁਲੇਗਾ। ਅੱਠ ਸਾਲਾਂ ਦੀ ਛੋਟੀ ਉਮਰ ਵਿੱਚ ਹੀ ਆਪਜੀ ਨੇ ਉਸ ਸਮੇਂ ਦੀ ਪ੍ਰਚਲਿਤ ਭਾਸ਼ਾ ਲੰਡੇ ਤੇ ਪੰਜਾਬੀ ਸਿੱਖ ਲਈ। ਆਪਜੀ ਦੇ ਅਚਰਜ ਤੇ ਲੀਲਾ ਨੂੰ ਵੇਖ ਵੇਖ ਸਰਵਾਲਾ ਨਿਵਾਸੀ ਅਚਰਜ ਹੁੰਦੇ ਸਨ। ਸਭ ਆਦਰ ਦੀ ਨਿਗਾਹ ਨਾਲ ਤੱਕਦੇ ਸਨ। ਭਜਨ ਬੰਦਗੀ ਤਾਂ ਆਪ ਸਦਾ ਕਰਦੇ ਹੀ ਸਨ।

ਆਪਜੀ ਦੇ ਪਿਤਾ ਜੀ ਨੇ, ਛੋਈ ਪਿੰਡ ਵਿੱਚ ਹੱਟੀ ਪਾਈ ਹੋਈ ਸੀ। ਆਪ ਕਈ ਵਾਰ ਹੱਟੀ ਤੇ ਛੋਈ ਪਿੰਡ ਜਾਂਦੇ। ਰਸਤੇ ਵਿੱਚ ਜਿਥੇ ਹਰੋ ਨਦੀ ਤੇ ਦਰਿਆ ਸਿੰਧ ਦਾ ਸੰਗਮ ਹੈ ਬੜਾ ਹੀ ਰਮਣੀਕ ਨਜ਼ਾਰਾ ਹੈ ਜੋ ਬਦੋ ਬਦੀ ਮਨੁੱਖ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਪਰਮਾਤਮਾ ਦੀ ਕੁਦਰਤ ਨੂੰ ਲਖ ਕੇ ਬੰਦਾ ਉਸਦੀ ਬੰਦਗੀ ਵਿੱਚ ਲੀਨ ਹੋ ਜਾਂਦਾ ਹੈ। ਇੱਕ ਦਿਨ ਆਪ ਜੀ, ਜਦੋਂ ਅੰਮ੍ਰਿਤ ਵੇਲੇ ਆਪਣੇ ਪਿਤਾ ਦੀ ਹੱਟੀ ਤੇ ਜਾ ਰਹੇ ਸਨ ਤਾਂ ਆਪਜੀ ਨਾਲ ਇਸੀ ਤਰ੍ਹਾਂ ਦਾ ਕੁਝ ਵਾਪਰਿਆ। ਕਹਿੰਦੇ ਹਨ ਕਿ ਉਸ ਰਮਣੀਕ ਥਾਂ ਨੇ ਆਪਨੂੰ ਰੱਬ ਦੀ ਭਗਤੀ ਵਿੱਚ ਲੀਨ ਕਰ ਦਿੱਤਾ। ਆਪ ਚੌਕੜਾ ਮਾਰ ਕੇ ਬੈਠ ਗਏ। ਅੰਤਰ ਧਿਆਨ ਹੋ ਗਏ। ਸਮਾਧੀ ਲੱਗ ਗਈ। ਇੰਨੇ ਨੂੰ ਕੀ ਵੇਖਦੇ ਹਨ ਕਿ ਪੰਜਾਂ ਸਿੰਘਾਂ ਸਮੇਤ ਗੁਰੂ ਗੋਬਿੰਦ ਸਿੰਘ ਜੀ ਘੋੜੇ ਤੇ ਸਵਾਰ ਆ ਰਹੇ ਹਨ। ਆਪਨੇ ਝੱਟ ਪੱਟ ਉੱਠ ਕੇ ਘੋੜੇ ਦੀ ਵਾਗ ਫੜ ਲਈ। ਦਰਸ਼ਨ ਕਰਕੇ ਨਿਹਾਲ ਹੋਏ ਕਿਉਂਕਿ ਆਪ ਜੀਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਉਹ ਮਹਾਂਪੁਰਖ ਹੀ ਜਾਤਾ ਸੀ ਜਿਸਦੀ ਮੂਰਤੀ ਹਿਰਦੇ ਪਟਲ ਤੇ ਆਪਦੇ ਪਿਤਾ ਜੀ ਦਵਾਰਾ ਅੰਕਿਤ ਕੀਤੀ ਗਈ ਸੀ। ਸਤਿਗੁਰੂ ਜੀ ਨੇ ਵੀ ਉਹਨਾਂ ਦਾ ਸੰਸਾ ਮਿਟਾਇਆ ਤੇ ਆਪਣੇ ਮੁਖਾਰਬਿੰਦ ਤੋਂ ਅਲਾਇਆ ਕਿ ਉਹ ਪੰਥ ਦੇ ਉਧਾਰ ਤੇ ਸੇਵਕਾਂ ਦੀ ਮੁਕਤੀ ਲਈ ਹੁਣ ਤੱਕ ਗੁਪਤ ਰਹੇ

Namdhari Elibrary NamdhariElibrary@gmail.com

ਹਨ। ਆਪਣੇ ਪਿਛਲੇ ਵਚਨ ਪੂਰੇ ਕਰਨ ਲਈ, ਆਪ ਜੀ ਨੂੰ ਗੁਰਗੱਦੀ ਦੀ ਸੌਂਪਨਾ ਕਰਨ ਲਈ ਕਿਹਾ। ਸੰਤ ਨਿਧਾਨ ਸਿੰਘ ਜੀ ਨੇ ਗੁਰੂ ਪਦ ਪ੍ਰਕਾਸ਼ ਬਸੰਤ ਨੰਬਰ ਸੰਮਤ ੧੯੮੬ ਵਿੱਚ ਇਸ ਬਾਰੇ ਲਿਖਿਆ ਹੈ। ਸਤਿਗੁਰੂ ਗੋਬਿੰਦ ਸਿੰਘ ਜੀ ਪੰਜ ਪੈਸੇ ਤੇ ਨਾਰੀਅਲ ਮਰਯਾਦਾ ਅਨੁਸਾਰ ਰੱਖਕੇ, ਗੁਰੂ ਬਾਲਕ ਸਿੰਘ ਜੀ ਨੂੰ ਗੁਰਿਆਈ ਦਿੱਤੀ। ਸਤਿਗੁਰੂ ਜੀ ਨੇ ਫੁਰਮਾਇਆ ਕਿ "ਇਹ ਅਮਾਨਤ ਮੈਂ ਤੁਹਾਡੇ ਕੋਲ ਰੱਖ ਰਿਹਾ ਹਾਂ। ਰਾਮ ਸਿੰਘ ਦੇ ਰੂਪ ਵਿੱਚ ਮੈਂ ਆਪ ਕੋਲੋਂ ਲੈ ਲਵਾਂਗਾ।" ਜਿਸਨੂੰ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿੱਚ ਇਸ ਤਰ੍ਹਾਂ ਵਰਨਣ ਕੀਤਾ ਹੈ:

ਬਾਲਕ ਮ੍ਰਿਗੇਸ ਤੈ ਵਿਸੇਸ ਉਪਦੇਸ ਨਾਮ
ਯਦੀ ਨਰ ਨਾਰੀ ਲੈ ਅਪਾਰੀ ਭਵ ਤੈ ਤਰੇ।
ਔਰ ਇਲਹਾਮ ਕਰਤਾਰ ਕਈ ਬਾਰ ਦਯੋ,
ਨਾਮ ਦੈ ਉਧਾਰ ਕਰਿ ਜੀਵਨ ਕਾ ਤੂੰ ਖਰੇ।
ਔਪੈ ਗੁਰ ਦਸਮ ਦਰਸ ਦੈ ਜੋ ਕਹਯੋ ਤਾਂਹਿ,
ਮੇਰੋ ਅਵਤਾਰ-ਅੰਸ ਰਾਮ ਸਿੰਘ ਹ੍ਵੈ ਭਰੈ।
ਯਾਂਹਿ ਹੇਤ ਤਾਂਹਿ ਨਾਂਹਿ ਔਰ ਕਾਂਹਿ ਮਾਂਹਿ,
ਨਿਜ ਸ਼ਕਤਿ ਰਖਾਈ, ਗੁਰੂ ਵਾਕ ਦ੍ਰਿਢ ਥੇ ਖਰੇ।

ਇਸ ਸੁਲਖਣੀ ਘੜੀ ਤੋਂ ਬਾਅਦ ਆਪ ਹਜ਼ੂਰੋਂ ਹੀ ਰਹਿਣ ਲੱਗ ਪਏ। ਨਾਮ ਦਾ ਅਥਾਹ ਪਰਵਾਹ ਚਲ ਪਿਆ। ਇਸਤਰੀ ਪੁਰਸ਼ ਸਭ ਨੂੰ ਨਾਮਦਾਨ ਦਿੱਤਾ ਜਾਣ ਲੱਗ ਪਿਆ। ਸਤਿਗੁਰੂ ਜੀ ਆਪ ਸਦਾ ਨਾਮ ਖੁਮਾਰੀ ਵਿੱਚ ਰਹਿੰਦੇ। ਇਥੋਂ ਤੱਕ ਕਿ ਅਕਾਲਪੁਰਖ ਨੇ ਸਾਖਿਆਤ ਦਰਸ਼ਨ ਦੇ ਕੇ ਦੁਨੀਆਂ ਦਾ ਭਲਾ ਕਰਨ ਲਈ ਕਿਹਾ। ਅਭੇਦਤਾ ਦੇ ਵਰ ਦੀ ਦਾਤ ਬਖਸ਼ੀ। ਨਾਮ ਦਾ ਪ੍ਰਚਾਰ ਕਰਨ ਲਈ ਕਿਹਾ। ਲੁਕਵੇਂ ਸਾਧੂ ਸੰਤ ਸਰੂਪ ਭਾਈ ਜਵਾਹਰ ਮੱਲ ਜੀ ਨਾਲ ਮਿਲਾਪ ਹੋਇਆ। ਫਲ ਸਵਰੂਪ ਭਾਈ ਜੀ ਗਦਗਦ ਹੋ ਗਏ। ਨਾਮਧਾਰੀ ਇਤਿਹਾਸ, ਹਿੱਸਾ ਪਹਿਲਾ ਵਿੱਚ ਲਿਖਿਆ ਹੈ ਕਿ "ਅਕਾਲ ਪੁਰਖ ਨੇ ਆਪ ਜੀ ਨੂੰ ਕਿਹਾ ਕਿ ਤੁਹਾਡੇ ਉੱਤੇ ਸ੍ਰੀ ਦਸ਼ਮੇਸ਼ ਜੀ ਦੀ ਕਿਰਪਾ ਹੋਈ ਹੈ। ਤੁਹਾਨੂੰ ਆਪਣੀ ਥਾਂ ਕਾਇਮ ਕਰ ਗਏ ਹਨ। ਇਸ ਲਈ ਤੇਰੇ ਮੁੱਖ ਥੀਂ ਹੀ ਸੰਸਾਰ ਨੂੰ ਭਜਨ ਦੁਆਣਾ ਹੈ।" ਇਸ ਤਰ੍ਹਾਂ ਆਪ ਜੀ ਨੇ ਸੰਸਾਰ ਸਾਗਰ ਦੀ ਭਿਆਨਕ ਬੜਵਾਨਲ ਵਿੱਚ ਸੜਬਲ ਰਹੇ ਜੀਆਂ ਨੂੰ ਸਾਂਤੀ ਪ੍ਰਦਾਨ ਕੀਤੀ। ਨਾਮ ਦਾ ਭੰਡਾਰਾ ਇਸ ਕਲਜੁੱਗ ਵਿਚ ਵੰਡਿਆ। ਭਜਨ ਦੀ ਦਾਤ ਪਾ ਭਜਨ ਕਰਦੇ ਲੋਕੀ ਮਸਤ ਰਹਿੰਦੇ। ਆਪਜੀ ਨੇ ਜਨਮ ਮਰਨ ਦੇ ਬੰਧਨਾਂ ਤੋਂ ਬਚਣ ਲਈ ਕੁਝ ਉਪਦੇਸ਼ ਦਿੱਤੇ ਜੋ ਇਸ ਪ੍ਰਕਾਰ ਹਨ:- ਝੂਠ ਨਹੀ ਬੋਲਣਾ, ਕਿਸੇ ਦੇ ਘਰ ਦੀ ਕੋਈ ਚੀਜ਼ ਇਥੋਂ ਤੱਕ ਯਗ ਆਦਿ ਵਿਚੋਂ ਵੀ ਨਹੀਂ ਖਾਣੀ। ਚੋਰੀ ਨਹੀ ਕਰਨੀ, ਪਰ ਨਾਰੀ ਗਮਨ ਨਹੀ ਕਰਨਾ, ਸਗੋਂ ਮਾਂ, ਭੈਣ, ਧੀ ਸਮਝਣਾ, ਪਰਸ਼ਾਦ ਦਾ ਲਾਲਚ ਨਹੀਂ ਕਰਨਾ, ਗੁਪਤ ਭਜਨ ਕਰਨਾ, ਉਚੀ ਨਹੀਂ ਕਰਨਾ, ਕਿਸੇ ਨੂੰ ਨਹੀਂ ਦਸਣਾ, ਬਾਣੀ ਦਾ ਪਾਠ ਕਰਨਾ, ਗੁਰੂ ਸਾਹਿਬਾਂ ਦੇ ਬਚਨ ਤੇ ਪ੍ਰਤੀਤ ਕਰਨੀ, ਮਲੇਛਾਂ ਦੀ ਨੌਕਰੀ ਨਹੀਂ ਕਰਨੀ, ਧਰਮ ਦੀ ਕਿਰਤ ਕਰਕੇ ਵੰਡ ਛੱਕਣਾ, ਅੱਠੇ ਪਹਿਰ ਭਜਨ ਕਰਨਾ, ਦਸਵੰਧ ਦੇਣਾ, ਇੱਕ ਅਕਾਲ ਪੁਰਖ ਤੋਂ ਬਿਨਾ ਤੇ ਸਤਿਗੁਰ ਤੋਂ ਬਿਨਾਂ ਕਿਸੇ ਚੀਜ਼ ਦੀ ਪੂਜਾ ਨਹੀਂ ਕਰਨੀ। ਧਰਮਸ਼ਾਲਾ ਦੇ ਕੜਾਹ ਦੀ ਇੱਛਾ ਵੀ ਨਹੀਂ ਕਰਨੀ, ਕਣਕ ਦੇ ਦਾਣੇ ਜਿਤਨਾ ਲੈਣਾ, ਫਤਹਿ ਨਹੀਂ ਬੁਲਾਉਣੀ, ਚਰਨੀਂ ਹੱਥ ਲਾਣਾ ਤੇ ਸਤਿ ਸ੍ਰੀ ਅਕਾਲ ਬੁਲਾਉਣੀ।

ਆਪਜੀ ਨੇ ਭਜਨ ਦੇਣ ਦੀ ਮਰਯਾਦਾ ਤਿੰਨ ਤਰ੍ਹਾਂ ਦੀ ਦੱਸੀ ਪਹਿਲੀ ਕੰਨ ਵਿੱਚ ਗੁਪਤ, ਦੂਸਰੀ ਕੱਲਿਆਂ ਲਿਜਾਕੇ ਤੀਸਰੀ ਅਕਾਸ਼ਬਾਣੀ ਦੁਆਰਾ ਜੋ ਮੁਸ਼ਲਮਾਨਾਂ ਲਈ ਸੀ।

ਆਪ ਤੋਂ ਸੰਗਤਾਂ ਨਾਮ ਪੁਛ ਗਿਛ ਦਿਵਾਨੀਆਂ ਹੋਣ ਲੱਗੀਆਂ ਤੇ ਹੋਰ ਲੋਕ ਵੀ ਸੰਗਤ ਵਿੱਚ ਸ਼ਾਮਲ ਹੋਣ ਲਗੇ। ਪਰ ਇਹਨਾਂ ਵਿਚੋਂ ਕੁਝ ਲੋਕ ਐਸੇ ਵੀ ਸਨ ਜਿਹੜੇ ਸਤਿਗੁਰੂ ਜੀ ਦੀ ਪਰੀਖਿਆ ਲੈਣਾ ਚਾਹੁੰਦੇ ਸਨ। ਭਾਵੇਂ ਇਹ ਕੋਈ ਬਹੁਤ ਵੱਡੀ ਪਰੀਖਿਆ ਨਹੀਂ ਸੀ ਹੁੰਦੀ ਪਰ ਹੁੰਦੀ ਤਾਂ ਪਰੀਖਿਆ ਹੀ ਸੀ ਤੇ ਮਨ ਨੂੰ ਧੀਰਜ ਆ ਹੀ ਜਾਂਦੀ। ਕਈ ਲੋਕ ਤਾਂ ਇਸ ਨੂੰ ਸੰਜੋਗ ਵੀ ਕਹਿ ਦੇਂਦੇ ਹਨ ਪਰ ਅੰਤਰਆਤਮਾ ਇਕ ਵੱਖਰੀ ਗੱਲੰ ਹੈ ਜੋ ਕਿਸੇ ਕਰਨੀ ਵਾਲੇ ਸਾਧ, ਪੂਰਨ ਪੁਰਖ ਦੇ ਪੱਲੇ ਹੀ ਹੁੰਦੀ ਹੈ। ਸੋ ਇਕ ਝੀਵਰ ਨੇ ਵੀ ਆਪ ਨੂੰ ਪਰਤਾਇਆ। ਉਸ ਝੀਵਰ ਨੇ ਇਹ ਸੋਚਿਆ ਕਿ ਵਿਚਕਾਰਲੇ ਘੜੇ ਟੁੱਟ ਜਾਣ। ਤਾਂ ਵਿਚਕਾਰਲੰ ਘੜੇ ਕੜਕ ਕਰਕੇ ਟੁੱਟ ਗਏ। ਇਸ ਪ੍ਰਕਾਰ ਕਿਸੇ ਹੋਰ ਮਨੁੱਖ ਨੇ ਸੋਚਿਆ ਕਿ ਆਪ ਅਜ ਜੰਗਲ ਮੈਦਾਨ ਇਸ ਰਸਤੇ ਨਾ ਜਾ ਕੇ ਦੂਸਰੇ ਰਸਤੇ ਜਾਣ ਤਾਂ ਇਹਵੀ ਉਸ ਮਨੁਖ ਦੀ ਇੱਛਾ ਅਨੁਸਾਰ ਹੋਇਆ ਤੇ ਉਸਦਾ ਆਪਜੀ ਦੇ ਅਟੁਟ ਵਿਸ਼ਵਾਸ ਬੱਝ ਗਿਆ।

ਲੋਕਾਂ ਨੂੰ ਕਿਰਤ ਕਰਨ ਦੀ ਮਹਾਨਤਾ ਦਸਣ ਲਈ ਆਪ ਜੀ ਨੇ ਸਰਾਫ਼ ਦੀ ਹੱਟੀ ਕੀਤੀ। ਆਪ ਦਸਾਂ ਨਹੁੰਆਂ ਦੀ ਕਿਰਤ ਕਰਦੇ ਤੇ ਲੋਕਾਂ ਦੀ ਮਦਦ ਕਰਦੇ ਸਨ, ਗਰੀਬ ਗੁਰਬੇ ਦੀ ਥੋੜ੍ਹ ਪੂਰੀ ਕਰਦੇ ਸਨ ਆਰਥਕ ਮੰਗ ਦੇ ਨਾਲ ਨਾਮ ਦਾਨ ਵੀ ਦੇਈ ਜਾਂਦੇ ਸਨ। ਮਲਯਾਰ ਜਾਤ ਦੀ ਮੁਸਲਮਾਨ ਤੀਵੀਂ ਪਰਵਾਰੋਂ ਹੋਕੇ ਆਈ ਸਭ ਨੂੰ ਉਸਨੇ ਕੂਕ ਕੂਕ ਕੇ ਕਿਹਾ ਕਿ ਗੁਰੂ ਬਾਲਕ ਸਿਘ ਖੁਦਾ ਦਾ ਨੂਰ ਹੈ, ਖੁਦ ਖੁਦਾ ਹੈ। ਉਹ ਇਹਨਾਂ ਦੇ ਭਜਨ ਕਰਕੇ ਨਿਹਾਲ ਹੋਈ ਹੈ। ਲੋਕਾਂ ਨੂੰ ਵੀ ਪ੍ਰੇਰਦੀ ਕਿ ਸਤਿਗੁਰੂ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਨਾਮ ਬਾਣੀ ਜਪਣ ਤੇ ਦੁੱਖ ਕਲੇਸ਼ ਦੂਰ ਕਰਨ। ਸਾਧ ਸੰਗਤ ਦੀ ਰਜ਼ਾ ਮੰਨਕੇ ਆਪ ਜੀ ਨੇ ਇੱਕ ਸਿੱਖ ਦੀ ਬੇਨਤੀ ਪ੍ਰਵਾਨ ਕੀਤੀ। ਬਗੀਚੀ ਵਿੱਚ ਖੂਹੀ ਲਵਾਈ ਜਿਥੇ ਸਾਰੀ ਸੰਗਤ ਭਜਨ ਬੰਦਗੀ ਕਰਦੀ ਕਥਾ ਸੁਣਦੀ। ਵੱਡੀ ਧਰਮਸਾਲਾ ਵਿੱਚ ਆਪਨੇ ਕਥਾ ਪ੍ਰਾਰੰਭ ਕੀਤੀ। ਆਪ ਸਦਾ ਪਿਛਲੇ ਪਹਿਰ ਦੀ ਕਥਾ ਕਰਕੇ ਚੁਬਾਰੇ ਵਿੱਚ ਚਲੇ ਜਾਂਦੇ। ਸਭ ਦੇ ਸੌਂ ਜਾਣ ਤੇ ਨਦੀ ਤੇ ਜਾ ਕੇ ਚੌਂਕੜਾ ਮਾਰ ਕੇ ਬੈਠਦੇ, ਸਮਾਧੀ ਲਾਂਦੇ ਤੇ ਪ੍ਰਭੂ ਭਗਤੀ ਵਿੱਚ ਲੀਨ ਹੋ ਜਾਂਦੇ। ਕਈ ਵਾਰੀ ਸਾਰੀ ਸਾਰੀ ਰਾਤ ਲਿਵ ਲੱਗੀ ਰਹਿੰਦੀ।

ਆਪਜੀ ਨੇ ਭਜਨ ਦੇਣ ਦੀ ਮਰਯਾਦਾ ਤਿੰਨ ਤਰ੍ਹਾਂ ਦੀ ਦੱਸੀ ਪਹਿਲੀ ਕੰਨ ਵਿੱਚ ਗੁਪਤ, ਦੂਸਰੀ ਕੱਲਿਆਂ ਲਿਜਾਕੇ ਤੀਸਰੀ ਅਕਾਸ਼ਬਾਣੀ ਦੁਆਰਾ ਜੋ ਮੁਸਲਮਾਨਾਂ ਲਈ ਸੀ। ਆਪਜੀ ਨੇ ਧਨੀ ਰਾਮ ਨੂੰ ਸੁਪਨੇ ਵਿੱਚ ਭਜਨ ਦਿੱਤਾ ਤੇ ਉਸਨੇ ਹਜ਼ੂਰੋਂ ਜਾ ਕੇ ਚੁਅਖਰੇ ਦਾ ਪੂਰਾ ਭਜਨ ਪ੍ਰਾਪਤ ਕੀਤਾ। ਉਹਨੇ ਠਾਕਰਾਂ ਦੀ ਪੂਜਾ ਛੱਡ ਦਿੱਤੀ। ਉਸਨੇ ਲੋਕਾਂ ਨੂੰ ਪ੍ਰੇਰਿਆ। ਸਭ ਭਜਨ ਦੀ ਪ੍ਰਾਪਤੀ ਕਰਕੇ

Namdhari Elibrary NamdhariElibrary@gmail.com

ਨਾਮ ਜਪਦੇ। ਵੈਰਾਗੀ ਹੋ ਜਾਂਦੇ। ਭਾਈ ਸੰਤ ਸਿੰਘ ਹੋਤੀ ਮਰਦਾਨ ਦਰਸ਼ਨ ਕਰਕੇ ਮੋਹਿਤ ਹੋ ਗਿਆ ਤੇ ਸਿੱਖ ਬਣ ਗਿਆ। ਗਲ ਕੀ ਸਭ ਹੀ ਲੋਕਾਂ ਨੂੰ ਪ੍ਰਭੂ ਵਾਲੇ ਪਾਸੇ ਲਾਇਆ। ਗੁਰਬਾਣੀ ਦੀ ਤੁਕ 'ਕਾਰਜ ਕਾਮ ਬਾਟ ਘਾਟ ਜਪੀਜੈ ਅਤੇ ਰਸਨਾ ਰਾਮ ਰਸਾਇਣੁ ਪੀਜੈ।" ਅਨੁਸਾਰ ਕਿਰਤ ਕਰਦਿਆਂ, ਤੁਰਦਿਆਂ, ਫਿਰਦਿਆਂ ਰਸਨਾ ਕਰਕੇ ਨਾਮ-ਰੂਪ ਅੰਮ੍ਰਿਤ ਰਸ ਦਾ ਪਾਨ ਕਰਨ ਦਾ ਉਪਦੇਸ਼ ਦਿੱਤਾ।

ਅੰਤ ਵਿੱਚ ਉਹਨਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੀ ਸਿੱਖੀ ਸੇਵਕੀ ਇਨ੍ਹੀ ਵੱਧ ਗਈ ਸੀ ਕਿ ਮਿਸਟਰ ਗ੍ਰੀਨ, ਅਸਿਸਟੈਂਟ ਡਿਸਟ੍ਰਿਕਟ ਸੁਪਰਡੰਟ ਪੁਲਿਸ ਅਟਕ ਨੂੰ ੧੮੬੩ ਈ: ਰਪੋਰਟ ਵਿੱਚ ਕਿਹਾ ਕਿ "ਲਗਭਗ ੧੬ ਸਾਲ ਪਹਿਲਾਂ (ਉਸ ਸਮੇਂ ਤੋਂ) ਇੱਕ ਸਿੱਖ ਜਿਸ ਦਾ ਨਾਂ ਬਾਲਕ ਸਿੰਘ, ਜੋ ਜ਼ਾਤ ਅਰੋੜਾ ਦਾ ਸੀ, ਨੇ ਰਾਵਲ ਪਿੰਡੀ ਜਿਲੇ ਦੇ, ਹਜ਼ਰੋ ਸਥਾਨ ਤੋਂ ਸਿਖਾਂ ਦੇ ਇੱਕ ਨਵੇਂ ਸਮਾਜ ਦੀ ਸਥਾਪਨਾ ਕੀਤੀ। ਉਹਦੇ ਸਿੱਖਾਂ ਦਾ ਨਾਮ ਜਗਿਆਸੂ ਜਾਂ ਅਭਿਆਸੀ ਸੀ। ਉਹਨਾਂ ਨੇ ਆਪਣੇ ਸਮੇਂ ਆਲੇ-ਦੁਆਲੇ ਦੇ ਬਹੁਤ ਸਾਰੇ ਲੋਕਾਂ ਦਾ ਧਰਮ ਪਰਵਰਤਨ ਕਰ ਦਿੱਤਾ। ਉਹਨਾਂ ਦੇ ਸਭ ਤੋਂ ਵੱਧ ਨੇੜੇ ਤਿੰਨ ਸਿੱਖ ਸਨ- ਕਾਹਨ ਸਿੰਘ ਜਿਹੜਾ ਹੁਣ ਹਜ਼ਰੋ ਵਿਚ ਇਸ ਸੰਪਰਦਾਇ ਦਾ ਮੁਖੀ ਹੈ- ਦੂਸਰਾ ਲਾਲ ਸਿੰਘ ਜਿਹੜਾ ਹੁਣ ਅੰਮ੍ਰਿਤਸਰ ਦਾ ਵਾਸੀ ਹੈ- ਤੀਸਰਾ ਰਾਮ ਸਿੰਘ ਜਿਹੜਾ ਕੁਝ ਸਾਲ ਹੋਏ ਭੈਣੀ ਪਿੰਡ ਦਾ ਵਾਸੀ ਸੀ।"

-ਰਿਬੈਲ ਅਗੇਂਨਸਟ ਦੀ ਬ੍ਰਿਟਿਸ਼ ਰੂਲ

ਉਹ (ਗੁਰੂ) ਰਾਮ ਸਿੰਘ ਜਦ ੧੮੪੧ ਈ: ਵਿੱਚ, ਫੌਜ ਵਿਚ ਹੁੰਦਿਆਂ ਪਿਸ਼ਾਵਰ ਵੱਲ ਨੂੰ ਗਏ ਤਾਂ ਉਹਨਾਂ ਕੁਝ ਹੋਰ ਖਾਲਸਾ ਫੌਜ ਦੇ ਸਿਪਾਹੀਆਂ ਸਹਿਤ ਹਜ਼ਰੋ ਸਤਿਗੁਰੂ ਬਾਲਕ ਸਿੰਘ ਜੀ ਦੇ ਚਰਨ ਪਰਸੇ ਤਾਂ ਆਪਨੇ, ਉਹਨਾਂ ਨੂੰ ਚੁਔਖਰਾ ਗੁਰ ਮੰਤਰ ਦਿੱਤਾ। ਕਈ ਲੋਕ, ਭੋਲੇ ਭਾਲੇ ਸਿਖਾਂ ਵਿਚ ਗਲਤ ਪ੍ਰਚਾਰ ਕਰ ਰਹੇ ਸਨ ਕਿ ਸਤਿਗੁਰੂ ਜੀ ਸਯਦਾਨੀ ਕਲਾਮ ਦੇਂਦੇ ਸਨ। ਪਰ ਗਿਆਨੀ ਗਿਆਨ ਸਿੰਘ ਜੀ ਆਪਣੇ ਨਿਜੀ ਤਜ਼ਰਬੇ ਦੇ ਅਧਾਰ ਤੇ ਲਿਖਦੇ ਹਨ ਕਿ ਸਤਿਗੁਰੂ ਬਾਲਕ ਸਿੰਘ ਜੀ ਨੇ ਗੁਰੂ ਰਾਮ ਸਿੰਘ ਜੀ ਨੂੰ ਵੀ:

"ਦੀਓ ਮੰਤ੍ਰਰਾਜ ਸ੍ਰੀ ਵਾਹਿਗੁਰੂ ਕਾਜ ਸਾਜ,
ਜਾਂਹਿ ਸਮ ਔਰ ਨਾ ਦਰਾਜ ਫਲ ਦਾਇਕੈ।
ਕੋਊ ਜੋ ਕਹਿਤ ਥੇ ਕਲਾਮ ਦੀਨੀ ਸਯੌਦਾਨੀ,
ਸੋਊ ਸਭ ਕੂਰ ਹਮ ਦੇਖਯੋ ਅਜਮਾਇ ਕੈ।

ਉਸ ਸਮੇਂ ਔਗੇ ਗੁਰਗੱਦੀ ਦੇਣ ਬਾਰੇ, ਸੰਤ ਇੰਦਰ ਸਿੰਘ ਚਕਰਵਰਤੀ ਜੀ ਲਿਖਦੇ ਹਨ ਕਿ, "ਓਸੇ ਵੇਲੇ ਓਥੇ ਹੀ ਸਤਿਗੁਰੂ ਬਾਲਕ ਸਿੰਘ ਜੀ ਨੇ ਪੰਜ ਪੈਸੇ ਅਤੇ ਨਾਰੀਅਲ ਮੰਗਾ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਗੇ ਰੱਖ ਕੇ ਪੰਜ ਪ੍ਰਕਰਮਾ ਕਰਕੇ ਨਮਸਕਾਰ ਕਰ ਦਿੱਤੀ ਅਤੇ ਬਚਨ ਕੀਤਾ ਕਿ ਠਾਕਰ ਜੀ ਇਹ ਇਮਾਨਤ ਸੀ ਤੁਹਾਨੂੰ ਹੀ ਸੌਂਪ ਦਿੱਤੀ ਹੈ।"

-ਨਾਮਧਾਰੀ ਇਤਿਹਾਸ ਹਿੱਸਾ ਪਹਿਲਾ

ਉਸ ਤੋਂ ਬਾਅਦ ਸਤਿਗੁਰੂ ਬਾਲਕ ਸਿੰਘ ਜੀ ਕੋਲ ਜਿਹੜਾ ਵੀ ਸਖਸ਼ ਨਾਮ ਲੈਣ ਆਉਂਦਾ, ਉਸਨੂੰ ਆਪ ਭੈਣੀ ਸਾਹਿਬ ਦੇ ਰਾਹ ਤੋਰਦੇ। ਆਪ ਖੁਦ ਭਜਨ ਬੰਦਗੀ ਚੰ ਲੀਨ ਰਹਿੰਦੇ। ਆਪ ਮਘਰ ਸੁਦੀ ਪੂਰਨਮਾਸੀ, ਸੰਮਤ ੧੯੧੯ ਬਿ (੧੮੬੨ ਈ:) ਨੂੰ ਜੋਤੀ ਜੋਤ ਸਮਾ ਗਏ।

ਬਾਬਾ ਜੱਸਾ ਸਿੰਘ ਜੀ ਦਾ ਅੰਤ ਸਮਾਂ

ਦੋ ਬਰਸ ਸ੍ਰੀ ਸਤਿਗੁਰੂ ਜੀ ਗਇਆਂ ਨੂੰ ਹੋਏ। ਇਕ ਰਾਤ ਬਾਬੇ ਜੱਸਾ ਸਿੰਘ ਜੀ ਕੋ ਦਿਸਟਾਨ ਮੇਂ ਦੋਨੋਂ ਭਾਈ ਸਤਿਗੁਰੂ ਰਾਮ ਸਿੰਘ ਜੀ ਤੇ ਮਹਾਰਾਜ ਹਰੀ ਸਿੰਘ ਜੀ ਬਾਬੇ ਕੋ ਇਸ਼ਨਾਨ ਕਰਾਇ ਕੇ ਰਥ ਉਤੇ ਝੜਾਇ ਕੇ ਦੋਨੋ ਭਾਈ ਗੁਪਤ ਹੋਇ ਗਏ।

ਬਾਬੇ ਕੇ ਨੇਤਰ ਖੁਲ ਗਏ। ਬਾਬੇ ਜੀ ਨੇ ਬਚਨ ਕੀਤਾ- ਸਾਨੂੰ ਤਾਂ ਚਲਾਣਿਆਂ ਕਾ ਹੁਕਮ ਹੈ।

ਅਗਲੀ ਰਾਤ ਕੋ ਬਾਬਾ ਜੱਸਾ ਸਿੰਘ ਜੀ ਬਚਨ ਕੀਤਾ, ਦੇਖੋ ਸਤਿਗੁਰੂ ਜੀ ਬੈਠੇ ਹੈਂ, ਮੈਨੂੰ ਦਿਸਦੇ ਹੈਂ। (ਏਕ ਸਮੇ ਬਾਬਾ ਜੱਸਾ ਸਿੰਘ ਜੀ ਸਤਿਗੁਰਾਂ ਅਗੇ ਅਰਜ਼ ਕੀਤੀ। ਜੀ ਜਦ ਮੇਰਾ ਅੰਤ ਸਮਾਂ ਹੋਵੇ ਤੁਸੀਂ ਕੋਲ ਹੋਵੋ! ਬਾਬੇ ਜੀ ਦੀ ਮੰਗ ਪੂਰੀ ਕਰਨ ਵਾਸਤੇ ਦਰਸ਼ਨ ਦੇ ਰਹੇ ਹੈਂ ਸਤਿਗੁਰੂ ਰਾਮ ਸਿੰਘ ਜੀ)

ਸਵਾ ਪਹਿਰ ਰਾਤ ਨਾਲ ਬਾਬਾ ਜੱਸਾ ਸਿੰਘ ਜੀ ਕਾ ਇਸਨਾਨ ਕਰਾਇਆ। ਮੰਜੇ ਪਰ ਬੈਠੇ ਈ ਬਾਬਾ ਜੱਸਾ ਸਿੰਘ ਜੀ ਸਮਾਇ ਗਏ। ਬਬਾਨ ਪਰ ਚੜ ਕੇ ਗੁਰੂ ਜੀ ਕੀ ਪੁਰੀ ਕੋ ਗਏ, ਸੰਮਤ ੧੯੩੦।

ਏਕ ਸਿੰਘ ਨੇ ਹਥ ਲਾਇਕੇ ਬਾਬੇ ਜੱਸਾ ਸਿੰਘ ਜੀ ਨੂੰ ਦੇਖਿਆ। ਪ੍ਰਾਣ ਹੈ ਨਹੀਂ, ਦੇਹ ਕਰਕੇ ਬੈਠੇ ਹੈਂ। ਚਾਰੋਂ ਤਰਫੋਂ ਮੇ ਬੈਠਕੇ ਭਜਨ ਕਰਨ ਲਗੇ। ਸਾਰਾ ਪਰਵਾਰ ਸੁਣ ਸੁਣ ਕੇ ਔਣੇ ਲਗੇ।

ਦਿਨ ਚੜੇ ਰਾਮਸਰ ਦਾਹ ਕਰਨੇ ਕੋ ਤਿਆਰੀ ਕੀਤੀ। ਚਿਖਾ ਚਿਨੀ ਹੋਈ ਸੀ। ਪਿੰਡ ਦੇ ਲੰਬਰਦਾਰ ਨੇ ਕਿਹਾ ਕੇ ਰਾਮ ਸਰ ਨਹੀਂ ਫੂਕਣ ਦਿਆਂਗੇ। ਪਿੰਡ ਕੇ ਮਸਾਣਾ ਮੇਂ ਫੂਕੋ ਕਿ ਸਾਡੇ ਖੇਤਾਂ ਮੈਂ ਹਡੀਆਂ ਦਾਣਿਆਂ ਮੇ ਰਲਦੀਆਂ ਹੈਂ। ਅਸੀਂ ਨਹੀਂ ਏਥੇ ਫੂਕਣ ਦਿਆਂਗੇ।

ਜਿਸ ਬਖਤ ਬਾਬਾ ਜੀ ਚੜਾਈ ਕਰਨ ਲਗੇ ਓਸ ਬਖਤ ਬਾਬੇ ਜੀ ਕੇ ਕੋਲ ਇਕ ਸਿੰਘ ਸੀ। ਬਚਨ ਕੀਤਾ ਸੀ ਕੇ ਮੈਨੂੰ ਮਨਸਾ ਰਾਮ ਕੀ ਸਮਾਧ ਕੋਲ ਦਾਹ ਕਰਨਾ। ਬਾਬੇ ਜੱਸਾ ਸਿੰਘ ਜੀ ਕਾ ਵਾਕ ਪੂਰਾ ਹੋਣੇ ਕੇ ਵਾਸਤੇ ਪਿੰਡ ਦਿਆਂ ਕੋ ਬਰਾ ਦੇਣਾ ਸੀ। ਸੀਹੋਂ ਸੁਖੂ ਹੋਰਾਂ ਨੇ ਨਾਂਹ ਕੀਤੀ ਕੇ ਅਸੀਂ ਆਪਣੇ ਖੇਤਾਂ ਮੈਂ ਦਾਹ ਨਹੀਂ ਹੋਣੇ ਦਿੰਦੇ। ਚਿਖਾ ਚਿਨੀ ਹੋਈ ਬੰਦ ਕਰਵਾਈ ਸੀ।

ਮਹਾਰਾਜ ਜੀ ਪਹਿਲੇ ਸਿੰਘ ਭੇਜਿਆ ਰਾਈਆਂ ਮੇ ਕਿ ਪੁਛ ਆਓ। ਓਸ ਸਾਧ ਨੇ ਕਿਹਾ ਲੈ ਆਉ। ਲਕੜੀਆਂ ਸੁਟੀਆਂ ਤੇ ਬਾਬੇ ਜੀ ਮਨਸਾ ਰਾਮ ਕੀ ਸਮਾਧ ਕੋਲ ਜਾਇ ਦਾਹ ਕੀਤੇ। ਚੜ੍ਹਦੇ ਪਾਸੇ ਸਮਾਧ ਕੇ। ਸਭ ਕੇ ਕੰਨ ਖੜੇ ਹੋਏ।

(ਬਾਰ) ਬਟਨ ਫਰੰਗੀ ਪੁਲਸ ਕਾ ਤਿਸਨੇ ਮੁਕਬਲ ਖੜੇ ਕੀਤੇ ਹੋਏ ਸੇ। ਸਭ ਖਵਰ ਭੇਜ ਦਿੰਦੇ ਸੇ।

ਬਾਬਾ ਸੰਤੋਖ ਸਿੰਘ ਜੀ-ਕਰਤਾ 'ਸਤਿਗੁਰੂ ਖਿਲਾਸ"
(ਹੱਥਲਿਖਤ)

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਅਤੇ ਸ੍ਰੀ ਭੈਣੀ ਸਾਹਿਬ

ਦੇਵਿੰਦਰ ਸਿੰਘ ਗਿਲ (ਜੀਆ ਨੱਥਾ)

ਜਦੋਂ ਸਮੁੱਚਾ ਹਿੰਦੋਸਤਾਨ ਅੰਗਰੇਜ਼ ਦੀ ਝੋਲੀ ਪੈ ਗਿਆ ਸੀ ਅਤੇ ਪੰਜਾਬੀਆਂ ਦੇ ਖਾਲਸਾ ਰਾਜ ਜੋ ਕਦੇ ਮਹਾਰਾਜਾ ਰਣਜੀਤ ਸਿੰਘ ਨੇ ਉਸਾਰਿਆ ਸੀ, ਨੂੰ ਗੁਲਾਮੀ ਰੂਪੀ ਗ੍ਰਹਿਣ ਲਗ ਚੁੱਕਾ ਸੀ, ਉਸ ਸਮੇਂ ੧੮੫੭ ਈਸਵੀ ਵਿਚ ਲੁਧਿਆਣਾ ਜ਼ਿਲੇ ਦੇ ਇਕ ਗੁੰਮਨਾਮ ਪਿੰਡ ਭੈਣੀ ਅਰਾਈਆਂ ਤੋਂ ਅਰਸ਼ ਦੀ ਕਿਰਨ ਜਾਗੀ, ਉਹ ਸੀ "ਸੰਤ ਖਾਲਸਾ ਦੀ ਸਾਜਨਾ" ਅਤੇ ਜਿਸਦੇ ਸਿਰਜਨਹਾਰ ਸਤਿਗੁਰੂ ਰਾਮ ਸਿੰਘ ਜੀ ਸਨ। ਸਤਿਗੁਰਾਂ ਨੇ ੧੮੫੭ ਈਸਵੀ ਦੀ ਵਿਸਾਖੀ ਨੂੰ ਜਦੋਂ ਸੁਮੱਚਾ ਹਿੰਦੋਸਤਾਨ ਗੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜਿਆ ਗੂੜੀ ਨੀਂਦਰੇ ਸੌਂ ਰਿਹਾ ਸੀ, ਹਲੂਣ ਕੇ ਜਗਾ ਦਿਤਾ, ਉਹਨਾਂ ਨੂੰ ਭਰਾਤਰੀ ਭਾਵ, ਸਾਂਝੀਵਾਲਤਾ, ਦੇਸ਼ ਪ੍ਰੇਮ ਦਾ ਸਬਕ ਦਿਤਾ ਅਤੇ ਸਮਾਜਿਕ ਕੁਰੀਤੀਆਂ ਤੋਂ ਸੁਚੇਤ ਕੀਤਾ।

ਸਿਖ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ਾਂ ਨੂੰ ਭੁਲ ਚੁੱਕੇ ਸਨ। ਨਾਚ ਵੇਖਣੇ, ਸ਼ਰਾਬ ਪੀਣੀ ਤੇ ਕੁਸੰਗਤ ਵਿਚ ਬੈਠਕੇ ਈਮਾਨ ਖੋਹਣਾ, ਸਿਖਾਂ ਦਾ ਨਿਤ ਦਾ ਕਰਮ ਬਣ ਗਿਆ, ਫਿਰ ਸਿਖ ਸਮਾਜ ਵਿਚ ਬਹੁ ਵਿਆਹ, ਬਾਲ ਵਿਆਹ ਅਤੇ ਸਤੀ ਪ੍ਰਥਾ ਆਦਿਕ ਕੁਰੀਤੀਆਂ ਆ ਗਈਆਂ ਸਨ। ਉਦਾਹਰਣ ਵਜੋਂ ਕਿਹਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਕਈ ਰਾਣੀਆਂ ਉਸਦੇ ਮਰਨ ਸਮੇਂ ਉਸਦੀ ਲਾਸ਼ ਨਾਲ ਅੱਗ ਵਿਚ ਛਾਲ ਮਾਰਕੇ ਸਤੀ ਹੋ ਗਈਆਂ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬੀਆਂ ਦੀ ਐਸੀ ਨਾਜ਼ਕ ਹਾਲਤ ਤੇ ਦੁਰਦਸ਼ਾ ਆਪਣੀਆਂ ਅੱਖਾਂ ਨਾਲ ਦੇਖੀ। ਉਹਨਾਂ ਨੇ ਪੰਜਾਬ ਨੂੰ ਅੰਗਰੇਜ਼ ਹੱਥ ਨਿਮਕ ਹਰਾਮਾਂ ਦੁਆਰਾ ਵਿਕਦਾ ਤੇ ਗੁਲਾਮ ਹੁੰਦਾ ਆਪ ਦੇਖਿਆ ਸੀ। ਉਹਨਾਂ ਤੋਂ ਪੰਜਾਬ ਦੀ ਐਸੀ ਹਾਲਤ ਦੇਖਕੇ ਬਰਦਾਸ਼ਤ ਨਾ ਹੋਈ। ਆਪ ਜੀ ਨੇ ਸੰਤ ਖਾਲਸਾ ਦੀ ਸਾਜਨਾ ਕਰਕੇ ਸ੍ਰੀ ਭੈਣੀ ਸਾਹਿਬ ਤੋਂ ਹੱਕ ਸੱਚ ਦਾ ਹੋਕਰਾ ਦਿਤਾ, ਸੱਚ ਦੀ ਆਵਾਜ਼ ਬੁਲੰਦ ਕੀਤੀ ਜਿਸਨੂੰ ਸੁਣਕੇ ਅੰਗਰੇਜ਼ੀ ਹਾਕਮਾਂ ਦੀ ਨੀਂਦ ਹਰਾਮ ਹੋ ਗਈ ਸੀ। ਅੰਗਰੇਜ਼ੀ ਹਾਕਮਾਂ ਨੂੰ ਸਤਿਗੁਰਾਂ ਤੋਂ ਵਿਦਰੋਹ ਦੀ ਬੋ ਆਉਂਦੀ ਸੀ ਪਰ ਸਤਿਗੁਰੂ ਜੀ ਆਪਣੀ ਮੰਜਲ ਵਲ ਨਿਰੰਤਰ ਵਧਦੇ ਰਹੇ। ਉਹ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਪ੍ਰਚਾਰ ਵਾਲੇ ਮਿਸ਼ਨ ਦਾ ਪ੍ਰਚਾਰ ਕਰਨ ਲਗੇ ਅਤੇ ਲੋਕਾਈ ਨੂੰ ਨਾਮ ਦੀ ਦਾਤ ਬਖਸ਼ਣ ਲੱਗੇ। ਉਹਨਾਂ ਦੇ ਪ੍ਰਚਾਰ ਸਦਕਾ ਅਨੇਕ ਹੁੱਕਾ ਪੀਣ ਵਾਲਿਆਂ ਨੇ ਹੁੱਕਿਆਂ ਨੂੰ ਤਜਕੇ ਕੇਸ ਰੱਖ ਲਏ ਅਤੇ ਗੁਰਮੁਖ ਬਿਰਤੀ ਵਾਲੇ ਹੋ ਗਏ। ਸਤਿਗੁਰਾਂ ਦੇ ਪ੍ਰਚਾਰ ਸਦਕਾ ਸਮੁਚੇ ਦੇਸ਼ ਵਿਚ ਸਤਿਜੁਗ ਦਾ ਸਮਾਂ ਆ ਗਿਆ। ਇਸ ਬਾਰੇ ਗਿਆਨੀ ਗਿਆਨ ਸਿੰਘ ਜੀ ਪ੍ਰਸਿਧ ਕਾਵਿ ਗ੍ਰੰਥ "ਸ੍ਰੀ ਗੁਰੂ ਪੰਥ ਪ੍ਰਕਾਸ਼" ਵਿਚ ਲਿਖਦੇ ਹਨ :

ਪਾਇ ਏਹ ਹੁਕਮ ਪ੍ਰਮੇਸ ਕਾ ਬਿਸੇਸ ਫਿਰ,
ਰਾਮ ਮ੍ਰਿਗੇਸ ਉਪਦੇਸ ਦੈਨ ਲਾਗਿਓ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਯੋ ਕੇ,
ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ।
ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ,
ਠੱਗੀ ਤਜਿ ਥੀਏ ਸੰਤ ਸਤਿਜੁਗ ਆ ਗਿਓ।

ਸਤਿਗੁਰਾਂ ਨੇ ਪੰਜਾਬੀਆਂ ਵਿਚ ਜਾਗ੍ਰਤੀ ਲਿਆਉਣ ਲਈ ਪ੍ਰਚਾਰ ਦੌਰੇ ਕਰਨੇ ਸ਼ੁਰੂ ਕੀਤੇ ਅਤੇ ਉਹਨਾਂ ਪ੍ਰਚਾਰ ਦੌਰਿਆਂ ਵਿਚ ਉਹਨਾਂ ਨੇ ਲੋਕਾਈ ਨੂੰ ਅਗਰੇਜ਼ਾਂ ਵਿਰੁਧ ਲਾਮਬੰਦ ਕਰਨਾ ਸ਼ੁਰੂ ਕੀਤਾ, ਉਹਨਾਂ ਨੇ ਲੋਕਾਈ ਨੂੰ ਅਹਿਸਾਸ ਕਰਵਾਇਆ ਕਿ ਉਹ ਅੰਗਰੇਜ਼ ਹਕੂਮਤ ਦੀ ਗੁਲਾਮ ਹੈ। ਹੁਣ ਦੇਸ਼ ਭਗਤ, ਸ੍ਰੀ ਭੈਣੀ ਸਾਹਿਬ ਵੱਲ ਸਿਰ ਤਲੀ ਤੇ ਧਰਕੇ ਆਉਣ ਲਗੇ ਅਤੇ ਉਹ ਸਤਿਗੁਰਾਂ ਤੋਂ ਪ੍ਰੇਰਨਾ ਲੈਣ ਲਗੇ। ਸ੍ਰੀ ਭੈਣੀ ਸਾਹਿਬ, ਦੇਸ਼ ਭਗਤੀ ਦੀ ਇਕ ਪਾਠਸ਼ਾਲਾ ਬਣ ਗਿਆ ਜਿਸ ਤੋਂ ਅਨੇਕ ਦੇਸ਼ ਭਗਤਾਂ ਨੇ ਦੇਸ਼ ਆਜ਼ਾਦ ਕਰਾਉਣ ਲਈ ਦੇਸ਼ ਭਗਤੀ ਦਾ ਪਾਠ ਪੜ੍ਹਿਆ ਸੀ.

ਉਹ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਪ੍ਰਚਾਰ ਵਾਲੇ ਮਿਸ਼ਨ ਦਾ ਪ੍ਰਚਾਰ ਕਰਨ ਲਗੇ ਅਤੇ ਲੋਕਾਈ ਨੂੰ ਨਾਮ ਦੀ ਦਾਤ ਬਖਸ਼ਣ ਲੱਗੇ। ਉਹਨਾਂ ਦੇ ਪ੍ਰਚਾਰ ਸਦਕਾ ਅਨੇਕ ਹੁੱਕਾ ਪੀਣ ਵਾਲਿਆਂ ਨੇ ਹੁੱਕਿਆਂ ਨੂੰ ਤਜਕੇ ਕੇਸ ਰੱਖ ਲਏ ਅਤੇ ਗੁਰਮੁਖ ਬਿਰਤੀ ਵਾਲੇ ਹੋ ਗਏ। ਸਤਿਗੁਰਾਂ ਦੇ ਪ੍ਰਚਾਰ ਸਦਕਾ ਸਮੁਚੇ ਦੇਸ਼ ਵਿਚ ਸਤਿਜੁਗ ਦਾ ਸਮਾਂ ਆ ਗਿਆ।

ਇਤਿਹਾਸ ਦੀ ਪੌੜ ਵਿਚ ਸ੍ਰੀ ਭੈਣੀ ਸਾਹਿਬ ਦੀ ਪਾਵਨ ਭੂਮੀ:

ਮੁੱਢ ਕਦੀਮ ਤੋਂ ਸ੍ਰੀ ਭੈਣੀ ਸਾਹਿਬ ਵਾਲੀ ਧਰਤੀ ਪਵਿੱਤਰ ਮੰਨੀ ਜਾਂਦੀ ਰਹੀ ਹੈ। ਆਖਿਆ ਜਾਂਦਾ ਹੈ ਕਿ ਵੇਦਾਂ ਦੇ ਵੇਦ ਮੰਤਰ ਰਿਸ਼ੀਆਂ ਮੁਨੀਆਂ

Namdhari Elibrary NamdhariElibrary@gmail.com

ਨੇ ਪੰਜਾਬ ਵਿਚ ਦਰਿਆਵਾਂ ਦੇ ਕੰਢਿਆਂ ਤੇ ਬਿਰਾਜਮਾਨ ਹੋਕੇ ਉਚਾਰੇ ਸਨ ਅਤੇ ਸ੍ਰੀ ਭੈਣੀ ਸਾਹਿਬ ਵਾਲੀ ਜਗ੍ਹਾ ਵੀ ਉਹਨਾਂ ਥਾਵਾਂ ਚੋਂ ਇਕ ਸੀ ਜਿਥੇ ਵੈਦਿਕ ਰਿਸ਼ੀਆਂ ਮੁਨੀਆਂ ਦਾ ਵਾਸਾ ਸੀ ਅਤੇ ਜਿਥੇ ਪ੍ਰਭੂ ਅਰਾਧਨਾ ਬਾਰੇ ਸ਼ਲੋਕਾਂ ਦੀ ਰਚਨਾ ਹੁੰਦੀ ਰਹੀ। ਡਾਕਟਰ ਬਖਸ਼ੀਸ਼ ਸਿੰਘ ਨਿਜੱਰ (ਦੇਖੋ ਇਤਿਹਾਸਕ ਪ੍ਰਸੰਗ 'ਚ ਮਾਛੀਵਾੜਾ, ਰੋਜ਼ਾਨਾ ਅਜੀਤ ੨੩ ਸਤੰਬਰ ੧੯੮੬) ਅਨੁਸਾਰ ਮਹਾਂਭਾਰਤ ਕਾਲ ਵਿਚ ਸਤਲੁਜ ਦਰਿਆ, ਮਾਛੀਵਾੜੇ ਤੋਂ ਬਿਲਕੁਲ ਨਾਲ ਕਰਕੇ ਵਗਦਾ ਸੀ ਤਾਂ ਇੰਝ ਵੀ ਕਹਿ ਸਕਦੇ ਹਾਂ ਕਿ ਮਾਛੀਵਾੜਾ ਕਸਬਾ, ਸਤਲੁਜ ਦੇ ਕੰਢੇ ਵਸਿਆ ਹੋਇਆ ਸੀ ਅਤੇ ਮੱਛੀਆਂ ਪਕੜਨ ਲਈ ਸਭ ਤੋਂ ਵੱਡਾ ਪੱਤਨ ਇਥੇ ਹੁੰਦਾ ਸੀ ਅਤੇ ਮਾਛੀਵਾੜਾ ਇਕ ਉਘਾ ਵਪਾਰਕ ਕੇਂਦਰ ਵੀ ਸੀ। ਸਤਲੁਜ ਦਰਿਆ ਮਾਛੀਵਾੜੇ ਕੋਲੋਂ ਲੰਘਦਾ ਹੋਇਆ ਸ੍ਰੀ ਭੈਣੀ ਸਾਹਿਬ ਵਾਲੀ ਪਵਿਤਰ ਭੂਮੀ ਤੋਂ ਗੁਜ਼ਰਦਾ ਹੋਇਆ ਲੁਧਿਆਣੇ ਦੇ ਨੇੜਿਓਂ ਲੰਘਦਾ ਸੀ, ਉਥੇ ਅਜ ਕਲ ਬੁੱਢਾ ਨਾਲਾ ਵਗਦਾ ਹੈ ਜੋ ਸਤਿਲੁਜ ਦਰਿਆ ਦੇ ਵਹਿਣ ਦੀ ਇਕ ਭੁਲੀ ਵਿਸਰੀ ਯਾਦਗਾਰ ਹੈ (ਦੇਖੋ ਰਾਮਗੜ੍ਹੀਆ ਵਿਦਿਅਕ ਆਸ਼ਰਮ, ਲੁਧਿਆਣਾ ਵਲੋਂ ੧੯੭੦ ਈਸਵੀ ਵਿਚ ਪ੍ਰਕਾਸ਼ਤ "ਸਿਲਵਰ ਜੁਬਲੀ ਬੁਕ", ਪੰਨਾ ੯)

ਹੁਣ ਤਾਂ ਸ੍ਰੀ ਭੈਣੀ ਸਾਹਿਬ ਦੀ ਪਵਿਤਰ ਭੂਮੀ ਤੇ ਸਤਿਗੁਰਾਂ ਦੀ ਕਿਰਪਾ ਨਾਲ ਜੰਗਲ ਵਿਚ ਮੰਗਲ ਹੋ ਗਿਆ ਹੈ ਅਤੇ ਉਹ ਧਰਤੀ ਜਿਥੇ ਕਦੇ ਅੱਕ, ਪਲਾਹ ਤੇ ਕੰਡਿਆਲੀਆਂ ਝਾੜੀਆਂ ਅਤੇ ਦੂਰ ਤਕ ਰੇਤ ਹੋਇਆ ਕਰਦਾ ਸੀ, ਉਸ ਧਰਤੀ ਨੇ ਸੋਨਾ ਉਗਲਣਾ ਸ਼ੁਰੂ ਕਰ ਦਿਤਾ ਹੈ ਅਤੇ ਉਹ ਧਰਤੀ ਅੱਜ ਇੰਟਰਨੈਸ਼ਨਲ ਤੀਰਥ ਬਣ ਚੁਕੀ ਹੈ।

ਸ੍ਰੀ ਭੈਣੀ ਸਾਹਿਬ ਵਾਲੀ ਜ਼ਮੀਨ ਤੋਂ ਸਤਲੁਜ ਦੇ ਵਹਿਣ ਕਾਰਨ ਉਥੋਂ ਦੀ ਜ਼ਮੀਨ ਰੇਤਲੀ ਹੋ ਚੁੱਕੀ ਹੈ ਅਤੇ ਕੁਝ ਸਮਾਂ ਪਹਿਲਾਂ ਤਕ ਉਥੇ ਦੂਰ ਤਕ ਰੇਤ ਦੇ ਟਿੱਬੇ ਹੀ ਦਿਖਾਈ ਦਿਆ ਕਰਦੇ ਸਨ। ਦਰਿਆ ਦੇ ਵਹਿਣ ਕਾਰਨ ਉਸ ਇਲਾਕੇ ਨੂੰ ਢੇਹ ਵਾਲਾ ਇਲਾਕਾ ਵੀ ਕਿਹਾ ਜਾਂਦਾ ਸੀ ਅਤੇ ਇਲਾਕੇ ਦਾ ਕੁਝ ਮਾਲੀਆ ਵੀ ਮਾਫ਼ ਹੋਇਆ ਕਰਦਾ ਸੀ। ਹੁਣ ਤਾਂ ਸ੍ਰੀ ਭੈਣੀ ਸਾਹਿਬ ਦੀ ਪਵਿਤਰ ਭੂਮੀ ਤੇ ਸਤਿਗੁਰਾਂ ਦੀ ਕਿਰਪਾ ਨਾਲ ਜੰਗਲ ਵਿਚ ਮੰਗਲ ਹੋ ਗਿਆ ਹੈ ਅਤੇ ਉਹ ਧਰਤੀ ਜਿਥੇ ਕਦੇ ਅੱਕ, ਪਲਾਹ ਤੇ ਕੰਡਿਆਲੀਆਂ ਝਾੜੀਆਂ ਅਤੇ ਦੂਰ ਤਕ ਰੇਤ ਹੋਇਆ ਕਰਦਾ ਸੀ, ਉਸ ਧਰਤੀ ਨੇ ਸੋਨਾ ਉਗਲਣਾ ਸ਼ੁਰੂ ਕਰ ਦਿਤਾ ਹੈ ਅਤੇ ਉਹ ਧਰਤੀ ਅੱਜ ਇੰਟਰਨੈਸ਼ਨਲ ਤੀਰਥ ਬਣ ਚੁਕੀ ਹੈ।

ਨਾਮਧਾਰੀ ਸਾਹਿਤ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਖੇ ਰਾਮਸਰ ਸਰੋਵਰ ਵਾਲੀ ਜਗ੍ਹਾ ਤਰੇਤਾ ਯੁਗ ਵਿਚ ਸ੍ਰੀ ਰਾਮ ਚੰਦਰ ਜੀ ਨੇ ਹਵਨ ਕੀਤਾ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਰਾਮ ਚੰਦਰ ਜੀ ਦਾ ਹੀ ਰੂਪ ਸਨ। ਇਤਿਹਾਸਕ ਵਾਕਿਆਤ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਤੋਂ ਬਾਅਦ ਗੁਰੂ ਘਰ ਦੇ ਦੋਖੀਆਂ ਨੇ ਸਿਰ ਚੁੱਕ ਲਏ ਸਨ ਅਤੇ ਉਹ ਸਤਿਗੁਰੂ ਹਰੀ ਸਿੰਘ ਜੀ ਨਾਲ ਕੋਈ ਨਾ ਕੋਈ ਬਖੇੜਾ ਚਖੇੜਾ ਖੜਾ ਕਰਨ ਦੀ ਕੋਸ਼ਿਸ਼ ਕਰਦੇ। ਗੁਰ-ਦੋਖੀਆਂ ਨੇ ਸਰਕਾਰੇ ਦਰਬਾਰੇ ਸ਼ਿਕਾਇਤ ਕੀਤੀ, ਰਾਮਸਰ ਸਰੋਵਰ ਵਾਲੀ ਜਗ੍ਹਾ ਸ਼ਾਮਲਾਟ ਜ਼ਮੀਨ ਹੈ ਜੋ ਨਾਮਧਾਰੀਆਂ ਨੇ ਕਬਜ਼ੇ ਵਿਚ ਕਰ ਲਈ ਹੈ, ਇਹ ਨਾਮਧਾਰੀਆਂ ਤੋਂ ਛੁਡਾਉਣੀ ਚਾਹੀਦੀ ਹੈ, ਸਰਕਾਰ ਤਾਂ ਅਗੇ ਹੀ ਇਹੋ ਜਿਹੇ ਮੌਕੇ ਭਾਲਦੀ ਸੀ। ਉਸ ਸਮੇਂ ਸਰੋਵਰ ਵਾਲੀ ਧਰਤੀ ਕਾਫੀ ਸਾਰੀ ਬੇ ਆਬਾਦ ਵੀ ਸੀ ਅਤੇ ਤੂੜੀ ਦੇ ਕੁੱਪ ਵੀ ਬੱਝਿਆ ਕਰਦੇ ਸਨ, ਇਸ ਲਈ ਕੁਝ ਲੋਕ ਰਾਮ ਸਰ ਸਰੋਵਰ ਵਾਲੀ ਜਗ੍ਹਾ ਨੂੰ ਕੁਪਾਂ ਵਾਲਾ ਛਪੜ ਵੀ ਆਖਿਆ ਕਰਦੇ ਸਨ।

ਹੁਣ ਸਤਿਗੁਰੂ ਹਰੀ ਸਿੰਘ ਜੀ ਨੂੰ ਫਿਕਰ ਹੋਇਆ ਕਿ ਕਿਤੇ ਐਸਾ ਨਾ ਹੋਵੇ, ਗੁਰੂ ਘਰ ਦੇ ਦੋਖੀ, ਰਾਮ ਸਰ ਵਾਲੇ ਸਰੋਵਰ ਵਾਲੀ ਜਗ੍ਹਾ ਸ਼ਾਮਲਾਟ ਕਹਿ ਕੇ ਸਾਥੋਂ ਖੋਹ ਲੈਣ। ਸਤਿਗੁਰਾਂ ਨੇ ਇਕਾਗਰ ਚਿੱਤ ਹੋ ਕੇ ਸਤਿਗੁਰੂ ਰਾਮ ਸਿੰਘ ਜੀ ਅਗੇ ਅਰਦਾਸ ਕੀਤੀ, ਬਹੁੜੀ ਕਰੋ, ਕੋਈ ਸਰੋਵਰ ਦਾ ਇਤਿਹਾਸਕ ਸਬੂਤ ਦੇਵੋ। ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇ ਕੇ ਕਿਹਾ ਕਿ ਇਹ ਸਾਡਾ ਅਸਥਾਨ, ਤਰੇਤਾ ਯੁਗ ਤੋਂ ਸਾਡਾ ਹੈ, ਤੁਸੀਂ ਪੁਟਾਈ ਕਰੋ ਤਾਂ ਹੇਠੋਂ ਸਾਡਾ ਹਵਨ ਕੁੰਡ ਨਿਕਲੇਗਾ ਜੋ ਪ੍ਰਮਾਣਿਕਤਾ ਦਾ ਸਬੂਤ ਦੇਵੇਗਾ। ਐਸਾ ਹੀ ਕੀਤਾ ਗਿਆ, ਪੁਟਾਈ ਕਰਨ ਤੇ ਹਵਨ ਕੁੰਡ ਅਤੇ ਹਵਨ ਵਾਲੇ ਥਿੰਦੇ ਕੋਲੇ ਨਿਕਲੇ ਤਾਂ ਗੁਰ ਦੋਖੀ ਤੇ ਸਰਕਾਰੀ ਹਾਕਮ ਬਹੁਤ ਸ਼ਰਮਿੰਦੇ ਹੋਏ ਅਤੇ ਉਹ ਇਤਿਹਾਸਕ ਜਗ੍ਹਾ ਨਾਮਧਾਰੀਆਂ ਨੂੰ ਮਿਲ ਗਈ। ਉਸ ਇਤਿਹਾਸਕ ਘਟਨਾ ਬਾਰੇ ਸੰਤ ਤਰਨ ਸਿੰਘ ਵਹਿਮੀ ਜੀ ਪੁਸਤਕ "ਜਸ ਜੀਵਨ" (ਹਿੱਸਾ ਪਹਿਲਾ) ਪੰਨੇ ੬੩-੬੪ ਤੇ ਵਿਸਥਾਰ ਸਹਿਤ ਇਸ ਪ੍ਰਕਾਰ ਜ਼ਿਕਰ ਕਰਦੇ ਹਨ:

ਰਾਮਸਰ ਵਿਚੋਂ ਹਵਨ ਕੁੰਡ

ਸਤਿਗੁਰੂ ਜੀ ਸਮੇਂ ਰਾਮਸਰ ਨਾਮ ਰਖ ਤਲਾਬ ਪੁਟਿਆ ਗਿਆ ਸੀ ਤੇ ਵਾੜ ਭੀ ਦੁਆਲੇ ਵਲੀ ਹੋਈ ਸੀ, ਪਰ ਬਾਦ ਪੰਥ ਤੇ ਦਬਾਉ ਚੱਕਰ ਆਉਣ ਕਰ ਤੇ ਅਬਾਦੀ ਹੋਣ ਕਰ ਗੁਰੂ ਹਰੀ ਸਿੰਘ ਜੀ ਸਮੇਂ ਸੁਖੂ ਤੇ ਘੁੰਮਡੇ ਕੇ ਰੋਕ ਪਾਉਂਦੇ ਸੀ। ਕੋਠੀ ਪੈਣ ਬਾਦ ਮੱਲਾ ਸਿੰਘ ਵਾਲੀ ਜ਼ਮੀਨ ਵਿਚ ਕੁਝ (ਕੋਠੇ) ਵਸੋਂ ਵਧੀ ਸੀ ਤੇ ਝਾੜ ਸਿਖਾਂ ਕੁਝ ਪੁਟੇ ਸੀ, ਪਰ ਰਾਮਸਰ ਨਾ ਪੂਰਾ ਪੁਟਣ ਦੇਂਦੇ ਸੀ, ਸਗੋਂ ਰੋਕਦੇ ਤੇ ਵਿਚ ਪਸ਼ੂ ਵਾੜਦੇ ਸੀ। ਸਿਖਾਂ ਨਾਲ ਝੇੜਾ ਹੋਇਆ। ਪਟਵਾਰੀ, ਕਾਨੂੰਗੋ ਮੌਕੇ ਤੇ ਆਏ, ਕਾਗਤ ਦੇਖ ਘੁਮੰਡੇ ਦਾ ਪੱਖ ਪੂਰਨ । ਗੁਰੂ ਕੇ ਪੱਖ ਨੇ ਭੀ ਸਰਕਾਰੇ ਉਜਰਾ ਕੀਤਾ, ਸਾਡਾ ਚਿਰ ਦਾ ਕਬਜਾ ਹੈ। ਗੁਰੂ ਹਰੀ ਸਿੰਘ ਜੀ ਕਹਿਣ, ਅਸੀਂ ਦੋਵੇਂ ਭਾਈ ਏਥੇ ਤ੍ਰੇਤੇ 'ਚ ਹਵਨ ਕੀਤਾ ਕਰਦੇ ਸਾਂ। ਇਹ ਥਾਂ ਸਤਿਗੁਰੂ ਜੀ ਦੇ ਵੇਲੇ ਦੀ, ਲਹਿਣਾ ਸਿੰਘ ਜੀ ਦੇ ਕੋਲੋਂ ਸਾਨੂੰ ਮਿਲੀ ਹੋਈ ਹੈ। ਇਹ ਰਾਮਸਰ ਸਤਿਗੁਰੂ ਜੀ ਦਾ ਖੁਦਾਇਆ ਹੋਇਆ ਹੈ। ਬੋਹੜ, ਪਿਪਲ ਸਤਿਗੁਰੂ ਜੀ ਦੇ ਲਾਏ, ਪਾਲੇ ਹੋਏ ਹਨ। ਪਰ ਕੋਈ ਜ਼ਬਾਨੀ ਗੱਲਾਂ ਨਹੀਂ ਸੀ ਮੰਨਦਾ ਤੇ ਕਾਗਤੀ ਸਬੂਤ ਹੈ ਨਹੀਂ ਸੀ।

ਮੁਖਤਾਰ ਭੇਜ, ਮੌਕੇ ਤੇ ਹਾਕਮ ਦੇ ਆਉਣ ਦੀ ਤ੍ਰੀਕ ਲਈ ਹੋਈ ਸੀ, ਗੁਰੂ ਹਰੀ ਸਿੰਘ ਜੀ ਇਕ ਦਿਨ ਜੀਅ ਵਿਚ, ਸਮਾਂ ਸੋਚ ਬੜੇ ਝੂਰੇ ਕਿ ਪੁਲਸ ਤੇ ਘਮੰਡੇ ਕੇ ਪੁਟਣ ਨਹੀਂ ਦੇਂਦੇ ਦਿਨੇ। ਕਾਗਤੀ ਕਬਜਾ ਕੋਈ ਨਹੀਂ ਤੇ ਹਵਨ ਕੁੰਡ ਕਿਥੇ ਹੈ ਮੈਨੂੰ ਪਤਾ ਨਹੀਂ। ਇਹ

Namdhari Elibrary NamdhariElibrary@gmail.com

ਵਿਚਾਰ ਹਉਕਾ ਭਰ ਕਿਹਾ, ਹੁਣ ਹੇ ਰਾਮ ਤੂੰ ਆਪ ਮਦਦ ਕਰੇ ਤਾਂ ਹੀ ਪਤ, ਗੱਲ ਤੇ ਰਾਮਸਰ ਰਹਿੰਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਉਸੇ ਰਾਤ ਆਵਾਜ਼ਾਂ ਤੇ ਦਰਸ਼ਨ ਦੇ ਕਿਹਾ, "ਕਿਉਂ ਝੂਰਦੇ ਹੋ, ਫਲਾਹੀ ਤਲੇ ਹੈ ਕੁੰਡ ਉਹ ਰਾਤ ਪੁਟ ਟੋਹ ਰਖ, ਆਏ ਹਾਕਮ ਨੂੰ ਮੇਰੇ ਲਾਏ ਰੁਖ ਭੀ ਦਖਾਣੇ ਤੇ ਕੁੰਡ ਭੀ। ਮੈਂ ਮੌਕਾ ਦੇਖਣ ਆਏ ਹਾਕਮ ਤੋਂ ਕਬਜਾ ਕਰਾ ਦੇਵਾਂਗਾ।"

ਸਵੇਰੇ ਕੜਾਹ ਪ੍ਰਸਾਦ ਕਰ ਅਰਦਾਸਾ ਪਾਤਸ਼ਾਹੀ ਬਾਰ੍ਹਵੀਂ ਕਹਿ ਕਰ, ਸਿਖਾਂ ਨੂੰ ਪ੍ਰਸਾਦ ਵਰਤਾ, ਨਾਲ ਲੈ ਜਾ ਉਹ ਫਲਾਹੀ ਗੁਰੂ ਹਰੀ ਸਿੰਘ ਜੀ ਦਿਖਾਈ ਤੇ ਕਿਹਾ, ਰਾਤੋ ਰਾਤ ਹੀ ਇਸਦੇ ਤਲਿਉਂ ਕੁੰਡ ਪਤਾ ਕਰੋ। ਆਪ ਜੰਗਲ ਵਲ ਦੂਰ ਜਾ ਸਮਾਧੀ ਲਾਈ।

ਸਿਖ ਰਾਤ ਪੁਟਦੇ ਸੀ ਕਾਹਲ ਨਾਲ ਹਨੇਰੇ ਵਿਚ। ਉਪਰੋਂ ਢਿਗ ਡਿਗ ਰਣ ਸਿੰਘ ਖਮਾਣੋਂ ਦਾ ਥੱਲੇ ਆ ਦਬਿਆ ਗਿਆ। ਕੁਝ ਚਿਰ ਸਿਖਾਂ ਹਰਾਨ ਹੋ ਧਰਤੀ ਥੱਲੇ ਪੁਟ ਦੇਖਿਆ, ਮਰ ਗਿਆ ਜਾਣ, ਫੇਰ ਮਿਟੀ ਪਾ ਦਬ ਦਿਤਾ। ਸਵੇਰੇ ਗੁਰੂ ਜੀ ਪਾਸ ਅਰਜ ਕੀਤੀ। ਉਹਨਾਂ ਕਿਹਾ, ਰਾਤ ਨੂੰ ਕੱਢ ਫੂਕ ਨਹਿਰ ਵਿਚ ਸੁਟ ਆਉਣਾ। ਦੂਸਰੀ ਰਾਤ ਉਵੇਂ ਹੀ ਕੀਤਾ। ਘੋੜੇ ਵਟ ਪੈਂਦਾ ਕਹਿ ਪੁਲਸ ਨੂੰ, ਰਾਤੋ ਰਾਤ ਰੋਪੜ ਵਾਲੀ ਨਹਿਰ ਤੇ, ਘੋੜੇ ਤੇ ਲੱਦ ਲੈ ਜਾ, ਮੂੰਹ ਸਿਰ ਫੂਕ ਸਭ ਕੁਝ ਨਹਿਰ ਪ੍ਰਵਾਹ ਦਿਤਾ, ਸੁਹੇਲ ਸਿੰਘ ਬਿਲਮਾ ਦੇ।

ਇਹ ਸਿਖ ਦਾ ਮਰਨਾ ਸੁਣ, ਗੁਰੂ ਹਰੀ ਸਿੰਘ ਜੀ ਰਾਤ ਸਮੇਂ ਇੱਕਲਿਆਂ ਅਰਦਾਸਾ ਕੀਤਾ, "ਹੇ ਸੱਚੇ ਪਾਤਸਾਹੋ! ਕੁੰਡ ਤੇ ਮਿਲ ਗਿਆ ਹੈ, ਹੁਣ ਪਾਜ ਨਾ ਖੁਲ੍ਹੇ, ਮਤ ਸਿਰ ਕਤਲ ਪੈਂਦਾ ਹੋਵੇ।"

ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਦੇ ਅਵਾਜਾ ਕੀਤਾ, "ਕੁਰਬਾਨੀ ਬਿਨਾਂ ਨਿਸ਼ਾਨੀ ਨਹੀਂ ਕਾਇਮ ਹੁੰਦੀ।" ਹਾਕਮ ਮੌਕੇ ਤੇ ਆਇਆ ਤੇ ਸਾਧਾਂ ਨੇ ਉਸਦੇ ਸਾਹਵੇਂ ਉਹ ਹਵਨ ਕੁੰਡ ਕੱਢ ਦਿਖਾਇਆ ਪੁਰਾਣਾ ਤੇ ਥਿੰਦੇ ਕੋਲੇ। ਉਹ ਦੇਖ ਅਸਚਰਜ ਹੋਇਆ ਤੇ ਕਿਹੋ ਸੂ, ਇਹ ਕੁੰਡ ਕਦੋਂ ਦਾ ਏ ? ਤਾਂ ਗੁਰੂ ਹਰੀ ਸਿੰਘ ਜੀ ਕਿਹਾ, ਇਹ ਤਰੇਤੇ ਜੁਗ ਦਾ ਰਾਮ ਜੀ ਦਾ ਤੇ ਮੇਰਾ ਹਵਨ ਕੁੰਡ ਹੈ, ਦੇਖੋ ਮੇਰੇ ਮਥੇ ਦੇ ਵਾਲ ਤਦੋਂ ਦੇ ਜਲੇ ਭਲੂਸੇ ਹੋਏ ਹਨ। ਹਾਕਮ ਦੇਖਿਆ ਮਥੇ ਉਪਰਲੇ ਕੇਸ ਭਲੁਸੇ ਹੀ ਭਾਸੇ ਤੇ ਪਾਸੇ ਦੇਖ ਪੁਛਿਉ ਸੂ, ਇਹ ਬਿਰਛ ਕਿਸੇ ਕੇ ਲਾਏ ਹੈਂ? ਗੁਰੂ ਹਰੀ ਸਿੰਘ ਜੀ ਕਿਹਾ, "ਇਹ ਮੇਰੇ ਚੀਨੀ ਵਾਲੇ ਪਾਤਸ਼ਾਹ ਨੇ ਬੋਹੜਾਂ, ਪਿਪਲਾਂ ਨੂੰ ਪਾਣੀ ਪਾ ਪਾਲੇ ਹੋਏ ਹਨ, ੪੦ ਸਾਲ ਤੋਂ ਪਹਿਲਾਂ ਦੇ" ਤਾਂ ਹਾਕਮ ਨੇ ਪਟਵਾਰੀ ਪਾਸੋਂ ਪੁਛਿਆ, ਇਹ ਬਿਰਛ ਕਿਸ ਕੇ ਲਾਏ ਹੈਂ? ਤਾਂ ਉਸ ਭੀ ਮਜਬੂਰ ਹੋ ਕਿਹਾ, "ਬਾਬੇ ਰਾਮ ਸਿੰਘ ਇਨ ਕੇ ਭਾਈ ਕੇ ਲਾਏ ਲੋਕ ਆਖਦੇ ਹਨ।"

ਹਾਕਮ ਮੰਜ ਤੇ ਖੜੋ , ਰਾਮਸਰ ਬੋਹੜਾਂ, ਪਿਪਲਾਂ ਦੀ ਜਗ੍ਹਾ ਸਭ ਗੁਰਦੁਆਰੇ ਦੇ ਨਾਮ ਲਿਖ ਘੁਮੰਡੋ-ਕਿਆਂ ਨੂੰ ਕਿਹਾ, "ਤਬ ਤੁਮ ਕਹਾਂ ਗਏ ਥੇ ਅਬ ਭੰਡੀ ਕਰਤੇ ਹੋ, ਇਹ ਕਬਜਾ ਇਨਕਾ ਹੀ ਰਹੇਗਾ।" ਸਤਿਗੁਰੂ ਪਰਤਾਪ ਸਿੰਘ ਜੀ ਭੀ ਦਸਦੇ ਸੀ, "ਮੈਂ ਭੀ ਤਦੋਂ ਅਠਵੇਂ ਸਾਲ ਦੀ ਉਮਰ ਵਿਚ ਗੁਰੂ ਹਰੀ ਸਿੰਘ ਜੀ ਦੇ ਨਾਲ ਸਾਂ, ਕੁੰਡ ਤੇ ਕੋਲੇ ਥਿੰਦੇ ਅਖੀਂ ਦੇਖੇ ਸੀ।"

ਇਸ ਪ੍ਰਕਾਰ ਰਾਮ ਸਰ ਸਰੋਵਰ ਦੀ ਪਵਿਤਰ ਭੂਮੀ ਤੇ ਗੁਰਦੋਖੀਆਂ ਦਾ ਹੱਕ ਜਿਤਲਾਉਣ ਦਾ ਦਾਅਵਾ ਮੁਕੰਮਲ ਤੌਰ ਤੇ ਖਤਮ ਹੋ ਗਿਆ। ਚੀਨ ਦਾ ਪ੍ਰਸਿਧ ਯਾਤਰੀ ਹੀਊਨ ਸਾਂਗ ਸਾਲ ੬੨੯-੬੪੪ ਈਸਵੀ ਵਿਚ ਦੋ ਵਾਰ ਇਸ ਇਲਾਕੇ ਵਿਚ ਆਇਆ ਸੀ ਅਤੇ ਉਸਨੇ ਉਸ ਇਲਾਕੇ ਨੂੰ ਬਹੁਤ ਪਸੰਦ ਕੀਤਾ ਸੀ। ਅਗਸਤ ਅਤੇ ਸਤੰਬਰ ੬੩੫ ਈਸਵੀ ਵਿਚ ਜਦੋਂ ਹੀਊਨ ਸਾਂਗ ਥਾਨੇਸਰ ਦੀ ਯਾਤਰਾ ਤੇ ਜਾ ਰਿਹਾ ਸੀ ਤਾਂ ਉਹ ਸ੍ਰੀ ਭੈਣੀ ਸਾਹਿਬ ਵਾਲੇ ਇਲਾਕੇ ਵਿਚ ਵਿਚਰਿਆ ਅਤੇ ਕੁਝ ਦਿਨ ਮਾਛੀਵਾੜੇ ਠਹਿਰਿਆ ਸੀ।

ਲਗਭਗ ੧੪ ਮੀਲ ਪਹਾੜ ਦੀ ਤਰਫ਼ ਬੁਢੇ ਦਰਿਆ ਤੋਂ ਰਾਏ ਗੋਤ ਦੇ ਜੱਟ ਜ਼ਿਮੀਦਾਰਾਂ ਨੇ ਰੇਤਲੀ ਜ਼ਮੀਨ ਵਿਚ ਇਕ ਪਿੰਡ ਆਬਾਦ ਕੀਤਾ ਤਾਂ ਉਸਦਾ ਨਾਮ ਰਾਈਆਂ ਰਖਿਆ ਗਿਆ। ਏਸੇ ਤਰ੍ਹਾਂ ਆਲਾ ਨਾਮ ਦੇ ਚੌਧਰੀ ਨੇ ਆਪਣੇ ਪਿੰਡ ਦੇ ਬਰਸੀਮੇ ਤੇ ਕੁਝ ਮਕਾਨ ਬਣਾ ਕੇ ਪਿੰਡ ਆਬਾਦ ਕੀਤਾ ਤੇ ਨਾਮ ਭੈਣੀ ਰਖਿਆ ਗਿਆ ਅਤੇ ਉਥੇ ਭਾਂਤ ਭਾਂਤ ਦੇ ਕਸਬ, ਕਿਤੇ ਵਾਲੇ ਲੋਕਾਂ ਨੂੰ ਵਸਾਇਆ। ਰਾਈਆਂ ਨਗਰ ਦੇ ਪੰਚਾਂ ਨੇ ਸਲਾਹ ਕਰਕੇ ਲਲਤੋਂ ਪਿੰਡ ਦੇ ਭਾਈ ਜੱਸਾ ਸਿੰਘ (ਰਾਮਗੜ੍ਹੀਆ) ਨੂੰ ਦਸਤਾਰ ਭੇਂਟ ਕਰਕੇ ਪਿੰਡ ਰਾਈਆਂ ਵਿਖੇ ਲਿਆਂਦਾ ਤੇ ਉਹਨਾਂ ਦੇ ਵਸਣ ਲਈ ਉਦਾਸੀ ਸਾਧੂਆਂ ਦੇ ਮਕਾਨਾਂ ਵਿਚੋਂ ਕੁਝ ਜਗ੍ਹਾ ਦੇ ਦਿਤੀ। ਭਾਈ ਜੱਸਾ ਸਿੰਘ ਜੀ ਦੇ ਨਾਲ ਭਾਈ ਲੱਖਾ ਸਿੰਘ ਜੀ ਵੀ ਰਾਈਆਂ ਵਿਖੇ ਆ ਗਏ ਸਨ।

ਭਾਈ ਜੱਸਾ ਸਿੰਘ ਜੀ ਦੇ ਘਰ ਮਾਤਾ ਸਦਾ ਕੌਰ ਜੀ ਦੇ ਉਦਰ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੧੮੭੨ ਬਿਕਰਮੀ (੧੮੧੬ ਈਸਵੀ) ਮਾਘ ਸੁਦੀ ਬਸੰਤ ਪੰਚਮੀ ਰਾਤ ਨੂੰ ਅਵਤਾਰ ਧਾਰਿਆ। ਕਿਹਾ ਜਾਂਦਾ ਹੈ ਕਿ ਆਪ ਜੀ ਦੇ ਅਵਤਾਰ ਧਾਰਨ ਸਮੇਂ ਅਨੋਖਾ ਪ੍ਰਕਾਸ਼ ਹੋਇਆ ਜਿਸ ਨੂੰ ਅਨੁਭਵ ਕਰਕੇ ਸਭ ਪ੍ਰਵਾਰ ਦੇ ਮੈਂਬਰ ਅਨੰਦ ਨਾਲ ਖੀਵੇ ਹੋ ਗਏ। ਉਹਨਾਂ ਦਾ ਜਨਮ ਵੀ ਅਨੋਖੇ ਤਰੀਕੇ ਨਾਲ ਹੀ ਹੋਇਆ. ਇਕ ਮਸ਼ਕ ਜਿਹੀ ਜੋ ਮਾਸ ਦਾ ਲੋਥੜਾ ਸੀ. ਜਨਮ ਸਮੇਂ ਪੈਦਾ ਹੋਈ। ਉਸਨੂੰ ਵੇਖਕੇ ਦਾਈ ਨਿਰਾਸ਼ ਹੋਈ ਅਤੇ ਉਸਨੂੰ ਦਫਨਾਉਣ ਦੀਆਂ ਸਲਾਹਾਂ ਹੋਣ ਲਗੀਆਂ ਤਾਂ ਭਾਈ ਜੱਸਾ ਸਿੰਘ ਜੀ ਨੇ ਇਕ ਕੱਖ ਨਾਲ ਉਸ ਮਸ਼ਕ ਰੂਪੀ ਲੋਥੜੇ ਨੂੰ ਫੋਲਿਆ ਤੇ ਉਸ ਨੂੰ ਘਰ ਵਿਚ ਹੀ ਦਫਨਾ ਦਿੱਤਾ। ਕੁਝ ਦੇਰ ਬਾਅਦ ਕਮਰੇ ਵਿਚ ਸਤਿਗੁਰੂ ਰਾਮ ਸਿੰਘ ਜੀ ਬਾਲ ਰੂਪ ਵਿਚ ਪ੍ਰਗਟ ਹੋਏ। ਆਪ ਜੀ ਦਾ ਉੱਜਲ ਮਸਤਕ ਤੇ ਨੂਰਾਨੀ ਚੇਹਰਾ ਸਭ ਨੂੰ ਅਨੰਦ ਦੀ ਅਵਸਥਾ ਦੇ ਰਿਹਾ ਸੀ। ਉਹਨਾਂ ਦੀਆਂ ਲੰਬੀਆਂ ਬਾਹਾਂ ਗੋਡਿਆਂ ਤਕ ਆਉਂਦੀਆਂ ਸਨ ਅਤੇ ਕੱਦ ਲੰਬਾ, ਪਤਲਾ ਸਰੀਰ ਦੇਵਤਾ ਸਰੂਪ ਸੀ। ਸੂਝ ਅਵਸਥਾ ਵਿਚ ਆਪ ਜੀ ਨੇ ਕੁਝ ਸਮਾਂ ਪਿਤਾ ਪੁਰਖੀ ਕਿੱਤਾ ਹੀ ਅਪਨਾਇਆ ਤੇ ਫਿਰ ਭਣਵਈਏ ਕਾਬਲ ਸਿੰਘ ਦੇ ਕਹਿਣ ਤੇ ਉਹ ਸਿਖ ਰਾਜ ਦੀ ਫੌਜ ਵਿਚ ਭਰਤੀ ਹੋ ਗਏ ਅਤੇ ਜਦ ਇਕ ਵਾਰ ਸਿਖ ਪਲਟਣ ਪੱਛਮ ਵਲ ਗਈ ਤਾਂ ਆਪ ਜੀ ਨੇ ਸਤਿਗੁਰੂ ਬਾਲਕ ਸਿੰਘ ਹਜ਼ਰੋ ਸਾਹਿਬ ਵਾਲਿਆਂ ਤੋਂ ਗੁਰੂ ਦੀਖਿਆ ਪ੍ਰਾਪਤ ਕਰਕੇ ਉਚੀ ਪਦਵੀ ਪਾਈ। ਪਹਿਲੀ ਅੰਗਰੇਜ-ਸਿੱਖ ਲੜਾਈ ਸਮੇਂ ਜਿਸ ਤਰ੍ਹਾਂ ਅਕ੍ਰਿਤਘਣ ਸਿੱਖ ਲੀਡਰਾਂ ਨੇ ਅੰਗਰੇਜ਼ ਨਾਲ ਜਿਤਦੇ ਹੋਇਆਂ ਸਿਖ ਫੌਜਾਂ ਨੂੰ ਹਰਾਇਆ ਉਹ ਦਸ਼ਾ ਵੇਖ ਕੇ ਸਤਿਗੁਰੂ ਰਾਮ ਸਿੰਘ ਜੀ ਬਹੁਤ ਦੁਖੀ ਹੋਏ ਅਤੇ ਨੌਕਰੀ ਛਡਕੇ ਆਪਣੇ ਪਿੰਡ ਭੈਣੀ ਰਾਈਆਂ ਆ ਗਏ ਅਤੇ ਫਿਰ ਸ੍ਰੀ ਭੈਣੀ ਸਾਹਿਬ ਦੀ ਪਵਿਤਰ ਧਰਤੀ ਤੇ ਸ੍ਰੀ ਅਕਾਲ ਬੁੰਗਾ ਵਿਖੇ ਭਗਤੀ ਸਾਧਨਾ ਕੀਤੀ, ਨਾਮ ਅਭਿਆਸ ਕੀਤਾ ਤੇ ਮੁੜ ਖਾਲਸਾ ਰਾਜ ਸਥਾਪਤ ਕਰਨ ਲਈ ੧੮੫੭ ਈਸਵੀ ਦੀ ਵਿਸਾਖੀ ਨੂੰ "ਸੰਤ ਖਾਲਸਾ" ਦੀ ਸਾਜਨਾ ਕੀਤੀ।

Namdhari Elibrary NamdhariElibrary@gmail.com

ਆਪ ਜੀ ਨੇ ਅੰਗਰੇਜ਼ ਸਰਕਾਰ ਦੇ ਖਿਲਾਫ਼ ਪ੍ਰਚਾਰ ਕੀਤਾ ਅਤੇ ਸਮਾਜਿਕ ਸੁਧਾਰਾਂ ਦੇ ਨਾਲ ਉਹਨਾਂ ਨੇ ਲੋਕਾਈ ਨੂੰ ਰਾਜਸੀ ਤੌਰ ਤੇ ਵੀ ਜਾਗ੍ਰਿਤ ਕੀਤਾ। ਛੇਤੀ ਹੀ ਸਰਕਾਰ ਤਕ ਉਹਨਾਂ ਬਾਰੇ ਖੁਫੀਆ ਰਿਪੋਰਟਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ। ਸਭ ਤੋਂ ਪਹਿਲੀ ਰਿਪੋਰਟ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮਿ: ਮੈਕਨਬ ਦੀ ਹੈ ਜੋ ਉਹਨਾਂ ਨੇ ੫ ਅਪਰੈਲ ੧੮੬੩ ਈਸਵੀ ਨੂੰ ਤਿਆਰ ਕੀਤੀ ਸੀ, ਵਿਚ ਲਿਖਿਆ ਹੈ :

"........ਲੁਧਿਆਣੇ ਦਾ ਇਕ ਅਧਖੜ ਉਮਰ ਦਾ ਸਿਖ ਜੋ ਆਪਣੇ ਆਪ ਨੂੰ ਭਾਈ ਕਹਾਉਂਦਾ ਸੀ, ੨੦੦ ਆਦਮੀਆਂ ਨਾਲ ਇਲਾਕੇ ਵਿਚ ਦੌਰਾ ਕਰ ਰਿਹਾ ਸੀ ਜਿਨ੍ਹਾਂ ਨੂੰ ਉਹ ਰਾਤ ਨੂੰ ਬੰਦੂਕਾਂ ਦੀ ਥਾਂ ਡਾਗਾਂ ਨਾਲ ਕਵਾਇਤ ਕਰਵਾਉਂਦਾ ਸੀ ਅਤੇ ਉਹ ਫੜ੍ਹ ਮਾਰਦਾ ਸੀ ਕਿ ਉਸਦੇ ੫੦੦੦ ਦੇ ਕਰੀਬ ਪੈਰੋਕਾਰ ਸਨ ਤੇ ਉਹ ਕਿਸੇ ਹਾਕਮ ਨੂੰ ਨਹੀ ਮੰਨਦਾ।"

ਜੋ ਆਪਣੇ ਆਪ ਨੂੰ ਭਾਈ ਕਹਾਉਂਦਾ ਸੀ, ੨੦੦ ਆਦਮੀਆਂ ਨਾਲ ਇਲਾਕੇ ਵਿਚ ਦੌਰਾ ਕਰ ਰਿਹਾ ਸੀ ਜਿਨ੍ਹਾਂ ਨੂੰ ਉਹ ਰਾਤ ਨੂੰ ਬੰਦੂਕਾਂ ਦੀ ਥਾਂ ਡਾਗਾਂ ਨਾਲ ਕਵਾਇਤ ਕਰਵਾਉਂਦਾ ਸੀ ਅਤੇ ਉਹ ਫੜ੍ਹ ਮਾਰਦਾ ਸੀ ਕਿ ਉਸਦੇ ੫੦੦੦ ਦੇ ਕਰੀਬ ਪੈਰੋਕਾਰ ਸਨ ਤੇ ਉਹ ਕਿਸੇ ਹਾਕਮ ਨੂੰ ਨਹੀ ਮੰਨਦਾ।"

ਸਤਿਗੁਰਾਂ ਦੇ ਪ੍ਰਚਾਰ ਸਦਕਾ ਪੰਜਾਬੀ ਲੋਕ ਜਾਗ੍ਰਿਤ ਹੋ ਉਠੇ ਅਤੇ ਅੰਗਰੇਜ਼ ਸਰਕਾਰ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਕੋਸ਼ਿਸ਼ਾਂ ਕਰਨ ਲਗੇ। ਸਰਕਾਰ ਨੇ ਸਤਿਗੁਰਾਂ ਦੀ ਆਵਾਜ਼ ਨੂੰ ਬੰਦ ਕਰਨ ਲਈ ੧੮ ਜਨਵਰੀ ੧੮੭੨ ਈਸਵੀ ਨੂੰ ਰੰਗੂਨ ਵਲ ਜਲਾਵਤਨ ਕਰ ਦਿਤਾ ਪਰ ਸਰਕਾਰ ਉਹਨਾਂ ਦੀ ਆਵਾਜ਼ ਨੂੰ ਬੰਦ ਨਾ ਕਰ ਸਕੀ। ਸਤਿਗੁਰਾਂ ਤੋਂ ਲਗਭਗ ੫੦ ਸਾਲ ਬਾਅਦ ਉਹੀ ਵਿਚਾਰਧਾਰਾ ਨੂੰ ਮਹਾਤਮਾ ਗਾਂਧੀ ਜੀ ਨੇ ਅਪਨਾਇਆ ਤਾਂ ਨਾਮਧਾਰੀਆਂ ਨੇ ਕਾਂਗਰਸ ਨਾਲ ਮਿਲਕੇ ਦੇਸ਼ ਦੀ ਆਜ਼ਾਦੀ ਲਈ ਜਦੋ ਜਹਿਦ ਕੀਤੀ ਤੇ ਦੇਸ਼ ਆਜ਼ਾਦ ਕਰਵਾਇਆ।

❀❀❀

ਬਾਬਾ ਜੱਸਾ ਸਿੰਘ ਜੀ ਨਮਿੱਤ ਭੋਗ

ਅਰਜ਼ੀ ਦਿਤੀ ਕਿ ਸਾਡਾ ਪਿਤਾ ਚੜਾਈ ਕਰ ਗਿਆ ਹੈ। ਬਾਬੇ ਕੇ ਨਮਿਤ ਭੋਗ ਧਰਾਂਗੇ। ਗਰੰਥ ਸਾਹਿਬ ਜੀ ਕਾ ਪਾਠ ਅਗੇ ਬੰਦ ਸੇ। ਉਸੀ ਦਿਨ ਕਾ ਖੋਲਿਆ ਹੈ। ਪਾਠ ਹੋਣੇ ਲਗਾ। ਮਹਾਰਾਜ ਹਰੀ ਸਿੰਘ ਜੀ ਨੇ ਸਿੰਘ ਭੇਜ ਕੇ ਰਾਗੀ ਸਿੰਘ ਦੁਆਬੇ ਵਿਚੋਂ ਮੰਗਵਾਏ। ਬਾਬੇ ਚੜੇ ਥੀਂ, ਤੀਏ ਦਿਨ, ਆਇ ਮੱਥਾ ਟੇਕਿਆ। ਆਸਾ ਕੀ ਵਾਰ ਲਾਵਨੀ। ਪਹਿਲੀ ਰਾਤ ਕਾ ਦੀਵਾਨ ਦੋ ਬਖਤ ਦਾ ਸ਼ੁਰੂ ਕੀਤਾ। ਸਿੰਘ ਭੀ ਔਣੇ ਜਾਣੇ ਲਗੇ ਹਰੇ ਵਾਈ ਹੋਣ ਲਗੀ।

ਪਿੰਡ ਕੇ ਮਰਾਸੀ ਨੇ ਗੁਡਾ ਬੰਨ੍ਹ ਮੂਹ ਕਾਲਾ ਕਰਕੇ ਦਰਵਾਜੇ ਆਇ ਬਕਣਾ। ਮਹਾਰਾਜ ਜੀ ਸਿੰਘ ਭੇਜਿਆ ਕਿ ਅਰਜ਼ੀ ਪਾਓ। ਮਰਾਸੀ ਨਾਲੇ ਗਾਲਾਂ ਕਢਦਾ ਹੈ ਨਾਲੇ ਗੁਡਾ ਬੰਨਿਆਂ ਹੈ। ਨਾਲੇ ਸੀਹੋਂ ਨੇ ਸਾਡੇ ਪਿਤਾ ਕਾ ਸਰੀਰ ਦਾਹ ਨਹੀਂ ਹੋਣ ਦੀਆ ਪਿੰਡ ਮੇਂ। ਰਾਈਆਂ ਕੀ ਜੂਹ ਮੇ ਸਸਕਾਰੇ ਹੈ। ਕੁਲ ਕਾ ਮਰਾਸੀ ਸੀ। ਦੁਸ਼ਾਲਾ ਨਾਈ ਕੋ ਦੇ ਦੀਆ ਹੈ। ਨਾਈ ਕਹੇ ਕੇ ਮੇਰਾ ਹੈ। ਮਰਾਸੀ ਕੇ ਗੁਡਾ ਬੰਨਨੇ ਅਰ ਗਾਲਾਂ ਕਢਨੇ ਸੇ ਮਰਾਸੀ ਕੋ ਸਿੰਘ ਮਾਰਨੇ ਲਗੇ। ਮਹਾਰਾਜ ਜੀ ਨਾ ਮਾਰਨ ਦੀਆ। ਕਿ ਮਾਰੋ ਨਾ ਅਰਜੀ ਦਿਉ।

ਅਰਜੀ ਦੇਨੇ ਸੇ ਸੀਹੋਂ ਕੋ ਹਥਕੜੀ ਲਾਇਕੇ ਲੈ ਗਏ। ਮਰਾਸੀ ਭੀ ਸਦ ਭੇਜਿਆ। ਮਰਾਸੀ ਕੋ ਤੀਨ ਮਹੀਨੇ ਕੀ ਕੈਦ ਤੇ ਬੀਹ ਰੁਪੈ ਜੁਰਮਾਨਾ ਕੀਤਾ। ਸੀਹੋਂ ਨੂੰ ਕੈਦ ਹੋਣੀ ਸੀ ਪਰ ਮਹਾਰਾਜ ਜੀ ਅਗੇ ਬੇਨਤੀ ਕਰਨ ਲਗਾ ਕਿ ਮਹਾਰਾਜ ਸਾਤੋਂ ਤਾਂ ਹੋ ਗਈ ਹੈ। ਤੁਸੀਂ ਬਖਸ਼ੋ ਅਸੀਂ ਭੁਲ ਗਏ ਹੈਂ। ਤੇ ਬਟਨ ਮਹਾਰਾਜ ਜੀ ਕੋ ਆਖੇ ਤੁਸੀਂ ਨਾ ਰਾਜੀ ਨਾਮਾ ਪੋਣਾ। ਫੇਰ ਭੀ ਮਹਾਰਾਜ ਜੀ ਛੁਡਾਇ ਦੀਆ। ਨਹੀਂ ਤੇ ਛੇ ਮਹੀਨੇ ਕੀ ਕੈਦ ਹੋਣੀ ਸੀ। ਮਹਾਰਾਜ ਜੀ ਮੇਹਰਬਾਨ ਹੋਇਕੇ ਛੋੜ ਦੀਆ। "ਬੁਰਿਆਂ ਦੇ ਹਰਿ ਕਾਜ ਸਵਾਰੇ।" "ਅੰਤ ਕਹਿਓ ਹਰਿ ਛਾਡ ਦੇ।'

ਬਾਬਾ ਸੰਤੋਖ ਸਿੰਘ ਜੀ-ਕਰਤਾ "ਸਤਿਗੁਰੂ ਬਿਲਾਸ"
(ਹੱਥਲਿਖਤ)

ਮਹਾਨ ਗੌਰਵਸ਼ਾਲੀ ਪਰੀਸ਼੍ਰਮ

"ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਾਤਰੀ ਭੂਮੀ ਨੂੰ ਸੁਤੰਤਰਤਾ ਦਿਵਾਣ ਲਈ ਅਜ ਤੋਂ ਪੌਣੀ ਸਦੀ ਪਹਿਲਾਂ ਜੋ ਮਹਾਨ ਗੌਰਵਸ਼ਾਲੀ ਪਰੀਸ਼੍ਰਮ ਕੀਤਾ, ਉਸਦੀ ਮਹਾਨਤਾ ਤੋਂ ਕੋਈ ਹਿੰਦੁਸਤਾਨੀ ਵੀ ਇਨਕਾਰ ਨਹੀਂ ਕਰ ਸਕਦਾ। ਕਾਂਗਰਸ ਨੇ ਆਪਦੇ ਵਿਖਾਏ ਹੋਏ ਰਸਤੇ ਨੂੰ ਅਖਤਿਆਰ ਕਰਕੇ ਸ਼ਾਨਦਾਰ ਕਾਮਯਾਬੀਆਂ ਪ੍ਰਾਪਤ ਕੀਤੀਆਂ ਹਨ ਅਤੇ ੭੫ ਸਾਲਾਂ ਦੇ ਲਗਭਗ ਸਮਾਂ ਗੁਜ਼ਰਨ ਦੇ ਉਪਰੰਤ ਵੀ ਉਹ ਪ੍ਰੋਗਰਾਮ ਪੁਰਾਣਾ ਨਹੀਂ ਹੋਇਆ, ਜਿਸਨੂੰ ਅਮਲੀ ਸ਼ਕਲ ਦੇਣ ਨਮਿਤ ਆਪਨੂੰ ਕਠਿਨ ਘਾਲਣਾ ਘਾਲਣੀ ਪਈ।

ਮੈਨੂੰ ਵਿਸਵਾਸ਼ ਹੈ ਕਿ ਜੇਕਰ ਸਿੱਖ ਮਾਤ੍ਰ ਉਸ ਮਾਰਗ ਉਤੇ, ਜੋ ਆਪਨੇ ਵਿਖਾਇਆ ਸੀ, ਚਲ ਪਵੇ ਤਾ ਹਿੰਦੁਸਤਾਨ ਦੇ ਸੁਤੰਤਰਤਾ ਯੁਧ ਵਿਚ ਬੇ-ਹੱਦ ਸਰਗਰਮੀ ਪੈਦਾ ਹੋ ਜਾਵੇ ਅਤੇ ਅਜਬ ਨਹੀਂ ਕਿ ਸਿੱਖਾਂ ਦੀ ਅਜ਼ਮਾਈ ਹੋਈ ਵੀਰਤਾ ਦਾ ਸਦਕਾ, ਇਸ ਸ਼ਾਨਦਾਰ ਰਵਾਇਤਾਂ ਵਾਲੇ ਦੇਸ਼ ਦੀਆਂ ਜ਼ੰਜ਼ੀਰਾਂ ਬਹੁਤ ਛੇਤੀ ਟੁਟ ਜਾਣ।"

(ਪੰਡਿਤ ਜਵਾਹਰ ਲਾਲ ਨਹਿਰੂ- ਸਤਿਜੁਗ ੨੩ ਮਾਘ ੧੯੯੪)

Namdhari Elibrary NamdhariElibrary@gmail.com

ਸ਼ਾਂਤੀ ਦੇ ਪੁੰਜ ਸਤਿਗੁਰੂ ਹਰੀ ਸਿੰਘ ਜੀ ਮਹਾਰਾਜ

ਪੰਥ ਰਤਨ ਮਾਸਟਰ ਨਿਹਾਲ ਸਿੰਘ

ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜ, ਸ਼ਾਹਨ ਕੇ ਸ਼ਾਹ ਅਤੇ ਪੀਰਨ ਕੇ ਪੀਰ ਹੈਂ।
ਰੋਗਾਂ ਤੋਂ ਬਚਾਣ ਵਾਲੇ, ਸੋਗਾਂ ਤੋਂ ਮਿਟਾਣ ਵਾਲੇ, ਟੁੱਟੀਆ ਗੰਢਾਣ ਵਾਲੇ, ਬੰਧਾਣ ਵਾਲੇ ਧੀਰ ਹੈਂ।
ਕਰਨੀ ਮਹਾਨ ਵਾਲੇ, ਜਰਨੀ ਧਰਾ ਤੋਂ ਵੱਡੀ, ਸ਼ਰਨੀਂ ਲਗਾਇ ਜੋ ਕਰਨ ਸਿੱਧੇ ਤੀਰ ਹੈਂ।
ਬੁੱਧ ਸਿੰਘ ਤੋਂ ਹਰੀ ਸਿੰਘ ਸਤਿਗੁਰੂ ਹੋਏ, ਸਦਾ ਜੀ ਦੇ ਲਾਡਲੇ, ਚੀਨੀ ਵਾਲੇ ਜੀ ਦੇ ਵੀਰ ਹੈਂ।
(ਸਰਦਾਰਨੀ ਲੀਲਾ ਵੰਤੀ)

ਸਮੁੰਦਰ ਸ਼ਾਂਤ ਹੋਵੇ ਤਾਂ ਜਣਾ ਖਣਾ ਉਸ ਵਿਚ ਬੇੜਾ ਠੇਲ ਦੇਂਦਾ ਹੈ ਪਰ ਜਦ ਤੂਫਾਨ ਜੋਰਾਂ ਤੇ ਹੋਵੇ, ਲਹਿਰਾਂ ਕਿਨਾਰਿਆਂ ਨੂੰ ਪਾਸ਼ ਪਾਸ਼ ਕਰ ਰਹੀਆਂ ਹੋਣ ਤਾਂ ਕੋਈ ਮਾਈ ਦਾ ਲਾਲ ਚੱਪੂ ਤੇ ਹੱਥ ਪਾਉਂਦਾ ਹੈ। ਸਤਿਗੁਰੂ ਹਰੀ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਉਸ ਸਮੇਂ ਵਾਗ ਡੋਰ ਸੰਭਾਲੀ ਜਦ ਇਸ ਤੇ ਕਹਿਰ ਦੇ ਪਹਾੜ ਟੁੱਟ ਰਹੇ ਸਨ, ਚੱਪਾ-ਚੱਪਾ ਥਾਂ ਇਸਦਾ ਵੈਰੀ ਸੀ, ਗੋਰੀ ਸਰਕਾਰ ਇਸਦਾ ਖੁਰਾ ਖੋਜ ਮਿਟਾਉਣ ਤੇ ਤੁਲੀ ਹੋਈ ਸੀ। ਘਰ ਦੇ ਅਤੇ ਬਾਹਰ ਦੇ ਇਨ੍ਹਾਂ ਨਾਲ ਇੱਟ ਖੜੱਕਾ ਲਾਈ ਰਖਦੇ ਸਨ। ਸਤਿਗੁਰੂ ਜੀ ਨੇ ਨਾਮਧਾਰੀ ਪੰਥ ਨੂੰ ਇਉਂ ਸੰਭਾਲ ਕੇ ਰਖਿਆ ਜਿਵੇਂ ਕੁਕੜੀ ਆਪਣੇ ਬੱਚਿਆਂ ਨੂੰ ਇੱਲਾਂ ਤੇ ਬਾਜਾਂ ਤੋਂ, ਆਪਣੇ ਖੰਭਾਂ ਹੇਠਾਂ ਲੁਕਾ ਰਖਦੀ ਹੈ। ਇਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਛੇੜੀ ਆਜ਼ਾਦੀ ਦੀ ਲੜਾਈ ਅਤੇ ਵਿਸ਼ਵ ਹਿਤ ਜਗਾਈ ਜੋਤ ਨੂੰ ਸੀਨੇ ਦੀ ਚਰਬੀ ਪਾ ਪਾ ਕੇ ਪ੍ਰਚੰਡ ਰੱਖਿਆ।

ਸਤਿਗੁਰੂ ਹਰੀ ਸਿੰਘ ਜੀ ਦਾ ਅਵਤਾਰ ਬਾਬਾ ਜੱਸਾ ਸਿੰਘ ਦੇ ਗ੍ਰਿਹਿ ਵਿਖੇ ਮਾਤਾ ਸਦਾ ਕੌਰ ਦੀ ਕੁਖੋਂ ਪਿੰਡ ਭੈਣੀ ਆਲਾ, ਅਸੂ ਦੇ ਤੀਜੇ ਨਰਾਤੇ, ਬੁੱਧਵਾਰ ਸੰਮਤ ੧੮੭੬ ਬਿਕ੍ਰਮੀ ਵਿੱਚ ਹੋਇਆ। ਆਪ ਬਾਲ ਕਾਲ ਤੋਂ ਹੀ, ਸ਼ਾਂਤ ਸੁਭਾ ਦੇ ਮਾਲਕ ਸਨ। ਉਹ ਆਪਣੇ ਵੱਡੇ ਵੀਰ, ਸਤਿਗੁਰੂ ਰਾਮ ਸਿੰਘ ਜੀ ਦੀ ਆਗਿਆ ਵਿਚ ਰਹਿੰਦੇ। ਆਪ ਖੇਤੀ ਬਾੜੀ ਦੇ ਨਾਲ ਪਿੰਡ ਦਾ ਰੰਬਾ ਦਾਤਰੀ ਵੀ ਚੰਡਦੇ ਤੇ ਗੱਡਾ ਭਾੜਾ ਵੀ ਵਾਹੁੰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਬਲਾਸ ਕਰਦਿਆਂ ਦਸਿਆ ਕਰਦੇ ਸਨ ਕਿ ਗੁਰੂ ਹਰੀ ਸਿੰਘ ਜੀ ਇਕੱਲਿਆਂ ਹੀ ਪੰਜਾਂ ਆਦਮੀਆਂ ਦੇ ਬਰਾਬਰ ਕੰਮ ਕਰ ਸਕਦੇ ਸਨ। ੯੦ ਸਾਲ ਦੀ ਉਮਰ ਵਿਚ ਘੋੜੀ ਦੀ ਸਵਾਰੀ ਕਰਦੇ ਸਨ। ਬਲਵਾਨ ਏਡੇ ਸਨ ਕਿ ਵੱਡੇ ਕੜਾਹੇ ਨੂੰ ਕੁੰਡਿਓ ਫੜ ਘੁਮਾ ਲੈਂਦੇ ਸਨ। ਜਦ ਸਤਿਗੁਰੂ ਰਾਮ ਸਿੰਘ ਜੀ ਆਜ਼ਾਦੀ ਦਾ ਬਿਗਲ ਵਜਾਇਆ ਅਤੇ ਉਨ੍ਹਾਂ ਦੇ ਝੰਡੇ ਹੇਠਾਂ ਲੱਖਾਂ ਆਦਮੀ ਇੱਕਠੇ ਹੋਏ। ਉਨ੍ਹਾਂ ਦੀ ਅਰਦਲ ਵਿਚ ਘੁੜਸਵਾਰ ਸੂਬੇ, ਜਥੇਦਾਰ ਤੇ ਹਜ਼ੂਰੀ ਸੇਵਕ ਮਾਣ ਸਤਿਕਾਰ ਨਾਲ ਰਹਿੰਦੇ ਸਨ, ਸਤਿਗੁਰੂ ਹਰੀ ਸਿੰਘ, ਉਸ ਸਮੇਂ ਕਦੇ ਲੰਗਰ ਦੀ ਝਾਕ ਨ ਰੱਖੀ। ਆਪਣੇ ਕੰਮ ਧੰਦੇ ਵਿਚ ਮਸਤ। ਖਾਮੋਸ਼! ਆਪ ਨੇ ਲਗਭਗ ੫੦ ਸਾਲ ਸਾਧਾਰਨ ਆਦਮੀ ਵਾਂਗ ਜੀਵਨ ਬਤੀਤ ਕੀਤਾ। ੧੮੭੨ ਦੇ ਸਾਲ ਤੋਂ ਕੋਈ ੬ ਮਹੀਨੇ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਬਚਨ ਕੀਤਾ "ਭਾਈ ! ਮੋਢੇ ਤੋਂ ਹਲ ਲਾਹ, ਵਾਹੀ ਛੱਡ, ਮਾਲਾ ਫੇਰ ਤੇ ਲੰਗਰੋਂ ਪ੍ਰਸ਼ਾਦਾ ਛਕਿਆ ਕਰ।" ਭਾਈ ਬੁੱਧ ਸਿੰਘ ਉਸੇ ਦਿਨ ਤੋਂ ਸੇਵਾ ਵਿਚ ਜੁੱਟ ਗਏ ਤੇ ਲੰਗਰੋਂ ਪ੍ਰਸ਼ਾਦ ਛਕਣ ਲਗੇ। ਉਸ ਤੋਂ ਕੁਝ ਸਮਾਂ ਉਪਰੰਤ ਸਤਿਗੁਰੂ ਜੀ ਨੇ ਆਪ ਨੂੰ ਸਵੱਛ ਚਿੱਟੇ ਬੱਸਤਰ ਪਵਾਕੇ ਆਪਣੇ ਨਾਲ ਆਸਣ ਤੇ ਬਿਠਾ, ਸਾਧ ਸੰਗਤ ਨੂੰ ਪੁਛਿਆ, "ਸਾਧ ਸੰਗਤ ਜੀ ਸਾਡੇ ਵਿਚ ਕੋਈ ਫ਼ਰਕ ਹੈ?" ਸਾਰੀ ਸੰਗਤ ਨੇ ਹੱਥ ਜੋੜ ਅਰਜ ਕੀਤੀ ਪਾਤਸ਼ਾਹੋ ਕੋਈ ਅੰਤਰ ਨਹੀ।"

ਜਨਵਰੀ ੧੮੭੨ ਚੜ੍ਹਿਆ। ਸ੍ਰੀ ਭੈਣੀ ਸਾਹਿਬ ਦੀ ਧਰਤੀ ਤੇ ਭੂਚਾਲ ਆ ਗਿਆ। ਸਿੰਘ ਤੋਪਾਂ ਨਾਲ ਉਡਾਏ ਗਏ, ਡੇਰੇ ਨੂੰ ਪਾਣੀ ਹਾਂਡੇ ਤਕ ਪੁੱਟਿਆ ਗਿਆ, ਕੀਮਤੀ ਸਾਮਾਨ, ਸਰਕਾਰੀ ਖਜ਼ਾਨੇ ਪਾਇਆ ਗਿਆ। ਕੂਕਾ ਪੰਥ ਗੈਰ ਕਾਨੂੰਨੀ ਐਲਾਨਿਆ ਗਿਆ। ਭੈਣੀ ਸਾਹਿਬ ਦੇ ਬੂਹੇ ਅਗੇ ਪੁਲਿਸ ਚੌਕੀ ਬੇਠ ਗਈ ਜਿਹੜੀ ਗੁਰੂ ਪਿਆਰਿਆਂ ਨੂੰ ਦੂਰ ਦੂਰ ਕਰਦੀ। ਸਤਿਗੁਰੂ ਰਾਮ ਸਿੰਘ ਜੀ, ਬੰਗਾਲ ੧੮੧੮ ਰੈਗੂਲੇਸ਼ਨ ਅਧੀਨ ਰੰਗੂਨ ਵਿਚ ਨਜ਼ਰਬੰਦ ਸਨ। ਕੂਕਿਆਂ ਤੇ ਕਹਿਰ ਦੇ ਪਹਾੜ ਟੁੱਟ ਪਏ। ਕੋਈ ਕੂਕਾ ਇਕ ਪਿੰਡੋਂ ਬਿਨਾਂ ਥਾਣੇ ਇਤਲਾਹ ਦਿੱਤੇ ਦੂਜੇ ਪਿੰਡ ਜਾ ਨਹੀਂ ਸੀ ਸਕਦਾ। ਪਾਠ ਜਾਂ ਅਖੰਡ ਪਾਠ ਵੀ ਨਹੀਂ ਸੀ ਕਰ ਸਕਦਾ। ਇਹਨਾਂ ਦਾ ਇੱਕਠੇ ਹੋ ਬਹਿਣਾ ਤੇ ਦਰਕਿਨਾਰ, ਬਾਣੀ ਦੇ ਸ਼ਬਦ ਵੀ ਨਹੀਂ ਪੜ੍ਹ ਸਕਦੇ ਸਨ। ਸਾਰੇ ਕੂਕਿਆਂ ਤੇ ਘਟਾ ਟੋਪ ਹਨੇਰਾ ਛਾ ਗਿਆ। ਪਿੰਡਾਂ ਵਿਚ ਆਮ ਲੋਕੀ ਸਰਕਾਰੀ ਦਬਾ ਹੇਠਾਂ ਨਾਮਧਾਰੀਆਂ ਦਾ ਨਿਰਾਦਰ ਕਰਦੇ। ਝੋਲੀ ਚੁੱਕ ਸਰਕਾਰੀ ਟਾਊਟ, ਹਕੂਮਤ ਦੇ ਬੂਟ ਚੱਟ ਇਨ੍ਹਾ ਧਰਮੀਆਂ, ਦੇਸ਼ ਭਗਤਾਂ ਮਗਰ ਹੱਥ ਧੋਕੇ ਪੈ ਗਏ। ਸ੍ਰੀ ਭੈਣੀ ਸਾਹਿਬ ਦੇ ਲੰਗਰ ਦੀਆ ਰਸਦਾਂ ਵੀ, ਲਗਭਗ ਮਸਤਾਨੀਆਂ ਹੋ ਗਈਆਂ, ਖਾਂਦਿਆ ਖੂਹ ਵੀ ਸੁੱਕ ਜਾਂਦੇ ਹਨ। ਪਰ ਗੁਰੂ ਹਰੀ ਸਿੰਘ ਸਭ ਅੰਮ੍ਰਿਤ ਕਰਕੇ ਪੀ ਗਏ।

ਤੀਜੇ ਸਾਲ ਭਾਵ ੧੮੭੧ ਵਿਚ ਸ੍ਰ. ਦਰਬਾਰਾ ਸਿੰਘ ਕਿਸੇ

Namdhari Elibrary NamdhariElibrary@gmail.com

ਕਾਰਜ਼ ਹਿੱਤ ਕਚਹਿਰੀ ਗਿਆ ਤੇ ਓਥੇ ਪੁਲਿਸ ਕਪਤਾਨ ਬਾਰ ਬਟਨ ਦੀ ਪਤਨੀ ਨੇ ਸਤਿਗੁਰੂ ਜੀ ਦੀ ਨਜ਼ਰਬੰਦੀ ਦਾ ਥਾਂ ਟਿਕਾਣਾ ਦੱਸਿਆ, ਤਾਂ ਉਹ ਛੁੱਟੀ ਲੈ ਪਿੰਡ ਆ, ਭੇਸ ਬਦਲ ਰੰਗੂਨ ਪਹੁੰਚਾ, ਤੇ ਪੁਛਦਾ ਪੁਛਾਂਦਾ ਉਸ ਬੰਗਲੇ ਪੁੱਜਾ, ਜਿਸ ਵਿਚ ਸੱਚੇ ਪਾਤਸ਼ਾਹ ਨਜ਼ਰਬੰਦ ਪਏ ਸਨ। ਸੀਤਲਤਾ ਦੇ ਸ੍ਰੋਤ ਵਿਚ ਉਸ ਮਿਲਣੀ ਦਾ ਕੁਝ ਜਿਕਰ ਇਉਂ ਕੀਤਾ ਹੈ:

ਪੁਜ ਗਿਆ ਦਰਬਾਰਾ, ਸ਼ੇਰ ਸੱਚੇ ਦਰਬਾਰ,
ਜਾ ਡਿੱਗਾ, ਧੜੱਮ ਕਰਦਾ ਚਰਨੀ,
ਗੰਗਾ,ਜਮਨਾ ਹੜ੍ਹ ਚੜ੍ਹ ਆਈਆ,
ਕੋਮਲ ਚਰਨ ਡੁਬ ਗਏ, ਹੜ੍ਹ ਦੇ ਪਾਣੀਆਂ ਨਾਲ,
ਜਫੀ ਵਿਚ ਲੈ ਲਿਆ, ਸੱਚੀ ਸਰਕਾਰ ਨੇ।
ਅਜਬ ਮਿਲਣੀ,
ਵਾ ਵਗਦੀ ਰੁਕ ਗਈ, ਸੂਰਜ ਵੀ ਥੰਮ ਗਿਆ।
ਪ੍ਰੇਮੀਆਂ ਨੂੰ ਸਦਾ ਤਾਨ੍ਹੇ ਮੇਂਟ੍ਹੇ,
ਸੁਣਨੀਆਂ ਪੈਣ ਕੌੜੀਆਂ ਫਿੱਕੀਆਂ।
"ਓਏ ਦਰਬਾਰਿਆ! ਬੜੀਆਂ ਡੀਗਾਂ ਮਾਰਿਆ ਕਰਦੇ ਸੁ,
ਭਾਲ ਨ ਕੀਤੀ ਗਵਾਚੀ ਵੱਛੀ ਜਿੰਨੀ,
ਢੂੰਡਿਆ ਗਵਾਚੇ ਚੂਚੇ ਜਿੰਨ੍ਹਾ ?
ਡੁਲ੍ਹ ਗਿਆ ਦਰਬਾਰਾ।
"ਜਿਸ ਤਨ ਲਾਗੇ ਸੋ ਤਨ ਜਾਣੈ।
ਕੀ ਦਸੀਏ ਕੀ ਭਾ ਵਿਕਦੀ ਏ ਕੂਕਿਆਂ ਨਾਲ
ਪੱਤਾ ਪੱਤਾ ਵੈਰੀ, ਪੈਰ ਪੈਰ ਠੇਡੇ,
ਰੋਮ ਰੋਮ ਕੰਡੇ, ਰੋੜੇ ਪੱਥਰ ਹਨ ਕੂਕਿਆਂ ਦੇ ਰਾਹੀਂ
ਸਿਰ ਡਾਹੀ ਜਾ ਰਹਿਆ ਬੁੱਧ ਸਿੰਘ ਉਨ੍ਹਾਂ ਦੇ ਨਾਲ।"
ਉਸੇ ਵੇਲੇ ਬਾਪੂ ਲਿਖ ਦਿੱਤਾ ਚਿੱਟੇ ਤੇ ਕਾਲਾ, ਆਪਣੀ ਹਥੀਂ
"ਅੱਜ ਤੋ ਬੁੱਧ ਸਿੰਘ, ਹਰੀ ਸਿੰਘ ਹੋਇਆ,
ਇਹਨੂੰ ਸਿਰ ਕਰਦਾ ਜਾਣਨਾ,
ਬਖ਼ਸ਼ ਸਕੇਗਾ ਮੇਰੇ ਧੱਕਿਆਂ ਨੂੰ ਇਹ,
ਮੈਂ ਨਹੀਂ ਸਕਾਂਗਾ ਬਖ਼ਸ਼ ਇਸਦੇ ਧੱਕੇ ਨੂੰ।"

ਦਰਬਾਰਾ ਸਿੰਘ ਮੁੜਿਆ ਭੈਣੀ ਸਹਿਬ ਪੁੱਜਾ ਤੇ ਸਭ ਸੰਗਤ ਨੂੰ ਸਤਿਗੁਰਾਂ ਦਾ ਹੁਕਮ ਨਾਮਾ ਸੁਣਾਇਆ। ਸਭ ਸੰਗਤਾਂ ਹਰੀਆਂ ਹੋਈਆਂ। ਇਹ ਖ਼ਬਰ ਦੇਸ਼ ਬਦੇਸ਼ਾਂ ਵਿਚ ਫੈਲੀ। ਸੰਗਤ ਨੇ ਵਹੀਰਾਂ ਘੱਤ ਦਿਤੀਆਂ ਪਰ ਸਰਕਾਰੀ ਟੂੱਕਰ ਬੋਚ ਕੋਈ ਪੇਸ਼ ਨਾ ਜਾਣ ਦੇਣ। ਪੰਜਾਂ ਦੇ ਨਾਉਂ ਟਿਕਾਣਾ ਲਿਖਣ ਉਨ੍ਹਾਂ ਨੂੰ ਇਤਨਾ ਤੰਗ ਕਰਨ ਕਿ ਉਨ੍ਹਾਂ ਦੇ ਹੱਥਾਂ ਨੂੰ ਮੰਜਿਆਂ ਦੇ ਪਾਵਿਆਂ ਹੇਠ ਰੱਖ ਕੇ ਉਪਰ ਬੈਠਕੇ ਹੁੱਕਿਆਂ ਦੇ ਕਸ਼ ਲਗਾਂਦੇ। ਸਿਦਕੀ ਸਿੱਖ ਸਖਤੀਆਂ ਨੂੰ ਅੰਮ੍ਰਿਤ ਜਾਣ ਪੀ ਗਏ। ਕੋਈ ਕੌੜਾ ਬਚਨ ਨਾ ਕਰਨ। ਪਿੰਡ ਦੇ ਘੁਮੰਡੇ ਕੇ ਐਂਡ ਕੰਪਨੀ ਝੂਠੀਆਂ ਲੂਤੀਆਂ ਲਾ ਕਚਹਿਰੀ ਤੋਰੀ ਰੱਖਣ। ਲੰਗਰੋਂ ਨਾਲੇ ਖਾਣ ਨਾਲ ਹੀ ਧ੍ਰੋਹ ਕਰਨ। ਉਹ ਕਹਿਣ ਇਕ ਨੂੰ ਤੋਰਿਆ ਸੀ, ਦੂਸਰਾ ਉਸ ਦੇ ਨਾਲੋਂ ਵੀ ਸਵਾਇਆ। ਉਨ੍ਹਾਂ ਭੋਲਿਆਂ ਨੂੰ ਕੀ ਪਤਾ ਸੀ ਕਿ ਇਨ੍ਹਾਂ ਦਾ ਪ੍ਰਵਾਰ ਕੌੜੀ ਵੇਲ ਵਾਂਗੂੰ ਵਧਣਾ ਏ, ਸ਼ਰਧਾਲੂ ਇਸ ਧਰਤੀ ਦੀ ਧੂੜੀ ਨੂੰ, ਮੱਥੇ ਚੁੱਕ ਚੁੱਕ ਲਾਣਗੇ। ਇਹਨਾਂ ਦੀ ਬਦੌਲਤ ਇਹ ਭੈਣੀਆਲਾ, ਭੈਣੀ ਸਾਹਿਬ ਕਰਕੇ ਪ੍ਰਸਿੱਧ ਹੋਵੇਗਾ ਅਤੇ ਇਨਾਂ ਦੇ ਪੁਤਰ ਪੋਤਰਿਆਂ ਦੇ ਚਰਨ ਧੋ ਕੇ ਸੰਗਤਾਂ ਪੀਆ ਕਰਨਗੀਆਂ। ਬੀਬੀ ਨੰਦਾਂ ਦੀਆਂ ਅੱਖਾਂ ਵਿਚ ਮੋਤੀਆ ਬਿੰਦ ਸੀ ਉਹ ਵੀ ਸਤਿਗੁਰੂ ਹਰੀ ਸਿੰਘ ਜੀ ਨੂੰ ਪਛਾਣ ਨ ਸਕੀ। ਉਹ ਸਮਝੇ ਕਿ ਬੁੱਧ ਸਿੰਘ ਨੇ ਮੇਰੇ ਪਿਤਾ ਦੀ ਗੱਦੀ ਸਾਂਭ ਲਈ ਏ, ਉਹ ਲੰਘਦਿਆਂ ਟਪਦਿਆ ਗੁਰੂ ਜੀ ਨੂੰ ਸੁਣਾ ਸੁਣਾ ਕੇ ਆਖਿਆ ਕਰੇ- ਬਾਗਾਂ ਦੇ ਮਾਲੀ ਤੁਰ ਗਏ ਤੋਤੇ ਕਰਨ ਬਹਾਰਾਂ। ਪਰ ਸਤਿਗੁਰੂ ਸਦਾ ਸ਼ਾਂਤੀ ਦੀ ਲਹਿਰਾਂ ਵਿਚ ਅਨੰਦ ਮਾਨਣ ਤੇ ਇਤਨਾ ਵੀ ਨਾ ਕਹਿਣ-ਆਪੇ ਈ ਮਰ ਜਾਣਗੇ ਜਿਹੜੇ ਜੇਠ ਪੋਹਣਗੇ ਰਾਹ।"

ਸਤਿਗੁਰੂ ਹਰੀ ਸਿੰਘ ਜੀ ਲਗਭਗ ੧੫ ਸਾਲ ਨਜ਼ਰਬੰਦੀ ਵਿਚ ਗੁਜ਼ਾਰੇ, ਪਰ ਆਪਣੇ ਮਿਸ਼ਨ ਨੂੰ ਢਿੱਲਾ ਨਹੀ ਪੈਣ ਦਿੱਤਾ। ਗੁਰੂ ਜੀ ਆਖਿਆ ਕਰਨ, ਸਤਿਗੁਰਾਂ ਦਾ ਸ਼ੇਰ ਦਾ ਵਰਗ ਸੀ ਉਹ ਗਰਜਦੇ ਸਨ, ਮੇਰਾ ਚੂਹੇ ਦਾ ਵਰਗ ਹੈ, ਮੈਂ ਹੇਠੋਂ ਜੜ੍ਹਾਂ ਕੁਤਰਦਾ ਹਾਂ।

ਸਤਿਗੁਰੂ ਜੀ ਸਵੇਰੇ ੨ ਵਜੇ ਦੇ ਕਰੀਬ ਉਠਦੇ, ਜੰਗਲ ਜਾ, ਦਾਤਨ ਕਰ ਇਸ਼ਨਾਨ ਕਰਕੇ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਸਿਮਰਨ ਵਿਚ ਜੁੜਦੇ। ਬਾਹਰ ਬਰਾਂਡੇ ਵਿਚ ਸੰਤ ਗੁਰਦਿੱਤ ਸਿੰਘ, ਮਾਈ ਹੁਕਮੀ ਤੇ ਮਾਈ ਗੁਰਦੇਈ, ਸ੍ਰੀ ਆਸਾ ਦੀ ਵਾਰ ਦਾ ਕੀਰਤਨ ਕਰਦੇ। ਇਹ ਮਾਈਆਂ ਕੇਸਾਂ ਦਾ ਜੂੜਾ ਕਰਦੀਆਂ ਤੇ ਸੀਸ ਤੇ ਦਸਤਾਰਾਂ ਸਜਾਂਦੀਆਂ, ਸੂਰਜ ਦੀ ਟਿੱਕੀ ਨਾਲ ਕੀਰਤਨ ਦਾ ਭੋਗ ਪੈਂਦਾ। ਉਪਰੰਤ ਗੁਰੂ ਜੀ ਸ਼ਰਦਾਈ ਛਕਦੇ। ਕੁਝ ਚਿਰ ਆਰਾਮ ਕਰਕੇ ਡੇਰੇ ਦਾ ਪ੍ਰਬੰਧ ਵੇਖਦੇ। ਗਊਆਂ, ਘੋੜਿਆਂ ਵਾਲਿਆਂ ਪਾਸੋਂ ਜਾਣਕਾਰੀ ਲੈਂਦੇ। ਉਪਰੰਤ ਮੈਦਾਨ ਜਾਂਦੇ ਰਾਗਾ ਸਿੰਘ ਜਲ ਦੇ ਦੋ ਗੜਵੇ ਲੈ ਕੇ ਨਾਲ ਜਾਂਦਾ। ਮੈਦਾਨ ਉਪਰੰਤ ੭ ਵਾਰ ਰੇਤੇ ਨਾਲ ਹੱਥ ਮਾਂਜਦੇ। ਮੁੜ ਪੰਜ ਇਸ਼ਨਾਨਾ ਕਰ ਕਿਸੇ ਰੁੱਖ ਹੇਠ ਬੈਠ ਭਜਨ ਕਰਦੇ ਦਸ ਵਜੇ ਦੇ ਕਰੀਬ ਘਰ ਨੂੰ ਪਰਤਦੇ ਤੇ ਪ੍ਰਬੰਧਕਾਂ ਨੂੰ ਬੁਲਾ ਕੇ ਉਨ੍ਹਾਂ ਪਾਸੋ ਜਾਣਕਾਰੀ ਲੈਂਦੇ ਜਾਂ ਲੋੜਵੰਦਾਂ ਦੀਆਂ ਲੋੜਾਂ ਸੁਣਦੇ ਤੇ ਉਨ੍ਹਾਂ ਦਾ ਉਪਾਅ ਦਸਦੇ। ਪਿਛਲੇ ਪਹਿਰ ਲੰਗਰ ਛਕਦੇ। ਲੰਗਰ ਕੇਵਲ ਅੱਠੀਂ ਪਹਿਰੀਂ ਛਕਦੇ। ਸੰਗਤਾਂ ਭਾਵੇਂ ਚਾਰ ਵੇਰ ਗੱਫੇ ਲਾਣ। ਸੂਰਜ ਡੁਬਣ ਦੇ ਲਾਗੇ ਕਥਾ ਵਿਚ ਦਰਸ਼ਨ ਦੇਂਦੇ ਕਥਾ ਸੰਤ ਨਾਰਾਇਣ ਸਿੰਘ ਰੋਡਿਆਂ ਵਾਲੇ ਕਰਦੇ। ਕਥਾ ਤੋਂ ਵਿਹਲੇ ਹੋ ਕੇ ਭਾਈ ਸੰਤੋਖ ਸਿੰਘ ਪਾਸੋਂ ਗੁਰੂ ਘਰ ਦੀਆਂ ਇਕੱਤਰ ਕੀਤੀਆਂ ਵਾਰਤਾਵਾਂ ਸੁਣਦੇ ਜੇ ਕਿਤੇ ਲੋੜ ਹੁੰਦੀ ਤਾਂ ਸਲਾਹ ਦੇਂਦੇ। ਸੂਰਜ ਡੁਬਣ ਨਾਲ ਕੀਰਤਨ ਹੁੰਦਾ। ਕੀਰਤਨ ਤੋਂ ਪਹਿਲਾਂ ਸੰਤਾ ਸਿੰਘ ਢਾਡੀ ਪਾਸੋਂ ਜੋਧਿਆਂ ਦੀਆਂ ਵਾਰਾਂ ਸੁਣਦੇ। ਮੁੜ ਹੱਲੇ ਦਾ ਦੀਵਾਨ ਜਾਂ ਜੋਟੀਆਂ ਦੇ ਸ਼ਬਦ ਹੁੰਦੇ। ਦੱਸ ਵਜੇ ਦੇ ਲਗਭਗ ਸੰਗਤਾਂ ਤਾਂ ਬਰਾਜ ਜਾਂਦੀਆਂ ਪਰ ਸਤਿਗੁਰੂ ਜੀ ਡੇਰੇ ਜਾਂ ਬਾਹਰ ਟਿੱਬਿਆਂ

ਸਤਿਗੁਰੂ ਹਰੀ ਸਿੰਘ ਜੀ ਲਗਭਗ ੧੫ ਸਾਲ ਨਜ਼ਰਬੰਦੀ ਵਿਚ ਗੁਜ਼ਾਰੇ, ਪਰ ਆਪਣੇ ਮਿਸ਼ਨ ਨੂੰ ਢਿੱਲਾ ਨਹੀ ਪੈਣ ਦਿੱਤਾ। ਗੁਰੂ ਜੀ ਆਖਿਆ ਕਰਨ, ਸਤਿਗੁਰਾਂ ਦਾ ਸ਼ੇਰ ਦਾ ਵਰਗ ਸੀ ਉਹ ਗਰਜਦੇ ਸਨ, ਮੇਰਾ ਚੂਹੇ ਦਾ ਵਰਗ ਹੈ, ਮੈਂ ਹੇਠੋਂ ਜੜ੍ਹਾਂ ਕੁਤਰਦਾ ਹਾਂ। ਸਤਿਗੁਰੂ ਜੀ ਸਵੇਰੇ ੨ ਵਜੇ ਦੇ ਕਰੀਬ ਉਠਦੇ, ਜੰਗਲ ਜਾ, ਦਾਤਨ ਕਰ ਇਸ਼ਨਾਨ ਕਰਕੇ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਸਿਮਰਨ ਵਿਚ ਜੁੜਦੇ। ਬਾਹਰ ਬਰਾਂਡੇ ਵਿਚ ਸੰਤ ਗੁਰਦਿੱਤ ਸਿੰਘ, ਮਾਈ ਹੁਕਮੀ ਤੇ ਮਾਈ ਗੁਰਦੇਈ, ਸ੍ਰੀ ਆਸਾ ਦੀ ਵਾਰ ਦਾ ਕੀਰਤਨ ਕਰਦੇ। ਇਹ ਮਾਈਆਂ ਕੇਸਾਂ ਦਾ ਜੂੜਾ ਕਰਦੀਆਂ ਤੇ ਸੀਸ ਤੇ ਦਸਤਾਰਾਂ ਸਜਾਂਦੀਆਂ, ਸੂਰਜ ਦੀ ਟਿੱਕੀ ਨਾਲ ਕੀਰਤਨ ਦਾ ਭੋਗ ਪੈਂਦਾ।

Namdhari Elibrary NamdhariElibrary@gmail.com

ਤੇ ਜਾ ਮਾਲਾ ਫੇਰਦੇ। ਇਹ ਆਮ ਪ੍ਰਸਿੱਧ ਹੈ ਕਿ ਸਤਿਗੁਰੂ ਹਰੀ ਸਿੰਘ ਜੀ ਦੀ ਮਾਲਾ ਪੱਕੀਆਂ ਫੇਰਿਆ ਕਰਦੇ ਸਨ। ਭਗਾਉਤੀਆਂ ਦੀਆਂ ਮਾਲਾ ਵਖਰੀਆਂ। ਸਿਰ ਤੇ ਪਾਈਆ ਮੱਖਣ ਰਖਦੇ ਫਿਰ ਬਰਾਜਨ ਸਮੇਂ ਤਕ ਕੇਸ ਖੁਸ਼ਕ ਹੋ ਜਾਂਦੇ ਸਨ। ਗਰੀਬ ਨਿਵਾਜ ਜੀ ਘਿਉ ਪਾਣੀ ਵਿਚ ਪਾ ਕੇ ਉਬਾਲ ਕੇ ਜਦ ਪਾਈਆ ਕੁ ਪਾਣੀ ਰਹਿ ਜਾਂਦਾ ਤਾਂ ਉਹ ਛਕਦੇ।

ਸਤਿਗੁਰੂ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਸੰਗਤ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਣ ਹਿਤ ੫੦੦ ਦੇ ਕਰੀਬ ਅਖੰਡ ਪਾਠ ਤੇ ੧੧੦੦ ਦੇ ਲਗਭਗ ਸਧਾਰਨ ਪਾਠ ਕਰਵਾਏ। ਕਈ ਵੇਰ ਤਾਂ ਪੁਲਿਸ ਵੀ ਆ ਕੇ ਵਿਘਨ ਪਾਂਦੀ ਤੇ ਪਾਠ ਖੰਡਤ ਹੋ ਜਾਂਦੇ। ਇਕ ਹੁਕਮ ਨਾਮੇ ਵਿਚ ਸੱਚੇ ਪਾਤਸ਼ਾਹ ਜੀ ਲਿਖ ਭੇਜਿਆ ਕਿ ਜਦ ਪਾਠ ਟੁੱਟੇ ਤਾਂ ਸਰੀਰ ਨੂੰ ਬੜਾ ਕਸ਼ਟ ਹੋਇਆ।

ਇਤਨੀਆਂ ਕਠਿਨਾਈਆਂ ਦੇ ਬਾਵਜੂਦ ਲੰਗਰ ਨੂੰ ਢਿੱਲਾ ਨਹੀਂ ਪੈਣ ਦਿਤਾ। ਕੁਝ ਸਮੇਂ ਪਿਛੋਂ ਸੰਗਤਾਂ ਨੇ ਲੰਗਰ ਦੀ ਉਗਰਾਹੀ ਦਾ ਸਿਲਸਲਾ ਅਰੰਭ ਕੀਤਾ। ਇਸ ਨੇਕ ਕੰਮ ਦੀ ਬੋਹਣੀ ਹੋਈ ਸ੍ਰ. ਬਘੇਲ ਸਿੰਘ ਨਾਰਲੀ ਇਕ ਹਜ਼ਾਰ, ਨੱਥਾ ਸਿੰਘ ਗਾਦੜੀ ਇੱਕ ਹਜ਼ਾਰ, ਕਾਨ੍ਹ ਸਿੰਘ ਬੁਰਜ ਇਕ ਹਜ਼ਾਰ ਤੇ ਸੁਬੇਗ ਸਿੰਘ ੫੦੦ ਨਕਦ ਮੱਥਾ ਟੇਕਣ ਨਾਲ ਬਾਬਾ ਕਾਨ੍ਹ ਸਿੰਘ ਬੁਰਜ ਨੇ ਇਕ ਹਜ਼ਾਰ ਦੇ ਨਾਲ ਇਕ ਗੱਡਾ ਦਾਣਿਆਂ ਦਾ ੨ ਬਲਦਾਂ ਸਮੇਤ ਤੇ ਬਾਬਾ ਬੂਟਾ ਸਿੰਘ ਜੀ ਲਾਖਣਾ ਲੰਗਰ ਹਿੱਤ ਜੀਵਨ ਦਾਨ, ਉਹ ਸਾਰੀ ਉਮਰ ਲੰਗਰ ਵਾਸਤੇ ਉਗਰਾਹੀ ਕਰਕੇ ਲਿਅਉਂਦੇ ਰਹੇ।

ਸਤਿਗੁਰੂ ਜੀ ਨੂੰ ੧੫ ਸਾਲ ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਜਾਣ ਦੀ, ਸਰਕਾਰੋਂ ਛੁੱਟੀ ਮਿਲੀ। ਗੁਰੂ ਜੀ ਦਾ ਦੌਰਾ ਘੋੜਿਆਂ, ਊਠਾਂ ਤੇ ਗੱਡਿਆਂ ਤੇ ਹੁੰਦਾ। ਸੰਗਤ ਦੀਆ ਵਹੀਰਾਂ ਪੈਂਦੀਆਂ। ਪਿੰਡਾਂ ਵਾਲੇ ਰੁਪਏ, ਪਤਾਸੇ, ਗਰੀ, ਛੁਹਾਰੇ, ਬਸਤਰ ਅਗਾਊਂ ਲੈ ਮਿਲਦੇ। ਰਾਗੀ ਸਿੰਘ ਤੇ ਢਾਡੀ ਸਿੰਘ ਕੀਰਤਨ ਕਰਦੇ ਤੇ ਵਾਰਾਂ ਵੀ ਗਾਉਂਦੇ। ਗਰੀਬ ਨਿਵਾਜ ਅਰਜ ਕਰਨ ਵਾਲਿਆਂ ਦੀ ਘਰੀਂ ਚਰਨ ਪਾਉਂਦੇ। ਗੁਰੂ ਜੀ ਦਾ ਕੱਦ ਲੰਮਾ, ਨੇਤਰ ਮੋਟੇ, ਰੰਗ ਸਾਂਵਲਾ, ਗਰਦਨ ਲੰਮੀ, ਨੱਕ ਤੋਤੇ ਵਰਗਾ ਇਤਨਾ ਲੰਮਾ ਕਿ ਜਲ ਛਕਣ ਵੇਲੇ ਪਾਣੀ ਵਿਚ ਡੁਬ ਜਾਂਦਾ। ਚਲਣ ਵਿਚ ਸਭ ਤੋਂ ਮੁਹਰੇ, ਨੇਤਰ ਨੀਵੇਂ, ਜਦ ਕਦੇ ਉਤਾਂਹ ਕਰਨ ਨਦਰੀ ਨਦਰ ਨਿਹਾਲ, ਬੇੜਾ ਪਾਰ। ਸਤਿਗੁਰੂ ਜੀ ਦੇ ਚਰਨਾਂ ਵਿਚ ਰੋਗੀ, ਪੁੱਤਰਾਂ ਦੀਆਂ ਥੁੜਾਂ ਵਾਲੇ ਜਾਂ ਭੂਤ ਪ੍ਰੇਤਾਂ ਤੋਂ ਡਰੇ ਹਾਜ਼ਰ ਹੋ ਬੇਨਤੀਆਂ ਕਰਦੇ। ਸਭ ਨੂੰ ਖੁਸ਼ੀਆਂ।

ਇਸਦੇ ਦਰਸ਼ਨਾਂ ਵਿੱਚ ਮਸੀਹਾਈ
ਕੋਹੜੀ, ਲੰਡੇ, ਲੂਲੇ, ਪਾਗਲ
ਇਕੋ ਝਲਕ ਨਾਲ ਨਵੇਂ ਨਰੋਏ।

ਜਦ ਖੇਤ ਦਾ ਮਾਲਿਕ ਕਿਸੇ ਕਾਰਨ ਬਾਹਰ ਗਿਆ ਹੋਵੇ ਤਾਂ ਖੇਤ ਵਿਚ ਝਾੜ ਬੂਟ ਉੱਗ ਪੈਂਦਾ ਹੈ। ਤਿਵੇਂ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਿਆਂ ਕੁਝ ਸੰਤ ਮਾਲਿਕ ਭੁਲ ਗਏ, ਆਪ ਈ ਗੁਰੂ ਬਣ ਬੈਠੇ ਪਰ ਇਹ ਕੋਈ ਨਵੀਂ ਗਲ ਨਹੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਨਾਲ ਈ ਟੁਰੀ ਆਈ ਏ, ਤੇ ਅਜੇ ਤਕ ਖਲਾਸੀ ਨਹੀਂ ਛੱਡੀ। ਉਨ੍ਹਾਂ ਦਿਨਾਂ ਵਿਚ ਬਾਬਾ ਸੁੱਧ ਸਿੰਘ ਮਢੌਰ, ਦੇਵਾ ਸਿੰਘ, ਗੰਡਾ ਸਿੰਘ ਇਬਣ, ਬਾਬਾ ਸੰਮਾ ਸਿੰਘ ਤੇ ਸੈਣ ਸਿੰਘ ਆਦਿ ਕਈ ਡੇਰੇਦਾਰ ਸਨ। ਉਹ ਟੂਰੂਆਂ ਦੇ ਦਰਸ਼ਨ ਕਰਾ ਸਕਦੇ ਸਨ, ਬਾਰਸ਼ ਪੁਆ ਸਕਦੇ ਸਨ। ਕਿਸੇ ਦੇ ਮੰਦੇ ਕਰਮ ਦਸ ਸਕਦੇ ਸਨ। ਪਰ ਹੰਕਾਰ ਇਤਨਾ ਹੋ ਗਿਆ ਕਿ ਮਾਲਿਕ ਨੂੰ ਭੁਲ ਗਏ। ਸਤਿਗੁਰੂ ਹਰੀ ਸਿੰਘ ਜੀ ਉਨ੍ਹਾਂ ਨਗਰਾਂ ਦਾ ਦੌਰਾ ਕੀਤਾ। ਹੰਕਾਰੀ ਡੇਰਿਆਂ ਵਿਚ ਫਸੇ ਰਹੇ। ਸਤਿਗੁਰੂ ਹਰੀ ਸਿੰਘ ਸਭ ਦੀ ਸੱਤਿਆ ਖਿੱਚ ਲਈ, ਕਿਸੇ ਦੀ ਪੈਰੀਂ ਹੱਥ ਲਾ, ਕਿਸੇ ਨੂੰ ਮੱਥਾ ਟੇਕ, ਜਿਵੇਂ ਜਵਾਰ ਭਾਟਾ ਸਾਗਰ ਪਾਣੀ ਨੂੰ ਉਛਾਲ ਦੇ ਕੇ ਮੁੜ ਅੰਦਰ ਸਮੇਟ ਲੈਂਦਾ ਹੈ। ਉਨ੍ਹਾਂ ਡੇਰਿਆਂ ਵਿਚ:

ਭਾਂਡੇ ਖਾਲੀ, ਲਗੀ ਭੰਗ ਭੁਜਣ,
ਕਖੋਂ ਹੌਲੇ, ਪਾਣੀਓਂ ਪਤਲੇ
ਫੱਤਿਆਂ, ਫੱਤ, ਫੱਤ।
ਲਗੇ ਦੁਹੱਥੜੀ ਪਿੱਟਣ,
ਪਰ
ਹੁਣ ਪਛਤਾਇਆਂ ਕੀ ਬਣੇਂ
ਜਦ ਚਿੜੀਆਂ ਚੁਗ ਗਈ ਖੇਤ।

ਗੁਰੂ ਜੀ ਰਿਧੀਆਂ ਸਿਧੀਆਂ ਖਿਚ ਲਿਆਏ।

ਸਤਿਗੁਰੂ ਹਰੀ ਸਿੰਘ ਜੀ ਦੇ ਮਹਿਲ ਸਾਹਿਬੇ ਜੀ ਚੜਾਈ ਕਰ ਗਏ ਸਨ ਬਿਕ੍ਰਮੀ ੧੯੪੪ ਵਿਚ ਬਰਾਜ ਦੇ ਸ੍ਰ. ਖੁਸ਼ਹਾਲ ਸਿੰਘ ਆਪਣੀਆਂ ਦੋਹਾਂ ਬੀਬੀਆਂ ਜੀਵਨ ਕੌਰ ਤੇ ਫ਼ਤਹਿ ਕੌਰ ਨੂੰ ਲੈ ਹਾਜ਼ਰ ਹੋਏ। ਉਸ ਵੇਲੇ ਗੁਰੂ ਜੀ ਦੀ ਉਮਰ ਦੇਹ ਕਰਕੇ ੬੮ ਸਾਲ ਦੀ ਸੀ। ਸਤਿਗੁਰੂ ਜੀ ਪ੍ਰਵਾਨ ਕਰ ਲਈਆਂ। ਮਾਤਾ ਜੀਵਨ ਕੌਰ ਜੀ ਦੀ ਕੁਖੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਚੇਤ ਵਦੀ ਤੀਜ ੧੯੪੬ ਬਿਕ੍ਰਮੀ ਐਤਵਾਰ ਸੂਰਜ ਛਿਪੇ ਨਿਮੀ ਨਿਮੀ ਫੁਹਾਰ ਪੈਂਦਿਆ ਹੋਇਆ ਫਿਰ ਮਹਾਰਾਜ ਨਿਹਾਲ ਸਿੰਘ ਕੱਤਕ ਵਦੀ ਦਸਵੀਂ ੧੯੪੯ ਸੂਰਜ ਚੜ੍ਹਨ ਸਮੇਂ ਅਤੇ ਮਹਾਰਾਜ ਗੁਰਦਿਆਲ ਸਿੰਘ ਅਸੂ ਵਦੀ ਦਸਵੀ ਸਰਾਧਾਂ ਵਿਚ ਸੋਮਵਾਰ, ਅੰਮ੍ਰਿਤ ਵੇਲੇ ੧੯੫੪ ਵਿੱਚ ਜਨਮੇ। ਮਾਤਾ ਫਤਹਿ ਕੌਰ ਜੀ ਸੀਸ ਤੇ ਦਸਤਾਰਾ ਸਜਾਇਆ ਤੇ ਸਾਧ ਸੰਗਤ ਦੀ ਸੇਵਾ ਕਰਦੇ ਰਹੇ। ਮਾਤਾ ਜੀਵਨ ਕੌਰ ਜੀ ਸ੍ਰੀ ਭੈਣੀ ਸਾਹਿਬ ਦੇ ਲੰਗਰ ਦੀ ਸੇਵਾ ਨਾਲ ਸ੍ਰੀ ਭੈਣੀ ਸਾਹਿਬ ਨੂੰ ਸੰਸਾਰ ਦੇ ਕੋਨੇ ਕੋਨੇ ਵਿਚ ਰੋਸ਼ਨ ਕੀਤਾ।

ਸਤਿਗੁਰੂ ਹਰੀ ਸਿੰਘ ਜੀ ਸੰਗਤਾਂ ਦੀ ਸਹੂਲਤ ਹਿੱਤ ਕਈ ਕਾਰਜ ਅਰੰਭੇ ਤੇ ਸ੍ਰੀ ਭੈਣੀ ਸਾਹਿਬ ਵਿਚ ਭਜਨ ਬੰਦਗੀ ਵਾਸਤੇ ਕੋਠੀ ਬਣਵਾਈ, ਦਾਣੇ ਪੀਹਣ ਹਿਤ, ਖਰਾਸ ਦਾ ਪ੍ਰਬੰਧ ਕੀਤਾ। ਕੁੱਪਾਂ ਵਾਲੇ ਛੱਪੜ ਨੂੰ ਸਾਫ ਕਰਵਾਕੇ ਰਾਮ ਸਰੋਵਰ ਦਾ ਨਾਉਂ ਬਖਸ਼ਿਆ ਆਲੇ ਦੁਆਲੇ ਖੂਹੀਆਂ ਤਿਆਰ ਕਰਵਾਈਆਂ। ਸਿੱਖ ਸਾਧ ਟੁਰਦਿਆਂ ਫਿਰਦਿਆਂ ਕਾਰ ਵਿਹਾਰ ਕਰਦਿਆਂ ਸ਼ਬਦ ਪੜ੍ਹਦੇ ਜਾਂ ਭਜਨ ਕਰਦੇ। ਮੰਦੀਆਂ ਵਾਸ਼ਨਾਵਾਂ ਦਾ ਭੋਗ ਪੈ ਗਿਆ। ਇਹ ਫਿਰ ਦੇਵ ਪੁਰੀ ਕਰਕੇ ਪ੍ਰਸਿੱਧ ਹੋਇਆ।

ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਕਈ ਸਿੰਘ ਬਾਰਾਂ ਪਾਤਸ਼ਾਹ ਕਹਿ ਅਰਦਾਸਾ ਕਰਦੇ, ਕਈ ਦਸ ਕਹਿ ਅਰਦਾਸਾ ਟੋਰਦੇ। ਗ੍ਰੀਬ ਨਿਵਾਜ਼ ਜੀ ਹੁਕਮ ਕੀਤਾ ਸਭ:

੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ਸ੍ਰੀ ਭਗਉਤੀ ਜੀ ਸਹਾਇ ਪਾਤਸ਼ਾਹੀ ੧੨ ਕਰਿਆ ਕਰੋ। ਸੰਗਤਾਂ ਸਤਿ ਬਚਨ ਕਹਿ ਸੀਸ ਨਿਵਾਇਆ।

ਸਤਿਗੁਰੂ ਰਾਮ ਸਿੰਘ ਜੀ ੧੮੫੭ ਵਿਚ ਭਾਰਤ ਦੀ ਆਜ਼ਾਦੀ ਲਈ ਲੜਾਈ ਅਰੰਭੀ ਸੀ, ਗੁਰੂ ਹਰੀ ਸਿੰਘ ਜੀ ਉਸੇ ਜੋਤ ਨੂੰ ਸੀਨੇ

Namdhari Elibrary NamdhariElibrary@gmail.com

ਦੀ ਚਰਬੀ ਪਾ ਪ੍ਰਚੰਡ ਰੱਖਿਆ। ਬਾਬਾ ਗੁਰਚਰਨ ਸਿੰਘ ਤੇ ਸੂਬਾ ਬਿਸ਼ਨ ਸਿੰਘ ਰਾਜਸੀ ਕੰਮਾਂ ਵਾਸਤੇ ਨੀਅਤ ਸਨ ਇਹ ਪੰਜਾਬੀ, ਪਸ਼ਤੋ ਤੇ ਫਾਰਸੀ ਤੋਂ ਚੰਗੀ ਤਰ੍ਹਾਂ ਜਾਣੂ ਸਨ। ਇਹ ਪਰਬਤਾਂ ਨੂੰ ਚੀਰਦੇ, ਦਰਿਆ ਨੂੰ ਟੱਪਦੇ, ਰੂਸ ਜਾਂਦੇ, ਏਧਰ ਦੇ ਸੁਨੇਹੇ ਓਧਰ ਤੇ ਓਧਰ ਦੇ ਪੈਗਾਮ ਏਧਰ ਪਹੁੰਚਾਂਦੇ। ਅਕਤੂਬਰ ੧੮੭੯ ਵਿਚ ਗੁਰਚਰਨ ਸਿੰਘ ਕੁਝ ਚਿੱਠੀਆਂ ਤੇ ਹੋਰ ਸਾਮਾਨ ਰੂਸੋਂ ਲਿਆ ਰਿਹਾ ਸੀ ਕਿ ਪੁਲਿਸ ਨੂੰ ਸੂਹ ਮਿਲ ਗਈ। ਉਹ ਡੇਰੇ ਦੀ ਤਲਾਸ਼ੀ ਲੈਣ

ਸੰਨ ੧੮੯੯ ਵਿਚ ਬਾਗੜ ਵਿੱਚ ਕਾਲ ਪੈ ਗਿਆ। ਗੁਰੂ ਜੀ ਹਜਾਰਾਂ ਬਾਗੜੀਆਂ ਨੂੰ ਮੌਤ ਦੇ ਮੂੰਹ ਵਿਚ ਜਾਣੋਂ ਬਚਾਇਆ। ਜਦੋਂ ਬਾਰਸ ਹੋਈ ਤਾਂ ਉਹ ਲੋਕ ਸਤਿਗੁਰੂ ਹਰੀ ਸਿੰਘ ਜੀ ਦੀ ਜੈ ਜੈ ਕਾਰ ਕਰਦਿਆਂ ਘਰਾਂ ਨੂੰ ਮੁੜੇ। ਇਸ ਮੌਕਿਆਂ ਤੋਂ ਲਾਭ ਲੈਣ ਲਈ ਹਕੂਮਤ ਨੇ ਲੰਗਰ ਵਾਸਤੇ ੧੦੦ ਮੁੱਰਬੇ ਜਮੀਨ ਦੀ ਪੇਸ਼ਕਸ਼ ਕੀਤੀ, ਪਰ ਗੁਰੂ ਹਰੀ ਸਿੰਘ ਹਕੂਮਤ ਦੀ ਇਹ ਪੇਸ਼ਕਸ ਠੁਕਰਾ ਦਿਤੀ ਤਾਂ ਲੁਧਿਆਣੇ ਦੇ ਗੈਜ਼ਟੀਅਰ ਵਿਚ ੧੯੦੪ ਵਿਚ ਇਹ ਲਿਖ ਦਿਤਾ ਗਿਆ ਕਿ "ਇਹ ਸਚਾਈ ਹੈ ਕਿ ਕੂਕਾ ਅੰਗ੍ਰੇਜ਼ੀ ਸ੍ਰਕਾਰ ਦਾ ਵਫਾਦਾਰ ਨਹੀਂ ਹੋ ਸਕਦਾ।"

ਲਗੀ ਪਰ ਗੁਰੂ ਜੀ ਨੇ ਚਿਠੀਆਂ ਪੜ੍ਹ ਕੇ ਬਾਕੀ ਸਮਾਨ ਲੋਹ ਹੇਠਾਂ ਫੂਕ ਦਿਤਾ। ਪੁਲਿਸ ਹੱਥ ਮਲਦੀ ਵਾਪਸ ਮੁੜੀ। ਡਾ. ਫੌਜਾ ਸਿੰਘ ਜੀ ਨੇ ਲਿਖਿਆ ਹੈ ਮਹਾਰਾਜਾ ਦਲੀਪ ਸਿੰਘ ੧੮੮੬ ਵਿਚ ਭਾਰਤ ਆ ਰਿਹਾ ਸੀ। ਇਕ ਕੂਕਾ ਡੈਲੀਗੇਸ਼ਨ ਬੰਬਈ ਉਸਦੇ ਸੁਆਗਤ ਵਾਸਤੇ ਪੁੱਜਾ, ਪਰ ਬਾਕੀ ਪੰਜਾਬੀਆਂ ਹੁੰਗਾਰਾ ਨ ਭਰਿਆ ਉਹ ਅਦਨ ਤੋਂ ਨਰਾਜ਼ ਹੋ ਮੁੜਿਆ। ਫੇਰ ਓਹ ਫਰਾਂਸ, ਜਰਮਨੀ ਹੁੰਦਾ ਰੂਸ ਗਿਆ, ਕੂਕੇ ਬੀਰ ਉਸ ਨੂੰ ਰੂਸ ਜਾ ਕੇ ਮਿਲੇ ਤੇ ਇਕ ਯੋਜਨਾ ਤਿਆਰ ਕੀਤੀ। ਮਹਾਰਾਜੇ ਦੇਸ ਵਾਸੀਆਂ ਅਗੇ ਅਪੀਲ ਕੀਤੀ ਕਿ ਪੰਜਾਬੀ ਪ੍ਰਤੀ ਜੀਅ ਇੱਕ ਆਨਾ ਮਾਸਿਕ ਤੇ ਬਾਕੀ ਭਾਰਤੀ ਇਕ ਪੈਸਾ, ਪ੍ਰਤੀ ਮਹੀਨਾ ਚੰਦਾ ਦੇਣ ਤਾਂ ਕਿ ਫੌਜ ਇੱਕਠੀ ਕਰਕੇ ਦੇਸ਼ ਆਜ਼ਾਦ ਕਰਵਾਇਆ ਜਾਵੇ। ਆਜ਼ਾਦੀ ਪਿਛੋਂ ਟੈਕਸ ਮਾਫ ਕੀਤੇ ਜਾਣਗੇ। ਨੁਕਸਾਨ ਪੂਰਾ ਕੀਤਾ ਜਾਵੇਗਾ, ਪਰ ਬਦ ਕਿਸਮਤੀ ਨਾਲ ਇਹ ਯੋਜਨਾ ਵੀ ਸਿਰੇ ਨਾ ਚੜੀ।

ਇਕ ਸਮੇਂ ਗੁਰਚਰਨ ਸਿੰਘ ਰੂਸੋਂ ਵਾਪਸ ਆ ਰਿਹਾ ਸੀ ਕਿ ਉਹ ਰਾਹ ਵਿਚ ਹੀ ਗਰਿਫਤਾਰ ਹੋ ਗਿਆ। ਸਰਕਾਰ ਵਲੋਂ ਉਸ ਪਾਸੋਂ ਭੇਦ ਲੈਣ ਲਈ ਇੱਕ ਖੁਫੀਆ ਏਜੰਟ ਵੀ ਜੇਲ੍ਹ ਵਿਚ ਡੱਕ ਦਿੱਤਾ। ਓਸ ਨੇ ਸਰਕਾਰ ਦੀ ਪੂਰੀ ਸ਼ੇਰ ਖਾਈ ਨਿਭਾਈ, ਪਰ ਬਾਬਾ ਜੀ ਪਾਸੋਂ ਕੁਝ ਪ੍ਰਾਪਤ ਨ ਹੋਇਆ। ਤਾਂ ਮਿਸਟਰ ਡੋਰਾਂਡ ਨੇ ਸਰਕਾਰ ਨੂੰ ਇਕ ਰਪੋਰਟ ਭੇਜੀ, ਜਿਸ ਵਿਚ ਲਿਖਿਆ ਸੀ, "ਗੁਰਚਰਨ ਸਿੰਘ ਨੂੰ ਕੂਕਿਆਂ ਤੋਂ ਵੱਖ ਕਰਨਾ ਬਿਲਕੁਲ ਅਸੰਭਵ ਹੈ। ਉਹ ਪੱਕਾ ਕੂਕਾ ਹੈ ਤੇ ਅਖੀਰ ਦਮ ਤਕ ਰਹੇਗਾ। ਕੋਈ ਤਾਕਤ ਉਸਨੂੰ ਕੂਕਿਆਂ ਤੋਂ ਵੱਖ ਨਹੀਂ ਕਰ ਸਕਦੀ ਤੇ ਜਿੰਨਾ ਉਹ ਨੁਕਸਾਨ ਪਹੁੰਚਾ ਸਕਦਾ ਹੈ ਪਹੁੰਚਾਏਗਾ।" ਬਾਬਾ ਜੀ ਨੇ ਆਪਦੀ ਸਹਾਇਤਾ ਵਾਸਤੇ ਰਾਮ ਚਰਨ, ਮਾਇਆ ਦਾਸ ਤੇ ਸ਼ੰਕਰ ਰਾਏ ਆਦਿ ਨੂੰ ਜੋੜ ਲਿਆ ਤੇ ਇਹ ਸਿਰ ਤੇ ਕਫਨ ਬੰਨੀ ਅਗਾਂਹ ਵਧਦੇ ਗਏ।

ਸੰਨ ੧੮੯੯ ਵਿਚ ਬਾਗੜ ਵਿੱਚ ਕਾਲ ਪੈ ਗਿਆ। ਗੁਰੂ ਜੀ ਹਜ਼ਾਰਾਂ ਬਾਗੜੀਆਂ ਨੂੰ ਮੌਤ ਦੇ ਮੂੰਹ ਵਿਚ ਜਾਣੋਂ ਬਚਾਇਆ। ਜਦੋਂ ਬਾਰਸ਼ ਹੋਈ ਤਾਂ ਉਹ ਲੋਕ ਸਤਿਗੁਰੂ ਹਰੀ ਸਿੰਘ ਜੀ ਦੀ ਜੈ ਜੈ ਕਾਰ ਕਰਦਿਆਂ ਘਰਾਂ ਨੂੰ ਮੁੜੇ। ਇਸ ਮੌਕਿਆਂ ਤੋਂ ਲਾਭ ਲੈਣ ਲਈ ਹਕੂਮਤ ਨੇ ਲੰਗਰ ਵਾਸਤੇ ੧੦੦ ਮੁੱਰਬੇ ਜਮੀਨ ਦੀ ਪੇਸ਼ਕਸ਼ ਕੀਤੀ, ਪਰ ਗੁਰੂ ਹਰੀ ਸਿੰਘ ਹਕੂਮਤ ਦੀ ਇਹ ਪੇਸ਼ਕਸ ਠੁਕਰਾ ਦਿਤੀ ਤਾਂ ਲੁਧਿਆਣੇ ਦੇ ਗੈਜ਼ਟੀਅਰ ਵਿਚ ੧੯੦੪ ਵਿਚ ਇਹ ਲਿਖ ਦਿਤਾ ਗਿਆ ਕਿ "ਇਹ ਸਚਾਈ ਹੈ ਕਿ ਕੂਕਾ ਅੰਗ੍ਰੇਜ਼ੀ ਸ੍ਰਕਾਰ ਦਾ ਵਫਾਦਾਰ ਨਹੀਂ ਹੋ ਸਕਦਾ।"

ਪਿੰਡਾਂ ਦੀ ਹਾਲਤ ਇਹ ਸੀ ਕਿ ਸ੍ਰੀ ਭੈਣੀ ਸਾਹਿਬ ਜੇਲ੍ਹ ਤੋਂ ਘਟ ਨਹੀਂ ਸੀ। ਅਰਜ਼ੀ ਦਿਤੇ ਬਿਨਾਂ ਗੁਰੂ ਜੀ ਬਾਹਰ ਨਹੀਂ ਜਾ ਸਕਦੇ ਸਨ। ਸ੍ਰੀ ਭੈਣੀ ਸਾਹਿਬ ਇਕ ਪ੍ਰਕਾਰ ਦਾ ਬੰਦੀਖਾਨਾ ਸੀ। ਸਤਿਗੁਰੂ ਪ੍ਰਤਾਪ ਸਿੰਘ, ਮਹਾਰਾਜ ਨਿਹਾਲ ਸਿੰਘ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਜਨਮ ਇਕ ਪ੍ਰਕਾਰ ਦਾ ਜੇਲ੍ਹ ਵਿਚ ਹੋਇਆ। ਇਕ ਸਮੇਂ ਕੁਝ ਸਿੰਘ ਲੜਕੇ ਲੜਕੀ ਦਾ ਅਨੰਦ ਕਰਾਉਣ ਲਈ ਆਏ। ਹਵਨ ਨ ਵੇਦੀ। ਸਤਿਗੁਰੂ ਜੀ ਹੁਕਮ ਕੀਤਾ, "ਰਾਗਾ ਸਿੰਘਾ! ਕਰ ਅਰਦਾਸਾ।" ਇਸੇ ਤਰ੍ਹਾਂ ਇਕ ਜੋੜੀ ਮੱਲੇ ਆਣੇ ਦੇ ਛੱਪੜ ਵਲੋਂ ਆਈ। ਗੁਰੂ ਜੀ ਮੈਦਾਨ ਮਾਰਨ ਦੇ ਬਹਾਨੇ ਬਾਹਰ ਗਏ, ਉਥੇ ਹੀ ਅਰਦਾਸਾ ਕਰ ਘਰੀਂ ਤੋਰਿਆ। ਅਜੇਹੀਆਂ ਕਥਾਵਾਂ, ਪੰਡਤ ਜਵਾਹਰ ਲਾਲ ਨਹਿਰੂ ਸ੍ਰੀ ਭੈਣੀ ਸਾਹਿਬ ਆਏ ਨੇ ਸੁਣੀਆਂ ਤਾਂ ਉਨ੍ਹਾਂ ਦੀਆਂ ਅੱਖਾ ਵਿਚੋਂ ਹੰਝੂ ਛਲਕ ਪਏ।

ਇਨ੍ਹਾਂ ਸਭਨਾਂ ਤੋਂ ਵੱਧ ਗੁਰੂ ਜੀ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ ਸਤਾਉਂਦਾ ਸੀ। ਆਪ ਉਨ੍ਹਾਂ ਦੀ ਯਾਦ ਵਿਚ ਗੁਆਚੇ ਰਹਿੰਦੇ। ਇਥੋਂ ਤਕ ਮਾਹੀ ਦੀ ਭਾਲ ਕਰਦੀਆਂ ਅੱਖਾਂ ਦੀ ਜੋਤ ਵੀ ਚਲੀ ਗਈ। ਸ਼ਰਧਾਲੂ ਜੋਰ ਦੇ ਕੇ ਅਰਜ਼ ਕਰਨ ਕਿ ਅੱਖਾਂ ਦਾ ਇਲਾਜ ਕਰਾਇਆ ਜਾਵੇ। ਡਾਕਟਰ ਅਥਵਾ ਜੱਰਾਹ ਇਹ ਕਹਿਣ ਕਿ ਇਲਾਜ ਤਾਂ ਹੋ ਸਕਦਾ ਹੈ, ਜੇ ਨੇਤਰਾਂ ਦਾ ਪਾਣੀ ਵਗਣਾ ਬੰਦ ਹੋਵੇ। ਗੁਰੂ ਜੀ ਕਹਿਣ ਮੈਨੂੰ ਸਤਿਗੁਰਾਂ ਦੇ ਦਰਸ਼ਨ ਕਰਾ ਦਿਓ, ਮੇਰੇ ਨੇਤਰ ਠੀਕ ਹੋ ਜਾਣਗੇ। ਇਹ ਉਨ੍ਹਾਂ ਦੀ ਆਪਣੀ ਰਜ਼ਾ ਸੀ, ਨਹੀ ਤਾਂ ਉਹ ਲੂਲਿਆਂ ਨੂੰ ਲੱਤਾਂ ਤੇ ਨਾਬੀਨਿਆਂ ਨੂੰ ਬੀਨਾਈ ਬਖਸ਼ ਸਕਦੇ ਸਨ। ਸਤਿਗੁਰੂ ਹਰੀ ਸਿੰਘ ਜੀ ਜੇਠ ਵਦੀ ਦਸਵੀਂ ਸੰਮਤ ੧੯੬੩ ਬਿਕ੍ਰਮੀ ਸ਼ਨੀਵਾਰ ਪਿਛਲੇ ਪਹਿਰ ਪੰਜ ਵਜ ਕੇ ਪੰਜ ਮਿੰਟ ਤੇ ਜੋਤੀ ਜੋਤ ਸਮਾਏ। ਨਿਰਜਲਾ ਇਕਾਦਸ਼ੀ ਵਾਲੇ ਦਿਨ ਅਨੇਕ ਪਾਠਾਂ ਦੇ ਭੋਗ ਪਾਏ ਗਏ ਤੇ ਸੰਗਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਤੇ ਮੱਥਾ ਟੇਕਿਆ।

ਉਸ ਸ਼ਾਂਤੀ ਦੇ ਪੁੰਜ ਟੁੱਟੀ ਗੰਢਣ ਵਾਲੇ ਸਤਿਗੁਰੂ ਜੀ ਬਾਰੇ ਸੰਤ ਬਿਸ਼ਨ ਸਿੰਘ ਭੌਰ ਦੇ ਸ਼ਬਦ ਠੀਕ ਢੁਕਦੇ ਹਨ।

ਟੁੱਟੀ ਗੰਢਣਹਾਰ ਗੁਪਾਲਾ ਧੰਨ ਕਮਾਈ ਤੇਰੀ।
ਜੋਤ ਦਾ ਜਾਮਾ ਬਣ ਲੈ ਆਇਓਂ ਮਿਹਰੰਮਤ ਪ੍ਰਭ ਕੇਰੀ।
ਭੌਰਾ ਭਰ ਜੇ ਮਿਹਰ ਨਜਰੀਆ ਤੁਠ ਸਭ ਕਰ ਦੇਵੇਂ,
ਮਿੱਟੀ ਸੋਨਾ ਹੋ ਜਾਵੇ ਬਿਨਸੇ ਮੈਂ ਤੇ ਮੇਰੀ।

Namdhari Elibrary NamdhariElibrary@gmail.com

ਸਤਿਗੁਰੂ ਜੀ ਦੇ ਬਾਈ ਸੂਬੇ

ਤਾਰਾ ਸਿੰਘ ਅਨਜਾਣ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖ ਰਾਜ ਦੀ ਢਹਿੰਦੀ ਕਲਾ, ਸਿੱਖੀ ਰਹਿਤ ਮਰਯਾਦਾ ਦਾ ਹਰਨ ਹੋਣਾ ਤੇ ਭਾਰਤ ਦਾ ਗੁਲਾਮ ਹੋਣਾ ਵੇਖ ਘੋਖ ਕੇ ਭਾਰਤੀਆਂ ਵਿੱਚ ਨਵੀਂ ਰੂਹ ਫੂਕਣ ਦਾ ਨਿਰਣਾ ਲਿਆ। ਆਪ ਜਨ ਸਧਾਰਨ ਨੂੰ ਆਪਣੀ ਅਮੀਰ ਭਾਰਤੀ ਅਧਿਆਤਮਕ ਪ੍ਰੰਪਰਾ ਨਾਲ ਜੋੜਨਾ ਚਾਹੁੰਦੇ ਸਨ। ਉਨ੍ਹਾਂ ਨੂੰ ਭਜਨ ਬੰਦਗੀ, ਸੁੱਚ-ਸੋਧ, ਦੇਸ਼ ਭਗਤੀ ਤੇ ਸਵਦੇਸੀ ਦੀ ਪਾਨ ਚੜ੍ਹਾਉਣਾ ਚਾਹੁੰਦੇ ਸਨ। ਇਸ ਦਾ ਮੁੱਢ ਆਪਨੇ ੧੨ ਅਪਰੈਲ ੧੮੫੭ ਈ: ਨੂੰ ਵਸਾਖੀ ਵਾਲੇ ਦਿਨ, ਸ੍ਰੀ ਭੈਣੀ ਸਾਹਿਬ, ਪੰਜਾਬ ਵਿੱਚ ਪੰਜ ਪਿਆਰਿਆਂ ਨੂੰ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਬੱਧਾ ਅਤੇ ਨਾਮਧਾਰੀ ਪੰਥ ਦੀ ਸਥਾਪਨਾ ਕੀਤੀ, ਨਾਮਧਾਰੀਆਂ ਨੂੰ ਉੱਚੀ ਸੁਰ ਵਿੱਚ ਸ਼ਬਦ ਪੜ੍ਹਨ ਅਤੇ ਦੇਸ਼ ਅਜ਼ਾਦੀ ਦੀ ਕੂਕ ਮਾਰਨ ਕਰਕੇ, ਕੂਕੇ ਵੀ ਕਿਹਾ ਜਾਣ ਲਗਾ।

ਭਾਰਤੀਆਂ ਤੇ ਖਾਸ ਕਰਕੇ ਪੰਜਾਬੀ-ਸਿੱਖਾਂ ਦਾ ਸਤਿਗੁਰੂ ਜੀ ਵਿਚ ਬੜੀ ਤੇਜ਼ੀ ਨਾਲ ਵਿਸ਼ਵਾਸ ਪੈਦਾ ਹੋਣ ਲੱਗਾ। ਪੰਜਾਬ ਦੇ ਪਿੰਡਾਂ ਦੇ ਪਿੰਡ ਅੰਮ੍ਰਿਤ ਛਕ ਕੇ, ਗੁਰਮੁਖੀ ਬਾਣਾ ਪਹਿਨਕੇ, ਉੱਨ ਦੀ ਮਾਲਾ ਧਾਰਨ ਕਰਕੇ, ਨਾਮਧਾਰੀ ਬਣ ਕੇ ਸਤਿਗੁਰੂ ਜੀ ਦੇ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਕਾਰਜ-ਕ੍ਰਮ ਨੂੰ ਅਪਣਾਉਣ ਲੱਗੇ। ਆਪ ਜੀ ਵਿੱਚ, ਸਿੱਖਾਂ ਦੀ ਵਧਦੀ ਹੋਈ ਸਰਧਾ ਨੂੰ ਵੇਖਕੇ, ਦੋਖੀ ਈਰਖਾ ਕਰਨ ਲਗੇ ਤੇ ਬਰਤਾਨਵੀਂ ਹਕੂਮਤ ਇਸਨੂੰ ਠਲ ਪਾਉਣ ਬਾਰੇ ਗੰਭੀਰਤਾ ਨਾਲ ਸੋਚਣ ਲਗੀ। ਉਸ ਨੇ ਸੱਚੇ ਪਾਤਸ਼ਾਹ ਜੀ ਨੂੰ ੧੪ ਜੂਨ ੧੮੬੩ ਈ: ਨੂੰ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰ ਬੰਦ ਕਰ ਦਿੱਤਾ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸਿੱਖੀ, ਸਵਦੇਸੀ ਤੇ ਦੇਸ਼ ਭਗਤੀ ਦੇ ਪ੍ਰਚਾਰ ਲਈ ਜਥੇਬੰਦਕ ਸ਼ਕਤੀ ਦਾ ਵਿਕੇਂਦਰੀਕਰਨ ਕੀਤਾ। ਆਪ ਨੇ ਬਾਈ ਸੂਬਿਆਂ ਦੀ ਸਥਾਪਨਾ ਕੀਤੀ। ਆਪ ਨੇ ਉਹ ਖਾਸ ਗੁਰਸਿੱਖ, ਸੂਬੇ ਬਣਾਏ ਜਿਹੜੇ ਆਪ ਜੀ ਦੀ ਚਲਾਈ ਲਹਿਰ ਦੀ ਆਤਮਾ ਨੂੰ ਸਮਝਦੇ ਸਨ। ਜਿਨ੍ਹਾਂ ਦੀ ਜ਼ਬਾਨ ਵਿੱਚ ਤਾਸੀਰ ਸੀ, ਉਪਦੇਸ਼ ਅਸਰ ਭਰਪੂਰ ਸੀ, ਜੋ ਕਥਨੀ ਤੇ ਕਰਨੀ ਦੇ ਪੂਰੇ ਸਨ, ਸਮਝ, ਸੂਝ, ਗਿਆਨ, ਧਿਆਨ, ਯੋਗਤਾ, ਦ੍ਰਿੜਤਾ ਦੀ ਘਸਵੱਟੀ ਉੱਤੇ ਵੇਖੇ ਪਰਖੇ ਹੋਏ ਸਨ। ਸਤਿਗੁਰੂ ਜੀ ਦੇ ਸਭ ਤੋਂ ਵੱਧ ਵਿਸਵਾਸ਼ ਪਾਤਰ ਸਨ। ਉਹ ਅਮੀਰ ਵਿਰਸੇ ਦੇ ਮਾਲਕ ਸਨ। ਜੇ ਉਹਨਾਂ ਵਿਚੋਂ ਕੁਝ ਸਤਿਗੁਰੂ ਬਾਲਕ ਸਿੰਘ ਜੀ ਦੇ ਸਮੇਂ ਦੇ ਸਿੱਖ ਸਨ ਤਾਂ ਕੁਝ ਹੋਰ ਸਾਧ ਮੰਡਲੀਆਂ ਵਿੱਚੋਂ ਸਨ, ਕੁਝ ਕੁ ਤਾਂ ਸਿੱਖ ਫੌਜ ਜਾਂ ਹੋਰ ਭਾਰਤੀ ਸੈਨਾ ਵਿੱਚ ਵੀ ਰਹੇ ਸਨ ਸੋ ਦੇਸ ਦੀ ਸਾਰੀ ਸਥਿਤੀ ਨੂੰ ਸਮਝਦੇ ਸਨ। ਗਿਆਨੀ ਗਿਆਨ ਸਿੰਘ ਜੀ ਇਹਨਾਂ ਸੂਬਿਆਂ ਬਾਰੇ ਲਿਖਦੇ ਹਨ:

ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹਿ ਨਿਆਈਂ,
ਉਨਕੀ ਜ਼ੁਬਾਨ ਮੈਂ ਤਾਸੀਰ ਥਾਈ ਵੈਸ ਹੀ। (ਪੰਥ ਪ੍ਰਕਾਸ਼)

ਇਹਨਾਂ ਸੂਬਿਆਂ ਰਾਹੀਂ ਸਤਿਗੁਰੂ ਜੀ ਨੇ ਸਮਾਨਾਂਤਰ ਸਰਕਾਰ ਵਾਲੀ ਵਿਵਸਥਾ ਪੈਦਾ ਕੀਤੀ। ਹਰ ਇੱਕ ਸੂਬੇ ਨੂੰ ਪ੍ਰਚਾਰ ਕਰਨ ਤੇ ਸਰਗਰਮੀਆਂ ਵਧਾਉਣ ਲਈ ਖਾਸ ਖਾਸ ਇਲਾਕੇ ਵੰਡੇ ਗਏ। ਕੁਝ ਸੂਬਿਆਂ ਨੂੰ ਨਿਆਂ ਪਾਲਕਾ, ਡਾਕ ਪ੍ਰਬੰਧ, ਸ੍ਰੀ ਭੈਣੀ ਸਾਹਿਬ ਦੇ ਡੇਰੇ ਤੇ ਪ੍ਰਦੇਸਾਂ ਜਾਂ ਵਿਦੇਸਾਂ ਨਾਲ ਸੰਬੰਧ ਸਥਾਪਤ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ।

ਇਹਨਾਂ ਸੂਬਿਆਂ ਦੇ ਜੀਵਨ ਬਾਰੇ ਇਤਿਹਾਸ ਦੇ ਪੰਨਿਆਂ ਵਿਚ ਜਾਂ ਸਰਕਾਰੀ ਰਿਪੋਰਟਾਂ ਵਿਚ ਖਿਲਰੀ ਪਈ ਸਮੱਗਰੀ ਨੂੰ ਇਸ ਲੇਖ ਵਿੱਚ ਇੱਕਠਾ ਕਰਨ ਦਾ ਯਤਨ ਕੀਤਾ ਗਿਆ ਹੈ। ਸੂਬਿਆਂ ਦੇ ਨਾਵਾਂ ਦੀ ਤਰਤੀਬ ਦੇਣ ਵੇਲੇ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਸਾਹਿਤ ਤੇ ਇਤਿਹਾਸ ਰਚਨਾ ਤੋਂ ਮਦਦ ਲਈ ਗਈ ਹੈ ਅਤੇ ਉਹ ਹੀ ਤਰਤੀਬ ਰੱਖੀ ਗਈ ਹੈ।

੧. ਸੂਬਾ ਜਵਾਹਰ ਸਿੰਘ

ਉਹਨਾਂ ਦਾ ਜਨਮ ੧੮੨੨ ਈ: ਵਿੱਚ ਭਾਈ ਕੀ ਡਰੋਲੀ ਜ਼ਿਲ੍ਹਾ ਫ਼ਿਰੋਜਪੁਰ ਵਿਚ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਦਲ ਸਿੰਘ ਸੀ। ਉਹ ਅਜੇ ਪੰਜ ਵਰ੍ਹਿਆਂ ਦੇ ਹੀ ਹੋਏ ਸਨ ਕਿ ਉਹਨਾਂ ਦੇ ਪਿਤਾ ਜੀ ਰੱਬ ਨੂੰ ਪਿਆਰੇ ਹੋ ਗਏ। ਉਹਨਾਂ ਦੀ ਮਾਤਾ ਨੇ ਹੀ ਉਹਨਾਂ ਦਾ ਪਾਲਣ-ਪੋਸਣ ਕੀਤਾ। ਛੇਤੀ ਹੀ ਉਹਨਾਂ ਨੂੰ ਹਲ ਦੀ ਜੰਘੀ ਫੜਨੀ ਪੈ ਗਈ। ਕੁਝ ਸਾਲ ਉਹਨਾਂ ਨੇ ਵਾਹੀ ਕੀਤੀ। ਜੁਆਨੀ ਚੜ੍ਹਦੇ ਹੀ ਉਹਨਾਂ ਨੇ ਸਿੱਖ ਫੌਜ ਦੀ ਘੋੜਸਵਾਰ ਪਲਟਨ ਵਿਚ ਨੌਕਰੀ ਕਰ ਲਈ। ਸਿੱਖ ਰਾਜ ਦੀ ਢਹਿੰਦੀ ਕਲਾ ਵੇਖ ਕੇ ਉਹਨਾਂ ਦਾ ਮਨ ਉਪਰਾਮ ਹੋ ਗਿਆ। ੧੮੪੮ ਈ: ਵਿਚ ਮਨ ਦੀ ਭਟਕਣਾ ਦੂਰ ਕਰਨ ਲਈ ਉਹ ਨਿਰਮਲੇ ਸਾਧੂ ਬਣ ਗਏ। ਉਹ ਚਾਰ ਸਾਲ ਬਨਾਰਸ ਰਹੇ ਅਤੇ ਵੇਦਾਂ ਸ਼ਾਸਤਰਾਂ ਦਾ ਅਧਿਐਨ ਕੀਤਾ।

ਬਨਾਰਸ ਤੋਂ ਵਾਪਸ ਆ ਕੇ ਕੁਝ ਚਿਰ ਲਈ ਉਹਨਾਂ ਨੇ ਬਿਲਾਸਪੁਰ ਜਿਲਾ ਫਿਰੋਜਪੁਰ ਦੇ ਬਾਹਰ, ਖੂਹ ਉੱਤੇ ਡੇਰਾ ਲਾ ਲਿਆ। ਫਿਰ ਉਹਨਾਂ ਨੇ ਲੋਪੋਬਧਣੀ ਡੇਰਾ ਕੀਤਾ ਪਰ ਉਹਨਾਂ ਦੇ ਮਨ ਦੀ ਉਪਰਾਮਤਾ ਬਿਲਕੁਲ ਦੂਰ ਨ ਹੋਈ। ਅਸਲ ਵਿਚ ਉਹਨਾਂ ਦੀ ਬੇਚੈਨੀ ਦਾ ਇਲਾਜ ਸੰਸਾਰ ਛੱਡਣਾ ਨਹੀ ਸੀ। ਸਗੋਂ ਦੁਨੀਆਂ ਵਿਚ ਰਹਿ ਕੇ ਲੋਕਾਂ ਨੂੰ ਧਰਮ ਅਤੇ ਰਾਜਨੀਤੀ ਦੀ ਸਿੱਖਿਆ ਦੇਣਾ ਸੀ। ੧੮੬੦ ਈ: ਵਿਚ ਉਹਨਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਧਦੇ ਪ੍ਰਭਾਵ ਦੀ ਸੋ ਸੁਣੀ, ਉਹਨਾਂ ਦੀ ਅੰਤਰਯਾਤਮਾ ਪਰਖਣ ਲਈ ਸ੍ਰੀ ਭੈਣੀ ਸਾਹਿਬ ਵੱਲ ਚਲ ਪਏ। ਸਤਿਗੁਰੂ ਰਾਮ ਸਿੰਘ ਜੀ ਉਹਨਾਂ ਨੂੰ ਅਗਲਵਾਂਢੀ ਮਿਲੇ ਤਾਂ ਆਪੇ, ਮਨ ਦੀ ਇੱਛਾ ਪੂਰੀ ਹੋਈ ਜਾਣ ਲਟਬੌਰੇ ਹੋ ਗਏ ਅਤੇ ਉੱਥੇ ਜੋਗੇ ਹੀ ਹੋ ਗਏ। ਸਤਿਗੁਰਾਂ ਨੇ ੧੮੬੫ ਈ: ਵਿਚ ਉਹਨਾਂ ਨੂੰ ਸੂਬਾ ਬਣਾਇਆ।

Namdhari Elibrary NamdhariElibrary@gmail.com

ਉਹ ਬਿਹੰਗਮ ਸਾਧ ਸਨ। ਸਤਿਗੁਰਾਂ ਦੇ ਹੁਕਮ ਅਨੁਸਾਰ ਉਹਨਾਂ ਨੇ ਤਖਤੂਪੁਰੇ ਜਾ ਡੇਰਾ ਲਾਇਆ ਅਤੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਪਰਚਾਰ ਕਰਨ ਲੱਗੇ। ਉਹਨਾਂ ਨੇ ਬਹੁਤ ਸਾਰੇ ਕੂਕੇ ਬਣਾਏ। ਉਹ ਦੀਵਾਲੀ, ਵਿਸਾਖੀ, ਅਰਧਕੁੰਭੀ ਦੇ ਮੇਲਿਆਂ ਉਤੇ ਸਤਿਗੁਰੂ ਜੀ ਦੇ ਨਾਲ ਸਨ। ਅਨੰਦਪੁਰ ਦੇ ਹੋਲੇ ਸਮੇਂ ੧੮੬੭ ਈ: ਵਿਚ ਵੀ ਉਹ ਆਪ ਜੀ ਦੇ ਨਾਲ ਹੀ ਸਨ। ਉਹਨਾਂ ਦਾ ਫਰੀਦਕੋਟ ਦੇ ਇਲਾਕੇ ਵਿਚ ਬੜਾ ਪ੍ਰਭਾਵ ਸੀ।

੧੮ ਜਨਵਰੀ ੧੮੭੨ ਈ: ਨੂੰ ਮਾਲੇਰ ਕੋਟਲੇ ਦੇ ਸਾਕੇ ਨੂੰ ਬਹਾਨਾ ਬਣਾ ਕੇ ਸਰਕਾਰ ਨੇ ਉਹਨਾਂ ਨੂੰ, ਸਤਿਗੁਰੂ ਜੀ ਅਤੇ ਹੋਰ ਸੂਬਿਆਂ ਨਾਲ ਹਿਰਾਸਤ ਵਿਚ ਲੈ ਕੇ, ਲੁਧਿਆਣਿਉਂ ਰੇਲ ਗੱਡੀ ਰਾਹੀਂ, ਅਲਾਹਾਬਾਦ ਭੇਜ ਦਿੱਤਾ ਅਤੇ ਕਿਲੇ ਵਿਚ ਬੰਦ ਕਰ ਦਿੱਤਾ।

ਜੇ.ਡਬਲਿਉ. ਮੇਕਨਬ, ਡੀ.ਸੀ. ਅੰਬਾਲਾ ਨੇ ਆਪਣੀ ਰਿਪੋਰਟ ਵਿਚ, ਭਾਵੇਂ ਉਹਨਾਂ ਨੂੰ ਸਹੀ ਅਰਥਾਂ ਵਿਚ ਸੰਤ-ਫਕੀਰ ਸਮਝਿਆ ਅਤੇ ਖਤਰਨਾਕ ਵੀ ਨਹੀਂ ਸਮਝਿਆ, ਫਿਰ ਵੀ ਉਸਨੇ ਦੇਸ਼ ਨਿਕਾਲੇ ਦੀ ਸ਼ਿਫਾਰਸ ਕੀਤੀ। ਏਸੇ ਕਰਕੇ ੧੪ ਦਸੰਬਰ ੧੮੭੨ ਨੂੰ ਆਪਨੂੰ ਕਲੱਕਤੇ ਭੇਜਿਆ ਗਿਆ। ਉਥੋਂ ੩੦ ਦਸੰਬਰ ੧੮੭੨ ਈ: ਨੂੰ ਉਹਨਾਂ ਨੂੰ ਮੋਲਮੀਨ ਜੇਲ੍ਹ ਵਿਚ ਭੇਜ ਦਿੱਤਾ ਗਿਆ। ਉਥੇ ਹੀ ਉਹ, ੨੯ ਨਵੰਬਰ, ੧੮੮੨ ਨੂੰ ਪ੍ਰਲੋਕ ਸਿਧਾਰ ਗਏ।

੨. ਸੂਬਾ ਕਾਹਨ ਸਿੰਘ

ਉਹਨਾਂ ਦਾ ਨਾਮ ਨਿਹੰਗ ਸਿੰਘ, ਕਾਹਨ ਸਿੰਘ ਨਿਹੰਗ ਜਾਂ ਬਾਬਾ ਕਾਹਨ ਸਿੰਘ ਨਿਹੰਗ ਵੀ ਪ੍ਰਚਲਤ ਹੈ। ਉਹ ਨਾਮਧਾਰੀ ਮਰਯਾਦਾ ਅਪਣਾਉਣ ਦੇ ਬਾਅਦ ਵੀ ਆਪਣਾ ਨਿਹੰਗਾਂ ਵਾਲਾ, ਉੱਚ ਦੁਮਾਲਾ ਹੀ ਰੱਖਦੇ ਰਹੇ ਜਿਸਨੂੰ ਸਤਿਗੁਰੂ ਜੀ ਨੇ ਪ੍ਰਵਾਨ ਕੀਤਾ।

ਉਹਨਾਂ ਦਾ ਜਨਮ ੧੮੧੨ ਈ: ਵਿੱਚ ਵੱਡਾ ਚੱਕ ਰਿਆਸਤ ਮਲੇਰ ਕੋਟਲਾ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਮ ਸ੍ਰ. ਨੱਥਾ ਸਿੰਘ ਸੀ। ਕੁਝ ਚਿਰ ਪਿਤਾ ਨਾਲ ਵਾਹੀ ਵਿਚ ਹੱਥ ਵਟਾਉਣ ਤੋਂ ਬਾਅਦ, ਉਹ ਖ਼ਾਲਸਾ ਫ਼ੌਜ ਵਿਚ ਭਰਤੀ ਹੋ ਗਏ। ਉਹ ਕੰਵਰ ਨੌਂ-ਨਿਹਾਲ ਸਿੰਘ ਦੀ ਰਜਮੈਂਟ ਵਿਚ ਹਵਾਲਦਾਰ ਸਨ। ਇਸ ਰਜਮੈਂਟ ਵਿੱਚ ਹੀ, ੧੮੩੭ ਈ: ਵਿਚ, ਗੁਰੂ ਰਾਮ ਸਿੰਘ ਜੀ ਭਰਤੀ ਹੋਏ। ਹਵਾਲਦਾਰ ਕਾਹਨ ਸਿੰਘ ਆਮ ਤੌਰ ਉਤੇ ਬ੍ਰਿਗੇਡ ਮੇਜਰ, ਮੈਕਸਨ ਨਾਲ ਡਿਊਟੀ ਉਤੇ ਰਹਿੰਦੇ ਸਨ।

ਉਹ ੧੮੪੧ ਈ: ਵਿਚ ਮਹਾਰਾਜਾ ਸ਼ੇਰ ਸਿੰਘ ਦੇ ਰਾਜ ਸਮੇਂ ਗੁਰੂ ਬਾਲਕ ਸਿੰਘ ਦੇ ਦਰਸ਼ਨ ਕਰਨ ਹਜ਼ਰੋ ਗਏ ਅਤੇ ਗੁਰਮੰਤਰ ਲਿਆ। ਬਾਅਦ ਵਿਚ ਉਹਨਾਂ ਨੇ ਨੌਕਰੀ ਛੱਡ ਦਿੱਤੀ। ਮਲੌਡ ਜ਼ਿਲ੍ਹਾ ਕਾਂਗੜਾ ਵਿੱਚ ਆਸ਼ਰਮ ਬਣਾ ਕੇ ਸਿਮਰਨ ਕਰਨ ਲੱਗੇ। ਬਾਅਦ ਵਿੱਚ ਆਪ, ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਆ ਗਏ।

ਜਦ ਸਤਿਗੁਰੂ ਜੀ ਨੂੰ, ਸ੍ਰੀ ਭੈਣੀ ਸਾਹਿਬ, ਨਜ਼ਰਬੰਦ ਕਰ ਦਿੱਤਾ ਗਿਆ ਤਾਂ ਬਾਬਾ ਜੀ ਲੈਫਟੀਨੈਂਟ ਗਵਰਨਰ, ਮੈਕਲਡ, ਨੂੰ ਵੀ ਮਿਲੇ ਅਤੇ ਉਸਨੂੰ ਸਤਿਗੁਰਾਂ ਦੀ ਗੈਰ ਹਾਜ਼ਰੀ ਵਿਚ ਅਨੰਦ ਕਾਰਜ ਕਰਨ ਦੀ ਅਤੇ ਧਾਰਮਿਕ ਕਾਰਜ ਕਰਨ ਦੀ ਸੰਗਤ ਦੀ ਕਠਿਨਾਈ ਦੱਸ ਕੇ ਨਜ਼ਰਬੰਦੀ ਹਟਾ ਦੇਣ ਲਈ ਕਿਹਾ।

ਉਹਨਾਂ ਨੂੰ ਸਤਿਗੁਰੂ ਜੀ ਨੇ ਸੂਬਾ ਥਾਪ ਦਿੱਤਾ। ਉਹ ਹੁਸ਼ਿਆਰਪੁਰ, ਅੰਬਾਲੇ ਅਤੇ ਮਾਲਵੇ ਦੇ ਇਲਾਕੇ ਵਿਚ ਪ੍ਰਚਾਰ ਕਰਦੇ ਰਹੇ। ਬਹੁਤਾ ਚਿਰ ਉਹਨਾਂ ਨੇ ਬਲੋਲ ਜ਼ਿਲ੍ਹਾ ਹੁਸ਼ਿਆਰਪੁਰ ਹੀ ਡੇਰਾ ਰੱਖਿਆ। ਉਹਨਾਂ ਦੇ ਪ੍ਰਭਾਵ ਨਾਲ ਹੁਸ਼ਿਆਰਪੁਰ ਦਾ ਇਕ ਹਵਾਲਦਾਰ ਅਤੇ ੧੫ ਸਿਪਾਹੀ ਵੀ ਨਾਮਧਾਰੀ ਬਣੇ।

੧੮੭੧ ਈ: ਦੇ ਅੰਮ੍ਰਿਤਸਰ, ਗਊ ਰੱਖਿਆ ਕਾਂਡ ਸਮੇਂ, ਉਹ ਹੁਸ਼ਿਆਰਪੁਰ ਹੀ ਸਨ, ਪਰ ਉਹਨਾਂ ਕੜੀ ਨਿਗਰਾਨੀ ਰੱਖੀ ਗਈ। ਰਾਇਕੋਟ ਕੂਕਾ ਕੇਸ ਸਮੇਂ ਉਹਨਾਂ ਨੂੰ ਹੁਸ਼ਿਆਰਪੁਰ ਫਿਰਨ ਦੀ ਮਨਾਹੀ ਕੀਤੀ ਗਈ। ਭਾਵੇਂ ਉਹਨਾਂ ਦਾ ਮਲੇਰ ਕੋਟਲੇ ਦੇ ਸਾਕੇ ਨਾਲ ਕੋਈ ਸੰਬੰਧ ਨਹੀਂ ਸੀ ਅਤੇ ਉਹਨਾਂ ਨੇ ਇਸ ਸੰਬੰਧੀ ਬਿਆਨ ਵੀ ਦਿੱਤਾ ਫਿਰ ਵੀ ਸਰਕਾਰ ਨੇ ਉਹਨਾਂ ਨੂੰ ਤੀਜੇ ਨੰਬਰ ਦਾ ਮਹੱਤਵਪੂਰਨ ਚਤੁਰ ਚਲਾਕ ਤੇ ਸ਼ਰਾਰਤੀ ਸੂਬਾ ਸਮਝ ਕੇ, ਦੇਸ਼ ਨਿਕਾਲੇ ਦੀ ਸਜਾ ਸੁਣਾ ਦਿੱਤੀ ਗਈ। ੧੮ ਜਨਵਰੀ, ੧੮੭੨ ਈ: ਨੂੰ, ਆਪ ਨੂੰ ਅਲਾਹਾਬਾਦ ਕਿਲ੍ਹੇ ਵਿਚ ਕੈਦ ਕਰਨ ਲਈ ਲੁਧਿਆਣਿਓਂ ਗੱਡੀ ਉਤੇ ਭੇਜਿਆ ਗਿਆ।

੨੪ ਮਾਰਚ, ੧੮੭੩ ਨੂੰ ਉਹਨਾਂ ਨੂੰ ਅਦਨ ਜੇਲ੍ਹ ਪਹੁੰਚਾਇਆ ਗਿਆ। ਉਥੇ ਉਹ ਬਿਮਾਰ ਹੋ ਗਏ। ਉਹਨਾਂ ਨੂੰ ਦਸਤ ਲਗ ਗਏ ਅਤੇ ਫਿਰ ਹਰਨੀਆਂ ਦੀ ਸ਼ਕਾਇਤ ਹੋ ਗਈ। ਉਥੋਂ ਦਾ ਹਵਾ ਪਾਣੀ ਵੀ ਉਹਨਾਂ ਦੇ ਅਨੁਕੂਲ ਨਹੀਂ ਸੀ। ਜ਼ੇਲ੍ਹ ਸੁਪਰਡੰਟ ਨੇ, ੨ ਜਨਵਰੀ, ੧੮੭੫ ਨੂੰ ਫਸਟ ਅਸਿਸਟੈਂਟ ਪੁਲਿਸ ਰੈਜ਼ੀਡੈਂਟ ਨੂੰ ਲਿਖਿਆ ਕਿ ਇਨ੍ਹਾਂ ਨੂੰ ਕਿਸੇ ਹੋਰ ਥਾਂ ਤਬਦੀਲ ਕਰ ਦਿੱਤਾ ਜਾਵੇ। ਸੋ ਇਨ੍ਹਾਂ ਨੂੰ, ਹਜ਼ਾਰੀ ਬਾਗ, ਭੇਜਣ ਲਈ ਅਫਸਰ ਤਿਆਰ ਹੋ ਗਏ। ੨੪ ਅਪਰੈਲ, ੧੮੭੫ ਨੂੰ ਆਪ ਨੂੰ ਹਜ਼ਾਰੀ ਬਾਗ ਭੇਜਿਆ ਗਿਆ। ਇਥੇ ੧੦ ਜੂਨ ੧੮੭੯ ਨੂੰ ਆਪ ਦੇ ਸਾਥੀ ਸੂਬਾ ਸਾਹਿਬ ਜੀ ਅਕਾਲ ਚਲਾਣਾ ਕਰ ਗਏ। ਸੋ ਸਰਕਾਰ ਨੇ ਇੱਕਲੇਪਨ ਅਤੇ ਸਦਮੇ ਦੇ ਅਹਿਸਾਸ ਤੋਂ ਬਚਾਉਣ ਲਈ ਉਹਨਾਂ ਨੂੰ, ੨੫ ਮਈ, ੧੮੮੦ ਨੂੰ ਚੁਨਾਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ। ਉਹਨਾਂ ਦੀ ਵਡੇਰੀ ਉਮਰ ਕਰਕੇ, ਤੇ ਉਹਨਾਂ ਤੋਂ ਭਵਿਖਤ ਵਿੱਚ ਸਰਕਾਰ ਨੂੰ ਕੋਈ ਖਤਰਾ ਨਾ ਸਮਝਦੇ ਹੋਏ, ਉਹਨਾਂ ਨੂੰ ੩੦ ਮਾਰਚ ੧੮੮੮ ਨੂੰ ਰਿਹਾਅ ਕਰ ਦਿੱਤਾ। ਉਹ ਵਾਪਸ ਆਕੇ ਕੁਝ ਸਾਲ ਸ੍ਰੀ ਭੈਣੀ ਸਾਹਿਬ ਰਹੇ ਅਤੇ ਫਿਰ ਅੰਮ੍ਰਿਤਸਰ ਚਲੇ ਗਏ ਅਤੇ ਓਥੇ ਹੀ ੧੯੯੭ ਈ: ਵਿਚ ਆਪ ਨੇ ਪ੍ਰਾਣ ਤਿਆਗੇ।

੩. ਸੂਬਾ ਸਾਹਿਬ ਸਿੰਘ

ਉਹਨਾਂ ਦਾ ਜਨਮ ੧੮੩੪ ਈ: ਵਿਚ ਬੰਗਾਲੀਪੁਰ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸ੍ਰ. ਦਿਆਲ ਸਿੰਘ ਦੇ ਘਰ ਹੋਇਆ। ੧੮੪੩ ਈ: ਵਿਚ ਉਹ ਬੰਗਾਲੀਪੁਰ ਠਹਿਰੇ ਹੋਏ ਉਦਾਸੀ ਸਾਧੂਆਂ ਦੇ ਟੋਲੇ ਨਾਲ ਜਾ ਰਲੇ। ੧੧ ਵਰ੍ਹੇ ਉਹ ਨਾਗੇ ਸਾਧੂਆਂ ਦੇ ਟੋਲੇ ਵਿਚ ਵੀ ਰਹੇ। ੧੮੫੯ ਈ: ਵਿਚ ਉਹ ਸਤਿਗੁਰੂ ਬਾਲਕ ਸਿੰਘ ਦੇ ਚਰਨਾਂ ਵਿੱਚ ਆਏ। ਫਿਰ ਉਹ ਨਾਮਧਾਰੀ ਲਹਿਰ ਵਿਚ ਸ਼ਾਮਲ ਹੋ ਗਏ।

੧੮੬੬ ਈ: ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਉਹਨਾਂ ਨੂੰ ਸੂਬਾ ਥਾਪਿਆ। ਉਹਨਾਂ ਨੂੰ ਡਾਕ ਪ੍ਰਬੰਧ ਸੌਂਪਿਆ ਗਿਆ। ਉਹ ਸਤਿਗੁਰੂ ਜੀ ਦੇ ਨਿਜੀ ਸੂਬੇ ਸਨ, ਪ੍ਰਮੁੱਖ ਸਲਾਹਕਾਰ। ਅੰਗਰੇਜ਼ ਉਹਨਾਂ ਨੂੰ ਸਤਿਗੁਰੂ ਜੀ ਤੋਂ ਬਾਅਦ ਪ੍ਰਮੁੱਖ ਨਾਮਧਾਰੀ ਆਗੂ ਸਮਝਦੇ ਰਹੇ। ਉਹਨਾਂ ਨੇ ਆਪ ਜੀ ਨੂੰ ਸਤਿਗੁਰੂ ਜੀ ਦਾ ਜਾਨਸ਼ੀਨ ਵੀ ਗਰਦਾਨਿਆ। ਭੈਣੀ ਸਾਹਿਬ ਦੀ ਘੁੜਸਾਲ ਦੀ ਦੇਖ ਭਾਲ ਵੀ ਉਹ ਕਰਦੇ ਰਹੇ। ਉਹ ਘੋੜਿਆਂ ਦਾ ਵਿਉਪਾਰ ਵੀ ਕਰਦੇ ਪਰ ਨਫ਼ਾ ਲੰਗਰ ਵਿਚ ਹੀ ਪਾ ਦੇਂਦੇ।

ਪਰਚਾਰ ਦੌਰਿਆਂ ਜਾਂ ਵਿਦੇਸ਼ੀ ਮਿਸ਼ਨ ਸਮੇਂ ਕਈ ਵਾਰ

Namdhari Elibrary NamdhariElibrary@gmail.com

ਉਹਨਾਂ ਨਾਲ ਸੂਬਾ ਕਾਹਨ ਤੇ ਸ੍ਰ. ਮੰਗਲ ਸਿੰਘ ਜੀ ਵੀ ਹੁੰਦੇ। ਕਈ ਲੇਖਕਾਂ ਦਾ ਇਹ ਕਹਿਣਾ ਹੈ ਕਿ ਉਹਨਾਂ ਨੇ ਹੀ ਨਾਮਧਾਰੀ ਲਹਿਰ ਦਾ ਰਾਜਨੀਤੀਕਰਨ ਕੀਤਾ ਪਰ ਸੱਚ ਇਹ ਹੈ ਕਿ ਉਹ ਸਤਿਗੁਰੂ ਜੀ ਦੇ ਧਰਮ ਤੇ ਰਾਜਨੀਤੀ ਦੇ ਪਸਾਰੇ ਨੂੰ ਪੂਰੀ ਤਰਾਂ ਸਮਝਦੇ ਸਨ।

੧੮੭੦ ਈ: ਵਿਚ ਉਹਨਾਂ ਨੂੰ ਦੋ ਵਧੀਆ ਖੱਚਰਾਂ, ਦੋ ਵਧੀਆ ਮੱਝਾਂ ਤੇ ਹੋਰ ਤੋਹਫੇ ਦੇ ਕੇ, ਮਹਾਰਾਜਾ ਨੇਪਾਲ ਨੂੰ ਦੇਣ ਲਈ, ਰਾਜਦੂਤ ਵਜੋਂ, ਸੂਬਾ ਕਾਹਨ ਸਿੰਘ ਨਾਲ ਕਾਠਮੰਡੂ ਭੇਜਿਆ ਗਿਆ। ਆਪ ਸਦਾ ਹੀ ਦੌਰਿਆਂ ਸਮੇਂ ਸਤਿਗੁਰੂ ਜੀ ਨਾਲ ਜਾਂਦੇ ਸਨ। ਆਪ ਜਨ ਸਧਾਰਨ ਨੂੰ ਨਾਮਧਾਰੀ ਰਹਿਤ ਮਰਯਾਦਾ ਅਪਨਾਉਣ ਲਈ ਪ੍ਰੇਰਦੇ ਸਨ।

੧੮ ਜਨਵਰੀ ੧੮੭੨ ਨੂੰ ਮਲੇਰ ਕੋਟਲੇ ਦੇ ਸਾਕੇ ਦੀ ਆੜ ਵਿੱਚ, ਉਹਨਾਂ ਨੂੰ ਵੀ ਸ੍ਰੀ ਭੈਣੀ ਸਾਹਿਬ ਤੋਂ ਅਲਾਹਾਬਾਦ ਭੇਜ ਦਿਤਾ ਗਿਆ। ਉੱਥੋਂ ੨੩ ਮਾਰਚ, ੧੮੭੩ ਨੂੰ ਆਪ ਨੂੰ ਅਦਨ ਭੇਜਿਆ ਗਿਆ। ਅਦਨ ਦਾ ਹਵਾ ਪਾਣੀ ਮਾਫਕ ਨਾ ਆਉਣ ਕਰਕੇ ਉਹਨਾਂ ਦੀ ਸਿਹਤ ਖ਼ਰਾਬ ਹੋ ਗਈ। ਉਹਨਾਂ ਨੂੰ ਸ਼ੂਗਰ ਦੀ ਨਾਂ-ਮੁਰਾਦ ਬੀਮਾਰੀ ਲਗ ਗਈ। ਉਹਨਾਂ ਦੀ ਸਿਹਤ ਦਾ ਧਿਆਨ ਰੱਖਦੇ ਹੋਏ ੨੩ ਅਪਰੈਲ ੧੮੭੫ ਨੂੰ ਉਹਨਾਂ ਨੂੰ ਹਜ਼ਾਰੀ ਬਾਗ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ ਏਥੇ ਹੀ ੧੦ ਜੂਨ ੧੮੭੯ ਨੂੰ ਇਸ ਦੇਸ਼ ਭਗਤ, ਸੂਝਵਾਨ, ਦ੍ਰਿੜ ਵਿਸ਼ਵਾਸੀ, ਸੂਬੇ ਦੇ ਪ੍ਰਾਣ ਪੰਖੇਰੂ ਉੱਡ ਗਏ।

੪. ਸੂਬਾ ਲੱਖਾ ਸਿੰਘ

ਉਹਨਾਂ ਦਾ ਜਨਮ ਮਲੌਦ ਜ਼ਿਲ੍ਹਾ ਲੁਧਿਆਣਾ ਵਿਖੇ ਸ੍ਰ. ਰਾਣਾ ਸਿੰਘ ਦੇ ਘਰ, ੧੮੩੬ ਈ: ਨੂੰ ਹੋਇਆ। ਜੁਆਨੀ ਚੜ੍ਹਦਿਆਂ ਹੀ ਉਹ ਸ਼ੇਰ ਦਿਲ ਰਜਮੈਂਟ ਵਿਚ ਡ੍ਰਿਲ ਇੰਸਟਰੈਕਟਰ ਜਾ ਬਣੇ। ਜਦੋਂ ਰਜਮੈਂਟ ਤੋੜ ਦਿੱਤੀ ਗਈ ਤਾਂ ਉਹ ਜਲੰਧਰ ਪੁਲਿਸ ਵਿਚ ਭਰਤੀ ਹੋ ਗਏ। ੧੮੬੦ ਈ: ਵਿੱਚ, ਉਹ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਆਏ। ਫਿਰ ਅੱਖਾਂ ਖੁਲ੍ਹ ਗਈਆਂ। ਉਹਨਾਂ ਨੇ ੧੮੬੧ ਈ: ਵਿਚ ਅਸਤੀਫ਼ਾ ਦੇ ਦਿੱਤਾ ਅਤੇ ਸਿੱਧੇ ਸ੍ਰੀ ਭੈਣੀ ਸਾਹਿਬ ਪੁੱਜੇ ਅਤੇ ਸੇਵਾ ਵਿਚ ਲੱਗ ਗਏ।

ਉਹਨਾਂ ਦੇ ਜ਼ੁੰਮੇ, ਲੰਗਰ ਦਾ ਪ੍ਰਬੰਧ ਤੇ ਡੰਗਰ-ਵੱਛੇ ਲਈ, ਸੇਵਾ ਸੰਭਾਲ ਦੀ ਜ਼ੁੰਮੇਵਾਰੀ ਲਾਈ। ਉਹ ਕਈ ਵਾਰ, ਹੁਕਮ ਮੰਨ ਕੇ, ਸਤਿਗੁਰਾਂ ਨਾਲ ਦੌਰੇ ਤੇ ਵੀ ਗਏ। ਜਦੋਂ ਸਤਿਗੁਰੂ ਰਾਮ ਜੀ ਨੇ, ਉਹਨਾਂ ਨੂੰ ਸੂਬਾ ਥਾਪਿਆ ਤਾਂ ਉਹ ਜਲੰਧਰ ਅਤੇ ਹੁਸ਼ਿਆਰਪੁਰ ਦੇ ਜ਼ਿਲ੍ਹਿਆਂ ਦਾ ਦੌਰਾ ਕਰਦੇ ਰਹੇ।

ਕੂਕੇ ਮਸਤਾਨੇ, ੧੩ ਜਨਵਰੀ ੧੮੭੨ ਨੂੰ ਸ੍ਰੀ ਭੈਣੀ ਸਾਹਿਬ ਤੋਂ ਮਲੇਰ ਕੋਟਲੇ ਵੱਲ ਚੱਲ ਗਏ, ਤਾਂ ਸਤਿਗੁਰਾਂ ਨੇ, ਸੂਬਾ ਜੀ ਨੂੰ, ਉਹਨਾਂ ਮਸਤਾਨਿਆਂ ਬਾਰੇ, ਡੀ.ਸੀ. ਨੂੰ ਜਾਣਕਾਰੀ ਦੇਣ ਲਈ ਭੇਜਿਆ। ਕੋਈ ਹੋਰ ਕਾਰਵਾਈ ਕਰਨ ਦੀ ਥਾਂ ਸੂਬਾ ਲੱਖਾ ਸਿੰਘ ਜੀ ਨੂੰ ਹੀ ਲੁਧਿਆਣੇ ਰੋਕ ਲਿਆ ਗਿਆ ਅਤੇ ੧੮ ਜਨਵਰੀ ੧੮੭੨ ਨੂੰ ਉਨ੍ਹਾਂ ਨੂੰ ਅਲਾਹਾਬਾਦ ਭੇਜਿਆ ਗਿਆ, ਜਿੱਥੋਂ ੩੦ ਦਸੰਬਰ ੧੮੭੨ ਨੂੰ ਉਹਨਾਂ ਨੂੰ ਮੋਲਮੀਨ, ਕਾਇਉਟਕਾਂ ਆਉਟ ਪੋਸਟ ਜੇਲ੍ਹ ਭੇਜ ਦਿੱਤਾ ਗਿਆ। ਇਸ ਜੇਲ੍ਹ ਵਿਚ ਹੀ, ਫਰਵਰੀ ੧੯੦੩ ਈ: ਨੂੰ ਆਪ ਰੱਬ ਨੂੰ ਪਿਆਰੇ ਹੋ ਗਏ। ਉਹਨਾਂ ਨੂੰ ਉਪ-ਮੁੱਖ ਸੂਬਾ ਸਮਝਿਆ ਜਾਂਦਾ ਸੀ।

੫. (ੳ) ਸੂਬਾ ਦਰਬਾਰਾ ਸਿੰਘ

ਉਹਨਾਂ ਦਾ ਜਨਮ ੧੮੨੬ ਈ: ਵਿੱਚ ਸਰਦਾਰ ਮਹਿਤਾਬ ਸਿੰਘ ਦੇ ਘਰ ਰਾਏਪੁਰ ਵਿੱਚ ਹੋਇਆ। ਖਾਨਦਾਨੀ ਸਰਦਾਰ ਅਤੇ ਪਿੰਡ ਦੇ ਨੰਬਰਦਾਰ ਹੋਣ ਕਰਕੇ ਸਰਦੇ ਪੁੱਜਦੇ ਸਨ ਜੋ ਸਰਦਾਰਾਂ ਵਾਲੀਆਂ ਭੈੜੀਆਂ ਆਦਤਾਂ ਮਾਸ, ਸ਼ਰਾਬ ਅਤੇ ਅਫੀਮ ਆਦਿ ਨਸ਼ਿਆਂ ਵਿਚ ਗਲਤਾਨ ਰਹਿੰਦੇ ਸਨ। ਜਦੋਂ ਸਤਿਗੁਰੂ ਜੀ ਦੇ ਚਰਨੀਂ ਆ ਗਏ ਤਾਂ, ਨਾਮ ਸਿਮਰਨ ਅਤੇ ਦੇਸ਼ ਭਗਤੀ ਦੇ ਨਸ਼ੇ ਬਿਨਾਂ, ਸਭ ਨਸ਼ੇ ਕਾਫੂਰ ਹੋ ਗਏ। ਉਹਨਾਂ ਨੇ ਜ਼ਮੀਨ ਜਾਇਦਾਦ ਆਦਿ ਦਾ ਆਪਣੇ ਮਿਸ਼ਨ ਲਈ ਤਿਆਗ ਕੀਤਾ। ਉਹ ਸ੍ਰੀ ਭੈਣੀ ਸਾਹਿਬ ਹੀ ਰਹਿਣ ਲਗੇ। ਉਹਨਾਂ ਦਾ ਸ਼ਿਆਮ ਰੰਗ, ਲੰਮਾ ਦਾਹੜਾ, ਭਰਵਾ ਸਰੀਰ ਅਤੇ ਸਾਧਾਰਣ ਕੱਦ-ਕਾਠ ਸੀ। ਸਰਕਾਰੀ ਰਿਕਾਰਡ ਨੇ ਉਹਨਾਂ ਨੂੰ ਪ੍ਰਭਾਵਸ਼ਾਲੀ ਕੂਕਾ ਮੰਨਿਆ ਹੈ। ਸਰਕਾਰ ਨੇ, ਸਤੰਬਰ ੧੮੭੩, ਵਿਚ ਉਹਨਾਂ ਉਤੇ ਮੁਕੱਦਮਾ ਚਲਾਇਆ ਅਤੇ ੧੮੭੫ ਵਿਚ ਉਹਨਾਂ ਉਤੇ ਇਕ ਹਜ਼ਾਰ ਰੁਪੇ ਜੁਰਮਾਨਾ ਕੀਤਾ ਅਤੇ ਮੁਚਲਕੇ ਤੇ ਛੱਡਿਆ। ਉਹ ਭੈਣੀ ਸਾਹਿਬ ਉੱਨ ਦੀ ਮਾਲਾ ਬਣਾਉਣ ਦੀ ਸੇਵਾ ਕਰਦੇ ਰਹੇ। ਆਪ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਰੰਗੂਨ ਵੀ ਗਏ ਅਤੇ ਹੁਕਮ ਨਾਮੇ ਲੈ ਕੇ ਆਏ।

ਮਹਾਰਾਜ ਗੁਰਦਿਆਲ ਸਿੰਘ ਬਿਨਾਂ ਕਿਸੇ ਵੀ ਨਾਮਧਾਰੀ ਜਾਂ ਗੈਰਨਾਮਧਾਰੀ ਲੇਖਕ ਨੇ ਇਨ੍ਹਾਂ ਨੂੰ ੨੨ ਸੂਬਿਆਂ ਵਿਚ ਸ਼ਾਮਲ ਨਹੀਂ ਕੀਤਾ। ਉਹਨਾਂ ਦੀ ਥਾਂ ਉਤੇ ਸੂਬਾ ਸੁਧ ਸਿੰਘ ਦਾ ਨਾਂ ਆਉਂਦਾ ਹੈ। ਏਥੋਂ ਤੱਕ ਕਿ ਸੂਬਾ ਸਾਹਿਬ ਸਿੰਘ ਨੇ ੨੩ ਅਪਰੈਲ, ੧੮੭੨ ਨੂੰ ਬਰਤਾਨਵੀ ਸਰਕਾਰ ਨੂੰ ਦਿਤੇ ਬਿਆਨਾਂ ਵਿਚ ਬਾਬਾ ਕਾਹਨ ਸਿੰਘ, ਸੁਧ ਸਿੰਘ, ਜਵਾਹਰ ਸਿੰਘ ਪਹਿਲੇ ਸੂਬੇ ਗਿਣੇ ਹਨ। ਸੋ ਇਸ ਤੋਂ ਅਗੇ ਸੂਬਾ ਸੁਧ ਸਿੰਘ ਬਾਰੇ ਵੀ ਪ੍ਰਾਪਤ ਜਾਣਕਾਰੀ ਦਿੱਤੀ ਜਾ ਰਹੀ ਹੈ।

(ਅ) ਸੂਬਾ ਸੁਧ ਸਿੰਘ

ਇਨ੍ਹਾਂ ਦਾ ਜਨਮ ੧੮੨੨ ਈ: ਨੂੰ ਸ: ਰਾਮ ਸਿੰਘ ਦੇ ਘਰ ਸਮਰੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਉਹ ਸ੍ਰੀ ਸਤਿਗੁਰੂ ਬਾਲਕ ਸਿੰਘ ਦੇ ਸ਼ਰਧਾਲੂ ਸਨ। ਸਤਿਗੁਰੂ ਰਾਮ ਸਿੰਘ ਦੇ ਭਜਨ ਪੁੱਛਣ ਸਮੇਂ ੧੮੪੧ ਈ: ਵਿੱਚ ਹੀ ਉਹਨਾਂ ਨੇ ਸਤਿਗੁਰੂ ਬਾਲਕ ਸਿੰਘ ਤੋਂ ਭਜਨ ਪੁੱਛਿਆ ਸੀ। ਬਾਅਦ ਵਿੱਚ ਉਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਆ ਗਏ। ਉਹ ਚੁੱਪ ਰਹਿੰਦੇ ਸਨ, ਸ਼ਾਂਤ ਸੁਭਾ ਸਨ ਅਤੇ ਆਏ ਗਏ ਦਾ ਬੜਾ ਆਦਰ ਕਰਦੇ ਸਨ। ਸੂਬਾ ਥਾਪੇ ਜਾਣ ਬਾਅਦ ਉਹਨਾਂ ਨੇ ਜ਼ਿਲ੍ਹਾ ਅੰਬਾਲਾ ਅਤੇ ਮਾਝੇ, ਮਾਲਵੇ ਦੇ ਦੌਰੇ ਕੀਤੇ। ਮੁੱਢਲੇ ਤੌਰ ਉਤੇ ਉਹ ਸਾਗਰੀ ਜ਼ਿਲਾ ਅੰਮ੍ਰਿਤਸਰ ਰਹੇ ਅਤੇ ੧੮੭੨ ਵਿਚ ਆਪਣੇ ਜੱਦੀ ਪਿੰਡ ਮਦੋਰ ਡੇਰਾ ਲਾ ਲਿਆ। ਉਹਨਾਂ ਦਾ ਨਾਮਧਾਰੀ ਸਿੱਖ ਬੜਾ ਆਦਰ ਕਰਦੇ ਸਨ ਅਤੇ ਪ੍ਰਭਾਵ ਵੀ ਕਬੂਲਦੇ ਸਨ। ਉਹਨਾਂ ਦਾ ਰੰਗ ਸੰਵਲਾ, ਦਾੜ੍ਹੇ ਤੇ ਮੁੱਛਾਂ ਦੇ ਵਾਲ ਕਾਲੇ ਤੇ ਕੱਦ ੫ ਫੁੱਟ ੪ ਇੰਚ ਸੀ। ਆਪਣੇ ਪਿੰਡ ਵਿਚ ਹੀ ਉਹ ੧੮੯੨ ਈ: ਵਿਚ ਇਸ ਆਸਾਰ ਸੰਸਾਰ ਨੂੰ ਅਲਵਿਦਾ ਆਖ ਗਏ।

੬. ਸੂਬਾ ਅਰੂੜ ਸਿੰਘ

ਉਹਨਾਂ ਦਾ ਨਾਂ ਰੂੜ ਸਿੰਘ ਕਰਕੇ ਵੀ ਲਿਆ ਜਾਂਦਾ ਸੀ। ਉਹਨਾਂ ਦਾ ਜਨਮ ੧੮੩੧ ਈ: ਵਿੱਚ ਬੰਗਾਲੀਪੁਰ ਜਿਲ੍ਹਾ ਅੰਮ੍ਰਿਤਸਰ ਵਿੱਚ ਸ੍ਰ. ਦਿਆਲ ਸਿੰਘ ਦੇ ਘਰ ਹੋਇਆ। ਸਿੱਖ ਰਾਜ ਦੀ ਢਲਦੀ ਸ਼ਾਮ ਸਮੇਂ ਕੁਝ ਸਮਾਂ ਉਹਨਾਂ ਨੇ ਫੌਜ ਵਿਚ ਘੋੜ ਸਵਾਰ ਦੇ ਤੌਰ ਉਤੇ ਨੌਕਰੀ ਕੀਤੀ। ਉਹ ੧੮੬੦ ਈ: ਵਿਚ ਨਾਮਧਾਰੀ ਬਣੇ ਬਾਅਦ ਵਿੱਚ ਉਹਨਾਂ ਨੂੰ ਸੂਬਾ ਬਣਾਇਆ ਗਿਆ। ਉਹ

Namdhari Elibrary NamdhariElibrary@gmail.com

੧੮੬੭ ਈ: ਦੇ ਅਨੰਦਪੁਰ ਸਾਹਿਬ ਦੇ ਹੋਲੇ ਸਮੇਂ ਸਤਿਗੁਰਾਂ ਦੇ ਨਾਲ ਹੀ ਸਨ ਉਦੋਂ ਹੀ ਉਹਨਾਂ ਨੂੰ ਭਜਨ ਦੇਣ ਦੀ ਇਜ਼ਾਜ਼ਤ ਮਿਲੀ। ਉਹਨਾਂ ਨੂੰ ਅੰਮ੍ਰਿਤਸਰ ਦੇ ਜ਼ਿਲ੍ਹੇ ਦਾ ਪਰਚਾਰ ਕਰਨ ਦਾ ਕਾਰਜ ਸੌਂਪਿਆ ਗਿਆ। ਸੂਬਾ ਸਾਹਿਬ ਸਿੰਘ ਦੇ ਵੱਡੇ ਵੀਰ ਹੋਣ ਕਰਕੇ ਵੀ ਸੰਗਤ ਉਹਨਾਂ ਦਾ ਉਚੇਚਾ ਆਦਰ ਕਰਦੀ ਸੀ। ੧੯ ਜਨਵਰੀ ੧੮੭੨ ਨੂੰ ਆਪ ਨੂੰ ਵੀ ਬੰਬਈ ਰਾਜ ਵਿੱਚ ਅਸੀਰਗੜ੍ਹ ਕਿਲੇ ਵਿੱਚ ਭੇਜਿਆ ਗਿਆ। ਰਾਜਸੀ ਕੈਦੀ ਹੋਣ ਕਰਕੇ ਉਹਨਾਂ ਨੂੰ ਸੈਕਿੰਡ ਕਲਾਸ ਦਿੱਤੀ ਗਈ।

ਕੈਦ ਵਿਚ ਹੀ ੧੮੮੪ ਈ: ਵਿਚ ਆਪ ਦੀ ਜੀਵਨ ਖੇਡ ਮੁੱਕ ਗਈ।

੭. ਸੂਬਾ ਮਾਨ ਸਿੰਘ

ਉਹਨਾਂ ਦਾ ਜਨਮ ੧੮੨੨ ਈ: ਵਿਚ ਸੈਦੋਕੀ, ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਹੋਇਆ। ਉਹਨਾਂ ਦੇ ਪਿਤਾ ਸ੍ਰ. ਮੱਖਣ ਸਿੰਘ ਸਨ। ਉਹਨਾਂ ਨੇ ੧੮੬੫ ਈ: ਵਿਚ ਸਤਿਗੁਰੂ ਰਾਮ ਸਿੰਘ ਕੋਲੋਂ ਭਜਨ ਪੁੱਛਿਆ। ਬਾਅਦ ਵਿਚ ਸੱਚੇ ਪਾਤਸ਼ਾਹ ਨੇ ਉਹਨਾਂ ਨੂੰ ਸੂਬਾ ਥਾਪਿਆ। ਪਰ ਸਰਕਾਰੀ ਰਿਕਾਰਡ ਅਨੁਸਾਰ ਉਹ ਆਪਣੇ ਆਪ ਨੂੰ ਸੂਬਾ ਜਾਂ ਗੁਰਮੰਤਰ ਦੇਣ ਵਾਲਾ ਮੰਨਣ ਤੋਂ ਇਨਕਾਰੀ ਸਨ।

੧੮੬੯ ਈ: ਨੂੰ ਸਰਕਾਰ ਨੇ, ਜ਼ਿਲ੍ਹਾ ਹਿਸਾਰ ਅਤੇ ਫ਼ਿਰੋਜ਼ਪੁਰ ਦੇ, ਸ੍ਰੀ ਭੈਣੀ ਸਾਹਿਬ. ਆ ਰਹੇ ਕੂਕਿਆਂ ਦੇ ਜਥੇ ਨੂੰ ਉਕਸਾ ਕੇ, ਬਾਗੀ ਕਰਾਰ ਦੇ ਕੇ ਹਿਰਾਸਤ ਵਿਚ ਲੈ ਲਿਆ। ਸਰਕਾਰ ਉਸ ਘਟਨਾ ਨਾਲ ਆਪ ਨੂੰ ਵੀ ਜੋੜਦੀ ਹੈ। ਉਹ ਸਭ ਮੇਲਿਆਂ ਵਿਚ ਜਾਂਦੇ ਅਤੇ ਸਭ ਜਾਤਾਂ ਦੇ ਲੋਕਾਂ ਨੂੰ ਕੂਕਾ ਬਣਾਉਂਦੇ। ੧੮੭੧ ਈ: ਵਿਚ ਸੂਬਾ ਮਾਨ ਸਿੰਘ ਜ਼ਮੀਨ ਜਾਇਦਾਦ ਵੇਚਕੇ ਸ੍ਰੀ ਭੈਣੀ ਸਾਹਿਬ ਹੀ ਆ ਟਿਕੇ।

੧੯ ਜਨਵਰੀ, ੧੮੭੨ ਈ: ਨੂੰ ਉਹਨਾਂ ਨੂੰ ਵੀ ਬਾਕੀ ਸੂਬਿਆਂ ਨਾਲ ਅਲਾਹਾਬਾਦ ਭੇਜ ਦਿੱਤਾ ਗਿਆ। ੩੧ ਅਕਤੂਬਰ ੧੮੭੨ ਨੂੰ ਉਹਨਾਂ ਨੂੰ ਚੁਨਾਰ ਦੇ ਕਿਲ੍ਹੇ, ਵਿਚ ਭੇਜਣ ਦਾ ਸਰਕਾਰੀ ਹੁਕਮ ਹੋਇਆ ਅਤੇ ੧ ਦਸੰਬਰ ੧੮੭੨ ਨੂੰ ਉਹਨਾਂ ਨੂੰ ਚੁਨਾਰ ਦੇ ਕਿਲ੍ਹੇ ਵਿਚ ਪਹੁੰਚਾਇਆ ਗਿਆ।

ਜੁਲਾਈ ੧੮੭੫ ਵਿਚ ਪੰਜਾਬ ਸਰਕਾਰ ਕੋਲੋਂ ਇਜ਼ਾਜ਼ਤ ਲੈ ਕੇ ਉਹਨਾਂ ਦੀ ਸੁਪਤਨੀ ਜੀਵਨੀ ਉਹਨਾਂ ਨੂੰ ਮਿਲਣ ਲਈ ਚੁਨਾਰ ਪਹੁੰਚੀ। ਪਰ ਮਿਲਾਉਣਾ ਤਾਂ ਕਿਤੇ ਰਿਹਾਅ ਉਥੋਂ ਦੇ ਅਧਿਕਾਰੀਆਂ ਨੇ ਉਸਦਾ ਰੁੱਕਾ ਤੱਕ ਉਹਨਾਂ ਨੂੰ ਨਾ ਪਹੁੰਚਾਇਆ।

੧੭ ਫਰਵਰੀ ੧੮੮੭ ਨੂੰ ਉਹਨਾਂ ਦੀ ਪੂਰੀ ਪੜਤਾਲ ਕਰਕੇ ਉਹਨਾਂ ਨੂੰ ਰਿਹਾਅ ਕੀਤਾ ਗਿਆ। ਉਹਨਾਂ ਨੇ ੧੯੦੯ ਵਿਚ ਚੜ੍ਹਾਈ ਕੀਤੀ। ਉਹ ੫ ਫੁੱਟ ੯ ਇੰਚ ਲੰਮੇ ਕੱਦ ਕਾਠ ਦੇ ਸਨ।

੮. ਸੂਬਾ ਭਗਵਾਨ ਸਿੰਘ

ਉਹਨਾਂ ਦਾ ਪਰਵਾਰ ਵੱਤੇ ਵਾਲ, ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ। ਉਹ ਆਹਲੂਵਾਲੀਆ ਖਾਨਦਾਨ ਵਿਚੋਂ ਸਨ। ਸੂਬਾ ਬਣਾਏ ਜਾਣ ਬਾਅਦ ਉਹਨਾਂ ਨੇ ਨਾਮਧਾਰੀ ਲਹਿਰ ਦੇ ਪ੍ਰਚਾਰ ਵਿੱਚ ਮਹੱਤਵ ਪੂਰਨ ਹਿੱਸਾ ਪਾਇਆ। ਉਹਨਾਂ ਦਾ ਜਨਮ ੧੮੨੬ ਈ : ਦੇ ਲਗਭਗ ਦਾ ਹੈ। ਉਹਨਾਂ ਨੇ ੧੯੦੫ ਈ : ਨੂੰ ਦੇਹ ਤਿਆਗੀ।

੯. ਸੂਬਾ ਸੁਰਮੁਖ ਸਿੰਘ

ਉਹਨਾਂ ਦਾ ਜਨਮ ੧੮੩੪ ਈ: ਦਾ, ਦਿਲਵਾਂ ਰਿਆਸਤ ਨਾਭਾ ਦਾ ਹੈ। ਉਹਨਾਂ ਦੇ ਪਿਤਾ ਸ੍ਰ. ਵਧਾਵਾ ਸਿੰਘ ਜੀ ਸਨ। ਉਹਨਾਂ ਨੂੰ ਸੂਬਾ ਥਾਪਕੇ ਸਤਿਗੁਰੂ ਜੀ ਨੇ ਪਟਿਆਲਾ ਰਿਆਸਤ ਵਿਚ ਪ੍ਰਚਾਰ ਦਾ ਕੰਮ ਸੌਂਪਿਆ। ਉਹ ਲਲੂਵਾਲ ਰਿਆਸਤ ਪਟਿਆਲਾ ਵਿਚ ਰਹੇ। ਆਪ ਜੀਵਨ ਭਰ ਤਰਖਾਣਾ ਕਾਰ ਵਿਹਾਰ ਵੀ ਕਰਦੇ ਰਹੇ।

ਆਪ ਨੇ ੧੮੯੮ ਈ: ਨੂੰ ਸੁਆਸ ਦਿੱਤੇ।

੧੦. ਸੂਬਾ ਗਿਆਨੀ ਸਿੰਘ

ਉਹ ਮੰਡੀ ਕਲਾਂ ਰਿਆਸਤ ਸੰਗਰੂਰ ਦੇ ਰਹਿਣ ਵਾਲਾ ਸੀ। ਉਹਨਾਂ ਦੇ ਪਿਤਾ ਸ੍ਰੀ ਰਾਮ ਕ੍ਰਿਸ਼ਨ ਜੀ ਸਨ। ਉਹਨਾਂ ਨੂੰ ਸੂਬਾ ਥਾਪਣ ਉਪਰੰਤ ਸਤਿਗੁਰਾਂ ਨੇ ਉਹਨਾਂ ਨੂੰ ਨਾਮਧਾਰੀ ਪੰਥ ਵਿਚ ਹੁੰਦੇ ਆਪਸੀ ਝਗੜਿਆਂ ਦੇ ਨਿਪਟਾਰੇ ਦੀ ਜ਼ਿੰਮੇਵਾਰੀ ਸੌਂਪੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਰਤਾਨਵੀ ਅਦਾਲਤਾਂ ਦਾ ਬਾਈਕਾਟ ਕਰਨ ਦੇ ਆਦੇਸ਼ ਦਿੱਤੇ ਹੋਏ ਸਨ। ਸੋ ਸੂਬਾ ਗਿਆਨੀ ਸਿੰਘ ਦੀ ਹੈਸੀਅਤ ਹੋਰ ਵੀ ਮਹੱਤਵਪੂਰਨ ਸੀ, ਇਕ ਨਿਆਂਕਾਰੀ ਪ੍ਰਬੰਧਕ ਦੇ ਰੂਪ ਵਿੱਚ, ਨਾਮਧਾਰੀ ਸਿੱਖ ਉਹਨਾਂ ਦੇ ਕੀਤੇ ਫੈਸਲੇ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਸਨ।

੧੫ ਜੁਲਾਈ, ੧੮੭੧ ਨੂੰ ਤਿੰਨ ਨਾਮਧਾਰੀਆਂ ਨੇ ਰਾਇਕੋਟ ਗਊ ਘਾਤ ਤੋਂ ਤੰਗ ਆ ਕੇ ਬੁੱਚੜਖਾਨੇ ਤੇ ਹਮਲਾ ਬੋਲ ਦਿੱਤਾ। ਲੜਾਈ ਝਗੜੇ ਵਿਚ ਕੁਝ ਬੁੱਚੜ ਕਤਲ ਹੋ ਗਏ। ਮੁਖਬਰਾਂ ਇਸ ਕੇਸ ਵਿਚ ਗਿਆਨੀ ਰਤਨ ਸਿੰਘ ਅਤੇ ਸੂਬਾ ਗਿਆਨੀ ਸਿੰਘ ਉਰਫ ਰਤਨ ਸਿੰਘ ਨੂੰ ਵੀ ਗ੍ਰਿਫਤਾਰ ਕਰਵਾ ਦਿੱਤਾ। ਪਰ ਉਹ ਬਿਲਕੁਲ ਨਿਰਦੋਸ਼ ਸਨ, ਫਿਰ ਵੀ ਅਦਾਲਤੀ ਫੈਸਲੇ ਨੇ ਉਹਨਾਂ ਨੂੰ ੨੬ ਦਸੰਬਰ, ੧੮੭੧ ਨੂੰ ਡਿਸਟ੍ਰਿਕਟ ਜੇਲ੍ਹ ਲੁਧਿਆਣੇ ਵਿਚ ਫਾਂਸੀ ਲੁਆ ਦਿਤਾ। ਉਹਨਾਂ ਨੂੰ ਬੇਦੋਸ਼ਿਆਂ ਨੂੰ ਫਾਂਸੀ ਦੀ ਸਜਾ ਮਿਲਣ ਦਾ ਹਰ ਕੂਕੇ ਨੂੰ ਬੜਾ ਦੁਖ ਲਗਾ। ਮਲੇਰ ਕੋਟਲੇ ਦੀ, ਬੁੱਚੜਾਂ ਦੀ ਮੁਦਈ, ਰਿਆਸਤ ਤੇ ਹਮਲੇ ਦਾ ਇਹ ਵੀ ਇੱਕ ਕਾਰਨ ਸੀ।

੧੧. ਸੂਬਾ ਰਾਜਾ ਸਿੰਘ

ਉਹਨਾਂ ਦੇ ਪਿਤਾ ਦਾ ਨਾਂ ਸ੍ਰ. ਜੱਸਾ ਸਿੰਘ ਸੀ। ਉਹ ਤ੍ਰਾਂਡੀ ਜ਼ਿਲ੍ਹਾ ਸਿਆਲਕੋਟ ਵਿੱਚ ੧੮੩੫ ਈ: ਵਿੱਚ ਪੈਦਾ ਹੋਏ। ਸੂਬਾ ਥਾਪੇ ਜਾਣ ਬਾਅਦ ਉਹਨਾਂ ਨੂੰ ਗੁਜਰਾਂਵਾਲਾ ਅਤੇ ਸਿਆਲਕੋਟ ਦੇ ਇਲਾਕੇ ਵਿੱਚ ਪ੍ਰਚਾਰ ਕਰਨ ਲਈ ਭੇਜਿਆ ਗਿਆ। ਉਹ ਆਪਣੇ ਪ੍ਰਚਾਰ ਦੌਰਿਆਂ ਸਮੇਂ ਇਕ ਸਾਲ ਸਮਾਇਕੇ ਵਾਲੀ ਜ਼ਿਲਾ ਗੁਜਰਾਂਵਾਲੇ ਹੀ ਰਹੇ ਅਤੇ ੨੦ ਮਈ ੧੮੭੯ ਨੂੰ ਤ੍ਰਾਂਡੀ ਵਾਪਸ ਆ ਗਏ। ਆਪ ਦੁਬਾਰਾ ਫਿਰ ੨੦ ਜੂਨ ੧੮੭੯ ਵਿਚ ਮਸਾਇਕੇ ਵਾਲੀ ਗਏ। ਆਪ ਦੇ ਪ੍ਰਭਾਵ ਅਤੇ ਸਤਿਗੁਰਾਂ ਦੇ ਦੌਰਿਆਂ ਨਾਲ ਇਹ ਜ਼ਿਲ੍ਹੇ ਕੂਕਿਆਂ ਦੇ ਗੜ੍ਹ ਬਣ ਗਏ।

੧੨. ਸੂਬਾ ਜਮੀਅਤ ਸਿੰਘ

ਉਹਨਾਂ ਦਾ ਜਨਮ ੧੮੨੧ ਈ: ਵਿੱਚ ਸ੍ਰ. ਚੰਦਾ ਸਿੰਘ ਦੇ ਘਰ ਗਿੱਲ ਜ਼ਿਲ੍ਹਾ ਸਿਆਲਕੋਟ ਵਿਖੇ ਹੋਇਆ। ਉਹਨਾਂ ਦਾ ਪ੍ਰਚਾਰ ਖੇਤਰ ਵੀ ਸਿਆਲਕੋਟ ਦਾ ਹੀ ਸੀ। ਉਹ ਭਜਨ ਬੰਦਗੀ ਵਾਲੇ ਸਾਧੂ ਸਨ। ਉਹ ਲੰਬੇ ਕੱਦ ਕਾਠ, ਲੰਮੇ ਦਾਹੜੇ ਤੇ ਇਕਹਿਰੇ ਸਰੀਰ ਵਾਲੇ ਵਿਅਕਤੀ ਸਨ। ਉਹਨਾਂ ਦਾ ਸਾਰੇ ਪੰਜਾਬ ਦੇ ਕੂਕਿਆਂ ਦੇ ਮਨਾਂ ਵਿੱਚ ਸਨਮਾਨ ਸੀ।

ਉਹ ੧੯੦੯ ਈ: ਵਿਚ ਅਕਾਲ ਚਲਾਣਾ ਕਰ ਗਏ।

੧੩. ਸੂਬਾ ਬ੍ਰਹਮਾ ਸਿੰਘ

ਉਹਨਾਂ ਦਾ ਜਨਮ ੧੮੨੨ ਈ: ਦਰੀਆਪੁਰ ਜ਼ਿਲ੍ਹਾ ਕਰਨਾਲ ਦਾ ਹੈ। ਉਹਨਾਂ ਦੇ ਪਿਤਾ ਦਾ ਨਾਂ ਸ੍ਰ. ਗੁਲਾਬ ਸਿੰਘ ਸੀ।

Namdhari Elibrary NamdhariElibrary@gmail.com

ਉਹ ਅਜੇ ਅਬੋਧ ਅਨਜਾਣ ਹੀ ਸਨ ਕਿ ਹਲ ਦੀ ਜੰਘੀ ਛੱਡ ਕੇ, ਉਦਾਸੀ ਸਾਧੂ ਬਣ ਗਏ। ਸਮਾਂ ਪਾਕੇ ਉਹਨਾਂ ਨੂੰ ਬ੍ਰਹਮ ਬੂਟੇ ਅਖਾੜੇ ਦਾ ਮਹੰਤ ਬਣਾਇਆ ਗਿਆ। ਉਥੇ ਵੀ ਉਹ ਬਹੁਤਾ ਚਿਰ ਨਾ ਟਿਕ ਸਕੇ ਅਤੇ ਫੌਜ ਵਿਚ ਭਰਤੀ ਹੋ ਗਏ। ੧੮੫੭ ਦੀ ਆਜ਼ਾਦੀ ਦੀ ਲੜਾਈ ਸਮੇਂ ਉਹ ਫੌਜੀ ਸਿਪਾਹੀ ਸਨ ਪਰ ਭਾਰਤੀ ਫੌਜਾਂ ਦੀ ਹਾਰ ਵੇਖ ਕੇ ਉਹਨਾਂ ਦਾ ਦਿਲ ਟੁੱਟ ਗਿਆ। ਉਹ ਕਸ਼ਮੀਰ ਵੱਲ ਨੂੰ ਨਿਕਲ ਗਏ। ਰਮਤੇ ਸਾਧੂ ਬਣ ਗਏ। ੧੮੫੯ ਈ: ਵਿਚ ਉਹਨਾਂ ਦਾ ਸਤਿਗੁਰੂ ਬਾਲੱਕ ਸਿੰਘ ਜੀ ਨਾਲ ਮੇਲ ਹੋਇਆ। ਆਪਜੀ ਨੇ ਇਹਨਾਂ ਨੂੰ ਭਜਨ ਦਿੱਤਾ ਅਤੇ ਸ੍ਰੀ ਭੈਣੀ ਸਾਹਿਬ ਵੱਲ ਤੋਰ ਦਿਤਾ। ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲਕੇ ਉਹ ਜ਼ਿਲ੍ਹਾ ਸਿਆਲਕੋਟ ਚਲੇ ਗਏ ਅਤੇ ਗਿੱਲੀਂ ਰਹਿਣ ਲਗੇ। ੧੮੬੪ ਈ: ਵਿੱਚ ਉਹ ਏਥੋਂ ਫਿਰ ਸ੍ਰੀ ਭੈਣੀ ਸਾਹਿਬ ਆ ਗਏ ਅਤੇ ਏਥੇ ਹੀ ਟਿਕ ਗਏ। ਸਤਿਗੁਰਾਂ ਨੇ ਉਹਨਾਂ ਨੂੰ ਸੂਬਾ ਥਾਪ ਦਿਤਾ ਅਤੇ ਜਲੰਧਰ, ਲਾਹੌਰ, ਸਿਆਲਕੋਟ ਤੇ ਗੁਜਰਾਂ ਵਾਲੇ ਦੇ ਇਲਾਕੇ ਵਿਚ ਕੂਕਾ ਜਥੇਬੰਦੀ ਦਾ ਪ੍ਰਚਾਰ ਕਰਨ ਦਾ ਹੁਕਮ ਕੀਤਾ। ਉਹ ਸ਼ਾਂਤ ਰਹਿਕੇ, ਟਿਕ ਕੇ, ਸਿਮਰਨ ਕਰਨਾ ਚਾਹੁੰਦੇ ਸਨ, ਪਰ ਸਤਿਗੁਰਾਂ ਦਾ ਹੁਕਮ ਮੰਨ ਕੇ ਚਾਲੇ ਪਾ ਦਿਤੇ। ਉਹ ਸਾਧ ਸੰਗਤ ਦੇ ਸੱਦੇ ਤੇ ਹਰ ਥਾਂ ਜਾਂਦੇ ਕਈ ਵਾਰ ਉਹਨਾਂ ਦੇ ਨਾਲ ਸੂਬਾ ਜੋਤਾ ਸਿੰਘ ਜੀ ਵੀ ਹੁੰਦੇ ਸਨ। ੧੮੭੧ ਈ: ਵਿਚ ਉਹਨਾ ਨੇ ਕਈ ਤੂਫਾਨੀ ਦੌਰੇ ਕੀਤੇ। ਉਹਨਾਂ ਨੇ ਪਿੰਡਾਂ ਦੇ ਪਿੰਡ ਨਾਮਧਾਰੀ ਸਜਾਏ। ਉਹ ਖੁੱਲਮ-ਖੁਲ੍ਹਾ ਜੁਗ ਪਲਟਣ ਦੀ ਗੱਲ ਕਰਦੇ। ਉਹ ਨੇਪਾਲ ਨਾਲ ਸੰਬੰਧਾਂ ਬਾਰੇ, ਸਿੱਖ ਰਾਜ ਦੀ ਮੁੜ ਬਹਾਲੀ ਬਾਰੇ ਅਤੇ ਅੰਗਰੇਜ਼ ਹਾਕਮ ਖਿਲਾਫ ਬਗਾਵਤ ਕਰਨ ਲਈ, ਤਿਆਰ ਬਰਤਿਆਰ ਰਹਿਣ ਬਾਰੇ, ਜੋਸ਼ੀਲੇ ਭਾਸ਼ਣ ਦੇਂਦੇ। ਉਹ ੧੮੭੧ ਈ: ਵਿਚ ਹੀ, ੧੭ ਜੁਲਾਈ ਨੂੰ ਵਰਨ, ੧੯ ਜੁਲਾਈ ਨੂੰ ਡਸਕਾ ਤੇ ਗਲੋਟੀਆਂ ਪਿੰਡਾਂ ਵਿਚ ਗਏ। ਅੰਗਰੇਜ਼ਾਂ ਨੇ ੨੨ ਜੁਲਾਈ ੧੮੭੧ ਤੋਂ ਉਹਨਾਂ ਦੀ ਪੂਰੀ ਨਿਗਰਾਨੀ ਕਰਨੀ ਸ਼ੁਰੂ ਕੀਤੀ ਤੇ ਵੱਡੇ ਅਫਸਰਾਂ ਨੂੰ ਰਿਪੋਰਟਾਂ ਵੀ ਭੇਜੀਆਂ ਜਾਣ ਲੱਗੀਆਂ। ਆਪ ਨੇ ੮ ਅਗਸਤ ਨੂੰ ਡਸਕੇ, ਚੂੜ੍ਹਕਾਣਾ, ਵਰਨ ਅਤੇ ਬਾਰ, ੨ ਸਤੰਬਰ ਨੂੰ ਕਾਮੋਕੀ, ੧੯ ਸਤੰਬਰ ਨੂੰ ਗਦੋਂਵਾਲ ਦੇ ਦੌਰੇ ਕੀਤੇ। ਉਹ ਉਗ੍ਰੂ ਚੱਕ ਤੇ ਗਿੱਲੀਂ ਵੀ ਗਏ। ਇਹਨਾਂ ਪਿੰਡਾਂ ਤੋਂ ਇਲਾਵਾ ਜੰਡਿਆਲਾ, ਖਾਰਾ, ਕਾਲੇ ਕੇ, ਸੈਸਰਾਂ ਆਦਿ ਦੇ ਨੰਬਰਦਾਰਾਂ ਨੇ ਵੀ ਸਰਕਾਰ ਨੂੰ ਰਿਪੋਰਟ ਕੀਤੀ ਕਿ ਉਹ ਲੋਕਾਂ ਨੂੰ, ਕੂਕੇ ਬਣਾਉਂਦੇ ਸਨ ਅਤੇ ਬਾਗੀਆਨਾ ਪ੍ਰਚਾਰ ਕਰਦੇ ਸਨ।

੧੯ ਜਨਵਰੀ, ੧੮੭੨ ਨੂੰ ਉਹਨਾਂ ਨੂੰ ਵੀ ਅਲਾਹਾਬਾਦ ਦੇ ਕਿਲੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਉਥੋਂ ਉਹਨਾਂ ਨੂੰ ਬ੍ਰਿਟਿਸ਼, ਬ੍ਰਹਮਾ, ਮੋਲਮੀਨ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ। ਉਹਨਾਂ ਨੂੰ ੨੫ ਫਰਵਰੀ ੧੮੮੭ ਨੂੰ ਕੈਦ ਤੋਂ ਰਿਹਾਅ ਕੀਤਾ ਗਿਆ।

੧੪.ਸੂਬਾ ਹੁਕਮਾ ਸਿੰਘ

ਸਰਦਾਰ ਮਿਹਰ ਸਿੰਘ ਮਾਨ ਦੇ ਸਪੁੱਤਰ ਸੂਬਾ ਹੁਕਮਾ ਸਿੰਘ ਦਾ ਜਨਮ ੧੮੩੭ ਵਿੱਚ ਪਿੱਥੋ ਰਿਆਸਤ ਨਾਭਾ ਵਿੱਚ ਹੋਇਆ। ਉਹ ੧੮੫੭ ਵਿਚ ਨਾਮਧਾਰੀ ਸਜੇ। ੧੮੬੬ ਈ: ਵਿਚ ਉਹਨਾਂ ਨੂੰ ਸੂਬਾ ਬਣਾਇਆ ਗਿਆ। ਉਹ ਬਿਹੰਗਮ ਸਨ ਅਤੇ ਨਾਮਧਾਰੀ ਬਣਨ ਤੋਂ ਪਹਿਲਾਂ ਆਪ ਨਿਰਮਲੇ ਸਾਧੂ ਸਨ। ਉਹਨਾਂ ਸ੍ਰੀ ਭੈਣੀ ਸਾਹਿਬ ਰਹਿ ਕੇ ਹੀ, ਆਦਿ ਸ੍ਰੀ ਗ੍ਰੰਥ ਸਾਹਿਬ ਦਾ ਉਤਾਰਾ ਕਰਦੇ ਰਹਿੰਦੇ। ਉਹਨਾਂ ਦੀ ਲਿਖਾਈ ਮੋਤੀਆਂ ਵਰਗੀ ਸੀ। ਉਹ ਸਤਿਗੁਰੂ ਜੀ ਦੇ ਗੜਵਈ ਸਨ। ਉਹ ਭਜਨ ਵੀ ਦੱਸਦੇ ਸਨ। ਉਹ ਲੁਧਿਆਣੇ ਸਾਂਝੇ ਅਤੇ ਕੇਂਦਰੀ ਪੰਜਾਬ ਦੇ ਹੋਰ ਇਲਾਕਿਆਂ ਦਾ ਪ੍ਰਚਾਰ ਦੌਰਾ ਵੀ ਕਰਦੇ ਰਹੇ।

੧੯ ਜਨਵਰੀ ੧੮੭੨ ਨੂੰ ਉਹਨਾਂ ਨੂੰ ਵੀ ਅਲਾਹਾਬਾਦ ਦੇ ਕਿਲ੍ਹੇ ਵਿਚ ਕੈਦ ਕਰ ਲਿਆ ਗਿਆ। ਉਥੋਂ ਉਹਨਾਂ ਨੂੰ ਸੂਬਾ ਮਾਨ ਸਿੰਘ ਨਾਲ ੯ ਦਸਬੰਰ, ੧੮੭੨ ਨੂੰ ਚੁਨਾਰ ਦੇ ਕਿਲ੍ਹੇ ਵਿਚ ਭੇਜ ਦਿੱਤਾ ਗਿਆ। ੧੭ ਫਰਵਰੀ ੧੮੮੧ ਨੂੰ ਉਹਨਾਂ ਨੂੰ ਰਿਹਾਅ ਕੀਤਾ ਗਿਆ। ਉਹ ਪੰਜਾਬ ਵਾਪਸ ਆ ਕੇ ਪੁੰਨੂ ਰਿਆਸਤ ਨਾਭਾ ਵਿੱਚ ਰਹੇ। ੧੯੦੭ ਈ: ਵਿਚ ਉਹ ਪ੍ਰਲੋਕ ਗਮਨ ਕਰ ਗਏ।

੧੫. ਸੂਬਾ ਮਲੂਕ ਸਿੰਘ

ਇਹਨਾਂ ਦਾ ਜਨਮ ੧੮੩੩ ਈ: ਵਿਚ ਅਬਲੂ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਹੋਇਆ। ਬਾਅਦ ਵਿਚ ਉਹਨਾਂ ਦਾ ਪ੍ਰਵਾਰ ਭੂਲੇ ਵਾਲ ਜਿਲਾ ਫਿਰੋਜ਼ਪੁਰ ਵਿਚ ਆ ਗਿਆ। ਉਹ ਰੱਜੇ ਪੁੱਜੇ ਜ਼ਿੰਮੀਦਾਰ ਸਨ। ਉਹ ਜੋਤਸ਼ ਵਿਦਿਆ ਜਾਣਦੇ ਸਨ ਅਤੇ ਕਿਸਮਤ ਦਸਦੇ ਤੇ ਭਵਿਖਤ ਬਾਣੀ ਵੀ ਕਰਦੇ ਸਨ। ੧੮੫੭-੫੮ ਵਿਚ ਉਹਨਾਂ ਦੇ ਫੌਜ ਵਿਚ ਰਹਿਣ ਬਾਰੇ ਵੀ ਜਾਣਕਾਰੀ ਮਿਲੀ ਹੈ। ੧੮੬੪ ਈ: ਵਿਚ ਆਪ ਨੇ ਭਜਨ ਪੁੱਛਿਆ ਅਤੇ ੧੮੬੬ ਈ: ਵਿੱਚ ਸੂਬੇ ਸਥਾਪਤ ਹੋਏ। ਫਿਰੋਜ਼ਪੁਰ ਦਾ ਇਲਾਕਾ ਆਪ ਦਾ ਪਰਚਾਰ ਖੇਤਰ ਸੀ।

ਫਰਵਰੀ ੧੮੬੯ ਵਿੱਚ ਫਿਰੋਜ਼ਪੁਰ ਤੇ ਹਿਸਾਰ ਜ਼ਿਲ੍ਹਿਆਂ ਦੇ ੪੪ ਨਾਮਧਾਰੀ ਇਹਨਾਂ ਨਾਲ ਸ੍ਰੀ ਭੈਣੀ, ਆ ਰਹੇ ਸਨ। ਉਹਨਾਂ ਨੂੰ ਉਕਸਾਇਆ ਗਿਆ। ਫਿਰ ਹਿਰਾਸਤ ਵਿਚ ਲੈ ਲਿਆ ਗਿਆ। ਸਾਰਿਆਂ ਤੇ ਸਰਕਾਰ ਦੀ ਜ਼ਿਆਦਤੀ ਤੇ ਉਹ ਦੁਖੀ ਸਨ।

ਅਗਸਤ ੧੮੭੧ ਵਿੱਚ, ਜ਼ਮੀਨ-ਜਾਇਦਾਦ, ਆਪਣੇ ਭਰਾਵਾਂ ਦੇ ਹਵਾਲੇ ਕਰਕੇ ਕੇਵਲ ਦੁਧਾਰੂ ਪਸ਼ੂ ਨਾਲ ਲੈ ਕੇ, ਘਰੋਂ ਤੁਰ ਪਏ ਅਤੇ ਰੋਪੜ ਨਹਿਰ ਦੇ ਕੰਢੇ ਆ ਡੇਰਾ ਕੀਤਾ। ਉਥੇ ਆਲੇ ਦੁਆਲੇ ਦੇ ਇਲਾਕੇ ਦੇ ਲੋਕਾਂ ਨੂੰ ਨਾਮਧਾਰੀ ਬਣਾਇਆ। ਹਰ ਛਿਮਾਹੀ ਉਹ ਸ੍ਰੀ ਭੈਣੀ ਸਾਹਿਬ ਜਾਂਦੇ ਅਤੇ ਸਤਿਗੁਰੂ ਜੀ ਨਾਲ ਸਲਾਹ-ਮਸ਼ਵਰਾ ਕਰਕੇ ਪਰਤਦੇ।

੧੯ ਜਨਵਰੀ, ੧੮੭੨ ਨੂੰ ਉਹਨਾਂ ਨੂੰ ਵੀ ਅਲਾਹਾਬਾਦ ਕਿਲ੍ਹੇ ਵਿਚ ਕੈਦ ਕਰ ਦਿੱਤਾ ਉਥੋਂ ਉਹਨਾਂ ਨੂੰ ੧੫ ਦਸੰਬਰ ੧੮੭੨ ਨੂੰ ਅਸੀਰਗੜ੍ਹ ਕਿਲ੍ਹੇ ਵਿਚ ਭੇਜ ਦਿੱਤਾ ਗਿਆ।

੧੭ ਦਸੰਬਰ ੧੮੮੭ ਨੂੰ ਉਹਨਾਂ ਨੂੰ ਰਿਹਾਅ ਕੀਤਾ ਗਿਆ। ਉਹ ਪੰਜਾਬ ਪਰਤ ਆਏ। ੧੯੨੦ ਈ: ਵਿਚ ਉਹਨਾਂ ਰੋਹੀ ਦੀ ਢਾਬ ਵਿਖੇ ਚੜ੍ਹਾਈ ਕੀਤੀ।

੧੬.ਸੂਬਾ ਨਾਰਾਇਣ ਸਿੰਘ

ਉਹਨਾਂ ਦਾ ਜਨਮ ਸੰਨ ੧੮੩੫ ਈ: ਦੇ ਨੇੜੇ ਤੇੜੇ ਦਾ ਹੈ। ਇਹਨਾਂ ਦੇ ਪਿਤਾ ਦਾ ਨਾਂ ਸ੍ਰ. ਸੰਗਤ ਸਿੰਘ ਅਤੇ ਪਿੰਡ ਕਟੜਾ ਸ਼ਰਮੀ ਜ਼ਿਲ੍ਹਾ ਲੁਧਿਆਣਾ ਸੀ। ਸੂਬਾ ਥਾਪੇ ਜਾਣ ਉਪਰੰਤ ਉਹ ਮੁਕਤਸਰ ਅਤੇ ਫਿਰੋਜ਼ਪੁਰ ਦੇ ਇਲਾਕੇ ਵਿਚ ਪ੍ਰਚਾਰ ਕਰਦੇ ਰਹੇ। ਆਪ ਦੀ ਸੁਰ ਸਦਾ ਹੀ ਬਾਗੀਆਨਾ ਰਹੀ। ਆਪ ਸਦਾ ਹੀ ਘਰੋਂ ਦੂਰ ਰਹੇ ਸੋ ਸਰਕਾਰ ਆਪਦੇ ਟਿਕਾਣੇ ਨਾਂ ਲਭ ਸਕੀ।

੧੮੭੫-੭੬ ਵਿਚ ਉਹ ਸਦਾ ਲਈ ਪਿੰਡੋਂ ਪਾਸੇ ਚਲੇ ਗਏ ਅਤੇ ਰੂਹ ਪੋਸ਼ ਹੋ ਗਏ। ਬਾਅਦ ਵਿੱਚ ਵੀ ਉਹਨਾਂ ਦੇ ਥਹੁ ਟਿਕਾਣੇ ਦਾ ਕੋਈ ਪਤਾ ਨਹੀ ਲੱਗਾ।

Namdhari Elibrary NamdhariElibrary@gmail.com

੧੭. ਸੂਬਾ ਪਹਾੜਾ ਸਿੰਘ

ਉਹਨਾਂ ਦਾ ਜਨਮ ੧੮੨੪ ਈ: ਨੂੰ ਸ੍ਰੀ ਹੇਮਾ ਦੇ ਘਰ ਮਲੌਦ ਵਿਖੇ ਹੋਇਆ। ਉਹਨਾਂ ਦੇ ਪਿਤਾ ਖਾਂਦੇ ਪੀਂਦੇ ਜ਼ਿਮੀਂਦਾਰ ਸਨ। ਉਹਨਾਂ ਨੇ ਮਲੌਦ ਦੇ ਸ੍ਰ. ਮਿੱਤ ਸਿੰਘ ਕੋਲ ਨੌਕਰੀ ਕੀਤੀ ਪਰ ੧੮੫੭ ਵਿੱਚ ਉਸਦਾ ਸਰਕਾਰ ਪੱਖੀ ਝੁਕਾ ਵੇਖਕੇ ਇਹਨਾਂ ਨੇ ਉਸਦੀ ਨੌਕਰੀ ਛੱਡ ਦਿੱਤੀ, ਉਹ ਨਿਰਮਲੇ ਸਾਧੂ ਬਣ ਗਏ ਪਰ ੧੮੬੦ ਵਿਚ ਉਹ ਸਤਿਗੁਰੂ ਰਾਮ ਸਿੰਘ ਜੀ ਦੀ ਚਰਨੀਂ ਲੱਗੇ ਅਤੇ ਭਜਨ ਪੁੱਛਿਆ। ੧੮੬੫ ਈ: ਵਿਚ ਉਹਨਾਂ ਨੂੰ ਸੂਬਾ ਥਾਪਿਆ ਗਿਆ।

ਉਹਨਾਂ ਨੇ ਆਪਣਾ ਡੇਰਾ ਸਿਆੜ ਲਾ ਲਿਆ। ਉਹ ਸਮੇਂ ਸਮੇਂ ਸਤਿਗੁਰੂ ਜੀ ਨਾਲ ਦੌਰਿਆਂ ਤੇ ਵੀ ਜਾਂਦੇ ਰਹੇ।

ਸਰਕਾਰ ਨੇ ਅੰਮ੍ਰਿਤਸਰ, ਗਊ ਰੱਖਿਆ ਦੀ ਘਟਨਾ ਵਿੱਚ ਆਪ ਦੀ ਪੂਰੀ ਰਾਇ ਸਮਝੀ ਸੀ।

੧੯ ਜਨਵਰੀ, ੧੮੭੨ ਈ: ਨੂੰ ਉਹਨਾਂ ਨੂੰ ਵੀ ਅਲਾਹਾਬਾਦ ਪ੍ਰਯਾਗ ਰਾਜ ਦੇ ਕਿਲ੍ਹੇ ਵਿੱਚ ਕੈਦ ਕੀਤਾ ਗਿਆ। ੧੫ ਸਤੰਬਰ ੧੮੭੨ ਨੂੰ ਉਹਨਾਂ ਨੂੰ ਅਸੀਰਗੜ੍ਹ ਕਿਲ੍ਹੇ ਵਿੱਚ ਪਹੁੰਚਾਇਆ ਗਿਆ। ਜਿਥੋਂ ਵਾਪਸ ਪੰਜਾਬ ਨਹੀਂ ਪਰਤਣ ਦਿੱਤਾ। ਉਥੇ ਹੀ ੨ ਮਾਰਚ, ੧੮੮੨ ਨੂੰ ਆਪਦੇ ਪ੍ਰਾਣ ਪੰਖੇਰੂ ਉੱਡ ਗਏ।

੧੮. ਸੂਬਾ ਜੋਤਾ ਸਿੰਘ

ਉਹਨਾਂ ੧੮੩੦ ਈ: ਸ੍ਰ. ਰਤਨ ਸਿੰਘ ਦੇ ਘਰ ਢਪਈ ਜਿਲ੍ਹਾ ਸਿਆਲਕੋਟ ਵਿਖੇ ਜਨਮ ਲਿਆ। ਉਹਨਾਂ ਨੂੰ ੧੮੬੫ ਈ: ਵਿਚ ਸੂਬਾ ਬਣਾਇਆ ਗਿਆ ਅਤੇ ਪ੍ਰਚਾਰ ਲਈ ਸਿਆਲਕੋਟ, ਲਾਹੌਰ ਗੁਜਰਾਂਵਾਲੇ ਦਾ ਇਲਾਕਾ ਆਪ ਦੇ ਸਪੁਰਦ ਕੀਤਾ ਗਿਆ। ਆਪ ਨੇ ਬਹੁਤ ਸਾਰੇ ਲੋਕਾਂ ਨੂੰ ਨਾਮਧਾਰੀ ਬਣਾਇਆ।

ਉਹ ੧੯੧੪ ਈ: ਵਿੱਚ ਢਪਈ ਵਿਖੇ ਹੀ ਪੂਰੇ ਹੋ ਗਏ।

੧੯. ਸੂਬਾ ਖੁਸ਼ਹਾਲ ਸਿੰਘ

ਉਹਨਾਂ ਦੇ ਪਿਤਾ ਦਾ ਨਾਂ ਕਰਮ ਸਿੰਘ ਸੀ ਉਹ ਥਰਾਜ ਜ਼ਿਲ੍ਹਾ ਹਿਸਾਰ ਦੇ ਰਹਿਣ ਵਾਲੇ ਸਨ। ਉਂਝ ਤਾਂ ਉਹ ਜ਼ਿਲ੍ਹਾ ਹਿਸਾਰ ਵਿੱਚ ਹੀ ਸੂਬਾ ਬਣਨ ਉਪਰੰਤ ਪਰਚਾਰ ਕਰਦੇ ਰਹੇ ਪਰ ਨਾਭਾ ਅਤੇ ਪਟਿਆਲਾ ਰਿਆਸਤਾਂ ਵਿਚ ਵੀ ਉਹਨਾਂ ਦਾ ਬੜਾ ਰਸੂਖ ਸੀ। ਉਹ ਉਚੇ ਲੰਮੇ ਦਰਸ਼ਨੀ ਸਿੱਖ ਸਨ। ੧੮੭੨ ਈ: ਵਿਚ ਲਲਤੋਂ ਵਿਚ ਫੜੇ ਗਏ, ੩੯ ਕੂਕਿਆਂ ਵਿਚ ਉਹ ਆਪ ਵੀ ਸਨ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਭਰੋਸੇਮੰਦ, ਪ੍ਰਭਾਵਸ਼ਾਲੀ, ਸਮਰਪਤ ਗੁਰਸਿੱਖ ਸਨ। ਉਹ ਚੁਸਤ ਤੇ ਬਲਵਾਨ ਵੀ ਸਨ। ਉਹਨਾਂ ਨੂੰ ਜਗਤ ਮਾਤਾ ਜੀਵਨ ਕੌਰ ਅਤੇ ਫਤਹਿ ਕੌਰ ਦੇ ਪਿਤਾ ਹੋਣ ਦਾ ਵੀ ਸੁਭਾਗ ਪ੍ਰਾਪਤ ਹੈ।

ਉਹ ੧੮੯੦ ਈ: ਵਿਚ ਥਰਾਜ ਵਿੱਚ ਹੀ ਪ੍ਰਲੋਕ ਸਿਧਾਰ ਗਏ। ਉਸ ਸਮੇਂ ਉਹਨਾਂ ਦੀ ਉਮਰ ੬੦-੭੦ ਸਾਲ ਸੀ।

੨੦. ਸੂਬਾ ਸਮੁੰਦ ਸਿੰਘ

ਉਹਨਾਂ ਦਾ ਜਨਮ ੧੮੩੦ ਈ: ਵਿਚ ਸ: ਵਸਾਵਾ ਸਿੰਘ ਸਿੱਧੂ (ਕੁਝ ਲਿਖਤਾਂ ਵਿਚ ਸੌਦਾ ਸਿੰਘ) ਦੇ ਘਰ ਖੋਟੇ ਜ਼ਿਲ੍ਹਾ ਫਿਰਜ਼ਪੁਰ ਵਿੱਚ ਹੋਇਆ। ਉਹ ਵੀ ਸਰਦੇ ਪੁਜਦੇ ਜ਼ਿਮੀਂਦਾਰ ਸਨ। ਉਹਨਾਂ ਦੀ ਸਪੁਤਰੀ ਅਤੇ ਪੋਤਰੀ ਦਾ ਅਨੰਦ ਕਾਰਜ ੪ ਜੂਨ ੧੮੬੩ ਈ: ਨੂੰ ਖੋਟਿਆਂ ਦੇ ਮੇਲੇ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ। ਇਸ ਕਰਕੇ ਅਨੰਦ ਮਰਿਯਾਦਾ ਸ਼ੁਰੂ ਕਰਨ ਵਿਚ ਆਪਦਾ ਮਹੱਤਵਪੂਰਨ ਯੋਗਦਾਨ ਸੀ। ਸੂਬਾ ਬਣਨ ਪਿਛੋਂ ਉਹ ਨਾਮਧਾਰੀ ਲਹਿਰ ਦੇ ਪ੍ਰਚਾਰ ਵਿੱਚ ਹੋਰ ਵੀ ਤਨ ਦੇਹੀ ਨਾਲ ਜੁਟ ਗਏ। ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਕਈ ਵਾਰ ਰੰਗੂਨ ਗਏ। ਉਹ ਦਰਸ਼ਨੀ ਜੁਆਨ ਸਨ। ਉਹ ਹਿੰਦੀ, ਪੰਜਾਬੀ ਪੜ੍ਹ ਅਤੇ ਲਿਖ ਸਕਦੇ ਸਨ। ਉਹਨਾਂ ਦਾ ਚੌੜਾ ਮੁੱਖੜਾ, ਲੰਮਾ ਚਿੱਟਾ ਦਾੜ੍ਹਾ ਦੈਵੀ ਪ੍ਰਭਾਵ ਦੇਂਦਾ ਸੀ।

੨੧. ਸੂਬਾ ਖਜ਼ਾਨ ਸਿੰਘ

ਉਹਨਾਂ ਦਾ ਜਨਮ ੧੮੩੨ ਈ: ਵਿਚ ਸ੍ਰ. ਮਨੀ ਸਿੰਘ ਦੇ ਘਰ ਲਿਧਾਣਾ ਜਿਲ੍ਹਾ ਜਲੰਧਰ ਵਿਚ ਹੋਇਆ। ਉਹ ਲੁਹਾਰਾ ਕੰਮ ਕਰਦੇ ਸਨ। ਉਹ ਲਾਹੌਰ, ਅੰਮ੍ਰਿਤਸਰ ਅਤੇ ਕੇਂਦਰੀ ਪੰਜਾਬ ਵਿਚ ਪ੍ਰਚਾਰ ਕਰਦੇ ਰਹੇ। ਉਹਨਾਂ ਦਾ ਕੱਦ ਸਾਢੇ ਪੰਜ ਫੁੱਟ ਸੀ।

੨੨. ਸੂਬਾ ਗੁਪਾਲ ਸਿੰਘ

ਉਹਨਾਂ ਦਾ ਜਨਮ ੧੮੩੭ ਈ: ਵਿਚ ਸ੍ਰ. ਸਾਹਿਬ ਸਿੰਘ ਦੇ ਘਰ ਰਖੜ ਮਹੋੜ ਰਿਆਸਤ ਪਟਿਆਲਾ ਵਿੱਚ ਹੋਇਆ। ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਵਿਚ ਦੁਕਾਨ ਦਾ ਕੰਮ ਸੌਂਪਿਆ ਗਿਆ। ਸੂਬਾ ਬਣਨ ਪਿਛੋਂ ਆਪ ਕਈ ਵਾਰ ਲੁਧਿਆਣੇ ਦੇ ਪਿੰਡਾਂ 'ਚ ਪ੍ਰਚਾਰ ਕਰਨ ਲਈ ਵੀ ਜਾਂਦੇ ਰਹੇ।

ਸੂਬਿਆਂ ਬਾਰੇ ਇਸ ਲੇਖ ਵਿੱਚ ਦਿੱਤੀ ਜਾਣਕਾਰੀ ਤੋਂ ਇਕ ਗੱਲ ਬੜੀ ਸਾਫ ਨਜ਼ਰ ਆਉਂਦੀ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਨੇ ਬਹੁਤੇ ਸੂਬੇ ਨੌਜਵਾਨ ਹੀ ਬਣਾਏ ਜੋ ਜਿਧਰ ਵੀ ਜਾਂਦੇ ਨਵਾਂ ਜੋਸ਼ ਲੈ ਕੇ ਜਾਂਦੇ ਅਤੇ ਨਵੀਂ ਰੂਹ ਫੂਕਦੇ । ਉਹਨਾਂ ਵਿੱਚ ਹੌਸਲਾ, ਦਲੇਰੀ ਤੇ ਹਿੰਮਤ ਸੀ। ਭਜਨ ਬਾਣੀ ਕਰਨ ਕਰਕੇ, ਚਿਹਰਿਆਂ ਤੇ ਨੂਰ ਸੀ। ਉਹ ਸਿਦਕ ਭਰੋਸੇ ਵਾਲੇ ਸਨ। ਉਹ ਗੁਰਸਿੱਖੀ ਦੇ ਪਰਚਾਰ ਦੀ ਲਗਨ ਤੇ ਦੇਸ਼ ਅਜ਼ਾਦੀ ਦੀ ਤੜਪ ਰੱਖਦੇ ਸਨ। ਸਤਿਗੁਰੂ ਜੀ ਦੁਆਰਾ ਉਸਾਰੇ ਜਾ ਰਹੇ ਸੁਤੰਤਰਤਾ ਦੇ ਕਿਲ੍ਹੇ ਦੇ ਥੰਮ੍ਹ ਸਨ।

ਐਮ.ਐਮ. ਆਹਲੂਵਾਲੀਏ ਦੇ ਸ਼ਬਦਾਂ ਵਿੱਚ:-

"ਸੂਬੇ ਉਸ ਦੀਆਂ ਅੱਖਾਂ ਤੇ ਕੰਨ ਹੀ ਨਹੀਂ ਸਨ ਜਿਹੜੇ ਸਾਰੇ ਪੰਜਾਬ ਦੀ ਲੰਬਾਈ ਅਤੇ ਚੌੜਾਈ ਵਿਚ ਫੈਲਾਏ ਹੋਏ ਸਨ। ਸਗੋਂ ਉਸਦੇ ਬੁਲਾਰੇ ਸਨ, ਪ੍ਰਤੀਨਿਧ ਸਨ ਜੋ ਇਹੋ ਜਿਹੀ ਲਹਿਰ ਦੇ ਲਗਾਤਾਰ ਸੰਬੰਧ ਰੱਖਣ ਲਈ ਜ਼ਰੂਰੀ ਸੀ।" ਕੂਕਾਜ਼

ਬਰਤਾਨਵੀ ਸਰਕਾਰ ਦਾ ਰਿਕਾਰਡ ਉੱਤੇ ਦਿੱਤੇ ੨੨ ਸੂਬਿਆਂ ਤੋਂ ਇਲਾਵਾ ੧੨ ਹੋਰ ਸੂਬਿਆਂ ਦਾ ਵੀ ਹਵਾਲਾ ਦੇਂਦਾ ਹੈ, ਪਰ ਇੰਜ ਲਗਦਾ ਹੈ ਕਿ ਹਾਕਮਾਂ ਨੇ ਹਰ ਸਰਗਰਮ ਜਥੇਦਾਰ ਅਤੇ ਪ੍ਰਚਾਰਕ ਨੂੰ ਹੀ ਸੂਬਾ ਸਮਝਿਆ । ਲਗਭਗ ਸਵਾ ਸਦੀ ਪੁਰਾਣਾ ਨਾਮਧਾਰੀ ਇਤਿਹਾਸ, ਸਿੱਧਾ ਹੀ ਸੁਣ ਕੇ, ਸਮਝ ਕੇ, ਸਰਕਾਰੀ ਰਿਕਾਰਡ ਵੇਖਕੇ ਕਮਲਬੰਦ ਕੀਤਾ ਜਾ ਰਿਹਾ ਹੈ। ਸੋ ਸਰਕਾਰ ਦੀ ਜਾਣਕਾਰੀ ਨਾਲੋਂ ਗੁਰੂ ਘਰ ਦੀ ਇਹ ਜਾਣਕਾਰੀ ਵਧ ਭਰੋਸੇਯੋਗ ਹੈ।

Namdhari Elibrary NamdhariElibrary@gmail.com

ਨਾਮਧਾਰੀ ਸਾਹਿਤ ਪੁਸਤਕਾਂ ਦੀ ਸੂਚੀ

Rebels Against The British Rule

Bhai Nahar Singh Kirpal Singh

The present volume contains documents and other writings regarding the anti-British Rule Kuka Movement by Guru Ram Singh ji and his followers for the period from 1863 to 1880. A.D. It is a very useful material on freedom movement.

Pages : 869 Rs. 595/-

Kuka Movement

Jaswinder Singh M.A.

It covers official documents on the movement from 1881 to 1903 A.D. The documents relate to the continued correspondence between Guru Ram Singh and his followers in Punjab. It is a useful book for research scholars on this movement.

Pages : 336 Rs. 195/-

Kukas of Note in the Punjab

Jaswinder Singh M.A.

Kuka history is a living story of sacrifice and struggle in the cause of culture and freedom. This book contains confidential record of influential Kukas who were arrested, presented, as per record of Govt. of India, after the Kuka massacre of January 1872.

Pages : 123 Rs. 30/-

Lord of Virtues and Fortunes

Master Nihal Singh

A small but faithful attempt on the life of His Holiness Sri Satguru Partap Singh Ji. It gives good, readable material to readers concerning deeds and actions of Satguru Ji to put the humanity on the right path.

Pages : 80 Rs. 10/-

Enlighters

Master Nihal Singh

Life Sketch Sikh Satgurus.

Rs. 5/-

NAMDHARIS - before and after Indpendence

This book contains brief account of struggle for the freedom of India and role of Namdharis under the leadership of Satguru Ram Singh and his successors. It contains contribution of this sect for up lift of India after Independence. It is a pictorial record of the contribution.

Pages : 28 Rs. 20/-

ਸਤਿਗੁਰ ਤਿਸ ਕਾ ਨਾਉ

-ਅਮਰ ਭਾਰਤੀ

ਗੁਰਬਾਣੀ ਸਿਧਾਂਤ ਅਨੁਸਾਰ ਪ੍ਰਮੁੱਖ ਤੇ ਬੁਨਿਆਦੀ ਧਿਰ "ਸਤਿਗੁਰੂ" ਨੂੰ ਵੇਖਣ ਤੇ ਸਮਝਣ ਲਈ ਇਹ ਗ੍ਰੰਥ ਅਨਮੋਲ ਖਜ਼ਾਨਾ ਹੈ।

ਸਫ਼ੇ: ੨੦੩ ੧੦੦ ਰੁਪਏ

ਪੁਰਖ ਗੁਰੂ

ਮਿਹਰ ਸਿੰਘ

ਇਸ ਪੁਸਤਕ ਵਿਚ ਗੁਰਬਾਣੀ ਦੇ ਸਿਧਾਂਤ ਅਨੁਸਾਰ ਪੁਰਖੁ ਗੁਰੂ ਦਾ ਪੱਖ ਪੇਸ਼ ਕੀਤਾ ਗਿਆ ਹੈ।

ਸਫ਼ੇ: ੨੯੬ ੮੦ ਰੁਪਏ

ਸਭਹਨ ਕੇ ਸਿਰਮੌਰ

ਤਾਰਾ ਸਿੰਘ ਅਨਜਾਣ

ਇਸ ਪੁਸਤਕ ਵਿਚ ਨਾਮਧਾਰੀ ਸਮਾਜ, ਉਸ ਦੇ ਸਭਿਆਚਾਰਕ ਤੇ ਸਦਾਚਾਰਕ ਪੱਖ, ਵਿਸ਼ੇਸ਼ ਕਰਕੇ ਇਸਤ੍ਰੀ-ਜਾਤੀ ਪ੍ਰਤੀ ਉਹ ਨਾਂ ਦੇ ਵਿਹਾਰ ਬਾਰੇ ਖ਼ੂਬਸੂਰਤ ਨੁਕਤੇ ਹਨ। ਇਸ ਤੋਂ ਇਲਾਵਾ ਸਤਿਗੁਰੂ ਰਾਮ ਸਿੰਘ ਜੀ ਦੀ ਧਰਮ ਸਾਧਨਾਂ, ਦੇਸ਼ ਭਗਤੀ, ਸਮਾਜ-ਸੇਵਾ ਤੇ ਜੀਵਨ ਦੇ ਅਨੇਕ ਪੱਖਾਂ ਨੂੰ ਸਾਦਗੀ ਤੇ ਸੰਜੀਦਗੀ ਨਾਲ ਪੇਸ਼ ਕੀਤਾ ਗਿਆ ਹੈ।

ਸਫ਼ੇ: ੧੭੨ ੫੦ ਰੁਪਏ

ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਸੰਪਾਦਕ- ਮਾਸਟਰ ਨਿਹਾਲ ਸਿੰਘ

ਇਸ ਪੁਸਤਕ ਵਿਚ ਵੱਖ-ਵੱਖ ੭੧ ਲੇਖਕਾਂ-ਕਵੀਆਂ ਦੀਆਂ ਕਲਮਾਂ ਦੁਆਰਾ ਸਤਿਗੁਰੂ ਜੀ ਦੀ ਸਿੱਖੀ ਰਹਿਤ ਮਰਯਾਦਾ ਦੇ ਪ੍ਰਚਾਰ ਪ੍ਰਸਾਰ ਨੂੰ ਦੇਣ, ਉਹਨਾਂ ਦੀ ਦੇਸ਼-ਭਗਤੀ, ਸਮਾਜ ਉਸਾਰੀ, ਚਰਿੱਤਰ ਨਿਰਮਾਣ ਤੇ ਸਿੱਖਾਂ ਵਿਚ ਨਾਮ-ਬਾਣੀ ਲਈ ਅਮਲੀ ਤੌਰ ਤੇ ਜੀਵਨ ਬਤੀਤ ਕਰਨ ਲਈ ਨਵੀਂ ਰੂਹ ਫੂਕਣ ਦਾ ਵਰਨਣ ਹੈ।

ਸਫ਼ੇ: ੧੨੮ ੩੦ ਰੁਪਏ

Namdhari Elibrary NamdhariElibrary@gmail.com

ਸਤਿਗੁਰੂ ਪ੍ਰਤਾਪ ਸਿੰਘ ਇਕ ਮਹਾਨ ਸਤਿਗੁਰੂ

ਡਾ. ਕਰਮ ਸਿੰਘ ਕਪੂਰ

ਇਸ ਪੁਸਤਕ ਵਿਚ ਸ੍ਰੀ ਸਤਿਗੁਰੂ ਜੀ ਦੇ ਜੀਵਨ ਦੀ ਝਲਕ ਪੇਸ਼ ਕੀਤੀ ਗਈ ਹੈ ਜੋ ਕਿ ਗੁਰਬਾਣੀ ਅਤੇ ਸ਼ਰਧਾਵਾਨਾਂ ਦੀਆਂ ਭਾਵਨਾਵਾਂ ਅਨੁਸਾਰ ਲੋਕ ਹਿੱਤਕਾਰੀ ਤੇ ਮਹਾਨਤਾ ਭਰਿਆ ਸੀ।

ਸਫ਼ੇ: ੧੦੬ ੨੦ ਰੁਪਏ

ਬਡ ਪਰਤਾਪੁ ਸੁਨਿਓ ਪ੍ਰਭ ਤੁਮਰੋ

ਸੰਪਾਦਕ- ਜਸਵਿੰਦਰ ਸਿੰਘ ਐਮ.ਏ.
ਤਾਰਾ ਸਿੰਘ ਅਨਜਾਣ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਪਾਵਨ ਜਨਮ ਸ਼ਤਾਬਦੀ ਦੇ ਸ਼ੁਭ ਅਵਸਰ ਉਤੇ ਨਾਮਧਾਰੀ ਦਰਬਾਰ ਵਲੋਂ ਪ੍ਰਕਾਸ਼ਤ ਇਹ ਇਕ ਸ਼ਰਧਾਂਜਲੀ ਗ੍ਰੰਥ ਹੈ। ਇਸ ਪੁਸਤਕ ਵਿਚ ਲੇਖ ਉਹਨਾਂ ਵਿਅਕਤੀਆ ਵਲੋਂ ਲਿਖੇ ਗਏ ਹਨ, ਜਿਨ੍ਹਾਂ ਨੇ ਨੇੜੇ ਹੋ ਕੇ ਇਸ ਮਹਾਨ ਆਤਮਾ ਨੂੰ ਨਿਹਾਰਿਆ ਤੇ ਉਹਨਾਂ ਦੇ ਨਦਰ-ਕਰਮ ਦੁਆਰਾ ਆਪਣਾ ਜੀਵਨ ਸਫਲ ਕੀਤਾ।

ਸਫ਼ੇ: ੧੨੮ ੩੦ ਰੁਪਏ

ਵਡ ਪਰਤਾਪੁ ਅਚਰਜ ਰੂਪ

ਸੰਪਾਦਕ-ਤਾਰਾ ਸਿੰਘ ਕਾਮਿਲ
ਜਸਵਿੰਦਰ ਸਿੰਘ ਐਮ.ਏ.
ਤਾਰਾ ਸਿੰਘ ਅਨਜਾਣ

ਨਾਮਧਾਰੀ ਇਤਿਹਾਸ ਬਾਰੇ ਮੁੱਢਲੀ ਜਾਣਕਾਰੀ ਸਤਿਗੁਰੂ ਪਰਤਾਪ ਸਿੰਘ ਜੀ ਵਲੋਂ ਸੁਤੰਤਰਤਾ ਸੰਗਰਾਮ ਵਿਚ ਦਿੱਤੇ ਗਏ ਯੋਗਦਾਨ, ਗੁਰਮਤਿ ਸੰਗੀਤ, ਪਸ਼ੂ ਧਨ ਦੀ ਸੰਭਾਲ ਤੇ ਸਿੱਖੀ ਰਹਿਤ ਮਰਯਾਦਾ ਦੇ ਪਰਚਾਰ ਪਰਸਾਰ ਲਈ ਕੀਤੇ ਕਾਰਜਾਂ ਆਦਿ ਦੇ ਸਬੰਧ ਵਿਚ ਪੜ੍ਹੇ ਗਏ ਗੋਸ਼ਟੀ ਪਰਚਿਆਂ ਤੇ ਚਰਚਾ ਤੇ ਪ੍ਰਤੀ-ਕਰਮ ਦਾ ਇਸ ਪੁਸਤਕ ਵਿਚ ਵੇਰਵਾ ਹੈ।

ਸਫ਼ੇ: ੧੪੮ ੧੨੦ ਰੁਪਏ

ਪਰਤਾਪ ਸਦਾ ਗੁਰ ਕਾ ਘਟਿ ਘਟਿ

ਸੰਪਾਦਕ-ਜਸਵਿੰਦਰ ਸਿੰਘ ਐਮ.ਏ.
ਤਾਰਾ ਸਿੰਘ ਅਨਜਾਣ

ਇਸ ਪੁਸਤਕ ਵਿਚ ਨਾਮਧਾਰੀ ਜੀਵਨ ਜਾਚ, ਸਤਿਗੁਰੂ ਪਰਤਾਪ ਸਿੰਘ ਜੀ ਦੀ ਪ੍ਰਤਿਭਾ, ਆਪ ਜੀ ਵਲੋਂ ਕੀਤੇ ਗਏ ਹੋਲੇ ਮਹੱਲੇ ਦੇ ਸਮਾਗਮ, ਸੰਗੀਤ ਨੂੰ ਦੇਣ, ਪੰਜਾਬੀ ਲਈ ਪਿਆਰ, ਸੁਤੰਤਰਤਾ ਸੰਗਰਾਮ ਵਿਚ ਯੋਗਦਾਨ ਤੇ ਲੋਕ ਹਿਤੂ ਦ੍ਰਿਸ਼ਟੀਕੋਣ ਆਦਿ ਬਾਰੇ ਲੇਖਾਂ ਦਾ ਸੰਗ੍ਰਹਿ ਹੈ।

ਸਫ਼ੇ: ੧੯੪ ੧੨੦ ਰੁਪਏ

ਸਾਹਿਬੁ ਗੁਣੀ ਗਹੇਰਾ

ਤਾਰਾ ਸਿੰਘ ਅਨਜਾਣ

ਇਸ ਪੁਸਤਕ ਵਿਚ ਗੁਣਾਂ ਦੇ ਸਾਗਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਚਰਿੱਤਰ ਨੂੰ ਪੇਸ਼ ਕੀਤਾ ਗਿਆ ਹੈ। ਸਿੱਧੀ-ਸਾਦੀ, ਭਾਵ ਪੂਰਤ ਬੋਲੀ ਵਿਚ, ਸਾਹਿਤਕ ਜਾਂ ਇਤਿਹਾਸਕ ਰਚਨਾ ਲੇਖਕ ਦੀ ਲੇਖਣ ਸ਼ੈਲੀ ਦੀ ਸਿਫ਼ਤ ਹੈ। ਇਤਿਹਾਸਕ ਘਟਨਾਵਾਂ ਦੇ ਆਦਿ-ਅੰਤ ਬਾਰੇ ਪ੍ਰਮਾਣੀਕ ਤੱਥ ਲੱਭ ਕੇ ਉਹਨਾਂ ਨੂੰ ਰੋਚਕ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਸਫ਼ੇ: ੧੮੦ ੮੦ ਰੁਪਏ

ਸਤਿਗੁਰੂ ਪਰਤਾਪ ਸਿੰਘ ਜੀ ਅਤੇ ਨਾਮਧਾਰੀ ਹੋਲੇ ਮਹੱਲੇ

ਪ੍ਰਿੰ: ਬੇਅੰਤ ਕੌਰ

ਇਸ ਪੁਸਤਕ ਵਿਚ ਨਾਮਧਾਰੀ ਹੋਲੇ ਮਹੱਲਿਆਂ ਦਾ ਪਿਛੋਕੜ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਹੋਏ ੫੪ ਹੋਲੇ ਮਹੱਲਿਆਂ ਸਮੇਂ ਵਾਪਰੀਆਂ ਮੁੱਖ ਘਟਨਾਵਾਂ ਅਤੇ ਲਏ ਗਏ ਨਿਰਨਿਆਂ ਦਾ ਵਰਨਣ ਹੈ। ਇਸ ਤੋਂ ਇਲਾਵਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਹੋਏ ਹੋਲੇ ਮਹੱਲਿਆਂ ਦੀ ਸੰਖੇਪ ਜਾਣਕਾਰੀ ਹੈ।

ਸਫੇ: ੧੬੦ ੧੦੦ ਰੁਪਏ

ਜੱਸ-ਜੀਵਨ: ਭਾਗ ਦੂਜਾ

ਸੰਤ ਤਰਨ ਸਿੰਘ ਵਹਿਮੀ

ਪੰਨੇ: ੪੬੩ ੧੦੦ ਰੁਪਏ

ਜੱਸ-ਜੀਵਨ: ਭਾਗ ਤਿੰਨ

ਸੰਤ ਤਰਨ ਸਿੰਘ ਵਹਿਮੀ

ਇਨ੍ਹਾਂ ਦੋਹਾਂ ਭਾਗਾਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਾਪਰੀਆਂ ਰੋਚਕ ਕਥਾਵਾਂ ਦਾ ਵਰਨਣ ਹੈ।

ਪੰਨੇ: ੩੭੨ ੧੦੦ ਰੁਪਏ

ਜੱਸ-ਜੀਵਨ: ਭਾਗ ਚਾਰ

ਸੰਤ ਤਰਨ ਸਿੰਘ ਵਹਿਮੀ

ਇਸ ਗ੍ਰੰਥ ਵਿਚ ਭਾਰਤ ਦੀ ਵੰਡ ਤੋਂ ਕੁਝ ਪਹਿਲਾਂ ਦੀਆਂ ਘਟਨਾਵਾਂ, ਵੰਡ ਸਮੇਂ ਉੱਜੜ ਕੇ ਆਏ ਭਾਰਤੀਆਂ ਦੇ ਮੁੜ ਵਸੇਬੇ ਅਤੇ ਸ੍ਰੀ ਜੀਵਨ ਨਗਰ ਦੇ ਇਲਾਕੇ ਨੂੰ ਵਸਾਉਣ ਲਈ ਸਤਿਗੁਰੂ ਪਰਤਾਪ ਸਿੰਘ ਜੀ ਦੀ ਰਾਹਨੁਮਾਈ ਹੇਠ ਸਿੱਖਾਂ ਲਈ ਕੀਤੇ ਗਏ ਪ੍ਰਬੰਧਾਂ ਨੂੰ ਵਿਸਥਾਰ ਨਾਲ ਕਲਮਬੰਦ ਕੀਤਾ ਗਿਆ ਹੈ।

ਸਫੇ: ੨੪੨ ੨੦੦ ਰੁਪਏ

ਪ੍ਰਭੁ ਅਬਿਨਾਸੀ

ਸੰਪਾਦਕ- ਤਾਰਾ ਸਿੰਘ ਕਾਮਿਲ

ਇਸ ਕਾਵਿ-ਸੰਗ੍ਰਹਿ ਵਿਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸ਼ੁਭ ਬਚਨਾਂ, ਘਟਨਾਵਾਂ ਤੇ ਉਹਨਾਂ ਦੇ ਪੂਰਨਿਆਂ ਦਾ ਜਸ-ਗਾਇਨ ਹੈ।

ਸਫੇ: ੧੨੭ ੬੦ ਰੁਪਏ

ਚਰਨ ਭੇਟ

ਕਰਤਾਰ ਸਿੰਘ ਪੰਛੀ

ਇਹ ਕਾਵਿ-ਸੰਗ੍ਰਹਿ ਪੁਸਤਕ ਸ੍ਰੀ ਸਤਿਗੁਰੂ ਜੀ ਤੇ ਨਾਮਧਾਰੀ ਸ਼ਹੀਦਾਂ ਨੂੰ ਸਮਰਪਿਤ ਹੈ।

ਸਫੇ: ੫੯ ੩੦ ਰੁਪਏ

दमन चक्र के पचास वर्ष

—प्रीतम सिंह पंछी

गुरु राम सिंह जी के प्रदेश गमन बाद भैणी साहिब की स्थिति, नामधारियों के विदेशों से सम्पर्क, उनके देश भक्तों से सम्बन्ध, सतिगुरु प्रताप सिंह जी का राष्ट्रीय अन्दोलन में योगदान तथा अन्य घटनायों का इस पुस्तक में वर्णन है।

पन्ने: १११ ६० रुपये

Namdhari Elibrary NamdhariElibrary@gmail.com

सतगुरु प्रताप सिंह जी की आलौकिक कथाएँ

—हरीश चन्द्र

यह पुस्तक सतगुरु प्रताप सिंह जी के जीवन की विचित्र साखियों को दर्शाती है। साखियें पढ़ने से अनुभव होता है कि सतगुरु जी कितने महान थे।

पन्ने : १८७ — १२० रुपये

ਬੇਅੰਤ ਲੀਲਾ

ਮਾਸਟਰ ਨਿਹਾਲ ਸਿੰਘ

ਇਸ ਪੁਸਤਕ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਚਰਿੱਤਰ, ਉਹਨਾਂ ਦੇ ਚੋਜਾਂ ਅਤੇ ਆਪਣੇ ਸ਼ਰਧਾਵਾਨਾਂ ਤੇ ਕੀਤੀਆਂ ਬਖਸ਼ਸ਼ਾਂ ਨੂੰ ਅਗਾਧ ਸ਼ਰਧਾ ਨਾਲ ਸਾਖੀਆਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਸਫੇ: ੩੧੬ — ੨੫ ਰੁਪਏ

ਸਤਿਗੁਰੂ ਜਗਜੀਤ ਸਿੰਘ ਇਕ ਪਰਿਵਰਤਨ

ਪ੍ਰੀਤਮ ਸਿੰਘ ਕਵੀ

ਨਾਮਧਾਰੀ ਸਿੱਖਾਂ ਦੇ ਵਰਤਮਾਨ ਧਾਰਮਿਕ ਰਾਹਨੁਮਾ, ਗੁਰਮਤਿ ਰਹਿਤ ਮਰਯਾਦਾ ਦੇ ਅਲੰਬਰਦਾਰ ਅਤੇ ਅਮਨ ਦੇ ਪੁਜਾਰੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਜੀਵਨ ਚਰਿੱਤਰ ਤੇ ਹੋਰ ਅਨੇਕਾਂ ਪੱਖ ਇਸ ਪੁਸਤਕ ਵਿਚ ਵਰਨਣ ਹਨ।

ਸਫੇ: ੩੨ — ੮ ਰੁਪਏ

ਨਾਮਧਾਰੀ ਹੋਲਾ ਮਹੱਲਾ, ਦਿੱਲੀ

ਇਕ ਯਾਦਗਾਰੀ ਅੰਕ, ਜਿਸ ਵਿਚ ਗੁਰੂ ਸਾਹਿਬਾਨ, ਸਿੱਖਾਂ, ਉਹਨਾਂ ਦੀ ਮਰਯਾਦਾ ਤੇ ਰਹਿਣੀ ਬਹਿਣੀ ਬਾਰੇ ਦੁਰਲੱਭ ਜਾਣਕਾਰੀ ਹੈ। ਇਸ ਵਿਚ ਇਤਿਹਾਸਕ ਮਹੱਤਤਾ ਵਾਲੀਆਂ ਨਾਮਧਾਰੀ ਲਹਿਰ ਨਾਲ ਸੰਬੰਧਤ ਵਧੀਆ ਤਸਵੀਰਾਂ ਅਤੇ ਕੁਝ ਨਾਮਵਰ ਲੇਖਕਾਂ ਦੇ ਵੱਡਮੁੱਲੇ ਲੇਖ ਵੀ ਹਨ।

ਸਫੇ: ੬੦ — ੫ ਰੁਪਏ

ਸਿੱਖ ਧਰਮ ਤੇ ਮਾਸ

ਸੰਤ ਨਿਧਾਨ ਸਿੰਘ ਆਲਿਮ

ਇਸ ਪੁਸਤਕ ਵਿਚ ਗੁਰਬਾਣੀ ਅਤੇ ਇਤਿਹਾਸਕ ਪ੍ਰਮਾਣਾਂ ਨਾਲ ਸਿੱਧ ਕੀਤਾ ਗਿਆ ਹੈ ਕਿ ਸਿੱਖ ਧਰਮ ਵਿਚ ਮਾਸ ਖਾਣਾ ਵਰਜਿਤ ਹੈ।

ਸਫੇ: ੧੨੬ — ੩੦ ਰੁਪਏ

ਚੰਡੀ ਦੀ ਵਾਰ-ਸਟੀਕ

ਭਾਈ ਕਾਨ੍ਹ ਸਿੰਘ ਨਾਭਾ

ਸਤਿਗੁਰੂ ਗੋਬਿੰਦ ਸਿੰਘ ਰਚਿਤ ਚੰਡੀ ਦੀ ਵਾਰ ਦਾ ਵਡਮੁੱਲਾ ਟੀਕਾ।

੫੦ ਰੁਪਏ।

ਮਹਾਂਨੂਰ

ਸੰਪਾਦਕ ਪ੍ਰੀਤਮ ਸਿੰਘ ਆਰਸੀ

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੁਚੇ ਜੀਵਨ ਬਾਰੇ ਵੱਡ ਆਕਾਰੀ ਰਚਨਾ। ਇਸ ਵਿੱਚ ਵੱਖ ਵੱਖ ਲੇਖਕਾਂ ਦੇ ਸਤਿਗੁਰੂ ਜੀ ਪ੍ਰਤੀ ਸਰਧਾ ਸਤਿਕਾਰ ਭਰੇ, ਇਤਿਹਾਸਕ ਤੱਥਾਂ ਨੂੰ ਉਜਾਗਰ ਕਰਨ ਵਾਲੇ ਲੇਖ ਹਨ।

੪੦੦ ਰੁਪਏ

-ਸੇਵਕ ਸਚੇ ਸਾਹ ਨੇ

-ਤਾਰਾ ਸਿੰਘ ਅਨਜਾਣ

ਨਾਮਧਾਰੀ ਸਿਖਾਂ ਸਾਧਾਂ, ਗੁਰੂ ਘਰ ਦੇ ਸਰਧਾਵਾਨ ਸੇਵਕਾਂ ਦੇ ਜੀਵਨ ਤਜ਼ਰਬਿਆਂ ਨੂੰ ਦਰਸਾਉਂਦੇ ਵਿਅਕਤੀ ਚਿੱਤਰ।

-੮੦ ਰੁਪਏ।

-ਸ਼ਹੀਦ ਬਾਬਾ ਲਹਿਣਾ ਸਿੰਘ

-ਤਾਰਾ ਸਿੰਘ ਅਨਜਾਣ

ਗਊ ਰੱਖਿਆ ਅਤੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਲਈ ੧੮੭੧ ਈ: ਵਿੱਚ ਚਾਰ ਨਾਮਧਾਰੀ ਸਿੰਘ ਸ਼ਹੀਦ ਹੋਏ। ਉਹਨਾਂ ਵਿੱਚੋਂ ਬਾਬਾ ਜੀ ਦਾ ਜੀਵਨ ਅਤੇ ਉਸ ਸਮੇਂ ਦੇ ਹਾਲਾਤ।

-੪੦ ਰੁਪਏ ।

ਇਸਤਰੀਆਂ ਦਾ ਪਹਿਲਾ ਮੁਕਤੀ ਦਾਤਾ

ਪ੍ਰੀਤਮ ਸਿੰਘ ਕਵੀ

ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜ ਵਿਚ ਦੱਬੀ ਕੁਚਲੀ ਇਸਤਰੀ ਨੂੰ ਉਤਾਂਹ ਚੁੱਕਿਆ। ਉਸ ਦੇ ਦਾਜ, ਵਿਧਵਾ ਜੀਵਨ, ਬਾਲ ਵਿਆਹ, ਵੇਚੇ ਜਾਣ, ਵੱਟੇ, ਘੁੰਡ ਤੇ ਅਨਪੜ੍ਹਤਾ ਆਦਿ ਬੁਰਾਈਆਂ ਵਿਰੁਧ ਜਦੋ ਜਹਿਦ ਕਰਕੇ ਉਸ ਦੇ ਕਾਇਆ ਕਲਪ ਕਰਨ ਦਾ ਵਰਨਣ ਇਸ ਪੁਸਤਕ ਵਿਚ ਹੈ।

ਸਫੇ: ੧੦੩ — ੧੫ ਰੁਪਏ

ਸੂਬਾ ਸਾਹਿਬ ਸਿੰਘ

ਪ੍ਰੀਤਮ ਸਿੰਘ ਕਵੀ

ਸੂਬਾ ਜੀ ਕੂਕਾ ਤਹਿਰੀਕ ਦੇ ਪਹਿਲੇ ਉਤਰਾਧਿਕਾਰੀ ਸਨ। ਸੂਬਾ ਜੀ ਦੀ ਸੂਝ, ਸਿਆਣਪ, ਅਗਵਾਈ ਕਰਨ ਦੀ ਸਮਰੱਥਾ, ਬਰਤਾਨਵੀ ਹਾਕਮਾਂ ਦੀ ਨੀਂਦ ਹਰਾਮ ਕਰਨਾ ਅਤੇ ਉਹਨਾਂ ਦੀ ਅਦੁੱਤੀ ਕੁਰਬਾਨੀ ਦਾ ਵਰਨਣ ਇਸ ਪੁਸਤਕ ਵਿਚ ਹੈ।

ਸਫੇ: ੪੮ — ੮ ਰੁਪਏ

ਸ੍ਰੀ ਭੈਣੀ ਸਾਹਿਬ

ਪ੍ਰੀਤਮ ਸਿੰਘ ਕਵੀ

ਪਵਿੱਤਰ ਤੇ ਇਤਿਹਾਸਕ ਸਥਾਨ ਸ੍ਰੀ ਭੈਣੀ ਸਾਹਿਬ (ਜਿਸ ਨਾਲ ਅਨੇਕਾਂ ਹੀ ਪ੍ਰਮੁੱਖ ਤੇ ਰੋਚਕ ਘਟਨਾਵਾਂ ਜੁੜੀਆਂ ਹੋਈਆਂ ਹਨ) ਬਾਰੇ ਇਸ ਪੁਸਤਕ ਵਿਚ ਭਰਪੂਰ ਜਾਣਕਾਰੀ ਹੈ।

ਸਫੇ: ੩੨ — ੫ ਰੁਪਏ

ਗੁਰਮਤ-ਅਨੰਦ ਕਾਰਜ

ਅਮਰ ਭਾਰਤੀ

ਸਿੱਖ ਸਮਾਜ ਵਿਚ ਪ੍ਰਚਲਤ ਅਨੰਦ ਕਾਰਜ ਪ੍ਰਥਾ ਦੇ ਪਿਛੋਕੜ ਤੇ ਵਰਤਮਾਨ ਬਾਰੇ ਇਸ ਪੁਸਤਕ ਵਿਚ ਖੋਜ ਭਰਪੂਰ ਜਾਣਕਾਰੀ ਹੈ।

ਸਫੇ: ੧੫ — ੨ ਰੁਪਏ

ਸ਼ੌਕ ਤਰਾਨੇ

ਗੁਰਬਖਸ਼ ਸਿੰਘ ਸ਼ੌਕ

ਇਸ ਵਿਚ ਸ਼ੌਕ ਜੀ ਦੀਆਂ ਸੈ ਕੁ ਕਵਿਤਾਵਾਂ ਸਮਾਜਕ, ਧਾਰਮਕ, ਵਿਅੰਗ ਤੇ ਸਾਹਿਤਕ ਗ਼ਜ਼ਲਾਂ ਦੇ ਰੂਪ ਵਿਚ ਹਨ।

ਸਫੇ: ੧੬੭ — ੫੦ ਰੁਪਏ

Namdhari Elibrary NamdhariElibrary@gmail.com

ਨਾਮਧਾਰੀ ਟੈਲੀਫੋਨ ਡਾਇਰੈਕਟਰੀ

ਸੰਪਾਦਕ- ਜਗਮੋਹਨ ਸਿੰਘ ਹੰਸਪਾਲ

ਸੰਸਾਰ ਦੇ ਨਾਮਧਾਰੀ ਸਿੱਖਾਂ ਨੂੰ ਇਕ ਦੂਜੇ ਨਾਲ ਜੋੜਨ ਲਈ, ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਨਾਲ, ਉਹਨਾਂ ਦੇ ਨਾਂ, ਘਰਾਂ ਦੇ ਪਤੇ ਅਤੇ ਟੈਲੀਫੋਨ ਨੰਬਰ ਆਦਿ ਦੇ ਕੇ ਇਹ ਡਾਇਰੈਕਟਰੀ ਤਿਆਰ ਕੀਤੀ ਗਈ ਹੈ।

ਸਫੇ: ੨੪੮ ੫੦ ਰੁਪਏ

ਦਿੱਲੀ ਨਾਮਧਾਰੀ ਟੈਲੀਫੋਨ ਡਾਇਰੈਕਟਰੀ

ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ

ਸਫੇ: ੯੬ ੧੦ ਰੁਪਏ

ਚੋਜੀ ਪ੍ਰੀਤਮ

ਮਾਸਟਰ ਨਿਹਾਲ ਸਿੰਘ

ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਉਹਨਾਂ ਦੇ ਅਨਿੰਨ ਸਿੱਖ ਸੇਵਕਾਂ ਨਾਲ ਸਬੰਧਿਤ ਪ੍ਰਸੰਗ।

੧੫ ਰੁਪਏ

ਕੂਕਿਆਂ ਦਾ ਪੰਥ ਨਿਰਾਲਾ

ਮਾਸਟਰ ਨਿਹਾਲ ਸਿੰਘ

ਨਾਮਧਾਰੀ ਸਿੱਖਾਂ ਦੀ ਰਹਿਣੀ ਬਹਿਣੀ ਤੇ ਉਹਨਾਂ ਦੇ ਵਿਸ਼ੇਸ਼ ਕਾਰਨਾਮੇ।

੭ ਰੁਪਏ

ਦਾਨੇ ਤੇ ਮਸਤਾਨੇ

ਮਾਸਟਰ ਨਿਹਾਲ ਸਿੰਘ

ਉੱਚੀ ਤੇ ਸੁੱਚੀ ਬਿਰਤੀ ਵਾਲੇ ਨਾਮਧਾਰੀ ਸੰਤਾਂ ਤੇ ਮਹਾਤਮਾ ਦਾ ਸੰਖੇਪ ਜੀਵਨ।

੧੫ ਰੁਪਏ

ਰਤਨ ਮਾਲਾ

ਮਾਸਟਰ ਨਿਹਾਲ ਸਿੰਘ

ਵਿਸ਼ੇਸ਼ ਨਾਮਧਾਰੀ ਸੰਤਾਂ ਮਹਾਤਮਾ ਬਾਰੇ।

੫ ਰੁਪਏ

ਸੀਤਲਤਾ ਦਾ ਸਰੋਤ

ਮਾਸਟਰ ਨਿਹਾਲ

ਸਤਿਗੁਰੂ ਹਰੀ ਸਿੰਘ ਜੀ ਬਾਰੇ ਖੁੱਲ੍ਹੀ ਕਵਿਤਾ।

੧੦ ਰੁਪਏ

ਤੋਪਾਂ ਗਰਜਦੀਆਂ ਗਈਆਂ ਤੇ ਕੂਕੇ ਵੱਧਦੇ ਗਏ

ਮਾਸਟਰ ਨਿਹਾਲ ਸਿੰਘ

ਮਲੇਰਕੋਟਲੇ ਵਿਖੇ ਨਾਮਧਾਰੀ ਸ਼ਹੀਦਾਂ ਨਾਲ ਅੰਗਰੇਜ਼ਾਂ ਅਤੇ ਉਹਨਾਂ ਦੇ ਹਮਾਇਤੀਆਂ ਵਲੋਂ ਧੱਕਾ ਤੇ ਜ਼ਬਰ ਦੀ ਗਾਥਾ।

੫ ਰੁਪਏ

ਮਾਤਾਵਾਂ

ਮਾਸਟਰ ਨਿਹਾਲ ਸਿੰਘ

ਜੀਵਨ- ਨਾਮਧਾਰੀ ਮਾਤਾਵਾਂ

੫ ਰੁਪਏ

ਪੁਸਤਕਾਂ ਮਿਲਣ ਦੇ ਪਤੇ:

੧. ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ,
ਜ਼ਿਲਾ ਲੁਧਿਆਣਾ-੧੪੧੧੧੩ (ਪੰਜਾਬ)

੨. ਨਾਮਧਾਰੀ ਸਟੋਰ, ਨਾਮਧਾਰੀ ਧਰਮਸ਼ਾਲਾ,
ਰਮੇਸ਼ ਨਗਰ, ਨਵੀਂ ਦਿੱਲੀ-੧੧੦੦੧੫

ਨੋਟ : ***ਇਹ ਪੁਸਤਕਾਂ ਨਾਮਧਾਰੀ ਹੋਲੇ ਮੋਹਲਿਆਂ ਅਤੇ ਹੋਰ ਮੇਲਿਆਂ ਤੇ ਖ਼ਾਸ ਰਿਆਇਤੀ ਦਰਾਂ ਤੇ ਮਿਲਦੀਆਂ ਹਨ।***

ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਹਰਵਿੰਦਰ ਸਿੰਘ ਹੰਸਪਾਲ
ਜਨਰਲ ਸੱਕਤਰ, ਨਾਮਧਾਰੀ ਦਰਬਾਰ,
੧੧੨, ਨਾਰਥ ਐਵੇਨਿਊ, ਨਵੀਂ ਦਿੱਲੀ-੧੧੦੦੦੧
ਫੋਨ: ਘਰ ੫੯੧੧੨੨ ਦਫਤਰ ੩੦੧੩੫੩੫

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਸੰਸਕ੍ਰਿਤ ਗ੍ਰੰਥ "ਗੁਰੂ ਚੰਦਰੋਦਯ ਕੌਮੁਦੀ" ਦੇ ਲੇਖਕ ਦਾ ਸਤਿਗੁਰੂ ਰਾਮ ਸਿੰਘ ਜੀ ਨਾਲ ਮਿਲਾਪ

ਹੁਸ਼ਿਆਰਪੁਰ (ਪੰਜਾਬ) ਦੇ ਸਾਧੂ ਆਸ਼ਰਮ ਵਿਚ "ਗੁਰੂ ਚੰਦਰੋਦਯ ਕੌਮੁਦੀ" ਨਾਮੀ-ਸੰਸਕ੍ਰਿਤ ਗ੍ਰੰਥ ਸ੍ਰੀ ਰਾਮ ਨਾਰਾਇਣ ਜੀ ਦਾ ਲਿਖਿਆ ਹੋਇਆ ਹੈ। ਇਸ ਗ੍ਰੰਥ ਵਿਚ ਸਿੱਖ ਸੰਪਰਦਾਇ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੋਇਆ ਹੈ। ਸ੍ਰੀ ਰਾਮ ਨਾਰਾਇਣ ਜੀ ਬਾਰੇ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ:

"ਗੁਰੂ ਚੰਦਰੋਦਯ ਕੌਮੁਦੀ" ਦੇ ਲੇਖਕ ਸ੍ਰੀ ਰਾਮ ਨਾਰਾਇਣ ਜੀ ਦੇ ਪਿਤਾ ਦਾ ਨਾਮ ਸੁਚੇਤ ਰਾਮ ਸੀ ਅਤੇ ਉਹ ਕਿਸੇ ਰਿਆਸਤ ਦੇ ਰਾਜਾ ਸਨ। ਪਰ ਕਿਸ ਰਿਆਸਤ ਦੇ ਰਾਜਾ ਸਨ ਇਹ ਅਜੇ ਖੋਜ ਅਧੀਨ ਵਿਸ਼ਾ ਹੈ।

ਇਨ੍ਹਾਂ ਦੀ ਮਾਤਾ ਸ੍ਰੀ ਗੁਰੂ ਨਾਨਕ ਦੇ ਚਰਨ ਕਮਲਾਂ ਦੀ ਉਪਾਸ਼ਕ ਸੀ ਅਤੇ ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਦੇ ਦਰਸ਼ਨ ਕੀਤੇ ਹੋਏ ਸਨ।

ਸ੍ਰੀ ਰਾਮ ਨਾਰਾਇਣ ਨੂੰ ਗਾਇਤ੍ਰੀ ਮੰਤਰ ਦਾ ਉਪਦੇਸ਼ ਉੱਤਰਾਇਨ ਦੇ ਸਮੇਂ ਸ੍ਰੀ ਭਵਾਨੀ ਦਾਸ ਸ਼ਰਮਾ ਤੋਂ ਮਿਲਿਆ। ਇਸ ਤਰ੍ਹਾਂ ਭਵਾਨੀ ਦਾਸ ਉਹਨਾਂ ਦੇ ਗਾਇਤਰੀ ਮੰਤਰ ਉਪਦੇਸ਼ ਦੇ ਗੁਰੂ ਹਨ।

ਸ੍ਰੀ ਰਾਮ ਨਾਰਾਇਣ ਦੇ ਪਿਤਾ ਜੀ ਨੂੰ ਹਰੀ ਮੰਤਰ ਦਾ ਉਪਦੇਸ਼ ਸ੍ਰੀ ਹਰੀ ਨਾਥ ਨਾਮਕ ਮਹਾਤਮਾ ਤੋਂ ਪ੍ਰਾਪਤ ਹੋਇਆ ਸੀ। ਉਸੇ ਮੰਤਰ ਦਾ ਉਪਦੇਸ਼ ਸ੍ਰੀ ਰਾਮ ਨਾਰਾਇਣ ਜੀ ਨੂੰ ਆਪਣੇ ਪਿਤਾ ਤੋਂ ਪ੍ਰਾਪਤ ਹੋਇਆ। ਸੋ ਸ੍ਰੀ ਰਾਮ ਨਾਰਾਇਣ ਜੀ, ਸ੍ਰੀ ਹਰੀ ਨਾਥ ਜੀ ਨੂੰ ਵੀ ਪਰੰਪਰਾ ਨਾਲ ਗੁਰੂ ਮੰਨਦੇ ਹਨ।

ਨਿਰਮਲ ਸੰਪਰਦਾਇ ਦੇ ਮਹਾਤਮਾ ਸ੍ਰੀ ਸਦਾ ਸੁਖ ਜੀ ਤੋਂ ਸ੍ਰੀ ਰਾਮ ਨਾਰਾਇਣ ਜੀ ਨੂੰ ਸੰਸਕ੍ਰਿਤ ਸਾਹਿਤ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਪ੍ਰਕਾਰ ਉਹ ਵੀ ਉਹਨਾਂ ਦੇ ਵਿਦਿਆ ਗੁਰੂ ਹਨ।

ਸ੍ਰੀ ਰਾਮ ਨਾਰਾਇਣ ਜੀ ਦੀ ਮਾਤਾ ਸ੍ਰੀ ਗੁਰੂ ਨਾਨਕ ਦੇ ਮਾਰਗ ਦੀ ਉਪਾਸ਼ਕ ਸੀ। ਆਪਣੀ ਮਾਤਾ ਦੇ ਉਪਾਸਨਾ ਦੇ ਸੰਸਕਾਰ ਵੀ ਰਾਮ ਨਾਰਾਇਣ ਤੇ ਖੂਬ ਪਏ ਹੋਏ ਸਨ। ਉਹਨਾਂ ਸੰਸਕਾਰਾਂ ਦੇ ਕਾਰਨ ਸ੍ਰੀ ਰਾਮ ਨਾਰਾਇਣ ਪਰੰਪਰਾ ਤੋਂ ਹੀ ਗੁਰਮਤ ਦੇ ਅਨੁਆਈ ਸਨ ਪਰ ਗੁਰਮਤ ਦੀ ਦੀਖਸ਼ਾ ਅਜੇ ਤਕ ਉਹਨਾਂ ਨੂੰ ਨਹੀਂ ਮਿਲੀ ਸੀ। ਇਸ ਅਵਸਥਾ ਵਿਚ ਉਹਨਾਂ ਦਾ ਸੰਪਰਕ ਨਾਮਧਾਰੀ ਸੰਪਰਦਾਇ ਦੇ ਪਰਵਰਤਕ ਸ੍ਰੀ ਗੁਰੂ ਰਾਮ ਸਿੰਘ ਜੀ ਨਾਲ ਹੋਇਆ। ਸ੍ਰੀ ਗੁਰੂ ਰਾਮ ਸਿੰਘ ਜੀ ਤੋਂ ਸ੍ਰੀ ਰਾਮ ਨਾਰਾਇਣ ਨੂੰ ਗੁਰਮਤ ਦੀ ਦੀਖਿਆ ਪ੍ਰਾਪਤ ਹੋਈ। ਸ੍ਰੀ ਰਾਮ ਨਾਰਾਇਣ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਰਾਮ ਸਿੰਘ ਜੀ ਤੋਂ ਹੀ ਮੈਨੂੰ ਬ੍ਰਹਮ ਅਤੇ ਆਤਮਾ ਦਾ ਬੋਧ ਪ੍ਰਾਪਤ ਹੋਇਆ ਹੈ। ਉਹਨਾਂ ਨੇ ਕ੍ਰਿਪਾ ਕਰਕੇ ਮੈਨੂੰ ਅਪਨੇ ਨਾਨਕ ਸਰੂਪ ਦਾ ਪਰਿਚਯ ਕਰਾਇਆ ਹੈ ਇਸ ਕਰਕੇ ਸ੍ਰੀ ਨਾਨਕ ਸਰੂਪ ਸ੍ਰੀ ਗੁਰੂ ਰਾਮ ਸਿੰਘ ਜੀ ਨੂੰ ਮੈਂ ਨਮਸ਼ਕਾਰ ਕਰਦਾ ਹਾਂ।

> *ਸ੍ਰੀ ਰਾਮ ਨਾਰਾਇਣ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਰਾਮ ਸਿੰਘ ਜੀ ਤੋਂ ਹੀ ਮੈਨੂੰ ਬ੍ਰਹਮ ਅਤੇ ਆਤਮਾ ਦਾ ਬੋਧ ਪ੍ਰਾਪਤ ਹੋਇਆ ਹੈ। ਉਹਨਾਂ ਨੇ ਕ੍ਰਿਪਾ ਕਰਕੇ ਮੈਨੂੰ ਅਪਨੇ ਨਾਨਕ ਸਰੂਪ ਦਾ ਪਰਿਚਯ ਕਰਾਇਆ ਹੈ ਇਸ ਕਰਕੇ ਸ੍ਰੀ ਨਾਨਕ ਸਰੂਪ ਸ੍ਰੀ ਗੁਰੂ ਰਾਮ ਸਿੰਘ ਜੀ ਨੂੰ ਮੈਂ ਨਮਸ਼ਕਾਰ ਕਰਦਾ ਹਾਂ।*

ਰਾਮ ਗੀਤਾ ਦੀ ਵਿਆਖਿਆ ਦੇ ਮੰਗਲਾ ਚਰਨ ਦੇ ਦੋ ਪੱਦਾਂ ਵਿਚ ਸ੍ਰੀ ਰਾਮ ਨਾਰਾਇਣ ਜੀ ਸ੍ਰੀ ਗੁਰੂ ਰਾਮ ਸਿੰਘ ਜੀ ਦੀ ਯਾਦ ਇਸ ਪ੍ਰਕਾਰ ਕਰਦੇ ਹਨ: ਮੋਹ ਰੂਪੀ ਰਾਵਨ ਦੀ ਹਿੰਸਾ ਕਰਨ ਵਾਲੇ ਜਿਸ ਮਹਾਂਪੁਰਸ਼ ਵਿਚ ਯੋਗੀ ਲੋਗ ਰਮਨ ਕਰਦੇ ਹਨ ਅਤੇ ਜੋ ਆਪਣੀ ਕੁਸ਼ਲਤਾ ਨਾਲ ਆਪਣੀ ਸ਼ਰਨ ਵਿਚ ਰਹਿਣ ਵਾਲੇ ਜਨਾਂ ਦੇ ਅਨੰਦ ਨੂੰ ਵਧਾਉਣ ਵਾਲਾ ਹੈ, ਉਸ ਗੁਰੂ ਰਾਮ ਸਿੰਘ ਜੀ ਨੂੰ ਮੇਰਾ ਨਮਸ਼ਕਾਰ ਹੋਵੇ ।।੧।।

ਮਨੁੱਖ ਦੀ ਸ਼ਕਲ ਵਿਚ ਜਿਹੜਾ ਸਿੰਘ ਮਾਇਆ ਅਤੇ ਮਾਇਆ ਤੋਂ ਪੈਦਾ ਹੋਣ ਵਾਲੇ ਰਾਗ ਦਵੈਸ਼ਾਂ ਦਾ ਹਿੰਸਕ ਹੈ, ਇਸ ਪ੍ਰਕਾਰ ਦੇ ਨਰਸਿੰਘ ਸ੍ਰੀ ਰਾਮ ਸਿੰਘ ਮੇਰੇ ਇਸ਼ਟ ਹਨ ਅਤੇ ਮੇਰੇ ਅਨੰਦ ਨੂੰ ਵਧਾਉਣ ਵਾਲੇ ਹਨ।

"ਗੁਰੂ ਚੰਦਰੋਦਯ ਕੌਮੁਦੀ" ਦੇ ਕਈ ਸਲੋਕਾਂ ਦਾ ਅਧਿਐਨ ਕਰਨ ਨਾਲ ਇਹ ਪ੍ਰਤੀਤ ਹੁੰਦਾ ਹੈ ਕਿ ਸ੍ਰੀ ਗੁਰੂ ਰਾਮ ਸਿੰਘ ਜੀ ਦੀ ਪ੍ਰੇਰਨਾ ਅਤੇ ਗੁਰਮਤ ਦਾ ਬੋਧ ਪ੍ਰਾਪਤ ਕਰਕੇ ਸ੍ਰੀ ਰਾਮ ਨਾਰਾਇਣ ਨੇ ਗੁਰਮਤ ਨੂੰ ਦੂਸਰੀਆਂ ਸੰਪਰਦਾਵਾਂ ਵਿਚ ਫੈਲਾਉਣ ਦਾ ਸਫਲ ਪ੍ਰਯਤਨ ਕੀਤਾ ਹੈ।

ਸ੍ਰੀ ਗੁਰੂ ਰਾਮ ਸਿੰਘ ਜੀ ਨੂੰ ਲੇਖਕ ਨੇ ਆਪਣੇ ਸਾਰੇ ਗ੍ਰੰਥਾਂ ਦੇ ਮੰਗਲਾ ਚਰਨ ਵਿਚ ਬ੍ਰਹਮ ਬੋਧ ਗੁਰੂ ਮੰਨਿਆ ਹੈ। ਇਸ ਤਰ੍ਹਾਂ ਸ੍ਰੀ ਗੁਰੂ ਰਾਮ ਸਿੰਘ ਜੀ ਸ੍ਰੀ ਰਾਮ ਨਾਰਾਇਣ ਜੀ ਦਾ ਬ੍ਰਹਮ ਦਾ ਬੋਧ ਕਰਨ ਵਾਲੇ ਗੁਰੂ ਹਨ।

ਇਹ ਜਾਣਕਾਰੀ ਦੁਨੀ ਚੰਦ ਸ਼ਰਮਾ ਜੋ ਕਿ ਸਾਧੂ ਆਸ਼ਰਮ ਵਿਚ ਇਕ ਵਰਕਰ ਹਨ ਅਤੇ ਇਸ ਉਪਰੋਕਤ ਗ੍ਰੰਥ ਦਾ ਸੰਸਕ੍ਰਿਤ ਹਿੰਦੀ ਅਨੁਵਾਦ ਕਰ ਰਹੇ ਹਨ ਨੇ ਦਿੱਤੀ ਹੈ।

Namdhari Elibrary NamdhariElibrary@gmail.com

ਮੱਹਤਵਪੂਰਨ ਤਿੱਥਾਵਲੀ – ਸਤਿਗੁਰੂ ਰਾਮ ਸਿੰਘ ਜੀ

ਸੰਮਤ ੧੮੭੨ (ਬਿ:) (੧੮੧੬ ਈ:)
ਮਾਘ ਸੁਦੀ ਪੰਜਵੀਂ ਅਤੇ ਛੇਵੀਂ ਦੀ ਵਿਚਕਾਰਲੀ ਰਾਤ
ਪਿੰਡ ਰਾਈਆਂ (ਜ਼ਿਲਾ ਲੁਧਿਆਣਾ)
ਅਵਤਾਰ ਧਾਰਿਆ ਸ੍ਰੀ ਸਤਿਗੁਰੂ ਰਾਮ ਸਿੰਘ ਜੀ।

੧੮੨੧ ਈ:
ਕੁੜਮਾਈ ਹੋਈ।

੧੮੨੩ ਈ:
ਵਿਵਾਹ ਹੋਇਆ

੧੮੩੭ ਈ:
ਫੌਜ ਵਿਚ ਭਰਤੀ ਹੋਏ।

੧੮੪੧ ਈ:
ਸਤਿਗੁਰੂ ਬਾਲਕ ਸਿੰਘ ਜੀ ਕੋਲੋਂ ਗੁਰਮੰਤਰ ਲਿਆ।

੧੮੪੫ ਈ: ਦਸੰਬਰ
ਫ਼ੌਜ ਵਿਚੋਂ ਵਾਪਸ ਆਏ।

੧੮੫੦ ਈ:
ਫ਼ਿਰੋਜ਼ਪੁਰ ਗਏ।

੧੮੫੫ ਈ:
ਵਾਪਸ ਭੈਣੀ ਸਾਹਿਬ ਆ ਗਏ।

੧੮੫੭ ਈ:
ਵਿਸਾਖੀ –ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ.
ਸੰਤ ਖਾਲਸੇ ਦੀ ਸਾਜਨਾ।

੧੮੫੮ ਈ:
ਪ੍ਰਚਾਰ ਦੌਰੇ ਕਰਨੇ ਸ਼ੁਰੂ ਕਰ ਦਿੱਤੇ।

੧੯੧੮ ਬਿ: (੧੮੬੧ ਈ:)
ਵਿਸਾਖੀ –ਅਰਧਕੁੰਭੀ 'ਤੇ ਹਰਦੁਆਰ ਪੁੱਜੇ

੧੯੧੯ ਬਿ: –੬ ਦਸੰਬਰ ੧੮੬੨
ਮਘਰ ਪੂਰਨਮਾਸ਼ੀ –ਸਤਿਗੁਰੂ ਬਾਲਕ ਸਿੰਘ ਜੀ
ਜੋਤੀ ਜੋਤ ਸਮਾਏ

੧੯੨੦ ਬਿ:
ਜੇਠ ਦੀ ਪੂਰਨਮਾਸ਼ੀ ੧ ਜੂਨ ੧੮੬੩
ਇਸਤਰੀਆਂ ਨੂੰ ਅੰਮ੍ਰਿਤ ਛਕਾਇਆ।

੧੮੬੩ –੫ ਅਪਰੈਲ
ਮਕਨਾਬ ਨੇ ਪਹਿਲੀ ਰਿਪੋਰਟ ਲਿਖੀ।

੧੮੬੩ –੧੧ ਅਪਰੈਲ
ਅੰਮ੍ਰਿਤਸਰ ਪੁੱਜੇ।

੧੮੬੩ –੩ ਜੂਨ
ਘੋਟੇ, ਗੁਰੂ ਮਰਿਆਦਾ ਨਾਲ
ਆਨੰਦ ਕਾਰਜ ਕੀਤੇ।

੧੮੬੩ (੨੦੧੪ ਬਿ:)
ਰਹਿਤਨਾਮਾ ਜਾਰੀ ਕੀਤਾ।

੧੮੬੭ –੧੯ ਮਾਰਚ
ਆਨੰਦਪੁਰ ਸਾਹਿਬ ਦੀ ਜੂਹ ਵਿਚ ਦਾਖ਼ਲ ਹੋਏ।

੧੮੬੭ –੨੦ ਮਾਰਚ
ਕੇਸਗੜ੍ਹ ਸਾਹਿਬ ਮੱਥਾ ਟੇਕਣ ਗਏ।

੧੮੬੭ –੨੭ ਅਕਤੂਬਰ
(ਦਿਵਾਲੀ) ਅਕਾਲ ਬੁੰਗੇ ਅਤੇ
ਹਰਿਮੰਦਰ ਸਾਹਿਬ ਗਏ।

੧੮੬੯ ਈ:
ਸਿੱਖ ਕਸ਼ਮੀਰ ਭੇਜੇ।

੧੮੭੦ ਈ:
ਕਸ਼ਮੀਰ ਵਿਚ ਸਿੱਖ ਰਜਮੈਂਟ ਬਣੀ।

੧੮੭੦ ਈ:
ਸੂਬਾ ਸਾਹਿਬ ਸਿੰਘ ਅਤੇ
ਕਾਹਨ ਸਿੰਘ ਨੂੰ ਨੈਪਾਲ ਭੇਜਿਆ।

੧੮੭੧ ਈ:
ਸਿੱਖ ਰਜਮੈਂਟ ਤੋੜ ਦਿੱਤੀ ਗਈ।

੧੮੭੧ ਈ: –੧੪ ਜੂਨ
(ਰਾਤ) ਅੰਮ੍ਰਿਤਸਰ ਬੁੱਚੜਖ਼ਾਨੇ ਉਤੇ ਹਮਲਾ।

੧੮੭੧ –੧੫ ਸਤੰਬਰ
ਅੰਮ੍ਰਿਤਸਰ ਵਿਖੇ ਚਾਰ ਨਾਮਧਾਰੀ ਸ਼ਹੀਦਾਂ ਨੂੰ ਫਾਂਸੀ।

੧੮੭੧ –ਅਕਤੂਬਰ
ਸਤਿਗੁਰੂ ਜੀ ਦੇ ਮਹਿਲ,
ਮਾਤਾ ਜਸਾਂ, ਚੜ੍ਹਾਈ ਕਰ ਗਏ।


੧੮੭੨ –੧੭-੧੮ ਜਨਵਰੀ
ਮਲੇਰਕੋਟਲੇ ਵਿਖੇ ੬੫ ਕੂਕਿਆਂ ਨੂੰ
ਤੋਪਾਂ ਨਾਲ ਉਡਾਇਆ।

੧੮੭੨ –੧੮ ਜਨਵਰੀ
ਲੁਧਿਆਣੇ ਤੋਂ ਅਲਾਹਾਬਾਦ ਕਿਲੇ ਵਿਚ
ਨਜ਼ਰਬੰਦ ਕਰਨ ਲਈ ਭੇਜਿਆ ਗਿਆ।

੧੮੭੨ –੧੦ ਮਾਰਚ
ਗੱਡੀ ਰਾਹੀਂ ਹਾਵੜਾ ਪਹੁੰਚਾਏ ਗਏ।

੧੮੭੨ –੧੬ ਮਾਰਚ
ਸਮੁੰਦਰੀ ਜਹਾਜ਼ ਰਾਹੀਂ ਰੰਗੂਨ ਭੇਜਿਆ ਗਿਆ।

੧੮੮੦ –੨੧ ਸਤੰਬਰ
ਮਰਗੋਈ ਜੇਲ ਪਹੁੰਚਾਇਆ ਗਿਆ।



ਤਪ ਅਸਥਾਨ - ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਭੈਣੀ ਸਾਹਿਬ

Namdhari Elibrary NamdhariElibrary@gmail.com